# ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ
# (ਇਤਿਹਾਸ ਅਤੇ ਸਾਹਿਤ ਦੇ ਹਵਾਲੇ ਵਿੱਚ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜਕ ਵਿਗਿਆਨਾਂ ਦੀ

ਫ਼ੈਕਲਟੀ ਅਧੀਨ ਧਰਮ ਅਧਿਐਨ ਵਿਸ਼ੇ ਵਿਚ

ਪੀਐਚ.ਡੀ. ਦੀ ਉਪਾਧੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

**2021**


**ਨਿਗਰਾਨ:**

ਗੁਰਮੀਤ ਸਿੰਘ ਸਿੱਧੂ (ਡਾ.)

ਪ੍ਰੋਫ਼ੈਸਰ

**ਖੋਜਾਰਥੀ:**

ਪਰਮਜੀਤ ਸਿੰਘ



PUNJABI UNIVERSITY PATIALA

(Established Under Punjab Act No. 35 of 1961)

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਪਰਮਜੀਤ ਸਿੰਘ ਨੇ **"ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ (ਇਤਿਹਾਸ ਅਤੇ ਸਾਹਿਤ ਦੇ ਹਵਾਲੇ ਵਿੱਚ)"** ਦੇ ਵਿਸ਼ੇ 'ਤੇ ਪੀਐਚ.ਡੀ. ਦਾ ਖੋਜ ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਕਾਰਜ ਖੋਜਾਰਥੀ ਦੀ ਮੌਲਿਕ ਖੋਜ ਹੈ। ਮੈਂ ਇਸ ਖੋਜ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਯੋਗ ਸਮਝਦਾ ਹੋਇਆ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫਾਰਸ਼ ਕਰਦਾ ਹਾਂ।

ਮਿਤੀ: 11.10.21

**ਨਿਗਰਾਨ**

ਗੁਰਮੀਤ ਸਿੰਘ

**ਗੁਰਮੀਤ ਸਿੰਘ ਸਿੱਧੂ (ਡਾ.)**
ਪ੍ਰੋਫ਼ੈਸਰ,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਜਾਣ-ਪਛਾਣ

ਅਜੋਕੇ ਸਮੇਂ ਵਿੱਚ ਧਰਮ ਅਧਿਐਨ ਦੇ ਖੇਤਰ ਵਿੱਚ ਸਿਮਰਤੀ ਅਤੇ ਧਰਮ ਦੇ ਸੰਬੰਧਾਂ ਦਾ ਅਧਿਐਨ ਮਹੱਤਵਪੂਰਨ ਸੰਕਲਪ ਰਿਹਾ ਹੈ। ਸਿੱਖ ਸਿਮਰਤੀ ਦੇ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਦਾ ਅਧਿਐਨ ਕਰਨ ਲਈ ਹਥਲੇ ਖੋਜ ਕਾਰਜ ਦੀ ਯੋਜਨਾ ਉਲੀਕੀ ਗਈ ਕਿਉਂਕਿ ਸਿਮਰਤੀ ਸ਼ਰਧਾਲੂਆਂ ਨੂੰ ਕਾਲ ਦੀਆਂ ਸੀਮਾਵਾਂ ਤੋਂ ਪਾਰ ਅਧਿਆਤਮਕਤਾ ਨਾਲ ਜੋੜਦੀ ਹੈ। ਸਿਮਰਤੀ ਰਾਹੀਂ ਸ਼ਰਧਾਲੂ ਪਵਿੱਤਰ ਪਲਾਂ ਦਾ ਆਨੰਦ ਮਾਣਦੇ ਹਨ। ਧਰਮ ਅਧਿਐਨ ਲਈ ਧਾਰਮਿਕ ਸਥਾਨਾਂ ਦੇ ਮਹੱਤਵ ਨੂੰ ਸਮਝਣ ਦੇ ਮਹੱਤਵ ਲਈ ਇਸ ਵਿਸ਼ੇ ਦੀ ਚੋਣ ਕੀਤੀ ਹੈ।

ਸਿਮਰਤੀ ਸਹਿਜ ਗਿਆਨ ਨਾਲ ਸੰਬੰਧਤ ਉਹ ਸਮਰੱਥਾ ਹੈ, ਜਿਸਦੇ ਦੁਆਰਾ ਭੂਤਕਾਲ ਨਾਲ ਸੰਬੰਧਿਤ ਜਾਣਕਾਰੀ ਨੂੰ ਕਿਸੇ ਵਰਤਮਾਨ ਮਕਸਦ ਲਈ ਪੁਨਰ-ਜਾਗ੍ਰਿਤ ਕੀਤਾ ਜਾਂਦਾ ਹੈ। ਇਸ ਪੱਖ ਤੋਂ ਸਿਮਰਤੀ ਧਾਰਮਕ ਜੀਵਨ ਦਾ ਅਟੁੱਟ ਹਿੱਸਾ ਹੁੰਦੀ ਹੈ। ਮਨੁੱਖੀ ਹੋਂਦ ਉਸ ਦੀ ਸਿਮਰਤੀ ਦੇ ਭੂਤਕਾਲ ’ਤੇ ਨਿਰਭਰ ਹੁੰਦੀ ਹੈ, ਉਸ ਦੇ ਵਰਤਮਾਨ ਦੀ ਪਛਾਣ ਅਤੇ ਭਵਿੱਖ ਨਾਲ ਜੋੜਦੀ ਹੈ।

ਸਿਮਰਤੀ ਇੱਕ ਪ੍ਰਗਟਾਵਾ ਹੈ, ਇਹ ਅਜਿਹਾ ਜਜ਼ਬਾ ਹੈ, ਜੋ ਮਨੁੱਖ ਨੂੰ ਪੁਰਾਤੱਤਵ ਗਿਆਨ ਨਾਲ ਜੋੜਦਾ ਹੈ। ਸਿਮਰਤੀ ਨੂੰ ਸਿਰਜਨਾਤਮਕ ਸਿੱਖਿਆ ਦੇ ਰੂਪ ਵਿੱਚ ਵੀ ਸਮਝਿਆ ਜਾ ਸਕਦਾ ਹੈ। ਪਰਮਾਤਮਾ ਦੇ ਸਿਰਜਨਾਤਮਕ ਕਾਰਜ ਵਿੱਚੋਂ ਸਿਮਰਤੀ ਦੇ ਵਿਭਿੰਨ ਰੂਪ ਸਾਹਮਣੇ ਆਉਂਦੇ ਹਨ। ਇਤਿਹਾਸ ਨੂੰ ਪੜ੍ਹ ਕੇ, ਧਾਰਮਕ ਪਰੰਪਰਾਵਾਂ ਦੇ ਮੋਢੀ ਰਹਿਬਰਾਂ ਦੇ ਜੀਵਨ ਤੋਂ ਸਿੱਖਿਆ ਲੈ ਕੇ ਧਾਰਮਕ ਭਾਈਚਾਰਾ ਆਪਣੀ ਸਿਮਰਤੀ ਵਿੱਚ ਜਿਉਂਦਾ ਹੈ। ਧਾਰਮਕ ਸਿਮਰਤੀ ਦਾ ਮਨੁੱਖ ਵੱਲੋਂ ਘੜੀ ਸਿਮਰਤੀ ਨਾਲ ਕੋਈ ਮੁਕਾਬਲਾ ਨਹੀਂ ਹੁੰਦਾ। ਸਿਮਰਤੀ ਨੂੰ ਸਿੱਖ ਧਰਮ ਵਿੱਚ ਅਲੌਕਿਕ ਭਾਵਨਾਵਾਂ ਦੇ ਪ੍ਰਤੀਕ ਵਜੋਂ ਸਮਝਿਆ ਜਾ ਸਕਦਾ ਹੈ। ਸਿੱਖ ਸਿਮਰਤੀ ਸਿੱਖ ਵਿਸਵਾਸ਼ ਨੂੰ ਵੱਖ-ਵੱਖ ਰੂਪਾਂ ਵਿੱਚ ਸਿੱਖੀ ਦੇ ਰੂਪਾਂ ਨੂੰ ਉਘਾੜਦੀ ਹੈ। ਸਿਮਰਤੀ ਗਿਆਨ ਦਾ ਮਹੱਤਵਪੂਰਨ ਸਾਧਨ ਹੈ, ਜਿਸ ਰਾਹੀਂ ਇਤਿਹਾਸਕ ਘਟਨਾਵਾਂ ਦਾ ਵਰਤਮਾਨ ਦੇ ਕਾਰਜਾਂ ’ਤੇ ਪ੍ਰਭਾਵ ਪੈਂਦਾ ਹੈ।

ਧਾਰਮਕ ਮਨੁੱਖ ਸਿਮਰਤੀ ਰਾਹੀਂ ਪਾਵਨ ਸਥਾਨਾਂ ਦਾ ਆਤਮਕ ਆਨੰਦ ਮਾਣਦਾ ਹੈ। ਧਾਰਮਕ ਅਨੁਭਵ ਆਪਣੇ ਅੰਦਰੂਨੀ ਅਧਿਆਤਮਕ ਰਹੱਸ ਨੂੰ ਮਾਣਨ ਅਤੇ ਮਹਿਸੂਸ ਕਰਨ ਦੀ ਇੱਕ ਵੱਖਰੀ

ਪ੍ਰਕਿਰਿਆ ਹੈ, ਜਿਸ ਦਾ ਮਨੁੱਖੀ ਸਿਮਰਤੀ ’ਤੇ ਸਦੀਵੀ ਪ੍ਰਭਾਵ ਬਣਿਆ ਰਹਿੰਦਾ ਹੈ। ਸ਼ਰਧਾਲੂਆਂ ਦੀ ਰੂਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਥਾਨ ਦੇ ਦਰਸ਼ਨ ਕਰਦਿਆਂ ਖ਼ਾਲਸੇ ਦੇ ਜਨਮ ਦਿਵਸ 1699 ਈ. ਦੀ ਵਿਸਾਖੀ ਦੇ ਦੈਵੀ ਦ੍ਰਿਸ਼ ਨਾਲ ਜਾ ਜੁੜਦੀ ਹੈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸਥਾਨ ਸੀਸ ਗੰਜ ’ਤੇ ਨਤਮਸਤਕ ਹੁੰਦਿਆਂ ਸਰਬ ਧਰਮ ਰੱਖਿਅਕ ਗੁਰੂ ਦੀ ਸ਼ਹਾਦਤ ਦਾ ਪ੍ਰਤੱਖ ਜਲੌਅ ਸਿਮਰਤੀ ਰਾਹੀਂ ਪ੍ਰਗਟ ਹੋਣ ਲੱਗਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀਆਂ ਵਾਦੀਆਂ ਵਿੱਚ ਰਣਜੀਤ ਨਗਾਰੇ ਦੀ ਧਮਕ ਦਿਲ ਨੂੰ ਵਿਸਮਾਦੀ ਧੂਹ ਪਾਉਂਦੀ ਹੈ। ਸ੍ਰੀ ਅਨੰਦਪੁਰ ਸਾਹਿਬ ਵਾਂਗ ਸਿੱਖਾਂ ਦੀ ਸਿਮਰਤੀ ਵਿੱਚ ਹੋਰ ਬਹੁਤ ਸਾਰੇ ਗੁਰਧਾਮਾਂ ਨੂੰ ਸਿਮਰਤੀ ਦੇ ਪੱਖ ਨਾਲ ਵਾਚਿਆ ਜਾਣਾ ਚਾਹੀਦਾ ਹੈ ਤਾਂ ਜੋ ਗੁਰੂ ਸਾਹਿਬਾਨ ਵੱਲੋਂ ਵਰੋਸਾਏ ਗੁਰਧਾਮਾਂ ਦੀ ਅਹਿਮੀਅਤ ਨੂੰ ਸਿੱਖ ਸਿਮਰਤੀ ਦੇ ਪੱਖ ਤੋਂ ਸਮਝ ਸਕਣ।

ਇਸ ਖੋਜ ਦੀ ਸਾਰਥਿਕਤਾ ਇਸ ਕਰਕੇ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖਾਂ ਦੀ ਸਿਮਰਤੀ ’ਤੇ ਗੂੜ੍ਹਿਰਾ ਪ੍ਰਭਾਵ ਸਿੱਖ ਸਿਧਾਂਤਾਂ ਅਤੇ ਸਿੱਖ ਸੰਸਥਾਵਾਂ ਨਾਲ ਵਿਸ਼ਵ ਦੇ ਹਰੇਕ ਕੋਨੇ ਵਿੱਚ ਬੈਠਾ ਸਿੱਖ ਜੁੜਿਆ ਹੋਇਆ ਹੈ, ਉਸਦੀ ਵਿਹਾਰਕਤਾ ਅਤੇ ਸਿਧਾਂਤਕਤਾ ਦਾ ਪ੍ਰਗਟਾਵਾ ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਦੇ ਪਰਪੇਖ ਵਿੱਚ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਸਿੱਖ ਸਿਮਰਤੀ ਜਾਂ ਚੜ੍ਹਦੀਕਲਾ, ਬਾਣੀ ਅਤੇ ਬਾਣੇ, ਗੁਰੂ ਅਤੇ ਪੰਥ ਨਾਲ ਪਿਆਰ, ਸੰਤ ਅਤੇ ਸਿਪਾਹੀ ਦਾ ਸੁਮੇਲ, ਭਗਤੀ ਅਤੇ ਸ਼ਕਤੀ ਦੇ ਨਾਲ-ਨਾਲ ਅੰਮ੍ਰਿਤਮਈ ਰੂਹਾਨੀ ਜੀਵਨ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਇੱਕ ਪਵਿੱਤਰ ਸਿਮਰਤੀ ਦੇ ਰੂਪ ਵਿੱਚ ਉੱਘੜਦਾ ਹੈ।

ਅਨੰਦ ਦੀ ਨਗਰੀ, ਖ਼ੁਸ਼ੀਆਂ-ਖੇੜਿਆਂ ਦਾ ਪ੍ਰਤੀਕ ਹੈ। ਅਨੰਦਪੁਰ ਦਾ ਸ਼ਾਬਦਿਕ ਅਰਥ ‘ਅਨੰਦ ਦਾ ਨਗਰ ਜਾਂ ਪਰਮ ਸੁਖ’ ਹੈ। ‘ਅਨੰਦ’ ਸ਼ਬਦ ਨੂੰ ਚਿੰਤਨ ਵਿੱਚ ਉੱਚ-ਅਧਿਆਤਮਕ ਅਵਸਥਾ ਲਈ ਵਰਤਿਆ ਜਾਂਦਾ ਹੈ। ਗੁਰੂ ਨਾਨਕ ਦੀ ਦਸਵੀਂ ਜੋਤ ਦੇ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਅੱਜ ਤੋਂ ਤਕਰੀਬਨ ਚਾਰ ਸਦੀਆਂ ਪਹਿਲਾਂ ਅਕਾਲ ਪੁਰਖ ਦੇ ਹੁਕਮ ਨਾਲ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਸਥਾਨ ਉੱਤੇ ਖ਼ਾਲਸਾ ਪਰਗਟ ਕੀਤਾ। ਸ੍ਰੀ ਅਨੰਦਪੁਰ ਸਾਹਿਬ ਖ਼ਾਲਸੇ ਦੀ ਜਨਮ ਭੂਮੀ ਹੋਣ ਦੇ ਨਾਲ-ਨਾਲ ਉਹ ਮੁਕੱਦਸ ਧਰਤੀ ਹੈ, ਜਿਸ ਦਾ ਚੱਪਾ-ਚੱਪਾ ਅਨਿਆਂ, ਜਬਰ ਅਤੇ ਜ਼ੁਲਮ ਵਿਰੁੱਧ ਲੜਦਿਆਂ ਸ਼ਹੀਦ ਹੋਏ ਸਿੰਘਾਂ ਦੇ ਪਾਵਨ ਖ਼ੂਨ ਨਾਲ ਰੰਗਿਆ ਹੋਇਆ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਨੌਵੇਂ

ਪਾਤਸ਼ਾਹ ਦੀ ਸ਼ਹੀਦੀ ਦੇ ਸਫ਼ਰ ਤੋਂ ਸ਼ੁਰੂ ਹੋ ਕੇ ਰਣਜੀਤ ਨਗਾਰੇ ਦੀ ਗੂੰਜ ਨਾਲ ਵਾਹਿਗੁਰੂ ਜੀ ਕੀ ਫ਼ਤਿਹ ਦਾ ਡੰਕਾ ਵਜਾਉਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਪ੍ਰਗਟ ਕੀਤੇ ਖ਼ਾਲਸੇ ਨੇ ਵਿਸ਼ਵ ਦੇ ਇਤਿਹਾਸ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਸ੍ਰੀ ਅਨੰਦਪੁਰ ਸਾਹਿਬ ਵਿੱਚ ਵਰਤੇ ਖੰਡੇ ਬਾਟੇ ਦੇ ਅੰਮ੍ਰਿਤ ਨੇ ਨਿਤਾਣੇ, ਲਿਤਾੜੇ ਹੋਏ ਲੋਕਾਂ ਵਿੱਚ ਅਜਿਹੀ ਜੋਸ਼ ਦੀ ਭਾਵਨਾ ਪ੍ਰਗਟ ਕੀਤੀ, ਜਿਸ ਨਾਲ ਗੁਰੂ ਕੀ ਲਾਡਲੀ ਬਹਾਦਰ ਖ਼ਾਲਸਾ ਫ਼ੌਜ ਜਬਰ-ਜ਼ੁਲਮ ਦੇ ਟਾਕਰੇ ਲਈ ਡਟ ਗਈ। ਸ੍ਰੀ ਅਨੰਦਪੁਰ ਸਾਹਿਬ ਮਾਨਵਤਾ ਲਈ ਅਧਿਆਤਮਿਕ ਦ੍ਰਿਸ਼ਟੀ ਤੋਂ ਪਵਿੱਤਰ ਅਤੇ ਇਤਿਹਾਸਕ ਨਗਰ ਹੈ।

ਸ੍ਰੀ ਅਨੰਦਪੁਰ ਸਾਹਿਬ ਵਿੱਚ ਖ਼ਾਲਸਾ ਪੰਥ ਦੀ ਸਾਜਨਾ ਦੇ ਪਵਿੱਤਰ ਕਾਰਜ ਦੀ ਮਾਨਵਤਾ ਦੇ ਭਲਾਈ ਵਾਲੇ ਉਪਦੇਸ਼ਾਂ ਅਤੇ ਸੰਦੇਸ਼ਾਂ ਦੀ ਬਖਸ਼ਿਸ਼ ਹੋਈ। ਖ਼ਾਲਸਾ ਸਿਰਜਣਾ ਨਾਲ ਇਸ ਧਰਤੀ ਉੱਪਰ ਮਨੁੱਖਤਾ ਲਈ ਭਾਈਚਾਰਕ ਸਾਂਝ ਦਾ ਨਵਾਂ ਇਤਿਹਾਸ ਸਿਰਜਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦਾ ਆਰੰਭ ਕਰ ਕੇ ਮਾਨਵਤਾ ਨੂੰ ਅਧਿਆਤਮਿਕਤਾ ਵੱਲ ਪ੍ਰੇਰਿਤ ਕੀਤਾ। ਉਨ੍ਹਾਂ ਦੁਆਰਾ ਸ਼ੁਰੂ ਕੀਤੇ ਨਵੇਂ ਧਰਮ ਨੂੰ ਸਿਖਰਲੀ ਮੰਜ਼ਲ ਤੱਕ ਲੈ ਜਾਣ ਦਾ ਕੰਮ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਆਇਆ। ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਇਨਕਲਾਬੀ ਰੂਪ ਵਿੱਚ ਸਾਹਮਣੇ ਆਉਂਦੀ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਸਿਮਰਤੀ ਸੁਤੰਤਰ ਮਨੁੱਖ ਦੀ ਸਥਾਪਨਾ ਨਾਲ ਸਰੋਸ਼ਾਰ ਹੈ।

ਸ੍ਰੀ ਅਨੰਦਪੁਰ ਸਾਹਿਬ ਨਾਲ ਸਿੱਖਾਂ ਦਾ ਭਾਵਨਾਤਮਿਕ ਦਾ ਰਿਸ਼ਤਾ ਹੈ ਕਿਉਂਕਿ ਉਹ ਇਸ ਧਰਤੀ ਤੋਂ ਸਜਾਏ/ਸਵਾਰੇ ਗਏ ਹਨ। ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਦੇਗ-ਤੇਗ ਫਤਿਹ, ਸਤਿ ਸ੍ਰੀ ਅਕਾਲ, ਬਾਜਾਂ ਵਾਲੇ, ਕਲਗੀਆਂ ਵਾਲੇ, ਸੰਤ-ਸਿਪਾਹੀ, ਪੁੱਤਰਾਂ ਦੇ ਦਾਨੀ ਗੁਰੂ, ਆਪੇ ਗੁਰੂ ਚੇਲਾ ਜਿਹੇ ਚੜ੍ਹਦੀ ਕਲਾ ਵਾਲੇ ਸੰਕਲਪ ਅਤੇ ਸ਼ਬਦ ਪ੍ਰਾਪਤ ਹੋਏ, ਜਿਨ੍ਹਾਂ ਨੇ ਸਿੱਖ ਸਿਮਰਤੀ ਨੂੰ ਵਿਲੱਖਣ ਅਤੇ ਅਮੀਰ ਬਣਾਇਆ। ਜਿਸ ਉੱਪਰ ਸਿੱਖ ਮਾਣ ਮਹਿਸੂਸ ਕਰਦੇ ਹਨ ਪਰੰਤੂ ਇਹ ਮਾਣ-ਮੱਤਾ ਇਤਿਹਾਸ ਸਿਰਜਨ ਲਈ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਸਿਰਜੇ ਖ਼ਾਲਸੇ ਨੂੰ ਅਨੇਕਾਂ ਕੁਰਬਾਨੀਆਂ ਦੇਣੀਆਂ ਪਈਆਂ। ਸ੍ਰੀ ਅਨੰਦਪੁਰ ਸਾਹਿਬ ਦੀ ਮੁਕੱਦਸ ਧਰਤੀ ਤੋਂ ਸਮਾਜ ਦੀਆਂ ਪਿਛਾਂਹ-ਖਿੱਚੂ ਸ਼ਕਤੀਆਂ ਨੂੰ ਝੰਜੋੜਿਆ ਗਿਆ, ਇਤਿਹਾਸ ਅਤੇ ਮਿਥਿਹਾਸ ਦੀਆਂ ਪੁਰਾਤਨ ਕੀਮਤਾਂ ਨੂੰ ਟਕੋਰਿਆ ਗਿਆ, ਮਨੁੱਖ ਦੁਆਲੇ ਤਣੇ ਹੋਏ ਭਰਮ-ਜਾਲ ਨੂੰ ਵੰਗਾਰਿਆ ਗਿਆ।

**ਖੋਜ ਕਾਰਜ ਦੇ ਉਦੇਸ਼**

ਇਸ ਖੋਜ ਕਾਰਜ ਦੇ ਨਿਮਨ ਲਿਖਤ ਉਦੇਸ਼ ਮਿਥੇ ਗਏ ਹਨ;

1. ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰਤਾ ਦੇ ਪ੍ਰਗਟਾਵੇ ਨੂੰ ਸਿੱਖ ਸਿਮਰਤੀ ਰਾਹੀਂ ਅਧਿਐਨ ਕਰਕੇ ਸਿਮਰਤੀ ਅਤੇ ਸਿੱਖ ਸਿਮਰਤੀ ਦੇ ਆਪਸੀ ਸੰਬੰਧ ਦਾ ਅਧਿਐਨ ਕਰਨਾ।
2. ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖ ਸਿਮਰਤੀ ਦੇ ਸੰਦਰਭ ਵਿੱਚ ਇਤਿਹਾਸਕ, ਧਾਰਮਕ, ਸਾਹਿਤਕ, ਸੱਭਿਆਚਾਰਕ ਆਦਿ ਪੱਖਾਂ ਤੋਂ ਅਧਿਐਨ ਕਰਨਾ।
3. ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਮਹੱਤਤਾ ਤੋਂ ਜਾਨਣ ਦਾ ਯਤਨ ਕਰਨਾ।
4. ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਨੂੰ ਸਮਝਣਾ।

**ਪੂਰਵ ਅਧਿਐਨ ਸਰਵੇਖਣ**

ਖੋਜ ਵਿਸ਼ੇ ਨਾਲ ਸੰਬੰਧਤ ਸਾਹਿਤ ਦਾ ਅਧਿਐਨ ਦੋ ਭਾਗਾਂ ਵਿੱਚ ਕੀਤਾ ਗਿਆ ਹੈ। ਪਹਿਲੇ ਭਾਗ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਸਰੋਤ ਸਾਹਿਤ ਨੂੰ ਲਿਆ ਹੈ ਜਦੋਂ ਕਿ ਦੂਸਰੇ ਭਾਗ ਵਿੱਚ ਸਿਮਰਤੀ ਅਤੇ ਸਿੱਖ ਸਿਮਰਤੀ ਨਾਲ ਸੰਬੰਧਤ ਦਾਰਸ਼ਨਿਕ ਸਾਹਿਤ ਦਾ ਅਧਿਐਨ ਕੀਤਾ ਗਿਆ ਹੈ।

## ਭਾਗ ਪਹਿਲਾ

**ਸਰੋਤ ਸਾਹਿਤ:**

**ਦਸਮ ਗ੍ਰੰਥ ਸਾਹਿਬ**

ਸਿੱਖ ਸਿਮਰਤੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਥਾਨ ਤੋਂ ਬਾਅਦ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਅਹਿਮ ਸਥਾਨ ਹੈ। ਇਤਿਹਾਸਕਾਰਾਂ ਦੇ ਮਤ ਅਨੁਸਾਰ ਇਸ ਦਾ ਪਹਿਲਾ ਨਾਂ 'ਬਚਿਤਰ ਨਾਟਕ' ਸੀ ਪਰ ਬਾਅਦ ਵਿੱਚ ਇਸ ਨੂੰ 'ਦਸਵੇਂ ਪਾਤਸ਼ਾਹ ਕਾ ਗ੍ਰੰਥ' ਕਿਹਾ ਜਾਣ ਲੱਗਿਆ ਅਜੋਕੇ ਸਮੇਂ ਇਸ ਨੂੰ 'ਸ੍ਰੀ ਦਸਮ ਗ੍ਰੰਥ ਸਾਹਿਬ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਦੋਂ ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਿਆ ਤਾਂ ਸਰਸਾ ਨਦੀ ਪਾਰ ਕਰਨ ਸਮੇਂ ਉਨ੍ਹਾਂ ਦਾ ਬਹੁਤ ਸਾਰਾ ਸਾਹਿਤ ਇਸ ਨਦੀ 'ਚ ਰੁੜ ਗਿਆ ਅਤੇ ਬਾਕੀ ਬਚਿਆ ਕੁਝ ਸਾਹਿਤ ਪੁਰਾਤਨ ਬੀੜਾਂ ਵਿੱਚ ਮਿਲਦਾ ਹੈ। ਗੁਰੂ ਸਾਹਿਬ ਤੋਂ ਬਾਅਦ

ਵਿਦਵਾਨ ਭਾਈ ਮਨੀ ਸਿੰਘ ਜੀ ਨੇ ਇਨ੍ਹਾਂ ਰਚਨਾਵਾਂ ਨੂੰ ਇੱਕਤਰ ਕਰਕੇ ਇਸ ਗ੍ਰੰਥ ਦਾ ਸੰਕਲਨ 1726 ਈ. ਵਿੱਚ ਕੀਤਾ।

ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਕਈ ਬੀੜਾਂ ਮਿਲਦੀਆਂ ਹਨ, ਜਿਨ੍ਹਾਂ ਵਿੱਚੋਂ ਕੁਝ-ਕੁ ਇਤਿਹਾਸਕ ਪੱਖ ਤੋਂ ਪ੍ਰਮਾਣਿਤ ਹਨ ਜਿਵੇਂ; ਭਾਈ ਮਨੀ ਸਿੰਘ ਵਾਲੀ ਬੀੜ (ਨਵੀਂ ਦਿਲੀ), ਮੋਤੀ ਬਾਗ ਗੁਰਦੁਆਰੇ ਵਾਲੀ ਬੀੜ (ਪਟਿਆਲਾ), ਸੰਗਰੂਰ ਵਾਲੀ ਬੀੜ, ਪਟਨੇ ਵਾਲੀ ਬੀੜ। ਇਨ੍ਹਾਂ ਪ੍ਰਾਪਤ ਬੀੜਾਂ ਦੀਆਂ ਰਚਨਾਵਾਂ ਦੀ ਤਰਤੀਬ ਅਲੱਗ-ਅਲੱਗ ਹੈ। ਇਨ੍ਹਾਂ ਭੁਲੇਖਿਆਂ ਨੂੰ ਦੂਰ ਕਰਨ ਲਈ 1897 ਈ. ਨੂੰ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ, ਅੰਮ੍ਰਿਤਸਰ ਨੇ 32 ਬੀੜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਇੱਕਤਰ ਕਰਨ ਦੇ ਨਾਲ-ਨਾਲ ਸੋਧ ਕਰਕੇ ਗ੍ਰੰਥ ਦਾ ਸੰਕਲਨ ਕੀਤਾ, ਜਿਸਦੇ 1428 ਪੰਨੇ ਹਨ।

ਇਸ ਗ੍ਰੰਥ ਵਿੱਚੋਂ ਸ੍ਰੀ ਅਨੰਦਪੁਰ ਸਾਹਿਬ ਦੇ ਨਾਮਕਰਣ ਅਤੇ ਇਤਿਹਾਸ ਸੰਬੰਧੀ ਹਵਾਲੇ ਪ੍ਰਮਾਣਾਂ ਸਹਿਤ ਪ੍ਰਾਪਤ ਹੋਏ ਹਨ ਦਸਮ ਗ੍ਰੰਥ ਸਾਹਿਬ ਵਿੱਚ ਸ੍ਰੀ ਅਨੰਦਪੁਰ ਸਾਹਿਬ ਸੰਬੰਧੀ ਸੰਕੇਤ ਦਰਜ ਹੈ, *"ਜੁਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ॥ ਕਹਿਲੂਰ ਮੈਂ ਬਾਂਧਿਯੋ ਆਨ ਆਨੰਦਪੁਰ ਗਾਂਵ॥"* ਜੋ ਕਿ ਇਸ ਖੋਜ ਕਾਰਜ ਲਈ ਮੁੱਢਲੇ ਇਤਿਹਾਸਕ ਸਰੋਤਾਂ ਵਜੋਂ ਸਹਾਇਕ ਹੋਏ ਹਨ।

**ਭਾਈ ਨੰਦ ਲਾਲ ਦੁਆਰਾ ਰਚਿਤ ਸਾਹਿਤ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿੱਚ ਭਾਈ ਨੰਦ ਲਾਲ ਜੀ ਦਾ ਨਾਮ ਸਤਿਕਾਰਯੋਗ ਹੈ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਤੋਂ ਬਾਅਦ ਸਿੱਖ-ਜਗਤ ਵਿੱਚ ਸਤਿਕਾਰਯੋਗ ਸਥਾਨ ਮਿਲਿਆ ਹੈ। 'ਗੋਯਾ' ਆਪ ਦਾ ਤਖੱਲਸ ਸੀ। ਭਾਈ ਨੰਦ ਲਾਲ ਜੀ ਦੇ ਪਿਤਾ ਫਾਰਸੀ ਦੇ ਵਿਦਵਾਨ ਸਨ, ਆਪ ਨੇ ਫਾਰਸੀ ਦੀ ਵਿਦਿਆ ਉਹਨਾਂ ਪਾਸੋਂ ਪ੍ਰਾਪਤ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਰਹਿੰਦੇ ਹੋਏ ਆਪ ਨੇ ਗੁਰੂ ਸਾਹਿਬਾਨ, ਸਿੱਖੀ ਮਾਰਗ ਅਤੇ ਅਧਿਆਤਮਕਤਾ ਬਾਰੇ ਫਾਰਸੀ ਭਾਸ਼ਾ ਵਿੱਚ ਵੱਡਮੁੱਲਾ ਸਾਹਿਤ ਸਿਰਜਿਆ। ਭਾਈ ਸਾਹਿਬ ਦੀਆਂ ਰਚਨਾਵਾਂ ਹਨ: ਜ਼ਿੰਦਗੀਨਾਮਾ (ਫਾਰਸੀ), ਗਜ਼ਲੀਆਤ ਅਰਥਾਤ ਦੀਵਾਨਿ-ਗੋਯਾ (ਫਾਰਸੀ), ਤੌਸੀਫ-ਓ-ਸਨਾ ਅਤੇ ਖਾਤਿਮਾ (ਫਾਰਸੀ), ਗੰਜਨਾਮਾ ਫਾਰਸੀ), ਜੋਤਿ ਬਿਗਾਸ (ਫਾਰਸੀ ਕਵਿਤਾ), ਜੋਤਿ ਬਿਗਾਸ (ਪੰਜਾਬੀ ਕਵਿਤਾ), ਰਹਿਤਨਾਮਾ ਅਤੇ ਤਨਖਾਹਨਾਮਾ (ਪੰਜਾਬੀ ਕਵਿਤਾ), ਦਸਤੂਰੁਲ-ਇਨਸ਼ਾ (ਫਾਰਸੀ ਵਾਰਤਕ) ਅਤੇ ਅਰਜ਼ੁਲ-ਅਲਫਾਜ਼ (ਫਾਰਸੀ ਕਵਿਤਾ)।

**ਭਾਈ ਨੰਦ ਲਾਲ ਜੀ** ਹੋਲੇ ਦੇ ਸੰਬੰਧ ਵਿੱਚ ਲਿਖਦੇ ਹਨ *“ਗੁਲੇ ਹੋਲੀ ਬਬਾਗੇ ਦਹਰ ਈਂ ਬਿਸ਼ਗੁਫ਼ਤ। ਲਬੇ ਚੂੰ ਗੁੰਚਹ ਰਾ ਫਰਖੁੰਦ ਖੂ ਕਰਦ। ਗੁਲਾਬੋ ਅੰਬਰੋ ਮੁਸ਼ਕੋਂ ਅਬੀਰੋ। ਚੂੰ ਬਾਰਾਂ ਬਾਰਸ਼ੇ ਅਜ਼ ਸੂਬਸੂ ਕਰਦ।”*

ਹਜ਼ੂਰੀ ਕਵੀ ਹੋਣ ਕਾਰਨ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਇਤਿਹਾਸਕ ਹਵਾਲੇ ਪ੍ਰਾਪਤ ਹੁੰਦੇ ਹਨ ਜੋ ਕਿ ਖੋਜ ਕਾਰਜ ਦੇ ਸਾਹਿਤਕ ਅਧਿਐਨ ਵਿੱਚ ਸਹਾਈ ਹੋਏ ਹਨ।

**ਸ੍ਰੀ ਗੁਰ ਸੋਭਾ**

ਸ੍ਰੀ ਗੁਰ ਸੋਭਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ ਦੀ ਰਚਨਾ ਹੈ। ਸ੍ਰੀ ਗੁਰ ਸੋਭਾ ਦੇ ਰਚਨਾਕਾਲ ਬਾਰੇ ਵੱਖ-ਵੱਖ ਤਾਰੀਖਾਂ ਪ੍ਰਾਪਤ ਹੁੰਦੀਆਂ ਹਨ। ਸ੍ਰੀ ਗੁਰ ਸੋਭਾ, ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਿੱਧ ਹੁੰਦਾ ਹੈ, ਦਸ਼ਮੇਸ਼ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਵਿੱਚ ਲਿਖਿਆ ਗਿਆ ਹੈ। ਇਸ ਵਿੱਚ ਗੁਰੂ ਸਾਹਿਬ ਦੁਆਰਾ ਲੜੇ ਧਰਮ ਯੁੱਧਾਂ ਬਾਰੇ ਜਾਣਕਾਰੀ ਮਿਲਦੀ ਹੈ, ਇਹ ਗੁਰੂ ਮਹਿਮਾ ਦਾ ਇਤਿਹਾਸਕ ਸਰੋਤ ਹੈ। ਇਸ ਵਿੱਚ ਕੁਲ 20 ਅਧਿਆਇ ਸ਼ਾਮਿਲ ਹਨ। ਸ੍ਰੀ ਅਨੰਦਪੁਰ ਸਾਹਿਬ ਨੂੰ ਮਾਖੋਵਾਲ ਨਾਂ ਨਾਲ ਵੀ ਜਾਣਿਆ ਜਾਂਦਾ ਸੀ *“ਮਾਖੋਵਾਲ ਸੁਹਾਵਨਾ ਸਤਿਗੁਰ ਕੋ ਅਸਥਾਨ। ਲੀਲਾ ਅਨਕ ਅਨੇਕ ਬਿਧਿ ਕਉਤਕ ਕਰਤ ਬਿਆਨ।”*

ਕਵੀ ਸੈਨਾਪਤਿ ਦੀ ਰਚਨਾ ਸ੍ਰੀ ਗੁਰ ਸੋਭਾ ਤੋਂ ਸ੍ਰੀ ਅਨੰਦਪੁਰ ਸਾਹਿਬ ਦੇ ਨਾਮਕਰਣ ਅਤੇ ਭੂਗੋਲਿਕ ਦ੍ਰਿਸ਼ਾਂ ਨਾਲ ਸੰਬੰਧਤ ਹਵਾਲੇ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਦਾ ਅਧਿਐਨ ਇਸ ਖੋਜ ਕਾਰਜ ਲਈ ਸਹਾਈ ਸਿੱਧ ਹੋਇਆ।

**ਗੁਰਬਿਲਾਸ ਪਾ: ੧੦ ਕੁਇਰ ਸਿੰਘ**

ਗੁਰਬਿਲਾਸ ਪਾ: ੧੦ ਕੁਇਰ ਸਿੰਘ ਦੀ ਰਚਨਾ ਹੈ। ਕੁਲ 21 ਅਧਿਆਇਆਂ ਦੀ ਇਹ ਕਾਵਿ ਰਚਨਾ ਪੰਜਾਬੀ ਅਤੇ ਬ੍ਰਜ਼ ਦੀ ਰਲੀ-ਮਿਲੀ ਭਾਸ਼ਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ’ਤੇ ਹੋਰ ਸਮਕਾਲੀ ਘਟਨਾਵਾਂ ਉੱਤੇ ਮਹੱਤਵਪੂਰਨ ਪ੍ਰਕਾਸ਼ ਪਾਉਂਦੀ ਹੈ। ਗੁਰਬਿਲਾਸ ਪਾਤਸ਼ਾਹੀ ੧੦ ਕੁਇਰ ਸਿੰਘ ਵਿੱਚ ਗੁਰੂ ਸਾਹਿਬ ਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਸੰਬੰਧੀ ਵੇਰਵੇ ਪ੍ਰਾਪਤ ਹੁੰਦੇ ਹਨ, *“ਹਮ ਤੁਮ ਅਬ ਚਲੀਏ ਤਹਾਂ, ਜੈ ਦੁੰਦਭੀ ਬਜਾਇ। ਸ੍ਰੀ ਆਨੰਦਪੁਰ ਥਾਨ ਹੈ, ਗੁਰ ਪ੍ਰਭੂ ਆਯਨ ਪਾਇ॥*

**ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ**

'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਭਾਈ ਕੇਸਰ ਸਿੰਘ ਛਿੱਬਰ ਦੀ ਕ੍ਰਿਤ ਹੈ, ਇਹ ਗ੍ਰੰਥ ਦਸ ਗੁਰੂ ਸਾਹਿਬਾਨ ਦੀ ਬੰਸਾਵਲੀ ਹੈ। ਇਸ ਰਚਨਾ ਵਿੱਚ ਦਸਾਂ ਗੁਰੂਆਂ ਦੀ ਜੋਤਿ ਨੂੰ ਇੱਕ ਮੰਨਿਆ ਗਿਆ ਹੈ, *"ਦਸ ਜਾਮੇ ਬਾਬੇ ਨਾਨਕ ਸਾਹਿਬ ਜੀ ਹੈਨ ਧਾਰੇ॥ ਦਸੋ ਮਹਿਲ ਜੋਤਿ ਇਕੋ, ਸਰੀਰ ਨਿਆਰੇ ਨਿਆਰੇ॥"*

ਬੰਸਾਵਲੀ ਤੋਂ ਇਲਾਵਾ ਇਸ ਰਚਨਾ ਵਿੱਚ ਸਮਕਾਲੀ ਰਾਜਨੀਤਕ, ਸਮਾਜਕ ਅਤੇ ਧਾਰਮਕ ਪ੍ਰਸਥਿਤੀਆਂ ਬਾਰੇ ਜਾਣਕਾਰੀ ਦੇ ਨਾਲ-ਨਾਲ ਸ੍ਰੀ ਅਨੰਦਪੁਰ ਸਾਹਿਬ ਦੇ ਪੁਰਾਤਨ ਨਾਮਕਰਣ, ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਸੰਬੰਧੀ ਹਵਾਲੇ ਮਿਲਦੇ ਹਨ ਅਤੇ ਗੁਰੂ ਸਾਹਿਬ ਦੇ ਸ੍ਰੀ ਅਨੰਦਪੁਰ ਸਾਹਿਬ ਆਉਣ ਸੰਬੰਧੀ ਵੇਰਵੇ ਹਨ, *"ਸੰਮਤੁ ਸਤਾਰਾਂ ਸੈ ਛਿਤਾਲੀ ਗਏ, ਤਬ ਸਾਹਿਬ ਤਹਾਂ ਤੇ ਆਵਤ ਭਏ। ਆਨੰਦਪੁਰ ਗਾਉਂ ਤਬ ਪਾਇਆ, ਡੇਰਾ ਆਪਦਾ ਤਹਾਂ ਲਗਾਇਆ।"*

**ਮਹਿਮਾ ਪ੍ਰਕਾਸ਼ (ਕਵਿਤਾ)**

ਸਿੱਖ ਧਰਮ ਅਤੇ ਇਤਿਹਾਸ ਦੇ ਗੁਰਮੁਖੀ ਸਰੋਤਾਂ ਵਿੱਚ ਮਹਿਮਾ ਪ੍ਰਕਾਸ਼ (ਕਵਿਤਾ) ਇਕ ਮਹੱਤਵਪੂਰਨ ਸਰੋਤ ਹੈ, ਜਿਸ ਦੇ ਕਰਤਾ ਸਰੂਪ ਦਾਸ ਭੱਲਾ ਹਨ। ਸਰੂਪ ਦਾਸ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੀ ਵੰਸ਼ ਵਿੱਚੋਂ ਸਨ। ਇਨ੍ਹਾਂ ਦੇ ਜੀਵਨ ਵੇਰਵਿਆਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਹ ਗ੍ਰੰਥ 1833 ਬਿ./1776 ਈ. ਵਿੱਚ ਰਚਿਆ ਗਿਆ। ਇਹ ਪਹਿਲਾ ਅਜਿਹਾ ਗੁਰਮੁਖੀ ਸਰੋਤ ਹੈ, ਜਿਸ ਵਿੱਚ ਵਿਸਤ੍ਰਿਤ ਰੂਪ ਵਿੱਚ ਦਸ ਗੁਰੂ ਸਾਹਿਬਾਨ ਦੇ ਜੀਵਨ ਵੇਰਵੇ ਮਿਲਦੇ ਹਨ। ਕੁਲ 237 ਸਾਖੀਆਂ ਵਿੱਚ ਦਸ ਗੁਰੂ ਸਾਹਿਬਾਨ ਤੋਂ ਇਲਾਵਾ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਵੀ ਵੇਰਵੇ ਪ੍ਰਾਪਤ ਹੁੰਦੇ ਹਨ। ਇਸ ਰਚਨਾ ਦਾ ਲਗਪਗ ਚੌਥਾ ਹਿੱਸਾ (65 ਸਾਖੀਆਂ) ਸਿਰਫ਼ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਹੋਣ ਕਰ ਕੇ ਇਸ ਦਾ ਨਾਂ 'ਗੁਰੂ ਨਾਨਕ ਮਹਿਮਾ' ਵੀ ਲਿਆ ਜਾਂਦਾ ਹੈ।

ਮਹਿਮਾ ਪ੍ਰਕਾਸ਼ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਸਿਰਜਨਾ ਅਤੇ ਸਮਕਾਲੀ ਹਾਲਾਤਾਂ ਬਾਰੇ ਵੇਰਵੇ ਪ੍ਰਾਪਤ ਹੁੰਦੇ ਹਨ। ਜਿਨ੍ਹਾਂ ਵਿੱਚ ਚਾਰੇ ਵਰਣਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਵਿੱਚ ਅਨੰਦਮਈ ਜੀਵਨ ਬਤੀਤ ਕਰਦਿਆਂ ਦਰਸਾਇਆ ਗਿਆ ਹੈ, *"ਆਨੰਦਪੁਰ ਕੇ ਆਨੰਦ ਦਿਆਲ ਦੇ ਦਰਸ਼ਨ ਕਰੇ ਜਗਤ ਨਿਹਾਲ॥"*

**ਸ੍ਰੀ ਗੁਰ ਪੰਥ ਪ੍ਰਕਾਸ਼**

ਇਹ ਗ੍ਰੰਥ ਗਿਆਨੀ ਗਿਆਨ ਸਿੰਘ ਦੁਆਰਾ ਰਚਿਆ ਗਿਆ ਪਹਿਲਾ ਸਿੱਖ ਇਤਿਹਾਸ ਦਾ ਮੁਕੰਮਲ ਗ੍ਰੰਥ ਹੈ, ਜਿਸ ਨੂੰ ਤਕਰੀਬਨ ਹਰੇਕ ਇਤਿਹਾਸਕਾਰ ਨੇ ਸਿੱਖ-ਸਰੋਤ ਵਜੋਂ ਵਰਤਿਆ ਹੈ। ਇਸ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਅੰਤਿਮ ਸਮੇਂ (1839 ਈ.) ਤੋਂ ਬਾਅਦ ਤੱਕ ਦੀਆਂ ਘਟਨਾਵਾਂ ਸ਼ਾਮਿਲ ਹਨ। *"ਤਿਸੀ ਸਮੇਂ ਮੇਲਾ ਭਯੋ ਅਨੰਦਪੁਰੀ ਮਝਾਰ। ਦੇਸ਼ ਦੇਸ਼ ਤੇ ਆਇ ਕਰ ਸੰਗਤਿ ਜੁਰੀ ਅਪਾਰ।"*

ਉਪਰੋਕਤ ਇਤਿਹਾਸਕ ਸਰੋਤਾਂ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਤ ਸੰਤ ਰੇਣ ਸਿੰਘ ਪ੍ਰੇਮ ਦੀ ਰਚਨਾ *ਸ੍ਰੀ ਗੁਰਪੁਰ ਪ੍ਰੇਮ ਪ੍ਰਕਾਸ਼* ਵਿੱਚ ਦਸ ਗੁਰੂ ਸਾਹਿਬਾਨ ਦੀਆਂ ਜੀਵਨ ਘਟਨਾਵਾਂ ਨੂੰ ਕ੍ਰਮਵਾਰ ਦਰਜ ਕੀਤਾ ਹੋਇਆ ਹੈ। ਗੁਰੂ ਜੀ ਕੋਲ ਸੰਗਤ ਨੇ ਪਟਨਾ ਸਾਹਿਬ ਜਾ ਕੇ ਸ੍ਰੀ ਅਨੰਦਪੁਰ ਸਾਹਿਬ ਆਉਣ ਸੰਬੰਧੀ ਬੇਨਤੀ ਦਾ ਜ਼ਿਕਰ ਮਿਲਦਾ ਹੈ,*"ਪੁਰ ਆਨੰਦ ਤੇ ਸਿੱਖ ਪਠਾਇ ਆਇ ਚਰਨ ਦਸਮੇਸਹਿ ਪਰੇ, ਪੁਨੀ ਸ੍ਰੀ ਮਾਤਾ ਦਰਸਨ ਕਰੇ ਕਹਯੋ ਪ੍ਰਭੋ ਚਲ ਆਨੰਦਪੁਰ ਕੋ॥"* ਇਸ ਦੇ ਨਾਲ ਹੀ ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸ ਨਾਲ ਸੰਬੰਧਿਤ ਸਮੱਗਰੀ ਵਿੱਚ ਭਾਈ ਵੀਰ ਸਿੰਘ ਦੁਆਰਾ ਲਿਖੇ ਧਾਰਮਕ ਪੁਰਬਾਂ ਲਈ ਟ੍ਰੈਕਟ ਲੇਖਾਂ ਦੇ ਸੰਗ੍ਰਹਿ 'ਕਲਗ਼ੀਧਰ ਚਮਤਕਾਰ' ਰਾਹੀਂ ਭਾਈ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਝਾਕੀਆਂ ਅਤੇ ਉਨ੍ਹਾਂ ਦੇ ਨਾਲ ਸੰਬੰਧਿਤ ਸਥਾਨਾਂ, ਸ਼ਖ਼ਸੀਅਤਾਂ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਅਤੇ ਸਿੱਖ ਆਦਰਸ਼ ਨੂੰ ਵੀ ਦਰਸਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਪ੍ਰਸੰਗ ਦੇ ਵਿਸਥਾਰ-ਪੂਰਵਕ ਵਰਣਨ ਰਾਹੀਂ ਗੁਰੂ ਜੀ ਨਾਲ ਸੰਬੰਧਿਤ ਘਟਨਾਵਾਂ ਅਤੇ ਪਵਿੱਤਰ ਅਸਥਾਨਾਂ ਦਾ ਸਿਲਸਿਲੇ ਵਾਰ ਸਾਖੀਆਂ ਰਾਹੀਂ ਵਰਣਨ ਕੀਤਾ ਗਿਆ ਹੈ। ਵੱਖੋ-ਵੱਖਰੇ ਸ੍ਰੋਤਾਂ ਤੋਂ ਪ੍ਰਾਪਤ ਜਾਣਕਾਰੀ ਇਹ ਸਪੱਸ਼ਟ ਕਰਦੀ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਸਿੱਖਾਂ ਦੀ ਰਾਜਨੀਤਕ, ਸਮਾਜਕ, ਧਾਰਮਕ ਅਤੇ ਅਧਿਆਤਮਕ ਬਿਰਤੀ ਨਾਲ ਡੂੰਘੇ ਰੂਪ ਵਿੱਚ ਸੰਬੰਧਿਤ ਹੈ।

ਡਾ. ਨਵਰਤਨ ਸਿੰਘ ਕਪੂਰ ਦੁਆਰਾ ਰਚਿਤ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਪੁਸਤਕ 'ਸ੍ਰੀ ਅਨੰਦਪੁਰ ਸਾਹਿਬ' ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਦੀ ਪੁਸਤਕ ਹੈ। ਜਿਸ ਦੇ ਵੱਖ-ਵੱਖ ਹਿੱਸਿਆਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਮਕਰਨ ਬਾਰੇ ਜਾਣਕਾਰੀ ਦਿੰਦਿਆ, ਇਸ ਪਾਵਨ ਸਥਾਨ ਦੀ ਕੁਦਰਤੀ

ਸ਼ੋਭਾ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਵਿੱਚ ਖ਼ਾਲਸੇ ਦੇ ਸਾਜਨਾ ਸਥਾਨ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਲ-ਨਾਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਸਥਿਤ ਅਨੇਕਾਂ ਪਵਿੱਤਰ ਗੁਰਧਾਮਾਂ ਬਾਰੇ ਜਾਣਕਾਰੀ ਦਰਜ ਹੈ। ਇਸ ਪੁਸਤਕ ਦੇ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿੱਚ ਸੱਜਦੇ ਜੋੜ ਮੇਲੇ, ਪ੍ਰਕਾਸ਼ ਉਤਸਵ, ਕੀਰਤਨ ਅਤੇ ਪੁਰਾਤਨ ਕਵੀ ਦਰਬਾਰ ਦੀ ਜਾਣਕਾਰੀ ਵੀ ਸ਼ਾਮਿਲ ਕੀਤੀ ਗਈ ਹੈ। ਭਾਸ਼ਾ ਵਿਭਾਗ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਲ ਸੰਬੰਧਿਤ ਵੱਖ-ਵੱਖ ਘਟਨਾਵਾਂ ਦਾ ਜ਼ਿਕਰ ਕਰਕੇ ਸ੍ਰੀ ਅਨੰਦਪੁਰ ਸਾਹਿਬ ਨੂੰ 'ਸੂਰਮਿਆਂ ਦੀ ਧਰਤੀ' ਲਿਖਿਆ  ਗਿਆ ਹੈ। ਪੁਸਤਕ ਦੇ ਅੰਤ ਵਿੱਚ ਅਜੋਕੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿੱਚ ਸਥਾਪਿਤ ਸੰਗਤ ਦਰਸ਼ਨ ਲਈ ਵੱਖ-ਵੱਖ ਸਥਾਨਾਂ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ।

## ਭਾਗ ਦੂਜਾ

### ਦਾਰਸ਼ਨਿਕ ਸਾਹਿਤ

ਸਾਹਿਤਕ ਸਰਵੇਖਣ ਦੇ ਦੂਜੇ ਹਿੱਸੇ ਵਿੱਚ ਉਹ ਪੁਸਤਕਾਂ, ਰਸਾਲੇ, ਪਤ੍ਰਿਕਾਵਾਂ ਅਤੇ ਲੇਖ ਆਦਿ ਸ਼ਾਮਿਲ ਹਨ, ਜਿਨ੍ਹਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਤੋਂ ਜਾਣਕਾਰੀ ਦਿੱਤੀ ਗਈ ਹੈ, ਜਿਵੇਂ ਕਿ ਸਿਰਦਾਰ ਕਪੂਰ ਸਿੰਘ 'Parasaraprasna: The Baisakhi of Guru Gobind Singh' ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਜੇ ਖ਼ਾਲਸਾ ਪੰਥ ਦੇ ਸਿਧਾਂਤਕ ਅਤੇ ਦਾਰਸ਼ਨਿਕ ਮਹੱਤਵ ਨੂੰ ਸਪਸ਼ਟ ਕਰਦੇ ਹਨ, ਉਹਨਾਂ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਸਿੱਖ ਪਹਿਚਾਣ ਨੂੰ ਸੰਪੂਰਨਤਾ ਬਖ਼ਸ਼ੀ ਗਈ ਅਤੇ ਸਿੱਖ ਪਹਿਚਾਣ ਨਾਲ ਸੰਬੰਧਤ ਪੰਜਾਂ ਕਕਾਰਾਂ ਦੀ ਦਾਰਸ਼ਨਿਕ ਵਿਆਖਿਆ ਅਤੇ ਖ਼ਾਲਸਾਈ ਰਹਿਤ ਦੇ ਸਿਧਾਂਤ ਨੂੰ ਸਪੱਸ਼ਟ ਕੀਤਾ ਗਿਆ ਹੈ। ਉਹਨਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇੱਕ ਕੌਮ ਦੇ ਰੂਪ ਵਿੱਚ ਸੰਗਠਿਤ ਕੀਤਾ ਹੈ।

ਪ੍ਰੋ. ਪੂਰਨ ਸਿੰਘ ਦੀ ਪੁਸਤਕ 'Spirit of The Sikh' ਜਿਸ ਨੂੰ ਕਿਰਪਾਲ ਸਿੰਘ ਕਸੇਲ ਨੇ 'ਸਿੱਖੀ ਦੀ ਆਤਮਾ' ਸਿਰਲੇਖ ਹੇਠ ਅਨੁਵਾਦ ਕੀਤਾ ਹੈ, ਵਿੱਚ ਉਨ੍ਹਾਂ ਵੱਲੋਂ ਗੁਰਮਤਿ ਦੇ ਅਨੇਕ ਸੂਖਮ ਪੱਖ ਜਿਵੇਂ ਸਿੱਖੀ ਦੇ ਜੀਵਨ ਅਨੁਭਵ ਅਤੇ ਗਿਆਨ ਬਾਰੇ ਸੰਕੇਤਕ ਬੋਧ ਕੀਤਾ ਗਿਆ ਹੈ। ਗੁਰੂ ਖ਼ਾਲਸੇ ਦੇ ਸਮੂਹਿਕ

ਅਧਿਆਤਮਕ ਮੰਡਲ ਦੀ ਵਿਆਖਿਆ ਕਰਦਿਆਂ ਖ਼ਾਲਸਾ ਮੰਡਲ ਨੂੰ ਸਬਰ-ਸਾਂਝੀਵਾਲਤਾ ਦਾ ਪ੍ਰਤੀਕ ਮੰਨਿਆ ਗਿਆ ਹੈ। ਲੇਖਕ ਵੱਲੋਂ ਸਿੱਖੀ ਦੇ ਅਧਿਆਤਮਕ ਆਦਰਸ਼ਾਂ, ਸਿੱਖੀ ਜੀਵਨ ਅਨੁਭਵ ਦੇ ਅਦੁੱਤੀ ਪ੍ਰਮਾਣਾਂ ਅਤੇ ਸਿੱਖੀ ਜੀਵਨ ਨੈਤਿਕ, ਕਲਾਤਮਕ ਆਦਰਸ਼ਾਂ 'ਤੇ ਚਾਨਣਾ ਪਾਉਣ ਦਾ ਯਤਨ ਕੀਤਾ ਗਿਆ ਹੈ।

ਡਾ. ਗੁਰਭਗਤ ਸਿੰਘ ਅਤੇ ਦੀਪਇੰਦਰਜੀਤ ਰੰਧਾਵਾ ਦੁਆਰਾ ਆਪਣੀ ਪੁਸਤਕ 'The Sikh Memory: Its Distinction and Contribution to Humankind' ਵਿੱਚ ਸਿੱਖ ਸਿਮਰਤੀ ਨੂੰ ਸਿਧਾਂਤਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਹਨਾਂ ਦਾ ਮੰਨਣਾ ਹੈ ਕਿ ਕਈ ਇਤਿਹਾਸਕ ਘਟਨਾਵਾਂ ਜਾਂ ਦੁਖਾਂਤਾਂ ਨੇ ਸਿੱਖ ਸਿਮਰਤੀ ਨੂੰ ਨਿਆਰਾਪਣ ਬਖਸ਼ਿਆ ਹੈ। ਇਹ ਨਿਆਰਾਪਣ ਦੁਖਾਂਤਕ ਪ੍ਰਭਾਵਾਂ ਨੂੰ ਘੱਟ ਕਰਦਾ ਹੈ ਅਤੇ ਇਹਨਾਂ ਨੂੰ ਵਿਸ਼ਾਲ ਪਰਿਪੇਖ ਵਿੱਚ ਦੇਖਦਾ ਹੈ। ਲੇਖਕ ਇਸ ਪੁਸਤਕ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਨਾਲ ਸੰਬੰਧਤ ਸਿੱਖ ਯਾਦ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹਨ। ਇਸ ਪੁਸਤਕ ਵਿੱਚ ਸੱਭਿਆਚਾਰਕ ਸਿਮਰਤੀ ਨੂੰ ਦਾਰਸ਼ਨਿਕ ਪੱਖ ਤੋਂ ਵਾਚਿਆ ਗਿਆ ਹੈ। ਸੱਭਿਆਚਾਰਕ ਸਿਮਰਤੀ ਦੇ ਸੰਦਰਭ ਵਿੱਚ ਦਰਸਾਇਆ ਗਿਆ ਹੈ ਕਿ ਸੱਭਿਆਚਾਰਕ ਸਿਮਰਤੀ ਇਤਿਹਾਸ ਨੂੰ ਪ੍ਰਗਟਾਉਣ ਦਾ ਵਿਸ਼ੇਸ਼ ਹਿੱਸਾ ਹੈ। ਪੁਸਤਕ ਵਿੱਚ ਜਪੁਜੀ ਸਾਹਿਬ ਬਾਣੀ ਦਾ ਸਿੱਖ ਸਿਮਰਤੀ ਦੇ ਸੰਦਰਭ ਵਿੱਚ ਅਧਿਐਨ ਕੀਤਾ ਗਿਆ ਹੈ। ਅਰਦਾਸ ਦੇ ਵੱਖ-ਵੱਖ ਭਾਗਾਂ ਨੂੰ ਸਿੱਖ ਸਿਮਰਤੀ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਗਿਆ ਹੈ।

ਸਿੱਖ ਸਿਮਰਤੀ, ਸਿੱਖ ਇਤਿਹਾਸ, ਸਿੱਖ ਸਿਧਾਂਤ ਦੇ ਨਾਲ-ਨਾਲ ਉਹਨਾਂ ਪੁਸਤਕਾਂ ਦਾ ਜ਼ਿਕਰ ਕਰਨਾ ਬਣਦਾ ਹੈ, ਜਿਨ੍ਹਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਲ ਸੰਬੰਧਿਤ ਇਤਿਹਾਸਕ, ਸੱਭਿਆਚਾਰਕ, ਸਮਾਜਕ, ਰਾਜਨੀਤਕ ਆਦਿ ਤੱਥਾਂ ਦੇ ਵੇਰਵੇ ਦਰਜ ਹਨ, ਜਿਵੇਂ: ਡਾ. ਸੁਖਦਿਆਲ ਸਿੰਘ ਦੀਆਂ ਪੁਸਤਕਾਂ 'ਸਿਰੀ ਅਨੰਦਪੁਰ ਸਾਹਿਬ', 'ਗੁਰਮਤਿ ਵਿੱਚ ਤਖ਼ਤਾਂ ਦੀ ਮਹਾਨਤਾ', 'ਗੁਰੂ ਗੋਬਿੰਦ ਸਿੰਘ ਯਾਤਰਾ (ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ੍ਹ)', 'ਖ਼ਾਲਸਾ ਪੰਥ ਦੇ ਪੰਜ ਤਖ਼ਤ' ਆਦਿ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਰਾਸਤ ਨੂੰ ਇਤਿਹਾਸਕ ਦ੍ਰਿਸ਼ਟੀ ਨਾਲ ਸਮਝਣ ਦਾ ਯਤਨ ਕੀਤਾ ਹੈ।

ਡਾ. ਸੁਖਦਿਆਲ ਸਿੰਘ ਦੁਆਰਾ ਲਿਖੀ ਪੁਸਤਕ 'ਖ਼ਾਲਸੇ ਦੀ ਜਨਮ ਭੂਮੀ ਸਿਰੀ ਅਨੰਦਪੁਰ ਸਾਹਿਬ' ਵਿੱਚ ਜ਼ਿਕਰ ਹੈ ਕਿ ਸਿਰੀ ਆਨੰਦਪੁਰ ਸਾਹਿਬ ਖ਼ਾਲਸੇ ਦੀ ਜਨਮ ਭੂਮੀ ਹੈ, ਖ਼ਾਲਸੇ ਦੀ ਸਿਰਜਣਾ ਦੁਨੀਆਂ ਭਰ ਦੇ ਇਤਿਹਾਸ ਵਿੱਚ ਇੱਕ ਕਰਿਸ਼ਮਾ ਸੀ। ਸ੍ਰੀ ਅਨੰਦਪੁਰ ਸਾਹਿਬ, ਖ਼ਾਲਸਾ ਪੰਥ ਦੀ ਸਥਾਪਨਾ, ਸ੍ਰੀ ਅਨੰਦਪੁਰ ਸਾਹਿਬ ਦੇ ਪੰਜ ਕਿਲਿਆਂ, ਧਾਰਮਿਕ ਅਤੇ ਕੁਝ ਗੈਰ-ਇਤਿਹਾਸਕ ਸਥਾਨਾਂ ਦਾ ਤੱਥਾਂ ਆਧਾਰਿਤ ਵਰਣਨ ਕੀਤਾ ਗਿਆ ਹੈ। ਇਨ੍ਹਾਂ ਪੁਸਤਕਾਂ ਦੇ ਅਧਿਐਨ ਨਾਲ ਸ੍ਰੀ ਅਨੰਦਪੁਰ ਸਾਹਿਬ, ਖ਼ਾਲਸਾ ਪੰਥ ਦੀ ਸਾਜਨਾ, ਕਿਲਿਆਂ, ਬੁੰਗਿਆਂ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਹੋਰ ਧਾਰਮਿਕ/ਇਤਿਹਾਸਕ ਸਥਾਨਾਂ ਦੇ ਬਹੁਤ ਸਾਰੇ ਪਹਿਲੂਆਂ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਪੁਸਤਕ 'ਅਨੰਦਪੁਰ ਸਾਹਿਬ' ਤੋਂ ਸ੍ਰੀ ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਦੇ ਇਲਾਕਿਆਂ ਅਤੇ ਸਮਾਜਕ ਪ੍ਰਸਥਿਤੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਪੁਸਤਕ ਵਿੱਚ 'ਚੱਕ ਨਾਨਕੀ ਦੀ ਤਵਾਰੀਖ ਤੋਂ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਦੀ ਤਵਾਰੀਖ, ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਖ਼ਾਲਸਾ ਪ੍ਰਗਟ ਕਰਨਾ, ਸ੍ਰੀ ਅਨੰਦਪੁਰ ਸਾਹਿਬ 'ਤੇ ਹਮਲੇ, ਸ੍ਰੀ ਅਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਦੇ ਚਾਲੀ ਮੁਕਤੇ, ਸ੍ਰੀ ਅਨੰਦਪੁਰ ਸਾਹਿਬ ਦਾ ਨਕਸ਼ਾ, ਗੁਰਦੁਆਰੇ, ਕਿਲ੍ਹੇ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਆਸ-ਪਾਸ ਦੇ ਸਥਾਨ ਜਿਵੇਂ ਕੀਰਤਪੁਰ ਸਾਹਿਬ ਆਦਿ ਦਾ ਜ਼ਿਕਰ ਕੀਤਾ ਗਿਆ ਹੈ। ਪੁਸਤਕ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਲ ਸੰਬੰਧਿਤ ਖ਼ਾਲਸੇ ਦੇ ਤਿਉਹਾਰ ਹੋਲਾ ਮਹੱਲਾ ਅਤੇ ਵਿਸਾਖੀ ਨਾਲ ਜਾਣ-ਪਹਿਚਾਣ ਕਰਵਾਈ ਗਈ ਹੈ। ਡਾ. ਹਰਜਿੰਦਰ ਸਿੰਘ ਦਿਲਗੀਰ ਨੇ 'ਅਨੰਦਪੁਰ ਸਾਹਿਬ' (ਨਾਟਕ) ਦੀ ਰਚਨਾ ਕੀਤੀ, ਜਿਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਗੌਰਵਮਈ ਇਤਿਹਾਸ ਨੂੰ ਦਰਸਾਇਆ ਗਿਆ ਹੈ।

ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਿਤ ਅਧਿਐਨ ਸਮੱਗਰੀ ਵਿੱਚੋਂ ਸੰਤ ਸੇਵਾ ਸਿੰਘ ਲਿਖਤ ਅਤੇ ਪ੍ਰਕਾਸ਼ਿਤ ਪੁਸਤਕ 'ਧਰਤ ਅਨੰਦਪੁਰ ਦੀ' ਅਹਿਮੀਅਤ ਰੱਖਦੀ ਹੈ। ਇਸ ਪੁਸਤਕ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸੰਪੂਰਨ ਪੱਖਾਂ ਨੂੰ ਤਰਤੀਬਵਾਰ ਦਰਜ ਕੀਤਾ ਗਿਆ ਹੈ। ਜਿਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਵੱਖ-ਵੱਖ ਵਿਸ਼ੇਸ਼ਣਾਂ ਰਾਹੀਂ ਸੰਬੋਧਨ ਕੀਤਾ ਗਿਆ ਹੈ ਜਿਵੇਂ: ਤਿਲਕ ਜੰਞੂ (ਮਨੁੱਖੀ ਅਧਿਕਾਰਾਂ) ਦੀ ਰਖਵਾਲੀ ਧਰਤ ਅਨੰਦਪੁਰ ਦੀ, ਵੱਖ-ਵੱਖ ਧਰਮਾਂ ਦੀ ਵਿਭਿੰਨਤਾ ਦੀ ਅਲੰਬਰਦਾਰ ਧਰਤ ਅਨੰਦਪੁਰ ਦੀ, ਜਾਤ-ਪਾਤ ਦਾ ਖਾਤਮਾ ਕਰਕੇ ਨੀਚਹ ਊਚ ਕਰਨ ਵਾਲੀ ਧਰਤ ਅਨੰਦਪੁਰ ਦੀ, ਸਿਰਦਾਰੀਆਂ ਦੀਆਂ

ਬਖਸ਼ਿਸ਼ਾਂ ਕਰਨ ਵਾਲੀ ਧਰਤ ਅਨੰਦਪੁਰ ਦੀ, ਰਣਜੀਤ ਨਗਾਰੇ ਦੀ ਜਨਮ ਦਾਤੀ ਧਰਤ ਅਨੰਦਪੁਰ ਦੀ ਆਦਿ ਅਨੇਕਾਂ ਹੀ ਅਜਿਹੇ ਨਿਵੇਕਲੇ ਤੱਥਾਂ ਨਾਲ ਭਰਪੂਰ ਇਹ ਪੁਸਤਕ, ਸ੍ਰੀ ਅਨੰਦਪੁਰ ਸਾਹਿਬ ਸੰਬੰਧਿਤ ਜਾਣਕਾਰੀ ਉਪਲਬਧ ਕਰਵਾਉਣ ਲਈ ਲਾਹੇਵੰਦ ਸਾਬਿਤ ਹੋਈ।

ਸੁਲੱਖਣ ਸਿੰਘ ਸਰਹੱਦੀ ਦੀ ਪੁਸਤਕ 'ਆਨੰਦਪੁਰ ਤੋਂ ਲਾਹੌਰ ਤੱਕ' ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਿਤ ਇਤਿਹਾਸਕ ਪੱਖਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸਕ ਤੱਥਾਂ ਦੇ ਨਾਲ-ਨਾਲ ਸਿੱਖ ਰਾਜ ਦੀ ਸਥਾਪਤੀ ਤੱਕ ਦੇ ਇਤਿਹਾਸ 'ਤੇ ਚਾਨਣਾ ਪਾਇਆ ਗਿਆ ਹੈ। ਹਰਿੰਦਰ ਸਿੰਘ ਮਹਿਬੂਬ ਰਚਿਤ ਪੁਸਤਕ 'ਸਹਿਜੇ ਰਚਿਓ ਖ਼ਾਲਸਾ' ਵਿੱਚ ਲੇਖਕ ਨੇ ਖ਼ਾਲਸਾ ਪੰਥ ਦੀ ਸਿਰਜਨਾ ਦੇ ਕਾਰਨਾਂ, ਪ੍ਰਭਾਵਾਂ ਆਦਿ ਨੂੰ ਬੜੇ ਵਿਸਥਾਰ ਨਾਲ ਪੇਸ਼ ਕੀਤਾ ਹੈ। ਲੇਖਕ ਆਪਣੀ ਪੁਸਤਕ 'ਸਿੱਖ ਸੁਰਤਿ ਦੀ ਪਰਵਾਜ਼' ਵਿੱਚ ਸਿਮਰਤੀ ਦੇ ਭਾਵ ਨੂੰ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਪ੍ਰਗਟ ਕਰਦਾ ਹੋਇਆ ਲਿਖਦਾ ਹੈ, ਕਿ ਭਾਵੇਂ ਮੈਂ ਬਚਪਨ ਵਿਚ ਬਾਬੇ ਦੀ ਪਾਵਨ ਤਲਵੰਡੀ ਦੇ ਪ੍ਰਤੱਖ ਦ੍ਰਿਸ਼ ਦੇ ਨੇੜੇ ਤੇੜੇ ਵਿਚਰ ਰਿਹਾ ਸਾਂ, ਪਰ ਉਦੋਂ ਵੀ ਅਨੰਦਪੁਰ ਦੇ ਅਣਵੇਖੇ ਜਲਵੇ ਮੈਨੂੰ ਕਿਸੇ ਅਗੰਮੀ ਸਿਖ਼ਰ ਵੱਲ ਵਿਸਮਾਦੀ ਖਿੱਚ ਪਾਉਣ ਲੱਗੇ।

ਅਮੋਲਕ ਸਿੰਘ ਦੀ ਸੰਪਾਦਿਤ ਪੁਸਤਕ 'ਉਦਾਸੀ ਕਾਵਿ: ਸੰਤ ਰਾਮ ਉਦਾਸੀ ਦੀਆਂ ਸੰਪੂਰਨ ਕਵਿਤਾਵਾਂ ਅਤੇ ਗੀਤਾਂ ਦਾ ਸੰਗ੍ਰਹਿ' ਵਿੱਚ ਇਸ ਇਨਕਲਾਬੀ ਕਵੀ ਦੁਆਰਾ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਕੇਸਗੜ੍ਹ ਸਾਹਿਬ ਨਾਲ ਸੰਬੰਧਿਤ ਕੁਝ ਸਿਮਰਤੀ ਪੱਖ ਦੇ ਹਵਾਲੇ ਪ੍ਰਾਪਤ ਹੁੰਦੇ ਹਨ। ਲੇਖਕ ਸ਼ੇਰ ਸਿੰਘ ਕੰਵਲ ਦੀ ਪੁਸਤਕ 'ਕੇਸਗੜ੍ਹ ਦੇ ਕਿੰਗਰੇ' ਇੱਕ ਸੰਪੂਰਨ ਰੂਪ ਵਿੱਚ ਕਾਵਿ ਸੰਗ੍ਰਹਿ ਹੈ। ਇਸ ਪੁਸਤਕ ਦੀਆਂ ਆਨੰਦਪੁਰ ਬਨਾਮ ਦਿੱਲੀ, ਵੰਗਾਰ, ਗੁਰੂ ਗੋਬਿੰਦ ਸਿੰਘ ਮਾਰਗ, ਖ਼ਾਲਸੇ ਦਾ ਰਾਜ, ਵਿਸਾਖੀ ਆਦਿ ਅਜਿਹੀਆਂ ਕਵਿਤਾਵਾਂ ਹਨ ਜੋ ਕਿ ਕਿਸੇ ਨਾ ਕਿਸੇ ਰੂਪ ਵਿੱਚ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਨਾਲ ਸਿੱਖਾਂ ਦੀ ਸਿਮਰਤੀ ਦੇ ਪੱਖ ਉਜਾਗਰ ਕਰਦੀ ਹੈ। ਕਵੀ ਸੁਰਜੀਤ ਸਿੰਘ ਪਾਤਰ ਦੀ ਸੰਪਾਦਤ ਪੁਸਤਕ 'ਤੇਰੇ ਦਰ 'ਤੇ ਵਗਦੀ ਕਾਵਿ-ਨਦੀ' ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਹੈ, ਜਿਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਿਤ ਵੱਖ-ਵੱਖ ਕਵੀਆਂ ਨੇ ਅਨੇਕਾਂ ਪੱਖਾਂ ਤੋਂ ਸ੍ਰੀ ਅਨੰਦਪੁਰ ਸਾਹਿਬ ਦੀ ਉਪਮਾ ਕੀਤੀ ਹੈ ਜੋ ਸਿਮਰਤੀ ਦੇ ਕਈ ਪੱਖਾਂ ਨੂੰ ਉਜਾਗਰ ਕਰਦੀ ਹੈ।

ਧਾਰਮਕ ਅਤੇ ਇਤਿਹਾਸਕ ਅਧਿਐਨ ਵਿੱਚ ਰੁਚੀ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਨੂੰ ਜਾਨਣ ਦੀ ਜਿਗਿਆਸਾ ਨੇ ਇਹ ਖੋਜ ਕਾਰਜ ਕਰਨ ਲਈ ਉਤਸ਼ਾਹਿਤ ਕੀਤਾ। ਇੱਥੋਂ ਦੀ ਧਾਰਮਕ ਅਤੇ ਇਤਿਹਾਸਕ ਪਿੱਠਭੂਮੀ ਨੇ ਬਾਕੀ ਸਿੱਖਾਂ ਦੀ ਤਰ੍ਹਾਂ ਹੀ ਨਿੱਜੀ ਅਤੇ ਮਾਨਸਿਕ ਜਗਿਆਸਾ ਨੂੰ ਪ੍ਰੇਰਿਤ ਕੀਤਾ ਅਤੇ ਮਹਾਨ ਸਿੱਖ ਸਿਮਰਤੀ ਦੇ ਕੁਝ ਨਵੇਂ ਰੂਪਾਂ ਨੂੰ ਖੋਜ ਦ੍ਰਿਸ਼ਟੀ ਤੋਂ ਉੱਘਾੜਿਆ ਜਾਵੇ। ਇਸ ਦੇ ਭੂਗੋਲਿਕ, ਇਤਿਹਾਸਕ, ਅਧਿਆਤਮਕ ਵਾਤਾਵਰਣ ਨੇ ਵੀ ਡੂੰਘਾ ਪ੍ਰਭਾਵ ਪਾਇਆ ਅਤੇ ਹਰੇਕ ਵਾਰ ਇੱਥੇ ਪਹੁੰਚ ਕੇ ਸਿੱਖ ਸਿਮਰਤੀ ਦੇ ਨਵੀਨ ਪਰਿਪੇਖ ਦ੍ਰਿਸ਼ਟੀਗੋਚਰ ਹੋਏ; ਜਿਨ੍ਹਾਂ ਕਰਕੇ ਇਸ ਖੋਜ ਕਾਰਜ ਕਰਨ ਲਈ ਸੇਧ ਪ੍ਰਾਪਤ ਹੋਈ।

ਪੁਸਤਕਾਂ ਦੇ ਨਾਲ-ਨਾਲ ਰਸਾਲਿਆਂ ਅਤੇ ਪੱਤ੍ਰਿਕਾਵਾਂ ਵਿੱਚ ਆਏ ਕੁਝ ਚੋਣਵੇਂ ਲੇਖ ਜਿਵੇਂ ਗੁਰਮਤਿ ਪ੍ਰਕਾਸ਼ ਵਿੱਚ ਪਿਆਰਾ ਸਿੰਘ ਪਦਮ, *'ਸਿੱਖ ਸੱਭਿਆਚਾਰ'* (ਫਰਵਰੀ 1998), ਬਲਬੀਰ ਸਿੰਘ, 'ਹੋਲਾ ਮਹੱਲਾ' (ਮਾਰਚ 2011), ਨਿਹਾਲ ਸਿੰਘ 'ਹੋਲਾ ਮਹੱਲਾ' (ਮਾਰਚ 2004), ਨਿਸ਼ਾਨ ਸਿੰਘ *'ਖ਼ਾਲਸਾ'* (ਅਪ੍ਰੈਲ 2018), ਦਰਬਾਰ ਸਿੰਘ, 'ਪੰਜ ਪਿਆਰਿਆਂ ਦੀ ਚੋਣ' (ਅਪ੍ਰੈਲ 2000) ਆਦਿ ਸ਼ਾਮਿਲ ਹਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੂਨ 2015 ਵਿੱਚ 'ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸੋਵੀਨਰ' ਪ੍ਰਕਾਸ਼ਿਤ ਕੀਤਾ ਗਿਆ, ਸੋਵੀਨਰ ਵਿੱਚ ਸ੍ਰੀ ਅਨੰਦਪੁਰ ਦੇ ਨਾਮਕਰਣ (ਚੱਕ ਨਾਨਕੀ) ਤੋਂ ਲੈ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਤੋਂ ਲੈ ਕੇ ਵਰਤਮਾਨ ਤੱਕ ਵੱਖ-ਵੱਖ ਖੋਜ ਭਰਪੂਰ ਵਿਸ਼ਿਆਂ ਦੇ 53 ਵੱਖ-ਵੱਖ ਲੇਖਕਾਂ ਦੇ ਲੇਖ ਸ਼ਾਮਿਲ ਕੀਤੇ ਹੋਏ ਹਨ। ਜਿੰਨਾਂ ਵਿੱਚ ਭੂਤ ਅਤੇ ਭਵਿੱਖ, ਪ੍ਰਕਿਰਤਕ ਨੁਹਾਰ, ਭੂਗੋਲਿਕ ਸਥਿਤੀ, ਕੇਸਗੜ੍ਹ ਦਾ ਸਿਧਾਂਤਕ ਪ੍ਰਸੰਗ, ਖ਼ਾਲਸੇ ਦੀ ਸਿਜਨਾ, ਅਨੰਦਪੁਰ ਸਾਹਿਬ ਦਾ ਸੱਭਿਆਚਾਰ, ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੋਲਾ ਮਹੱਲਾ, ਅਨੰਦਪੁਰ ਸਾਹਿਬ ਦੀ ਵੱਖ-ਵੱਖ ਪੱਖਾਂ ਤੋਂ ਸਿੱਖ ਪੰਥ ਨੂੰ ਦੇਣ ਜਿਵੇਂ ਗੁਰਮਤਿ ਸੰਗੀਤ, ਸਿੱਖ ਸੈਨਿਕ ਸ਼ਕਤੀ, ਬੁੰਗਿਆਂ ਦਾ ਯੋਗਦਾਨ ਆਦਿ ਵਿਸ਼ਿਆਂ 'ਤੇ ਤੱਥ ਭਰਪੂਰ ਗੱਲ ਕੀਤੀ ਗਈ ਹੈ। ਦਰਬਾਰੀ ਕਵੀਆਂ ਤੋਂ ਲੈ ਕੇ ਵਰਤਮਾਨ ਤੱਕ ਦੇ ਰਾਗੀ, ਢਾਡੀ, ਕਵੀਸ਼ਰ, ਸਾਹਿਤਕਾਰ ਆਦਿ ਦੀਆਂ ਰਚਨਾਵਾਂ ਸ਼ਾਮਿਲ ਹਨ। ਦਾਰਸ਼ਨਿਕ, ਇਤਿਹਾਸਕ, ਸਿਧਾਂਤਕ ਪ੍ਰਸੰਗਾਂ ਦੀ ਗੱਲ ਕਰਦਿਆਂ ਹੱਕ ਸੱਚ ਦੀ ਆਵਾਜ਼ ਦੇ ਸੰਦਰਭ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਲੇਖ ਇਤਿਹਾਸਕ ਕ੍ਰਮ ਅਨੁਸਾਰ ਦਰਜ਼ ਹਨ।

ਉਪਰੋਕਤ ਪੁਸਤਕਾਂ ਦੇ ਅਧਿਐਨ ਦੇ ਨਾਲ-ਨਾਲ ਹੁਣ ਤੱਕ ਪ੍ਰਾਪਤ ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸ, ਸੱਭਿਆਚਾਰ, ਫ਼ਲਸਫੇ ਨਾਲ ਸੰਬੰਧਤ ਅਨੇਕਾਂ ਪੁਸਤਕਾਂ ਦਾ ਅਧਿਐਨ ਕੀਤਾ ਗਿਆ ਹੈ, ਜਿਸ ਦਾ ਜ਼ਿਕਰ ਖੋਜ ਕਾਰਜ ਦੇ ਅੰਤ ਵਿੱਚ ਪੁਸਤਕ-ਸੂਚੀ ਦੇ ਰੂਪ ਵਿੱਚ ਕੀਤਾ ਗਿਆ ਹੈ।

**ਖੋਜ ਵਿਧੀ ਵਿਗਿਆਨ**

ਸਿੱਖਾਂ ਦੀ ਸਿਮਰਤੀ ਦਾ ਸ੍ਰੀ ਅਨੰਦਪੁਰ ਸਾਹਿਬ ਨਾਲ ਸਾਂਝ ਦਾ ਅਧਿਐਨ ਕਰਨ ਦੀ ਲੋੜ ਨੂੰ ਮੁੱਖ ਰੱਖਦੇ ਹੋਏ, ਇਸ ਖੋਜ ਕਾਰਜ ਦੀ ਯੋਜਨਾ ਉਲੀਕੀ ਗਈ। ਇਸ ਖੋਜ ਕਾਰਜ ਨੂੰ ਨਿਮਨ ਲਿਖਤ ਵਿਧੀ ਨਾਲ ਨੇਪਰੇ ਚਾੜ੍ਹਿਆ ਗਿਆ ਹੈ;

1. ਸਰਵੇਖਣਾਤਮਕ ਵਿਧੀ ਦੀ ਵਰਤੋਂ ਕਰਦੇ ਹੋਏ ਖੋਜ ਕਾਰਜ ਨਾਲ ਸੰਬੰਧਤ ਸਾਹਿਤ ਦਾ ਸਰਵੇਖਣ ਕੀਤਾ ਗਿਆ ਹੈ, ਜਿਸ ਦੌਰਾਨ ਵੱਖ-ਵੱਖ ਪਤ੍ਰਿਕਾਵਾਂ, ਪੁਸਤਕਾਂ, ਅਖਬਾਰਾਂ ਆਦਿ ਵਿੱਚ ਦਰਜ ਕਵਿਤਾਵਾਂ, ਢਾਡੀ ਵਾਰਾਂ ਅਤੇ ਗੀਤ ਆਦਿ ਸਰੋਤਾਂ ਤੋਂ ਸ੍ਰੀ ਅਨੰਦਪੁਰ ਸਾਹਿਬ ਬਾਰੇ ਵੇਰਵੇ ਇਕੱਤਰ ਕੀਤੇ ਅਤੇ ਇਹਨਾਂ ਦਾ ਸਿਮਰਤੀ ਦੇ ਪੱਖ ਤੋਂ ਅਧਿਐਨ ਕੀਤਾ ਗਿਆ। ਇਹਨਾਂ ਸਰੋਤਾਂ ਦਾ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਸਰਵੇਖਣ ਕੀਤਾ ਗਿਆ ਹੈ ਅਤੇ ਇਸ ਲਈ ਨਿੱਜੀ ਤੌਰ ’ਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਖੋਜ ਸਮੱਗਰੀ ਵੀ ਇੱਕਠੀ ਕੀਤੀ ਗਈ ਹੈ।
2. ਸਰਵੇਖਣ ਦੌਰਾਨ ਪ੍ਰਾਪਤ ਖੋਜ ਸਮੱਗਰੀ (ਢਾਡੀ ਵਾਰਾਂ/ਕਵੀਸ਼ਰੀ, ਕਵਿਤਾਵਾਂ, ਗੀਤਾਂ) ਨੂੰ ਖੋਜ ਕਾਰਜ ਵਿੱਚ ਸ਼ਾਮਿਲ ਕਰਕੇ ਇਹ ਜਾਨਣ ਦਾ ਯਤਨ ਕੀਤਾ ਕਿ ਸਿਮਰਤੀ ਦਾ ਰੂਪਾਂਤਰਨ ਕਿਸ ਪ੍ਰਕਾਰ ਹੁੰਦਾ ਹੈ।
3. ਵਿਸ਼ਲੇਸ਼ਣਾਤਮਕ ਵਿਧੀ ਸਿਧਾਂਤਾਂ ਅਤੇ ਸੰਕਲਪਾਂ ਨੂੰ ਅਜੋਕੇ ਸੰਦਰਭ ਤੋਂ ਵਾਚ ਕੇ ਚਿੰਤਕਾਂ ਦੇ ਵਿਚਾਰਾਂ ਦੀ ਰੋਸ਼ਨੀ ਦੇ ਨਾਲ-ਨਾਲ ਦਰਜ ਵਿਸ਼ੇ: ਜਿਵੇਂ ਸਿਮਰਤੀ ਅਤੇ ਸਾਹਿਤ, ਸਿਮਰਤੀ ਅਤੇ ਧਰਮ, ਸਿਮਰਤੀ ਅਤੇ ਸੱਭਿਆਚਾਰ ਦੇ ਨਾਲ ਨਾਲ ਇਤਿਹਾਸਕ ਸਮੱਗਰੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।
4. ਅਧਿਆਤਮਕ ਵਿਧੀ ਦੀ ਵਰਤੋਂ ਸਿੱਖ ਮਨਾਂ ਵਿੱਚ ਰੂਹਾਨੀ ਅਨੁਭਵਾਂ ਅਤੇ ਮਨੋਭਾਵਾਂ ਦੇ ਪ੍ਰਗਟਾਵਿਆਂ ਦੇ ਸੰਦਰਭ ਵਿੱਚ ਹਵਾਲੇ ਦੇ ਕੇ ਪ੍ਰਗਟਾਉਣ ਲਈ ਕੀਤੀ ਗਈ ਹੈ।
5. ਇਤਿਹਾਸਕ ਵਿਧੀ ਰਾਹੀਂ ਪ੍ਰਾਪਤ ਤੱਥਾਂ ਦਾ ਸਿਮਰਤੀ ਦੀ ਲੋਅ ਵਿੱਚ ਅਧਿਐਨ ਕੀਤਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਸਿੱਖ ਸਿਮਰਤੀ ਵਿੱਚ ਪ੍ਰਭਾਵ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਸ੍ਰੀ

ਅਨੰਦਪੁਰ ਸਾਹਿਬ ਨਾਲ ਸੰਬੰਧਤ ਇਤਿਹਾਸਕ ਸਰੋਤਾਂ ਦਾ ਅਧਿਐਨ ਕਰਕੇ ਇਤਿਹਾਸਕ ਹਵਾਲਿਆਂ ਨਾਲ ਇਤਿਹਾਸਕ ਵਿਧੀ ਨੂੰ ਵਿਹਾਰਿਕ ਤੌਰ 'ਤੇ ਸਿੱਖ ਸਿਮਰਤੀ ਦੇ ਅੰਤਰਗਤ ਵਿਵੇਚਨ ਕੀਤਾ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਮੁੱਢਲੀ ਜਾਣ-ਪਹਿਚਾਣ ਲਈ ਪ੍ਰਮਾਣਾਂ ਨੂੰ ਇੱਕਠੇ ਕਰਕੇ ਧਰਮ ਅਧਿਐਨ ਵਿਧੀ ਦੇ ਅੰਤਰਗਤ ਪੜਚੋਲਿਆ ਗਿਆ ਹੈ।

ਇਸ ਖੋਜ ਕਾਰਜ ਦੇ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਧਾਰਮਕ ਸਥਾਨਾਂ ਜਿਵੇਂ: ਸ੍ਰੀ ਅਨੰਦਪੁਰ ਸਾਹਿਬ ਦੇ ਆਸ ਪਾਸ ਦੇ ਹੋਰ ਸੰਬੰਧਤ ਗੁਰਦੁਆਰਿਆਂ ਅਤੇ ਇਤਿਹਾਸਕ ਸਥਾਨਾਂ ਦਾ ਨਿੱਜੀ ਰੂਪ ਵਿੱਚ ਦੌਰਾ ਕਰਕੇ ਸੰਤਾਂ ਮਹਾਂਪੁਰਸ਼ਾਂ, ਗਿਆਨੀਆਂ ਅਤੇ ਗੁਰੂ ਕੀਆਂ ਲਾਡਲੀਆਂ ਫ਼ੌਜਾਂ, ਸਥਾਨਕ ਵਾਸੀਆਂ ਪਾਸੋਂ ਮੌਖਿਕ ਰੂਪ ਵਿੱਚ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਖੋਜ ਸਮੱਗਰੀ ਦਾ ਅਧਿਐਨ ਕਰਨ ਉਪਰੰਤ ਕੁਝ ਮਹੱਤਵਪੂਰਨ ਤੱਥ ਸਾਹਮਣੇ ਆਉਂਦੇ ਹਨ, ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖ ਮੌਲਿਕਤਾ ਨੂੰ ਨਿਆਰਾਪਣ ਬਖ਼ਸਿਸ਼ ਕੀਤਾ।

ਪੁਸਤਕਾਂ, ਰਸਾਲੇ ਅਤੇ ਵੱਖ ਵੱਖ ਪ੍ਰਕਾਰ ਦੀਆਂ ਲਿਖਤਾਂ ਤੋਂ ਇਲਾਵਾ ਸੋਸ਼ਲ ਸਾਈਟਾਂ ਤੋਂ ਪ੍ਰਾਪਤ ਗੀਤ, ਢਾਡੀ ਵਾਰਾਂ, ਕਵਿਤਾਵਾਂ ਆਦਿ ਨੂੰ ਵੀ ਇਸ ਖੋਜ ਕਾਰਜ ਦੇ ਵਿੱਚ ਸ਼ਾਮਿਲ ਕੀਤਾ ਗਿਆ ਹੈ ਕਿਉਂਕਿ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਿਤ ਸੱਭਿਆਚਾਰ ਦੇ ਪੱਖ ਤੋਂ ਵੱਖ-ਵੱਖ ਨਜ਼ਰੀਏ ਧਾਰਮਕ ਗੀਤਾਂ ਆਦਿ ਵਿੱਚੋਂ ਪ੍ਰਾਪਤ ਹੁੰਦੇ ਹਨ। ਜਿਹੜੇ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਲੋਕ ਸਿਮਰਤੀ ਦਾ ਪੱਖ ਉਜਾਗਰ ਕਰਦੇ ਹਨ।

ਇਸ ਖੋਜ ਕਾਰਜ ਦੌਰਾਨ ਪ੍ਰਾਪਤ ਖੋਜ ਸਮੱਗਰੀ ਨੂੰ ਵਾਚਦਿਆਂ ਇਤਿਹਾਸਕ ਹਵਾਲੇ ਅਤੇ ਸੱਭਿਆਚਾਰਕ ਸਿਮਰਤੀ ਦੇ ਹਵਾਲਿਆਂ ਦੀ ਪੜਚੋਲ ਕਰਕੇ ਸਿਮਰਤੀ ਦੇ ਸਾਂਝੇ ਤੱਥ ਲੱਭਣ ਦਾ ਯਤਨ ਕੀਤਾ ਹੈ। ਇਸ ਤੋਂ ਇਲਾਵਾ ਸੱਭਿਆਚਾਰ ਸਿਮਰਤੀ ਦੇ ਸੰਕਲਪ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਦੇ ਸਿੱਖਾਂ ਦੇ ਜੀਵਨ ਉੱਪਰ ਪਏ ਪ੍ਰਭਾਵ ਨੂੰ ਜਾਨਣ ਦਾ ਯਤਨ ਕੀਤਾ ਗਿਆ ਹੈ, ਜਿਸ ਦਾ ਪਤਾ ਸੱਭਿਆਚਾਰਕ ਵੰਨਗੀਆਂ ਤੋਂ ਲੱਗਦਾ ਹੈ। ਇਸ ਖੋਜ ਕਾਰਜ ਦੀ ਵਿਧੀ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਦੀ ਅਮੀਰ ਵਿਰਾਸਤ ਅਤੇ ਉਸ ਦੇ ਸਿੱਖ ਧਰਮ 'ਤੇ ਪਏ ਪ੍ਰਭਾਵਾਂ ਬਾਰੇ ਰਚੇ ਗਏ ਵਿਆਖਿਆਤਮਕ ਸਾਹਿਤ ਵਿੱਚੋਂ ਪ੍ਰਾਪਤ ਅੰਕੜੇ, ਜਾਣਕਾਰੀ ਅਤੇ ਵੇਰਵੇ ਇਕੱਤਰ ਕਰਕੇ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਸ੍ਰੀ ਅਨੰਦਪੁਰ ਸਾਹਿਬ ਸੰਬੰਧੀ ਪ੍ਰਾਪਤੀ ਸਮੱਗਰੀ ਦੇ ਸਰਵੇਖਣ ਦੌਰਾਨ ਇਤਿਹਾਸਕ, ਭੂਗੋਲਿਕ ਅਤੇ ਧਾਰਮਕ ਪਿਛੋਕੜ ਬਾਰੇ ਤਾਂ ਜਾਣਕਾਰੀ ਪ੍ਰਾਪਤ ਹੋਈ ਪਰੰਤੂ ਸਿੱਖ ਸਿਮਰਤੀ ਦੇ ਪੱਖ ਤੋਂ ਖੋਜ ਕਾਰਜ ਦ੍ਰਿਸ਼ਟੀਗੋਚਰ ਨਹੀਂ ਹੋਇਆ। ਜਦ ਕਿ ਖੋਜ ਕਾਰਜ ਵਿਚਲੇ ਸਾਰੇ ਪਹਿਲੂ ਇਹ ਸਪੱਸ਼ਟ ਕਰਦੇ ਹਨ ਕਿ ਸ੍ਰੀ ਅਨੰਦਪੁਰ ਸਾਹਿਬ ਕੇਵਲ ਇੱਕ ਧਾਰਮਕ ਸਥਾਨ ਹੀ ਨਹੀਂ ਸਗੋਂ ਇੱਕ ਸੰਕਲਪ ਹੈ, ਜਿਹੜਾ ਸਧਾਰਨ ਸੰਕਲਪ ਨਹੀਂ ਬਲਕਿ ਸਿੱਖ ਸਿਮਰਤੀ ਦੇ ਧਾਰਮਿਕ ਅਨੁਭਵਾਂ ਦਾ ਮਹੱਤਵਪੂਰਨ ਹਿੱਸਾ ਹੈ। ਇਹ ਅਸਥਾਨ ਮਨੁੱਖ ਨੂੰ ਸਧਾਰਨ ਤੋਂ ‘ਸੰਪੂਰਨ ਮਨੁੱਖ’ ਤੱਕ ਦੇ ਮੁਕਾਮ ’ਤੇ ਲੈ ਕੇ ਜਾਂਦਾ ਹੈ।

ਇਸ ਖੋਜ ਪ੍ਰਬੰਧ ਦੇ ਇਤਿਹਾਸਕ ਅਤੇ ਸਾਹਿਤਕ ਦੋ ਮੁੱਖ ਪੱਖ ਹਨ ਜਿਸ ਵਿੱਚ ਸਿਮਰਤੀ, ਸੱਭਿਆਚਾਰ, ਇਤਿਹਾਸ, ਸਮਕਾਲੀ ਪ੍ਰਸੰਗਤਾ, ਸਾਹਿਤ, ਮਨੁੱਖੀ ਅਧਿਕਾਰਾਂ ਪ੍ਰਤੀ ਚੇਤੰਨਤਾ ਅਤੇ ਵਿਲੱਖਣ ਹੋਂਦ ਆਦਿ ਨੂੰ ਸਿਮਰਤੀ ਦੇ ਅਧਾਰ ਉੱਤੇ ਵੰਡਿਆ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਸੰਬੰਧੀ ਮਿਲਦੇ ਸਾਹਿਤ ਤੋਂ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਵਿਰਾਸਤ ਬਹੁ-ਮੁੱਲੀ ਹੈ। ਇਸ ਸਥਾਨ ਦੀ ਪਵਿੱਤਰਤਾ ਹਮੇਸ਼ਾਂ ਸਰਧਾਲੂਆਂ ਨੂੰ ਆਪਣੇ ਵੱਲ ਆਕਰਸ਼ਤ ਕਰਦੀ ਹੈ ਅਤੇ ਸਿੱਖ ਸੱਭਿਆਚਾਰ ਇਸ ਤੋਂ ਪ੍ਰਭਾਵਿਤ ਹੁੰਦਾ ਹੈ।

**ਇਸ ਖੋਜ ਕਾਰਜ ਦੇ ਪੰਜ ਅਧਿਆਇ ਹਨ**

ਖੋਜ ਕਾਰਜ ਦੇ ਪੰਜ ਅਧਿਆਇ ਹਨ, ਪੰਜਵੇਂ ਅਧਿਆਇ ਵਿੱਚ ਸਾਰ ਅਤੇ ਖੋਜ ਲੱਭਤਾਂ ਹਨ। ਸਿਮਰਤੀ ਅਤੇ ਸਿੱਖ ਸਿਮਰਤੀ ਦੇ ਉਦੇਸ਼ ਦਾ ਆਪਸੀ ਵਿਸ਼ਲੇਸ਼ਣ ਕਰਦਿਆਂ ਸਿੱਖ ਇਤਿਹਾਸਕ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਇਤਿਹਾਸਕ ਹਵਾਲਿਆਂ ਰਾਹੀਂ ਪੜਚੋਲਿਆ ਗਿਆ ਹੈ। ਖੋਜ ਕਾਰਜ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਮਹਾਨਤਾ ਨੂੰ ਜਾਨਣ ਲਈ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਿਤ ਸਾਹਿਤਕ ਅਤੇ ਸੱਭਿਆਚਾਰਕ ਸਰੋਤਾਂ ਦਾ ਅਧਿਐਨ ਕਰਕੇ ਸਾਹਿਤਕ ਅਤੇ ਇਤਿਹਾਸਕ ਸਰੋਤਾਂ ਦਾ ਆਪਸੀ ਸੰਬੰਧ ਲੱਭਣ ਦਾ ਯਤਨ ਕੀਤਾ ਗਿਆ ਹੈ।

**ਅਧਿਆਇ ਪਹਿਲਾ - ਸਿਮਰਤੀ ਅਤੇ ਸਿੱਖ ਸਿਮਰਤੀ: ਸਿਧਾਂਤਕ ਪੱਖ**

ਪਹਿਲੇ ਅਧਿਆਇ ਵਿੱਚ ਸਿਮਰਤੀ ਅਤੇ ਸਿੱਖ ਸਿਮਰਤੀ ਦੇ ਦਾਰਸ਼ਨਿਕ ਪੱਖ ਤੋਂ ਸਿਮਰਤੀ ਨੂੰ ਸਮਝਣ ਲਈ ਸਿਮਰਤੀ ਦੇ ਅਰਥ ਅਤੇ ਸਿਧਾਂਤ, ਪਰਿਭਾਸ਼ਾ ਅਤੇ ਸਿਮਰਤੀ ਦੀਆਂ ਵਿਸ਼ੇਸ਼ਤਾਈਆਂ ਦਾ ਵਰਣਨ ਕੀਤਾ ਗਿਆ ਹੈ। ਸਿਮਰਤੀ ਅਤੇ ਧਰਮ ਦੇ ਅਰਥਾਂ ਨੂੰ ਸਮਝਦੇ ਹੋਏ ਸਿਮਰਤੀ ਅਤੇ ਧਰਮ,

ਸਿਮਰਤੀ ਅਤੇ ਮਨ, ਸਿਮਰਤੀ ਅਤੇ ਸਿੱਖ ਨੈਤਿਕਤਾ ਨੂੰ ਸਿਮਰਤੀ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕੀਤਾ ਗਿਆ ਹੈ।

ਸਿਮਰਤੀ ਅਤੇ ਸਿੱਖ ਧਰਮ ਦੇ ਆਪਸੀ ਸੰਬੰਧਾਂ ਨੂੰ ਸਮਝਦੇ ਹੋਏ ਸਿੱਖ ਸਿਮਰਤੀ ਵਿੱਚ ਪਰਮਸੱਤਾ, ਸਿੱਖ ਸਿਮਰਤੀ ਵਿੱਚ ਗੁਰੂ ਦੇ ਮਹੱਤਵ ਨੂੰ ਸਮਝਿਆ ਗਿਆ ਹੈ। ਸਿੱਖ ਸਿਮਰਤੀ ਵਿੱਚ ਸਿੱਖ ਵਿਲੱਖਣ ਪਹਿਚਾਣ ਅਤੇ ਸਿੱਖ ਸੰਸਥਾਵਾਂ ਦੀ ਮਹੱਤਤਾ ਦੇ ਪੱਖਾਂ ਨੂੰ ਸਿਮਰਤੀ ਦੇ ਪੱਖ ਤੋਂ ਪੜਚੋਲਿਆ ਗਿਆ ਹੈ। ਸਿਮਰਤੀ ਦੇ ਹਵਾਲੇ ਨਾਲ ਸਿੱਖ ਪਛਾਣ ਦੇ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਾਂ ਨੂੰ ਸਮਝਣ ਦਾ ਯਤਨ ਕੀਤਾ ਹੈ।

**ਅਧਿਆਇ ਦੂਜਾ - ਸਿੱਖ ਇਤਿਹਾਸ, ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ**

ਇਸ ਅਧਿਆਇ ਵਿੱਚ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਇਤਿਹਾਸਕ ਪੱਖ ਤੋਂ ਸਮਝਣ ਦਾ ਯਤਨ ਕੀਤਾ ਗਿਆ ਹੈ। ਸਿੱਖ ਸਿਮਰਤੀ ਅਤੇ ਇਤਿਹਾਸ ਦੇ ਸੰਬੰਧਾਂ ਨੂੰ ਦੇਖਦੇ ਹੋਏ, ਇਤਿਹਾਸਕਾਰਾਂ ਦੀ ਸਰੋਤਾਂ ਵਿੱਚ ਦਰਜ ਸਿਮਰਤੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਸੰਗ ਅਧੀਨ ਵਾਚਣ ਉਪਰੰਤ ਸਿੱਖ ਸਿਮਰਤੀ ਅਤੇ ਸਿੱਖ ਇਤਿਹਾਸਕ ਲੱਭਤਾਂ ਨੂੰ ਦਰਜ ਕੀਤਾ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਪਿਛੋਕੜ, ਸਰੂਪ ਅਤੇ ਸਿਧਾਂਤ ਦੇ ਨਾਲ-ਨਾਲ ਇਤਿਹਾਸਕ ਪਹਿਲੂਆਂ ਨੂੰ ਸਿਮਰਤੀ ਦੇ ਸੰਦਰਭ ਵਿੱਚ ਪੜਚੋਲਿਆ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਸਿੱਖ ਸਿਮਰਤੀ ’ਤੇ ਪਏ ਪ੍ਰਭਾਵਾਂ ਨੂੰ ਸਮਝਣ ਲਈ ਸਿੱਖ ਸਿਮਰਤੀ ਵਿੱਚ ਗੁਰਦੁਆਰਾ, ਧਾਰਮਕ ਆਜ਼ਾਦੀ ਅਤੇ ਮਨੁੱਖੀ ਅਧਿਕਾਰ, ਖ਼ਾਲਸੇ ਦੀ ਸਿਰਜਕ ਧਰਤੀ, ਸੰਤ ਅਤੇ ਸਿਪਾਹੀ, ਚੜ੍ਹਦੀਕਲਾ, ਜਮਹੂਰੀਅਤ ਜਾਂ ਲੋਕਤੰਤਰੀ ਰਾਜ ਦੇ ਪ੍ਰਤੀਕ ਵਜੋਂ ਵਾਚਿਆ ਗਿਆ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹਿਆਂ ਦੇ ਨਾਲ-ਨਾਲ ਖ਼ਾਲਸਾਈ ਬੋਲਿਆਂ ਦੇ ਮਹੱਤਵ ਨੂੰ ਸਿੱਖ ਸਿਮਰਤੀ ਦੇ ਅੰਤਰਗਤ ਸਮਝਣ ਦਾ ਯਤਨ ਕੀਤਾ ਗਿਆ ਹੈ। ਸਮਕਾਲੀ ਪ੍ਰਸੰਗ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਸਥਾਨ ਵਾਚਦਿਆਂ ਹੋਲੇ ਮਹੱਲੇ ਦੇ ਅਰਥ ਅਤੇ ਸਰੂਪ ਨੂੰ ਸਿੱਖ ਸਿਮਰਤੀ ਦੇ ਰੂਪਾਂਤਰਣ ਵਜੋਂ ਸਮਝਣ ਦਾ ਯਤਨ ਕੀਤਾ ਗਿਆ ਹੈ। ਜਿਸ ਵਿੱਚ ਹੋਲੇ-ਮਹੱਲੇ ਦੇ ਪੁਰਾਤਨ ਰਵਾਇਤੀ ਢੰਗ ਤੋਂ ਲੈ ਕੇ ਅਜੋਕੇ ਸਮੇਂ ਤੱਕ ਦੇ ਬਦਲਾਅ ਬਾਰੇ ਵਿਸਥਾਰਪੂਰਵਕ ਜਾਣਕਾਰੀ ਪੁਰਾਤਨ ਗ੍ਰੰਥਾਂ ਅਤੇ ਇਤਿਹਾਸਕ ਲਿਖਤਾਂ ਦੇ

ਅਧਾਰ ਉੱਤੇ ਦਿੱਤੀ ਗਈ ਹੈ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਸਿੱਖ ਸਿਮਰਤੀ ਵਿੱਚ ਸਿੱਖ ਵਿਲੱਖਣ ਪਛਾਣ ਦੇ ਸੰਕਲਪ ਵਜੋਂ ਜਾਨਣ ਦਾ ਯਤਨ ਕੀਤਾ ਗਿਆ ਹੈ।

**ਅਧਿਆਇ ਤੀਜਾ - ਸਿੱਖ ਸਾਹਿਤ, ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ**

ਇਸ ਅਧਿਆਇ ਦਾ ਸੰਬੰਧ ਸਿੱਖ ਸਾਹਿਤਕ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਮਹੱਤਵ ਨੂੰ ਜਾਨਣਾ ਹੈ ਜੋ ਕਿ ਖੋਜ ਕਾਰਜ ਦਾ ਕੇਂਦਰੀ ਵਿਸ਼ਾ ਹੈ। ਸਿੱਖ ਸਿਮਰਤੀ ਵਿੱਚ ਸਾਹਿਤ ਅਤੇ ਸੱਭਿਆਚਾਰ ਨੂੰ ਸਮਝਣ ਲਈ ਸਿੱਖ ਸਿਮਰਤੀ ਅਤੇ ਸਾਹਿਤ, ਸਿੱਖ ਸਿਮਰਤੀ ਅਤੇ ਸੱਭਿਆਚਾਰਕ ਸਾਹਿਤ, ਸ੍ਰੀ ਅਨੰਦਪੁਰ ਸਾਹਿਬ ਅਤੇ ਸਾਹਿਤ ਆਦਿ ਸਿਰਲੇਖਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸਾਹਿਤਕ ਸਿਮਰਤੀ ਦੇ ਪੱਖ ਤੋਂ ਸੱਭਿਆਚਾਰਕ ਵੰਨਗੀਆਂ ਜਿਵੇਂ: ਢਾਡੀ ਵਾਰਾਂ/ਕਵੀਸ਼ਰੀ, ਕਵਿਤਾਵਾਂ, ਗੀਤਾਂ ਆਦਿ ਨੂੰ ਮੁੱਖ ਤੌਰ ’ਤੇ ਸ਼ਾਮਿਲ ਕੀਤਾ ਗਿਆ ਹੈ। ਖੋਜ ਵਿਸ਼ੇ ਨਾਲ ਸੰਬੰਧਤ ਸਮੱਗਰੀ ਪੁਸਤਕਾਂ, ਪੁਸਤਕਾਂ ਵਿੱਚੋਂ ਲੇਖ, ਲਿਖਤੀ ਅਤੇ ਮੌਖਿਕ, ਸੋਸ਼ਲ ਮੀਡੀਆ (ਯੂ ਟਿਊਬ) ਆਦਿ ਤੋਂ ਹਵਾਲੇ ਲਏ ਗਏ ਹਨ, ਜਿੰਨ੍ਹਾਂ ਨੂੰ ਸਿਮਰਤੀ ਦੇ ਅੰਤਰਗਤ ਸਮਝਣ ਲਈ ਸੰਖੇਪ ਰੂਪ ਵਿੱਚ ਸਰਲ ਵਿਆਖਿਆ ਕੀਤੀ ਗਈ ਹੈ।

**ਅਧਿਆਇ ਚੌਥਾ - ਸਿੱਖ ਸਿਮਰਤੀ ਵਿੱਚ ਸਾਹਿਤ ਅਤੇ ਇਤਿਹਾਸ: ਅੰਤਰ-ਸੰਬੰਧ**

ਖੋਜ ਪ੍ਰਬੰਧ ਦਾ ਚੌਥਾ ਅਧਿਆਇ ਅੰਤਰ-ਸੰਬੰਧ ਦ੍ਰਿਸ਼ਟੀਕੋਣ ਤੋਂ ਬਣਾਇਆ ਗਿਆ ਹੈ, ਅਧਿਆਇਆਂ ਵਿੱਚ ਦਰਜ ਇਤਿਹਾਸਕ ਅਤੇ ਸਾਹਿਤਕ ਸਿਮਰਤੀ ਦੇ ਲੱਛਣਾਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਆਪਸੀ ਸੰਬੰਧ ਲੱਭਣ ਦੇ ਯਤਨ ਕੀਤੇ ਗਏ ਹਨ। ਤੁਲਨਾਤਮਕ ਅਧਿਐਨ ਤੋਂ ਬਾਅਦ ਕੁਝ ਚੋਣਵੇ ਤੱਥ ਸਾਹਮਣੇ ਆਏ ਹਨ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਜੋ ਵਿਸ਼ਵਵਿਆਪੀ ਕਲਿਆਣਕਾਰੀ ਵਿਚਾਰਧਾਰਾ ਉਤਪੰਨ ਹੋਈ ਉਸ ਦਾ ਪ੍ਰਭਾਵ ਸਿੱਖ ਸਿਮਰਤੀ ’ਤੇ ਇਤਿਹਾਸਕ ਅਤੇ ਸਾਹਿਤਕ ਹਵਾਲਿਆਂ ਵਿੱਚ ਸਾਂਝਾ ਮਿਲਦਾ ਹੈ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਸਿੱਖ ਕੌਮ ਦੇ ਜ਼ਿਹਨ ਉੱਪਰ ਉੱਕਰੀਆਂ ਸਿੱਖੀ ਦੀਆਂ ਅਮਿੱਟ ਸਿਧਾਂਤਕ ਅਤੇ ਵਿਹਾਰਕ ਛਾਪਾਂ ਸਿੱਖ ਸਿਮਰਤੀ ਨੂੰ ਅਡੋਲ ਅਤੇ ਦ੍ਰਿੜ ਕਰਦੀਆਂ ਹਨ।

**ਅਧਿਆਇ ਪੰਜਵਾਂ- ਸਾਰ ਅਤੇ ਖੋਜ ਲੱਭਤਾਂ**

ਖੋਜ ਪ੍ਰਬੰਧ ਦੇ ਪੰਜਵੇਂ ਅਧਿਆਇ ਵਿੱਚ ਸਾਰ ਅਤੇ ਖੋਜ ਲੱਭਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਖੋਜ ਪ੍ਰਬੰਧ ਦੇ ਅਖੀਰ ਵਿੱਚ ਸਹਾਇਕ ਪੁਸਤਕ-ਸੂਚੀ ਦਾ ਵੇਰਵਾ ਦਰਜ ਹੈ।

# ਅਧਿਆਇ ਪਹਿਲਾ

# ਸਿਮਰਤੀ ਅਤੇ ਸਿੱਖ ਸਿਮਰਤੀ : ਸਿਧਾਂਤਕ ਪੱਖ

ਵਰਤਮਾਨ ਸਮੇਂ ਵਿੱਚ ਸਿਮਰਤੀ ਅਧਿਐਨ ਵਿਭਿੰਨ ਅਨੁਸ਼ਾਸਨਾਂ ਵਿੱਚ ਚਰਚਾ ਦਾ ਵਿਸ਼ਾ ਬਣ ਰਿਹਾ ਹੈ, ਜਿਸ ਵਿੱਚ ਧਰਮ ਅਧਿਐਨ, ਸੱਭਿਆਚਾਰਕ ਅਧਿਐਨ, ਇਤਿਹਾਸ, ਸਮਾਜ-ਵਿਗਿਆਨ, ਕਲਾ, ਸਾਹਿਤ, ਜਨ-ਸੰਪਰਕ ਅਧਿਐਨ, ਫਿਲਾਸਫੀ, ਮਨੋਵਿਗਿਆਨ, ਨਿਊਰੋ ਸਾਇੰਸ ਆਦਿ ਵਿਸ਼ੇ ਸ਼ਾਮਿਲ ਹਨ। ਇਸ ਤੋਂ ਇਲਾਵਾ ਇਹ ਅਧਿਐਨ ਸਮਾਜਕ ਅਧਿਐਨ ਅਤੇ ਕੁਦਰਤੀ ਵਿਗਿਆਨਾਂ ਨੂੰ ਇੱਕ ਮੰਚ 'ਤੇ ਲੈ ਕੇ ਆ ਰਿਹਾ ਹੈ। ਧਰਮ ਅਧਿਐਨ ਦੇ ਵਿਦਵਾਨਾਂ ਦੀ ਸਿਮਰਤੀ ਅਧਿਐਨ ਵਿੱਚ ਵਿਸ਼ੇਸ਼ ਰੁਚੀ ਬਣ ਰਹੀ ਹੈ ਕਿਉਂਕਿ ਧਰਮ ਪੀੜ੍ਹੀ ਦਰ ਪੀੜ੍ਹੀ ਮਨੁੱਖੀ ਸਿਮਰਤੀ ਵਿੱਚ ਰੁਪਾਂਤਰਿਤ ਹੁੰਦਾ ਰਹਿੰਦਾ ਹੈ। ਧਾਰਮਿਕ ਵਿਸ਼ਵਾਸ, ਰਸਮਾਂ ਅਤੇ ਸੰਸਕਾਰਾਂ ਰਾਹੀਂ ਸਿਮਰਤੀ ਦੀ ਪੁਨਰ-ਸਿਰਜਨਾ ਹੁੰਦੀ ਰਹਿੰਦੀ ਹੈ। ਸਿਮਰਤੀ ਨੂੰ ਸਮਝਣ ਲਈ ਇਸ ਦਾ ਸਿਧਾਂਤਕ ਮਹੱਤਵ ਸਮਝਣਾ ਜ਼ਰੂਰੀ ਹੈ। ਇਸ ਅਧਿਆਇ ਵਿੱਚ ਸਿਮਰਤੀ ਅਧਿਐਨ ਅਤੇ ਸਿੱਖ ਸਿਮਰਤੀ ਦੇ ਆਰੰਭ ਅਤੇ ਵਿਕਾਸ ਨੂੰ ਧਾਰਮਿਕ ਅਤੇ ਸਮਾਜਿਕ ਆਦਿ ਸਰੋਕਾਰਾਂ ਦੇ ਸੰਦਰਭ ਤੋਂ ਸਮਝਣ ਦਾ ਯਤਨ ਕੀਤਾ ਗਿਆ ਹੈ।

## 1. ਸਿਮਰਤੀ: ਅਰਥ ਅਤੇ ਸਿਧਾਂਤ

ਸਿਮਰਤੀ ਦੇ ਅਰਥ ਸਮਝਣ ਲਈ ਅਸੀਂ ਕੁਝ ਕੋਸ਼ਾਂ ਵਿੱਚੋਂ ਹਵਾਲੇ ਲੈ ਸਕਦੇ ਹਾਂ, ਜਿਨ੍ਹਾਂ ਤੋਂ ਸਿਮਰਤੀ ਦੇ ਸ਼ਾਬਦਿਕ ਅਰਥ ਵੇਖੇ ਜਾਣ ਤਾਂ ਸਿਮਰਤੀ ਯਾਦ ਰੱਖਣ ਦੀ ਸਮਰੱਥਾ ਹੈ। ਜਿਸ ਵਿੱਚ ਬੀਤ ਚੁੱਕੇ ਸਮੇਂ ਦੀਆਂ ਘਟਨਾਵਾਂ ਅਤੇ ਇਨ੍ਹਾਂ ਨਾਲ ਸੰਬੰਧਤ ਬਿਰਤਾਂਤ ਨੂੰ ਮਨੁੱਖ ਵੱਲੋਂ ਯਾਦ ਰੱਖਿਆ ਜਾਂਦਾ ਹੈ। “Memory; the mental process or faculty of reperesenting in consciousness an act, experience, or impression, with recognition that it belongs to time past. The experiences of mind taken in the aggregate, and considered as influencing present and future behavior. The accuracy and ease with which a person can retain and recall past experiences. That which is remebered, as an act, event, person, or thing.

The period of time covered by the faculty of remebrance: beyond the memory of man."[1] ਭਾਵ ਸਿਮਰਤੀ ਇੱਕ ਮਾਨਸਿਕ ਪ੍ਰਕਿਰਿਆ ਹੈ ਜੋ ਆਪਣੇ ਅਨੁਭਵ, ਪ੍ਰਭਾਵ ਅਤੇ ਮਾਨਤਾ ਕਰਕੇ ਭੂਤ ਕਾਲ ਨਾਲ ਸੰਬੰਧਤ ਹੈ। ਇਸ ਵਿੱਚ ਵਰਤਮਾਨ ਅਤੇ ਭਵਿੱਖ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੁੰਦੀ ਹੈ। ਸਿਮਰਤੀ ਦੇ ਮਾਧਿਅਮ ਰਾਹੀਂ ਕੋਈ ਵਿਅਕਤੀ ਆਪਣੇ ਪਿਛਲੇ ਤਜ਼ਰਬਿਆਂ ਨੂੰ ਅਸਾਨੀ ਨਾਲ ਸੰਭਾਲ ਅਤੇ ਯਾਦ ਰੱਖ ਸਕਦਾ ਹੈ ਭਾਵ ਸਿਮਰਤੀ ਦੇ ਮਾਧਿਅਮ ਰਾਹੀਂ ਕਿਸੇ ਕਾਰਜ ਘਟਨਾ ਵਿਅਕਤੀ ਜਾਂ ਚੀਜ਼ ਨੂੰ ਯਾਦ ਰੱਖਿਆ ਜਾਂਦਾ ਹੈ।

ਸਿਮਰਤੀ ਭਾਵਨਾਵਾਂ, ਜਜ਼ਬਾਤਾਂ ਅਤੇ ਘਟਨਾਵਾਂ ਨੂੰ ਸਾਂਭ ਕੇ ਰੱਖਣ ਦੀ ਪ੍ਰਕਿਰਿਆ ਹੈ। ਮਨੋਵਿਗਿਆਨ ਦੇ ਵਿਸ਼ਵਕੋਸ਼ ਮੁਤਾਬਕ ਸਿਮਰਤੀ ਰੋਜ਼ਾਨਾ ਜੀਵਨ ਦੇ ਅਨੇਕਾਂ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਜ਼ਰੂਰੀ ਹੈ। ਇਸ ਵਿੱਚ ਯਾਦ, ਗਿਆਨ, ਮੁਹਾਰਤ ਅਤੇ ਲੋਕਾਂ ਦੀਆਂ ਆਦਤਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੁੰਦੀ ਹੈ। "Memory is necessary for carring out numerous functions that are essential to everyday life. Recalling personal experiences. Learning facts and conceptual Knowledge, recognizing objects and people and acquiring skills and habits. scientific thinking about memory was dominated for decades by the assumption that memory was dominated for decades by the assumption that memory is a unitary or momolithic entity."[2] ਭਾਵ ਕਿ ਰੋਜ਼ਾਨਾ ਦੀ ਜ਼ਿੰਦਗੀ ਦੇ ਵਿਭਿੰਨ ਕਾਰਜਾਂ ਲਈ ਸਿਮਰਤੀ ਦੀ ਭੂਮਿਕਾ ਹੁੰਦੀ ਹੈ, ਜਿਸ ਵਿੱਚ ਨਿੱਜੀ ਤਜ਼ਰਬਿਆਂ ਨੂੰ ਯਾਦ ਕਰਨਾ, ਵਸਤੂਆਂ ਅਤੇ ਲੋਕਾਂ ਨੂੰ ਪਛਾਣਨਾ, ਹੁਨਰਾਂ ਅਤੇ ਆਦਤਾਂ ਨੂੰ ਪ੍ਰਾਪਤ ਕਰਨਾ ਆਦਿ ਸ਼ਾਮਿਲ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਸਿਮਰਤੀ ਦੇ ਅਰਥ "ਚੇਤਾ, ਯਾਦ-ਯਾਦਗੀਰੀ"[3] ਕੀਤੇ ਹਨ। ਇਸ ਰੂਹਾਨੀ ਜੀਵਨ ਦਾ

---

[1] *The New International Webster's Comprehensive Dictionary of The English language,* Encyclopedic Edition (2013) Standard International Media Holdings, U S A, p. 794.

[2] Alan E. Kazdin (2000) *Encyclopedia of Psychology,* Oxford University Press, New York, p. 169.

[3] ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 198.

ਸਫ਼ਰ ਪਰਾ-ਪ੍ਰਾਕਿਰਤਕ ਸੋਚ ਦੇ ਪੱਧਰ ਤੱਕ ਵੀ ਕਿਹਾ ਜਾ ਸਕਦਾ ਹੈ। ਜੋ ਇਸ ਤੋਂ ਅਗੇਰੇ ਵਿਕਸਿਤ ਮਾਰਗ 'ਤੇ ਚੱਲ ਪੈਂਦੇ ਹਨ ਉਹ ਮਹਾਂਪੁਰਖ, ਰਹਿਨੁਮਾ ਬਣ ਜਾਂਦੇ ਹਨ ਅਤੇ ਫਿਰ ਉਹਨਾਂ ਦੇ ਦੱਸੇ ਸਿਧਾਂਤਾਂ ਦੇ ਅਨੁਸਾਰ ਹੀ ਸਿਮਰਤੀ ਦਾ ਵਿਕਾਸ ਹੁੰਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਪੰਜਾਬੀ ਅੰਗਰੇਜ਼ੀ ਕੋਸ਼ ਮੁਤਾਬਕ, "ਸਿਮਰਤੀ (Simarti) recolletion, rememberance; same as ਸਿਮ੍ਰਿਤੀ।"[4] ਸਿਮਰਤੀ ਸਹਿਜ ਗਿਆਨ ਨਾਲ ਸੰਬੰਧਤ ਉਹ ਸਮਰੱਥਾ ਹੈ, ਜਿਸ ਦੁਆਰਾ ਭੂਤਕਾਲ ਨਾਲ ਸੰਬੰਧਤ ਜਾਣਕਾਰੀ ਨੂੰ ਕਿਸੇ ਵਰਤਮਾਨ ਮਕਸਦ ਲਈ ਪੁਨਰ-ਜਾਗ੍ਰਿਤ ਕੀਤਾ ਜਾਂਦਾ ਹੈ। "The faculty by which things are remembered; the capacity for retaining, perpetuating, or reviving the thought of things past. To commit or commend to memory: in psychol. freq. sub-categorized according to its manifestation or the bodily process with which it is believed to, be conected."[5] ਸਿਮਰਤੀ ਅਜਿਹੀ ਯਾਦ ਸ਼ਕਤੀ ਹੈ, ਜਿਸ ਵਿੱਚ ਚੀਜ਼ਾਂ ਯਾਦ ਕੀਤੀਆਂ ਜਾਂਦੀਆਂ ਹਨ ਅਤੇ ਇਸ ਵਿੱਚ ਬੀਤੀਆਂ ਘਟਨਾਵਾਂ ਨੂੰ ਮੁੜ ਤਾਜ਼ਾ ਕਰਨ, ਬਰਕਰਾਰ ਰੱਖਣ ਜਾਂ ਮੁੜ ਸੁਰਜੀਤ ਕਰਨ ਦੀ ਸਮਰੱਥਾ ਹੁੰਦੀ ਹੈ। ਇਸ ਲਈ ਸਿਮਰਤੀ ਦੇ ਅਜੋਕੇ ਸਮੇਂ ਵਿੱਚ ਮੁੱਢਲੇ ਅਰਥ 'ਯਾਦ' ਅਤੇ 'ਪੁਨਰ-ਜਾਗ੍ਰਿਤ' ਕਰਨਾ ਹੋ ਸਕਦੇ ਹਨ। ਧਰਮ ਵਿੱਚ ਸਿਮਰਤੀ ਧਾਰਮਕ ਵਿਸ਼ਵਾਸ ਵਿਸ਼ੇਸ਼ ਕਰਕੇ ਮਿੱਥਾਂ ਰਾਹੀਂ ਪੁਨਰ ਸਿਰਜਤ ਹੁੰਦੀ ਹੈ ਅਤੇ ਇਸ ਦਾ ਇੱਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤੱਕ ਰੁਪਾਂਤਰਣ ਹੁੰਦਾ ਰਹਿੰਦਾ ਹੈ।

ਸਿਮਰਤੀ ਦਾ ਧਰਮ ਅਧਿਐਨ ਵਿੱਚ ਮਹੱਤਵ ਇਸ ਕਰਕੇ ਹੈ ਕਿ ਇਹ ਸ਼ਰਧਾਲੂਆਂ ਨੂੰ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਤੋਂ ਪਾਰ ਲੈ ਜਾਂਦੀ ਹੈ। ਸਿਮਰਤੀ ਰਾਹੀਂ ਆਪਣੇ ਅਤੀਤ ਯਾਦ ਵਿੱਚ ਪਹੁੰਚ ਕੇ ਸ਼ਰਧਾਲੂ ਬੀਤ ਚੁੱਕੇ ਪਲਾਂ ਵਿੱਚ ਭਾਵਨਾਤਮਿਕ ਤੌਰ 'ਤੇ ਜੁੜਦੇ ਹਨ ਅਤੇ ਆਪਣੇ ਇਸ ਅਨੁਭਵ ਨੂੰ ਵਾਰ-

---

[4] ਗੁਰਮੁਖ ਸਿੰਘ, ਐਸ.ਐਸ. ਜੋਸ਼ੀ (ਐਡੀਸ਼ਨ 1994) *ਪੰਜਾਬੀ ਅੰਗਰੇਜ਼ੀ ਕੋਸ਼,* ਮੁਖਤਿਆਰ ਸਿੰਘ ਗਿੱਲ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 118.

[5] J.A Simpson and E.S.C. Weiner (edit.), (1991) *The Oxford English Dictionary (Second Edition), Vol-9,* Clarendon Press Oxford, New York, p. 594.

ਵਾਰ ਦੁਹਰਾਉਂਦੇ ਰਹਿੰਦੇ ਹਨ। ਸਿਮਰਤੀ ਇਨ੍ਹਾਂ ਨੂੰ ਰਹੱਸਮਈ ਅਨੁਭਵ ਦੀ ਯਾਦ ਦੁਹਰਾਉਂਦੀ ਹੈ ਕਿਉਂਕਿ ਬੀਤ ਚੁੱਕੇ ਸਮੇਂ ਦੀ ਮਾਨਸਿਕ ਅਵਸਥਾ ਸਿਮਰਤੀ ਰਾਹੀਂ ਰੁਪਾਂਤਰਿਤ ਹੁੰਦੀ ਹੈ।

ਸਿਮਰਤੀ ਰਾਹੀਂ ਉਹਨਾਂ ਘਟਨਾਵਾਂ ਨੂੰ ਯਾਦ ਕੀਤਾ ਜਾਂਦਾ ਹੈ ਜੋ ਭੂਤਕਾਲ ਵਿੱਚ ਵਾਪਰੀਆਂ ਹੋਣ, ਇਸ ਲਈ ਸਿਮਰਤੀ ਭਵਿੱਖ ਦੀ ਕਲਪਨਾ ਤੋਂ ਵੀ ਅਲੱਗ ਵਿਸ਼ਾ ਹੈ। ਪੱਛਮੀ ਚਿੰਤਕ ਅਤੇ ਮਨੋਵਿਗਿਆਨੀ ਸਟਰਨਬਰਗ(Robert. J Sternberg) ਲਿਖਦਾ ਹੈ:- "Memory is a tool that we carve out through our past experiences."[6] ਸਿਮਰਤੀ ਇੱਕ ਅਜਿਹਾ ਸਾਧਨ ਹੈ ਜੋ ਅਸੀਂ ਆਪਣੇ ਬੀਤ ਚੁੱਕੇ ਤਜ਼ਰਬਿਆਂ ਦੁਆਰਾ ਉੱਕਰਦੇ ਹਾਂ। ਸਿਮਰਤੀ ਭੂਤਕਾਲ ਵਿੱਚ ਵਾਪਰੀਆਂ ਅਭੁੱਲ ਘਟਨਾਵਾਂ ਦੀ ਸਾਂਭ-ਸੰਭਾਲ ਹੈ, ਜੋ ਲੋਕ ਜੀਵਨ, ਪਰਿਵਾਰਾਂ, ਕੌਮਾਂ, ਮੁਲਕਾਂ ਅਤੇ ਉਹਨਾਂ ਦੇ ਸੱਭਿਆਚਾਰਾਂ ਨੂੰ ਵਰਤਮਾਨ ਦਾ ਹਾਣੀ ਬਣਾ ਕੇ ਭਵਿੱਖ ਲਈ ਸੇਧ ਦਿੰਦੀ ਹੈ। ਇਸ ਤਰ੍ਹਾਂ ਸੱਭਿਆਚਾਰ ਦੀ ਪਛਾਣ ਵਿੱਚ ਸਿਮਰਤੀ ਦੀ ਅਹਿਮ ਭੂਮਿਕਾ ਹੁੰਦੀ ਹੈ।

ਸਿਮਰਤੀ ਗੁੰਝਲਦਾਰ ਮਾਨਸਿਕ ਪ੍ਰਕਿਰਿਆ ਹੈ ਇਹ ਮਨ ਦੇ ਚੇਤਿਆਂ ਵਿੱਚੋਂ ਉੱਭਰਦੀ ਹੈ। ਮਨ ਮਨੁੱਖ ਦਾ ਮੂਲ ਹੈ ਜਿਸ ਨੂੰ ਸਮਝਣਾ ਮੁਸ਼ਕਿਲ ਹੈ, ਇਸ ਕਰਕੇ ਸਿਮਰਤੀ ਦੀ ਮਨੋਵਿਗਿਆਨਕ ਵਿਆਖਿਆ ਕਰਨਾ ਕੋਈ ਸੌਖਾ ਕੰਮ ਨਹੀਂ ਹੈ ਕਿਉਂਕਿ ਮਨੋਵਿਗਿਆਨਕ ਤੱਥਾਂ ਵਿਸ਼ੇਸ਼ ਕਰਕੇ ਸਿਮਰਤੀ ਦਾ ਅਧਿਐਨ ਕਰਨਾ ਚੁਣੌਤੀ ਭਰਪੂਰ ਕਾਰਜ ਹੈ। ਮਨੁੱਖ ਸਿਮਰਤੀ ਰਾਹੀਂ ਬੀਤ ਚੁੱਕੀਆਂ ਘਟਨਾਵਾਂ, ਅਨੁਭਵਾਂ ਆਦਿ ਨੂੰ ਵਰਤਮਾਨ ਚੇਤਨਾ ਵਿੱਚ ਤਾਜ਼ਾ ਕਰਦਾ ਹੈ। ਮਨੁੱਖੀ ਮਨ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ; ਚੇਤਨ, ਅਰਧ-ਚੇਤਨ ਅਤੇ ਅਚੇਤਨ। ਗਿਆਨਾਤਮਕ ਪ੍ਰਕਿਰਿਆਵਾਂ ਦੁਆਰਾ ਮਨੁੱਖ ਆਪਣੇ ਅਨੁਭਵਾਂ ਅਤੇ ਸਿੱਖਣ ਸਮੱਗਰੀ ਨੂੰ ਚੇਤਨ ਮਨ ਵਿੱਚ ਗ੍ਰਹਿਣ ਕਰਦੇ ਹਨ। ਸਮਾਂ ਬੀਤਣ ਨਾਲ ਇਹ ਅਨੁਭਵ ਅਰਧ-ਚੇਤਨ ਅਤੇ ਅਚੇਤਨ ਮਨ ਵਿੱਚ ਚਲੇ ਜਾਂਦੇ ਹਨ ਅਤੇ ਮਨੁੱਖੀ ਮਨ ਦੀ ਯਾਦ ਵਿੱਚ ਰਹਿੰਦੇ ਹਨ। ਜ਼ਰੂਰਤ ਪੈਣ 'ਤੇ ਇਹਨਾਂ ਅਨੁਭਵਾਂ ਨੂੰ ਪੁਨਰ-ਸੁਰਜੀਤ ਕੀਤਾ ਜਾਂਦਾ ਹੈ। ਇਸ ਪ੍ਰਕਾਰ ਸਿਮਰਤੀ ਮਾਨਸਿਕ ਪ੍ਰਕਿਰਿਆ ਹੈ ਜਿਸ ਦੁਆਰਾ ਅਸੀਂ ਆਪਣੇ ਭੂਤਕਾਲ ਦੇ ਅਨੁਭਵ ਅਤੇ ਘਟਨਾਵਾਂ ਜਿਹੜੀਆਂ ਕਿ ਸਾਡੇ ਅਰਧ-ਚੇਤਨ ਜਾਂ ਅਚੇਤਨ ਮਨ ਵਿੱਚ ਪਈਆਂ ਰਹਿੰਦੀਆਂ ਹਨ, ਨੂੰ ਵਰਤਮਾਨ ਚੇਤਨਾ ਵਿੱਚ ਲਿਆਉਂਦੇ

[6] Robert. J Sternberg, ed. (1999), *The Nature of Cognition,* The MIT Press, U. K, p. 25.

ਹਾਂ ਅਤੇ ਉਹਨਾਂ ਨੂੰ ਪਛਾਣਨ ਦਾ ਯਤਨ ਕਰਦੇ ਹਾਂ। ਸਿਮਰਤੀ ਨੂੰ ਹੋਰ ਸਪੱਸ਼ਟ ਰੂਪ ਵਿੱਚ ਸਮਝਣ ਲਈ ਵੱਖ-ਵੱਖ ਵਿਦਵਾਨਾਂ ਵੱਲੋਂ ਦਿੱਤੀਆਂ ਪਰਿਭਾਸ਼ਾਵਾਂ ਦਾ ਅਧਿਐਨ ਕਰਨਾ ਲਾਜ਼ਮੀ ਬਣ ਜਾਂਦਾ ਹੈ।

## 2. ਸਿਮਰਤੀ ਦੀ ਪਰਿਭਾਸ਼ਾ

ਸਿਮਰਤੀ ਅਮੂਰਤ ਸੰਕਲਪ ਹੈ ਅਤੇ ਇਸ ਦਾ ਘੇਰਾ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ ਇਸ ਕਰਕੇ ਇਸ ਦੀ ਕੋਈ ਇਕ ਪਰਿਭਾਸ਼ਾ ਨਹੀਂ ਮਿਲਦੀ, ਵੱਖ-ਵੱਖ ਵਿਦਵਾਨ ਸਿਮਰਤੀ ਨੂੰ ਆਪੋ-ਆਪਣੇ ਨਜ਼ਰੀਏ ਤੋਂ ਸਮਝਦੇ ਹਨ। ਮਨੋਵਿਗਿਆਨੀ ਮਾਰਲਿਨ (Marlin) ਲਿਖਦਾ ਹੈ, “Memory is the process of storing information over time.”[7] ਭਾਵ ਕਿ ਸਿਮਰਤੀ ਸਮਾਂ ਬੀਤਣ ਤੋਂ ਬਾਅਦ ਸੂਚਨਾਵਾਂ ਨੂੰ ਸੰਭਾਲ ਕੇ ਰੱਖਣ ਦੀ ਪ੍ਰਕਿਰਿਆ ਹੈ। ਸਿਮਰਤੀ ਦਾ ਯਾਦ ਨਾਲ ਗੂੜ੍ਹਾ ਸੰਬੰਧ ਹੈ। ਯਾਦ ਸਿਰਫ਼ ਭੂਤਕਾਲ ਵਿੱਚ ਵਰਤਿਆ ਹੋਇਆ ਕੋਈ ਵਰਤਾਰਾ ਨਹੀਂ, ਸਗੋਂ ਇਹ ਭੂਤ ਵਰਤਮਾਨ ਅਤੇ ਭਵਿੱਖ ਨੂੰ ਪ੍ਰਭਾਵਿਤ ਕਰਨ ਵਾਲੀ ਸ਼ਕਤੀ ਹੈ। ਇਸ ਤਰ੍ਹਾਂ ਰਿਚਰਡ ਮੈਕਿਨ (Richard Meckein) ਨੇ ਸਿਮਰਤੀ ਨੂੰ ਤ੍ਰੈ-ਕਾਲੀ ਯਾਦ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕੀਤਾ ਹੈ। ਇਸ ਬਾਰੇ ਉਹ ਲਿਖਦੇ ਹਨ “At first glance memory seems something inert stuck in the past- memory of something that has happened and stopped in time. But a closer look reveals that memory is dynamic and connects the three temporal dimensions evoked at the present. It refers to the past but always views the future.”[8] ਭਾਵ ਕਿ ਪਹਿਲੀ ਨਜ਼ਰ ਵਿੱਚ ਸਿਮਰਤੀ ਅਤੀਤ ਸਮੇਂ ਵਿਚ ਲਟਕਦੀ ਹੋਈ ਲੱਗਦੀ ਹੈ ਪਰ ਇੱਕ ਨਜ਼ਦੀਕੀ ਝਾਤ ਇਹ ਦਰਸਾਉਂਦੀ ਹੈ ਕਿ ਸਿਮਰਤੀ ਗਤੀਸ਼ੀਲ ਹੈ ਅਤੇ ਵਰਤਮਾਨ, ਭੂਤਕਾਲ ਅਤੇ ਭਵਿਖ ਕਾਲ ਦੇ ਤਿੰਨ ਪਹਿਲੂਆਂ ਨੂੰ ਜੋੜਦੀ ਹੈ।

ਸਿਮਰਤੀ ਸ਼ਬਦ ਦੀ ਵਰਤੋਂ ਤੋਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਬੀਤੀਆਂ ਘਟਨਾਵਾਂ ਨੂੰ ਯਾਦ ਕਰਨਾ ਹੋਵੇ। ਯਾਦ ਮਨੁੱਖ ਦੀ ਨਿੱਜੀ ਸਮਰੱਥਾ ਹੁੰਦੀ ਹੈ ਜਦੋਂ ਕਿ ਸਿਮਰਤੀ ਨਿੱਜੀ ਵੀ ਨਹੀਂ ਹੁੰਦੀ ਕਿਉਂਕਿ

---

7 Margarate w. Marlin (2004) *Cognition*, 6th ed., John Wileyt Sons, UK, p. 38.

8 Richard Meckein (Jun 03, 2013) *http:// www.iea.usp.br/en/news/cultural-memory-the-link-between-past- present and future.*

ਸਿਮਰਤੀ ਵਿਅਕਤੀ ਵਿਸ਼ੇਸ਼ ਦੇ ਨਾਲ ਸਬੰਧਿਤ ਹੁੰਦੇ ਹੋਏ ਆਪਣਾ ਸਮੂਹਿਕ ਪ੍ਰਭਾਵ ਵੀ ਰੱਖਦੀ ਹੈ, ਇਸ ਨੂੰ ਸਮੂਹਿਕ ਸਿਮਰਤੀ (collective memory) ਕਿਹਾ ਜਾਂਦਾ ਹੈ। "Memory is a form of summarizing world experiences in memory and practical expression of emotions. The stories and lives of the saints are all natural, which is a wonderful inspirational experience".[9] ਭਾਵ ਕਿ ਸਿਮਰਤੀ ਵਿਸ਼ਵ ਅਨੁਭਵਾਂ ਨੂੰ ਯਾਦਾਂ ਵਿੱਚ ਸਮੇਟਣ ਅਤੇ ਭਾਵਾਂ ਦੇ ਵਿਹਾਰਕ ਪ੍ਰਗਟਾਵੇ ਦਾ ਇੱਕ ਰੂਪ ਹੈ। ਸੰਤਾਂ ਦੀਆਂ ਕਹਾਣੀਆਂ ਅਤੇ ਜੀਵਨ ਪੂਰਾ ਕੁਦਰਤੀ ਹੁੰਦੇ ਹਨ ਜੋ ਕਿ ਬਹੁਤ ਹੀ ਵਧੀਆ ਇਲਹਾਮੀ ਤਜ਼ਰਬੇ ਹੁੰਦੇ ਹਨ। ਇਨ੍ਹਾਂ ਰੂਹਾਨੀ ਤਜ਼ਰਬਿਆਂ ਵਿੱਚੋਂ ਮਨੁੱਖਤਾ ਨੂੰ ਸੇਧ ਮਿਲਦੀ ਹੈ। "ਸਮ੍ਰਿਤੀ ਪਹਿਲਾਂ ਤੋਂ ਪ੍ਰਾਪਤ ਅਨੁਭਵਾਂ ਨੂੰ ਵਰਤਮਾਨ ਚੇਤਨਤਾ ਵਿੱਚ ਲਿਆਣ ਦੀ ਕ੍ਰਿਆ ਦਾ ਨਾਮ ਹੈ। ਪਹਿਲੇ ਗ੍ਰਹਣ ਕੀਤੇ ਗਏ ਵਿਚਾਰਾਂ ਅਤੇ ਅਨੁਭਵਾਂ ਨੂੰ ਸਮ੍ਰਿਤੀ ਦੀ ਕ੍ਰਿਆ ਰਾਹੀਂ ਦੁਬਾਰਾ ਸੁਰਜੀਤ ਕੀਤਾ ਜਾਂਦਾ ਹੈ।"[10] ਇੰਦਰਜੀਤ ਕੌਰ ਸੰਧੂ 'ਮਨੋਵਿਗਿਆਨ ਮਾਨਸਿਕ ਜੀਵਨ ਦਾ ਅਧਿਐਨ' ਪੁਸਤਕ ਵਿੱਚ ਸਿਮਰਤੀ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ "ਪਹਿਲਾਂ ਜੋ ਕੁੱਝ ਸਿਖਿਆ ਹੈ, ਉਸ ਨੂੰ ਯਾਦ ਕਰਨਾ ਸਿਮ੍ਰਤੀ ਦੇ ਅੰਤਰਗਤ ਆਉਂਦਾ ਹੈ। ਫਿਰ ਵੀ ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਸਿਖਣਾ (learning) ਸਿਖੇ ਹੋਏ ਨੂੰ 'ਧਾਰਣ ਕਰਨਾ' (retaining) ਅਤੇ 'ਯਾਦ ਕਰਨਾ' (remembering) ਇਹ ਸਭ ਕੁਝ ਸਿਮਰਤੀ ਦੇ ਅੰਤਰਗਤ ਆਉਂਦਾ ਹੈ।"[11]

ਪ੍ਰੋ. ਅਮਰ ਸਿੰਘ ਸਿਮਰਤੀ ਨੂੰ ਯਾਦ ਦੇ ਅਰਥਾਂ ਵਿੱਚ ਮਾਨਸਿਕ ਪ੍ਰਕਿਰਿਆ ਮੰਨਦੇ ਹੋਏ ਲਿਖਦੇ ਹਨ "ਯਾਦ ਇਕ ਮਾਨਸਿਕ ਪ੍ਰਕ੍ਰਿਆ ਹੈ, ਜਿਸ ਵਿੱਚੋਂ ਮਨੁੱਖ ਸਿੱਖਣ ਦੇ ਫਲਸਰੂਪ ਧਾਰਣ ਕੀਤੀ ਗਈ ਵਿਸ਼ਾ-ਸਮੱਗਰੀ ਨੂੰ ਮੁੜ ਯਾਦ ਕਰਕੇ ਚੇਤਨ ਮਨ ਵਿਚ ਲਿਆ ਕੇ ਪਛਾਨਣ ਦਾ ਜਤਨ ਕਰਦਾ ਹੈ।"[12] ਇਸ ਤੋਂ ਇਲਾਵਾ ਸਿਮਰਤੀ ਬਾਰੇ ਹਿਲਗਾਰਡ (hilgard) ਅਤੇ ਅਟੈਕਿਨਸਨ (atkinson) ਦੇ ਹਵਾਲੇ ਨਾਲ

---

[9] Christian Lee Novetzke (2008) *Religion and Public Memory*, Columbia University, New York, p. 1.

[10] ਏ. ਪੀ. ਸ਼ਰਮਾ, ਵਜ਼ੀਰ ਸਿੰਘ (1968), *ਮਨੋਵਿਗਿਆਨ ਦੀ ਜਾਣ-ਪਛਾਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 46.

[11] ਆਰ. ਐਸ. ਵੁੱਡਵਰਥ, ਡੀ. ਜੀ. ਮਾਰਕੁਇਸ ਅਨੁ. ਇੰਦਰਜੀਤ ਕੌਰ ਸੰਧੂ (1988) *ਮਨੋਵਿਗਿਆਨ ਮਾਨਸਿਕ ਜੀਵਨ ਦਾ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ. 647-48.

[12] ਪ੍ਰੋ. ਅਮਰ ਸਿੰਘ (1983) *ਸਧਾਰਣ ਮਨੋਵਿਗਿਆਨ,* ਪੈਪਸੂ ਬੁੱਕ ਡਿਪੂ, ਪਟਿਆਲਾ, ਪੰ. 147.

ਲਿਖਦੇ ਹਨ, "ਪਹਿਲਾਂ ਸਿੱਖੀਆਂ ਗਈਆਂ ਅਨੁਕ੍ਰਿਆਵਾਂ ਦੇ ਚਿੰਨ੍ਹਾਂ ਨੂੰ ਵਰਤਮਾਨ ਸਮੇਂ ਪ੍ਰਗਟ ਕਰਨਾ ਯਾਦ ਕਹਿਲਾਂਦਾ ਹੈ।"[13] ਅਤੇ ਆਈਜੇਨਿਕ (eyjanik) ਦੇ ਹਵਾਲੇ ਅਨੁਸਾਰ ਲਿਖਦੇ ਹਨ, "ਯਾਦ ਵਿਅਕਤੀ ਦੀ ਉਹ ਯੋਗਤਾ ਹੈ ਜਿਸ ਦੁਆਰਾ ਉਹ ਪਹਿਲਾਂ ਸਿੱਖੀਆਂ ਹੋਈਆਂ ਪ੍ਰਕ੍ਰਿਆਵਾਂ (ਅਨੁਭਵ, ਧਾਰਣਾ) ਨਾਲ ਸੂਚਨਾ ਇੱਕਠੀ ਕਰਦਾ ਹੈ, ਅਤੇ ਕਿਸੇ ਵਿਸ਼ੇਸ਼ ਉਤੇਜਨਾਵਾਂ ਦੇ ਜਵਾਬ ਵਿਚ ਮੁੜ ਦੁਹਰਾਦਾਂ ਹੈ।"[14]

ਸਿਮਰਤੀ ਦਾ ਵਿਸ਼ਾਲ ਪਰਿਪੇਖ ਮੁੜ-ਮੁੜ ਵਿਚਾਰਨ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਦਾ ਹੈ। ਇਹ ਵਿਚਾਰ ਉਦੋਂ ਸਿਮਰਤੀ ਦਾ ਅਟੁੱਟ ਅੰਗ ਬਣ ਜਾਂਦਾ ਹੈ ਜਦੋਂ ਪਰਮਸੱਤਾ ਪ੍ਰਤੀ ਧਾਰਨਾ ਜੀਵਨ ਦਾ ਇੱਕ ਹਿੱਸਾ ਹੀ ਨਹੀਂ ਬਣਦੀ, ਸਗੋਂ ਜੀਵਨ ਵਿੱਚ ਰਵਾਨਗੀ ਪੈਦਾ ਕਰ ਦਿੰਦੀ ਹੈ, "ਸ਼ਬਦ ਸਿਮਰਤੀ 'ਚ ਦੋ ਤਰ੍ਹਾਂ ਦੀਆਂ ਸਿਮਰਤੀਆਂ ਦਾ ਮਿਸ਼ਰਣ ਹੈ। ਇਕ ਪਾਸੇ ਆਦਤ ਸਿਮਰਤੀ ਹੈ ਜੋ ਕਿ ਖ਼ਾਸ ਸਵੈਚਲਿਤ ਵਿਵਹਾਰਾਂ ਦੀ ਪ੍ਰਾਪਤੀ ਰਾਹੀਂ ਦੁਹਰਾਓ ਦੇ ਰੂਪ 'ਚ ਹੁੰਦੀ ਹੈ। ਦੂਜੇ ਸ਼ਬਦਾਂ 'ਚ ਇਹ ਇੰਦ੍ਰਿਅਕ ਮਕਾਨਕੀ ਦੇ ਨਾਲ-ਨਾਲ ਚੱਲਦੀ ਹੈ। ਦੂਜੇ ਪਾਸੇ ਇਕ ਸ਼ੁੱਧ ਤੇ ਸੱਚੀ ਸਿਮਰਤੀ ਹੈ। ਇਹ ਨਿੱਜੀ ਸਿਮਰਤੀਆਂ ਦਾ ਜਿਊਣਾ ਹੈ। ਬਰਗਸਾਂ ਇਸ ਜਿਉਣ ਨੂੰ ਅਵਚੇਤਨ ਕਹਿੰਦਾ ਹੈ। ਦੂਜੇ ਸ਼ਬਦਾਂ 'ਚ ਆਦਤ ਸਿਮਰਤੀਆਂ ਦੇਹਿਕ ਪ੍ਰਤੱਖਣ ਨਾਲ ਜੁੜੀਆਂ ਹੁੰਦੀਆਂ ਨੇ।"[15] ਸਿਮਰਤੀ ਮਨੁੱਖੀ ਸਮਾਜ, ਵਿਚਾਰਧਾਰਾ ਮਨੌਤਾਂ ਦੇ ਨਿਰਮਾਣ ਵਿੱਚ ਆਪਣਾ ਅਹਿਮ ਸਥਾਨ ਰੱਖਦੀ ਹੈ।

ਸਿਮਰਤੀ ਯਾਦ ਦੀ ਤਰ੍ਹਾਂ ਕੇਵਲ ਦਿਮਾਗ ਦੀ ਬੌਧਿਕਤਾ ਹੀ ਨਹੀਂ ਹੁੰਦੀ, ਸਗੋਂ ਇਹ ਬੌਧਿਕਤਾ ਤੋਂ ਵਿਲੱਖਣ ਹੁੰਦੀ ਹੈ ਕਿਉਂਕਿ ਸਿਮਰਤੀ ਨਾਲ ਮਨੁੱਖ ਦੀ ਸ਼ਰਧਾ ਅਤੇ ਵਿਸ਼ਵਾਸ ਜੁੜਿਆ ਹੁੰਦਾ ਹੈ। ਸਿਮਰਤੀ ਮੁੱਢ ਕਦੀਮੀ ਜੋਤਿ ਅਤੇ ਮਨੁੱਖ ਦੀ ਸੋਚ ਨਾਲ ਜੁੜੀ ਹੁੰਦੀ ਹੈ। ਇਸ ਕਰਕੇ ਮਨ ਦੇ ਨਾਲ ਜੁੜੇ ਵਿਸ਼ੇ ਸਿਮਰਤੀ 'ਤੇ ਵਿਸ਼ੇਸ਼ ਪ੍ਰਭਾਵ ਪਾਉਂਦੇ ਹਨ ਕਿਉਂਕਿ "ਮਨ ਦਾ ਇੱਕ ਸੁਭਾਉ ਇਹ ਹੈ ਕਿ ਜਿਸ ਵਿਸ਼ੇ ਬਾਰੇ ਵੀ ਇਹ ਗੰਭੀਰਤਾ ਨਾਲ ਵਿਚਾਰ ਕਰੇ ਉਸ ਦਾ ਰੰਗ ਲੈ ਲੈਂਦਾ ਹੈ।"[16] ਮਨੁੱਖੀ ਸਾਂਝ ਅਤੇ ਮਨੁੱਖੀ ਜੀਵਨ ਦੇ

---

13 ਉਹੀ, ਪੰ. 148.

14 ਉਹੀ, ਪੰ. 148.

15 ਮਨਮੋਹਨ (2013) "ਹੈਨਰੀ ਬਰਗਸਾਂ: ਸਿਰਜਣਾਤਮਕ ਵਿਕਾਸ ਧਰਮ ਤੇ ਨੈਤਿਕਤਾ" *ਸੰਵਾਦਕੀ (ਹੈਨਰੀ ਬਰਗਸਾਂ ਤੋਂ ਜੁਰਗੀਨ ਹੋਬਰਮਾਸ ਤੱਕ),* ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰ. 32.

16 ਜਸਵੰਤ ਸਿੰਘ ਨੇਕੀ (ਦਸੰਬਰ 2009) *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 62.

ਸੁਨਹਿਰੇ, ਸੁਖਦ ਅਤੇ ਅਨੰਦਮਈ ਸਮੇਂ ਦੀ ਸੰਭਾਲ ਕਰਨ ਲਈ ਧਾਰਮਿਕ ਸੰਸਕਾਰ ਅਤੇ ਸੰਬੰਧਤ ਰਸਮਾਂ ਸਿਮਰਤੀ ਨੂੰ ਤਾਜ਼ਾ ਕਰਦੀਆਂ ਹਨ।

ਉਪਰੋਕਤ ਪਰਿਭਾਸ਼ਾਵਾਂ ਦੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਿਮਰਤੀ ਇੱਕ ਅਜਿਹੀ ਯਾਦ ਹੈ ਜੋ ਲਗਾਤਾਰ ਰੁਪਾਂਤਰਿਤ ਹੁੰਦੀ ਰਹਿੰਦੀ ਹੈ। ਇਸ ਵਿਚ ਬੀਤੀਆਂ ਘਟਨਾਵਾਂ ਦੀ ਨਿੱਜੀ ਅਤੇ ਸਮੂਹਿਕ ਸੰਭਾਲ ਕੀਤੀ ਜਾਂਦੀ ਹੈ ਜੋ ਮਿੱਥ ਕਹਾਣੀਆਂ ਰਾਹੀਂ ਧਾਰਨ ਅਤੇ ਗ੍ਰਹਿਣ ਕੀਤੀ ਜਾਂਦੀ ਹੈ। ਇਹ ਵਰਤਮਾਨ ਵਿੱਚ ਪ੍ਰਗਟ ਹੋਣ ਕਰਕੇ ਤ੍ਰੈ-ਕਾਲੀ ਹੁੰਦੀ ਹੈ, ਇਸ ਪ੍ਰਕਾਰ ਸਿਮਰਤੀ ਇਕ ਗੁੰਝਲਦਾਰ ਮਾਨਸਿਕ ਪ੍ਰਕਿਰਿਆ ਹੈ ਜਿਸ ਦੁਆਰਾ ਵਿਅਕਤੀ ਬੀਤ ਗਈਆਂ ਘਟਨਾਵਾਂ ਅਤੇ ਅਨੁਭਵਾਂ ਨੂੰ ਵਰਤਮਾਨ ਚੇਤਨਾ ਵਿਚ ਲਿਆਉਂਦਾ ਹੈ ਕਿਉਂਕਿ ਚੇਤਨਾ ਸਾਡੇ ਭੂਤਕਾਲ ਅਤੇ ਵਰਤਮਾਨ ਵਿਚਕਾਰ ਮਾਨਸਿਕ ਸਾਂਝ ਪੈਦਾ ਕਰਦੀ ਹੈ। ਸਿਮਰਤੀ ਕਾਲ ਅਤੇ ਸਥਾਨ ਦੀ ਦੂਰੀ ਨੂੰ ਘਟਾਉਂਦੀ ਹੈ ਅਤੇ ਮਨੁੱਖੀ ਚੇਤਨਾ ਨੂੰ ਪੁਨਰ-ਸੁਰਜੀਤ ਕਰਦੀ ਹੈ। ਸਿਮਰਤੀ ਰਾਹੀਂ ਮਨੁੱਖ ਆਪਣੇ ਅਤੀਤ ਦੀਆਂ ਯਾਦਾਂ ਨੂੰ ਤਾਜ਼ਾ ਕਰਕੇ ਭਵਿੱਖ ਦੀ ਉਮੀਦ ਵਿੱਚ ਜਿਉਂਦਾ ਹੈ।

ਸਿਮਰਤੀ ਸੰਬੰਧੀ ਵੱਖ-ਵੱਖ ਵਿਦਵਾਨਾਂ ਵੱਲੋਂ ਪੇਸ਼ ਕੀਤੀਆਂ ਪਰਿਭਾਸ਼ਾਵਾਂ ਦੇ ਅਧਾਰ ’ਤੇ ਸਿਮਰਤੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਦੀ ਪਛਾਣ ਕੀਤੀ ਜਾ ਸਕਦੀ ਹੈ।

## 3. ਸਿਮਰਤੀ ਦੀਆਂ ਵਿਸ਼ੇਸ਼ਤਾਈਆਂ

ਸਿਮਰਤੀ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ ਕਿ ਇਹ ਪੀੜ੍ਹੀ ਦਰ ਪੀੜ੍ਹੀ ਪਹੁੰਚਦੀ ਰਹਿੰਦੀ ਹੈ। ਇਸਦੇ ਅਨੇਕਾਂ ਮਾਧਿਅਮ ਹੁੰਦੇ ਹਨ, ਜਿਨ੍ਹਾਂ ਵਿੱਚ ਮਿੱਥਾਂ, ਰੀਤੀ ਰਿਵਾਜ, ਰਸਮਾਂ, ਤਿਉਹਾਰ, ਮੇਲੇ, ਪੁਰਬ, ਜਨਮ, ਵਿਆਹ ਅਤੇ ਮੌਤ ਸੰਸਕਾਰ, ਕਹਾਣੀਆਂ, ਚਿੱਤਰ, ਸਾਹਿਤ ਦੇ ਨਾਲ-ਨਾਲ ਮੌਖਿਕ ਜਾਣਕਾਰੀਆਂ ਆਦਿ ਪ੍ਰਮੁੱਖ ਹਨ। ਇਹਨਾਂ ਮਾਧਿਅਮਾਂ ਰਾਹੀਂ ਸਿਮਰਤੀਆਂ ਨੂੰ ਜਿਉਂਦਾ ਰੱਖਿਆ ਜਾਂਦਾ ਹੈ। ਇਸ ਬਾਰੇ ਰਿਚਰਡ ਮੈਕਿਨ (Richard Meckein) ਲਿਖਦੇ ਹਨ “Cultural memory is formed by symbolic heritage embodied in texts, rites, monuments, celebrations, objects, sacred scriptures and other media that serve as mnemonic triggers to intitiate meanings associated with

what has happened. Also, it brings back the time of the the mythical origins, crystallizes collective experiences of the past and can last for millennia. Therefore, it presupposes knowledge restricted to inntiates."[17] ਭਾਵ ਕਿ ਸੱਭਿਆਚਾਰਕ ਸਿਮਰਤੀ ਰੀਤੀ ਰਿਵਾਜ, ਪਵਿੱਤਰ ਲਿਖਤਾਂ, ਪਵਿੱਤਰ ਸ਼ਾਸਤਰਾਂ ਆਦਿ ਵਿੱਚ ਸ਼ਾਮਿਲ ਸੰਕੇਤਕ ਵਿਰਾਸਤ ਦੁਆਰਾ ਬਣਾਈ ਗਈ ਹੈ ਜੋ ਵਾਪਰਨ ਨਾਲ ਜੁੜੇ ਅਰਥਾਂ ਨੂੰ ਸਮਝਣ ਲਈ ਯਾਦਗਾਰੀ ਕਾਰਨ ਵਜੋਂ ਕੰਮ ਕਰਦਾ ਹੈ। ਇਸ ਦੇ ਨਾਲ ਇਹ ਮਿਥਿਹਾਸਕ ਉਤਪਤੀਆਂ ਦਾ ਸਮਾਂ ਵਾਪਸ ਲਿਆਉਂਦੀ ਹੈ, ਬੀਤੇ ਦੇ ਸਮੂਹਕ ਤਜ਼ਰਬਿਆਂ ਨੂੰ ਦੁਰਹਾਉਂਦੀ ਹੈ। ਮਨੁੱਖੀ ਸਿਮਰਤੀ ਰੀਤੀ ਰਿਵਾਜ, ਸਮਾਰੋਹ, ਪਵਿੱਤਰ ਸ਼ਾਸਤਰਾਂ ਅਤੇ ਹੋਰ ਸੰਚਾਰ ਸਾਧਨਾਂ ਵਿੱਚ ਸ਼ਾਮਿਲ ਸੰਕੇਤਾਂ ਦੁਆਰਾ ਹੋਂਦ ਵਿੱਚ ਆਉਂਦੀ ਹੈ ਜੋ ਵਾਪਰਨ ਨਾਲ ਜੁੜੇ ਅਰਥਾਂ ਨੂੰ ਸਮਝਣ ਲਈ ਯਾਦਗਾਰੀ ਸਰੋਤਾਂ ਵਜੋਂ ਕੰਮ ਕਰਦੀ ਹੈ। ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:-

### 3.1 ਤ੍ਰੈ-ਕਾਲੀ

ਸਿਮਰਤੀ ਕਾਲ ਦੀਆਂ ਸੀਮਾਵਾਂ ਵਿੱਚ ਨਹੀਂ ਰਹਿੰਦੀ, ਇਹ ਤ੍ਰੈ-ਕਾਲੀ ਹੁੰਦੀ ਹੈ। ਤ੍ਰੈ-ਕਾਲੀ ਸਿਮਰਤੀ ਤੋਂ ਭਾਵ ਹੈ ਕਿ ਜੋ ਭੂਤਕਾਲ ਦੇ ਤਜ਼ਰਬਿਆਂ ਤੋਂ ਮਨੁੱਖ ਸਿੱਖ ਕੇ ਵਰਤਮਾਨ ਵਿੱਚ ਪ੍ਰਗਟਾਅ ਕੇ ਚੰਗੇ ਭਵਿੱਖ ਨੂੰ ਰੌਸ਼ਨ ਕਰਨ ਲਈ ਲਗਾਤਾਰ ਯਤਨ ਕਰਦਾ ਹੈ। ਇਹ ਯਤਨ ਬਾਹਰੀ ਨਾਲੋਂ ਅੰਦਰੂਨੀ ਵੱਧ ਹੁੰਦੇ ਹਨ। ਸਿਮਰਤੀ ਵਿੱਚ ਭੂਤਕਾਲੀਨ ਸਮੇਂ ਵਿੱਚ ਵਾਪਰੀਆਂ ਘਟਨਾਵਾਂ, ਸਥਾਪਿਤ ਹੋ ਚੁੱਕੀਆਂ ਪਰੰਪਰਾਵਾਂ, ਰੀਤੀ-ਰਿਵਾਜ ਅਤੇ ਸਮਾਜਿਕ ਸੰਸਥਾਵਾਂ ਦੀ ਛਾਪ ਮਨੁੱਖੀ ਮਨ ਉੱਤੇ ਗਹਿਰੇ ਰੂਪ ਵਿੱਚ ਉੱਕਰੀ ਗਈ ਹੁੰਦੀ ਹੈ ਜੋ ਉਸ ਨੂੰ ਵਰਤਮਾਨ ਵਿੱਚ ਸਮਾਜਕ, ਧਾਰਮਕ ਸਮਝ ਅਤੇ ਜੀਵਨ ਨੂੰ ਸੇਧ ਦੇਣ ਦੀ ਅਗਵਾਈ ਦਿੰਦੀ ਹੈ।

ਮਨੁੱਖ ਆਪਣੇ ਭਵਿੱਖ ਦੀ ਉਮੀਦ ਵਿੱਚ ਜਿਉਂਦਾ ਹੈ ਅਤੇ ਇਸ ਕਾਮਨਾ ਦੀ ਪੂਰਤੀ ਲਈ ਮਨੁੱਖ ਤ੍ਰੈ-ਕਾਲੀ ਸਿਮਰਤੀ ਵਿੱਚੋਂ ਸੁਖਦ ਅਨੁਭਵ ਦੀ ਤਲਾਸ਼ ਕਰਦਾ ਹੈ। ਇਹ ਮਨੁੱਖੀ ਯਾਦ ਦਾ ਵੱਡਾ ਹਿੱਸਾ ਸਮੇਟ ਲੈਂਦੀ ਹੈ। ਇਸ ਤਰ੍ਹਾਂ ਮਨ ਦੀ ਪਹਿਲਾਂ ਵਾਲੀ ਵਰਤਮਾਨ ਅਤੇ ਭਵਿੱਖ ਦੀ ਉਮੀਦ ਵਿੱਚ ਪੁਨਰ-

---

[17] Richard Meckein (2013) *http:// www.iea.usp.br/en/news/cultural-memory-the-link-between-past- present and future.* 03 Jun.

ਸੁਰਜੀਤ ਹੁੰਦੀ ਹੈ। ਉਹ ਆਪਣੇ ਪੂਰਵਜ਼ਾਂ ਦੀ ਦੇਣ ਨੂੰ ਸਿਮਰਤੀ ਰਾਹੀਂ ਤਾਜ਼ਾ ਕਰਦਾ ਹੈ। ਇਸ ਤਰ੍ਹਾਂ ਸਿਮਰਤੀ ਕਿਸੇ ਘਟਨਾ ਜਾਂ ਤੱਥ ਦੇ ਗਿਆਨ ਤੋਂ ਵਿਸ਼ਾਲ ਹੁੰਦੀ ਹੈ। ਜਿਸ ਬਾਰੇ ਮਨੁੱਖ ਗੁਜਰੇ ਸਮੇਂ ਵਿੱਚ ਵਧੇਰੇ ਦਿਲਚਸਪੀ ਲੈ ਕੇ ਵਰਤਮਾਨ ਨੂੰ ਚੰਗਾ ਬਣਾਉਣ ਦਾ ਯਤਨ ਕਰਕੇ ਚੰਗੇ ਭਵਿੱਖਮਈ ਜੀਵਨ ਦਾ ਅਹਿਸਾਸ ਕਰਦਾ ਹੈ। ਭੂਤਕਾਲ, ਵਰਤਮਾਨ ਅਤੇ ਭਵਿੱਖ ਵਿੱਚ ਨਿਸਹੀ-ਪੱਧਰ ਸਿਮਰਤੀ ਲਗਾਤਾਰ ਮਨੁੱਖੀ ਮਨ ਨੂੰ ਚੇਤਨਾ ਦਿੰਦੀ ਹੈ। ਅਜਿਹੀ ਚੇਤਨਾ ਜੋ ਜੀਵਨ ਦੇ ਹਰ ਪਲ ਹੀ ਮਹੱਤਵਪੂਰਨ ਹੁੰਦੀ ਹੈ।

ਸਿਮਰਤੀ ਵਿੱਚ ਮਨ ਦੀਆਂ ਸਾਂਝਾਂ ਤ੍ਰੈ-ਕਾਲੀ ਸਮੇਂ ਨਾਲ ਸੰਬੰਧਤ ਹੁੰਦੀਆਂ ਹਨ ਜੋ ਕਾਰਜ-ਵਿਹਾਰ ਅਤੇ ਬੁਨਿਆਦੀ ਜੀਵਨ ਸਿਧਾਂਤਾਂ ਲਈ ਮਾਰਗ ਦਰਸ਼ਨ ਹਨ। ਇਹ ਅਨੁਭਵਾਂ ਅਤੇ ਵੱਡੇ-ਵਡੇਰਿਆਂ ਦੇ ਜੀਵਨ ਤਜ਼ਰਬਿਆਂ ਅਤੇ ਉਤੇਜਨਾਵਾਂ ਰਾਹੀਂ ਨਹੀਂ ਹੁੰਦੀਆਂ, ਸਗੋਂ ਸਹਿਜ ਰੂਪ ਵਿੱਚ ਮਨੁੱਖੀ ਅਵਚੇਤਨ ਦਾ ਹਿੱਸਾ ਬਣਨ ਦੀ ਪ੍ਰੇਰਨਾ ਹੁੰਦੀ ਹੈ। ਧਾਰਮਕ ਅਨੁਭਵ ਵਿੱਚ ਮਨੁੱਖ ਕਾਲ ਦੀਆਂ ਸੀਮਾਵਾਂ ਤੋਂ ਪਾਰ ਤ੍ਰੈ-ਕਾਲੀ ਸਿਮਰਤੀ ਦੇ ਅਹਿਸਾਸ ਵਿੱਚ ਜਿਉਂਦਾ ਹੈ।

### 3.2 ਸਮੂਹਿਕਤਾ

ਸਿਮਰਤੀ ਸਮੂਹਿਕ ਹੁੰਦੀ ਹੈ, ਇਹ ਇਸ ਦਾ ਖਾਸ ਲੱਛਣ ਹੈ, ਇਸ ਅਧਾਰ ’ਤੇ ਸਿਮਰਤੀ ਅਤੇ ਯਾਦ ਵਿੱਚ ਅੰਤਰ ਵੀ ਕੀਤਾ ਜਾਂਦਾ ਹੈ। ਯਾਦ ਨਿੱਜੀ ਹੋ ਸਕਦੀ ਹੈ ਪਰੰਤੂ ਸਿਮਰਤੀ ਨਹੀਂ, ਸਿਮਰਤੀ ਕੇਵਲ ਯਾਦ ਹੀ ਨਹੀਂ ਹੁੰਦੀ ਬਲਕਿ ਇਹ ਸਮਾਜਕ ਏਕੇ ਦੀ ਪ੍ਰਤੀਨਿਧਤਾ ਹੁੰਦੀ ਹੈ। ਸਿਮਰਤੀ ਜੋ ਕਿਸੇ ਵਿਸ਼ੇਸ਼ ਸਮੂਹ ਦੇ ਲੋਕਾਂ ਲਈ ਜਾਂ ਸਮੂਹਕ ਲੋਕ ਹਿੱਤਾਂ ਦੀ ਪ੍ਰਤੀਨਿਧਤਾ ਕਰਦੀ ਹੋਵੇ। ਸਮੂਹਿਕ ਸਿਮਰਤੀ ਦੇ ਵਿਸ਼ਾਲ ਘੇਰੇ ਨਾਲ ਸਮਾਜ ਦੇ ਨਾਲ-ਨਾਲ ਲੋਕਾਂ ਦੇ ਅਵਚੇਤਨ ਦਾ ਹਿੱਸਾ ਹੁੰਦੀ ਹੈ। ਸਮਾਜਕ ਸੰਗਠਨ ਨੂੰ ਕਾਰਜਸ਼ੀਲ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੁੰਦੀ ਹੈ। ਹਰੇਕ ਸਮੂਹ ਦੀ ਧਾਰਨਾ ਦੂਸਰਿਆਂ ਨਾਲੋਂ ਵੱਖਰੀ ਹੁੰਦੀ ਹੈ ਇਸ ਵਿੱਚ ਸਮੁੱਚੇ ਮੈਂਬਰਾਂ ਦੀ ਪੁਨਰ-ਯਾਦ ਉਹਨਾਂ ਦੇ ਸਮੂਹ ਦਾ ਪਛਾਣ ਚਿੰਨ੍ਹ ਬਣ ਜਾਂਦੀ ਹੈ। ਪੁਨਰ-ਯਾਦ ਦੇ ਸਹਾਰੇ ਮਨੁੱਖ ਸਮੁੱਚੇ ਸਮੂਹ ਦੀ ਵੱਖਰੀ ਹੋਂਦ ਬਣਾਉਣ ਦਾ ਯਤਨ ਕਰਦਾ ਹੈ ਅਤੇ ਉਸ ਦੀ ਮਹਾਨ ਸਿਮਰਤੀ ਸਦਕਾ ਸਮਾਜ ਵਿੱਚ ਆਪਣੀ ਵਿਸ਼ੇਸ਼ ਪਛਾਣ ਕਾਇਮ ਕਰਨ ਦਾ ਯਤਨ ਕਰਦਾ ਹੈ। ਇਹ ਸਿਖਿਆਜਨਕ ਸਿਮਰਤੀ ਹੁੰਦੀ ਹੈ। ਇਸੇ ਲਈ ਸਿਮਰਤੀ ਦੇ ਦੋ ਪ੍ਰਮੁੱਖ ਤਰੀਕੇ ਪ੍ਰਗਟਾਏ ਜਾਂਦੇ ਹਨ;

### 3.2.1 ਪੁਨਰ-ਯਾਦ ਕਰਨਾ (recalling):

ਪੁਨਰ ਯਾਦ ਤੋਂ ਭਾਵ ਹੈ, ਮੁੜ ਬੀਤੀ ਹੋਈ ਘਟਨਾ ਨੂੰ ਸਿਮਰਤੀ ਵਿੱਚ ਵਸਾਉਣਾ, ਦੁਹਰਾਉਣਾ, ਮਨ ਨੂੰ ਕੇਂਦਰਿਤ ਕਰਕੇ ਵਿਚਾਰਾਂ ਵਿੱਚ ਪੁਨਰ ਨਿਰਮਾਣ ਕਰਨਾ ਹੀ ਪੁਨਰ ਯਾਦ ਹੈ। ਇਹ ਸਾਨੂੰ ਬੀਤੇ ਤੋਂ ਸਿਖਾਉਂਦੀ ਹੈ, ਵਰਤਮਾਨ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਭਵਿੱਖ ਲਈ ਚੇਤੰਨ ਕਰਦੀ ਹੈ।

### 3.2.2 ਪਛਾਣਨਾ (recognizing):

ਪਛਾਣਨਾ ਤੋਂ ਭਾਵ ਜੋ ਪਿੱਛੇ ਦ੍ਰਿਸ਼ ਘਟਨਾ ਜਾਂ ਆਕਾਰ ਸਿਮਰਤੀ ਵਿੱਚ ਦਰਜ ਹੋਵੇ, ਪਰ ਲੰਮੇ ਸਮੇਂ ਤੋਂ ਉਸ ਨੂੰ ਅਣਗੌਲਿਆਂ ਕੀਤਾ ਗਿਆ ਹੋਵੇ, ਉਸ ਨੂੰ ਸਿਮਰਤੀ ਦੁਆਰਾ ਮੁੜ ਪਛਾਣਨ ਦੇ ਯਤਨ ਹੀ ਸਿਮਰਤੀ ਨੂੰ ਸਹੀ ਰੂਪ ਵਿੱਚ ਪਛਾਣਨਾ ਹੈ, ਜਿਵੇਂ ਮਨੁੱਖੀ ਮਨ ਉੱਤੇ ਪਏ ਪ੍ਰਭਾਵਾਂ, ਜਜ਼ਬਿਆਂ, ਘਟਨਾਵਾਂ ਅਤੇ ਹਾਲਾਤਾਂ ਦੀ ਪਛਾਣ ਕਰਨਾ ਆਦਿ।

ਇਹਨਾਂ ਦੋਹਾਂ ਵਿੱਚੋਂ ਹੀ ਸਮੂਹਿਕ ਸਿਮਰਤੀ ਦੇ ਅੰਸ਼ ਪ੍ਰਗਟ ਹੁੰਦੇ ਹਨ ਜੋ ਵਿਅਕਤੀ ਨੂੰ ਸਿੱਖਣ ਦੇ ਮੌਕੇ ਵੀ ਪ੍ਰਦਾਨ ਕਰਦੇ ਹਨ। ਧਾਰਮਕ ਸੰਸਕਾਰਾਂ ਅਤੇ ਰਸਮਾਂ ਰਾਹੀਂ ਸਿਮਰਤੀ ਸਮੂਹਿਕ/ਸੰਗਠਤ ਰੂਪ ਧਾਰਨ ਕਰਦੀ ਹੈ।

## 3.3 ਪੀੜ੍ਹੀ ਦਰ ਪੀੜ੍ਹੀ ਰੁਪਾਂਤਰਨ

ਸਿਮਰਤੀ ਗਤੀਸ਼ੀਲ ਹੁੰਦੀ ਹੈ। ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਜੋ ਆਪਣੇ ਤਜ਼ਰਬਿਆਂ ਤੋਂ ਸਿੱਖ ਕੇ ਆਉਣ ਵਾਲਿਆਂ ਲਈ ਰਸਤੇ ਬਣਾਉਂਦੀ ਹੈ, ਤਾਂ ਜੋ ਉਹ ਚੰਗੇ ਅਨੁਭਵਾਂ ਨਾਲ ਜੀਵਨ ਨੂੰ ਬਿਹਤਰ ਕਰ ਸਕਣ। ਪੀੜ੍ਹੀ ਦਰ ਪੀੜ੍ਹੀ (Generation to Generation) ਇੱਕ ਲੰਮਾ ਸਫ਼ਰ ਹੈ ਜੋ ਮਨੁੱਖੀ ਮਨ ਦੀ ਸਿਮਰਤੀ ਨੂੰ ਰੁਸ਼ਨਾਉਂਦਾ, ਸਿਖਾਉਂਦਾ ਤੇ ਜੀਵਨ ਨੂੰ ਅਗਵਾਈ ਦਿੰਦਾ ਹੈ। ਇਸ ਵਿੱਚ ਯਾਦ ਦੇ ਵਧੇਰੇ ਪੱਖ ਵਿਹਾਰਕ ਹੁੰਦੇ ਹਨ ਜੋ ਨਿਰਸੰਦੇਹ ਅੰਸ਼ਿਕ ਰੂਪ ਵਿੱਚ ਹੀ ਦਿਖਾਈ ਦਿੰਦੇ ਹੋਣ, ਪਰ ਉਹਨਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਇਹ ਨਿਰੰਤਰ ਸਫ਼ਰ ਕਰਦੇ ਹਨ, ਇੱਕ ਤੋਂ ਅਗਲੇਰੀ ਪੀੜ੍ਹੀ ਤੱਕ ਜਿਸ ਰਾਹੀਂ ਦੁਹਰਾਉ ਹੁੰਦਾ ਰਹਿੰਦਾ ਹੈ। ਇਸ ਪਿੱਛੇ ਸਿਮਰਤੀ ਦੀ 'ਦੁਹਰਾਉ' ਧਾਰਨਾ ਕੰਮ ਕਰਦੀ ਹੈ, ਜਿਵੇਂ "ਪਾਠ ਨੂੰ ਸਿੱਖਣ ਮਗਰੋਂ ਅੰਸ਼ਿਕ ਰੂਪ ਵਿੱਚ ਭੁਲਾ ਦਿਤਾ ਜਾਂਦਾ ਹੈ ਅਤੇ ਫਿਰ ਦੁਬਾਰਾ ਉਸ ਨੂੰ ਸਿਖਿਆ ਜਾਂਦਾ ਹੈ ਤਾਂ ਦੂਜੀ ਵਾਰ ਉਹ ਪਹਿਲੀ ਵਾਰ ਨਾਲੋਂ ਅਧਿਕ ਚੰਗੀ ਤਰ੍ਹਾਂ ਦਿਮਾਗ ਵਿਚ ਅੰਕਿਤ ਹੋ ਜਾਂਦਾ ਹੈ ਅਤੇ ਹਰ

ਵਾਰ ਇਸ ਤਰ੍ਹਾਂ ਹੁੰਦਾ ਹੈ। ਪੁਰਾਣੇ ਚਿੰਨ੍ਹਾਂ ਨੂੰ ਕੰਮ ਕਰਦੇ ਰਹਿਣ ਦੇਵੋ ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਆਪਣਾ ਨਿਰਮਾਣ ਆਪ ਕਰਨ ਦੇਵੋ।"[18] ਸਿਮਰਤੀ ਵਿੱਚ ਲਗਾਤਾਰਤਾ ਇਸ ਨੂੰ ਅਜਿਹੀ ਨਿਰੰਤਰਤਾ ਪ੍ਰਦਾਨ ਕਰਦੀ ਹੈ ਕਿ ਸਿਮਰਤੀ ਆਮ ਵਰਤਾਰਾ ਬਣ ਜਾਂਦੀ ਹੈ।

ਸਿਮਰਤੀ ਨੂੰ ਅਸੀਂ ਸਿੱਖਿਆ ਹੋਇਆ ਸਮੂਹਕ ਵਿਹਾਰ ਵੀ ਕਹਿ ਸਕਦੇ ਹਾਂ। ਮਨੁੱਖ ਸਮਾਜ ਵਿੱਚ ਰਹਿ ਕੇ ਸੱਭਿਆਚਾਰਕ ਅਤੇ ਸਮਾਜਕ ਤੌਰ-ਤਰੀਕੇ ਸਿੱਖਦਾ ਹੈ ਜਿਸ ਵਿੱਚ ਸਿਮਰਤੀ ਸ਼ਾਮਿਲ ਹੁੰਦੀ ਹੈ। ਇਸ ਵਿੱਚ ਨਿਰਾਰਥਕ ਤੇ ਸਾਰਥਕ ਦੋਨਾਂ ਤਰ੍ਹਾਂ ਦੀਆਂ ਸਿਮਰਤੀਆਂ ਹੁੰਦੀਆਂ ਹਨ ਜੋ ਮਨੁੱਖ ਨੂੰ ਨਿਰੀਖਣ ਅਤੇ ਵਿਸ਼ਲੇਸ਼ਣ ਕਰਨਾ ਵੀ ਸਿਖਾਉਂਦੀਆਂ ਹਨ। ਮਨੁੱਖ ਸਿੱਖਦਾ ਹੈ ਕਿ ਚੰਗੇ ਤੇ ਮਾੜੇ ਦੀ ਪਛਾਣ ਕਿਵੇਂ ਕਰਨੀ ਹੈ? ਕੀ ਅਰਥਹੀਣ ਹੈ ਅਤੇ ਕੀ ਪ੍ਰਭਾਵਸ਼ਾਲੀ ਹੈ? ਜੀਵਨ ਨੂੰ ਅਰਥ ਭਰਪੂਰ ਬਣਾਉਣ ਵਾਲੀਆਂ ਸਿਮਰਤੀਆਂ ਪੂਰਵ ਧਾਰਨਾਵਾਂ ਵਿੱਚ ਸੋਧ ਵੀ ਕਰਦੀਆਂ ਹਨ ਅਤੇ ਉਸ ਦੇ ਪੀੜ੍ਹੀ ਦਰ ਪੀੜ੍ਹੀ ਪਏ ਪ੍ਰਭਾਵਾਂ ਰਾਹੀਂ ਠੋਸ ਦਲੀਲ ਦਾ ਵਿਸਥਾਰ ਵੀ ਕਰਦੀਆਂ ਹਨ। ਇਹ ਇੱਕ ਤਰ੍ਹਾਂ ਦੀ ਸਮੱਗਰੀ ਹੈ, ਜਿਸ ਵਿੱਚੋਂ ਤੱਥ ਅਤੇ ਤਜ਼ਰਬੇ ਇਕੱਠੇ ਕਰਕੇ ਅਗਲੇਰੀ ਪੀੜ੍ਹੀ ਤੱਕ ਪਹੁੰਚਾਏ ਜਾਂਦੇ ਹਨ।

### 3.4 ਗ੍ਰਹਿਣ ਕੀਤਾ ਗਿਆਨ

ਅਜਿਹੀ ਸਿਮਰਤੀ ਜੋ ਵੱਡੇ-ਵਡੇਰਿਆਂ ਤੋਂ ਜਾਂ ਆਲੇ-ਦੁਆਲੇ ਦੇ ਪ੍ਰਭਾਵਾਂ ਅਤੇ ਨਿੱਜੀ ਅਨੁਭਵਾਂ ਤੋਂ ਗ੍ਰਹਿਣ ਕੀਤੀ ਜਾਂਦੀ ਹੈ। ਆਮ ਤੌਰ 'ਤੇ ਸਿਮਰਤੀ ਦਾ ਵਧੇਰੇ ਰੂਪ ਆਲੇ-ਦੁਆਲੇ ਤੋਂ, ਪਿਛਲੇਰੀਆਂ ਘਟਨਾਵਾਂ ਅਤੇ ਚਲੰਤ ਪ੍ਰੰਪਰਾਵਾਂ ਤੋਂ ਹੀ ਇੱਕਠਾ ਕੀਤਾ ਜਾਂਦਾ ਹੈ। ਮਨੁੱਖ, ਸਮੂਹ ਭਾਵ ਸਮਾਜ ਵਿੱਚ ਰਹਿੰਦਾ ਹੋਇਆ ਸਮਾਜਕ ਅਤੇ ਸੱਭਿਆਚਾਰਕ ਸਿਮਰਤੀ ਨੂੰ ਗ੍ਰਹਿਣ ਕਰਦੇ ਹਨ। ਗ੍ਰਹਿਣ ਕਰਨ ਦੀ ਸਮਰੱਥਾ ਕਰਕੇ ਸਿਮਰਤੀ ਵਿਅਕਤੀਗਤ ਅਤੇ ਸਮੂਹਕ ਪਛਾਣ ਦੇ ਨਕਸ਼ ਅਤੇ ਸੱਭਿਆਚਾਰਕ ਪਛਾਣ ਚਿੰਨ੍ਹਾਂ ਦਾ ਅਧਾਰ ਵੀ ਬਣਦਾ ਹੈ।

ਸਿਮਰਤੀ ਰਾਹੀਂ ਮਨੁੱਖ ਸਭਿਆਚਾਰਕ ਸਿੱਖਿਆ ਗ੍ਰਹਿਣ ਕਰਦਾ ਹੈ, ਇਸ ਤੋਂ ਇਲਾਵਾ ਇਹ ਮਨੁੱਖ ਦੇ ਕਾਰਜਾਂ ਵਿੱਚ ਨਿਪੁੰਨਤਾ ਲਿਆਉਂਦੀ ਹੈ। "ਸਿਮਰਤੀ ਪਹਿਲਾਂ ਤੋਂ ਪ੍ਰਾਪਤ ਅਨੁਭਵਾਂ ਨੂੰ ਵਰਤਮਾਨ

---

[18] ਆਰ. ਐਸ. ਵੁੱਡਵਰਥ, ਡੀ. ਜੀ ਮਾਰਕੁਇਸ (1999) *ਮਨੋਵਿਗਿਆਨ ਮਾਨਸਿਕ ਜੀਵਨ ਦਾ ਅਧਿਐਨ,* ਇੰਦਰਜੀਤ ਕੌਰ, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 680.

ਚੇਤਨਤਾ ਵਿਚ ਲਿਆਣ ਦੀ ਕ੍ਰਿਆ ਦਾ ਨਾਮ ਹੈ। ਪਹਿਲੇ ਗ੍ਰਹਣ ਕੀਤੇ ਗਏ ਵਿਚਾਰਾਂ ਅਤੇ ਅਨੁਭਵਾਂ ਨੂੰ ਸਮ੍ਰਿਤੀ ਦੀ ਕ੍ਰਿਆ ਰਾਹੀਂ ਦੁਬਾਰਾ ਸੁਰਜੀਤ ਕੀਤਾ ਜਾਂਦਾ ਹੈ।"[19] ਇਹ ਜੀਵਨ ਵਿੱਚ ਵਕਫੇ ਨਾਲ ਰੂਪ-ਰੇਖਾ ਤਿਆਰ ਕਰਕੇ ਤਾਜ਼ਗੀ ਦਾ ਰੂਪ ਦੇਣ ਵਾਲੀ ਸਿਮਰਤੀ ਵੀ ਕਹੀ ਜਾ ਸਕਦੀ ਹੈ। ਇਹ ਮਨੁੱਖੀ ਦਿਮਾਗ ਵਿੱਚ ਨਿਰੰਤਰ ਕਿਰਿਆਸ਼ੀਲ ਰਹਿੰਦੀ ਹੈ ਅਤੇ ਇਸ ਵਿੱਚ ਸਮੇਂ-ਸਮੇਂ ਪਰਿਵਰਤਨ ਵੀ ਲਿਆਉਂਦੀ ਹੈ। ਇਸ ਨੂੰ ਯਾਦ ਰੱਖਣ ਲਈ ਮਨੁੱਖ ਨੂੰ ਬਹੁਤ ਹੀ ਘੱਟ ਯਤਨ ਕਰਨੇ ਪੈਂਦੇ ਹਨ, ਇਹ ਹੂ-ਬ-ਹੂ ਅਚੇਤ ਮਨ ਦਾ ਹਿੱਸਾ ਬਣ ਸਕਣ ਦੇ ਸਮਰੱਥ ਹੁੰਦੀ ਹੈ। ਇਸ ਵਿੱਚ ਕਠਿਨਾਈਆਂ ਨਹੀਂ ਹੁੰਦੀਆਂ। ਸਧਾਰਣ ਰੂਪ ਵਿੱਚ ਹੀ ਮਨੁੱਖ ਸਿੱਖ ਕੇ ਅਗਾਂਹ ਤੁਰਦਾ ਰਹਿੰਦਾ ਹੈ। "ਸਾਧਾਰਣ ਸਿਮਰਨ-ਯੁਕਤੀ ਵਾਲਾ ਵਿਅਕਤੀ ਵੀ ਜੇਕਰ ਸਿਮ੍ਰਤੀ ਕਾਰਜ ਦੀ ਯੋਜਨਾ ਸਿਆਣਪ ਨਾਲ ਤਿਆਰ ਕਰਦਾ ਹੈ ਤਾਂ ਉਹ ਚੰਗੀ ਤਰ੍ਹਾਂ ਸਫਲਤਾ ਪ੍ਰਾਪਤ ਕਰ ਸਕਦਾ ਹੈ।"[20]

ਨਵੀਆਂ ਪ੍ਰਤੀਕਿਰਿਆਵਾਂ ਦੀ ਸਿਰਜਨਾ ਗ੍ਰਹਿਣ ਸ਼ਕਤੀ ਰਾਹੀਂ ਮਨੁੱਖ ਆਪਣੀ ਧਾਰਨ ਸ਼ਕਤੀ ਨੂੰ ਪੱਕਾ ਕਰ ਲੈਂਦਾ ਹੈ ਅਤੇ ਫਿਰ ਉਸ ਦੀ ਸਿਮਰਤੀ ਇਸ ਯੋਗ ਹੋ ਜਾਂਦੀ ਹੈ ਕਿ ਉਹ ਸੱਜਰੇਪਣ ਦੇ ਪ੍ਰਭਾਵ ਨਾਲ ਵਰਤਮਾਨ ਨੂੰ ਸੇਧ ਦੇ ਸਕੇ। ਇਸ ਵਿੱਚ ਸਮਾਨ ਅਨੁਭਵਾਂ ਦਾ ਸੰਗ੍ਰਿਹ ਇਕੱਠਾ ਹੋ ਜਾਂਦਾ ਹੈ। ਮਨ ਵਿੱਚ ਸੂਚੀਆਂ ਅਤੇ ਖਾਕੇ ਆਪ ਮੁਹਾਰੇ ਹੀ ਸਿਰਜੇ ਜਾਂਦੇ ਹਨ। ਲਗਾਤਾਰ ਪ੍ਰਤੀਕਿਰਿਆਵਾਂ ਦੀ ਸਿਰਜਨਾ ਅਜਿਹੀ ਸਿਮਰਤੀ ਵਿੱਚੋਂ ਸਹਿਜੇ ਹੀ ਹੋ ਜਾਂਦੀ ਹੈ।

### 3.5 ਜੀਵੰਤ

ਇਹ ਸਿਮਰਤੀ ਦਾ ਉਹ ਲੱਛਣ ਹੈ ਜੋ ਅਜੋਕੇ ਸਮੇਂ ਨਵੇਂ ਰੂਪਾਂ ਵਿੱਚ ਵੀ ਲੋਕ ਮਨਾਂ ਉੱਤੇ ਕਾਰਜਸ਼ੀਲ ਅਤੇ ਪ੍ਰਭਾਵਸ਼ਾਲੀ ਹੋਵੇ। ਲੰਮੇ ਸਮੇਂ ਲਈ ਕਈ ਸਿਮਰਤੀ ਦੀਆਂ ਅਜਿਹੀਆਂ ਘਟਨਾਵਾਂ ਜੋ ਜ਼ਿਆਦਾ ਧਿਆਨ ਖਿੱਚਦੀਆਂ ਹਨ, ਉਨ੍ਹਾਂ ਨੂੰ ਅਸੀਮਤ ਸਮੇਂ ਲਈ ਸਿਮਰਤੀ 'ਚ ਰੱਖਿਆ ਜਾ ਸਕਦਾ ਹੈ। ਅਰਥਪੂਰਨ ਸਮੱਗਰੀ ਜਲਦੀ ਸਿੱਖੀ ਜਾਂਦੀ ਹੈ ਅਤੇ ਲੰਮੇ ਸਮੇਂ ਤੱਕ ਸਿਮਰਤੀ ਦਾ ਹਿੱਸਾ ਬਣੀ ਰਹਿੰਦੀ ਹੈ।

---

19 ਏ. ਪੀ. ਸ਼ਰਮਾ, ਵਜ਼ੀਰ ਸਿੰਘ (1968) *ਮਨੋਵਿਗਿਆਨ ਦੀ ਜਾਣ-ਪਛਾਣ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 46.

20 ਆਰ. ਐਸ. ਵੁੱਡਵਰਥ, ਡੀ. ਜੀ ਮਾਰਕੁਇਸ (1999) *ਮਨੋਵਿਗਿਆਨ ਮਾਨਸਿਕ ਜੀਵਨ ਦਾ ਅਧਿਐਨ,* ਇੰਦਰਜੀਤ ਕੌਰ, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 694.

ਕੋਈ ਖਾਸ ਚਿੱਤਰ, ਥਾਂ, ਦ੍ਰਿਸ਼ ਜਿਵੇਂ ਦੁਰਘਟਨਾ ਆਦਿ ਅਤੇ ਇੱਕ ਭਾਵਨਾ ਜੋ ਜ਼ਿਆਦਾ ਧਿਆਨ ਖਿਚਦੀਆਂ ਹਨ; ਨੂੰ ਲੰਮੇ ਸਮੇਂ ਤੱਕ ਯਾਦ ਵਿੱਚ ਰੱਖਿਆ ਜਾਂਦਾ ਹੈ। ਇਸ ਵਿੱਚ ਜੀਵਨ ਦੇ ਬਹੁਤ ਸਾਰੇ ਘੇਰਿਆਂ ਦੀ ਯਾਦ ਦਾ ਮਹੱਤਵ ਹੈ। ਇਹ ਵਰਤਮਾਨ ਵਿੱਚ ਚੱਲ ਰਹੀਆਂ ਮਾਨਸਿਕ ਘਟਨਾਵਾਂ ਦੀ ਇੱਕ ਗੁੰਝਲਦਾਰ ਕਿਰਿਆ ਵੀ ਹੈ ਕਿਉਂਕਿ ਇਹ ਮਨੋਭਾਵਾਂ ’ਤੇ ਸਭ ਤੋਂ ਗਹਿਰਾ ਪ੍ਰਭਾਵ ਪਾਉਂਦੀ ਹੈ। ਜੋ ਮਨੁੱਖ ਨੂੰ ਸਮਰੱਥ ਬਣਾਉਣ ਵਿੱਚ ਭੂਮਿਕਾ ਨਿਭਾਉਂਦੇ ਹਨ, ਪਰ ਇਸ ਦੇ ਜੇਕਰ ਨਕਰਾਤਮਕ ਪ੍ਰਭਾਵ ਪੈ ਜਾਣ ਤਾਂ ਵਰਤਮਾਨ ਜੀਵਨ ਦੇ ਸੰਤੁਲਨ ਨੂੰ ਵਿਗਾੜ ਵੀ ਦਿੰਦੀ ਹੈ।

ਜੀਵੰਤ ਸਿਮਰਤੀ ਸੁਚੇਤ, ਅਰਧ-ਚੇਤ ਅਤੇ ਅਚੇਤ ਦੇ ਸੰਗਮ ਦਾ ਨਾਂ ਹੈ ਜਿਸ ਵਿੱਚ ਸੰਵੇਦਨਾ ਤੇ ਪ੍ਰਤੱਖੀਕਰਣ ਰਾਹੀਂ ਪੁਨਰ ਸਿਰਜਨਾ ਹੁੰਦੀ ਹੈ। ਇਹ ਜੀਵੰਤ ਰੂਪ ਵਿੱਚ ਮਾਨਸਿਕ ਅਵਸਥਾ ਦਾ ਹਿੱਸਾ ਬਣ ਜਾਂਦੀ ਹੈ। ਸਿੱਖਣਾ ਅਤੇ ਅਨੁਭਵ ਕਿਸੇ ਵਿਅਕਤੀ ਦੇ ਮਨ ’ਤੇ ਗਹਿਰੀ ਛਾਪ ਅਤੇ ਯਾਦ ਚਿੰਨ੍ਹ ਛੱਡ ਜਾਂਦਾ ਹੈ। ਸਿੱਖਣ ਦੀ ਪ੍ਰਕਿਰਿਆ ਜੀਵੰਤ ਹੈ ਪਰ ਇਹ ਮਨ ’ਤੇ ਕਈ ਛਾਪਾਂ ਛੱਡ ਚੁੱਕੀਆਂ ਘਟਨਾਵਾਂ ਤੋਂ ਬਣਦੀ ਹੈ। ਇਹ ਇੱਕ ਜੀਵੰਤ ਸੁਤੰਤਰ ਸਿਮਰਤੀ ਦਾ ਹਿੱਸਾ ਉਦੋਂ ਬਣ ਜਾਂਦੀ ਹੈ ਜਦੋਂ ਮਨੁੱਖ ਘਟਨਾਵਾਂ ਦਾ ਅਤੀਤ ਕਾਲ ਨਾਲ ਸੰਬੰਧ ਜੋੜਦਾ ਹੈ ਅਤੇ ਜੀਵਨ ਦੇ ਸੁਚੇਤ ਪੱਧਰਾਂ ਦੀ ਪਛਾਣ ਕਰਨ ਦਾ ਯਤਨ ਕਰਦਾ ਹੈ। ਦਾਰਸ਼ਨਿਕ ਸਟੱਰਟ (sturt) ਦੇ ਸ਼ਬਦਾਂ ਵਿੱਚ ਜੀਵੰਤ ਸਿਮਰਤੀ “The ideal revival so for as ideal revival is meraly reproductive ... reproductive aspect of ideal revival requires the object of post exeperiences to be retained as for as possible in the order and manner of their original occurence."[21] ਭਾਵ ਕਿ ਇੱਕ ਪ੍ਰਕਾਰ ਦਾ ਆਦਰਸ਼ਕ ਭਾਂਤ ਬਹਾਲ (revival) ਕਰਨਾ। ਆਦਰਸ਼ਕ ਬਹਾਲੀ ਤੋਂ ਭਾਵ ਕਿ ਕਿਸੇ ਘਟਨਾ ਨੂੰ ਹੂ-ਬੂ-ਹੂ ਉਸੇ ਹੀ ਤਰਤੀਬ ਵਿੱਚ ਤੇ ਅਵਸਥਾ ਵਿੱਚ ਯਾਦ ਕੀਤਾ ਜਾਵੇ, ਜਿਸ ਪ੍ਰਕਾਰ ਉਹ ਵਾਪਰੀ ਹੁੰਦੀ ਹੈ। ਇਹ ਵਰਤਮਾਨ ਸਮੇਂ ਵਿਚ ਚਿੰਨ੍ਹਾਂ ਤੇ ਪ੍ਰਕਿਰਿਆਵਾਂ ਦਾ ਪ੍ਰਗਟ ਰੂਪ ਹੋ ਕੇ ਮਨੁੱਖੀ ਮਨ ਉੱਤੇ ਗਹਿਰਾ ਪ੍ਰਭਾਵ ਪਾਉਂਦੀ ਹੈ।

---

[21] Sturt Mary and oakdon (1948) *E.C: Modern Psychology and Eduction,* Kegen Paul french, Trbner & Co. London, p. 27.

# 4 ਸਿਮਰਤੀ ਅਤੇ ਧਰਮ

ਸਿਮਰਤੀ ਦੀਆਂ ਵਿਸ਼ੇਸ਼ਤਾਈਆਂ ਤੋਂ ਪਤਾ ਚੱਲਦਾ ਹੈ ਕਿ ਇਹ ਮਨੁੱਖ ਅਤੇ ਸਮਾਜ ਦੇ ਆਪਸੀ ਸੰਬੰਧਾਂ ਦੀ ਚਾਲਕ ਸ਼ਕਤੀ ਹੈ। ਸਿਮਰਤੀ ਮਨੁੱਖੀ ਸੱਭਿਆਚਾਰ ਦੇ ਚੇਤਨ ਅਤੇ ਅਵਚੇਤਨ ਨੂੰ ਪ੍ਰਭਾਵਿਤ ਕਰਦੀ ਹੈ। ਸਿਮਰਤੀ ਦੇ ਧਰਮ ਨਾਲ ਸੰਬੰਧ ਨੂੰ ਧਰਮ ਅਧਿਐਨ ਦੇ ਵਿਦਿਆਰਥੀਆਂ ਲਈ ਸਮਝਣਾ ਜ਼ਰੂਰੀ ਹੈ।

ਮਨੁੱਖੀ ਚਿੰਤਨ ਦੀ ਉਤਪੱਤੀ ਦੇ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਆਦਿ-ਮਾਨਵ ਨੇ ਸਭ ਤੋਂ ਪਹਿਲਾਂ ਆਪਣੇ ਜੀਵਨ ਵਿੱਚ ਵਾਪਰਦੀਆਂ ਰਹੱਸਮਈ ਘਟਨਾਵਾਂ ਬਾਰੇ ਸੋਚਣਾ ਸ਼ੁਰੂ ਕੀਤਾ। ਇਹ ਸੋਚ ਮਨੁੱਖੀ ਸਿਮਰਤੀ ਦਾ ਹਿੱਸਾ ਬਣੀ ਅਤੇ ਪੀੜ੍ਹੀ ਦਰ ਪੀੜ੍ਹੀ ਰੁਪਾਂਤਰਿਤ ਹੁੰਦੀ ਰਹੀ। ਲਿਖਤ ਤੋਂ ਪਹਿਲਾਂ ਬੋਲੀ ਅਤੇ ਚਿੰਨ੍ਹਾਂ ਰਾਹੀਂ ਲੋਕ ਆਪਣੀ ਸਿਮਰਤੀ ਦਾ ਸੰਚਾਰ ਕਰਦੇ ਸਨ। ਪ੍ਰਾਚੀਨ ਧਰਮ ਅਲਿਖਤ ਗਿਆਨ ’ਤੇ ਅਧਾਰਿਤ ਸੀ, ਆਦਿ ਧਰਮ ਤੋਂ ਇਤਿਹਾਸਕ ਧਰਮਾਂ ਦੇ ਹੋਂਦ ਵਿੱਚ ਆਉਣ ਨਾਲ ਵੱਖ-ਵੱਖ ਧਰਮਾਂ ਦੇ ਧਰਮ ਗ੍ਰੰਥ ਉਨ੍ਹਾਂ ਦੀ ਸਮੂਹਿਕ ਯਾਦ ਨੂੰ ਸੰਗ੍ਰਹਿਤ ਕਰਨ ਦਾ ਸਾਧਨ ਬਣੇ ਹਨ। ਇਨ੍ਹਾਂ ਦਾ ਸਤਿਕਾਰ ਇਨ੍ਹਾਂ ਵਿੱਚ ਮੌਜੂਦ ਦੈਵੀ ਇਲਹਾਮ ਦੇ ਸਦਕਾ ਤਾਂ ਕੀਤਾ ਹੀ ਜਾਂਦਾ ਹੈ, ਪਰ ਇਨ੍ਹਾਂ ਵਿੱਚ ਜੋ ਖ਼ਾਸ ਨੁਕਤਾ ਹੋਰ ਕੰਮ ਕਰਦਾ ਹੈ ਉਹ ਇਨ੍ਹਾਂ ਵਿੱਚ ਮੌਜੂਦ ਸਮੂਹਕ ਯਾਦ ਵੀ ਹੈ। ਇਸ ਤਰ੍ਹਾਂ ਇਹ ਸਮੂਹਿਕ ਯਾਦ ਧਾਰਮਕ ਪਛਾਣ ਨੂੰ ਨਿਰਧਾਰਿਤ ਕਰਨ ਵਿੱਚ ਮਹੱਤਪੂਰਨ ਭੂਮਿਕਾ ਅਦਾ ਕਰਦੀ ਹੈ। ਮਨੁੱਖ ਦੇ ਸਾਹਮਣੇ ਭੂਤ ਕਾਲ ਦੇ ਕਿਸੇ ਬਿਰਤਾਂਤ ਦੀ ਤਸਵੀਰ ਮੌਜੂਦ ਹੁੰਦੀ ਹੈ ਤਾਂ ਦੁਨੀਆਂ ਦੀਆਂ ਧਾਰਮਕ ਪਛਾਣਾਂ ਇਸ ਸਮੂਹਕ ਯਾਦ ਦੇ ਮਾਧਿਅਮ ਰਾਹੀਂ ਵਿਕਸਤ ਹੋਈਆਂ ਹਨ। ਇਸ ਤਰ੍ਹਾਂ ਧਾਰਮਕ ਸਿਮਰਤੀ ਪ੍ਰਤੀਕਾਂ ਦੀ ਸੰਸਥਾਗਤ ਵਿਰਾਸਤ ਨੂੰ ਸੰਭਾਲਣ ਦਾ ਕਾਰਜ ਕਰਦੀ ਹੈ। ਇਸ ਤੋਂ ਇਲਾਵਾ ਸਿਮਰਤੀ ਸ਼ਖ਼ਸੀਅਤ ਦਾ ਨਿਰਮਾਣ ਕਰਨ ਵਿੱਚ ਸਹਾਇਕ ਹੁੰਦੀ ਹੈ। ਲੋਕ ਆਪਣੇ ਆਪ ਨੂੰ ਕਿਸੇ ਖ਼ਾਸ ਸਮੁਦਾਇ ਵਿਸ਼ੇਸ਼ ਦਾ ਹਿੱਸਾ ਮੰਨਦੇ ਹਨ। ਇਸ ਤਰ੍ਹਾਂ ਸਮੂਹਿਕ ਯਾਦ ਵਿਅਕਤੀ ਵਿਸ਼ੇਸ਼ ਨੂੰ ਕਿਸੇ ਖ਼ਾਸ ਸਮੂਹਕ ਪਛਾਣ ਨਾਲ ਜੋੜਦੀ ਹੈ।

ਧਰਮ ਪਰਮਸਤਿ ਵਿੱਚ ਵਿਸ਼ਵਾਸ ਹੈ। ਆਪਣੇ ਇਸ਼ਟ ਪ੍ਰਤੀ ਸ਼ਰਧਾ ਦਾ ਮਨੁੱਖੀ ਮਨ ਵਿੱਚ ਪ੍ਰਗਟਾਵਾ ਕਿਸੇ ਨਾ ਕਿਸੇ ਸਿਮਰਤੀ ਦੇ ਅਧਾਰ ’ਤੇ ਹੁੰਦਾ ਹੈ। ਧਾਰਮਕ ਸੰਗਠਨ ਦੇ ਰੂਪ ਵੱਖੋ-ਵੱਖਰੇ ਸਮੇਂ

ਉੱਤੇ ਬਦਲਦੇ ਰਹੇ ਹਨ, ਪਰ ਇਹ ਕਿਹਾ ਜਾ ਸਕਦਾ ਹੈ ਕਿ ਧਰਮ ਵਿੱਚੋਂ ਸ਼ਰਧਾ ਅਤੇ ਵਿਸ਼ਵਾਸ ਕਦੇ ਮਨਫ਼ੀ ਨਹੀਂ ਹੋਏ। ਧਰਮ ਦੀ ਸ੍ਰੇਸ਼ਠਤਾ, ਸਿਰਜਨਾਤਮਕ ਨੂੰ ਆਪਣੀ ਸਿਮਰਤੀ ਵਿੱਚ ਬਿਠਾ ਕੇ ਸਮਝ ਆਉਂਦੀ ਹੈ, ਪਰ ਇਸ ਲਈ ਦ੍ਰਿੜਤਾ ਦਾ ਹੋਣਾ ਉਨਾ ਹੀ ਜ਼ਰੂਰੀ ਹੈ ਜਿੰਨਾ ਕਿ ਸਰੀਰ ਵਿੱਚ ਆਤਮਾ ਦੀ ਹੋਂਦ ਦਾ ਹੋਣਾ। ਇਹ ਵਿਸ਼ਵਾਸ ਵਿੱਚੋਂ ਸਿਰਜਨਾ ਦੇ ਰੂਪ ਵਿੱਚ ਪੈਦਾ ਹੋਇਆ ਵਿਚਾਰ ਹੈ।

ਸਿਮਰਤੀ ਗਿਆਨ ਦੀ ਇੱਕ ਅਜਿਹੀ ਅਵਸਥਾ ਹੈ, ਜਿਸ ਦੁਆਰਾ ਕਿਸੇ ਭਾਈਚਾਰੇ ਦੇ ਲੋਕ ਭੂਤਕਾਲ ਵਿੱਚ ਹੋਈਆਂ ਘਟਨਾਵਾਂ ਨੂੰ ਪੁਨਰ-ਜਾਗ੍ਰਿਤ ਕਰਦੇ ਹਨ। ਧਾਰਮਕ ਮਨੁੱਖ ਸਿਮਰਤੀ ਰਾਹੀਂ ਪਵਿੱਤਰ ਸਥਾਨਾਂ, ਪਵਿੱਤਰ ਸਮੇਂ, ਪਵਿੱਤਰ ਘਟਨਾਵਾਂ ਆਦਿ ਬਾਰੇ ਜਾਣਕਾਰੀ ਹਾਸਲ ਕਰਦਾ। ਜਦੋਂ ਕੋਈ ਮਨੁੱਖ ਕਿਸੇ ਧਰਮ ਨਾਲ ਸਬੰਧਿਤ ਧਾਰਮਕ ਸਥਾਨ ’ਤੇ ਹਾਜ਼ਰ ਹੁੰਦਾ ਹੈ ਤਾਂ ਉਹ ਵਰਤਮਾਨ ਸਮੇਂ ਤੋਂ ਭੂਤਕਾਲ ਵਿੱਚ ਚਲਾ ਜਾਂਦਾ ਹੈ ਅਤੇ ਭੂਤਕਾਲ ਵਿੱਚ ਵਾਪਰੇ ਪਵਿੱਤਰ ਪਲਾਂ ਨੂੰ ਮਾਨਣ ਦੇ ਯਤਨ ਦੇ ਨਾਲ-ਨਾਲ ਇਸ ਅਨੁਭਵ ਵਿੱਚੋਂ ਉਹ ਭਵਿੱਖ ਲਈ ਊਰਜਾ ਪ੍ਰਾਪਤ ਕਰਦਾ ਹੈ। ਧਾਰਮਕ ਵਿਸ਼ਵਾਸ ਅਤੇ ਅਰਦਾਸ ਰਾਹੀਂ ਮਨੁੱਖ ਭਵਿੱਖ ਦੀ ਉਮੀਦ ਨਾਲ ਭਰਪੂਰ ਹੁੰਦੇ ਹਨ।

ਭੂਤਕਾਲ ਵਿੱਚ ਬੀਤ ਚੁੱਕੇ ਪਵਿੱਤਰ ਸਮੇਂ ਨੂੰ ਸਾਧਕ ਆਪਣੀ ਸਿਮਰਤੀ ਰਾਹੀਂ ਹੀ ਵਰਤਮਾਨ ਵਿੱਚ ਯਾਦ ਕਰਕੇ ਪ੍ਰੇਰਨਾ ਪ੍ਰਾਪਤ ਕਰਦੇ ਹਨ। ਧਾਰਮਕ ਤਿਉਹਾਰ ਜਾਂ ਅਰਦਾਸ, ਪਵਿੱਤਰ ਘਟਨਾਵਾਂ ਪਵਿੱਤਰ ਸਮੇਂ ਦੇ ਯਥਾਰਥ ਦੀ ਪ੍ਰਸਤੁਤੀ ਹੁੰਦਾ ਹੈ ਜੋ ਮਨੁੱਖ ਨੂੰ ਉਸ ਦੇ ਭੂਤਕਾਲ ਵਿੱਚ ਲੈ ਜਾਂਦਾ ਹੈ, ਜਿੱਥੋਂ ਇਨ੍ਹਾਂ ਦੀ ਸ਼ੁਰੂਆਤ ਹੋਈ ਹੁੰਦੀ ਹੈ। ਇਥੋਂ ਹੀ ਸੁੱਖਾਂ-ਸੁਖਣ ਜਾਂ ਅਗਲੇ ਵਰ੍ਹੇ ਫਿਰ ਆਉਣ ਦਾ ਵਾਅਦਾ ਕੀਤਾ ਜਾਂਦਾ ਹੈ। ਇਸ ਲਈ ਪਵਿੱਤਰ ਸਮਾਂ ਨਿਸ਼ਚਤ ਰੂਪ ਵਿੱਚ ਪੁਨਰ-ਪ੍ਰਾਪਤ ਅਤੇ ਮੁੜ ਦੁਹਰਾਉਣ ਯੋਗ ਹੁੰਦਾ ਹੈ। “ਧਾਰਮਕ ਸਥਾਨਾਂ ਅਤੇ ਯਾਦਗਾਰਾਂ ਨੂੰ ਸੰਸਾਰ ਦਾ ਕੇਂਦਰ ਇਸ ਕਰਕੇ ਮੰਨਿਆ ਜਾਂਦਾ ਹੈ ਕਿਉਂਕਿ ਇਹ ਪਵਿੱਤਰਤਾ ਦੇ ਕੇਂਦਰ ਵਜੋਂ ਇਹ ਧਾਰਮਕ ਵਿਸ਼ਵਾਸਾਂ ਨੂੰ ਦ੍ਰਿੜ ਕਰਵਾਉਂਦੇ ਅਤੇ ਪਵਿੱਤਰ ਯਾਦਾਂ ਨੂੰ ਤਾਜਾ ਰੱਖਦੇ ਹਨ। ਇਹਨਾਂ ਦੇ ਵਿਸ਼ਵਾਸ ਰਾਹੀਂ ਲੋਕ ਸੁਰੱਖਿਅਤ ਮਹਿਸੂਸ ਕਰਦੇ ਹਨ ਕਿ ਪਵਿੱਤਰਤਾ ਉਹਨਾਂ ਦੇ ਸੰਸਾਰ ਦੇ ਕੇਂਦਰ ਵਿੱਚ ਸਥਿਤ ਹੈ।”[22] ਇਸੇ ਤਰ੍ਹਾਂ ਸਿੱਖ ਸਿਮਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸੇ ਦੀ ਸਾਜਨਾ ਦੇ ਪ੍ਰਤੱਖ ਰੂਪ ਦਾ ਆਨੰਦ ਮਾਣਦੀ ਹੈ।

---

[22] ਗੁਰਮੀਤ ਸਿੰਘ ਸਿੱਧੂ (2014) *ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ, ਪੰ. 150.

ਸਮਾਜਿਕ ਜੀਵਨ ਦੀ ਹਰ ਅਵਸਥਾ ਵਿੱਚ ਸਿਮਰਤੀ ਮਨੁੱਖੀ ਜੀਵਨ ਦਾ ਅਟੁੱਟ ਅੰਗ ਰਹੀ ਹੈ। ਸਿਮਰਤੀ ਨਾਲ ਮਿੱਥ ਜੁੜੀ ਹੁੰਦੀ ਹੈ ਅਤੇ ਇਸ ਮਿੱਥ ਤੋਂ ਹੀ ਧਰਮ ਦੇ ਕਈ ਸਰੂਪ ਹੋਂਦ ਵਿੱਚ ਆਏ। ਸਿਮਰਤੀ ਦਾ ਸਬੰਧ ਮਿੱਥ ਨਾਲ ਹੈ, ਮਿੱਥ ਰਹੱਸਮਈ ਬਿਰਤਾਂਤ ਹੈ, ਜਿਸ ਦੇ ਅਨੁਭਵ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਮਿੱਥ ਘਟਨਾਵਾਂ ਨੂੰ ਪ੍ਰਤੀਕਾਂ ਦੇ ਰੂਪ ਵਿੱਚ ਉਤਾਰਦੀ ਹੈ।

ਮਰਸੀਆ ਈਲਾਡੇ ਦੇ ਹਵਾਲੇ ਨਾਲ ਡਾ. ਗੁਰਮੀਤ ਸਿੰਘ ਸਿੱਧੂ ਲਿਖਦੇ ਹਨ "ਹਰ ਤਿਉਹਾਰ ਜਾਂ ਅਰਦਾਸ, ਪ੍ਰਾਰਥਨਾ ਦਾ ਸਮਾਂ ਪਵਿੱਤਰ ਘਟਨਾਵਾਂ ਦੇ ਯਥਾਰਥ ਦੀ ਪ੍ਰਸਤੁਤੀ ਹੁੰਦਾ ਹੈ ਜੋ ਮਨੁੱਖ ਨੂੰ ਉਸਦੇ ਮਿਥਿਹਾਸਕ ਭੂਤਕਾਲ ਵਿਚ ਲੈ ਜਾਂਦਾ ਹੈ ਜਿਥੋਂ ਉਸਦੀ ਸ਼ੁਰੂਆਤ ਹੋਈ ਹੁੰਦੀ ਹੈ। ਧਾਰਮਕ ਉਤਸਵ ਵਿਚ ਸ਼ਮੂਲੀਅਤ ਆਮ ਦੁਨਿਆਵੀ ਸਮੇਂ ਤੋਂ ਹੁੰਦੀ ਹੈ ਇਸਨੂੰ ਉਤਸਵ ਆਪਣੇ ਆਪ ਹੀ ਮਿਥਿਹਾਸਕ ਸਮੇਂ ਵਿਚ ਪੁਨਰ ਇਕਜੁੱਟ ਅਤੇ ਪੁਨਰ-ਅਸਲੀਅਤ ਵਿਚ ਲੈ ਜਾਂਦਾ ਹੈ। ਇਸ ਕਰਕੇ ਪਵਿੱਤਰ ਸਮਾਂ ਨਿਸ਼ਚਤ ਰੂਪ ਵਿਚ ਪੁਨਰ-ਪ੍ਰਾਪਤ ਅਤੇ ਨਿਸ਼ਚਤ ਤੌਰ 'ਤੇ ਮੁੜ ਦੁਹਰਾਉਣਯੋਗ ਹੁੰਦਾ ਹੈ। ਇਸ ਤਰ੍ਹਾਂ ਨਾਲ ਇਹ ਗੁਜ਼ਰਦਾ ਨਹੀਂ ਸਗੋਂ ਮੁੜ ਤਾਜ਼ਾ ਹੁੰਦਾ ਰਹਿੰਦਾ ਹੈ।"[23] ਮਿੱਥ ਅਤੇ ਭੂਤਕਾਲ ਤੋਂ ਵਰਤਮਾਨ ਤੱਕ ਇਹਨਾਂ ਦੀ ਪੁਨਰ-ਸਿਰਜਨਾ ਵਿੱਚੋਂ ਪਵਿੱਤਰਤਾ ਦੀ ਪੇਸ਼ਕਾਰੀ ਦਾ ਆਮ ਸਮੇਂ ਨਾਲੋਂ ਵਿਲੱਖਣ ਅਨੁਭਵ ਹੁੰਦਾ ਹੈ।

ਮਿੱਥ ਦਾ ਧਰਮ ਨਾਲ ਡੂੰਘਾ ਸੰਬੰਧ ਹੈ। ਪੀੜ੍ਹੀ ਦਰ ਪੀੜ੍ਹੀ ਧਾਰਮਕ ਗਿਆਨ, ਪਰੰਪਰਾਵਾਂ ਅਤੇ ਮਿੱਥਕ ਰੂਪ ਧਾਰਮਕ ਭਾਈਚਾਰੇ ਰਾਹੀਂ ਆਪਣੀ ਨਿਵੇਕਲੀ ਪਛਾਣ ਬਣਾ ਚੁੱਕੇ ਹੁੰਦੇ ਹਨ। ਧਰਮ ਗ੍ਰੰਥਾਂ ਵਿੱਚ ਵੀ ਧਾਰਮਕ ਅਨੁਭਵਾਂ ਅਤੇ ਗਿਆਨ ਨੂੰ ਸਮਝਣ ਹਿੱਤ ਮਿੱਥ ਦੇ ਅਧਿਐਨ ਕੀਤੇ ਜਾਂਦੇ ਹਨ। ਮਿੱਥ ਰਾਹੀਂ ਸਮਾਜ ਦਾ ਹਰੇਕ ਮੈਂਬਰ ਆਪਣੇ ਵੱਡੇ ਵਡੇਰਿਆਂ ਨਾਲ ਇੱਕ ਸਾਂਝ ਮਹਿਸੂਸ ਕਰਦਾ ਹੈ ਅਤੇ ਉਹਨਾਂ ਦੇ ਅਭਿਆਸਾਂ ਤੋਂ ਸਿੱਖਣ ਦੀ ਕੋਸ਼ਿਸ਼ ਵੀ ਕਰਦਾ ਹੈ ਜੋ ਉਸ ਦੀ ਸਿਮਰਤੀ ਨਾਲ ਪੂਰਨ ਤੌਰ 'ਤੇ ਜੁੜ ਜਾਂਦੇ ਹਨ।

ਧਰਮ ਮੁੱਢ ਤੋਂ ਹੀ ਮਨੁੱਖੀ ਚਿੰਤਨ ਦਾ ਵਿਸ਼ਾ ਬਣਿਆ ਰਿਹਾ ਹੈ। ਅਧਿਆਤਮਕ ਵਰਤਾਰਾ ਹੋਣ ਕਰਕੇ ਇਹ ਮਨੁੱਖ ਦੇ ਅੰਤਰਮੁਖੀ ਅਨੁਭਵ ਨਾਲ ਸੰਬੰਧਤ ਹੈ। ਇਸ ਅੰਤਰਮੁਖੀ ਅਨੁਭਵ ਨੂੰ ਰੁਡੋਲਫ ਓਟੋ (Rudolf Otto) ਨੇ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ "Introverted religious

---

[23] ਉਹੀ, ਪੰ. 167.

experience is the experience of holiness which is a mystical and fulfilling phenomenon of power, purpose, love and good will."[24] ਅੰਤਰਮੁਖੀ ਧਾਰਮਕ ਅਨੁਭਵ ਪਵਿੱਤਰਤਾ ਦਾ ਅਨੁਭਵ ਹੈ ਜਿਹੜਾ ਕਿ ਰਹੱਸਮਈ ਅਤੇ ਸ਼ਕਤੀ, ਉਦੇਸ਼, ਪਿਆਰ ਅਤੇ ਸ਼ੁੱਭ ਇੱਛਾ ਨਾਲ ਸੰਪੂਰਨ ਹੋਣ ਵਾਲਾ ਵਰਤਾਰਾ ਹੈ। ਧਰਮ ਮਨੁੱਖ ਦਾ ਅਨਿੱਖੜਵਾਂ ਅੰਗ ਹੋਣ ਕਰਕੇ ਮਨੁੱਖ ਦੇ ਜੀਵਨ ਵਿੱਚ ਅਹਿਮ ਭੂਮਿਕਾ ਅਦਾ ਕਰਦਾ ਹੈ, ਜਿਸ ਦਾ ਵਾਸਤਵਿਕ ਗਿਆਨ ਧਰਮ ਦਰਸ਼ਨ ਤੋਂ ਬਿਨਾਂ ਸੰਭਵ ਨਹੀਂ ਹੈ। ਧਰਮ ਨੂੰ ਸਮਝਣ ਲਈ ਅਨੇਕਾਂ ਸਿਧਾਂਤਕਾਰਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਪੇਸ਼ ਕੀਤੇ ਹਨ।

"ਧਰਮ ਉਹ ਸ਼ਕਤੀ ਹੈ ਜਿਹੜੀ ਜੀਵਨ ਨੂੰ ਸਹਜਤਾ ਅਤੇ ਸੰਪੂਰਨਤਾ ਪ੍ਰਦਾਨ ਕਰਦੀ ਹੈ। ਧਰਮ ਅਮਿਟ ਸ਼ਕਤੀ ਹੈ ਅਤੇ ਜਦੋਂ ਇਸ ਦੀ ਅਣਹੋਂਦ ਹੋ ਗਈ ਜਾਪਦੀ ਹੈ ਤਾਂ ਦਰਅਸਲ ਇਹ ਮਨ ਦੀਆਂ ਗਹਿਰਾਈਆਂ ਵਿੱਚ ਉਤਰ ਚੁਕੀ ਹੁੰਦੀ ਹੈ ਅਤੇ ਸਮਾਂ ਪਾ ਕੇ ਮੁੜ ਉਭਰ ਆਉਂਦੀ ਹੈ।"[25] ਮਨੁੱਖ ਨੂੰ ਪ੍ਰਭਾਵਿਤ ਕਰਨ ਵਾਲੇ ਮੂਲ ਅਧਾਰਾਂ ਵਿੱਚੋਂ ਧਰਮ ਇੱਕ ਵਿਸ਼ਵਾਸ 'ਤੇ ਵਿਸ਼ਾ ਹੈ ਜਿਹੜਾ ਕਿ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਸ਼ਕਤੀਆਂ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। "ਵਿਸ਼ਵਾਸ ਮਨੁੱਖਾਂ ਦੇ ਸੋਚ-ਪ੍ਰਬੰਧ ਨਾਲ ਸੰਬੰਧਤ ਹੁੰਦਾ ਹੈ। ਸ਼ਾਇਦ ਇਸੇ ਕਰਕੇ ਲੋਕਾਂ ਦਾ ਨਜ਼ਰੀਆ ਸਮੇਂ ਅਤੇ ਸਮਾਜ ਦੀਆਂ ਲੋੜਾਂ ਮੁਤਾਬਿਕ ਬਦਲਦਾ ਰਹਿੰਦਾ ਹੈ। ਮਨੁੱਖ, ਵਿਸ਼ਵਾਸ ਨੂੰ ਨਵੇਂ ਗਿਆਨ ਨਾਲ ਸਮਝਣ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ।"[26]

ਸਮਾਜ ਵਿਗਿਆਨੀਆਂ ਦੀ ਧਾਰਨਾ ਅਨੁਸਾਰ ਧਰਮ, ਸਮਾਜ ਦੀਆਂ ਲੋੜਾਂ ਵਿੱਚੋਂ ਉਪਜਿਆ ਹੈ, ਧਰਮ ਮੁੱਢ ਤੋਂ ਹੀ ਮਨੁੱਖ ਦੇ ਸਮਾਜਕ ਜੀਵਨ ਦਾ ਹਿੱਸਾ ਰਿਹਾ ਹੈ। ਮਨੁੱਖ ਨੇ ਮੁੱਢ ਤੋਂ ਹੀ ਆਪਣੇ ਜੀਵਨ ਦੇ ਰਹੱਸ ਅਤੇ ਮਨੁੱਖੀ ਜੀਵਨ ਨਾਲ ਵਾਪਰਨ ਵਾਲੀਆਂ ਅਸਚਰਜਮਈ ਘਟਨਾਵਾਂ ਜਾਂ ਜੀਵਨ ਦੇ ਅਜਿਹੇ ਪਹਿਲੂਆਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ ਜੋ ਉਸ ਦੀ ਬੁੱਧੀ ਅਤੇ ਗਿਆਨ ਦੇ ਘੇਰੇ ਤੋਂ ਬਾਹਰ ਹੁੰਦੀਆਂ

---

[24] Anand Spencer (1997) "otto calls this religious experience an experience an experession of the Holy, which is very mystical and endowed with power, purpose, love and good will" *Understanding religion and Theories and Mthodology,* vision Venture, Patiala, New Delhi, p. 37.

[25] ਜੋਧ ਸਿੰਘ (1997) 'ਧਰਮ: ਪਰਿਭਾਸ਼ਾ ਅਤੇ ਸਰੂਪ' *ਧਰਮ ਅਧਿਐਨ ਅਕਾਦਮਿਕ-ਪਰਿਪੇਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 2.

[26] ਗੁਰਮੀਤ ਸਿੰਘ ਸਿੱਧੂ (2015) *ਸਿੱਖੀ ਅਤੇ ਸਿੱਖਾਂ ਦਾ ਭਵਿੱਖ,* ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 11.

ਸਨ। "ਪ੍ਰਾਚੀਨ ਮਨੁੱਖ ਦੇ ਜੀਵਨ ਅਤੇ ਉਸ ਦੇ ਸਮਾਜਕ ਚੌਗਿਰਦੇ ਵਿੱਚ ਅਜਿਹਾ ਕਾਫ਼ੀ ਕੁਝ ਵਾਪਰਦਾ ਸੀ ਜੋ ਉਸਨੂੰ ਸਮਝ ਤੋਂ ਬਾਹਰ ਜਾਪਦਾ ਸੀ ਜਿਵੇਂ ਕੁਦਰਤੀ ਆਫ਼ਤਾਂ, ਕੁਦਰਤੀ ਕਰੋਪੀ, ਭਿਆਨਕ ਬਿਮਾਰੀਆਂ, ਮੌਤ ਅਤੇ ਡਰ ਵਰਗੇ ਅਨੇਕਾਂ ਵਰਤਾਰੇ ਉਸਨੂੰ ਗੈਬੀ ਸ਼ਕਤੀਆਂ ਦੀ ਹੋਂਦ ਬਾਰੇ ਸੋਚਣ ਲਈ ਮਜਬੂਰ ਕਰਦੇ ਸਨ। ਆਦਿ ਮਾਨਵ ਦੀ ਇਸ ਸੋਚ ਵਿੱਚੋਂ ਧਰਮ ਚਿੰਤਨ ਦੀ ਸ਼ੁਰੂਆਤ ਮੰਨੀ ਜਾਂਦੀ ਹੈ।"[27] ਮਨੁੱਖ ਦਾ ਸਮਾਜ ਅਤੇ ਸਮਾਜ ਦਾ ਧਰਮ ਨਾਲ ਸਬੰਧ ਅਤੇ ਇੱਕ ਦੂਜੇ 'ਤੇ ਪ੍ਰਭਾਵ ਦੇ ਅਧਿਐਨ ਕਰਦੀ ਵਿਧੀ ਦਾ ਨਾਮ ਸਮਾਜ-ਸ਼ਾਸਤਰੀ ਵਿਧੀ ਹੈ।

ਧਰਮ-ਸ਼ਾਸਤਰੀ ਵਿਧੀ ਰਾਹੀਂ ਧਾਰਮਕ ਗ੍ਰੰਥਾਂ, ਅੰਤਿਮ ਸੱਚ, ਧਾਰਮਕ ਸੰਸਥਾਵਾਂ ਅਤੇ ਧਾਰਮਕ ਵਿਹਾਰ ਦਾ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਅਧਿਐਨ ਕੀਤਾ ਜਾਂਦਾ ਹੈ। ਧਰਮ-ਸ਼ਾਸਤਰ ਵਿੱਚ ਧਰਮ ਸਾਹਮਣੇ ਵਿਗਿਆਨ ਵੱਲੋਂ ਪੈਦਾ ਕੀਤੇ ਪ੍ਰਸ਼ਨਾਂ ਦਾ ਵਿਗਿਆਨਕ ਦ੍ਰਿਸ਼ਟੀ ਤੋਂ ਉੱਤਰ ਦਿੱਤਾ ਜਾਂਦਾ ਹੈ। ਧਰਮ-ਸ਼ਾਸਤਰ ਇੱਕ ਧਰਮ ਵਿਸ਼ੇਸ਼ ਕਰਕੇ ਅਧਿਐਨ ਕਰਤਾ ਦੇ ਆਪਣੇ ਧਰਮ ਦਾ ਸ਼ਾਸਤਰ ਹੈ ਭਾਵ ਕਿ ਧਰਮ-ਸ਼ਾਸਤਰ ਦੇ ਵਿਸ਼ੇ ਵਿੱਚ ਧਰਮ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਜ਼ਰੂਰੀ ਧਾਰਨਾ ਹੈ। "ਧਰਮ ਮਨੁੱਖੀ ਜੀਵਾਂ ਦੀ ਪਰਮਾਤਮਾ ਵਿਚ ਸ਼ਰਧਾ ਦਾ ਨਾਂ ਹੈ। ਧਰਮ ਨੂੰ ਪਰਮਾਤਮਾ ਦੇ ਅਨੁਭਵ ਹੋਣ ਦਾ ਅਮਲ ਵੀ ਮੰਨਿਆ ਜਾਂਦਾ ਹੈ।"[28] ਧਰਮ ਸ਼ਾਸਤਰ ਦਾ ਵਿਸ਼ਾ ਵਸਤੂ ਇਸ ਨਾਲ ਸੰਬੰਧਤ ਵਿਦਿਆਰਥੀ ਆਪ ਹੁੰਦਾ ਹੈ। ਧਰਮ-ਸ਼ਾਸਤਰ ਪਰਾਭੌਤਿਕ ਵਿਗਿਆਨ ਹੈ ਜਿਸ ਦਾ ਆਪਣਾ ਇੱਕ ਤਰਕ ਹੁੰਦਾ ਹੈ, ਜੋ ਕਿ ਕਿਸੇ ਇੱਕ ਵਿਸ਼ੇਸ਼ ਧਰਮ ਦੇ ਸਿਧਾਂਤ ਅਤੇ ਵਿਹਾਰਕ ਸਮੱਸਿਆਵਾਂ ਦਾ ਅਧਿਐਨ ਕਰਦਾ ਹੈ।

ਧਰਮ ਦਾ ਮਨੋਵਿਗਿਆਨ (psychology of religion) ਦਾ ਵਿਸ਼ਾ ਵੀ ਧਰਮ ਚਿੰਤਨ ਦੀਆਂ ਮੁੱਖ ਵਿਧੀਆਂ ਵਿੱਚੋਂ ਇੱਕ ਹੈ। ਧਰਮ ਦੇ ਮਨੋਵਿਗਿਆਨ ਦਾ ਵਿਸ਼ਾ ਮਨੁੱਖ ਦੇ ਅੰਤਰ ਮਨ ਨਾਲ ਸੰਬੰਧਤ ਵਿਸ਼ਾ ਹੈ, ਜਿਸ ਅਧੀਨ ਮਨੁੱਖੀ ਮਨ 'ਤੇ ਧਰਮ ਦੇ ਪ੍ਰਭਾਵ ਨੂੰ ਦੇਖਿਆ ਜਾਂਦਾ ਹੈ। ਜੀਵਨ ਦੇ ਵਿਭਿੰਨ ਖੇਤਰਾਂ ਦਾ ਮਨੋਵਿਸ਼ਲੇਸ਼ਨ ਕਰਨ ਵਾਲੇ ਨਿਯਮਿਤ ਗਿਆਨ ਨੂੰ ਮਨੋਵਿਗਿਆਨ ਕਿਹਾ ਜਾਂਦਾ ਹੈ। ਮਨੋਵਿਗਿਆਨ

---

[27] ਗੁਰਮੀਤ ਸਿੰਘ ਸਿੱਧੂ (2014) *ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ, ਪੰ. 27.

[28] ਗੁਰਮੀਤ ਸਿੰਘ ਸਿੱਧੂ (1999) *ਭਾਰਤੀ ਸਮਾਜ ਦੇ ਮੂਲ ਅਧਾਰ,* ਅਦਬ ਪ੍ਰਕਾਸ਼ਨ, ਪਟਿਆਲਾ, ਪੰ. ੪੪.

ਮਾਨਸਿਕ ਗਤੀਵਿਧੀਆਂ ਨੂੰ ਸਮਝਣ ਦਾ ਇੱਕ ਯਤਨ ਹੈ ਅਤੇ ਧਰਮ ਮਨੁੱਖੀ ਮਾਨਸਿਕਤਾ ਦੇ ਸੂਖਮ ਰਹੱਸ ਪ੍ਰਗਟ ਕਰਨ ਦਾ ਸਾਧਨ ਹੈ ਸ਼ਾਇਦ ਇਸੇ ਕਾਰਨ ਕਰਕੇ ਧਰਮ ਦਾ ਅਧਿਐਨ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਕੀਤਾ ਜਾਣਾ ਸੰਭਵ ਹੈ।

ਮਾਨਵ-ਵਿਗਿਆਨ (anthropology) ਵਿਧੀ ਵੀ ਧਰਮ ਅਧਿਐਨ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ। ਮਾਨਵ ਵਿਗਿਆਨ ਦਾ ਅਧਿਐਨ ਖੇਤਰ ਮਾਨਵ ਜਾਤੀ ਜਿੰਨਾ ਹੀ ਵਿਸ਼ਾਲ ਹੈ, ਮਾਨਵ ਵਿਗਿਆਨ ਵਿਧੀ ਵਿੱਚ ਮਨੁੱਖ ਦੇ ਨਾਲ ਸੰਬੰਧਤ ਸੱਭਿਆਚਾਰ ਅਤੇ ਸਮਾਜਕ ਸਾਰੇ ਪੱਖਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਮਾਨਵ ਵਿਗਿਆਨੀ ਈ.ਬੀ. ਟਾਇਲਰ ਨੇ ਇਸ ਵਿਧੀ ਨਾਲ ਧਰਮ ਦੀ ਉਤਪਤੀ ਅਤੇ ਇਸ ਦੇ ਵਿਕਾਸ ਨੂੰ ਸਮਝਣ ਦਾ ਯਤਨ ਕੀਤਾ ਹੈ। ਧਰਮ ਪ੍ਰਤੀ ਟਾਇਲਰ ਦਾ ਵਿਕਾਸਵਾਦੀ ਨਜ਼ਰੀਆ ਉਨ੍ਹੀਵੀਂ ਸਦੀ ਦੇ ਵਿਗਿਆਨ ਅਤੇ ਤਾਰਕਿਕ ਸੋਚ ਵਿੱਚੋਂ ਉਪਜਿਆ ਹੈ। ਟੀ.ਬੀ. ਟਾਈਲਰ ਨੇ ਜੀਵ-ਆਤਮਾ ਨੂੰ ਧਰਮ ਦੀ ਮੁੱਢਲੀ ਅਵਸਥਾ ਵਜੋਂ ਸਮਝਦਿਆਂ ਜੋ ਪ੍ਰਾਚੀਨ ਸਮਾਜ ਦੇ ਲੋਕ ਆਤਮਾ ਵਿੱਚ ਵਿਸ਼ਵਾਸ ਕਰਦੇ ਸਨ, ਉਹਨਾਂ ਦੀ ਧਾਰਨੀ ਨੂੰ ਪੇਸ਼ ਕੀਤਾ। ਮਾਨਵ ਵਿਗਿਆਨ ਦੀ ਧਾਰਨਾ ਅਨੁਸਾਰ, ਜੀਵ-ਆਤਮਾ ਕੇਵਲ ਮੁੱਢਲੀ ਜਾਂ ਪ੍ਰਾਚੀਨ ਧਰਮ ਦੀ ਕਿਸਮ ਦਾ ਸਰੂਪ ਨਹੀਂ, ਸਗੋਂ ਇਹ ਧਰਮ ਦਾ ਸਿਧਾਂਤ ਹੈ। ਮਾਨਵ ਵਿਗਿਆਨੀਆਂ ਨੇ ਮਾਨਵ ਜੀਵਨ ਨਾਲ ਸੰਬੰਧਤ ਤੱਥਾਂ ਨੂੰ ਧਰਮ ਦੇ ਘੇਰੇ ਵਿੱਚ ਲੈ ਕੇ ਜਾਣਨ ਦਾ ਯਤਨ ਕੀਤਾ ਹੈ। ਧਰਮਾਂ ਦਾ ਮਾਨਵ ਵਿਗਿਆਨ ਮਨੁੱਖ ਦੇ ਬੁਨਿਆਦੀ ਸਮਾਜਿਕ ਵਿਸ਼ਿਆਂ ਨਾਲ ਸੰਬੰਧਤ ਧਾਰਮਕ ਮਾਮਲਿਆਂ ਨੂੰ ਸਮਝਣ ਦਾ ਯਤਨ ਕਰਦਾ ਹੈ। ਧਰਮ ਅਧਿਐਨ ਚਿੰਤਨ ਕਰਨ ਦੀਆਂ ਵਿਧੀਆਂ ਵਿੱਚੋਂ ਪਰਪੰਚ ਵਿਗਿਆਨੀ (phenomenology approach) ਪਹੁੰਚ-ਵਿਧੀ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਪਰਪੰਚ ਵਿਗਿਆਨ ਦੀ ਵਿਧੀ ਆਪਣੇ ਆਪ ਨੂੰ ਪ੍ਰਗਟ ਕਰਦੇ ਦ੍ਰਿਸ਼ਟੀਕੋਣ 'ਤੇ ਕੇਂਦਰਿਤ ਕਰਦੀ ਹੈ, ਇਸ ਵਿਧੀ ਅਨੁਸਾਰ ਜੋ ਅਸਲ ਰੂਪ ਵਿੱਚ ਪ੍ਰਗਟਾਅ ਹੁੰਦਾ ਹੈ ਕੇਵਲ ਉਸ ਨੂੰ ਹੀ ਪੇਸ਼ ਕੀਤਾ ਜਾਂਦਾ ਹੈ, ਆਪਣੀ ਨਿੱਜੀ ਰਾਏ ਜਾਂ ਤਜ਼ਰਬਾ ਨਹੀਂ ਵਰਤਿਆ ਜਾਂਦਾ।

ਧਰਮ ਦੀਆਂ ਚਿੰਤਨ ਵਿਧੀਆਂ ਵਿੱਚ ਧਰਮ ਦੇ ਸਮਾਜ-ਵਿਗਿਆਨ (Sociology of Religion) ਦਾ ਵੀ ਵਿਸ਼ੇਸ਼ ਮਹੱਤਵ ਹੈ। ਸਮਾਜ-ਵਿਗਿਆਨ ਸਮਾਜਕ ਅੰਤਰ ਕਿਰਿਆਵਾਂ, ਸਮਾਜਕ ਸੰਬੰਧਾਂ, ਸਮਾਜਕ ਸੰਸਥਾਵਾਂ ਦੇ ਨਾਲ-ਨਾਲ ਸਮਾਜ ਨਾਲ ਜੁੜੇ ਵਿਸ਼ਿਆਂ ਨਾਲ ਸੰਬੰਧ ਰੱਖਦਾ ਵਿਗਿਆਨ ਹੈ। ਇਸ ਘੇਰੇ ਵਿੱਚ

ਸਮਾਜ, ਇਸ ਦੀ ਸੰਰਚਨਾ ਅਤੇ ਕਾਰਜਾਂ ਦੇ ਅਧਿਐਨ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਧਰਮ ਅਤੇ ਸਮਾਜ ਅਨਿੱਖੜਵੇਂ ਵਰਤਾਰੇ ਹਨ, ਇਸ ਕਾਰਨ ਧਰਮ ਅਧਿਐਨ ਸਮੇਂ ਸਮਾਜਕ ਅਧਿਐਨ ਦੇ ਪਾਸਾਰ ਵੀ ਸ਼ਾਮਲ ਹੋ ਜਾਂਦੇ ਹਨ। ਦੁਰਖਾਇਮ ਨੇ ਸਮਾਜ ਵਿਗਿਆਨਕ ਸਿਧਾਂਤ ਨੂੰ ਵਿਕਸਤ ਕਰਨ ਤੋਂ ਇਲਾਵਾ ਸਮਾਜ ਵਿਗਿਆਨਕ ਖੋਜ-ਵਿਧੀ ਦੇ ਨਿਯਮ ਨਿਰਧਾਰਤ ਕੀਤੇ। "ਦੁਰਖਾਇਮ ਅਨੁਸਾਰ ਧਰਮ ਦੇ ਕਾਰਜ ਸਮਾਜਕ ਸੰਰਚਨਾ ਨਾਲ ਅੰਤਰ-ਸੰਬੰਧਤ ਹੁੰਦੇ ਹਨ। ਉਸਨੇ ਸਮਾਜ ਨੂੰ ਸਮੱਗਰ ਰੂਪ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਰਕੇ ਉਹ ਧਰਮ ਦੇ ਕਾਰਜਾਂ ਨੂੰ ਇਸ ਦੀ ਸੰਰਚਨਾ ਤੋਂ ਪ੍ਰਭਾਵਿਤ ਮੰਨਦਾ ਹੈ। ਧਰਮ ਸਮਾਜ ਦੀਆਂ ਲੋੜਾਂ ਅਨੁਸਾਰ ਕਾਰਜ ਕਰਦਾ ਹੈ ਅਤੇ ਇਹ ਸਮਾਜ ਨੂੰ ਸੰਗਠਿਤ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।"[29] ਸਮਾਜ ਵਿਗਿਆਨਕ ਵਿਧੀ ਦੇ ਅਧਾਰ 'ਤੇ ਜਿਵੇਂ ਧਰਮ ਦਾ ਸਮਾਜ ਉੱਪਰ ਸਮੂਹਿਕ ਪ੍ਰਭਾਵ ਪੈਂਦਾ ਹੈ, ਇਸੇ ਤਰ੍ਹਾਂ ਸਮਾਜ ਨੂੰ ਸਿਮਰਤੀ ਸਮੂਹਿਕ ਰੂਪ ਵਿੱਚ ਪ੍ਰਭਾਵਿਤ ਕਰਦੀ ਹੈ।

ਧਰਮ ਦੇ ਸਿਧਾਂਤ ਅਨੁਸਾਰ ਸੱਚ ਸਦੀਵੀ ਹੈ ਜਦੋਂ ਕਿ ਪਦਾਰਥਵਾਦੀ ਵਿਧੀ ਰਾਹੀਂ ਮਾਰਕਸ ਨੇ ਦੱਸਣ ਦਾ ਯਤਨ ਕੀਤਾ ਹੈ ਕਿ ਇਸ ਸੰਸਾਰ ਵਿੱਚ ਕੁਝ ਵੀ ਸਥਿਰ ਨਹੀਂ ਅਤੇ ਤਬਦੀਲੀ ਕੁਦਰਤ ਦਾ ਨਿਯਮ ਹੈ। ਕਾਰਲ ਮਾਰਕਸ ਨੇ ਧਰਮ ਦੇ ਵਿਕਾਸ ਦਾ ਸਿਧਾਂਤ ਪੇਸ਼ ਨਹੀਂ ਕੀਤਾ, ਸਗੋਂ ਉਸ ਨੇ ਮਨੁੱਖੀ ਇਤਿਹਾਸ ਦੇ ਵਿਕਾਸ ਦੇ ਸਿਧਾਂਤਕ ਨਿਯਮ ਲੱਭੇ ਹਨ, ਇਸ ਲਈ ਉਸ ਦੀ ਚਿੰਤਨ ਕਰਨ ਦੀ ਵਿਧੀ ਨੂੰ ਇਤਿਹਾਸ ਵਿਗਿਆਨੀ ਅਤੇ ਪਦਾਰਥਵਾਦੀ ਵਿਧੀ ਦਾ ਨਾਮ ਦਿੱਤਾ ਜਾਂਦਾ ਹੈ। "ਉਸਦੇ ਸਿਧਾਂਤ ਨੂੰ ਆਰਥਕਤਾ ਦਾ ਸਿਧਾਂਤ ਕਹਿ ਸਕਦੇ ਹਾਂ, ਕਿਉਂਕਿ ਕਾਰਲ ਮਾਰਕਸ ਨੇ ਆਪਣੇ ਪਦਾਰਥਵਾਦੀ ਨਜ਼ਰੀਏ ਨਾਲ ਸਮਾਜ, ਧਰਮ, ਰਾਜਨੀਤੀ ਅਤੇ ਸਮਾਜਿਕ ਰਿਸ਼ਤਿਆਂ ਨੂੰ ਸਮਝਦਾ ਹੈ।"[30] ਧਰਮ ਅਧਿਐਨ ਦੀਆਂ ਵਿਭਿੰਨ ਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਅਸੀਂ ਇਹ ਕਹਿ ਸਕਦੇ ਹਾਂ ਕਿ ਧਰਮ ਵਿਸ਼ਾਲ ਵਰਤਾਰਾ ਹੈ। ਇਸ ਨੂੰ ਉਸੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ ਜਿਵੇਂ ਇਹ ਪ੍ਰਗਟ ਹੁੰਦਾ ਹੈ।

---

[29] ਗੁਰਮੀਤ ਸਿੰਘ ਸਿੱਧੂ (2014) *ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ,* ਗੁਰਗਿਆਨ ਬੁਕਸ, ਪਟਿਆਲਾ, ਪੰਨੇ. 88-89.

[30] ਉਹੀ, ਪੰ. 118.

## 5 ਸਿਮਰਤੀ ਅਤੇ ਮਨ

ਸਿਮਰਤੀ ਦਾ ਸੰਬੰਧ ਮਨ ਅਤੇ ਮਾਨਸਿਕ ਕਿਰਿਆਵਾਂ ਨਾਲ ਹੈ। ਮਨੁੱਖੀ ਮਨ ਅਚੇਤ ਅਤੇ ਸੁਚੇਤ ਰੂਪ ਵਿੱਚ ਕਈ ਪ੍ਰਕਿਰਿਆਵਾਂ ਵਿੱਚੋਂ ਗੁਜ਼ਰਦਾ ਰਹਿੰਦਾ ਹੈ ਅਤੇ ਇਸੇ ਵਿੱਚੋਂ ਹੀ ਸਿਮਰਤੀ ਦੇ ਅਦਭੁਤ ਰੂਪ ਮਨੁੱਖੀ ਮਨ ਵਿੱਚ ਉੱਕਰੇ ਜਾਂਦੇ ਹਨ। "ਮਨ ਦਾ ਆਪਣਾ ਕੋਈ ਸਰੂਪ ਨਹੀਂ। ਇੰਦਰਿਆਈ ਗਿਆਨ 'ਤੇ ਅਧਾਰਿਤ ਸੰਕਲਪਾਂ-ਵਿਕਲਪਾਂ ਦੇ ਢਾਂਚੇ ਦਾ ਨਾਮ ਹੀ ਮਨ ਹੈ। ਸੰਕਲਪ-ਵਿਕਲਪ (ਫੁਰਨੇ) ਕੁਦਰਤੀ ਨਹੀਂ ਹੁੰਦੇ, ਮਨੁੱਖ ਦੇ ਆਪਣੇ ਸਿਰਜੇ ਹੋਏ ਹੁੰਦੇ ਹਨ ਤੇ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ। ਇਹ ਫੁਰਨੇ ਮਨੁੱਖ ਦੇ ਸੁਭਾ ਤੋਂ ਉਤਪੰਨ ਹੁੰਦੇ ਹਨ। ਕਰਮ ਹੀ ਪੱਕ ਕੇ ਸੁਭਾ ਬਣਦਾ ਹੈ ਤੇ ਸੁਭਾ ਵਿੱਚੋਂ ਹੀ ਸੰਸਕਾਰ ਉਪਜਦੇ ਹਨ।"[31] ਜਦੋਂ ਅਸੀਂ ਪਰਮਸੱਤਾ ਬਾਰੇ ਸੋਚਦੇ ਹਾਂ ਤਾਂ ਸਭ ਤੋਂ ਪਹਿਲਾਂ ਸਿਰਜਕ ਦੀ ਕਲਪਨਾ ਸਿਮਰਤੀ ਵਿੱਚ ਪੈਦਾ ਹੁੰਦੀ ਹੈ ਕਿਉਂਕਿ ਸਿੱਖ ਆਪਣੇ ਆਪ ਨੂੰ ਪਰਮਸੱਤਾ ਦਾ ਹੀ ਅੰਸ਼ ਮੰਨਦਾ ਹੈ ਅਤੇ ਉਸ ਵਿੱਚ ਸਮਾ ਜਾਣ ਦੀ ਤਾਂਘ ਰੱਖਦਾ ਹੈ। ਸਿੱਖ ਸਿਮਰਤੀ ਵਿੱਚ ਗੁਰਮਤਿ ਸਿਧਾਂਤਾਂ ਅਨੁਸਾਰ ਮਨ ਦੇ ਸਰੂਪ ਦੀ ਬਣਤਰ ਗੁਰੂਵਾਕ ਅਨੁਸਾਰ;

ਇਹੁ ਮਨੁ ਕਰਮਾ ਇਹੁ ਮਨੁ ਧਰਮਾ॥
ਇਹੁ ਮਨੁ ਪੰਚ ਤਤੁ ਤੇ ਜਨਮਾ॥[32]

ਗੁਰਬਾਣੀ ਅਨੁਸਾਰ ਮਨ ਦੀ ਹੋਂਦ ਮਨੁੱਖ ਦੇ ਜਨਮ ਤੋਂ ਪਹਿਲਾਂ ਪੂਰਬਲੀ ਹੁੰਦੀ ਹੈ। ਇਸ ਤਰ੍ਹਾਂ ਇਹ ਮਨ ਸੱਚਾਈ ਦੀ ਕਮਾਈ ਕਰਕੇ ਧਰਮੀ ਹੋ ਨਿਬੜਦਾ ਹੈ। ਇਹ ਪੰਜਾਂ ਤੱਤਾਂ ਦਾ ਬਣਿਆ ਜਨਮ ਮਰਨ ਦੇ ਗੇੜ ਵਿੱਚ ਨਹੀਂ ਫਿਰਦਾ ਹੈ। ਗੁਰਬਾਣੀ ਅਨੁਸਾਰ ਮਨ ਨੂੰ ਜੋਤਿ ਰੂਪ ਮੰਨਿਆ ਗਿਆ ਹੈ;

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥[33]

ਮਨ ਨੂੰ ਜੋਤਿ ਸਰੂਪ ਇਸ ਕਰਕੇ ਕਿਹਾ ਗਿਆ ਹੈ ਕਿਉਂਕਿ ਮਨ ਚੇਤਨਾ ਦਾ ਵਿਸ਼ਾ ਹੈ, ਸ਼ੁੱਧ ਚੇਤਨਾ ਆਤਮਾ ਹੁੰਦੀ ਹੈ। ਮਨ ਨਾਲ ਜੁੜੇ ਵਿਸ਼ਿਆਂ ਦੇ ਪ੍ਰਭਾਵ ਸਿਮਰਤੀ 'ਤੇ ਸਹਿਜੇ ਹੀ ਦੇਖੇ ਜਾ ਸਕਦੇ

---

31 ਜਸਵੰਤ ਸਿੰਘ ਨੇਕੀ (ਦਸੰਬਰ 2009) *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 51.

32 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 415.

33 ਉਹੀ, ਪੰ. 441.

ਹਨ। ਪ੍ਰਸਿੱਧ ਪੱਛਮੀ ਵਿਦਵਾਨ ਮੇਰੀ ਕਾਰਥੁਰਸ Mary Carruthess ਲਿਖਦੀ ਹੈ "Great memory is found in the sky.This is the achievement of our highest intelligence, even in science."[34] ਭਾਵ ਕਿ ਮਹਾਨ ਸਿਮਰਤੀ ਆਕਾਸ਼ ਵਿੱਚੋਂ ਲੱਭੀ ਜਾਂਦੀ ਹੈ। ਇਹ ਸਾਡੀ ਸਰਵਉੱਚ ਬੁੱਧੀਮਤਾ ਦੀ ਪ੍ਰਾਪਤੀ ਹੈ, ਇਥੋਂ ਤੱਕ ਕਿ ਵਿਗਿਆਨ ਵਿੱਚ ਵੀ। ਸਿਮਰਤੀ ਗਿਆਨ ਦਾ ਇੱਕ ਮਹੱਤਵਪੂਰਨ ਸਾਧਨ ਹੈ, ਜਿਸ ਰਾਹੀਂ ਇਤਿਹਾਸਕ ਘਟਨਾਵਾਂ ਜੋ ਵਰਤਮਾਨ ਦੇ ਕਾਰਜਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਭਵਿੱਖ ਲਈ ਨਵਾਂ ਰਸਤਾ ਤਿਆਰ ਕਰਦੀਆਂ ਹਨ ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ। ਸਿਮਰਤੀ ਗਿਆਨ ਦੇ ਨਾਲ-ਨਾਲ ਮਨੋਵਿਗਿਆਨਕ ਪੱਖ ਤੋਂ ਵੀ ਵਿਸ਼ੇਸ਼ ਸਥਾਨ ਰੱਖਦੀ ਹੈ।

ਮਨੋਵਿਗਿਆਨ ਮਨੁੱਖੀ ਮਨ ਦੇ ਵਿਹਾਰ ਦਾ ਗਿਆਨ ਹੈ, ਇਸੇ ਵਿਸ਼ੇ ਅਧੀਨ ਮਨ ਨਾਲ ਜੁੜੀਆਂ ਸਿਮਰਤੀਆਂ ਨੂੰ ਜਾਣਿਆ ਜਾ ਸਕਦਾ ਹੈ। "ਮਨੁੱਖੀ ਵਿਹਾਰ ਦੇ ਤਿੰਨ ਖੇਤਰ ਹਨ, ਗਿਆਨਾਤਮਕ, ਭਾਵਾਤਮਕ ਅਤੇ ਕ੍ਰਿਆਤਮਕ। ਗਿਆਨਾਤਮਕ ਪੱਖ ਵਿੱਚ ਸਾਡੀ ਗਿਆਨ ਇੰਦਰੀਆਂ ਰਾਹੀਂ ਸਾਡੇ ਅੰਦਰ ਜੋ ਉਤੇਜਨਾਵਾਂ ਪੈਦਾ ਹੁੰਦੀਆਂ ਹਨ, ਉਨ੍ਹਾਂ ਦੀ ਅਨੁਕ੍ਰਿਆਵਾਂ ਤੋਂ ਜੋ ਕ੍ਰਿਆਵਾਂ ਉਤਪੰਨ ਹੁੰਦੀਆਂ ਹਨ, ਉਹ ਗਿਆਨਾਤਮਕ ਵਿਵਹਾਰ ਹੁੰਦਾ ਹੈ। ਇਸ ਰਾਹੀਂ ਸਾਨੂੰ ਗਿਆਨ ਮਿਲਦਾ ਹੈ। ਇਹ ਗਿਆਨ ਪ੍ਰਤੱਖਣ ਕ੍ਰਿਆ ਰਾਹੀਂ ਸਾਡੇ ਦਿਮਾਗ ਵਿਚ ਤੰਤੂ-ਤਰੰਗਾਂ ਦੇ ਵਾਹਣ ਨਾਲ ਸ਼ੁਰੂ ਹੋ ਕੇ ਸਾਡੇ ਸਰੀਰ ਦੇ ਦੂਜੇ ਭਾਗਾਂ ਰਾਹੀਂ ਅਨੁਕ੍ਰਿਆ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸ ਵਿਚ ਸਿੱਖਣ ਦੀ ਕ੍ਰਿਆ, ਯਾਦਾਸ਼ਤ ਸ਼ਕਤੀ, ਭੁੱਲਣਾ, ਧਾਰਨਾ ਸ਼ਕਤੀ, ਸੋਚਣਾ, ਕਲਪਨਾ ਕਰਨੀ, ਤਰਕ ਸ਼ਕਤੀ, ਸਮੱਸਿਆ ਸਮਾਧਾਨ ਅਤੇ ਨਿਰਣਾ ਲੈਣ ਆਦਿ ਦੀਆਂ ਉਚੀਆਂ ਮਾਨਸਿਕ ਕ੍ਰਿਆਵਾਂ ਸ਼ਾਮਲ ਹੁੰਦੀਆਂ ਹਨ। ਇਹ ਸਾਰੀਆਂ ਸਾਡੇ ਦਿਮਾਗ ਅਤੇ ਮਨ ਨਾਲ ਸੰਬੰਧਤ ਹੁੰਦੀਆਂ ਹਨ।"[35] ਮਨੁੱਖ ਦੀ ਸ਼ਖ਼ਸੀਅਤ ਘੜਨ ਲਈ ਸਿਮਰਤੀ ਅਤੇ ਮਨ ਦਾ ਇੱਕ-ਸੁਰ ਹੋਣਾ ਚਾਹੀਦਾ ਹੈ ਕਿਉਂਕਿ ਸਿਮਰਤੀ ਨੇ ਗਿਆਨ ਦੇ ਸਿਧਾਂਤਾਂ ਨੂੰ ਤਰਤੀਬ ਵਿੱਚ ਰੱਖਣਾ ਹੁੰਦਾ ਹੈ ਅਤੇ ਮਨ ਨੇ ਗਿਆਨ ਦੇ ਸਿਧਾਂਤਾਂ ਨੂੰ ਵਿਹਾਰ ਵਿੱਚ ਲਿਆ ਕੇ ਚੰਗੇ ਨਤੀਜੇ ਪੇਸ਼ ਕਰਨੇ ਹੁੰਦੇ ਹਨ। ਚੰਗੀ ਸ਼ਖ਼ਸੀਅਤ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾਂਦਾ ਹੈ ਕਿ ਉਸ ਦੀ ਸਿਮਰਤੀ ਵਿੱਚ ਕਿਹੋ ਜਿਹਾ ਗਿਆਨ ਅਤੇ ਵਿਹਾਰ ਹੈ। ਇਸ ਲਈ ਸਿਮਰਤੀ ਅਤੇ ਮਨ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ।

---

34 Mary Carruthess (2008) *The Book on Memory,* 2nd ed., Cambridge University Press, U.K, p. 1.

35 ਆਗਿਆਜੀਤ ਸਿੰਘ (2015) *ਵਿਵਹਾਰਿਕ ਕੁਸ਼ਲਤਾਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 2.

ਮਨੁੱਖੀ ਮਨ ਦੀਆਂ ਕੁਝ ਮੁੱਢਲੀਆਂ ਪ੍ਰਵਿਰਤੀਆਂ ਵਿੱਚ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਸ਼ਾਮਿਲ ਹਨ। ਕੋਈ ਮਨ ਇਨ੍ਹਾਂ ਪ੍ਰਵਿਰਤੀਆਂ ਦੀ ਅਣਹੋਂਦ ਤੋਂ ਬਿਨਾਂ ਕਾਰਜ ਨਹੀਂ ਕਰ ਸਕਦਾ। ਇਹ ਪ੍ਰਵਿਰਤੀਆਂ ਮਨੁੱਖੀ ਮਨ ਵਿੱਚ ਭਾਵਾਂ ਨੂੰ ਜਨਮ ਦਿੰਦੀਆਂ ਹਨ। ਇਹ ਭਾਵ ਜਦੋਂ ਲੋਕ ਜੀਵਨ ਦੇ ਪ੍ਰਭਾਵ ਨਾਲ ਸੰਯੋਗ ਕਰਕੇ ਗਤੀਸ਼ੀਲ ਹੁੰਦੇ ਹਨ ਤਾਂ ਸਹਿਜ ਅਤੇ ਸਥਿਰ ਮਨ ਦੀ ਸਿਰਜਣਾ ਕਰਦੇ ਹਨ। ਇਹ ਹੀ ਲੋਕ-ਮਨ ਹੋਇਆ ਕਰਦਾ ਹੈ, ਲੋਕ-ਮਨ ਵਿੱਚ ਜਨ ਸਮੂਹ ਦੁਆਰਾ ਸਹਿਜ ਰੂਪ ਵਿਚ ਹਾਸਲ ਕੀਤੇ ਸਰਬ-ਸਾਂਝੇ ਅਨੁਭਵ ਸ਼ਾਮਲ ਹੁੰਦੇ ਹਨ। ਜਿਵੇਂ ਕਿ ਲੋਕ-ਮਨ ਸਮੇਂ ਅਤੇ ਪ੍ਰਸਥਿਤੀਆਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੂੰ ਕਲਗੀਆਂ ਵਾਲਾ ਆਖਦਾ ਹੈ ਕਿਉਂਕਿ ਇਹ ਕਲਗੀ ਉਸ ਕਿਰਤੀ ਦੀ ਹੈ ਜੋ ਸਥਿਤੀ ਦੇ ਨਿਘਾਰ ਨੂੰ ਸਮਝਦਿਆਂ ਨਵੀਂ ਨਿਵੇਕਲੀ ਸਥਿਤੀ ਸਿਰਜਦਾ ਹੈ, ਜਿਹੜੀ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੁੰਦੀ। "ਲੋਕ-ਮਨ ਨੇ ਦਸਮੇਸ਼ ਪਿਤਾ ਦੀ ਮਹਾਨ ਕਰਨੀ ਦਾ ਅਤੇ ਇਤਿਹਾਸਕ ਦੇਣ ਦਾ ਸਾਰ-ਤੱਤ ਇਉਂ ਪੇਸ਼ ਕੀਤਾ ਹੈ:

> ਜਿਥੇ ਬੈਠ ਗਏ ਕਲਗੀਆਂ ਵਾਲੇ,
> ਧਰਤੀ ਨੂੰ ਭਾਗ ਲੱਗ ਗਏ।"[36]

ਕਲਗੀ ਉੱਚ ਦਾ ਪ੍ਰਤੀਕ ਹੈ। ਗੁਰੂ ਸਭ ਤੋਂ ਉੱਚਾ ਹੈ ਜਿੱਥੇ ਉਹ ਉੱਚਾ ਹੈ ਉਹ ਪਵਿੱਤਰ ਵੀ ਹੈ, ਗੁਰੂ ਦੀ ਛੋਹ ਨਾਲ ਹਰ ਸ਼ੈਅ ਪਵਿੱਤਰ ਹੋ ਜਾਂਦੀ ਹੈ। ਭਾਗ ਲੱਗਣ ਤੋਂ ਭਾਵ ਧਰਤੀ ਦਾ ਪਵਿੱਤਰ ਹੋਣਾ ਹੈ। ਲੋਕਮਨ ਆਪਣੀ ਸਿਮਰਤੀ ਦੀ ਸ਼ਕਤੀ ਦੁਆਰਾ ਇਤਿਹਾਸ ਅਤੇ ਪਰੰਪਰਾਵਾਂ ਨਾਲ ਜੁੜਿਆ ਹੁੰਦਾ ਹੈ। ਮਨੋਵਿਗਿਆਨਕ ਪੱਖ ਤੋਂ ਉਪਜੀ ਸਿਮਰਤੀ ਅੱਗੇ ਗਿਆਨ ਅਵਸਥਾ ਦੇ ਰੂਪ ਨੂੰ ਧਾਰਨ ਕਰਦੀ ਹੈ।

ਸਿਮਰਤੀ, ਪ੍ਰਤੱਖ ਗਿਆਨ ਅਤੇ ਕਲਪਨਾ ਵਿਚਕਾਰ ਅੰਤਰ ਹੈ, ਪ੍ਰਤੱਖ ਗਿਆਨ ਰਾਹੀਂ ਉਹਨਾਂ ਘਟਨਾਵਾਂ ਨੂੰ ਯਾਦ ਕੀਤਾ ਜਾਂਦਾ ਹੈ ਜੋ ਵਰਤਮਾਨ ਵਿੱਚ ਵਾਪਰ ਰਹੀਆਂ ਹੁੰਦੀਆਂ ਹਨ। ਜਦਕਿ ਸਿਮਰਤੀ ਦਾ ਸੰਬੰਧ ਭੂਤਕਾਲ ਨਾਲ ਵਧੇਰੇ ਜੁੜਦਾ ਹੈ, ਇਸ ਲਈ ਸਿਮਰਤੀ ਪ੍ਰਤੱਖ ਗਿਆਨ ਤੋਂ ਅਲੱਗ ਵਿਸ਼ਾ ਹੈ ਕਿਉਂਕਿ "ਇੰਦਰੀਆਂ ਦੇ ਸੰਯੋਗ ਨਾਲ ਅੰਤਹਕਰਣ ਨੂੰ ਹੋਇਆ ਗਿਆਨ ਪ੍ਰਤੱਖ ਗਿਆਨ ਪ੍ਰਤੱਖ ਪ੍ਰਮਾਣ ਕਹਾਉਂਦਾ ਹੈ।"[37] ਸਿਮਰਤੀ ਦਾ ਸੰਬੰਧ ਅਪ੍ਰਤੱਖ ਗਿਆਨ ਨਾਲ ਜੁੜ ਜਾਂਦਾ ਹੈ ਕਿਉਂਕਿ "ਇਤਿਹਾਸਕ

---

[36] ਪੰਜਾਬੀ ਟ੍ਰਿਬਿਊਨ (11, ਅਪ੍ਰੈਲ 1999) *ਆਨੰਦਪੁਰੀ ਸੋਚ ਦਾ ਸਰੋਵਰ,* ਚੰਡੀਗੜ੍ਹ.

[37] ਜਸਵੰਤ ਸਿੰਘ ਨੇਕੀ (ਦਸੰਬਰ 2009) *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 69.

ਚੇਤਨਤਾ ਘਟਨਾਵਾਂ ਨੂੰ ਕੇਵਲ ਯਾਦ ਕਰਦੀ ਹੈ ਪਰ ਸਿਮਰਤੀ ਖੁਦ ਸ਼ਾਮਿਲ ਹੋ ਕੇ ਭੂਤਕਾਲ ਨੂੰ ਬਦਲ ਕੇ ਵਰਤਮਾਨ ਅਤੇ ਭਵਿਖ ਦਾ ਰੂਪ ਦਿੰਦੀ ਹੈ।"[38]

ਮਨੁੱਖ ਬੀਤ ਚੁੱਕੇ ਤੋਂ ਕੁਝ ਨਾ ਕੁਝ ਸਿੱਖਦਾ ਹੈ ਅਤੇ ਭਵਿੱਖ ਪ੍ਰਤੀ ਉਸ ਦੀਆਂ ਧਾਰਨਾਵਾਂ ਅਤੇ ਕਲਪਨਾਵਾਂ ਸਿਮਰਤੀ ਦੇ ਆਧਾਰ ਉੱਤੇ ਸਿਰਜਦਾ ਹੈ। ਵਰਤਮਾਨ ਵਿੱਚ ਕਈ ਡਰ ਅਤੇ ਅੰਦੇਸ਼ੇ ਹੁੰਦੇ ਹਨ, ਜਿਨ੍ਹਾਂ ਨੂੰ ਸਿਮਰਤੀ ਆਧਾਰ ਰੂਪ ਦਿੰਦੀ ਹੈ। "ਮਨ ਮਨੁੱਖੀ ਚੇਤਨਾ (ਅੰਤਹਕਰਣ) ਦਾ ਉਹ ਅੰਗ ਮੰਨਿਆ ਜਾਂਦਾ ਹੈ ਜੋ ਗਿਆਨ-ਇੰਦ੍ਰੀਆਂ ਦੇ ਸੰਕੇਤਾਂ ਕਰਮ-ਇੰਦ੍ਰੀਆਂ ਦਾ ਨਿਯੰਤ੍ਰਣ ਕਰਦਾ ਹੈ ਤੇ ਜੇ ਬੌਧਿਕ ਚੇਤਨਾ ਦੇ ਵਸ ਵਿਚ ਨਾ ਕੀਤਾ ਜਾਵੇ ਤਾਂ ਸਰੀਰ ਦੀਆਂ ਭੌਤਿਕ ਲੋੜਾਂ ਦੀ ਪੂਰਤੀ ਨੂੰ ਆਪਣਾ ਆਦਰਸ਼ ਧਾਰ ਲੈਂਦਾ ਹੈ। ਮਨ ਨੂੰ ਪ੍ਰਾਣੀਆਂ ਦੀ ਉਹ ਸ਼ਕਤੀ ਮੰਨਿਆ ਜਾਂਦਾ ਹੈ ਜਿਸ ਨਾਲ ਅਨੁਭਵ, ਸੰਕਲਪ, ਵਿਕਲਪ, ਇੱਛਾ, ਵਿਚਾਰ ਆਦਿਕ ਪੈਦਾ ਹੁੰਦੇ ਹਨ।"[39] ਲੋਕ ਮਨ ਵਿੱਚ ਸਿਮਰਤੀ ਦੇ ਅਚੰਭਿਤ ਅਤੇ ਗਹਿਰੇ ਪ੍ਰਭਾਵ ਹੁੰਦੇ ਹਨ ਜੋ ਉਨ੍ਹਾਂ ਨੂੰ ਅਗਾਂਹ ਤੋਰਦੇ ਹਨ ਅਤੇ ਸਵੈ-ਹੋਂਦ ਦੀ ਪਰਿਕਲਪਨਾ ਦੀ ਪਰਿਪੂਰਵਤਾ ਵੀ ਕਰਦੇ ਹਨ।

ਸਿਮਰਤੀ ਨੂੰ ਵਿਗਿਆਨਕ ਜਾਂ ਮਨੋ-ਵਿਗਿਆਨਕ ਪੱਧਰ 'ਤੇ ਇੱਕ ਤਰ੍ਹਾਂ ਦੀ ਯੋਗਤਾ ਵੀ ਮੰਨਿਆ ਜਾਂਦਾ ਹੈ ਜੋ ਸੂਚਨਾਵਾਂ ਨੂੰ ਇਕੱਠਾ ਕਰਦੀ ਹੈ। ਆਮ ਤੌਰ 'ਤੇ ਇਹ ਸਿਮਰਤੀ ਦਾਖਲਾ ਪੱਧਰ 'ਤੇ ਪਹਿਲਾਂ ਹੁੰਦੀ ਹੈ ਫਿਰ ਇਸ ਨੂੰ ਪੱਕੇ ਤੌਰ 'ਤੇ ਜਮ੍ਹਾਂ ਕਰਦੀ ਹੈ ਅਤੇ ਫਿਰ ਯਾਦ ਕਰਨਾ ਹੁੰਦਾ ਹੈ। ਜਿਸ ਨੂੰ ਤਿੰਨ ਭਾਗਾਂ ਵਿੱਚ ਵੰਡ ਸਕਦੇ ਹਾਂ:- ਦਾਖਲ ਕਰਨਾ, ਜਮ੍ਹਾਂ ਕਰਨਾ ਅਤੇ ਯਾਦ ਕਰਨਾ। ਜਦੋਂ ਵੀ ਕੋਈ ਵਿਚਾਰ ਮਨੁੱਖੀ ਮਨ ਵਿੱਚ ਦਾਖਲ ਹੁੰਦਾ ਹੈ ਤਾਂ ਉਸ ਨੂੰ ਦਿਮਾਗ ਵਿੱਚ ਜਮ੍ਹਾਂ ਕਰ ਲਿਆ ਜਾਂਦਾ ਹੈ ਅਤੇ ਜ਼ਰੂਰਤ ਪੈਣ ਤੇ ਉਸ ਨੂੰ ਯਾਦ ਕਰ ਲਿਆ ਜਾਂਦਾ ਹੈ, ਇਹੀ ਸਿਮਰਤੀ ਦਾ ਹਿੱਸਾ ਹੈ। "ਇਹ ਪੁਰਾਤਨ ਜਿਉਂਦੀਆਂ ਸਿਮਰਤੀਆਂ ਨੇ ਜੋ ਸਹਿਜ ਸੁਭਾਅ ਆਪਣੇ ਆ ਜਾਂਦੀਆਂ ਨੇ ਜਿਵੇਂ ਸੁਪਨੇ। ਜਿਵੇਂ ਹੇਠਾਂ ਆਉਂਦੇ ਹਾਂ ਸਾਡੇ ਕੋਲ ਭੂਤ ਦੇ ਭਿੰਨ ਭਿੰਨ ਖਿੱਤੇ ਹਨ ਜੋ ਕਿ ਵਰਤਮਾਨ ਤੋਂ ਦੂਰ ਜਾਂ ਨੇੜੇ ਸਥਿਤ ਹੁੰਦੇ ਨੇ।"[40] ਸਿਮਰਤੀ ਅੰਦਰਲੇ ਮਨ ਨਾਲ ਸੰਬੰਧਤ ਇੱਕ ਵਿਸ਼ੇਸ਼ ਤੱਤ ਹੈ।

---

[38] ਗੁਰਭਗਤ ਸਿੰਘ (ਸਤੰਬਰ 1998) "ਰੂਪ ਅਤੇ ਸਭਿਆਚਾਰਿਕ ਸਿਰਜਣਾ: ਸਿੱਖ ਅਤੇ ਯਹੂਦੀ ਅਨੁਭਵ" *ਪ੍ਰਗਟਯੋ ਖ਼ਾਲਸਾ ਵਿਸੇਸ਼ ਅੰਕ,* ਖੋਜ ਪ੍ਰਤਿਕਾ, ਅਜ਼ਮੇਰ ਸਿੰਘ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 7.

[39] ਸ੍ਰੀ ਨਵਲ ਜੀ, ਸੰਪਾ. (2007) *ਵਿਸ਼ਾਲ ਨਾਲੰਦਾ ਸ਼ਬਦ ਸਾਗਰ,* ਆਦਰਸ਼ ਬੁਕ *ਡਿੱਪੂ,* ਦਿੱਲੀ, ਪੰ. 1056.

[40] ਮਨਮੋਹਨ (2013) "ਹੈਨਰੀ ਬਰਗਸਾਂ: ਸਿਰਜਣਾਤਮਕ ਵਿਕਾਸ ਧਰਮ ਤੇ ਨੈਤਿਕਤਾ" *ਸੰਵਾਦਕੀ (ਹੈਨਰੀ ਬਰਗਸਾਂ ਤੋਂ ਜੁਰਗੀਨ ਹੇਬਰਮਾਸ ਤੱਕ),* ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰ. 32.

## 6 ਸਿੱਖ ਸਿਮਰਤੀ ਵਿੱਚ ਪਰਮਸੱਤਾ

ਸਿੱਖ ਧਰਮ ਇਕ ਈਸ਼ਵਰਵਾਦੀ ਧਰਮ ਹੈ ਜਿਸ ਵਿੱਚ ਪਰਮਸੱਤਾ ਅਕਾਲ ਪੁਰਖ ਹੈ। ਅਕਾਲ ਪੁਰਖ ਇੱਕ ਹੈ ਪਰੰਤੂ ਇਹ ਆਪ ਅਨੇਕ ਪੱਖੀ ਹੈ;

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ॥
ਏਕਹਿ ਏਕ ਬਖਨਾਨੋ ਨਾਨਕ ਏਕ ਅਨੇਕ॥[41]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਕਾਲ ਪੁਰਖ ਲਈ ਸੁਆਮੀ, ਰਾਮ, ਬ੍ਰਹਮਾ, ਓਅੰਕਾਰ ਆਦਿ ਨਾਮ ਵਰਤੇ ਗਏ ਹਨ ਪਰੰਤੂ ਸਾਰੇ ਨਾਮ ਅਕਾਲ ਪੁਰਖ ਨੂੰ ਹੀ ਸੰਬੋਧਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਸਰੂਪ ਜਪੁਜੀ ਬਾਣੀ ਦੇ ਆਰੰਭ ਵਿੱਚ ਮੂਲ ਮੰਤਰ ਦੇ ਰਾਹੀਂ ਬਿਆਨ ਕੀਤਾ ਹੈ;

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਿਤ ਅਜੂਨੀ ਸੈਭੰ ਗੁਰ ਪ੍ਰਸਾਦਿ॥[42]

ਅਕਾਲ ਪੁਰਖ ਇੱਕ ਸੱਚ ਹੈ ਜੋ ਸਦੀਵੀ ਹੈ, ਜੋ ਸਰਬ ਵਿਆਪਕ ਹੈ। ਅਕਾਲ ਪੁਰਖ ਮੁੱਢ ਕਦੀਮ ਤੋਂ ਹੀ ਸੱਚ ਹੈ। ਇਹ ਸਾਰਾ ਜਗਤ ਉਸੇ ਅਕਾਲ ਪੁਰਖ ਦੀ ਰਚਨਾ ਹੈ, ਇਹ ਨਾਸ਼ਮਾਨ ਜਗਤ ਵੀ ਉਸੇ ਦੀ ਰਚਨਾ ਹੈ। ਅਕਾਲ ਪੁਰਖ ਆਪਣੀ ਮਰਜ਼ੀ ਨਾਲ ਸ੍ਰਿਸ਼ਟੀ ਦਾ ਆਰੰਭ ਅਤੇ ਅੰਤ ਕਰਦਾ ਹੈ। ਇਹ ਅਕਾਲ ਸ਼ਕਤੀ ਜਗਤ ਤੋਂ ਪਹਿਲਾਂ ਵੀ ਮੌਜੂਦ ਸੀ ਅਤੇ ਜਗਤ ਤੋਂ ਬਾਅਦ ਵੀ ਮੌਜੂਦ ਰਹੇਗੀ;

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥[43]

ਅਕਾਲ ਪੁਰਖ ਦਾ ਨਾਮ ਸਦਾ ਰਹਿਣ ਵਾਲਾ ਹੈ ਉਹ ਸਾਰੇ ਸੰਸਾਰ ਦਾ ਰਚਣਹਾਰ ਹੈ ਅਤੇ ਸਾਰੀ ਸ੍ਰਿਸ਼ਟੀ ਨੂੰ ਸਾਜ ਕੇ ਆਪ ਇਸ ਦੇ ਕਣ-ਕਣ ਵਿੱਚ ਰਚਿਆ ਹੋਇਆ ਹੈ। ਕਰਤਾ ਪੁਰਖ ਵਾਲਾ ਗੁਣ ਅਕਾਲ ਪੁਰਖ ਦੀ ਸਰਵ-ਸ਼ਕਤੀਮਾਨਤਾ ਦਾ ਪ੍ਰਤੀਕ ਹੈ। ਅਕਾਲ ਪੁਰਖ ਨਿਰਭਉ ਹੈ, ਨਿਰਭਉ ਤੋਂ ਭਾਵ ਹੈ ਜਿਸ

---

[41] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ.250.

[42] *ਉਹੀ,* ਪੰ. 1.

[43] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 1.

ਨੂੰ ਕਿਸੇ ਦਾ ਡਰ ਜਾਂ ਭੈਅ ਨਾ ਹੋਵੇ। ਇਸ ਜਗਤ ਵਿੱਚ ਕੇਵਲ ਉਸ ਨੂੰ ਨਿਰਭਉ ਮੰਨਿਆ ਗਿਆ ਹੈ ਜੋ ਜਨਮ ਅਤੇ ਮੌਤ ਤੋਂ ਰਹਿਤ ਹੋਵੇ। ਅਕਾਲ ਪੁਰਖ ਨਿਰਭਉ ਹੈ ਕਿਉਂਕਿ ਉਹ ਸਰਵ-ਸ਼ਕਤੀਮਾਨ ਸ਼ਕਤੀ ਹੈ ਜਿਸ ਦਾ ਆਦਿ ਅੰਤ ਨਹੀਂ। ਸਾਰੀ ਸ੍ਰਿਸ਼ਟੀ ਅਕਾਲ ਪੁਰਖ ਦੇ ਭੈਅ ਵਿੱਚ ਰਹਿੰਦੀ ਹੈ, ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਬਾਣੀ ਵਿੱਚ ਸੰਕੇਤ ਕਰਦੇ ਹਨ ਕਿ ਨਿਰਭਉ ਅਕਾਲ ਪੁਰਖ ਦੀ ਬੰਦਗੀ ਕਰਨ ਨਾਲ ਮਨੁੱਖ ਦੇ ਮਨ ਵਿੱਚ ਵੀ ਨਿਰਭਉ ਦੇ ਗੁਣਾਂ ਦਾ ਸੰਚਾਰ ਹੋ ਜਾਂਦਾ ਹੈ;

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ [44]

ਮੂਲ ਮੰਤਰ ਵਿੱਚ ਅਕਾਲ ਪੁਰਖ ਪਰਮਾਤਮਾ ਦੇ ਗੁਣਾਂ ਦੀ ਵਿਆਖਿਆ ਕਰਦੇ ਹੋਏ ਗੁਰੂ ਸਾਹਿਬ ਨੇ ਕਿਹਾ ਹੈ ਕਿ ਜੋ ਸਰਵ ਸ੍ਰੇਸ਼ਟ ਹੈ, ਨਿਰੰਕਾਰ ਹੈ, ਨਿਰਭਉ ਹੈ, ਸਦੀਵੀ ਸੱਚ ਹੈ, ਅਕਾਲ ਪੁਰਖ ਵੈਰ ਵਿਰੋਧ ਦੀ ਭਾਵਨਾ ਤੋਂ ਵੀ ਮੁਕਤ ਹੋਣ ਕਰਕੇ ਨਿਰਵੈਰ ਵੀ ਹੈ। ਜਿਸ ਅਕਾਲ ਪੁਰਖ ਦਾ ਕੋਈ ਸਥੂਲ ਸਰੀਰ ਨਹੀਂ, ਜਿਸ ਦੀ ਕਿਸੇ ਨਾਲ ਬਰਾਬਰੀ ਨਹੀਂ, ਜੋ ਸਾਰਿਆਂ ਦਾ ਕਰਤਾ ਹੋਣ ਕਰਕੇ ਪਿਤਾ ਸਰੂਪ ਹੈ, ਉਸ ਅਕਾਲ ਪੁਰਖ ਦਾ ਕੋਈ ਵੀ ਵੈਰੀ ਨਹੀਂ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਵੀ ਗੁਰਬਾਣੀ ਵਿੱਚ ਫੁਰਮਾਉਂਦੇ ਹਨ;

ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ॥[45]

ਸੁਭਾਵਿਕ ਹੀ ਜੋ ਨਿਰਵੈਰ ਅਕਾਲ ਪੁਰਖ ਦਾ ਉਪਾਸਕ ਹੁੰਦਾ ਹੈ ਉਹ ਵੀ ਵੈਰ ਮੁਕਤ ਹੋ ਜਾਂਦਾ ਹੈ। ਅਕਾਲ ਪੁਰਖ ਦਾ ਸਰੂਪ ਅਕਾਲ ਮੂਰਤਿ ਹੈ ਕਿਉਂਕਿ ਪਰਮਾਤਮਾ ਕਾਲ ਰਹਿਤ ਹਸਤੀ ਹੈ ਭਾਵ ਉਹ ਦੁਨਿਆਵੀ ਬੰਧਨਾਂ ਤੋਂ ਮੁਕਤ ਹੈ। ਅਕਾਲ ਪੁਰਖ ਪਰਮਾਤਮਾ ਨੂੰ ਇੱਕ ਅਜਿਹੀ ਹਸਤੀ ਮੰਨਿਆ ਗਿਆ ਹੈ ਜਿਸ ਉੱਤੇ ਕਾਲ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਅਕਾਲ ਪੁਰਖ ਅਜੂਨੀ ਹੈ, ਅਜੂਨੀ ਤੋਂ ਭਾਵ ਕਿ ਉਹ ਜੂਨ ਰਹਿਤ ਹੈ। "ਜੀਵ ਉਹੀ ਕਾਰ ਕਮਾਉਂਦਾ ਹੈ, ਜੋ ਉਸ ਅਕਾਲ ਪੁਰਖ ਨੂੰ ਚੰਗੀ ਲੱਗਦੀ ਹੈ। ਉਸ ਤੋਂ ਬਿਨਾਂ

---

[44] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਚੌਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 1427.

[45] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 592.

ਹੋਰ ਕੋਈ ਥਾਉਂ ਨਹੀਂ ਜਿਥੇ ਜੀਵ ਅਰਜੋਈ ਕਰ ਸਕੇ।"[46] ਸਮੂਹ ਦੁਨਿਆਵੀ ਹਸਤੀਆਂ ਜਨਮ ਲੈਂਦੀਆਂ ਹਨ। ਚਾਰ ਖਾਣੀਆਂ (ਅੰਡਜ-ਅੰਡਿਆਂ ਤੋਂ ਪੈਦਾ ਹੋਣ ਵਾਲੇ, ਜੇਰਜ- ਪੇਟ ਤੋਂ ਪੈਦਾ ਹੋਣ ਵਾਲੇ, ਸੇਤਜ-ਪਸੀਨੇ ਤੋਂ ਪੈਦਾ ਹੋਣ ਵਾਲੇ ਅਤੇ ਉਤਭੁਜ-ਧਰਤੀ ਵਿੱਚੋਂ ਪੈਦਾ ਹੋਣ ਵਾਲੇ ਜੀਵ ਅਤੇ ਬਨਸਪਤੀ) ਸ੍ਰਿਸ਼ਟੀ ਰਚਨਾ ਦਾ ਅੰਗ ਹਨ। ਜੋ ਵੀ ਕਿਸੇ ਵੀ ਜੂਨ ਰਾਹੀਂ ਕਿਸੇ ਵੀ ਰੂਪ ਵਿੱਚ ਜਨਮ ਲੈਂਦਾ ਹੈ, ਉਸ ਦਾ ਨਾਸ਼ ਹੋ ਜਾਂਦਾ ਹੈ।

ਅਕਾਲ ਪੁਰਖ ਜਨਮ-ਮਰਨ ਤੋਂ ਰਹਿਤ ਹੋਣ ਕਾਰਨ ਅਜੂਨੀ ਹੈ। "ਸਾਰੀ ਰਚਨਾ ਜੋ ਕਿ ਚੱਕਰ ਵਿਚ ਹੈ, ਉਹ ਅਨਾਦਿ ਅਨੰਤ ਹੋਣ ਕਰਕੇ ਅਜਨਮਾ ਹੈ।"[47] ਅਕਾਲ ਪੁਰਖ ਦਾ ਕੋਈ ਵੀ ਕਰਤਾ ਨਹੀਂ ਉਹ ਸੈਭੰ ਹੈ, ਜਿਸਦਾ ਅਰਥ ਹੈ ਆਪਣੇ ਆਪ ਤੋਂ। "ਉਹ ਆਪਣੇ ਆਪ ਪ੍ਰਕਾਸ਼ਤ ਸੱਤਾ ਹੈ, ਕਿਸੇ 'ਤੇ ਅਧਾਰਤ ਨਹੀਂ।"[48] ਜਿਸ ਅਕਾਲ ਪੁਰਖ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ ਉਸ ਦੀ ਹੋਂਦ ਲਈ ਹੋਰ ਕੋਈ ਵੀ ਜਿੰਮੇਵਾਰ ਕਾਰਨ ਨਹੀਂ ਹੈ। ਅਕਾਲ ਪੁਰਖ ਦੀ ਪ੍ਰਾਪਤੀ ਦਾ ਸਾਧਨ ਗੁਰੂ ਸਾਹਿਬ ਮੂਲ ਮੰਤਰ ਵਿੱਚ ਗੁਰ ਪ੍ਰਸਾਦਿ ਦੱਸਦੇ ਹਨ, ਗੁਰੂ ਦਾ ਭਾਵ ਹੈ 'ਗਿਆਨ ਦਾ ਪ੍ਰਕਾਸ਼ ਕਰਨ ਵਾਲਾ' ਅਤੇ ਪ੍ਰਸਾਦਿ ਦਾ ਅਰਥ ਹੈ, 'ਕਿਰਪਾ/ਬਖਸ਼ਿਸ਼' ਆਦਿ। "ਅਜਿਹੀ ਅਦਭੁੱਤ ਅਨੰਤ ਪਰਮਸੱਤਾ ਦੀ ਸੋਝੀ ਗੁਰੂ ਦੀ ਕਿਰਪਾ ਦੁਆਰਾ ਹੀ ਹੁੰਦੀ ਹੈ। ਆਪਣੇ ਆਪ ਇਸ ਦਾ ਅਨੁਭਵ ਸੰਭਵ ਨਹੀਂ।"[49] ਗੁਰਮਤਿ ਅਨੁਸਾਰ ਅਕਾਲ ਪੁਰਖ ਦੇ ਵੱਖੋ-ਵੱਖਰੇ ਕਈ ਨਾਮ ਹਨ, ਇਹ ਸਾਰੇ ਉਸ ਦੇ ਗੁਣਾਂ ਕਰਕੇ ਰੱਖੇ ਗਏ ਹਨ। ਗੁਰਬਾਣੀ ਵਿੱਚ ਵੀ ਦਰਜ ਹੈ;

ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥[50]

ਅਕਾਲ ਪੁਰਖ ਸਰਬ ਸਮਰੱਥ, ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਹੈ। ਵਿਦਵਾਨਾਂ ਨੇ ਅਕਾਲ ਪੁਰਖ ਦੇ ਵੱਖੋ-ਵੱਖਰੇ ਰੂਪਾਂ ਅਤੇ ਗੁਣਾਂ ਦਾ ਵਰਣਨ ਗਿਆਨ ਰਾਹੀਂ ਕੀਤਾ ਹੈ। ਅਕਾਲ ਪੁਰਖ ਆਪਣੀ

---

[46] ਰਾਏਜਸਬੀਰ ਸਿੰਘ (2004) *ਆਸਾ ਦੀ ਵਾਰ ਦਾ ਬਹੁਪੱਖੀ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰ. 51.

[47] ਪਿਆਰਾ ਸਿੰਘ ਪਦਮ (2012) 'ਮੂਲ ਮੰਤਰ', *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿੰਤਸਰ, ਪੰ. 321.

[48] -ਉਹੀ-, ਪੰ. 321.

[49] ਪਿਆਰਾ ਸਿੰਘ ਪਦਮ (2012) 'ਮੂਲ ਮੰਤਰ', *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿੰਤਸਰ, ਪੰ. 321.

[50] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪਹਿਲੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 4.

ਏਕਤਾ ਵਿੱਚੋਂ ਕਈ ਵਾਰ ਅਨੇਕਤਾ ਦਾ ਪਸਾਰਾ ਕਰਦਾ ਹੈ, ਪਰੰਤੂ ਇਸ ਪ੍ਰਕਾਰ ਦੇ ਪਸਾਰੇ ਨਾਲ ਉਸਦੀ ਏਕਤਾ ਵੀ ਕਾਇਮ ਰਹਿੰਦੀ ਹੈ। ਅਨੇਕਤਾ ਅਕਾਲ ਪੁਰਖ ਤੋਂ ਵੱਖਰੀ ਨਹੀਂ ਸਗੋਂ ਉਸੇ ਦਾ ਰੂਪ ਹੈ। "ਅਸਲ ਵਿੱਚ ਅਕਾਲ ਪੁਰਖ ਆਪ ਹੀ ਸੰਸਾਰ 'ਚ ਜੀਵ ਰੂਪ ਵਿਚ ਵਿਚਰ ਰਿਹਾ ਹੈ ਕਿਉਂਕਿ ਜੀਵ ਉਸ ਦਾ ਅੰਸ਼ ਹੈ।"[51] ਅਕਾਲ ਪੁਰਖ ਚੇਤੰਨ ਸ਼ਕਤੀ ਹੈ, ਉਸ ਦੀ ਜੋਤ ਕਾਰਨ ਹੀ ਸਭ ਜੀਵਾਂ ਦੀ ਹੋਂਦ ਹੈ। ਅਕਾਲ ਪੁਰਖ ਨਿਰਗੁਣ ਅਤੇ ਸਰਗੁਣ ਦੋਵੇਂ ਸਰੂਪਾਂ ਵਿੱਚ ਹੈ।

ਗੁਰਮਤਿ ਵਿਚਾਰਧਾਰਾ ਅਨੁਸਾਰ ਅਕਾਲ ਪੁਰਖ ਦੀ ਅਨੇਕਤਾ ਬਾਹਰੀ ਰੂਪ ਵਿੱਚ ਹੈ, ਅੰਤਰੀਵ ਰੂਪ ਵਿੱਚ ਇਹ ਇੱਕ ਹੈ। ਅਕਾਲ ਪੁਰਖ ਅਕਾਲ ਮੂਰਤਿ, ਸਤਿਨਾਮ ਵੀ ਹੈ 'ਸਤਿ' ਤੋਂ ਭਾਵ ਹੈ ਸਦਾ ਵਿਦਮਾਨ ਰਹਿਣ ਵਾਲੀ ਸੱਤਾ। ਅਕਾਲ ਪੁਰਖ ਹਮੇਸ਼ਾ ਸਾਰੀਆਂ ਥਾਵਾਂ ਉੱਤੇ ਹਰੇਕ ਪ੍ਰਕਾਰ ਦੀਆਂ ਪਰਸਥਿਤੀਆਂ ਵਿੱਚ ਸਤਿ ਰਹਿੰਦਾ ਹੈ। ਮੂਲ-ਮੰਤਰ ਵਿੱਚ ਜਿਨ੍ਹਾਂ ਸ਼ਬਦਾਂ ਨੂੰ ਸਮੋਇਆ ਗਿਆ ਹੈ ਉਹ ਅਸਲ ਵਿੱਚ ਪਰਮ-ਸੱਤਾ ਅਕਾਲ ਪੁਰਖ ਦੇ ਹੀ ਵਾਚਕ ਹਨ, ਇਨ੍ਹਾਂ ਸ਼ਬਦਾਂ ਰਾਹੀਂ ਗੁਰਮਤਿ ਦੇ ਬ੍ਰਹਮ ਸੰਬੰਧੀ ਸਰੂਪ ਨੂੰ ਸਪੱਸ਼ਟਤਾ ਮਿਲੀ ਹੈ। ਮੂਲ-ਮੰਤਰ ਵਿੱਚ ਪ੍ਰਗਟਾਏ ਪਰਮਸੱਤਾ ਦੇ ਸਰੂਪ ਦੀ ਵਿਆਖਿਆ ਜਪੁਜੀ ਬਾਣੀ ਵਿੱਚ ਹੋਈ ਹੈ ਅਤੇ ਫਿਰ ਸਾਰੀ ਗੁਰਬਾਣੀ ਇਸ ਮੂਲ-ਮੰਤਰ ਵਿੱਚ ਦਰਸਾਏ ਸਰੂਪ ਨੂੰ ਹੀ ਸਪੱਸ਼ਟ ਕਰਦੀ ਹੈ। ਸਿੱਖ ਆਪਣੀ ਸਿਮਰਤੀ ਵਿੱਚ ਇੱਕ ਅਕਾਲ ਪੁਰਖ ਦੀ ਹੋਂਦ ਅਤੇ ਉਸ ਦੇ ਹੁਕਮ ਨੂੰ ਸਦਾ ਵਸਾਈ ਰੱਖਦੇ ਹਨ। "ਹੁਕਮ ਅਰਬੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ: ਆਗਿਆ, ਆਦੇਸ਼, ਰਜ਼ਾ ਆਦਿ। ਹੁਕਮ ਦੁਆਰਾ ਹੀ ਵਿਅਕਤੀਆਂ ਨੂੰ ਜੀਵਨ-ਦਾਨ ਮਿਲਦਾ ਹੈ ਅਤੇ ਇਸੇ ਦੁਆਰਾ ਉਹ ਵਡਿਆਈ ਹਾਸਿਲ ਕਰਦੇ ਹਨ।"[52] ਸਿੱਖ ਪਰੰਪਰਾ ਵਿੱਚ ਗੁਰੂ ਦੇ ਹੁਕਮ ਵਿੱਚ ਰਹਿਣਾ ਤੇ ਹੁਕਮ ਨੂੰ ਪੂਰਾ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਸਿੱਖ ਦਰਸ਼ਨ ਵਿੱਚ ਹੁਕਮ ਦਾ ਸੰਕਲਪ ਅਕਾਲ ਪੁਰਖ ਅਤੇ ਕਰਤਾ ਤੋਂ ਬਾਅਦ ਆਉਂਦਾ ਹੈ ਕਿਉਂਕਿ ਅਕਾਲ ਪੁਰਖ ਦੀ ਹੋਂਦ ਤੋਂ ਬਾਅਦ ਉਸੇ ਸਰਵਸ਼ਕਤੀਮਾਨ ਦਾ ਹੁਕਮ ਵਰਤ ਰਿਹਾ ਹੈ। "ਅਕਾਲ ਸਦੀਵੀ ਅਤੇ ਨਿਰ-ਆਕਾਰ ਹਸਤੀ ਦਾ ਅਤੇ ਕਰਤਾ ਕਰਤਾਰੀ ਸੱਤਾ ਜਾਂ ਸਮੱਸਤ ਹੋਂਦ ਦੇ ਅਧਿਆਤਮਿਕ

---

[51] ਰਾਏਜਸਬੀਰ ਸਿੰਘ (2004) *ਆਸਾ ਦੀ ਵਾਰ ਦਾ ਬਹੁਪੱਖੀ ਅਧਿਐਨ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰ 53.

[52] ਪ੍ਰੋ. ਬ੍ਰਹਮਜਗਦੀਸ਼ ਸਿੰਘ (2013) *ਗੁਰੂ ਗ੍ਰੰਥ ਸਾਹਿਬ ਸੰਕਲਪ ਕੋਸ਼,* ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, ਪੰ. 153.

ਸ੍ਰੋਤ ਦਾ ਸੂਚਕ ਹੈ ਜੋ ਅਦ੍ਰਿਸ਼ਟ ਪੱਖ ਹੈ ਅਤੇ ਸਿੱਖ ਦ੍ਰਿਸ਼ਟੀਕੋਣ ਤੋਂ ਇਸੇ ਵਿਚ 'ਹੁਕਮ' ਵਿਆਪਿਤ ਹੈ।"[53] ਗੁਰਬਾਣੀ ਵਿੱਚ ਹੁਕਮ ਦੀ ਵਰਤੋਂ 'ਕੁਦਰਤੀ ਪ੍ਰਬੰਧ' ਲਈ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੁਕਮ ਰੱਬੀ ਜਾਂ ਉੱਚਤਮ ਤਰਤੀਬ ਅਤੇ ਦੈਵੀ ਵਿਧਾਨ ਦੇ ਅਰਥਾਂ ਵਿੱਚ ਵਰਤਿਆ ਗਿਆ ਹੈ, ਕੁਦਰਤ ਵਿੱਚ ਘਟਨਾਵਾਂ ਇਸ ਕਾਰਨ ਅਤੇ ਕਾਰਜ ਦੇ ਸਿਧਾਂਤ 'ਤੇ ਆਧਾਰਤ ਹੋ ਕੇ ਵਾਪਰ ਰਹੀਆਂ ਹਨ, ਇਸ ਨੂੰ ਗੁਰਮਤਿ ਵਿੱਚ ਹੁਕਮ ਕਿਹਾ ਗਿਆ ਹੈ। ਜਿਸ ਕਾਰਨ ਬ੍ਰਹਿਮੰਡ ਵਿੱਚ ਇਕਸਾਰਤਾ ਦਾ ਨਿਯਮ ਵਾਪਰ ਰਿਹਾ ਹੈ ਭਾਵ ਕਿ ਕੁਝ ਵੀ ਹੁਕਮ ਦੇ ਦਾਇਰੇ ਤੋਂ ਬਾਹਰ ਨਹੀਂ ਸਭ ਕੁਝ ਹੁਕਮ ਅਨੁਸਾਰ ਹੀ ਵਾਪਰ ਰਿਹਾ ਹੈ। ਸ੍ਰੀ ਗੁਰੂ ਅਮਰਦਾਸ ਜੀ ਗੁਰਬਾਣੀ ਵਿੱਚ ਹੁਕਮ ਦੀ ਮਹਿਮਾ ਬਾਰੇ ਚਾਨਣਾ ਪਾਉਂਦੇ ਹਨ;

ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ॥
ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ॥
ਨਾਨਕ ਹੁਕਮੁ ਕੋ ਗੁਰਮੁਖਿ ਬੁਝੈ॥
ਜਿਸ ਨੋ ਕਿਰਪਾ ਕਰੇ ਰਜਾਇ॥[54]

ਭਾਵ ਕਿ ਇਸ ਪ੍ਰਤੱਖ ਅਤੇ ਅਪ੍ਰਤੱਖ ਜਗਤ ਵਿੱਚ ਹਰ ਪਦਾਰਥ ਦਾ ਆਉਣ-ਜਾਣ 'ਹੁਕਮ' ਦੇ ਅੰਦਰ ਹੀ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਪੱਸ਼ਟ ਕੀਤਾ ਹੈ, ਕਿ 'ਹੁਕਮ' ਦੇ ਅੰਦਰ ਹੀ ਜੀਵ-ਮੁਕਤੀ ਅਤੇ ਸਵਰਗ-ਨਰਕ ਦਾ ਅਧਿਕਾਰੀ ਬਣਦਾ ਹੈ। ਹੁਕਮ ਵਿੱਚ ਹੀ ਜੀਵ ਸੰਸਾਰਕ ਧੰਦਿਆਂ ਵਿੱਚ ਲੀਨ ਹੁੰਦਾ ਹੈ ਅਤੇ ਹੁਕਮ ਵਿੱਚ ਹੀ ਸ਼ਰਧਾ ਅਤੇ ਪ੍ਰੇਮ ਨਾਲ ਇੱਕ ਰੂਪ ਹੋਈ ਭਗਤੀ ਨੂੰ ਅਪਣਾਉਣ ਵਾਲਾ ਉੱਦਮੀ ਭਗਤ ਬਣਦਾ ਹੈ। ਹੁਕਮ ਵਿੱਚ ਹੀ ਮਨੁੱਖ ਗਹਿਰ ਗੰਭੀਰ ਬਣਦਾ ਹੈ;

ਹੁਕਮੇ ਮੁਕਤੀ ਹੁਕਮੇ ਨਰਕਾ॥
ਹੁਕਮਿ ਸੈਸਾਰੀ ਹੁਕਮੇ ਭਗਤਾ॥
ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਧੜਾ॥[55]

---

53 ਵਜ਼ੀਰ ਸਿੰਘ (2012) 'ਹੁਕਮ ਦਾ ਸਿਧਾਂਤ' *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 342.

54 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 556.

55 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 1081.

ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿੱਚ ਹੀ ਹੁਕਮ ਸੰਬੰਧੀ ਦਿਸ਼ਾ ਨਿਰਦੇਸ਼ ਕਰਦੇ ਹਨ ਕਿ ਹੁਕਮ ਨੂੰ ਅੰਗੀਕਾਰ ਕਰਕੇ ਜਿਹੜਾ ਕਿ ਜੀਵ-ਆਤਮਾ ਦੇ ਨਾਲ ਮੁੱਢ ਤੋਂ ਚੱਲਿਆ ਆ ਰਿਹਾ ਹੈ ਉਸ ਹੁਕਮ ਨੂੰ ਪਹਿਚਾਣ ਕੇ ਹੀ ਸਚਿਆਰ ਬਣ ਸਕਦੇ ਹਾਂ।

ਹੁਕਮੀ ਹੋਵਨਿ ਆਕਾਰ ਹੁਕਮੁ ਨਾ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮੁ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ [56]

ਗੁਰੂ ਸਾਹਿਬ ਨੇ ਉਪਰੋਕਤ ਪੰਕਤੀਆਂ ਵਿੱਚ ਹੁਕਮ ਦੇ ਪ੍ਰਭਾਵ ਦਾ ਵਰਣਨ ਕੀਤਾ ਹੈ, ਜਿਸ ਤੋਂ ਭਾਵ ਹੁਕਮ ਦੇ ਅੰਦਰ ਹੀ ਹਰ ਤਰ੍ਹਾਂ ਦੇ ਕਾਰਜ ਹੋ ਰਹੇ ਹਨ ਅਤੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ। ਸਿੱਖ ਦਰਸ਼ਨ ਵਿੱਚ ਹੁਕਮ ਲਈ ਕਈ ਸਮਾਨਾਰਥਕ ਸ਼ਬਦ ਵਰਤੇ ਗਏ ਹਨ, ਜਿਵੇ: ਕੁਦਰਤ, ਭਾਣਾ, ਰਜ਼ਾ, ਫੁਰਮਾਨ ਆਦਿ। ਹੁਕਮ ਈਸ਼ਵਰ ਵਲੋਂ ਕਾਇਮ ਬ੍ਰਹਿਮੰਡੀ ਸੰਜਮ ਦਾ ਭਾਵ ਦਿੰਦਾ ਹੈ ਅਤੇ ਇਸ ਦਾ ਕਾਰਜਸ਼ੀਲਤਾ ਦੇ ਨਿਯਮ ਵਾਲਾ ਅਰਥ ਇਕ-ਦੂਜੇ ਨਾਲ ਮੇਲ ਖਾਂਦੇ ਹਨ। ਪੂਰਾ ਬ੍ਰਹਿਮੰਡ ਅਕਾਲ ਪੁਰਖ ਦੇ ਹੁਕਮ ਅਨੁਸਾਰ ਉਸ ਦੇ ਭਾਣੇ ਵਿੱਚ ਚੱਲਦਾ ਹੈ;

ਹੁਕਮੈ ਅੰਦਰਿ ਸਗਲ ਅਕਾਰੇ॥
ਬੁਝੈ ਹੁਕਮ ਸੁ ਉਤਰੈ ਪਾਰੇ॥[57]

ਸਿੱਖ ਦਰਸ਼ਨ ਅਨੁਸਾਰ ਅਕਾਲ ਪੁਰਖ ਦਾ ਹੁਕਮ ਮੰਨ ਕੇ ਉਸ ਦੇ ਭਾਣੇ ਵਿੱਚ ਰਹਿ ਕੇ ਜੀਵਨ ਬਤੀਤ ਕਰਨਾ ਹੀ ਬ੍ਰਹਿਮੰਡ ਦਾ ਕੁਦਰਤੀ ਨਿਯਮ ਹੈ;

ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ॥
ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ॥[58]

---

56 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 1.

57 ਭਾਈ ਵੀਰ ਸਿੰਘ, ਸੰਪਾ. (2012) *ਵਾਰਾਂ ਭਾਈ ਗੁਰਦਾਸ ਸਟੀਕ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 649.

58 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 636.

ਹੁਕਮ ਦੇ ਨਾਲ ਹੀ ਸਾਰੇ ਜਗਤ ਦੇ ਜੀਵ ਪੈਦਾ ਹੁੰਦੇ ਹਨ ਅਤੇ ਮਰਦੇ ਹਨ, ਅਕਾਲ ਪੁਰਖ ਦੇ ਹੁਕਮ ਨਾਲ ਹੀ ਜੀਵਾਂ ਨੂੰ ਵਡਿਆਈ ਮਿਲਦੀ ਹੈ, 'ਹੁਕਮ' ਉਹ ਤਾਕਤ ਹੈ ਜਿਸ ਦੇ ਅਸਰ ਨਾਲ ਨੀਚ-ਉਚ ਪਦਵੀ ਪ੍ਰਾਪਤ ਕਰਦੇ ਅਤੇ ਹੰਕਾਰ ਨਾਲ ਜੀਵ ਉੱਚੀ ਤੋਂ ਨੀਵੀਂ ਅਵਸਥਾ ਵੱਲ ਆਉਂਦੇ ਹਨ। ਅਕਾਲ ਪੁਰਖ ਦੇ ਹੁਕਮ ਨਾਲ ਪੈਦਾ ਹੋਏ ਜੀਵਾਂ ਦੇ ਆਪਣੇ ਵੱਸ ਵਿੱਚ ਕੁਝ ਵੀ ਨਹੀਂ ਕਿਉਂਕਿ ਅਕਾਲ ਦੇ ਹੁਕਮ ਨਾਲ ਪੈਦਾ ਹੋਏ ਸਾਰੇ ਜੀਵ ਉਸ ਸਰਵ-ਸ਼ਕਤੀਮਾਨ ਦੇ ਹੀ ਹੁਕਮ ਵਿੱਚ ਬੰਨ੍ਹੇ ਹੋਏ ਹਨ;

ਹੁਕਮੈ ਅੰਦਰਿ ਧਰਨਿ ਅਕਾਸਾ॥
ਹੁਕਮੈ ਅੰਦਰਿ ਸਾਸਿ ਗਿਰਾਸਾ॥[59]

ਹੁਕਮ ਦੀ ਹੋਂਦ ਸਦੀਵੀ ਰਹਿਣ ਵਾਲੀ ਹੈ। ਮਨੁੱਖ ਹੋਂਦ ਦੀ ਮੁਕਤੀ ਅਕਾਲ ਪੁਰਖ ਦੇ ਹੁਕਮ ਨਾਲ ਹੀ ਸੰਭਵ ਹੈ, ਹੁਕਮ ਤੋਂ ਬਾਹਰ ਜੀਵ ਦੁੱਖ ਹੀ ਭੋਗਦਾ ਹੈ, ਗੁਰਬਾਣੀ ਦਾ ਫੁਰਮਾਨ ਹੈ;

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥ [60]

ਸਿੱਖ ਧਰਮ ਵਿੱਚ ਮੁਕਤੀ ਦਾ ਸੰਕਲਪ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਭਾਰਤੀ ਧਾਰਮਕ ਪਰੰਪਰਾ ਅੰਦਰ ਚਾਰ ਪਦਾਰਥਾਂ ਦਾ ਉਲੇਖ ਹੋਇਆ ਹੈ ਇਹ ਹਨ ਧਰਮ, ਅਰਥ, ਕਾਮ ਤੇ ਮੋਕਸ਼, ਚੌਥੇ ਪਦਾਰਥ ਮੋਖ ਨੂੰ ਸਰਬੋਤਮ ਮੰਨਿਆ ਗਿਆ ਹੈ। ਸਿੱਖ ਧਰਮ ਦਰਸ਼ਨ ਅਨੁਸਾਰ ਜੀਵ ਆਤਮਾ, ਪਰਮਾਤਮਾ ਦੀ ਅੰਸ਼ ਹੈ। ਜੀਵ ਆਤਮਾ ਉਸ ਪਰਮਾਤਮਾ ਤੋਂ ਉਤਪੰਨ ਹੋਈ ਹੈ ਅਤੇ ਮੁੜ ਕੇ ਉਸ ਵਿੱਚ ਲੀਨ ਹੋਣ ਦੀ ਪ੍ਰਵਿਰਤੀ ਉਸ ਵਿੱਚ ਮੌਜੂਦ ਹੈ। ਸੋ ਇੱਥੇ 'ਜੰਮਣ-ਮਰਨ' ਦੇ ਚੱਕਰ ਤੋਂ ਮੁਕਤ ਹੋ ਕੇ ਪਰਮਾਤਮਾ ਨਾਲ ਇਸ ਤਰ੍ਹਾਂ ਇਕ-ਮਿਕ ਹੋਣਾ ਕਿ ਮਨੁੱਖੀ ਜੀਵਨ ਵਿੱਚੋਂ ਆਪਾ ਖਤਮ ਹੋ ਜਾਵੇ। ਮਨੁੱਖੀ ਆਤਮਾ ਪਰਮ-ਆਤਮਾ ਵਿੱਚ ਇਸ ਤਰ੍ਹਾਂ ਵਿਲੀਨ ਹੋ ਜਾਵੇ ਕਿ ਇਸ ਦੀ ਵੱਖਰੀ ਹੋਂਦ ਸੰਸਕਾਰ ਰੂਪ ਵਿੱਚ ਵੀ ਕਾਇਮ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਇਸ ਵਿਚਾਰ ਸੰਬੰਧੀ ਸੰਕੇਤ ਹੈ;

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥[61]

---

59 ਭਾਈ ਵੀਰ ਸਿੰਘ, ਸੰਪਾ. (2012) *ਵਾਰਾਂ ਭਾਈ ਗੁਰਦਾਸ ਸਟੀਕ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 649.

60 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 400.

61 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 846.

ਮੁਕਤੀ ਪਦ ਦੇ ਸਧਾਰਨ ਅਰਥ ਬੰਧਨ ਤੋਂ ਛੁਟਕਾਰਾ ਬਣਦੇ ਹਨ। ਜਨਮ-ਮਰਨ ਅਤੇ ਜੀਵਨ ਵਿੱਚ ਮਨੁੱਖ ਬੰਧਨ ਮਹਿਸੂਸ ਕਰਦਾ ਹੈ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ, ਛੁਟਕਾਰਾ ਪਾਉਣ ਅਤੇ ਬੰਧਨਾਂ ਤੋਂ ਰਹਿਤ ਹੋਣ ਦਾ ਸੰਕਲਪ ਹੀ ਮੁਕਤੀ ਹੈ। ਸਿੱਖ ਦਰਸ਼ਨ ਅਨੁਸਾਰ ਨਾਮ ਸਿਮਰਨ ਤੋਂ ਬਿਨਾਂ ਮੁਕਤੀ ਸੰਭਵ ਨਹੀਂ। ਗੁਰਮਤਿ ਵਿੱਚ ਮੁਕਤੀ ਦੇ ਸਮਾਨਆਰਥੀ ਸ਼ਬਦ ਮੋਖੰਤਰ, ਬਿਸਰਾਮ, ਬੰਦ ਖਲਾਸ, ਅਮਰਾਪਦ, ਗਤਿ, ਆਦਿ ਵਰਤੇ ਗਏ ਹਨ।

ਸਾਚੈ ਸਬਦਿ ਮੁਕਤਿ ਗਤਿ ਪਾਏ॥[62]
ਨਾਨਕ ਤਾ ਕੀ ਪਰਮ ਗਤਿ ਹੋਇ॥[63]
ਨਾਨਕ ਤਉ ਮੋਖੰਤਰੁ ਪਾਹਿ॥[64]

ਜਨਮ ਮਰਨ, ਆਵਾ-ਗਉਣ ਦੇ ਚੱਕਰ ਤੋਂ ਛੁਟਕਾਰਾ ਪਰਮ-ਪਦ ਦੀ ਪ੍ਰਾਪਤੀ ਦਾ ਸੰਕੇਤ ਹੈ। ਸਿੱਖ ਧਰਮ ਅਨੁਸਾਰ ਜਦੋਂ ਮਨੁੱਖ ਨੂੰ ਆਪੇ ਦੀ ਪਛਾਣ ਹੋ ਜਾਂਦੀ ਹੈ ਤਾਂ ਉਹ ਅਕਾਲ ਵਿੱਚ ਅਭੇਦ ਹੋ ਜਾਂਦਾ ਹੈ ਅਤੇ ਆਤਮਾ ਸਤ, ਚਿੱਤ, ਅਨੰਦਮਈ ਹੋ ਜਾਂਦੀ ਹੈ। ਗੁਰਮਤਿ ਅਨੁਸਾਰ ਜਦੋਂ ਮਨੁੱਖ ਨੂੰ ਆਪੇ ਦਾ ਗਿਆਨ ਹੋ ਜਾਂਦਾ ਹੈ ਕਿ ਉਹ ਵੀ ਉਸ ਪਰਮਸਤਿ ਬ੍ਰਹਮ ਦਾ ਹੀ ਇੱਕ ਅੰਸ਼ ਹੈ ਤਾਂ ਮਨੁੱਖ ਵਿੱਚੋਂ ਹੰਕਾਰ ਦੀ ਭਾਵਨਾ ਖਤਮ ਹੋ ਜਾਂਦੀ ਹੈ ਅਤੇ ਉਹ ਪ੍ਰਭੂ ਪ੍ਰੇਮ ਵਿੱਚ ਲੀਨ ਹੋ ਜਾਂਦਾ ਹੈ।

ਜਿਸ ਮਨੁੱਖ ਨੇ ਜੀਵਨ ਕਾਲ ਵਿੱਚ ਹਉਮੈਂ ਦਾ ਤਿਆਗ ਕਰ ਦਿੱਤਾ ਅਤੇ ਆਪਣਾ ਆਪਾ ਅਕਾਲ ਪੁਰਖ ਨੂੰ ਸਮਰਪਿਤ ਕਰ ਦਿੱਤਾ, ਅਜਿਹੀ ਅਵਸਥਾ ਮੁਕਤੀ ਦੀ ਹੁੰਦੀ ਹੈ। ਜਿਸ ਵਿੱਚ ਮਨੁੱਖ ਦੀ ਸਾਰੀ ਦ੍ਵੈਤ ਦੀ ਭਾਵਨਾ ਖਤਮ ਹੋ ਜਾਂਦੀ ਹੈ। ਗੁਰਮਤਿ ਨੇ ਮੁਕਤੀ ਸਿਧਾਂਤ ਨੂੰ ਇੱਕ ਵਿਲੱਖਣ ਰੂਪ ਵਿੱਚ ਲਿਆ ਹੈ ਪਰਮਾਤਮਾ ਦੇ ਦਰਸ਼ਨ ਜਾਂ ਪ੍ਰਭੂ ਚਰਨਾਂ ਦੀ ਪ੍ਰੀਤ ਨੂੰ ਹੀ ਮੁਕਤੀ ਦੀ ਪ੍ਰਾਪਤੀ ਮੰਨਿਆ ਗਿਆ ਹੈ। ਗੁਰਮਤਿ ਅਨੁਸਾਰ ਮੁਕਤੀ ਦਾ ਪਦ ਵਿਲੱਖਣਤਾ ਦਾ ਸੂਚਕ ਹੈ, ਮੁਕਤ ਵਿਅਕਤੀ ਦੂਸਰਿਆਂ ਦੇ ਕਲਿਆਣ ਹਿੱਤ ਕਾਰਜ ਕਰਦਾ ਹੈ। ਮਹਾਨ ਕੋਸ਼ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਨੇ ਮੁਕਤੀ ਤੋਂ ਭਾਵ "ਅਵਿਦਿਆ, ਬੰਧਨਾਂ ਤੋਂ

---

[62] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ.352.

[63] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 900.

[64] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 470.

ਛੁਟਕਾਰਾ, ਕਲੇਸ਼ਾਂ ਤੋਂ ਰਿਹਾਈ ਮੰਨਿਆ ਹੈ।"[65] ਗੁਰਮਤਿ ਵਿੱਚ ਮੁਕਤੀ ਦਾ ਅਰਥ ਆਪਣੇ ਹੰਕਾਰ ਨੂੰ ਮਾਰਨਾ, ਆਪਣੇ ਅਸਲੀ ਸਰੂਪ ਨੂੰ ਪਛਾਣਨਾ, ਆਵਾ-ਗਉਣ ਦੇ ਗੇੜ ਤੋਂ ਮੁਕਤ ਹੋਣਾ ਹੈ।

ਸਿੱਖ ਦਰਸ਼ਨ ਅਨੁਸਾਰ ਆਤਮਕ ਕਮਜ਼ੋਰੀਆਂ, ਪੰਜੇ ਵਿਕਾਰਾਂ 'ਤੇ ਕਾਬੂ ਪਾ ਲੈਣਾ ਮੁਕਤੀ ਪ੍ਰਾਪਤੀ ਦਾ ਲੱਛਣ ਹੈ। ਅਕਾਲ ਪੁਰਖ ਦੀ ਕ੍ਰਿਪਾ ਨਾਲ ਮੁਕਤੀ ਨੂੰ ਪ੍ਰਾਪਤ ਹੋ ਚੁੱਕੀ ਆਤਮਾ ਮੁੜ ਕੇ ਆਵਾ-ਗਾਉਣ ਦੇ ਚੱਕਰਾਂ ਵਿੱਚ ਨਹੀਂ ਪੈਂਦੀ। ਮੁਕਤੀ ਅਕਾਲ ਪੁਰਖ ਦੀ ਰਜ਼ਾ ਵਿੱਚ ਰਹਿ ਕੇ, ਪਰਮਾਤਮਾ ਦਾ ਹੁਕਮ ਸੱਚ ਜਾਣ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮਨੁੱਖੀ ਜੀਵਨ ਵਿੱਚ ਮੁਕਤੀ ਪ੍ਰਾਪਤੀ ਲਈ ਜ਼ਰੂਰੀ ਹੈ ਕਿ ਸੱਚੇ ਸ਼ਬਦ ਦੀ ਕਮਾਈ ਕਰਨਾ ਅਤੇ ਨਾਮ ਜਪਣਾ, ਅਸਲ ਰੂਪ ਵਿੱਚ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਮਨ ਵਿੱਚ ਵਸਾਉਣਾ ਹੈ।

ਉਪਰੋਕਤ ਸੰਕਲਪ ਸਿੱਖ ਸਿਮਰਤੀ ਅਤੇ ਅਨੰਦਮਈ ਅਵਸਥਾ ਦੇ ਆਪਸੀ ਸੰਬੰਧ ਦਾ ਪ੍ਰਤੀਕ ਹਨ। ਇਹ ਸੰਕਲਪ ਸਿੱਖ ਸਿਮਰਤੀ ਰਾਹੀਂ ਮੁੱਢ ਕਦੀਮ ਤੋਂ ਲੈ ਕੇ ਹੁਣ ਤੱਕ ਕੌਮ ਦੀ ਅਗਵਾਈ ਕਰਦੇ ਹਨ। ਇਹਨਾਂ ਸੱਚੇ-ਸੁੱਚੇ ਸੰਕਲਪਾਂ ਦੀ ਸਿਰਜਨਾ ਗੁਰੂ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਹੁੰਦੀ ਹੈ। ਇਸ ਲਈ ਸਿੱਖ ਸਿਮਰਤੀ ਵਿੱਚ ਗੁਰੂ ਦੇ ਮਹੱਤਵ ਨੂੰ ਸਮਝਣਾ ਜ਼ਰੂਰੀ ਹੈ।

## 7 ਸਿੱਖ ਸਿਮਰਤੀ ਵਿੱਚ ਗੁਰੂ

ਗੁਰੂ ਸਿੱਖ ਸਿਮਰਤੀ ਦਾ ਕੇਂਦਰ ਹੈ। ਸਿੱਖ ਸਿਮਰਤੀ ਵਿੱਚ ਗੁਰੂ ਤੋਂ ਭਾਵ ਉਹ ਮਹਾਨ ਆਤਮਕ ਸ਼ਕਤੀ ਹੈ ਜੋ ਉਸ ਅਕਾਲ ਪੁਰਖ ਵੱਲੋਂ ਮਨੁੱਖਤਾ ਦੇ ਕਲਿਆਣ ਲਈ ਸਿਰਜੀ ਗਈ ਹੈ। ਗੁਰੂ ਸ਼ਬਦ ਤੋਂ ਭਾਵ "'ਗੁ' ਸ਼ਬਦ ਦਾ ਅਰਥ ਅੰਧੇਰਾ ਤੇ 'ਰੂ' ਦਾ ਪ੍ਰਕਾਸ਼ (ਰੋਸ਼ਨੀ) ਹੈ। ਜਿਸ ਵਿਅਕਤੀ ਵਿੱਚ ਅਗਿਆਨ ਰੂਪੀ ਅੰਧੇਰੇ ਨੂੰ ਦੂਰ ਕਰ ਕੇ, ਗਿਆਨ ਦਾ ਪ੍ਰਕਾਸ਼ ਕਰਨ ਦਾ ਲਖਸ਼ਣ ਮੌਜੂਪ ਹੋਵੇ, ਉਸ ਦਾ ਨਾਮ 'ਗੁਰੂ' ਹੈ।"[66]

ਗੁਰੂ ਮਾਰਗ ਦਰਸ਼ਨ ਕਰਦਾ ਹੈ ਜਿਹੜਾ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਸੱਚ ਦਾ ਪ੍ਰਕਾਸ਼ ਕਰਦਾ ਹੈ, ਭਾਵ ਕਿ ਦੁਨਿਆਵੀ ਸੂਰਜ ਅਤੇ ਚੰਦ ਹਜ਼ਾਰਾਂ ਦੀ ਗਿਣਤੀ ਵਿੱਚ ਚੜ੍ਹ ਕੇ ਵੀ ਚਾਨਣ ਕਰ ਲੈਣ, ਪਰੰਤੂ ਗੁਰੂ ਵੱਲੋਂ ਦਰਸਾਏ ਆਤਮਿਕ ਗਿਆਨ ਤੋਂ ਬਿਨਾਂ ਹਨੇਰਾ ਹੈ;

---

[65] ਭਾਈ ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਾਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪੰ. 981.

[66] ਊਧਮ ਸਿੰਘ (1993) *ਸੱਚਾ ਗੁਰੂ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 33.

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥[67]

ਭਾਵ ਕਿ ਜੇਕਰ ਸੌ ਚੰਦਰਮਾ ਪੈਦਾ ਹੋ ਜਾਵੇ ਅਤੇ ਹਜ਼ਾਰਾਂ ਹੀ ਸੂਰਜ ਚੜ੍ਹ ਜਾਣ, ਇੰਨਾ ਪ੍ਰਕਾਸ਼ ਹੋਣ ਦੇ ਬਾਵਜੂਦ ਵੀ ਗੁਰੂ ਬਿਨਾਂ ਘੋਰ ਅੰਧਾਰ ਹੁੰਦਾ ਹੈ। ਸਿੱਖ ਸਿਮਰਤੀ ਵਿੱਚ ਗੁਰੂ ਦੀ ਪਦਵੀ ਮਹਾਨ ਹੈ ਕਿਉਂਕਿ ਸਿਰਜਣਹਾਰ ਦੀਆਂ ਸਾਰੀਆਂ ਸ਼ਕਤੀਆਂ ਗੁਰੂ ਰੂਪ ਵਿੱਚ ਸ਼ਾਮਿਲ ਹੁੰਦੀਆਂ ਹਨ ਉਹਨਾਂ ਸਭ ਦਾ ਮੋਢੀ ਗੁਰੂ ਹੈ। ਜਿਸ ਕਰਕੇ ਸਿੱਖਾਂ ਦੀ ਸਿਮਰਤੀ ਵਿੱਚ ਗੁਰੂ ਪ੍ਰਤੀ ਅਟੁੱਟ ਵਿਸ਼ਵਾਸ ਹੈ।

ਗੁਰੂ ਦਾ ਪਰਮਾਤਮਾ ਰੂਪ ਇਸ ਲਈ ਵਿਅਕਤ ਕੀਤਾ ਗਿਆ ਹੈ ਕਿਉਂਕਿ ਪਰਮਸੱਤਾ ਜਦੋਂ ਸਮੁੱਚੇ ਸੰਸਾਰ ਨੂੰ ਸ਼ਬਦ ਦੇ ਰੂਪ ਵਿੱਚ ਆਪਣਾ ਗਿਆਨ ਪ੍ਰਦਾਨ ਕਰਦੀ ਹੈ ਤਾਂ ਗੁਰੂ ਅਖਵਾਉਂਦੀ ਹੈ।

ਗੁਰੁ ਪਰਮੇਸਰੁ ਏਕੋ ਜਾਣੁ॥[68]
ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥[69]

ਸਿੱਖ ਧਰਮ ਵਿੱਚ ਦੇਹ ਰੂਪ ਦੇ ਦਸ ਗੁਰੂ ਸਾਹਿਬਾਨ ਹੋਏ, ਪਰੰਤੂ ਉਹਨਾਂ ਵਿੱਚ ਇੱਕ ਜੋਤ ਦਾ ਪ੍ਰਕਾਸ਼ ਸੁਭਾਇਮਾਨ ਸੀ।

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥[70]

"ਗੁਰੂ ਗ੍ਰੰਥ ਬਾਣੀ ਅਨੁਸਾਰ ਦੇਹ ਧਾਰੀ ਗੁਰੂ ਦੀ ਪਰੰਪਰਾ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਚਲਦੀ ਰਹੀ ਹੈ ਅਤੇ ਹਰ ਗੁਰੂ ਦੀ ਪਰਮਾਤਮਾ ਨਾਲ ਇਕਰੂਪਤਾ ਉੱਤੇ ਵੀ ਜੋਰ ਦਿੱਤਾ ਜਾਂਦਾ ਰਿਹਾ ਹੈ ਪਰ ਸਿਧਾਂਤਕ ਤੌਰ ਤੇ ਗੁਰੂਆਂ ਦੇ ਪੰਜ ਭੂਤਕ ਸਰੀਰ ਕਦੇ ਵੀ ਗੁਰੂ ਨਹੀਂ ਮੰਨੇ ਗਏ। ਗੁਰੂ ਸਦਾ ਹੀ ਉਸ ਜੋਤਿ ਨੂੰ ਹੀ ਮੰਨਿਆ ਜਾਂਦਾ ਰਿਹਾ ਹੈ ਜਿਹੜੀ ਇਨ੍ਹਾਂ ਗੁਰੂਆਂ ਦੇ ਸਰੀਰਾਂ ਵਿਚ ਵਿਦਮਾਨ ਰਹੀ ਹੈ

---

67 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 463.

68 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 864.

69 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 53.

70 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 966.

ਅਤੇ ਇਕ ਤੋਂ ਦੂਜੇ ਗੁਰੂ ਨੂੰ ਗੁਰ ਗੱਦੀ ਦੇਣ ਸਮੇਂ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਪ੍ਰਵੇਸ਼ ਕਰਦੀ ਰਹੀ ਹੈ।"[71] ਸਿੱਖ ਧਰਮ ਦੀ ਵਿਲੱਖਣ ਪਰੰਪਰਾ ਹੈ ਕਿ ਸ਼ਬਦ ਜੋਤਿ ਗੁਰੂ ਹੈ ਸਰੀਰ ਨਹੀਂ। ਜੇਕਰ ਸਰੀਰ ਨੂੰ ਹੀ ਗੁਰੂ ਮੰਨਿਆ ਜਾਵੇ ਤਾਂ ਫਿਰ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਸਮੇਂ ਮੌਜੂਦ ਸਨ। ਉਹਨਾਂ ਨੂੰ ਉਦੋਂ ਤੱਕ ਗੁਰੂ ਨਹੀਂ ਮੰਨਿਆ ਜਦੋਂ ਤੱਕ ਗੁਰੂ ਦੀ ਜੋਤ ਉਹਨਾਂ ਵਿੱਚ ਪ੍ਰਵੇਸ਼ ਨਹੀਂ ਕੀਤੀ। ਇਸੇ ਤਰ੍ਹਾਂ ਬਾਕੀ ਦੇ ਗੁਰੂ ਸਾਹਿਬਾਨ ਪਹਿਲਾਂ ਗੁਰੂ ਦੇ ਹੁੰਦੇ ਹੋਏ ਸਰੀਰਕ ਰੂਪ ਵਿੱਚ ਸੇਵਕ ਦੇ ਤੌਰ 'ਤੇ ਵਿਚਰ ਰਹੇ ਸਨ ਪ੍ਰੰਤੂ ਗੁਰੂ ਉਦੋਂ ਹੀ ਮੰਨੇ ਗਏ ਜਦੋਂ ਗੁਰੂ ਨਾਨਕ ਦੇਵ ਜੀ ਵਾਂਗ ਜੋਤ ਅਗਲੇ ਗੁਰੂ ਨੂੰ ਦਿੱਤੀ ਗਈ। ਸਪੱਸ਼ਟ ਹੈ ਕਿ ਸਿੱਖ ਪਰੰਪਰਾ ਵਿੱਚ ਗੁਰੂ ਇੱਕ ਜੋਤਿ ਸਰੂਪ ਹੈ, ਸਰੀਰ ਨਹੀਂ। "ਆਦਿ ਜੁਗਾਦ ਤੋਂ ਅਜ ਤਕ ਜਿਸ ਨੇ ਵੀ ਗੁਰੂ ਧਾਰਨ ਕੀਤਾ ਹੈ, ਉਸਨੇ ਉਸਦੇ ਸ਼ਬਦ (ਉਪਦੇਸ਼) ਨੂੰ ਹੀ ਗੁਰੂ ਮੰਨਿਆ ਹੈ, ਦੇਹ ਨੂੰ ਨਹੀਂ। ਦੇਹ ਤਾਂ ਪੰਜਾਂ ਤੱਤਾਂ ਦਾ ਬਣਿਆ ਇਕ ਪੁਤਲਾ ਹੈ, ਜੋ ਨਾਸ਼ਵੰਤ ਅਤੇ ਜੜ੍ਹ ਹੈ। ਗੁਰੂ ਨਾਨਕ ਦੇਵ ਜੀ ਦੀ ਆਤਮਾ ਗੁਰੂ ਸੀ, ਦੇਹ ਨਹੀਂ। ਦੇਹ ਤਾਂ ਇਸ ਲਈ ਪੂਜੀ-ਸਤਿਕਾਰੀ ਜਾਂਦੀ ਸੀ, ਕਿ ਉਸ ਵਿਚ ਗੁਰੂ ਜੋਤ ਦਾ ਵਾਸਾ ਸੀ।"[72]

ਇਸੇ ਤਰ੍ਹਾਂ ਸਿੱਖ ਸਿਮਰਤੀ ਵਿੱਚ ਗੁਰੂ ਦਾ ਤੀਜਾ ਰੂਪ ਸ਼ਬਦ ਗੁਰੂ ਨੂੰ ਮੰਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਵੱਲੋਂ ਗੁਰੂ ਸੰਬੰਧੀ ਪੁੱਛੇ ਪ੍ਰਸ਼ਨ ਦਾ ਉੱਤਰ ਦਿੰਦਿਆਂ ਸ਼ਬਦ ਨੂੰ ਗੁਰੂ ਮੰਨਿਆ ਹੈ ਗੁਰੂਵਾਕ ਅਨੁਸਾਰ;

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥[73]
ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ॥[74]

ਇਸੇ ਤਰ੍ਹਾਂ ਸਿੱਖ ਸਿਮਰਤੀ ਸ਼ਬਦ ਗੁਰੂ ਦੇ ਸਿਧਾਂਤ ਅਨੁਸਾਰ ਗੁਰਬਾਣੀ ਨੂੰ ਗੁਰੂ ਰੂਪ ਮੰਨਦੀ ਹੈ ਅਤੇ ਇਸੇ ਗੁਰੂ ਦਾ ਗਿਆਨ ਜਾਂ ਸੋਝੀ ਪ੍ਰਾਪਤ ਕਰਨ ਲਈ ਗੁਰਬਾਣੀ ਨੂੰ ਗੁਰੂ ਹੁਕਮ ਮੰਨਦੀ ਹੈ;

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥[75]
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥

---

71 ਦਰਸ਼ਨ ਸਿੰਘ (1999) *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 56.

72 ਊਧਮ ਸਿੰਘ (1993) *ਸੱਚਾ ਗੁਰੂ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 94.

73 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 943.

74 ਉਹੀ, ਪੰ. 843.

75 ਉਹੀ, ਪੰ. 982.

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥[76]

ਇਸ ਲਈ ਸਿੱਖ ਸਿਮਰਤੀ ਵਿੱਚ ਸ਼ਬਦ ਦਾ ਉਪਦੇਸ਼ ਹੀ ਗੁਰੂ ਦੇ ਹੁਕਮ ਦੀ ਪ੍ਰਤੀਨਿਧਤਾ ਕਰਦਾ ਹੈ। ਗੁਰੂ ਸਾਹਿਬਾਨ ਨੂੰ ਸਿੱਖ ਸਿਮਰਤੀ ਵਿੱਚ ਵੱਖਰਾ ਉੱਚਾ ਸਥਾਨ ਪ੍ਰਾਪਤ ਹੈ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਦ੍ਰਿੜ੍ਹਤਾ ਲਈ ਧਰਮਸ਼ਾਲਾਵਾਂ ਕਾਇਮ ਕੀਤੀਆਂ ਅਤੇ ਉਸ ਤੋਂ ਬਾਅਦ ਗੁਰੂ ਸਾਹਿਬਾਨ ਨੇ ਗੁਰਦੁਆਰਿਆਂ ਦੀ ਸੰਸਥਾ ਨੂੰ ਹੋਂਦ ਵਿੱਚ ਲਿਆਂਦਾ। "ਸਿੱਖੀ ਨੂੰ ਜੀਵਤ ਰੱਖਣ ਲਈ ਗੁਰੂ ਸਾਹਿਬਾਨ ਨੇ ਅਜਿਹੀਆਂ ਸੰਸਥਾਵਾਂ ਦੀ ਸਥਾਪਨਾ ਕੀਤੀ, ਜਿਹੜੀਆਂ ਸਿੱਖੀ ਦੀ ਵਿਲੱਖਣ ਪਛਾਣ ਨੂੰ ਬਰਕਰਾਰ ਰੱਖਣ ਵਿੱਚ ਅਹਿਮ ਯੋਗਦਾਨ ਪਾ ਰਹੀਆਂ ਹਨ, ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਖ਼ੁਦ ਸਿੱਖ ਸੱਭਿਆਚਾਰ ਦੀ ਸਿਰਜਣਾ ਕੀਤੀ, ਜੋ ਸਿੱਖੀ ਦੀ ਵਿਲੱਖਣ ਪਛਾਣ ਦਾ ਆਧਾਰ ਹੈ।"[77] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣ ਦਾ ਸਿਧਾਂਤ ਵਿਹਾਰਕ ਰੂਪ ਵਿੱਚ ਦਿੱਤਾ, ਅਨੇਕਾਂ ਹੀ ਸਿੱਖ ਹਿਰਦੇ ਅੰਤਰੀਵੀ ਅਤੇ ਬਾਹਰੀ ਰੂਪ ਵਿੱਚ ਗੁਰੂ ਨਾਨਕ ਰੂਪ ਹੀ ਹੋ ਗਏ। ਭਾਈ ਲਹਿਣਾ ਜੀ ਇਸ ਦੀ ਸਭ ਤੋਂ ਵੱਡੀ ਉਦਾਹਰਣ ਹਨ ਉਹ ਆਪ ਹੀ ਗੁਰੂ ਨਾਨਕ ਰੂਪ ਹੋ ਗਏ ਅਤੇ ਉਹਨਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਜੋ ਸਥਾਨ ਮਿਲਿਆ, ਉਹ ਸਿਮਰਤੀ ਦੇ ਉਚ-ਭਾਵਾਂ ਦਾ ਹੀ ਪ੍ਰਗਟਾਵਾ ਹੈ।

ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸੇਵਾ ਘਾਲਣਾ ਉਪਰੰਤ ਸੇਵਕ ਤੋਂ ਗੁਰੂ ਬਣੇ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਸਮਾਜ ਸੇਵਾ ਦੇ ਰੂਪ ਵਿੱਚ ਸਿੱਖ-ਸਿਮਰਤੀ ਵਿੱਚ ਜੋ ਸਥਾਨ ਬਣਾਇਆ, ਉਹ ਵਿਲੱਖਣ ਰੂਪ ਵਿੱਚ ਉੱਕਰਿਆ ਹੋਇਆ ਹੈ। ਗੁਰਿਆਈ ਮਿਲਣ ਤੋਂ ਬਾਅਦ ਰਾਮਦਾਸਪੁਰ ਜਿਹਾ ਮਹਾਨ ਰੂਹਾਨੀ ਕੇਂਦਰ ਵਸਾਇਆ ਅਤੇ ਸਿੱਖ ਸਿਮਰਤੀ ਨੂੰ ਵਿਸ਼ਾਲ ਕਰ ਗਏ। ਸਿੱਖ ਸਿਮਰਤੀ ਨੂੰ ਗੁਰੂ ਸਿਧਾਂਤਾਂ ਨਾਲ ਜੋੜਨ ਲਈ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਕੀਤਾ। ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਅਤੇ ਅਦੁੱਤੇ ਗਿਆਨ ਨੇ ਸਿੱਖ ਸਿਮਰਤੀ ਨੂੰ ਏਕਤਾ ਦੀ ਲੜੀ ਵਿੱਚ

---

76 *ਉਹੀ*, ਪੰ. 750.

77 ਗੁਰਮੀਤ ਸਿੰਘ ਸਿੱਧੂ (2015) *ਸਿੱਖੀ ਅਤੇ ਸਿੱਖਾਂ ਦਾ ਭਵਿੱਖ*, ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 32.

ਪਰੋ ਲਿਆ। ਜਿਸ ਦੀ ਉਦਾਹਰਣ ਵੱਖ-ਵੱਖ ਸੰਪ੍ਰਦਾਵਾਂ ਵਿੱਚ ਵਿਚਰ ਰਹੇ ਸਿੱਖ ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਰਧਾਲੂ ਮੰਨਦੇ ਹਨ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਨਵੀਂ ਨੀਤੀ ਦਾ ਉਥਾਨ ਕੀਤਾ, ਮੀਰੀ-ਪੀਰੀ ਦੇ ਸਿਧਾਂਤ ਦਾ ਇਨਕਲਾਬੀ ਰੂਪ ਸਾਹਮਣੇ ਲਿਆਂਦਾ ਅਤੇ ਸਿੱਖਾਂ ਦੀ ਸਰਵ-ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਕਾਇਮ ਕੀਤੀ। ਉਹਨਾਂ ਤੋਂ ਬਾਅਦ ਸੱਤਵੇਂ ਸ੍ਰੀ ਗੁਰੂ ਹਰਿ ਰਾਇ ਜੀ, ਅੱਠਵੇਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਅਤੇ ਨੌਵੇਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਲੋਕਾਂ ਲਈ ਨਵੇਂ ਸਮਾਜ ਦਾ ਨਿਰਮਾਣ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਸੰਪੂਰਨਤਾ ਦੀ ਸਿਖਰ ਤੱਕ ਲਿਜਾਣ ਵਾਲੀ ਉਹ ਹਰ ਜ਼ਿੰਮੇਵਾਰੀ ਆਈ ਜਿਹੜੀ ਆਪ ਨੇ ਬਾ-ਕਮਾਲ ਨਿਭਾਈ। ਉਹਨਾਂ ਨੇ ਸਭ ਤੋਂ ਵਡੇਰਾ ਕਾਰਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸਥਾਪਨਾ ਕਰਕੇ ਕੀਤਾ। "ਕੇਸਗੜ੍ਹ ਅਨੰਦਪੁਰ ਵਿੱਚ ਉਹ ਗੁਰਧਾਮ ਹੈ, ਜਿਸ ਥਾਂ ਦਸਮੇਸ਼ ਨੇ 1 ਵੈਸਾਖ ਸੰਮਤ 1746 (1699 ਈ.) ਨੂੰ ਅੰਮ੍ਰਿਤਦਾਨ ਦੇ ਕੇ ਮੁਰਦਿਆਂ ਨੂੰ ਜੀਵਨ ਦਾਨ ਦਿੱਤਾ ਅਤੇ ਕੇਸ ਰੱਖਣ ਦਾ ਉਪਦੇਸ਼ ਕੀਤਾ, ਇਹ ਖ਼ਾਲਸੇ ਦਾ ਤੀਜਾ ਤਖ਼ਤ ਹੈ।"[78] ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਉਹ ਬੁਨਿਆਦੀ ਧਾਰਮਕ ਸੰਸਥਾ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਨੁੱਖਤਾ ਪ੍ਰਤੀ ਨਜ਼ਰੀਆ ਸਪਸ਼ਟ ਕਰਦੀ ਹੈ।

ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਧਰਮ ਦੇ ਪ੍ਰਚਾਰ ਲਈ ਲੋਕ ਹਿੱਤ ਕੀਤੇ ਕਾਰਜ ਅੱਜ ਵੀ ਸਿੱਖਾਂ ਦੀ ਸਿਮਰਤੀ ਵਿੱਚ ਤਰੋਤਾਜ਼ਾ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਅਤੇ ਉਹਨਾਂ ਦੀ ਬਾਣੀ ਨਾਲ ਸਿੱਖ ਮਨਾਂ ਵਿੱਚ ਸਿੱਖ ਸਿਮਰਤੀ ਨੇ ਆਪਣੀ ਪਹਿਚਾਣ ਬਣਾਈ ਹੈ। ਉਸ ਤੋਂ ਬਾਅਦ ਗੁਰੂ ਜੋਤਿ ਨੇ ਨਿਰੰਤਰ ਸਿੱਖ ਸਿਮਰਤੀ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ। ਸਿੱਖ ਸੰਸਥਾਵਾਂ, ਸੰਗਤ, ਪੰਗਤ, ਕੀਰਤਨ, ਸੇਵਾ, ਦਸਵੰਧ, ਗੁਰਦੁਆਰਾ ਆਦਿ ਦੀ ਸਥਾਪਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀ ਗਈ ਅਤੇ ਇਹਨਾਂ ਨੂੰ ਬਾਕੀ ਗੁਰੂ ਸਾਹਿਬਾਨ ਵੀ ਉਪਦੇਸ਼ ਦੇ ਕੇ ਦ੍ਰਿੜ ਕਰਵਾਉਂਦੇ ਰਹੇ। ਲਗਾਤਾਰ ਵਿਕਸਿਤ ਹੋ ਚੁੱਕੀਆਂ ਇਹ ਸੰਸਥਾਵਾਂ ਅੱਜ ਵੀ ਕਾਰਜ਼ਸ਼ੀਲ ਹਨ ਅਤੇ ਇਹ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਹਨ ਅਤੇ ਇਹਨਾਂ ਦੀ ਵਿਹਾਰਕਤਾ ਸਿੱਖ ਜੀਵਨ ਵਿੱਚੋਂ ਨਜ਼ਰ ਆਉਂਦੀ ਹੈ। ਸਿੱਖਾਂ ਨੂੰ ਆਪਣੀ

---

[78] ਭਾਈ ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਾਰ ਮਹਾਨਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 346.

ਆਜ਼ਾਦ ਹੋਂਦ ਕਾਇਮ ਰੱਖਣ ਲਈ ਨਿੱਤ ਮੁਹਿੰਮਾਂ ਵਿੱਚੋਂ ਗੁਜ਼ਰਨਾ ਪਿਆ ਹੈ। ਗੁਰੂ ਆਸਰੇ ਇਹ ਵੱਡੀਆਂ ਤਾਕਤਾਂ ਦਾ ਮੁਕਾਬਲਾ ਕਰਦੇ ਰਹੇ। ਸਿੱਖ ਸਿਮਰਤੀ ਦਾ ਆਧਾਰ ਇੱਕ ਵਾਹਿਗੁਰੂ ਹੈ, ਉਸ ਦੇ ਹੁਕਮ ਨੂੰ ਸਿੱਖ ਹਰ ਸਮੇਂ ਸਿਮਰਤੀ ਵਿੱਚ ਰੱਖ ਕੇ ਜਦੋਂ ਜੀਵਨ-ਜੁਗਤਾਂ ਅਪਣਾਉਂਦਾ ਹੈ ਤਾਂ ਆਦਰਸ਼ਕ ਮਨੁੱਖ ਬਣਕੇ ਉਹ ਸੱਚੀ-ਸੁੱਚੀ ਸਿਮਰਤੀ ਰਾਹੀਂ ਮੁਕਤੀ ਪ੍ਰਾਪਤ ਕਰਦਾ ਹੈ। ਜੋ ਉਸ ਨੂੰ ਗੁਰਬਾਣੀ ਤੋਂ ਪ੍ਰਾਪਤ ਹੁੰਦੀ ਹੈ।

ਸਿੱਖ ਸਿਮਰਤੀ ਵਿੱਚ ਗੁਰਬਾਣੀ ਤੋਂ ਭਾਵ ਗੁਰੂ ਉਪਦੇਸ਼ ਤੋਂ ਹੈ। ਸਿੱਖ ਗੁਰੂ ਸਾਹਿਬਾਨ ਵੱਲੋਂ ਇਲਾਹੀ ਉਪਦੇਸ਼ ਸ਼ਬਦ ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਹਨ ਜਿਨ੍ਹਾਂ ਦਾ ਸੰਦੇਸ਼ ਸਾਰੀ ਮਾਨਵਤਾ ਲਈ ਸਾਂਝਾ ਹੈ। ਧਰਮਾਂ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕੋ-ਇੱਕ ਅਜਿਹੇ ਧਰਮ ਗ੍ਰੰਥ ਹਨ ਜਿਹਨਾਂ ਨੂੰ ਗੁਰੂ ਰੂਪ ਵਿੱਚ ਪ੍ਰਵਾਨਤ ਕੀਤਾ ਹੋਇਆ ਹੈ;

ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ॥
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ॥ [79]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਖੁਦ ਸਿੱਖ ਗੁਰੂ ਸਾਹਿਬਾਨ ਵੱਲੋਂ ਕੀਤੀ ਗਈ;

ਸ੍ਰੀ ਅਸਿਧੁਜ ਜਬ ਭਏ ਦਿਆਲਾ॥
ਪੂਰਨ ਕਰਾ ਗ੍ਰੰਥ ਤਤਕਾਲਾ॥[80]

ਇਹ ਪਾਵਨ ਗ੍ਰੰਥ ਧੁਰ ਕੀ ਬਾਣੀ ਦੇ ਸੰਦੇਸ਼ ਦੇ ਨਾਲ-ਨਾਲ ਮਨੁੱਖਤਾ ਦੇ ਕਲਿਆਣ ਲਈ ਸਿੱਖ ਸਿਮਰਤੀ ਨੂੰ ਅਗਵਾਈ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਵੱਖ ਵੱਖ ਧਰਮਾਂ, ਖੇਤਰਾਂ, ਜਾਤਾਂ ਆਦਿ ਨਾਲ ਸੰਬੰਧਤ ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਗੁਰੂ ਘਰ ਦੇ ਨਿਕਟਵਰਤੀ ਸਿੱਖਾਂ ਦੀ ਇਲਾਹੀ ਬਾਣੀ ਦਰਜ਼ ਹੋਣਾ ਮਜ਼ਹਬੀ ਏਕਤਾ ਦਾ ਪ੍ਰਤੀਕ ਹੈ। ਜਿਹੜੀ ਸਿੱਖ ਸਿਮਰਤੀ ਨੂੰ ਬਰਾਬਰਤਾ ਦੇ ਸਿਧਾਂਤ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਲਈ ਪ੍ਰੇਰਿਤ ਕਰਦੀ ਹੈ।

ਸਿੱਖ ਸਿਮਰਤੀ ਵਿੱਚ ਗੁਰਬਾਣੀ ਦੇ ਸੰਕਲਨ ਨੇ ਜਗਤ ਵਿੱਚ ਸਰਬ ਸਾਂਝੀਵਾਲਤਾ ਦੇ ਹਵਾਲੇ ਨਾਲ ਨਵਾਂ ਮੋੜ ਲਿਆਂਦਾ। "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਅਧੀਨ ਚੱਲਣ ਵਾਲੇ ਸਮੂਹ ਸਿੱਖਾਂ ਨੂੰ ਪੰਥ ਅਤੇ ਉਹਨਾਂ ਦੇ ਸਮਾਜ-ਸੰਸਕ੍ਰਿਤਕ ਅਤੇ ਰਾਜਨੀਤਕ ਸੰਵਾਦ ਵਿੱਚੋਂ ਪੈਦਾ ਹੋਣ ਵਾਲੀ ਪਹਿਚਾਣ ਅਤੇ

[79] ਪਿਆਰਾ ਸਿੰਘ ਪਦਮ (1974) *ਰਹਿਤਨਾਮੇ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰ. 67.

[80] ਗਿਆਨੀ ਮੋਹਨ ਸਿੰਘ, ਸੋਧਕ (1992), 'ਚੌਪਈ' *ਸੁੰਦਰ ਗੁਟਕਾ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰ. 40.

ਸ਼ਕਤੀ ਨੂੰ ਪੰਥਕ ਚੇਤਨਾ ਦਾ ਨਾਮ ਦਿੱਤਾ ਜਾਂਦਾ ਹੈ।"[81] ਗੁਰਬਾਣੀ ਦੇ ਜਾਪ ਅਭਿਆਸ ਨਾਲ ਮਨੁੱਖ ਦੇ ਜਨਮਾਂ-ਜਨਮਾਂ ਦੀ ਮੈਲ ਲਹਿ ਜਾਂਦੀ ਹੈ ਅਤੇ ਆਤਮਾ ਸੁਤੰਤਰਤਾ ਦੇ ਖੇਤਰ ਵਿੱਚ ਪ੍ਰਵੇਸ਼ ਕਰਦੀ ਹੈ;

ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥[82]

ਗੁਰਬਾਣੀ ਦੇ ਜਾਪ ਨਾਲ ਮਨੁੱਖ ਨੂੰ ਧਾਰਮਿਕ ਅਭਿਮਾਨ ਤੋਂ ਆਜ਼ਾਦੀ ਪ੍ਰਾਪਤ ਹੁੰਦੀ ਹੈ। ਗੁਰਬਾਣੀ ਮਨ ਨੂੰ ਹਰ ਪ੍ਰਕਾਰ ਦੇ ਵਿਸ਼ੇ ਵਿਕਾਰਾਂ ਤੋਂ ਆਜ਼ਾਦੀ ਪ੍ਰਦਾਨ ਕਰਦੀ ਹੈ। ਸਿੱਖ ਸਿਮਰਤੀ ਵਿੱਚ ਗੁਰਬਾਣੀ ਦਾ ਵਿਰਸਾ ਜ਼ਮੀਰ ਦੀ ਅਜ਼ਾਦੀ ਦਾ ਪ੍ਰਤੀਕ ਹੈ। ਗੁਰਬਾਣੀ ਦਾ ਧਾਰਨੀ ਮਨੁੱਖ ਬਲਵਾਨ ਬਣ ਜਾਂਦਾ ਹੈ ਜੋ ਕਿ ਸਮਾਜਕ ਭਾਈਚਾਰਕ ਸਾਂਝ ਦੀ ਰਾਖੀ ਕਰਦਾ ਹੋਇਆ ਜ਼ੁਲਮ ਦੇ ਖਿਲਾਫ ਸ਼ਹਾਦਤ ਦੇਣ ਨੂੰ ਆਪਣਾ ਨੈਤਿਕ ਫਰਜ਼ ਸਮਝਦਾ ਹੈ। ਗੁਰਬਾਣੀ ਦਾ ਉਦੇਸ਼ ਮਨੁੱਖ ਨੂੰ ਨਿਰਭਉ ਅਤੇ ਨਿਰਵੈਰ ਬਣਾਉਣ ਦੇ ਨਾਲ-ਨਾਲ ਅਕਾਲ ਪੁਰਖ ਨਾਲ ਜੋੜਨਾ ਹੈ। ਗੁਰਬਾਣੀ ਸਿੱਖ ਸਿਮਰਤੀ ਨੂੰ ਸਹਿਜ, ਸੰਜਮ ਅਤੇ ਸੰਤੋਖ ਵਿੱਚ ਰਹਿੰਦਿਆਂ ਹੋਇਆਂ ਦੂਜਿਆਂ ਨਾਲ ਸਮਾਨਤਾ ਅਤੇ ਸਹਿਯੋਗ ਵਿੱਚ ਵਿਚਰ ਕੇ ਮਾਨਵੀ ਅਜ਼ਾਦੀ ਨੂੰ ਕਾਇਮ ਰੱਖਣਾ ਸਿਖਾਉਂਦੀ ਹੈ। ਸਿੱਖ ਸਿਮਰਤੀ ਵਿੱਚ ਸਭ ਧਰਮਾਂ ਦਾ ਸਤਿਕਾਰ ਕਰਨਾ ਅਤੇ ਧਾਰਮਕ ਸਹਿਣਸ਼ੀਲਤਾ ਵਰਗੇ ਨੈਤਿਕ ਨਿਯਮ ਗੁਰਬਾਣੀ ਦੀ ਹੀ ਦੇਣ ਹਨ।

ਸਿੱਖ ਸਿਮਰਤੀ ਵਿੱਚ ਗੁਰੂ ਦਾ ਦਰਜਾ ਜੁਗੋ-ਜੁਗ ਅਟੱਲ ਹੈ। ਗੁਰੂ ਸਦਾ ਸਮਰੱਥ/ਸਹਾਈ ਹੈ। ਗੁਰੂ ਦੀ ਅਸੀਸ ਸਿੱਖ ਸਿਮਰਤੀ ਵਿੱਚ ਇਸ ਤਰ੍ਹਾਂ ਦਾ ਸਥਾਨ ਪ੍ਰਾਪਤ ਕਰ ਗਈ ਹੈ ਕਿ ਜਦੋਂ ਵੀ ਕੋਈ ਸੰਕਟ ਬਣਦਾ ਹੈ ਤਾਂ ਗੁਰਸਿੱਖ ਸਹਿਜੇ ਹੀ ਗੁਰੂ ਨੂੰ ਯਾਦ ਕਰਦਾ ਹੋਇਆ ਗੁਰੂ ਭਲੀ ਕਰੇਗਾ ਦੀ ਅਸੀਸ ਦੀ ਆਸ ਰੱਖਦਾ ਹੈ;

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ [83]

---

[81] ਅਮਰਜੀਤ ਸਿੰਘ ਗਰੇਵਾਲ (1995) "ਗੁਰੂ ਗ੍ਰੰਥ ਗੁਰੂ ਪੰਥ" *ਗੁਰੂ ਖਾਲਸਾ ਪੰਥ,* ਗੁਰਨਾਮ ਕੌਰ, ਸੰਪਾ., ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ.19.

[82] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 135.

[83] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 394.

ਗੁਰੂ ਦੀ ਬਖਸ਼ਿਸ਼ ਅਸੀਮ ਹੈ ਜਦੋਂ ਮਨੁੱਖ ਗੁਰੂ ਦੁਆਰਾ ਦੱਸੇ ਹੋਏ ਪਰਮਾਤਮਾ ਦੇ ਗੁਣਾਂ ਦਾ ਸਿਮਰਨ ਕਰਦਾ ਹੈ ਤਾਂ ਨੇਕੀ ਦੇ ਗੁਣ ਸੱਚਾਈ, ਮਿਠਾਸ, ਨਿਰਮਤਾ, ਪਰਉਪਕਾਰ, ਨਿਰਵੈਰਤਾ ਅਤੇ ਦਿਆਲਤਾ ਆਦਿ ਵਰਗੇ ਗੁਣਾਂ ਦੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ;

ਗੁਰਿ ਮਿਲਿਐ ਸਭ ਮਤਿ ਬੁਧਿ ਹੋਇ॥
ਮਨਿ ਨਿਰਮਲਿ ਵਸੈ ਸਚੁ ਸੋਇ॥[84]

ਗੁਰੂ ਦੁਆਰਾ ਆਰਥਕ ਸੁਤੰਤਰਤਾ ਦੀ ਬਖਸ਼ਿਸ਼ ਪ੍ਰਦਾਨ ਕੀਤੀ ਜਾਂਦੀ ਹੈ। ਗੁਰੂ ਧਨ ਨੂੰ ਇੱਕਠਿਆਂ ਕਰਨ ਦੇ ਵਿਰੁੱਧ ਹੈ ਕਿਉਂਕਿ ਇਸ ਪ੍ਰਵਿਰਤੀ ਨਾਲ ਸਮਾਜ ਵਿੱਚ ਧਨੀ ਅਤੇ ਨਿਰਧਨ ਦੋ ਵਰਗ ਪੈਂਦਾ ਜਾਂਦੇ ਹਨ। ਪਾਪਾਂ ਦੁਆਰਾ ਇੱਕਠਾ ਕੀਤਾ ਹੋਇਆ ਧਨ ਵਿਅਕਤੀਗਤ ਭੋਗ ਵਿਲਾਸ ਵਿੱਚ ਖਰਚ ਹੁੰਦਾ ਹੈ ਅਤੇ ਸਮਾਜ ਦੇ ਪਤਨ ਦਾ ਕਾਰਨ ਬਣਦਾ ਹੈ। ਗੁਰੂ ਦੇ ਉਪਦੇਸ਼ ਅਨੁਸਾਰ ਜਿਹੜੀ ਮਾਇਆ ਪਾਪ ਕਮਾ ਕੇ ਇੱਕਠੀ ਕੀਤੀ ਜਾਂਦੀ ਹੈ ਉਸ ਨੇ ਸਹਾਈ ਨਹੀਂ ਹੋਣਾ;

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥[85]

ਗੁਰੂ ਦਿਆਲੂ ਅਤੇ ਕਿਰਪਾਲੂ ਹੋਣ ਕਰਕੇ ਮਨੁੱਖ ਦੇ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਅਤੇ ਸਾਰੇ ਸੁੱਖਾਂ ਨੂੰ ਪੈਦਾ ਕਰਨ ਅਤੇ ਸੰਸਾਰਿਕ ਰਾਜ ਬਖਸ਼ਣ ਦੇ ਸਮਰੱਥ ਹੈ। ਇਹ ਸਭ ਕੁਝ ਗੁਰੂ ਦੀ ਬਖਸ਼ਿਸ਼ ’ਤੇ ਨਿਰਭਰ ਕਰਦਾ ਹੈ;

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥[86]

ਲੱਖ ਖੁਸ਼ੀਆਂ ਅਤੇ ਪਾਤਸ਼ਾਹੀਆਂ ਗੁਰੂ ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦੀਆਂ ਹਨ। ਗੁਰੂ ਦੀ ਅਸੀਸ ਨਾਲ ਸ਼ਰਧਾਲੂ ਸੱਚੇ ਮਾਰਗ ਦੇ ਪਾਂਧੀ ਬਣਦੇ ਹਨ ਜਿਸ ਦਾ ਰਸਤਾ ਗੁਰੂ ਦਿਖਾਉਦਾ ਹੈ। ਸਿੱਖ ਸਿਮਰਤੀ ਅਨੁਸਾਰ ਗੁਰੂ ਸੱਚਾ ਮਾਰਗ ਦਰਸ਼ਕ ਹੈ। ਜਿਵੇਂ ਪ੍ਰਕਾਸ਼ ਦੇ ਬਿਨਾਂ ਅੰਧਕਾਰ ਦੂਰ ਨਹੀਂ ਹੋ ਸਕਦਾ, ਉਸੇ ਤਰ੍ਹਾਂ ਗੁਰੂ ਦੇ ਪ੍ਰਕਾਸ਼ ਬਿਨਾਂ ਮਾਇਆ ਦਾ ਅੰਧਕਾਰ ਦੂਰ ਨਹੀਂ ਹੋ ਸਕਦਾ;

---

[84] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨੇ. 157-8.

[85] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 417.

[86] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 44.

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥[87]

ਗੁਰੂ ਦਾ ਉਪਦੇਸ਼ ਸਿੱਖਾਂ ਨੂੰ ਸਮਾਜਕ ਅਤੇ ਆਤਮਕ ਦੋਹਾਂ ਪੱਖਾਂ ਵਿੱਚ ਪੂਰਨਤਾ ਪ੍ਰਦਾਨ ਕਰਦਾ ਹੈ। ਗੁਰੂ ਨਿਰਾ ਆਪਣੇ ਉਪਦੇਸ਼ ਨਾਲ ਹੀ ਸਿੱਖ ਦਾ ਕਲਿਆਣ ਨਹੀਂ ਕਰਦਾ, ਸਗੋਂ ਉਹ ਆਪ ਸਿੱਖਾਂ ਦੇ ਸਾਹਮਣੇ ਨਿੱਜੀ ਅਤੇ ਅਮਲੀ ਜੀਵਨ ਦੇ ਰੂਪ ਵਿੱਚ ਇੱਕ ਜੀਉਂਦੀ ਜਾਗਦੀ ਮਿਸਾਲ ਕਾਇਮ ਕਰਕੇ ਵਿਖਾਉਂਦਾ ਹੈ। ਇਸੇ ਲਈ ਸਿੱਖ ਸਿਮਰਤੀ ਵਿੱਚ ਗੁਰੂ ਲਈ ਅਟੁੱਟ ਵਿਸ਼ਵਾਸ, ਅਸੀਮ ਸਤਿਕਾਰ ਹੋਣ ਦੇ ਨਾਲ-ਨਾਲ ਮੁਕਤੀ ਦਾਤਾ ਵੀ ਹੈ;

ਕਬੀਰ ਐਸਾ ਸਤਿਗੁਰੂ ਜੇ ਮਿਲੈ ਤੁਠਾ ਕਰੇ ਪਸਾਉ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥[88]

ਭਾਵ ਕਿ ਮੁਕਤੀ ਦਾ ਸਹੀ ਮਾਰਗ ਗੁਰੂ ਹੀ ਦਿਖਾ ਸਕਦਾ ਹੈ। ਸਿੱਖ ਸਿਮਰਤੀ ਵਿੱਚ ਗੁਰੂ ਦਾ ਪ੍ਰਮਾਣਿਤ ਰੂਪ ਸ਼ਬਦ ਗੁਰੂ ਹੈ। ਭਾਈ ਗੁਰਦਾਸ ਜੀ ਅਨੁਸਾਰ;

ਗੁਰ ਮੂਰਤਿ ਗੁਰੁ ਸਬਦੁ ਹੈ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ॥[89]

ਸ਼ਬਦ ਹੀ ਗੁਰ ਮੰਤਰ ਹੈ ਜਿਹੜਾ ਸਿੱਖ ਸਿਮਰਤੀ ਵਿੱਚ ਪ੍ਰਵਾਣਿਤ ਅਤੇ ਪ੍ਰਚਲਿਤ ਹੈ ਇਹੀ ਮੰਤਰ ਸਿੱਖ ਧਰਮ ਦਾ ਮਾਰਗ ਦਰਸ਼ਕ ਹੈ ਜਿਸ ’ਤੇ ਚੱਲ ਕੇ ਸਿੱਖ ਧਾਰਮਕ ਅਨੁਭਵ ਦਾ ਅਨੰਦ ਮਾਣਦਾ ਹੈ। ਸਿੱਖ ਸਿਮਰਤੀ ਵਿੱਚ ਅਨੰਦ ਕੇਵਲ ਪਦਾਰਥਕ ਹੀ ਨਹੀਂ ਸਗੋਂ ਇੱਕ ਪੂਰਨ ਖਿੜਾਉ ਵਾਲੀ ਅਧਿਆਤਮਕ ਅਵਸਥਾ ਹੈ। ਸਿੱਖ ਸਿਮਰਤੀ ਅਨੁਸਾਰ ਅਨੰਦਮਈ ਉਹ ਅਵਸਥਾ ਜਿਸ ਵਿੱਚ ਸ਼ਾਂਤੀ, ਨਿਰਲੇਪਤਾ, ਕੋਮਲਤਾ ਅਤੇ ਤ੍ਰਿਪਤੀ ਆਦਿ ਵਰਗੇ ਲੱਛਣ ਸ਼ਾਮਿਲ ਹਨ। “ਅਨੰਦ ਚੇਤਨ ਪ੍ਰਫੁਲਤ, ਪਵਿੱਤਰ-ਪਾਵਨ ਸ਼ਬਦ (ਰਹਿਣੀ) ਦਾ ਨਿੱਤ ਵਾਲਾ ਸਹਜ ਰਸ ਹੈ।”[90] ਸੁੱਖਾਂ ਦਾ ਸੰਬੰਧ ਸਰੀਰਕ ਇੰਦਰੀਆਂ ਨਾਲ ਹੈ ਪਰੰਤੂ ਅਨੰਦ ਦਾ ਆਤਮਾ ਨਾਲ ਕਿਉਂਕਿ ਸੁੱਖ ਲੋਕਿਕ ਪ੍ਰਕਿਰਿਆ ਹੈ, ਅਨੰਦ

---

[87] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਚੌਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 1399.

[88] ਉਹੀ, ਪੰ. 1367.

[89] ਗਿਆਨੀ ਹਜ਼ਾਰਾ ਸਿੰਘ (2012) *ਵਾਰਾਂ ਭਾਈ ਗੁਰਦਾਸ ਸਟੀਕ,* ਭਾਈ ਵੀਰ ਸਿੰਘ, ਸੰਪਾ., ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 378.

[90] ਤਾਰਨ ਸਿੰਘ (1980) *ਅਨੰਦੁ: ਜੋਤਿ ਤੇ ਜੁਗਤਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 120.

ਅਲੌਕਿਕ ਪ੍ਰਕਿਰਿਆ ਹੈ। ਭਰਪੂਰ ਅਨੰਦ ਅੱਗੇ ਸਭ ਕੁਝ ਫਿੱਕਾ ਲੱਗਣ ਲੱਗ ਪੈਂਦਾ ਹੈ, ਇਸ ਦਾ ਸੁਆਦ ਗੁੰਗੇ ਦੇ ਗੁੜ ਚਖਣ ਵਾਂਗ ਹੈ। ਗੁਰਵਾਕ ਅਨੁਸਾਰ;

ਹਰਿ ਗੁਨ ਕਹਤੇ ਕਹਨੁ ਨ ਜਾਈ॥
ਜੈਸੇ ਗੂੰਗੇ ਕੀ ਮਿਠਿਆਈ॥[91]

ਸਿੱਖ ਸਿਮਰਤੀ ਵਿੱਚ ਅਨੰਦ ਦਾ ਅਧਾਰ ਜੀਵਨ ਵਿੱਚ ਹੀ ਪਰਮਪਦ ਦੀ ਪ੍ਰਾਪਤੀ ਹੈ ਜਿਹੜੀ ਪੰਜ ਵਿਕਾਰਾਂ ਨੂੰ ਮਾਰ ਕੇ ਮਿਲਦੀ ਹੈ। ਇਹਨਾਂ ਵਿਕਾਰਾਂ ਤੋਂ ਬਚਣ ਲਈ ਸਿੱਖ ਸਿਮਰਤੀ ਨੂੰ ਗੁਰਬਾਣੀ ਤੋਂ ਸੇਧ ਮਿਲਦੀ ਹੈ। ਜਦੋਂ ਵੀ ਕੋਈ ਸਿੱਖ ਆਪਣੇ ਜੀਵਨ ਦੇ ਮੂਲ ਨੂੰ ਪਛਾਣ ਕੇ ਅਨੰਤ ਜੀਵਨ ਨੂੰ ਜਾਣਨ ਦੀ ਇੱਛਾ ਲਈ ਤਾਂਘਦਾ ਹੈ ਤਾਂ ਉਸ ਸਮੇਂ ਉਹ ਆਪਣੀ ਸਿਮਰਤੀ ਨੂੰ ਹੀ ਅਨੰਦਿਤ ਕਰਨ ਦਾ ਇਛੁੱਕ ਹੁੰਦਾ ਹੈ ਜੋ ਅਨੰਦ ਪਦਾਰਥਕ ਨਹੀਂ ਹੁੰਦਾ ਸਗੋਂ ਰੂਹਾਨੀ ਹੁੰਦਾ ਹੈ। ਰੂਹਾਨੀ ਅਨੰਦਮਈ ਅਨੁਭਵ ਪਵਿੱਤਰਤਾ ਦਾ ਪ੍ਰਗਟਾਵਾ ਹੈ।

ਵਿਦੇਸ਼ੀ ਚਿੰਤਕ ਮਰਸੀਆ ਇਲਾਡੇ ਸਿਮਰਤੀ ਨੂੰ ਪਵਿੱਤਰਤਾ ਦੇ ਪ੍ਰਗਟਾਅ ਰਾਹੀਂ ਸਮਝਦਾ ਹੈ, ਭਾਵ ਕਿ ਜੋ ਮਨੁੱਖੀ ਚੇਤਨਾ ਵਿੱਚ ਯਾਦ ਸਮੋਈ ਹੁੰਦੀ ਹੈ ਉਹ ਪਵਿੱਤਰਤਾ ਨੂੰ ਪ੍ਰਗਟ ਕਰਦੀ ਹੈ। "ਮਨੁੱਖ ਪਵਿੱਤਰਤਾ ਨਾਲ ਜੁੜੇ ਰਹਿਣ ਲਈ ਵਾਰ-ਵਾਰ ਯਤਨ ਕਰਦਾ ਰਹਿੰਦਾ ਹੈ। ਉਸਨੂੰ ਇਹ ਉਮੀਦ ਵੀ ਹੈ ਕਿ ਮਨੁੱਖ ਪਵਿੱਤਰਤਾ ਨਾਲ ਆਪਣੇ ਸੰਬੰਧਾਂ ਨੂੰ ਵਾਰ-ਵਾਰ ਘੋਖਦਾ ਰਹਿੰਦਾ ਹੈ। ਇਸ ਅਨੁਭਵ ਵਿਚ ਉਹ ਗਤੀਸ਼ੀਲਤਾ ਅਤੇ ਤਾਜ਼ਗੀ ਹਾਸਲ ਕਰਦਾ ਹੈ।"[92] ਗੁਰ ਦਰਸ਼ਨ ਦੀ ਤਾਂਘ ਹਰ ਸਿੱਖ ਦੇ ਅੰਦਰ ਹਮੇਸ਼ਾ ਜਗਦੀ ਰਹਿੰਦੀ ਹੈ। ਸਿੱਖ ਸਿਮਰਤੀ ਨੂੰ ਨਿਰੰਤਰਤਾ ਬਖਸ਼ਣ ਲਈ ਗੁਰੂ ਸੰਸਥਾ ਦੀ ਅਹਿਮ ਭੂਮਿਕਾ ਹੈ। ਜਿਵੇਂ ਕਿ, ਪੰਜਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰ ਦਰਵਾਜ਼ੇ ਰੱਖਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਅਤੇ ਹੋਰ ਗੁਰੂ ਸਾਹਿਬਾਨ ਵੱਲੋਂ ਕੀਤੇ ਵੱਡਮੁੱਲੇ ਕਾਰਜਾਂ ਨੇ ਸਦੀਆਂ ਤੱਕ ਸਿਮਰਤੀ ਦੇ ਖੇਤਰ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਦੀ ਸੋਚ ਵਿੱਚ ਹਲੀਮੀ, ਸਹਿਹੋਂਦ,

---

[91] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) *ਪੋਥੀ ਦੂਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 659.

[92] ਗੁਰਮੀਤ ਸਿੰਘ ਸਿੱਧੂ (2014) *ਧਰਮ ਆਧੁਨਿਕ ਅਤੇ ਉੱਤਰਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ, ਪੰ. 144.

ਸਹਿਯੋਗ, ਮਾਨਵੀ ਹੱਕਾਂ ਅਤੇ ਇਨਸਾਨੀ ਮੁੱਲਾਂ ਦੇ ਪ੍ਰਤੀ ਸੰਵੇਦਨਸ਼ੀਲਤਾ ਲਿਆਉਣ ਦਾ ਪਵਿੱਤਰ ਸੋਮਾ ਸਥਾਪਤ ਕਰ ਦਿੱਤਾ।

ਸੰਸਥਾਵਾਂ ਪ੍ਰਤੀ ਸ਼ਰਧਾਲੂਆਂ ਦੀ ਪਵਿੱਤਰਤਾ ਅਤੇ ਸ਼ਰਧਾ ਸਿਮਰਤੀ ਦੇ ਪਵਿੱਤਰਤਾ ਦੇ ਸੰਕਲਪ ਦੀ ਹਾਮੀ ਭਰਦੀ ਹੈ। ਸੰਸਥਾਵਾਂ ਦਾ ਧਰਮ ਦੀਆਂ ਬੁਨਿਆਦਾਂ ਨੂੰ ਮਜ਼ਬੂਤ ਕਰਨ ਵਿੱਚ ਹਮੇਸ਼ਾ ਵੱਡਾ ਯੋਗਦਾਨ ਰਿਹਾ ਹੈ। ਸਿੱਖ ਦੇ ਧਰਮ ਸਿਧਾਂਤਾਂ ਦੀ ਦ੍ਰਿੜ੍ਹਤਾ ਅਤੇ ਮਜ਼ਬੂਤੀ ਦਾ ਪ੍ਰਤੀਕ ਹੈ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ। ਤਖ਼ਤ ਸਾਹਿਬਾਨ ਸਿੱਖਾਂ ਦੀ ਕੌਮੀਅਤ ਦੇ ਧਾਰਮਕ ਚਿੰਤਨ ਦਾ ਪ੍ਰਕਾਸ਼ ਹਨ, ਸਿੱਖਾਂ ਦੇ ਹਰ ਮਸਲੇ ਨਾਲ ਜੁੜੇ ਪੱਖਾਂ ਦਾ ਇਹਨਾਂ ਤਖ਼ਤ ਸੰਸਥਾਵਾਂ 'ਤੇ ਵਿਚਾਰ ਕੀਤੀ ਜਾਂਦੀ ਹੈ, ਧਰਮ ਦੀ ਕਲਿਆਣ ਮੁਖੀ ਭਾਵਨਾ ਨੂੰ ਸਾਹਮਣੇ ਰੱਖ ਕੇ ਫ਼ੈਸਲੇ ਲਏ ਜਾਂਦੇ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਸਿਮਰਤੀ ਅਤੇ ਸਿੱਖ ਸੱਭਿਆਚਾਰ ਨੂੰ ਇੱਕ ਨਿਵੇਕਲੀ ਦਿਸ਼ਾ ਪ੍ਰਦਾਨ ਕੀਤੀ, ਇਸ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ, ਜੋ ਕਿ ਮਨੁੱਖੀ ਇਤਿਹਾਸ ਦੀ ਅਹਿਮ ਅਤੇ ਵਿਲੱਖਣ ਘਟਨਾ ਹੈ। ਪਵਿੱਤਰ ਸੰਸਥਾਵਾਂ 'ਤੇ  ਸ਼ਰਧਾਲੂ ਆਪਣੇ ਗੁਰੂ ਸਾਹਿਬਾਨ ਨੂੰ ਹਾਜ਼ਰ ਮੰਨਦੇ ਹੋਏ ਗੁਰੂ ਦਰਸ਼ਨ ਦੀ ਤਾਂਘ ਆਪਣੀ ਸਿਮਰਤੀ ਵਿੱਚ ਬਣਾਈ ਰੱਖਦੇ ਹਨ।

## 8 ਸਿੱਖ ਸਿਮਰਤੀ ਅਤੇ ਸਿੱਖ ਸੰਸਥਾਵਾਂ

ਮਨੁੱਖੀ ਸਮਾਜ ਸੰਸਥਾਵਾਂ ਦਾ ਸਮੂਹ ਹੈ। ਇਨ੍ਹਾਂ ਨਾਲ ਜੁੜਨ ਤੋਂ ਬਿਨਾਂ ਮਨੁੱਖੀ ਵਿਕਾਸ ਸੰਭਵ ਨਹੀਂ ਹੋ ਸਕਦਾ। ਸਿੱਖ ਸਿਮਰਤੀ ਵਿੱਚ ਆਦਰਸ਼ਕ ਸਮਾਜਿਕ ਢਾਂਚੇ ਦੇ ਕਲਿਆਣ ਹਿੱਤ ਸੰਸਥਾਵਾਂ ਨੇ ਅਹਿਮ ਭੂਮਿਕਾ ਨਿਭਾਈ। ਸਿੱਖ ਧਰਮ ਦੀਆਂ ਸੰਸਥਾਵਾਂ (ਗੁਰੂਦੁਆਰਾ, ਸੰਗਤ-ਪੰਗਤ) ਨੇ ਸਮਾਜ ਨੂੰ ਨਵੀਂਆਂ ਕਦਰਾਂ-ਕੀਮਤਾਂ ਦਿੱਤੀਆਂ ਜਿਨ੍ਹਾਂ ਨਾਲ ਸਿੱਖ ਸਿਮਰਤੀ ਸਮਾਜਕ ਸਦਾਚਾਰਕ ਜੀਵਨ ਦੀ ਪਰਪੱਕ ਬਣ ਗਈ ਹੈ। ਜਿਸ ਤੋਂ ਸੇਧ ਲੈ ਕੇ ਸਿੱਖ ਸਮਾਜਕ ਅਤੇ ਧਾਰਮਕ ਬੁਰਾਈਆਂ ਦੇ ਖ਼ਿਲਾਫ ਸੰਘਰਸ਼ਸ਼ੀਲ ਰਹਿੰਦਾ ਹੈ। "ਸੰਸਥਾਵਾਂ ਆਧੁਨਿਕ ਸੰਗਠਿਤ ਸਮਾਜ ਦਾ ਇਕ ਬੁਨਿਆਦੀ ਅੰਗ ਹਨ। ਸੰਸਥਾ ਦੀ ਪਰਿਭਾਸ਼ਾ ਵੱਖ-ਵੱਖ ਸਮਾਜ ਵਿਗਿਆਨਿਆਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਦਿੱਤੀ ਹੈ। ਕੁਝ

ਵਿਦਵਾਨ ਇਸ ਨੂੰ 'ਆਦਰਸ਼ ਦਾ ਇੱਕਠ' ਕਹਿੰਦੇ ਹਨ, ਜਿਸ ਦੁਆਰਾ ਵਿਅਕਤੀਆਂ ਦੇ ਪਰਸਪਰ ਸਮਾਜਿਕ ਸੰਬੰਧਾਂ ਨੂੰ ਨਿਯਮਬੰਦ ਕੀਤਾ ਜਾਂਦਾ ਹੈ।"[93]

ਸਿੱਖ ਸਿਮਰਤੀ ਨੂੰ ਸੰਸਥਾਵਾਂ ਦੀ ਅਹਿਮੀਅਤ ਬਾਰੇ ਗੁਰੂ ਸਾਹਿਬਾਨ ਨੇ ਮਨੁੱਖ ਦੀ ਘਾੜਤ ਘੜਨ ਵਾਲੀ ਮੂਲ ਸੰਸਥਾ ਪਰਿਵਾਰ ਅਤੇ ਗ੍ਰਹਿਸਤ ਜੀਵਨ ਵਿੱਚ ਰਹਿ ਕੇ ਹੀ ਸਮਾਜ ਪ੍ਰਤੀ ਇੱਕ ਆਦਰਸ਼ਕ ਸਮਾਜ ਸਿਰਜਣ ਦਾ ਉਪਦੇਸ਼ ਦਿੱਤਾ ਹੈ;

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥[94]

ਸਿੱਖ ਸੰਸਥਾਵਾਂ ਵਿੱਚ ਬਹੁ-ਪ੍ਰਚਲਿਤ ਲੰਗਰ ਅਤੇ ਸੰਗਤ ਸੰਸਥਾ ਨੇ ਸਮਾਜਕ ਕਦਰਾਂ-ਕੀਮਤਾਂ ਨੂੰ ਬਹੁਤ ਪ੍ਰਭਾਵਿਤ ਕੀਤਾ, ਲੰਗਰ ਨੇ ਸਮਾਜ ਵਿੱਚ ਪੈਦਾ ਹੋਏ ਊਚ-ਨੀਚ ਦੀ ਜਗ੍ਹਾ ਆਪਣੀ ਬਰਾਬਰੀ ਅਤੇ ਸਾਂਝ ਨੂੰ ਵਿਹਾਰਕ ਪੱਖ 'ਤੇ ਮਜ਼ਬੂਤ ਕੀਤਾ ਹੈ। ਲੰਗਰ ਅਤੇ ਸੰਗਤ ਸੰਸਥਾਵਾਂ ਸਿੱਖ ਸਿਮਰਤੀ ਦੇ ਮੁੱਖ ਅੰਗ ਬਣ ਗਏ ਹਨ, ਇਨ੍ਹਾਂ ਨਾਲ ਸਮਾਜ ਵਿੱਚ ਬਰਾਬਰਤਾ ਵਰਗੇ ਉੱਚੇ ਨੈਤਿਕ ਸੰਕਲਪਾਂ ਦਾ ਆਰੰਭ ਹੁੰਦਾ ਹੈ। ਲੰਗਰ ਨਾਲ ਸੰਬੰਧਤ ਸੇਵਾ ਦਾ ਸੰਕਲਪ ਨੈਤਿਕ ਕਦਰਾਂ ਕੀਮਤਾਂ ਦੀ ਸ਼੍ਰੇਣੀ ਵਿੱਚ ਸਭ ਤੋਂ ਵਡਮੁੱਲਾ ਸੰਕਲਪ ਹੈ। ਸੇਵਾ ਅਤੇ ਸਿਮਰਨ ਸਿੱਖ ਸਿਮਰਤੀ ਦਾ ਮਹੱਤਵਪੂਰਨ ਸਿਧਾਂਤ ਬਣ ਗਿਆ ਹੈ। ਗੁਰਵਾਕ ਅਨੁਸਾਰ;

ਜਨ ਕੀ ਸੇਵਾ ਊਤਮ ਕਾਮਾ॥[95]
ਸਤਿ ਸਤਿ ਸਤਿ ਪ੍ਰਭੁ ਸੁਆਮੀ॥[96]
ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥[97]
ਸਚੁ ਸਚੁ ਸਚੁ ਸਭੁ ਕੀਨਾ॥[98]

---

93 ਦਲੀਪ ਸਿੰਘ, ਸੰਪਾ. (1989) *ਪੰਜਾਬੀ ਵਿਸ਼ਵਕੋਸ਼,* ਜ਼ਿਲਦ ਪੰਜਵੀਂ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 301.

94 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 522.

95 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 164.

96 ਉਹੀ, ਪੰ. 279.

97 ਉਹੀ, ਪੰ. 262.

98 ਉਹੀ, ਪੰ. 279.

ਸਿੱਖ ਸਿਮਰਤੀ ਵਿੱਚ ਸਦੀਵੀਂ ਸੱਚ ਅਤੇ ਉਸ ਨੂੰ ਸਿਮਰਨਾ ਜਿਸ ਨੇ ਸਾਰੀ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ ਜਿਸ ਸੰਬੰਧੀ ਗੁਰੂ ਸਾਹਿਬ ਵੱਲੋਂ ਗੁਰਬਾਣੀ ਵਿੱਚ ਵਾਰ-ਵਾਰ ਉਸ ਸੱਚ ਨੂੰ ਸਿਮਰਨ ਲਈ ਪ੍ਰੇਰਿਤ ਕੀਤਾ ਹੈ। "ਧਾਰਮਕ ਸੰਸਥਾਵਾਂ ਧਾਰਮਕ ਸਰਗਰਮੀਆਂ ਦਾ ਕੇਂਦਰ ਹੁੰਦੀਆਂ ਹਨ। ਇੱਥੇ ਲੋਕ ਇੱਕਠੇ ਹੁੰਦੇ ਹਨ ਅਤੇ ਆਪਣੀਆਂ ਧਾਰਮਕ ਕਿਰਿਆਵਾਂ ਕਰਦੇ ਹਨ। ਧਾਰਮਕ ਸੰਸਥਾਵਾਂ ਲੋਕਾਂ ਲਈ ਪਵਿੱਤਰ ਹੁੰਦੀਆਂ ਹਨ। ਲੋਕ ਆਪਣੀ ਪੂਰਨ ਸ਼ਰਧਾ ਨਾਲ ਇਹਨਾਂ ਵਿਚ ਆਪਣੀ ਹਾਜ਼ਰੀ ਲਗਾਉਂਦੇ ਹਨ। ਇਸ ਤਰ੍ਹਾਂ ਧਾਰਮਕ ਸੰਸਥਾਵਾਂ ਧਰਮ ਵਿੱਚ ਇੱਕਜੁਟਤਾ ਪੈਂਦਾ ਕਰਦੀਆਂ ਹਨ।"[99]

ਗੁਰਦੁਆਰਾ ਸਿੱਖਾਂ ਦੀਆਂ ਮੂਲ ਸੰਸਥਾਵਾਂ ਵਿੱਚੋਂ ਕੇਂਦਰੀ ਅਤੇ ਅਹਿਮ ਸੰਸਥਾ ਹੈ, ਜਿਸ ਵਿੱਚੋਂ ਸਰਬੱਤ ਦੇ ਭਲੇ ਹਿੱਤ ਨਵੇਂ ਕੀਰਤੀਮਾਨ ਸਥਾਪਿਤ ਹੋਏ। ਗੁਰਦੁਆਰਾ ਸਿੱਖਾਂ ਦੇ ਧਾਰਮਕ, ਸਮਾਜਕ ਅਤੇ ਸਿਆਸੀ ਜੀਵਨ ਦਾ ਕੇਂਦਰ ਬਿੰਦੂ ਹੈ। ਗੁਰਦੁਆਰੇ ਵਿੱਚ ਸਿੱਖ ਗੁਰਬਾਣੀ ਦੇ ਪਾਠ, ਕੀਰਤਨ-ਕਥਾ, ਸਮਾਜਕ ਕਾਰ-ਵਿਹਾਰ ਅਤੇ ਸਿਆਸੀ ਸਲਾਹ-ਮਸ਼ਵਰੇ ਲਈ ਜੁੜ ਬੈਠਦੇ ਹਨ। ਗੁਰਦੁਆਰੇ ਦੇ ਅਰਥ ਗੁਰੂ ਦਾ ਘਰ, ਗੁਰੂ ਦਾ ਨਿਵਾਸ ਸਥਾਨ ਬਣਦੇ ਹਨ। ਗੁਰਦੁਆਰਾ ਕੇਵਲ ਪੂਜਾ ਸਥਾਨ ਹੀ ਨਹੀਂ ਸਗੋਂ ਸੱਭਿਆਚਾਰਕ ਅਤੇ ਸਮਾਜਕ ਸੰਸਥਾ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਨਾਲ ਹੀ ਗੁਰਦੁਆਰਾ ਸੰਸਥਾ ਦੀ ਸੰਪੂਰਨਤਾ ਹੁੰਦੀ ਹੈ ਕਿਉਂਕਿ ਜਿੱਥੇ ਬਾਣੀ ਹੈ ਉਹ ਗੁਰੂ ਦਾ ਸਥਾਨ ਹੈ ਭਾਵ ਕਿ ਗੁਰਦੁਆਰਾ ਹੈ। ਗੁਰਦੁਆਰਿਆਂ ਦੇ ਵਿੱਚ ਝੂਲਦੇ ਕੇਸ਼ਰੀ ਨਿਸ਼ਾਨ ਸਿੱਖ ਸਿਮਰਤੀ ਵਿੱਚ ਨਿਰਭੈਅਤਾ ਅਤੇ ਅਭੈਦਾਨ ਦਾ ਪ੍ਰਤੀਕ ਬਣ ਗਏ ਹਨ।

ਗੁਰਦੁਆਰਾ ਸੰਸਥਾ ਨਾਲ ਲੰਗਰ, ਸੰਗਤ, ਦਵਾਖ਼ਾਨਾ, ਸਿੱਖਿਆ ਕੇਂਦਰ ਆਦਿ ਵਰਗੀਆਂ ਹੋਰ ਸੰਸਥਾਵਾਂ ਵੀ ਜੁੜੀਆਂ ਹੋਈਆਂ ਹਨ। ਅਸਲ ਵਿੱਚ ਗੁਰਦੁਆਰਾ ਸੰਸਥਾ ਦਾ ਸਮਾਜਕ ਰੂਪ ਵਿੱਚ ਵਿਦਿਆਰਥੀਆਂ ਲਈ ਵਿਦਿਆਲਾ, ਆਤਮਕ ਗਿਆਨ ਦੇ ਖ਼ੋਜੀਆਂ ਲਈ ਆਤਮ ਗਿਆਨ ਦਾ ਸੋਮਾ, ਰੋਗੀਆਂ ਲਈ ਦਵਾਖ਼ਾਨਾ ਅਤੇ ਭੁੱਖਿਆ ਲਈ ਲੰਗਰ ਆਦਿ ਦਾ ਵਿਸ਼ੇਸ਼ ਮਹੱਤਵ ਹੈ। ਸਿੱਖ ਆਪਣੀ ਸਿਮਰਤੀ ਵਿੱਚ ਗੁਰਦੁਆਰੇ ਆ ਕੇ ਮਨ ਨੀਵਾਂ ਮੱਤ ਉੱਚੀ ਦਾ ਦਾਨ ਮੰਗਦੇ ਹਨ ਕਿਉਂਕਿ ਉਹਨਾਂ ਦੀ ਸਿਮਰਤੀ ਵਿੱਚ ਇਹ ਗੱਲ ਪਰਪੱਕ ਹੈ ਕਿ ਇਥੇ ਆਉਂਣ ਨਾਲ ਮਨ ਨੀਵਾਂ ਰਹਿਣ ਨਾਲ ਸਮਾਜ ਵਿੱਚ ਪੱਤ ਮਹਿਫ਼ੂਜ਼ ਰਹਿੰਦੀ ਹੈ। ਲੰਗਰ ਸੰਸਥਾ ਨੇ ਸਿੱਖ ਸਿਮਰਤੀ ਨੂੰ ਇਸ ਕਦਰ ਅਮੀਰ ਕੀਤਾ ਹੈ ਕਿ ਸਰਬ ਸਾਂਝੀ

---

[99] ਗੁਰਮੀਤ ਸਿੰਘ ਸਿੱਧੂ (1999) *ਭਾਰਤੀ ਸਮਾਜ ਦੇ ਮੂਲ ਅਧਾਰ,* ਅਦਬ ਪ੍ਰਕਾਸ਼ਨ, ਪਟਿਆਲਾ, ਪੰ. 52.

ਵਾਲਤਾ ਅਤੇ ਨਿਸ਼ਕਾਮ ਸੇਵਾ ਦੇ ਅਸੂਲ ਪ੍ਰਤੱਖ ਤੌਰ 'ਤੇ ਰੂਪਮਾਨ ਹੋਏ ਹਨ। ਜਿਸ ਨਾਲ ਸਾਂਝੀ ਪੰਗਤ ਵਿੱਚ ਬੈਠ ਕੇ ਇੱਕ ਅਕਾਲ ਪੁਰਖ ਦੀ ਇੱਕੋ ਸੰਤਾਨ ਹੋਣ ਦਾ ਸੰਕਲਪ ਦ੍ਰਿੜ ਹੋਇਆ ਹੈ।

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥[100]

ਲੰਗਰ ਸੰਸਥਾ ਨਾਲ ਸਿਰਜੇ ਗਏ ਉੱਚੇ ਸੁੱਚੇ ਨੈਤਿਕ ਸਿਧਾਂਤ, ਭਗਤੀ ਭਾਵ ਅਤੇ ਸਮਾਜਕ ਬਰਾਬਰਤਾ ਵਰਗੇ ਅਸੂਲ ਸਿੱਖ ਸਿਮਰਤੀ ਦਾ ਅਨਿੱਖੜਵਾਂ ਅੰਗ ਬਣ ਗਏ। ਜਿਨ੍ਹਾਂ ਦਾ ਪ੍ਰਤੱਖ ਪ੍ਰਮਾਣ ਸਿੱਖ ਬੋਲਿਆਂ ਵਿੱਚ ਸਹਿਜੇ ਮਿਲ ਜਾਂਦਾ ਹੈ;

ਅੰਨ ਪਾਣੀ ਗੁਰੂ ਕਾ, ਟਹਿਲ ਪਾਣੀ ਸੇਵਕਾਂ ਦੀ।

ਸੰਗਤ ਸੰਸਥਾਂ ਨੇ ਸਿੱਖ ਸਿਮਰਤੀ ਦੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਸੰਗਤ ਵਿੱਚ ਗੁਰੂ ਸਾਹਿਬਾਨ ਵੱਲੋਂ ਸਿੱਖਾਂ ਨੂੰ ਸਿਧਾਂਤਕ ਸੇਧ ਦਿੱਤੀ, ਜਿਸ ਨੂੰ ਸਿੱਖਾਂ ਨੇ ਆਪਣੀ ਸਿਮਰਤੀ ਵਿੱਚ ਵਸਾ ਕੇ ਵਿਹਾਰਕ ਰੂਪ ਵਿੱਚ ਸ਼ਾਮਿਲ ਕੀਤਾ। ਸੰਗਤ ਸ਼ਬਦ ਗੁਰੂ ਦੀ ਹਜ਼ੂਰੀ ਵਿੱਚ ਜੁੜ ਕੇ ਸਿਮਰਨ ਰਾਹੀਂ ਅਕਾਲ ਪੁਰਖ ਨੂੰ ਸਿਮਰਤੀ ਵਿੱਚ ਯਾਦ ਕਰਦੀਆਂ ਹਨ। ਸਮਾਜ ਵਿੱਚ ਜਾਤ-ਪਾਤ, ਊਚ-ਨੀਚ ਵਰਗੀਆਂ ਲਾਹਨਤਾਂ ਨੂੰ ਖ਼ਤਮ ਕਰਨ ਲਈ ਸੰਗਤ ਸੰਸਥਾ ਅਹਿਮ ਭੂਮਿਕਾ ਨਿਭਾਉਂਦੀ ਹੈ, ਕਿਉਂਕਿ ਅਜਿਹੀ ਸੰਗਤ ਉਹ ਹੈ, ਜਿਥੇ ਸਿਰਫ਼ ਅਕਾਲ ਪੁਰਖ ਦਾ ਨਾਮ ਜਪਿਆ ਜਾਂਦਾ ਹੈ;

ਸਤਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥[101]

ਸੰਗਤ ਸੰਸਥਾ ਬਾਰੇ ਇੰਦੂ ਭੂਸ਼ਨ ਬੈਨਰਜੀ ਲਿਖਦੇ ਹਨ, "ਸੰਗਤ ਗੁਰੂ ਦੁਆਲੇ ਧਾਰਮਕ ਮੰਤਵਾਂ ਅਤੇ ਕਈ ਵਾਰ ਸਾਂਝੀ ਭਲਾਈ ਦੇ ਕਾਰਜਾਂ ਦੀ ਚਰਚਾ ਲਈ ਨਿੱਤ ਜੁੜਦੀ, ਸਿੱਖ ਸੰਗਤ ਵਿੱਚ ਹਿੱਸਾ ਲੈਣ ਦੇ ਵਿਸ਼ੇਸ਼ ਅਰਥ ਗ੍ਰਹਿਣ ਕਰ ਲੈਂਦੀ ਹੈ। ਸਾਧ ਸੰਗਤ ਵਿਚ ਜਾਣ ਦੇ ਸਦਗੁਣਾਂ ਦਾ ਦਾਅਵਾ ਅਤਿ ਪ੍ਰਸੰਸਕ ਭਾਸ਼ਾ ਵਿਚ ਕੀਤਾ ਗਿਆ ਹੈ ਅਤੇ ਛੇਤੀ ਹੀ ਇਹ ਸਿੱਖ ਮੱਤ ਦਾ ਇਕ ਅਨਿਵਾਰੀ ਤੱਤ ਬਣ ਜਾਂਦੀ ਹੈ।"[102]

---

[100] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 611.

[101] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 72.

[102] ਇੰਦੂ ਭੂਸ਼ਨ ਬੈਨਰਜੀ (1976) *ਖ਼ਾਲਸੇ ਦੀ ਉਤਪਤੀ (ਪੰਜਾਬੀ ਅਨੁਵਾਦ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ. 197-98.

ਸਿੱਖ ਸਿਮਰਤੀ ਵਿੱਚ ਸੰਗਤ ਦਾ ਪੂਰਨ ਤੌਰ ’ਤੇ ਵਿਕਸਤ ਰੂਪ ਹੀ ਖ਼ਾਲਸਾ ਹੈ ਕਿਉਂਕਿ ਗੁਰੂ ਅਤੇ ਪੰਥ ਇਕਮਿਕ ਹਨ। ਜਿਸ ਨਾਲ ਧਾਰਮਕ, ਸਮਾਜਕ ਅਤੇ ਰਾਜਨੀਤਕ ਤੌਰ ’ਤੇ ਖ਼ਾਲਸਾ ਆਪਣੇ ਆਪ ਵਿੱਚ ਸੁਤੰਤਰ ਹੋ ਗਿਆ।

ਸਿੱਖ ਸੰਸਥਾਵਾਂ ਜੀਵਨ ਨੂੰ ਨਿਯਮਬੱਧ ਕਰਦੀਆਂ ਹਨ, ਜੀਵਨ ਨਾਲ ਸਿਮਰਤੀ ਦਾ ਵਿਕਾਸ ਹੁੰਦਾ ਹੈ। ਚੰਗੇ ਵਿਹਾਰਕ ਗੁਣਾਂ ਦਾ ਮੁਜੱਸਮਾ ਅਤੇ ਨੈਤਿਕ ਗੁਣ ਉਪਰੋਕਤ ਸਿੱਖ ਸੰਸਥਾਵਾਂ ਵਿੱਚੋਂ ਸਿੱਖ ਸਿਮਰਤੀ ਦੇ ਅਮਲੀ ਰੂਪ ਵਿੱਚ ਪ੍ਰਗਟ ਹੁੰਦੇ ਹਨ। ਸਿੱਖ ਸੰਸਥਾਵਾਂ ਦਾ ਸਿੱਖ ਸੰਕਲਪਾਂ ਅਤੇ ਸਿਧਾਂਤਾਂ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਦੇ ਨਾਲ-ਨਾਲ ਇੱਕ ਅਕਾਲ ਪੁਰਖ ਵਿੱਚ ਵਿਸ਼ਵਾਸ਼, ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਚੜ੍ਹਦੀਕਲਾ ਵਿੱਚ ਰਹਿਣਾ ਅਤੇ ਸਰਬੱਤ ਦਾ ਭਲੇ ਵਰਗੇ ਗੁਰਮਤਿ ਸਿਧਾਂਤ ਸਿੱਖ ਸਿਮਰਤੀ ਨੂੰ ਚੰਗੇ ਸਮਾਜ ਦੀ ਸਿਰਜਣਾ ਲਈ ਪ੍ਰੇਰਿਤ ਕਰਦੇ ਹਨ। ਸਿੱਖ ਸਿਮਰਤੀ ਦੇ ਸਿਧਾਂਤਕ ਪੱਖ ਅਤੇ ਸੰਸਥਾਵਾਂ ਦੀ ਬਹੁਤ ਨੇੜਤਾ ਹੈ, ਜਿਵੇਂ ਗੁਰੂ ਸਿਧਾਂਤ ਹੈ ਪਰ ਸੰਸਥਾਗਤ ਰੂਪ ’ਚ ਵੀ ਗੁਰੂ ਸੰਸਥਾ ਨਾਨਕ ਜੋਤ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਸਿੱਖ ਧਰਮ ਦੇ ਵਿਕਾਸ ਅਤੇ ਵਿਗਾਸ ਨੂੰ ਸਮਝਣ ਲਈ ਸਿੱਖ ਸੰਸਥਾਵਾਂ ਦੇ ਨਾਲ-ਨਾਲ ਸਿੱਖ ਸਿਮਰਤੀ ਵਿੱਚ ਗੁਰਬਾਣੀ ਦੇ ਪ੍ਰਭਾਵਾਂ ਨੂੰ ਸਮਝਣਾ ਜ਼ਰੂਰੀ ਹੈ। ਜਿਸ ਨਾਲ ਸਿੱਖ ਸਿਮਰਤੀ ਨੈਤਿਕ ਗੁਣਾਂ ਨਾਲ ਸਰੋਸ਼ਾਰ ਹੁੰਦੀ ਹੈ।

## 9 ਸਿੱਖ ਨੈਤਿਕਤਾ ਅਤੇ ਸਿਮਰਤੀ

ਦਰਸ਼ਨ ਦੀ ਭਾਸ਼ਾ ਵਿੱਚ ਨੈਤਿਕਤਾ ਮਨੁੱਖੀ ਵਿਹਾਰ ਵਿੱਚ ਚੰਗਾ ਹੋਣਾ ਹੈ। ਚੰਗਾ ਉਹ ਜੋ ਸਭ ਲਈ ਸੁਖਦ ਅਤੇ ਅਨੰਦਮਈ ਹੋਵੇ। ਚੰਗਿਆਈ ਨਿੱਜ ਤੋਂ ਪਾਰ ਸਮੂਹਿਕ ਹੁੰਦੀ ਹੈ, “ਨੈਤਿਕਤਾ ਆਚਾਰ ਸੰਬੰਧੀ ਵਿਚਾਰਾਂ ਅਤੇ ਕਦਰਾਂ ਦੇ ਕਿਸੇ ਸਾਰਥਕ ਸੰਗਠਨ ਵੱਲ ਸੰਕੇਤ ਕਰਦੀ ਹੈ।”[103] ਸਿੱਖ ਧਰਮ ਦਰਸ਼ਨ ਅਨੁਸਾਰ ਮਨੁੱਖ ਦਾ ਅੰਤਿਮ ਆਦਰਸ਼ ਆਤਮ ਸਿੱਧੀ ਹਾਸਿਲ ਕਰਨਾ ਹੁੰਦਾ ਹੈ। ਇਸ ਲਈ ਉਸ ਦੇ ਵਿਹਾਰ ਦਾ ਮੁੱਖ ਜ਼ੋਰ ਵੀ ਉਸੇ ਤਰ੍ਹਾਂ ਦੇ ਅਸੂਲ ਅਪਨਾਉਣਾ ਹੈ ਜਿਸ ਨਾਲ ਸਹਿਜੇ ਹੀ ਮਨੁੱਖ ਆਪਣੀ ਮੰਜ਼ਿਲ ਪ੍ਰਾਪਤੀ ਦੇ ਰਾਹ ’ਤੇ ਤੁਰ ਸਕੇ। ਗੁਰਮਤਿ ਦੇ ਨੈਤਿਕ ਨਿਯਮਾਂ ਵਿੱਚ ਨਾਮ ਜਪਣਾ, ਕਿਰਤ ਕਰਨੀ, ਵੰਡ

---

[103] ਜਗਬੀਰ ਸਿੰਘ (1973) *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 9.

ਛਕਣ ਦੇ ਨਾਲ ਨਾਲ ਸਬਰ-ਸੰਤੋਖ, ਸਹਿਨਸ਼ੀਲਤਾ, ਨਿਮਰਤਾ, ਖਿਮਾ ਕਰਨ, ਪਰਉਪਕਾਰ, ਸਰਬੱਤ ਦਾ ਭਲਾ ਅਤੇ ਸੱਚਾਈ, ਪ੍ਰੇਮ ਆਦਿ ਵਰਗੇ ਸ਼ੁਭ ਗੁਣ ਸ਼ਾਮਿਲ ਹਨ। ਗੁਰਬਾਣੀ ਦਾ ਫੁਰਮਾਨ ਹੈ;

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥[104]

ਨਾਮ ਜਪਣ ਨਾਲ ਜਿੱਥੇ ਮਨ ਦੇ ਵਿਕਾਰ ਦੂਰ ਹੁੰਦੇ ਹਨ, ਉਸ ਦੇ ਨਾਲ ਹੀ ਮਨ ਵਿੱਚ ਪਿਆਰ, ਸਦਭਾਵਨਾ, ਜਨ ਕਲਿਆਣ ਹਿਤ ਵਿਚਾਰ ਉਪਜਦੇ ਹਨ। ਕਿਰਤ ਕਰਨ ਨਾਲ ਮਨੁੱਖੀ ਮਨ ਵਿਸ਼ੇ ਵਿਕਾਰਾਂ ਤੋਂ ਦੂਰ ਰਹਿੰਦਾ ਹੈ ਅਤੇ ਕਿਰਤੀ ਮਨੁੱਖ ਜਿਥੇ ਸਮਾਜ ਵਿੱਚ ਜਿੰਮੇਵਾਰ ਪ੍ਰਾਣੀ ਦੀ ਮਿਸਾਲ ਬਣਦਾ ਹੈ ਉਸ ਦੇ ਨਾਲ ਹੀ ਆਲਸ, ਹੀਣ ਭਾਵਨਾ ਵਰਗੇ ਮੰਦੇ ਵਿਚਾਰ ਵਿਅਕਤੀ ਤੋਂ ਦੂਰ ਰਹਿੰਦੇ ਹਨ। ਸਿੱਖ ਦਰਸ਼ਨ ਵਿੱਚ ਗੁਰੂ ਸਾਹਿਬਾਨ ਨੇ ਕੇਵਲ ਸਮਾਜ ਵਿੱਚ ਸਭ ਨੂੰ ਆਪ ਆਪਣੀ ਉਪਜੀਵਕਾ ਕਮਾਉਣ ਦੀ ਸਿਖਿਆ ਹੀ ਨਹੀਂ ਦਿੱਤੀ ਸਗੋਂ ਉਹਨਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਹਰ ਵਿਅਕਤੀ ਦਸਾਂ ਨਹੁੰਆਂ ਦੀ ਮਿਹਨਤ ਕਰਕੇ ਇਮਾਨਦਾਰੀ ਨਾਲ ਆਪਣੀ ਕਮਾਈ ਕਰੇ। ਸਿੱਖ ਸਿਮਰਤੀ ਕਿਰਤ ਕਰਨ ਦੇ ਸੰਕਲਪ ਦੇ ਭਾਵ ਤੋਂ ਸਮਝਦੀ ਹੈ ਕਿ ਹਰ ਕੋਈ ਮਿਹਨਤ ਅਤੇ ਇਮਾਨਦਾਰੀ ਨਾਲ ਹੱਕ ਦੀ ਕਿਰਤ ਕਰੇ।

ਜਦੋਂ ਕੋਈ ਵਿਅਕਤੀ ਮਿਹਨਤ ਅਤੇ ਇਮਾਨਦਾਰੀ ਨਾਲ ਆਪਣੀ ਉਪਜੀਵਕਾ ਕਮਾਉਂਦਾ ਹੈ ਤਾਂ ਉਸ ਨਾਲ ਕਦੇ ਧੋਖਾ ਨਹੀਂ ਹੁੰਦਾ। ਸਿੱਖ ਸਿਮਰਤੀ 'ਚ ਸੱਚੀ ਕਿਰਤ ਕਰਨ ਦੇ ਸਿਧਾਂਤ ਦੀ ਸਮਾਜ ਨੂੰ ਮੁੱਖ ਦੇਣ ਹੈ ਕਿ ਇੱਕ ਤਾਂ ਇਸ ਸਿਧਾਂਤ ਨੂੰ ਮੰਨਣ ਨਾਲ ਸੰਬੰਧਤ ਸਮਾਜ ਵਿੱਚ ਧੋਖਾਧੜੀ, ਹੇਰਾਫੇਰੀ, ਚੋਰੀ, ਬੇਈਮਾਨੀ ਆਦਿ ਬੁਰਾਈਆਂ ਆਪਣੇ ਆਪ ਖਤਮ ਹੋ ਜਾਂਦੀਆਂ ਹਨ ਜਿਸ ਨਾਲ ਇੱਕ ਨੈਤਿਕ ਸਮਾਜ ਦੀ ਸਿਰਜਣਾ ਕੀਤੀ ਜਾਂਦੀ ਹੈ।

ਸਿੱਖ ਧਰਮ ਦਰਸ਼ਨ ਵਿੱਚ ਸੱਚਾਈ ਇੱਕ ਉਚਤਮ ਨੈਤਿਕ ਮੁੱਲ ਹੈ ਜੋ ਕਿ ਬਾਕੀ ਦੇ ਮੁੱਲਾਂ ਦਾ ਵੀ ਆਧਾਰ ਬਣਦੀ ਹੈ। ਸੱਚਾਈ ਨੂੰ ਨੈਤਿਕ ਮੁੱਲ ਦੇ ਰੂਪ ਵਿੱਚ ਵੇਖਿਆ ਜਾਣਾ ਚਾਹੀਦਾ ਹੈ ਜੋ ਕਿ ਵਿਅਕਤੀ ਨੂੰ ਅਧਿਆਤਮਕ ਤੌਰ 'ਤੇ ਉੱਚਾ ਚੁੱਕਣ ਦਾ ਕੰਮ ਕਰਦੀ ਹੈ। ਸੱਚਾਈ ਦੇ ਰਾਹ ਉੱਤੇ ਚੱਲਣ ਵਾਲੇ ਮਨੁੱਖ ਨੂੰ ਆਤਮਕ ਸੰਤੁਸ਼ਟੀ ਅਤੇ ਮਾਨਸਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਸਿੱਖ ਧਰਮ ਦਰਸ਼ਨ ਵਿੱਚ ਸੱਚੇ ਆਚਾਰ/ਆਚਰਣ ਨੂੰ ਬਹੁਤ ਸਤਿਕਾਰ ਦਿੱਤਾ ਗਿਆ ਹੈ। ਗੁਰਮਤਿ ਨੇ ਮਨੁੱਖੀ ਆਚਰਣ ਨੂੰ ਸੱਚੇ ਸੰਦੇਸ਼ ਨਾਲ ਉਸਾਰਿਆ ਹੈ।

---

[104] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 595.

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[105]

ਬੇਸ਼ੱਕ ਸੱਚ ਸਭ ਤੋਂ ਉੱਪਰ ਹੈ ਪਰੰਤੂ ਸੱਚ ਤੋਂ ਉੱਚਾ ਸੱਚਾ ਆਚਾਰ ਹੈ। ਸੰਸਾਰ ਵਿੱਚ ਰਹਿੰਦਿਆਂ ਸੱਚਾਈ ਦੇ ਰਸਤੇ 'ਤੇ ਚੱਲਣ ਲਈ ਅਤੇ ਸੱਚ ਦਾ ਰਸਤਾ ਅਪਣਾਉਣ ਲਈ ਸਾਹਸ, ਸੂਝ ਅਤੇ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ। ਸਾਹਸ ਇੱਕ ਅਜਿਹਾ ਗੁਣ ਹੈ ਜੋ ਭੈਅ ਅਤੇ ਦੁੱਖ ਦੀ ਹਾਲਤ ਵਿੱਚ ਮਨੁੱਖ ਨੂੰ ਦ੍ਰਿੜਤਾ ਪ੍ਰਦਾਨ ਕਰਦਾ ਹੈ। ਸੱਚਾਈ ਨੂੰ ਪਹਿਚਾਨਣ ਲਈ ਸੂਝ ਜ਼ਰੂਰੀ ਤੱਥ ਹੈ ਕਿਉਂਕਿ ਸੂਝ ਹੀ ਮਨੁੱਖ ਨੂੰ ਇਹ ਨਿਸਚਾ ਕਰਵਾਉਂਦੀ ਹੈ ਕਿ ਕਿਹੜਾ ਸਿਧਾਂਤ ਸੱਚ 'ਤੇ ਆਧਾਰਤ ਹੈ ਅਤੇ ਕਿਹੜਾ ਝੂਠ 'ਤੇ। ਵਿਅਕਤੀ ਦੀ ਸੂਝ ਉਸ ਨੂੰ ਇਸ ਯੋਗ ਬਣਾਉਂਦੀ ਹੈ ਕਿ ਉਹ ਚੀਜ਼ਾਂ ਦੇ ਨੈਤਿਕ ਮੁੱਲਾਂ ਦਾ ਵਿਸ਼ਲੇਸ਼ਣ ਕਰੇ ਅਤੇ ਇਸ ਰਾਹੀਂ ਉਹ ਅਸਲ ਮੁੱਲ ਤੱਕ ਪਹੁੰਚਣ ਦੀ ਕੋਸ਼ਿਸ਼ ਕਰੇ। ਮਨੁੱਖ ਦਾ ਗਿਆਨ ਸੱਚਾਈ ਤੱਕ ਪਹੁੰਚਣ ਵਿੱਚ ਹਮੇਸ਼ਾ ਉਸ ਦੀ ਸਹਾਇਤਾ ਕਰਦਾ ਹੈ।

ਧਰਮ ਆਪਣੇ ਕਾਰਜ ਆਪ ਕਰਨ ਤੇ ਫਰਜ਼ ਦੀ ਪੂਰਤੀ ਕਰਨ ਦਾ ਮਾਰਗ ਹੈ। ਆਪਣਾ ਕਰਤੱਵ ਨੇਕ ਨੀਅਤ ਨਾਲ ਨਿਭਾਉਣਾ ਨੈਤਿਕਤਾ ਹੈ। ਸਿੱਖ ਧਰਮ ਨੇ ਮਨੁੱਖ ਨੂੰ ਆਦਰਸ਼ਕ ਜੀਵਨ ਜੀਣ ਦੀ ਪ੍ਰੇਰਨਾ ਦਿੱਤੀ ਹੈ ਪਰ ਵਿਅਕਤੀਗਤ ਲਾਭ ਦੀ ਖਿੱਚ ਮਨੁੱਖ ਨੂੰ ਨੈਤਿਕ ਸਦਾਚਾਰ ਤੋਂ ਦੂਰ ਕਰ ਦਿੰਦੀ ਹੈ। ਸਚਿਆਰਾ ਮਨੁੱਖ ਹੀ ਸਦਾਚਾਰੀ ਹੋ ਸਕਦਾ ਹੈ, ਇਸ ਲਈ ਸਦਾਚਾਰੀ ਦੇ ਲੱਛਣ ਸੱਚਾ ਹੋਣਾ ਅਤੇ ਆਪਣੇ ਫਰਜ਼ਾਂ ਦੀ ਪਹਿਚਾਣ ਕਰਨਾ ਹੈ। ਸਦਾਚਾਰੀ ਮਨੁੱਖ ਹਮੇਸ਼ਾ ਸਮਦਰਸ਼ੀ ਹੁੰਦਾ ਹੈ, ਕਦੇ ਵੀ ਕਿਸੇ ਪ੍ਰਤੀ ਵੈਰ ਵਿਰੋਧ ਅਤੇ ਹੀਣ ਭਾਵਨਾ ਆਪਣੇ ਮਨ ਵਿੱਚ ਨਹੀਂ ਰੱਖਦਾ। ਮਨੁੱਖ ਦੇ ਸਮੁੱਚੇ ਆਚਰਣ ਦੀ ਸ਼ੁੱਧਤਾ ਅਤੇ ਪਰਉਪਕਾਰ ਸਦਾਚਾਰ ਦੀ ਨਿਸ਼ਾਨੀ ਹੈ;

ਪਰਉਪਰਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਢੇ॥[106]

ਸਿੱਖ ਧਰਮ ਦਰਸ਼ਨ ਦੀ ਨੈਤਿਕਤਾ ਦਾ ਕੇਂਦਰੀ ਗੁਣ ਸਰਬੱਤ ਦਾ ਭਲਾ ਹੈ। ਸਿੱਖ ਧਰਮ ਦਰਸ਼ਨ ਸਭਿਅਕ, ਪ੍ਰੇਮ ਪਿਆਰ, ਸਤਿਕਾਰ, ਬਰਾਬਰਤਾ, ਨਿਡਰਤਾ ਨਾਲ ਜੀਵਨ ਬਸਰ ਕਰਨਾ ਸਿਖਾਉਂਦਾ ਹੈ। ਸਿੱਖ ਚਿੰਤਨ ਅਨੁਸਾਰ ਸਰਬੱਤ ਦੇ ਭਲੇ ਦਾ ਅਰਥ ਸਾਰਿਆਂ ਦਾ ਸ੍ਰੇਸ਼ਟ, ਚੰਗਾ, ਭਲਾ ਚਾਹੁਣਾ ਅਤੇ ਸਰਬੱਤ ਦੇ ਭਲੇ ਲਈ ਕਿਰਿਆਸ਼ੀਲ ਰਹਿਣਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਸਰਬੱਤ ਦੇ ਭਲੇ ਲਈ

---

105 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 62.

106 ਉਹੀ, ਪੰ. 171.

ਲੰਗਰ, ਸੰਗਤ ਵਰਗੇ ਸਿਧਾਂਤਾਂ ਦੀ ਸਥਾਪਨਾ ਕੀਤੀ, ਇਸੇ ਸਰਬੱਤ ਦੇ ਭਲੇ ਦੀ ਪਰੰਪਰਾ ਨੂੰ ਬਾਅਦ ਦੇ ਨੌ ਗੁਰੂ ਸਾਹਿਬਾਨ ਨੇ ਜਾਰੀ ਰੱਖਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੱਤ ਮਾਨਵਤਾ ਦੇ ਭਲੇ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ। ਉਪਰੋਕਤ ਦਰਸਾਏ ਨੈਤਿਕ ਗੁਣ ਸੱਚਾਈ, ਸੰਤੋਖ, ਦਇਆ ਆਦਿ ਸਰਬੱਤ ਦੇ ਭਲੇ ਲਈ ਜ਼ਰੂਰੀ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਨੈਤਿਕਤਾ ਭਰਪੂਰ ਜੀਵਨ ਬਤੀਤ ਕਰਨ ਦੀ ਜੀਵਨ ਜਾਚ ਬਖਸ਼ਿਸ਼ ਕੀਤੀ। "ਗੁਰੂ ਗੋਬਿੰਦ ਸਿੰਘ ਜੀ ਨੇ ਨੈਤਿਕਤਾ ਲਈ ਸਮਾਜ ਨੂੰ ਸਮਾਨਤਾ, ਸਮਭਾਵ ਤੇ ਊਚ ਨੀਚ, ਛੋਟੇ-ਵੱਡੇ ਦਾ ਭੇਦ, ਜਾਤ-ਪਾਤ ਨੂੰ ਖ਼ਤਮ ਕਰਨ ਦਾ ਸੰਕਲਪ ਸਮਝਿਆ। ਉਹਨਾਂ ਨੇ ਦਲਿਤ ਵਰਗ ਨੂੰ ਸਵੀਕਾਰ ਕੀਤਾ। ਉਹ ਤਾਂ ਇਥੋਂ ਤਕ ਮੰਨਦੇ ਸਨ ਕਿ ਯੁੱਧ ਵਿੱਚ ਜਿੱਤ ਇਸ ਵਰਗ ਦੀ ਸੱਚੀ ਸੇਵਾ ਤੇ ਦਾਨ ਦੀ ਵਿਸ਼ੇਸ਼ਤਾ ਕਰਕੇ ਪ੍ਰਾਪਤ ਹੋਈ ਹੈ।"[107] ਇਸ ਤਰ੍ਹਾਂ ਦਾ ਵਿਚਾਰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ ਵੀ ਪ੍ਰਾਪਤ ਹੁੰਦਾ ਹੈ:-

"ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੈ ਇਨ ਹੀ ਕੇ ਪ੍ਰਸਾਦਿ ਇਨ ਹੀ ਕ੍ਰਿਪਾ ਫੁਨ ਧਾਮ ਭਰੇ॥"[108]

ਨੈਤਿਕ ਸਿਧਾਂਤ ਵਿੱਚ ਪਰਉਪਕਾਰ ਦਾ ਵਿਸ਼ੇਸ਼ ਮਹੱਤਵ ਹੈ। ਉਪਕਾਰ ਅਤੇ ਪਰਉਪਕਾਰ ਭਾਵੇਂ ਇੱਕੋਂ ਵਰਗੇ ਸ਼ਬਦ ਹਨ ਪਰੰਤੂ ਦੋਵਾਂ ਵਿੱਚ ਥੋੜ੍ਹਾ ਅੰਤਰ ਹੈ। ਉਪਕਾਰ ਦਾ ਅਰਥ ਸਹਾਇਤਾ ਅਤੇ ਪਰਉਪਕਾਰ ਦਾ ਅਰਥ ਹੈ, ਦੂਜੇ ਜਾਂ ਪਰਾਏ ਲਈ ਕੀਤਾ ਗਿਆ ਉਪਕਾਰ ਹੁੰਦਾ ਹੈ। ਸਿੱਖ ਧਰਮ ਦਰਸ਼ਨ ਦਾ ਟੀਚਾ ਆਪਣੇ ਨਿੱਜ ਦੇ ਨਾਲ-ਨਾਲ ਸਾਰੀ ਮਨੁੱਖਤਾ ਦਾ ਭਲਾ ਕਰਨਾ ਹੈ। ਉਪਕਾਰੀ ਮਨੁੱਖ ਲਈ ਨਿਮਰਤਾ ਦਾ ਧਾਰਨੀ ਹੋਣਾ ਜ਼ਰੂਰੀ ਹੈ;

ਨਾਨਕ ਨੀਵਾਂ ਜੋ ਚਲੈ ਲੱਗੇ ਨਾਂ ਤੱਤੀ ਵਾਉ॥[109]

---

107 ਹੁਕਮਚੰਦ ਰਾਜਪਾਲ, (1998) "ਗੁਰੂ ਗੋਬਿੰਦ ਸਿੰਘ ਜੀ ਦੀ ਨੈਤਿਕ ਚੇਤਨਾ" *ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ (ਖੋਜ ਪਤ੍ਰਿਕਾ)*, ਡਾ. ਅਜਮੇਰ ਸਿੰਘ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 29.

108 ਰਣਧੀਰ ਸਿੰਘ, ਸੰਪਾ. (1975) *ਸ਼ਬਦਾਰਥ ਦਸਮ ਗ੍ਰੰਥ ਸਾਹਿਬ,* ਪੋਥੀ ਤੀਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 716.

109 www.youtube*/ Nanak Niva Jo Challe*, Rehaan Records, 21 Jun, 2020.

ਧਰਮ ਦਾ ਗੁਣ ਨਿਮਰਤਾ ਹੈ। ਨਿਮਰਤਾ ਦਾ ਇਹ ਅਰਥ ਨਹੀਂ ਕਿ ਮਨੁੱਖ ਦਾ ਸਵੈਮਾਨ ਹੀ ਨਾ ਰਹੇ, ਬੀਰਤਾ ਅਤੇ ਉੱਤਮ ਗੁਣਾਂ ਦੇ ਹੁੰਦਿਆਂ ਨਿਮਰਤਾ ਦਾ ਹੋਣਾ ਜ਼ਰੂਰੀ ਹੈ। ਨੈਤਿਕਤਾ ਇਕ ਆਦਰਸ਼ ਹੈ ਜਿਸ ਰਾਹੀਂ ਵਿਅਕਤੀ ਆਪਣੇ ਜੀਵਨ ਅਤੇ ਆਚਾਰ ਨੂੰ ਚੰਗਾ ਬਣਾਉਂਦਾ ਹੈ,"ਜੋ ਮਨੁੱਖ ਦੀ ਜੀਵਨ ਵਿਚ ਅਗਵਾਈ ਕਰੇ ਜਾਂ ਉਸ ਨੂੰ ਕਿਸੇ ਆਦਰਸ਼ ਦੀ ਪ੍ਰਾਪਤੀ ਵਲ ਲੈ ਜਾਵੇ ਉਹ ਨੈਤਿਕਤਾ ਆਖੀ ਜਾ ਸਕਦੀ ਹੈ।"[110]

ਨੈਤਿਕਤਾ ਲਈ ਅਤੇ ਪ੍ਰਭੂ ਮਿਲਾਪ ਲਈ ਨਿਮਰਤਾ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਸਿੱਖ ਧਰਮ ਦਰਸ਼ਨ ਇਕ ਉੱਚਤਮ ਜੀਵਨ ਜਾਚ ਸਿੱਖਣ ਲਈ ਪ੍ਰੇਰਿਤ ਕਰਦਾ ਹੈ, ਚੰਗੀ ਜੀਵਨ ਜਾਚ ਸਿੱਖਣ ਲਈ ਪਹਿਲੀ ਸ਼ਰਤ ਨਿਮਰਤਾ ਦਾ ਧਾਰਨੀ ਹੋਣਾ ਹੈ;

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥[111]

ਨਿਮਰਤਾ ਦਾ ਵਿਖਾਵਾ ਚੰਗੀ ਜੀਵਨ ਜਾਚ ਦੇ ਰਾਹ ਵਿੱਚ ਰੁਕਾਵਟ ਹੈ, ਨਿਮਰਤਾ ਦਾ ਤਹਿ ਦਿਲ ਤੋਂ ਧਾਰਨੀ ਹੋਣਾ ਲਾਜ਼ਮੀ ਹੈ;

ਦਾਸਨਿ ਦਾਸੁ ਹੋਵੈ ਤਾ ਹਰਿ ਪਾਏ ਵਿਚਹੁ ਆਪੁ ਗਵਾਈ॥[112]

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਖਾਲਸਾ ਸਿਰਜਨਾ ਨਾਲ ਜੋ ਸੁਨੇਹਾ ਸਮਾਜ ਨੂੰ ਮਿਲਿਆ ਉਹ ਸਿੱਖ ਪਹਿਚਾਣ ਦੀ ਅਸਚਰਜ ਅਤੇ ਵਿਲੱਖਣ ਧਾਰਨਾ ਦਾ ਸਬੂਤ ਹੈ। ਸੰਸਾਰ ਦੇ ਧਰਮਾਂ ਵਿੱਚ ਸਿੱਖ ਧਰਮ ਦੀ ਨਿਆਰੀ ਪਛਾਣ ਹੈ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਸਿਧਾਂਤਾਂ ਉੱਤੇ ਉਸਾਰੀ ਗਈ। ਪੰਜ ਸਦੀਆਂ ਪੁਰਾਣੇ ਇਸ ਧਰਮ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ ਵਿੱਚ ਬਹੁਤ ਕੁਝ ਅਜਿਹਾ ਕਰ ਵਿਖਾਇਆ ਹੈ ਜਿਸ ਨਾਲ ਅੱਜ ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿੱਚ ਸਿੱਖ ਧਰਮ ਦੀ ਨਿਵੇਕਲੀ ਪਹਿਚਾਣ ਬਣ ਗਈ ਹੈ। "ਸਿੱਖ ਕੌਮ ਦੀ ਮੁਢਲੀ ਅਧਾਰ-ਸ਼ਿਲਾ ਇਸ ਦਾ ਵੱਖਰਾ ਅਤੇ ਸੁਤੰਤਰ ਮਜ਼ਹਬ ਹੈ, ਜਿਸ ਦੀ ਵੱਖਰੀ ਚੇਤਨਾ ਦੀ ਮਿਸਾਲ ਸ਼ੁਰੂ ਤੋਂ ਹੀ ਬਣੀ ਰਹੀ। ਕਿਸੇ ਵੀ ਭਾਈਚਾਰੇ, ਕੌਮ ਜਾਂ ਧਰਮ ਦੇ

---

110 ਜਗਬੀਰ ਸਿੰਘ (1973) *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 8.

111 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 278.

112 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 600.

ਜੀਵਤ ਰਹਿਣ ਲਈ ਉਸਦੀ ਆਪਣੀ ਪਛਾਣ ਅਹਿਮ ਭੂਮਿਕਾ ਨਿਭਾਉਂਦੀ ਹੈ, ਕਿਉਂਕਿ ਇਸਦਾ ਸਮਾਜਕ ਇਕਮੁਠਤਾ ਵਿੱਚ ਕੇਂਦਰੀ ਰੋਲ ਹੁੰਦਾ ਹੈ। ਸਭਿਆਚਾਰਕ ਪਛਾਣ, ਕੌਮ ਦੀਆਂ ਸਮਾਜਕ ਸੰਸਥਾਵਾਂ ਦੇ ਵਿਲੱਖਣ ਨਕਸ਼ ਉਸਾਰਦੀ ਹੈ।"[113] ਸਿੱਖ ਪਛਾਣ ਦਾ ਅੰਦਰੂਨੀ ਪੱਖ ਸਿੱਖ ਸਿਧਾਂਤ ਹਨ ਜੋ ਤੱਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ ਅਤੇ ਇਸ ਦਾ ਬਾਹਰੀ ਪੱਖ ਸਿੱਖੀ ਸਰੂਪ ਹੈ। ਸਿੱਖ ਧਰਮ ਵਿਚ ਕੇਸ ਮੁੱਢਲੀ ਪਹਿਚਾਣ ਹਨ ਸਿੱਖ ਦੀ ਜੇਕਰ ਅੱਜ ਤੱਕ ਵਿਸ਼ਵਵਿਆਪੀ ਵਿਲੱਖਣ ਪਹਿਚਾਣ ਹੈ ਤਾਂ ਉਹ ਵਿਲੱਖਣ ਵਿਚਾਰਧਾਰਾ ਅਤੇ ਖਾਲਸਾਈ ਸਰੂਪ ਕਰਕੇ ਹੈ।

ਸਮੁੱਚੀ ਸਿੱਖ ਸਿਮਰਤੀ ਲਈ ਸ੍ਰੀ ਅਨੰਦਪੁਰ ਸਾਹਿਬ ਦੀ ਨੈਤਿਕਤਾ ਵਿਅਕਤੀਗਤ ਦੇ ਨਾਲ-ਨਾਲ ਸਮਾਜਿਕ ਜੀਵਨ ਪ੍ਰਤੀ ਸੰਬੰਧਤ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦਾ ਮਾਨਵ ਹਿਤਕਾਰੀ ਆਦਰਸ਼ ਸਥਾਪਿਤ ਕਰਨ ਦਾ ਸਾਰਥਕ ਯਤਨ ਹੈ। ਜਿਹੜਾ ਸਰਬੱਤ ਦੇ ਭਲੇ ਦੀ ਭਾਵਨਾ ਨਾਲ ਸਰੋਸ਼ਾਰ ਹੈ।

## 10 ਸਿੱਖ ਧਰਮ, ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ

ਸਿੱਖ ਧਰਮ ਸੰਸਾਰ ਦੇ ਧਰਮਾਂ ਵਿੱਚ ਨਵਾਂ ਅਤੇ ਨਿਆਰਾ ਹੈ। ਸਿੱਖ ਧਰਮ ਨੇ ਆਧੁਨਿਕ ਸਮਾਜ ਦੀਆਂ ਸਮੱਸਿਆਵਾਂ, ਕੁਰੀਤੀਆਂ ਪ੍ਰਤੀ ਲੋਕ ਚੇਤਨਾ ਅਤੇ ਜਾਗਰੂਕਤਾ ਪੈਦਾ ਕਰਦੇ ਹੋਏ ਮਨੁੱਖੀ ਬਰਾਬਰੀ ਅਤੇ ਆਜ਼ਾਦੀ ਕਾਇਮ ਕੀਤੀ। ਸੰਸਾਰ ਦੇ ਧਰਮਾਂ ਵਿੱਚ ਆਪਣੀ ਸਾਂਝ ਅਤੇ ਪ੍ਰੇਮ ਦੀ ਭਾਵਨਾ ਪੈਦਾ ਕਰਨ ਵਿੱਚ ਸਿੱਖ ਮਤਿ ਅਹਿਮ ਭੂਮਿਕਾ ਨਿਭਾ ਸਕਦਾ ਹੈ।

ਸਿੱਖ ਧਰਮ ਦਾ ਇਤਿਹਾਸਕ ਪ੍ਰਕਾਸ਼ਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੋਇਆ। ਜੋ ਸਿੱਖੀ ਦਾ ਬੀਜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੀਜਿਆ ਬਾਅਦ ਵਿੱਚ ਸਿੱਖੀ ਦੇ ਇਸ ਬੂਟੇ ਨੂੰ ਵਧਣ-ਫੂਲਣ ਲਈ ਤਕਰੀਬਨ ਢਾਈ ਸੌ ਸਾਲ ਦਾ ਸਮਾਂ ਲੱਗਿਆ। ਸਿੱਖੀ ਦੇ ਬੂਟੇ ਦਾ ਫਲ ਖ਼ਾਲਸਾ ਪੰਥ ਦੇ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਾਪਤ ਹੋਇਆ, ਜਿਸ ਦੀ ਸਿੱਖ ਸਿਮਰਤੀ 'ਤੇ ਅਮਿੱਟ ਛਾਪ ਉੱਕਰੀ ਹੋਈ ਹੈ। "ਸਿੱਖ ਧਰਮ ਇਕ ਮੌਲਿਕ, ਨਵੀਨ, ਸੁਤੰਤਰ, ਸਵੈ-ਨਿਰਭਰ, ਸਬਲ, ਸਥਿਰ, ਸੰਪੂਰਨ, ਸਦੀਵੀ ਤੇ ਸਤਿ-ਪ੍ਰਦਰਸ਼ਕ ਧਰਮ ਹੈ। ਇਹ ਆਪਣੇ ਤੋਂ ਪੂਰਵ ਹੋ ਚੁਕੇ ਜਾਂ ਸਮਕਾਲੀ ਧਰਮਾਂ ਦੇ ਸ੍ਰੇਸ਼ਟ, ਚੋਣਵੇਂ ਤੇ ਚੁਗਵੇਂ ਸਿਧਾਂਤਾਂ, ਅਸੂਲਾਂ ਜਾਂ ਰੀਤਾਂ-ਰਸਮਾਂ ਦਾ ਸੰਕਲਨ, ਮਿਸ ਜਾਂ ਮਿਲਭੋਗਾ ਨਹੀਂ ਸਗੋਂ ਅਸਲੋਂ ਨਵੇਕਲਾ, ਨਰੋਆ ਤੇ ਸੁਤੇ-ਪ੍ਰਕਾਸ਼ੀ ਧਰਮ ਹੈ। ਜਿਸ ਨੂੰ ਸਰਬ-ਹਿਤੈਸ਼ੀ ਹੋਣ ਤੇ ਦੂਜਿਆਂ ਲਈ ਮਰ ਮਿਟਣ ਦਾ ਫ਼ਖ਼ਰ

---

[113] ਗੁਰਮੀਤ ਸਿੰਘ ਸਿੱਧੂ (2008) *ਸਿੱਖ ਪਛਾਣ ਵਿਚ ਕੇਸਾਂ ਦਾ ਮਹੱਤਵ,* ਅਦਬ ਪ੍ਰਕਾਸ਼ਨ, ਪਟਿਆਲਾ, ਪੰ. 2.

ਹਾਸਲ ਹੈ।"[114] ਸਿੱਖ ਧਰਮ ਸਮਾਜ ਦੇ ਸਰੋਕਾਰਾਂ ਨੂੰ ਸੰਵਾਰਨ ਅਤੇ ਸਰਬੱਤ ਦਾ ਭਲਾ ਕਰਨ ਦੇ ਨਾਲ-ਨਾਲ ਮਨੁੱਖ ਦੀ ਸਿਮਰਤੀ ਅੰਦਰ ਅਧਿਆਤਮਕ, ਸਮਾਜਕ ਅਤੇ ਨੈਤਿਕ ਗੁਣਾਂ ਦੀ ਸਿਰਜਣਾ ਕਰਨ ਲਈ ਮਾਰਗ ਦਰਸ਼ਕ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਸਿੱਖ ਧਰਮ ਦੇ ਆਰੰਭ ਹੋਣ ਦੇ ਨਾਲ-ਨਾਲ ਬਾਕੀ ਗੁਰੂ ਸਾਹਿਬਾਨ ਦੇ ਸਮੇਂ ਸਿੱਖੀ ਸਿਧਾਂਤਾਂ ਅਤੇ ਵਿਹਾਰਕ ਪਹੁੰਚ ਨੂੰ ਨੇਪਰੇ ਚਾੜ੍ਹਨ ਦੇ ਨਿਰੰਤਰ ਯਤਨ ਹੀ ਨਹੀਂ ਹੋਏ ਸਗੋਂ ਸਫ਼ਲਤਾ ਪ੍ਰਾਪਤ ਵੀ ਹੋਈ। ਉਹੀ ਸਫ਼ਲਤਾ ਅੱਜ ਵੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਿੱਖ ਸਿਮਰਤੀ ਨੂੰ ਅਗਵਾਈ ਪ੍ਰਦਾਨ ਕਰਦੀ ਹੈ ਅਤੇ ਭਵਿੱਖ ਵਿੱਚ ਵੀ ਕਰਦੀ ਰਹੇਗੀ।

ਸਿੱਖ ਹਿਰਦਿਆਂ ਵਿੱਚ ਸਿੱਖ ਗੁਰੂ ਸਾਹਿਬਾਨ ਨੇ ਮਹਾਨ ਸਿਰਜਕ ਦੀ ਸਿਮਰਤੀ ਦੀ ਜਾਗ ਲਗਾਈ। ਉਹ ਸਿੱਖ ਹਿਰਦਿਆਂ ਵਿੱਚ ਦਾਖਲ ਹੋਈ, ਇਹ ਲਗਾਤਾਰ ਸਬਰ ਅਤੇ ਸੰਜਮ ਦਾ ਲਖਾਇਕ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹਾਦਤ ਤੋਂ ਪ੍ਰਤੱਖ ਹੁੰਦੀ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਇਤਿਹਾਸ ਵਿੱਚ  ਨਵਾਂ ਅਧਿਆਇ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖ ਕੌਮ ਦੀ ਸਿਮਰਤੀ 'ਤੇ ਗਹਿਰਾ ਪ੍ਰਭਾਵ ਪਾਇਆ ਹੈ, ਜਿਸ ਦਾ ਪ੍ਰਤੱਖ ਰੂਪ 1699 ਈ. ਨੂੰ ਖ਼ਾਲਸੇ ਦੀ ਸਿਰਜਨਾ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੋਇਆ।

ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਸੁੰਤਤਰਤਾ ਲਈ ਨਵੇਂ ਮਨੁੱਖ (ਖ਼ਾਲਸੇ) ਦੀ ਸਿਰਜਨਾ ਵਿੱਚ ਗੁਰੂ ਸ਼ਹਾਦਤ ਦਾ ਅਹਿਮ ਯੋਗਦਾਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਸ਼ਹਾਦਤ, ਉਹਨਾਂ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਨਿਰੰਤਰਤਾ ਨਾਲ ਮਨੁੱਖੀ ਹਿੱਤਾਂ ਦੀ ਰਾਖੀ ਕਰਦੀ ਗਈ, ਜਿਸ ਨਾਲ ਮਨੁੱਖੀ ਸਿਮਰਤੀ ਵਿੱਚ ਨਵੇਂ ਆਦਰਸ਼ਕ ਮਨੁੱਖ ਦੀ ਸਿਰਜਨਾ ਹੋਈ। ਇਹ ਨਵਾਂ ਮਨੁੱਖ ਆਦਰਸ਼ਕ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਪਰ ਖ਼ਾਲਸੇ ਦੇ ਰੂਪ ਵਿੱਚ ਪ੍ਰਗਟ ਹੋਇਆ। "ਖ਼ਾਲਸਾ ਸ਼ਬਦ ਗੁਰੂ ਦੇ ਉਹਨਾਂ ਆਦਰਸ਼ਕ ਸਿੰਘਾਂ ਲਈ ਵਰਤਿਆ ਜਾਂਦਾ ਹੈ, ਜਿਨਾਂ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਆਪਣੇ ਜੀਵਨ ਦਾ ਪੁਨਰ-ਨਿਰਮਾਣ ਕਰ ਲਿਆ ਹੈ।"[115]

---

[114] ਭਗਤ ਹੀਰਾ ਸਿੰਘ (1986) *ਸਿੱਖ: ਇੱਕ ਵੱਖਰੀ ਕੌਮ,* ਸੇਵਾ ਸਿੰਘ, ਅਨੁ., ਸੂਰਾ ਮਾਸਕ ਪੱਤਰ, ਅੰਮ੍ਰਿਤਸਰ, ਪੰ. 151.

[115] ਗੁਲਜਾਰ ਸਿੰਘ ਕੰਗ (ਦਸੰਬਰ 1999) "ਜਬ ਲਗ ਖ਼ਾਲਸਾ ਰਹੇ ਨਿਆਰਾ" ਖ਼ਾਲਸਾ ਸਥਾਪਨਾ ਵਿਸੇਸ਼ ਅੰਕ, ਗੁਰਨਾਮ ਕੌਰ, ਸੰਪਾ., ਨਾਨਕ ਪ੍ਰਕਾਸ਼ ਪ੍ਰਤਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 89.

ਸਿੱਖ ਧਰਮ ਵਿੱਚ ਹੱਕ ਸੱਚ ਦੀ ਰੱਖਿਆ ਲਈ ਅਨੇਕਾਂ ਹੀ ਸਿੰਘਾਂ-ਸਿੰਘਣੀਆਂ ਨੇ ਸ਼ਹਾਦਤ ਦਿੱਤੀ "ਪੋਹ ਦੇ ਮਹੀਨੇ ਸਾਨੂੰ ਸਭ ਨੂੰ ਸਰਦੀ ਬਹੁਤ ਸਤਾਉਂਦੀ ਹੈ ਪਰ ਅਨੰਦਪੁਰੀ ਦੇ ਆਨੰਦਮਈ ਵਾਤਾਵਰਣ, ਅਨੰਦਪੁਰ ਸਾਹਿਬ ਦੇ ਅੱਠ ਮਹੀਨੇ ਦੇ ਜਬਰਦਸਤ ਘੇਰੇ, ਅਨੰਦਪੁਰ ਸਾਹਿਬ ਨੂੰ ਛੱਡਣ, ਸਿਰਸਾ ਦੇ ਭਿਆਨਕ ਯੁੱਧ, ਪਰਿਵਾਰ ਵਿਛੋੜਾ, ਚਮਕੌਰ ਦੀ ਕੱਚੀ ਗੜ੍ਹੀ ਤੇ ਸਰਹਿੰਦ ਦੀਆਂ ਦੀਵਾਰਾਂ 'ਚ ਸਾਹਿਬਜਾਦਿਆਂ ਦੇ ਜਿਉਂਦੇ ਚਿਣੇ ਜਾਣ ਤੇ ਮਾਤਾ ਗੁਜਰੀ ਜੀ ਦੇ ਠੰਡੇ ਬੁਰਜ ਦੀ ਦਾਸਤਾਨ ਨੂੰ ਪੜ੍ਹ-ਸੁਣ ਕੇ ਮਨ-ਸਰੀਰ 'ਚ ਰੋਸ-ਰੋਹ ਤੇ ਜੋਸ ਦੀ ਲਹਿਰ ਦੌੜਦੀ ਹੈ।"[116] ਜਦੋਂ ਵੀ ਸਿੱਖ ਆਪਣੀ ਸਿਮਰਤੀ ਰਾਹੀਂ ਸਿੱਖ ਇਤਿਹਾਸ ਦੀਆਂ ਸ਼ਹਾਦਤਾਂ ਨੂੰ ਮਹਿਸੂਸ ਕਰਦਾ ਹੈ ਤਾਂ ਉਸ ਨੂੰ ਸਰੀਰਕ ਕਠਿਨਾਈਆਂ ਜਾਂ ਕਸ਼ਟਾਂ ਦੀ ਕੋਈ ਪ੍ਰਵਾਹ ਨਹੀਂ ਰਹਿੰਦੀ, ਸਗੋਂ ਆਪਣੀ ਸੁਰਤਿ ਨੂੰ ਗੁਰੂ ਚਰਨਾਂ ਨਾਲ ਜੋੜੀ ਰੱਖਦਾ ਹੈ।

ਮੁੱਢ ਤੋਂ ਲੈ ਕੇ ਹੁਣ ਤੱਕ ਬੇਅੰਤ ਕੁਰਬਾਨੀਆਂ ਦਾ ਸਿਮਰਤੀ ਦੇ ਪੱਖ ਤੋਂ ਸਿੱਖਾਂ ਦੇ ਮਨਾਂ ਉੱਤੇ ਗਹਿਰਾ ਪ੍ਰਭਾਵ ਰਿਹਾ ਹੈ। "ਅੰਮ੍ਰਿਤ ਬਾਣੀ ਤੋਂ ਇਲਾਵਾ ਬਜ਼ੁਰਗ ਸਿੰਘਾਂ ਦੀ ਕੁਰਬਾਨੀ ਇਨ੍ਹਾਂ ਦਾ ਹੌਸਲਾ ਬੁਲੰਦ ਕਰਦੀ ਸੀ, ਜਦੋਂ ਇਹ ਸ਼ਹੀਦ ਸਿੰਘਾਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਬੋਲਦੇ ਤਾਂ ਇਨ੍ਹਾਂ ਦਾ ਲਹੂ ਦੂਣਾ-ਚਉਣਾ ਹੋ ਜਾਂਦਾ ਤੇ ਮੌਤ ਨੂੰ ਇਹ ਲੋਕ ਖੇਡ ਸਮਝ ਕੇ ਇਸ ਨਾਲ ਦਸਤ-ਪੰਜਾ ਲੈਣਾ ਬਿਲਕੁਲ ਮਾਮੂਲੀ ਗੱਲ ਜਾਣਦੇ ਸਨ। ਸੋ ਸਿੱਖ ਇਤਿਹਾਸ ਤੋਂ ਇਹ ਹਕੀਕਤ ਭਲੀ-ਭਾਂਤ ਉਜਾਗਰ ਹੁੰਦੀ ਹੈ ਕਿ ਸੈਂਕੜੇ ਮੁਸੀਬਤਾਂ ਤੇ ਕਹਿਰਾਂ ਦੇ ਤੂਫਾਨੀ ਝੱਖੜਾਂ ਵਿਚ ਵੀ ਸਿੱਖੀ ਦਾ ਬੇੜਾ ਕੇਵਲ ਕੁਰਬਾਨੀ (ਸਿਮਰਤੀ ਰਾਹੀਂ) ਦੇ ਪਤਵਾਰ ਆਸਰੇ ਪਾਰ ਲੱਗਦਾ ਆਇਆ ਹੈ।"[117] ਸਿੱਖਾਂ ਦੀ ਚੜ੍ਹਦੀਕਲਾ ਦਾ ਕੇਂਦਰ ਅਕਾਲ ਪੁਰਖ ਅਤੇ ਗੁਰੂ ਹੈ। ਸਿੱਖ ਆਪਣੀ ਸਿਮਰਤੀ ਵਿੱਚ ਗੁਰੂ ਨੂੰ ਸਿਮਰਦਾ ਹੈ, ਜਿਸ ਕਰਕੇ ਬਾਹਰੀ ਪਰਸਥਿਤੀਆਂ ਦੀ ਭਿਆਨਕਤਾ ਅਤੇ ਕਸ਼ਟਾਂ ਤੋਂ ਮੁਕਤ ਹੋ ਜਾਂਦਾ ਹੈ। ਅਜਿਹੀ ਸੁਰਤਿ ਦੇ ਮਾਲਕ ਸਰੀਰ ਨੂੰ ਜਿੰਨੇ ਮਰਜੀ ਤਸੀਹੇ ਦਿੱਤੇ ਜਾਣ ਉਸਦੀ ਸੁਰਤਿ ਦੀ ਇਕਸੁਰਤਾ ਨੂੰ ਭੰਗ ਨਹੀਂ ਕੀਤਾ ਜਾ ਸਕਦਾ। ਜਿਸਦੇ ਪ੍ਰਮਾਣ ਸਿੱਖ ਇਤਿਹਾਸ ਵਿੱਚ ਅਨੇਕਾਂ ਵਾਰ ਮਿਲਦੇ ਹਨ।

ਹਰ ਸਾਲ ਜਦੋਂ ਸਿੱਖ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਦਿਹਾੜੇ ਦੇ ਰੂਪ ਵਿੱਚ ਮਨਾਉਂਦੇ ਹਨ ਤਾਂ ਉਹ ਬੀਤ ਚੁੱਕੇ ਸਮੇਂ ਵਿੱਚ ਗੁਰੂ ਸਾਹਿਬ ਵੱਲੋਂ ਦਿੱਤੀ ਸ਼ਹੀਦੀ ਨੂੰ ਸਿਮਰਤੀ ਵਿੱਚ ਯਾਦ ਕਰਦੇ ਹਨ

---

[116] ਰੂਪ ਸਿੰਘ (2012) *ਸਿੱਖ ਸਰੋਕਾਰ*, ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 56.

[117] ਪਿਆਰਾ ਸਿੰਘ ਪਦਮ (1996) *ਗੁਰੂ ਘਰ*, ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 240.

ਅਤੇ ਜਬਰ ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਉਂਦੇ ਹਨ। ਇਤਿਹਾਸਕ ਦਿਹਾੜੇ ਮਨਾਉਣ ਜਾਂ ਸ਼ਹੀਦੀ ਪੁਰਬ ਮਨਾ ਕੇ ਸਿੱਖ ਆਪਣੀ ਸਿਮਰਤੀ ਵਿੱਚ ਸ਼ਹੀਦੀ ਦੇ ਪਲਾਂ ਨੂੰ ਯਾਦ ਤਾਂ ਕਰਦਾ ਹੀ ਹੈ, ਸਗੋਂ ਨਾਲ ਹੀ ਆਪਣੀ ਕੌਮ ਦੀ ਰੱਖਿਆ ਲਈ ਭਵਿੱਖ ਵਿੱਚ ਵਚਨ-ਬੱਧ ਵੀ ਹੁੰਦਾ ਹੈ। ਇਸ ਲਈ ਬੀਤੇ ਸਮੇਂ ਦੀ ਸਿਮਰਤੀ ਦਾ ਅਸਰ ਭਵਿੱਖਤ ਕਾਲ 'ਤੇ ਮਾਨਸਿਕ ਰੂਪ ਵਿੱਚ ਹੁੰਦਾ ਹੈ। ਸਿੱਖ ਸ਼ਹਾਦਤ ਦਾ ਮੁੱਢ ਨਿਰਸੰਦੇਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਬੱਝਦਾ ਹੈ, ਪਰ ਇਸ ਦਾ ਸਿਖਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ।

ਸਿੱਖ ਸ਼ਹਾਦਤ ਦਾ ਸੰਕਲਪ ਵਿਸ਼ਵ ਦੇ ਇਤਿਹਾਸ ਵਿੱਚ ਵਿਲੱਖਣ ਹੈ। ਸ੍ਰੀ ਅਨੰਦਪੁਰ ਸਾਹਿਬ ਅਤੇ ਇਸ ਦੇ ਆਲ਼ੇ ਦੁਆਲੇ ਦੇ ਖੇਤਰ ਨੂੰ ਅਨੇਕਾਂ ਸਿੰਘਾਂ-ਸਿੰਘਣੀਆਂ ਦੇ ਖ਼ੂਨ ਦੀ ਪਾਣ ਚੜ੍ਹੀ ਹੋਈ ਹੈ। ਇਥੋਂ ਹੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਧਾਰਮਕ ਅਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਰਖਵਾਲੀ ਲਈ ਆਪਣੀ ਸ਼ਹਾਦਤ ਦੇਣ ਲਈ ਦਿੱਲੀ ਗਏ ਉਹਨਾਂ ਆਪ ਚੱਲ ਕੇ ਹਕੂਮਤ ਨੂੰ ਵੰਗਾਰ ਪਾਈ। ਦਿੱਲੀ ਦੇ ਚਾਂਦਨੀ ਚੌਕ ਵਿੱਚ ਜਬਰ ਅਤੇ ਜ਼ੁਲਮ ਦੇ ਖਿਲਾਫ਼ ਆਪਣੀ ਸ਼ਹਾਦਤ ਦਿੱਤੀ। "ਕਿਸੇ ਧਰਮ ਜਾਂ ਸਮਾਜ ਵਿਚ ਜਦੋਂ ਅਤਿਆਚਾਰ ਸਿਖਰ ਉੱਤੇ ਪਹੁੰਚ ਜਾਂਦਾ ਹੈ ਉਦੋਂ ਸਤਿਆਚਾਰ ਦੀ ਸਥਾਪਨਾ ਲਈ ਕੋਈ ਯੁੱਗ-ਪੁਰਸ਼ ਆਪਣੀ ਸਰੀਰਕ ਅਹੂਤੀ ਦਿੰਦਾ ਹੈ। ਇਸ ਸਾਰੀ ਪ੍ਰਕ੍ਰਿਆ ਨੂੰ ਸ਼ਹਾਦਤ ਦਾ ਨਾਂ ਦਿੱਤਾ ਜਾਂਦਾ ਹੈ।"[118] ਗੁਰੂ ਸ਼ਹਾਦਤ ਸਿੱਖ ਸਿਮਰਤੀ ਦਾ ਅਟੁੱਟ ਅੰਗ ਬਣ ਗਈ। "ਜੀਵਨ ਦੀਆਂ ਸੀਮਾਵਾਂ ਨੂੰ ਲੰਘਣਾ, ਰਾਜਨੀਤੀ, ਅਰਥਚਾਰੇ ਅਤੇ ਸਮਾਜਿਕ ਰੀਤੀ-ਰਿਵਾਜਾਂ ਨੇ ਜੋ ਭਸਮ ਕਰਨ ਵਾਲੀਆਂ ਤਾਰਾਂ ਲਾਈਆਂ ਹੋਈਆਂ ਹਨ ਉਹਨਾਂ ਨੂੰ ਛੂਹ ਕੇ ਪਾਰ ਲੰਘਣਾ ਹੈ ਇਸ ਘਾਤਕ ਪ੍ਰਕ੍ਰਿਆ ਵਿੱਚੋਂ ਲੰਘ ਕੇ ਸੁਰਜੀਤ ਹੋਣਾ ਹੈ। ਇਹ ਇਕ ਪ੍ਰਕਾਰ ਦੀ ਸ਼ਹਾਦਤ ਹੈ। ਮਰ-ਜੀਵੜੇ ਬਣਨਾ ਹੈ।"[119] ਸਿੱਖ ਸਿਮਰਤੀ 'ਚ ਪਏ ਸ਼ਹਾਦਤ ਦੇ ਬਿਰਤਾਂਤ ਨੇ ਸਿੱਖ ਸੂਰਮਿਆਂ ਅਤੇ ਮਰ-ਜੀਵੜਿਆਂ ਦੀ ਸਿਰਜਨਾ ਕੀਤੀ। ਗੁਰੂ-ਕਾਲ ਅਤੇ ਉੱਤਰ ਗੁਰੂ-ਕਾਲ ਦੇ ਇਤਿਹਾਸ ਵਿੱਚ ਪਈਆਂ ਸ਼ਹਾਦਤਾਂ ਦਾ ਉਦੇਸ਼ ਇੱਕ ਹੀ ਰਿਹਾ ਹੈ ਕਿ ਗੁਰੂ ਅਤੇ ਅਕਾਲ ਪੁਰਖ ਨਾਲ ਸੰਬੰਧ ਬਣਾਈ ਰੱਖਣਾ। ਸਿੱਖ ਸ਼ਹਾਦਤਾਂ ਵਿੱਚ ਧਰਮ ਦੀ ਪ੍ਰਮੁੱਖਤਾ ਰਹੀ ਹੈ। ਇਤਿਹਾਸ ਵਿੱਚ ਅਜਿਹੀ ਕੋਈ ਸਾਖੀ ਨਹੀਂ ਮਿਲਦੀ ਕਿ

---

118 ਰਤਨ ਸਿੰਘ ਜੱਗੀ (2002) *ਸਿੱਖ ਪੰਥ ਵਿਸ਼ਵ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.160.

119 ਗੁਰਭਗਤ ਸਿੰਘ (2010) *ਵਿਸਮਾਦੀ ਪੂੰਜੀ- ਪੰਜਾਬ ਅਤੇ ਪੰਜਾਬੀ ਮੌਲਿਕਤਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 22.

ਕੋਈ ਸਿੱਖ ਆਪਣੇ ਮੂਲ ਤੋਂ ਬੇਮੁੱਖ ਹੋਇਆ ਹੋਵੇ। ਇਸ ਤਰ੍ਹਾਂ ਦੀ ਦ੍ਰਿੜਤਾ ਸਮੇਂ ਗੁਰੂ ਸਾਹਿਬਾਨ ਨੇ ਆਪ ਅੱਗੇ ਹੋ ਕੇ ਮਾਨਵਤਾ ਲਈ ਸ਼ਹਾਦਤ ਦਿੱਤੀ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਕਸ਼ਮੀਰੀ ਪੰਡਤਾਂ ਦੇ ਦੀਨ ਧਰਮ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇਣਾ, ਇਸ ਮਹਾਨ ਘਟਨਾ ਦਾ ਸੰਬੰਧ ਸ੍ਰੀ ਅਨੰਦਪੁਰ ਸਾਹਿਬ ਦੀ ਹੀ ਪਵਿੱਤਰ ਧਰਤੀ ਨਾਲ ਜੁੜਦਾ ਹੈ ਕਿਉਂਕਿ ਕਸ਼ਮੀਰੀ ਪੰਡਤਾਂ ਨੇ ਗੁਰੂ ਸਾਹਿਬ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਆ ਕੇ ਫ਼ਰਿਆਦ ਕੀਤੀ ਸੀ। ਇਸ ਵਿਲੱਖਣ ਘਟਨਾ ਦਾ ਸੰਬੰਧ ਸ੍ਰੀ ਅਨੰਦਪੁਰ ਸਾਹਿਬ ਨਾਲ ਜੁੜਨ ਕਰਕੇ ਆਪਣੇ ਆਪ ਵਿੱਚ ਇਥੋਂ ਦਾ ਇਤਿਹਾਸਕ ਅਤੇ ਧਾਰਮਕ ਮਹੱਤਵ ਬਹੁ-ਮੁੱਲਾ ਹੋ ਜਾਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਅਧਿਆਤਮਕ ਤਖ਼ਤ ਨੇ ਦੁਨਿਆਵੀ ਤਖ਼ਤ (ਦਿੱਲੀ) ਨੂੰ ਚੁਣੌਤੀ ਦਿੱਤੀ। ਇਸ ਚੁਣੌਤੀ ਵਿੱਚ ਦਿੱਲੀ ਦਾ ਤਖ਼ਤ ਸ੍ਰੀ ਅਨੰਦਪੁਰ ਸਾਹਿਬ ਤੋਂ ਈਨ ਨਾ ਮੰਨਵਾ ਸਕਿਆ ਬਲਕਿ ਉਸਦੇ ਜ਼ੁਲਮ ਦੀ ਹਨੇਰੀ ਨੂੰ ਖ਼ਾਲਸੇ ਨੇ ਰੋਕ ਦਿੱਤਾ ਅਤੇ ਖ਼ਾਲਸਾ ਹਰ ਮੈਦਾਨ ਫਤਹਿ ਹੁੰਦਾ ਹੈ।

“ਸ੍ਰੀ ਅਨੰਦਪੁਰ ਸਾਹਿਬ ਨੂੰ ਅਧਿਆਤਮਿਕ ਦ੍ਰਿਸ਼ਟੀ ਤੋਂ ਦੇਖੋ ਜਾਂ ਸਿਰਜਨਾਤਮਿਕ ਦ੍ਰਿਸ਼ਟੀ ਤੋਂ ਵੇਖੋ, ਹਾਰ ਤੇ ਨਿਰਾਸ਼ਾ ‘ਅਨੰਦਪੁਰ’ ਦੇ ਜੀਵਨ ਆਦਰਸ਼ ਦਾ ਕਦੀ ਵੀ ਅੰਗ ਨਹੀਂ ਰਹੇ। ਗੁਰੂ ਗੋਬਿੰਦ ਸਿੰਘ ਜੀ ਹਾਲਾਂ ਨੌ ਸਾਲਾਂ ਦੇ ਸਨ- ਹਿੰਦੂ ਧਰਮ ਦੀ ਸੁਰਖਿਆ ਨਮਿਤ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹਾਦਤ ਦੇਣ ਲਈ ਦਿੱਲੀ ਭੇਜ ਦਿੱਤਾ ਹੈ। ਭੇਜਣ ਵੇਲੇ ਅੰਦਰ ਬਾਹਰ ਪ੍ਰਸੰਨਤਾ ਅਤੇ ਜਾਹ-ਜਲਾਲ ਹੀ ਹੈ, ਨਿਰਾਸ਼ਾ ਡਰ ਤੇ ਸਹਿਮ ਦੀ ਭਾਵਨਾ ਬਿਲਕੁਲ ਨਹੀਂ। ਸ਼ਹੀਦੀ ਪਿਛੋਂ ਪਿਤਾ ਗੁਰੂ ਤੇਗ ਬਹਾਦਰ ਜੀ ਦਾ ਕੱਟਿਆ ਸੀਸ ਝੋਲੀ ਵਿਚ ਹੈ ਪਰ ਹਿਰਦੇ ਵਿਚ ਜੈ-ਜੈਕਾਰ ਦੀ ਭਾਵਨਾ ਪ੍ਰਚੰਡ ਹੈ। ਔਰੰਗਜ਼ੇਬ ਹਕੂਮਤ ਦਾ ਹੱਥ-ਠੋਕਾ ਬਣ ਕੇ ਆਲੇ-ਦੁਆਲੇ ਦੇ ਪਹਾੜੀ ਰਾਜੇ ਦੁਸ਼ਮਣੀ ਕਮਾਉਣ ਵੱਲ ਵੱਧ ਰਹੇ ਹਨ ਪਰ ਗੁਰੂ ਗੋਬਿੰਦ ਸਿੰਘ ਭਾਰਤੀ ਆਤਮਾ ਨੂੰ ਜਾਗ੍ਰਿਤੀ ਤੇ ਬਲ ਪ੍ਰਦਾਨ ਕਰਨ ਲਈ ਪਾਉਂਟਾ ਸਾਹਿਬ ਵਿਖੇ ਕਵਿਤਾ-ਭੰਡਾਰ ਤੇ ਕਵੀ-ਦਰਬਾਰ ਕੇਂਦਰਿਤ ਕਰ ਰਹੇ ਹਨ।”[120]

---

[120] ਜੋਗਿੰਦਰ ਸਿੰਘ (1986) *ਜਿਨ੍ਹਾਂ ਧਰਮ ਨਹੀਂ ਹਾਰਿਆ: ਧਰਮ ਯੁੱਧ ਤੋਂ ਸ਼ਹਾਦਤ ਤਕ*, ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, ਪੰ. 43.

ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਸਿੱਖ ਸਿਮਰਤੀ ਦੇ ਨਾਲ-ਨਾਲ ਸਮੁੱਚੇ ਵਿਸ਼ਵ ਨੂੰ ਬਿਨਾਂ ਭੇਦ-ਭਾਵ ਦੇ ਇੱਕ ਸਮਾਨ ਅਧਿਕਾਰ ਅਤੇ ਸਤਿਕਾਰ, ਹੱਕ-ਸੱਚ ਵਾਸਤੇ ਬੁਲੰਦ ਅਵਾਜ਼ ਕਰਨ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਭਗਤੀ ਅਤੇ ਸ਼ਕਤੀ ਦੇ ਸੋਮੇ ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸਕ ਸਥਾਨ ਨਾਲ ਸੰਬੰਧ ਰੱਖਦੇ ਹਨ ਕਿਉਂਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਭਗਤੀ ਦੇ ਸੰਕਲਪ ਰਾਹੀਂ ਦੂਜੇ ਦੇ ਦੀਨ ਦੀ ਰੱਖਿਆ ਦਾ ਫ਼ੈਸਲਾ ਲਿਆ, ਜਦਕਿ ਇਸੇ ਧਰਤੀ ’ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਬਰ ਜ਼ੁਲਮ ਦੇ ਖ਼ਿਲਾਫ਼ ਟੱਕਰ ਲੈਣ ਲਈ ਵੱਡੀ ਸ਼ਕਤੀ ਖ਼ਾਲਸੇ ਦੀ ਸਿਰਜਣਾ ਕੀਤੀ।

ਖ਼ਾਲਸਾ ਅਰਦਾਸ ਕਰਕੇ ਤੁਰਦਾ ਹੈ, ਅਰਦਾਸ ਵਿੱਚ ਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ। ਗੁਰੂ ਆਸਰੇ ਖ਼ਾਲਸਾ ਚੜ੍ਹਦੀਕਲਾ ਵਿੱਚ ਰਹਿੰਦਾ ਹੈ। ਸਿਮਰਤੀ ਰਾਹੀਂ ਧਾਰਮਕ ਮਨੁੱਖ ਜਿਹੜੇ ਪਵਿੱਤਰ ਪਲਾਂ ਦਾ ਆਨੰਦ ਮਾਣਦਾ ਹੈ, ਉਹ ਗੈਰ-ਧਾਰਮਕ ਮਨੁੱਖ ਦੀ ਪਹੁੰਚ ਤੋਂ ਬਾਹਰ ਹੁੰਦਾ ਹੈ। ਅਰਦਾਸ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਬਣ ਗਈ ਹੈ। “ਅਰਦਾਸ ਦਾ ਇਕ ਭਾਗ ਪੰਥ ਦੇ ਸਿਦਕਵਾਨ ਸ਼ਹੀਦਾਂ ਨੇ ਆਪਣੇ ਪਵਿੱਤਰ ਲਹੂ ਨਾਲ ਲਿਖਿਆ। ਜਿਉਂ-ਜਿਉਂ ਉਹਨਾਂ ਦੇ ਬੰਦ-ਬੰਦ ਕੱਟੇ ਗਏ, ਉਹਨਾਂ ਨੂੰ ਚਰਖੀਆਂ ਤੇ ਚਾੜ੍ਹਿਆ ਗਿਆ, ਉਹਨਾਂ ਦੀਆਂ ਖੋਪਰੀਆਂ ਉਤਾਰੀਆਂ ਗਈਆਂ, ਉਹਨਾਂ ਨੂੰ ਆਰਿਆਂ ਨਾਲ ਚੀਰਿਆ ਗਿਆ ਤੇ ਉਹ ਸਿੱਖੀ ਸਿਦਕ ਤੇ ਸਾਬਤ ਰਹਿ ਕੇ ਜਾਨਾਂ ਦੇਂਦੇ ਗਏ, ਤਿਉਂ ਤਿਉਂ ਇਕ ਇਕ ਸਜਗ ਵਾਕੰਸ਼ ਉਹਨਾਂ ਦੀ ਸਿਮਰਤੀ ਨੂੰ ਅਰਦਾਸ ਵਿਚ ਪਰੋਂਦਾ ਗਿਆ।”[121] ਅਰਦਾਸ ਸਿੱਖ ਸੰਗਤ ਨੂੰ ਗੁਰੂ ਸਿਮਰਤੀ ਵਿੱਚ ਜੋੜਦੀ ਹੈ।

ਅਨੇਕਾਂ ਹੀ ਸਿੰਘ, ਸਿੰਘਣੀਆਂ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਲਈ ਸ਼ਹਾਦਤ ਦਿੱਤੀ, ਉਹਨਾਂ ਨੂੰ ਇੱਥੋਂ ਦਾ ਵਾਸੀ ਸਮੂਹ ਖ਼ਾਲਸਾ ਪੰਥ ਨਿੱਤਨੇਮ ਦੀ ਅਰਦਾਸ ਵਿੱਚ ਨਮਨ ਕਰਦਾ ਹੈ, ਜੋ ਅੱਜ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਬਣ ਗਏ ਹਨ; “ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ’ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦਵਾਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ

---

[121] ਜਸਵੰਤ ਸਿੰਘ ਨੇਕੀ (1989) *ਅਰਦਾਸ: ਦਰਸ਼ਨ ਰੂਪ ਅਭਿਆਸ*, ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 49.

ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ।"[122] ਵਾਹਿਗੁਰੂ ਸਿੱਖਾਂ ਨੂੰ ਤਾਕਤ ਦੇਣ ਵਾਲਾ ਸੋਮਾ ਹੈ। ਅਕਾਲ ਪੁਰਖ ਨੂੰ ਹਾਜ਼ਰ-ਨਾਜ਼ਰ ਸਮਝਦੇ ਹੋਏ ਸਿੱਖ ਅਰਦਾਸ ਦੇ ਮਾਧਿਅਮ ਰਾਹੀਂ ਗੁਰੂ ਉਪਦੇਸ਼ ਅਤੇ ਸਿੱਖ ਪਰੰਪਰਾ ਨਾਲ ਹਰ ਰੋਜ ਜੁੜਦਾ ਹੈ ਅਤੇ ਅਰਦਾਸ ਸਿੱਖ ਦੇ ਨਿੱਤਨੇਮ ਦਾ ਹਿੱਸਾ ਹੈ।

ਸਿੱਖ ਸਿਮਰਤੀ ਵਿੱਚ ਅਰਦਾਸ ਦਾ ਬਹੁਤ ਮਹੱਤਵ ਹੈ ਕਿਉਂਕਿ ਸਿੱਖ ਜਦੋਂ ਅਰਦਾਸ ਵਿੱਚ ਸਿੰਘਾਂ, ਸਿੰਘਣੀਆਂ ਅਤੇ ਸ਼ਹੀਦਾਂ ਨੂੰ ਯਾਦ ਕਰਦਾ ਹੈ ਤਾਂ ਉਹ ਬੀਤੇ ਸਮੇਂ ਦੌਰਾਨ ਉਹਨਾਂ ਮਹਾਨ ਸ਼ਹੀਦਾਂ ਵੱਲੋਂ ਕੀਤੀ ਪੰਥ/ਕੌਮ ਲਈ ਕੁਰਬਾਨੀ ਦੀ ਯਾਦ ਨੂੰ ਤਾਜ਼ਾ ਕਰਦਾ ਹੈ। ਅਰਦਾਸ ਦੇ ਪਹਿਲੇ ਭਾਗ ਵਿੱਚ ਸਾਰੇ ਸਿੱਖ ਗੁਰੂ ਸਾਹਿਬਾਨ ਦੇ ਨਾਮ ਧਿਆਉਣ ਦੇ ਨਾਲ-ਨਾਲ ਉਹਨਾਂ ਦੇ ਸੰਕਲਪਾਂ, ਸਿੱਖਿਆਵਾਂ ਨੂੰ ਆਪਣੀ ਸਿਮਰਤੀ ਵਿੱਚ ਰੋਜ਼ਾਨਾ ਯਾਦ ਕੀਤਾ ਜਾਂਦਾ ਹੈ। ਵਤਨਾਂ ਤੋਂ ਪਾਰ ਬੈਠਾ ਜਗਿਆਸੂ ਉਹਨਾਂ ਅਸਥਾਨਾਂ ’ਤੇ ਸਿਮਰਤੀ ਰਾਹੀਂ ਹਾਜ਼ਰ ਹੋ ਕੇ ਪਵਿੱਤਰ ਪਲਾਂ ਦਾ ਆਨੰਦ ਮਾਣਦਾ ਹੈ। ਅਰਦਾਸ ਦੇ ਅੰਤਿਮ ਭਾਗ ਵਿੱਚ ਪੰਥ ਤੋਂ ਵਿਛੋੜੇ ਗਏ ਗੁਰਧਾਮਾਂ ਨੂੰ ਸਿਮਰਤੀ ਵਿੱਚ ਯਾਦ ਕੀਤਾ ਜਾਂਦਾ ਹੈ। ਧਾਰਮਕ ਸਾਧਕ ਲਈ ਸਿਮਰਤੀ ਇੱਕ ਪਵਿੱਤਰ ਯਾਦ ਹੁੰਦੀ ਹੈ, ਜਿਸ ਨਾਲ ਜੁੜ ਕੇ ਉਹ ਆਪਣੇ ਅਤੀਤ ਦੇ ਪਲਾਂ ਦਾ ਅਧਿਆਤਮਕ ਨਿੱਘ ਮਾਣਦਾ ਹੈ।

ਅਰਦਾਸ ਗੁਰੂ ਅੱਗੇ ਪਵਿੱਤਰ ਬੇਨਤੀ ਹੈ ਜੋ ਮੰਗ ਪੱਤਰ ਦੀ ਤਰ੍ਹਾਂ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹਨਾਂ ਮੰਗਾਂ ਵਿੱਚ ਨਿੱਕੀਆਂ-ਮੋਟੀਆਂ ਘਰੋਗੀ ਲੋੜਾਂ ਦੀ ਕੋਈ ਥਾਂ ਨਹੀਂ, ਸਗੋਂ ਅਰਦਾਸ ਕੌਮੀ ਮੰਗ ਦੇ ਰੂਪ ਵਿੱਚ ਸੰਕਲਪ ਪੇਸ਼ ਕਰਦੀ ਹੈ। ਅਰਦਾਸ ਸਰਬੱਤ ਦੇ ਭਲੇ ਲਈ ਕੀਤੀ ਜਾਂਦੀ ਹੈ।

> "ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ,
> ਸਰਬੱਤ ਖਾਲਸਾ ਜੀ ਕੋ, ਵਾਹਿਗੁਰੂ, ਵਾਹਿਗੁਰੂ,
> ਵਾਹਿਗੁਰੂ ਚਿਤ ਆਵੇ, ਚਿਤ ਆਵਨ ਦਾ ਸਦਕਾ ਸਰਬ ਸੁਖ ਹੋਵੇ।"[123]

ਉਪਰੋਕਤ ਪੰਕਤੀਆਂ ਨਾਲ ਅਰਦਾਸ ਵਿੱਚ ਸਰਬੱਤ ਦੇ ਭਲੇ ਨਾਲ ਹੀ ਵਾਹਿਗੁਰੂ ਨਾਮ ਦੀ ਦਾਤ ਮੰਗੀ ਜਾਂਦੀ ਹੈ। ਸਿੱਖ ਪੰਥ ਵਿੱਚ ਸਰਬੱਤ ਦੇ ਭਲੇ ਦੀ ਮੌਖਿਕ ਰੂਪ ਵਿੱਚ ਅਰਦਾਸ ਸਿੱਖ ਸੱਭਿਆਚਾਰ ਦਾ ਵਿਲੱਖਣ ਪੱਖ ਹੈ।

---

[122] *ਸਿੱਖ ਰਹਿਤ ਮਰਯਾਦਾ* (2005) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 11.

[123] *ਸਿੱਖ ਰਹਿਤ ਮਰਯਾਦਾ* (2005) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 9.

ਸਿੱਖ ਗੁਰ ਪੁਰਬਾਂ ਰਾਹੀਂ ਜਾਂ ਕੁਝ ਵਿਸ਼ੇਸ਼ ਦਿਹਾੜਿਆਂ 'ਤੇ ਜਦੋਂ ਵੀ ਆਪਣੇ ਗੁਰੂ ਸਾਹਿਬ ਜਾਂ ਸਿੰਘਾਂ, ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ਕੋਈ ਸਮਾਗਮ ਕਰਦੇ ਹਨ ਤਾਂ ਉਹ ਉਸ ਬੀਤ ਚੁੱਕੇ ਸਮੇਂ ਨਾਲ ਸੰਬੰਧ ਕਾਇਮ ਕਰਨ ਦਾ ਯਤਨ ਕਰਦੇ ਹਨ। ਇਹਨਾਂ ਇਤਿਹਾਸ ਦੇ ਸੰਘਰਸ਼ਮਈ ਦਿਨਾਂ ਨੂੰ ਸਿੱਖ ਆਪਣੀ ਸਿਮਰਤੀ ਵਿੱਚ ਹਮੇਸ਼ਾ ਸਮੋਈ ਰੱਖਦੇ ਹਨ। "The most refreshing aspect of the Sikh memory is that it remembers with the neuro cognition that is related to the presence of vismadiv waheguru. Waheguru is the Sikh God that literally means the Guru of wonder."[124] ਭਾਵ ਕਿ ਸਿੱਖ ਧਰਮ ਦੀ ਸਿਮਰਤੀ ਦਾ ਸਭ ਤੋਂ ਵਿੱਲਖਣ ਪੱਖ ਇਹ ਹੈ ਕਿ ਇਹ *ਵਿਸਮਾਦੀ ਵਾਹਿਗੁਰੂ* ਨਾਲ ਸੰਬੰਧਤ ਹੋ ਕੇ ਯਾਦ ਦਿਵਾਉਂਦਾ ਹੈ, ਵਾਹਿਗੁਰੂ ਸਿੱਖ ਦਾ ਰੱਬ ਹੈ। ਜਿਸ ਦਾ ਅਰਥ ਹੈ ਵਚਿੱਤਰਤਾ ਦਾ ਗੁਰੂ ਕਿਉਂਕਿ ਗੁਰੂ ਸ੍ਰਿਸ਼ਟੀ ਦਾ ਸਿਰਜਣਹਾਰ ਹੈ। ਸਾਰੇ ਰੂਪ ਰੰਗ, ਨਸਲ ਆਦਿ ਵਾਹਿਗੁਰੂ ਦੀ ਹੀ ਰਚਨਾ ਹਨ।

ਸਿਮਰਤੀ ਦਾ ਪ੍ਰਭਾਵ ਮਨੁੱਖੀ ਮਨ ਉਪਰ ਅਜਿਹਾ ਅਸਰ ਕਰਦਾ ਹੈ ਕਿ ਜਿਹੋ ਜਿਹੀ ਸਿਮਰਤੀ ਦਾ ਮਾਨਵ ਅਭਿਆਸੀ ਹੁੰਦਾ ਹੈ ਉਸ ਨੂੰ ਉਹੋ ਜਿਹੀ ਸੰਗਤ ਅਤੇ ਕਿਰਤ ਪ੍ਰਣਾਲੀ ਮਿਲ ਜਾਂਦੀ ਹੈ। ਸਿੱਖ ਸਿਮਰਤੀ ਵਿੱਚ ਗੁਰਬਾਣੀ ਦੀ ਪ੍ਰੇਰਣਾ ਕਰਕੇ ਉਸਾਰੂਪਣ, ਚੜ੍ਹਦੀਕਲਾ, ਉੱਦਮ, ਕਿਰਤ, ਪਰਉਪਕਾਰੀ ਅਤੇ ਹਰ ਸਮੇਂ ਸਿੱਖਣ ਦੀ ਚਾਹ ਰਾਹੀਂ ਸੰਸਾਰ ਵਿੱਚ ਵਿਚਰ ਰਹੀ ਨਿਰੰਕਾਰੀ ਜੋਤ ਦਾ ਅਨੁਭਵ ਕਰਨਾ ਹੀ ਮਨੁੱਖ ਨੂੰ ਸੱਚੇ ਰਾਹ 'ਤੇ ਲੈ ਜਾਣ ਵਾਲੇ ਕਰਮ ਹਨ। ਪਰਮਾਤਮਾ ਦੀ ਨਿਰੰਕਾਰੀ ਜੋਤ ਦੇ ਸੰਬੰਧ ਵਿੱਚ ਗੁਰਬਾਣੀ ਦਾ ਫੁਰਮਾਨ ਹੈ:-

ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ
ਹੈ ਜੀਉ ਆਣਿ ਮਿਲਾਵੈ ਜੀਉ॥[125]

---

[124] Gurbhagat Singh, Deepinder jeet Randhwa (2009) *The Sikh Memory its Distinction and contribution to manKind*, Singh Brothers, Amritsar, p. 10.

[125] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 98.

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਰਾਜਨੀਤੀ ਅਤੇ ਅਧਿਆਤਮਿਕਤਾ ਦਾ ਸੁਮੇਲ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋੜ ਕੇ ਦੋਵਾਂ ਦਾ ਸੁਮੇਲ ਕਰਕੇ ਖ਼ਾਲਸੇ ਦੀ ਸਿਰਜਨਾ ਕੀਤੀ। ਖੰਡੇ ਬਾਟੇ ਦੀ ਇਸ ਕਰਾਮਾਤ ਨਾਲ ਸਧਾਰਨ ਸਿੱਖ ਗੁਰੂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਖ਼ਾਲਸੇ ਦੇ ਰੂਪ ਵਿੱਚ ਪ੍ਰਗਟ ਹੋ ਗਿਆ, ਜਿਹੜਾ ਬਾਣੀ ਅਤੇ ਬਾਣੇ ਦਾ ਧਾਰਨੀ ਬਣਿਆ "ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਡੂੰਘੀ ਲਿਵ ਅੰਦਰ ਪੈਦਾ ਹੋਈਆਂ ਅਨੇਕ ਤਰੰਗਾਂ ਜਦ ਅਸਲੀ ਰੂਪ ਵਿਚ ਆਈਆਂ ਤਾਂ ਖ਼ਾਲਸਾ ਪੈਦਾ ਹੋਇਆ।"[126] ਉਪਰੋਕਤ ਵੱਖ-ਵੱਖ ਸੰਕਲਪ ਸਿਮਰਤੀ ਅਤੇ ਸਿੱਖ ਸਿਮਰਤੀ ਦੇ ਸਿਧਾਂਤਕ ਪੱਖਾਂ ਨੂੰ ਉਜਾਗਰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਬਦ ਨੂੰ ਪਰਮਾਤਮਾ ਲਈ ਵਰਤਦੇ ਹੋਏ ਉਸ ਦੀ ਸਰਬ ਵਿਆਪਕਤਾ ਦਾ ਉਲੇਖ ਕੀਤਾ ਹੈ "ਸ਼ਬਦ ਉਹ ਧੁਨੀ ਹੈ ਜਿਸ ਤੋਂ ਕਿਸੇ ਵਸਤੂ ਦੇ ਸਰੂਪ ਦਾ ਬੋਧ ਹੁੰਦਾ ਹੈ। ਪਰ 'ਸ਼ਬਦ' ਉਦੋਂ ਕਿਹਾ ਜਾਂਦਾ ਹੈ ਜਦੋਂ ਉਸ ਰਾਹੀਂ ਕਿਸ ਯਥਾਰਥ ਗਿਆਨ ਦੀ ਪ੍ਰਾਪਤੀ ਹੋਵੇ।"[127] ਸ਼ਬਦ ਗੁਰੂ ਦੇ ਵਿਗਾਸ ਨਾਲ ਵਿਕਸਿਤ ਹੋਈ ਸਿੱਖ ਸਿਮਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਅਨੇਕਾਂ ਹੀ ਰੂਪਾਂ ਵਿੱਚ ਸਨਮੁੱਖ ਹੁੰਦੀ ਹੋਈ ਆਤਮਾ, ਪਰਮਾਤਮਾ, ਸ੍ਰਿਸ਼ਟੀ ਰਚਨਾ, ਸੰਗਤ-ਪੰਗਤ ਅਤੇ ਵੰਡ ਛੱਕਣ ਜਿਹੇ ਮਹਾਨ ਸਿਧਾਂਤਾਂ ਨਾਲ ਮਨੁੱਖਤਾ ਦਾ ਕਲਿਆਣ ਕਰਦੀ ਹੈ। ਇੱਕ ਪਰਮਾਤਮਾ ਦੇ ਵਿਸ਼ਵਾਸ ਨਾਲ ਸਿੱਖ ਆਪਣੀ ਸਿਮਰਤੀ ਨੂੰ ਸਿਰਜਦਾ ਹੈ ਅਤੇ ਉਸ ਦੇ ਹੁਕਮ, ਭਾਣੇ ਅਤੇ ਰਜ਼ਾ ਨਾਲ ਹੀ ਜੀਵਨ ਦੀ ਸਿਮਰਤੀ ਨੂੰ ਸੰਵਾਰਦਾ ਅਤੇ ਨਿਖਾਰਦਾ ਹੈ, ਜਿਸ ਦਾ ਅੰਤਿਮ ਲਕਸ਼ ਪਰਮਾਤਮਾ ਨਾਲ ਇਕ-ਮਿਕ ਹੋ ਜਾਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਸੌਂਪੀਂ ਅਤੇ ਸ਼ਬਦ ਗੁਰੂ ਦੇ ਵਿੱਚ ਰੂਹਾਨੀ/ਨੂਰਾਨੀ ਅਤੇ ਅਧਿਆਤਮਕ ਸਿਮਰਤੀ ਪ੍ਰਦਾਨ ਕੀਤੀ, ਜੋ ਸਿੱਖ ਸਿਮਰਤੀ ਨੂੰ ਹਰ ਸਮੇਂ ਅਗਵਾਈ ਦੇ ਰਹੀ ਹੈ। "ਸਿੱਖ ਚੇਤਨਾ ਵਿਚ ਜਿਥੇ ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਅਤੇ ਹਰਿਮੰਦਰ ਸਾਹਿਬ ਅਬਚਲੀ ਜੋਤਿ ਦੇ ਪ੍ਰਤੀਕ ਹਨ, ਉੱਥੇ ਸ੍ਰੀ ਅਕਾਲ ਤਖ਼ਤ ਅਤੇ ਖ਼ਾਲਸਾ ਪੰਥ ਇਸ ਅਬਚਲੀ ਜੋਤਿ ਦੀ ਜੁਗਤਿ ਦਾ ਵਰਤਾਰਾ ਹੈ। ਇਹ ਕੋਈ ਵੱਖਰੀਆਂ ਪਰਤਾਂ ਵੀ ਨਹੀਂ ਹਨ ਕਿਉਂ ਕਿ ਜੋਤਿ ਸੈਭੰ ਹੈ ਆਪਣੇ

---

[126] ਹਰਿੰਦਰ ਸਿੰਘ ਮਹਿਬੂਬ (1988) *ਸਹਿਜੇ ਰਚਿਓ ਖ਼ਾਲਸਾ*, ਪ੍ਰਕਾਸ਼ਕ ਹਰਿੰਦਰ ਸਿੰਘ ਮਹਿਬੂਬ, ਗੜ੍ਹਦੀਵਾਲਾ, ਪੰ. 1039.

[127] ਦਰਸ਼ਨ ਸਿੰਘ (1999) *ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਦਾ ਸੰਕਲਪ*, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰ. 72.

ਆਪ ਤੋਂ ਪ੍ਰਗਟ ਹੋਈ ਹੈ ਅਤੇ ਆਤਮ ਨਿਰਭਰ ਹੈ।"[128] ਸਿੱਖ ਧਰਮ ਇੱਕ ਅਕਾਲ ਰੂਪੀ ਅਲੌਕਿਕ ਸ਼ਕਤੀ ਵਿੱਚ ਵਿਸ਼ਵਾਸ ਦਾ ਨਾਮ ਹੈ ਅਤੇ ਜੀਵਨ ਦੇ ਵਿਹਾਰਕ ਅਤੇ ਅਧਿਆਤਮਕ ਜੀਵਨ ਨਾਲ ਵੀ ਡੂੰਘੀ ਸਾਂਝ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ। ਸਿੱਖ ਧਰਮ ਬਾਹਰੀ ਅਨੁਭਵਾਂ ਨਾਲੋਂ ਅੰਦਰੂਨੀ ਅਨੁਭਵ ਵਧੇਰੇ ਹੁੰਦਾ ਹੈ ਅਤੇ ਅਨੁਭਵ ਸਾਡੀ ਮਾਨਸਿਕਤਾ ਉੱਪਰ ਡੂੰਘਾ ਪ੍ਰਭਾਵ ਪਾਉਂਦੇ ਹਨ। ਮਨ ਦੇ ਚੇਤਿਆਂ ਵਿੱਚ ਸਿੱਖ ਧਰਮ ਆਦਰਸ਼ਕ ਜੀਵਨ ਦੀ ਉਸਾਰੀ ਕਰਦਾ ਹੈ ਅਤੇ ਸਿਮਰਤੀ ਧਰਮ ਦਾ ਹੀ ਇੱਕ ਅਗਲੇਰਾ ਹਿੱਸਾ ਕਹੀ ਜਾ ਸਕਦੀ ਹੈ, ਜੋ ਮਾਨਸਿਕ ਪੱਧਰ ਨੂੰ ਉੱਚਾਈਆਂ ਵਿੱਚ ਲੈ ਕੇ ਜਾਂਦੀ ਹੈ।

ਗੁਰੂ ਦੁਆਰਾ ਬਖ਼ਸ਼ੇ ਗਿਆਨ ਦੇ ਜਿਸ ਅਨੰਦ ਨੂੰ ਇਕ ਸਿੱਖ ਆਪਣੀ ਸਿਮਰਤੀ ਵਿੱਚ ਮਹਿਸੂਸ ਕਰਦਾ ਹੈ, ਉਹ ਸ੍ਰੀ ਅਨੰਦਪੁਰ ਸਾਹਿਬ ਵਿੱਚ ਪ੍ਰਤੱਖ ਰੂਪ ਵਿੱਚ ਵਰਤਦਾ ਦੇਖਿਆ ਜਾ ਸਕਦਾ ਹੈ। ਡਾ. ਤਾਰਨ ਸਿੰਘ ਅਨੁਸਾਰ, "ਖਾਲਸੇ ਦਾ ਸੱਚ 'ਅਨੰਦ ਸਾਹਿਬ' ਦਾ ਆਦਰਸ਼ ਰੂਪ ਹੈ। ਖਾਲਸੇ ਦਾ ਜਨਮ ਵੀ ਜਪੁ, ਜਾਪ, ਸੈਵਯੇ, ਚੌਪਈ ਅਤੇ ਅਨੰਦੁ ਵਿੱਚੋਂ ਹੋਇਆ ਹੈ, ਇਨ੍ਹਾਂ ਬਾਣੀਆਂ ਦੇ ਆਦਰਸ਼ ਹੀ ਖਾਲਸਾ ਆਦਰਸ਼ ਹਨ। ਇਨ੍ਹਾਂ ਆਦਰਸ਼ਾਂ ਨੂੰ ਹੀ ਖਾਲਸੇ ਨੇ ਪਾਲਣਾ ਹੈ।"[129] ਸ਼ਿਵਾਲਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਵਸੇ ਸ੍ਰੀ ਅਨੰਦਪੁਰ ਸਾਹਿਬ ਦਾ ਵਾਤਾਵਰਨ ਬਹੁਤ ਹੀ ਸੁਹਾਵਾ, ਅਦਭੁਤ ਅਤੇ ਮਨ ਨੂੰ ਟਿਕਾਓ ਦੇਣ ਵਾਲਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿੱਚ ਇਤਿਹਾਸਕ ਗੁਰਦੁਆਰੇ ਪ੍ਰਕਿਰਤਿਕ ਵਾਤਾਵਰਨ ਵਿੱਚ ਆਪਣੀ ਮਨਮੋਹਕ ਦਿੱਖ ਪ੍ਰਸਤੁਤ ਕਰਦੇ ਹੋਏ ਗੁਰੂ ਪਿਆਰਿਆਂ ਨੂੰ ਆਪਣੇ ਵੱਲ ਖਿੱਚਦੇ ਹਨ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਖ਼ਾਲਸਾ ਸਾਜਨਾ ਦਾ ਕੌਤਕ ਰਚਿਆ ਸੀ ਉਸ ਨਾਲ ਇਥੋਂ ਦਾ ਮੱਹਤਵ ਦੇਸ਼ ਵਿਦੇਸ਼ ਵਿੱਚ ਵੱਧਦਾ ਜਾ ਰਿਹਾ ਹੈ। "ਪੰਜਾਬ ਦੇ ਲੋਕਾਂ ਵਾਸਤੇ ਵਿਸਾਖੀ ਦੀ ਮਹੱਤਤਾ ਬਹੁ-ਪੱਖੀ ਹੈ। ਇਹ ਤਿਉਹਾਰ ਉਹਨਾਂ ਦੀਆਂ ਅੰਤ੍ਰੀਵੀ ਭਾਵਨਾਵਾਂ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ ਅਤੇ ਉਹਨਾਂ ਦੀ ਤਰਜਮਾਨੀ ਵੀ ਕਰਦਾ ਹੈ। ਇਹ ਉਹਨਾਂ ਦੇ ਮਨ ਵਿੱਚ ਅਤੀਤ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਵੀ ਉਭਾਰਦਾ ਹੈ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਵਾਸਤੇ ਸਰਬਪੱਖੀ ਉਦਮ ਕਰਨ ਲਈ ਉਤਸ਼ਾਹ ਵੀ ਜਗਾਉਂਦਾ ਹੈ।"[130]

---

128 ਗੁਲਜ਼ਾਰ ਸਿੰਘ ਕੰਗ (ਦਸੰਬਰ 1999) "ਜਬ ਲਗ ਖ਼ਾਲਸਾ ਰਹੇ ਨਿਆਰਾ" *ਖ਼ਾਲਸਾ ਸਥਾਪਨਾ ਵਿਸੇਸ਼ ਅੰਕ,* ਗੁਰਨਾਮ ਕੌਰ, ਸੰਪਾ., *ਨਾਨਕ ਪ੍ਰਕਾਸ਼ ਪ੍ਰਤਿਕਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 89.

129 ਤਾਰਨ ਸਿੰਘ (1991) *ਸਿੱਖ ਸਿੱਖੀ ਅਤੇ ਸਿਧਾਂਤ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 236.

130 ਕਰਨਜੀਤ ਸਿੰਘ (2001) *ਲੋਕ-ਮਨ: ਚੇਤਨ ਅਵਚੇਤਨ,* ਮਨਪ੍ਰੀਤ ਪ੍ਰਕਾਸ਼ਨ, ਦਿੱਲੀ, ਪੰ.. 56.

ਸਿੱਖ ਗੁਰੂ ਸਾਹਿਬਾਨ ਨੇ ਜੋ ਪਿਰਤਾਂ ਪਾਈਆਂ, ਪ੍ਰੰਪਰਾਵਾਂ ਤੋਰੀਆਂ ਅਤੇ ਇਹਨਾਂ ਪ੍ਰੰਪਰਾਵਾਂ ਨੇ ਸਿੱਖ ਮਨਾਂ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਉਹ ਜੀਉਣ ਤੋਂ ਉੱਪਰ ਉੱਠ ਕੇ ਮੌਤ ਵਿੱਚ ਵੀ ਆਨੰਦ ਭਾਲਣ ਲੱਗੇ। ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਸਿੱਖ ਧਰਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿਖਰਾਂ ਉੱਪਰ ਪਹੁੰਚਾਇਆ ਅਤੇ ਸਿੱਖ ਸਿਮਰਤੀ ਦਾ ਸੂਰਬੀਰਤਾ ਭਰਿਆ ਇਤਿਹਾਸ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਿਰਜਿਆ ਗਿਆ।

ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਜਦੋਂ ਕੋਈ ਪ੍ਰਾਣੀ ਅੰਮ੍ਰਿਤ ਛਕਦਾ ਹੈ ਤਾਂ ਅੱਜ ਵੀ ਉਹ ਆਪਣੀ ਸਿਮਰਤੀ ਰਾਹੀਂ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਸਜਾਏ ਦੀਵਾਨ ਵਿੱਚ ਪਹੁੰਚਿਆ ਮਹਿਸੂਸ ਕਰਦਾ ਹੈ ਅਤੇ ਆਪਣੀ ਸਿਮਰਤੀ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਹੋਣ ਦਾ ਮਾਣ ਮਹਿਸੂਸ ਕਰਦਾ ਹੈ ਕਿਉਂਕਿ "ਗੁਰੂ ਸਾਹਿਬ ਦੇ ਇਸ ਆਦੇਸ਼ ਨੂੰ ਸਿੱਖ ਮਾਨਸਿਕਤਾ ਆਪਣੇ ਸੀਨੇ ਵਿੱਚ ਸਮੋਈ ਬੈਠੀ ਹੈ, ਕਿ ਤੁਸਾਂ ਪੂਜਾ ਅਕਾਲ ਦੀ, ਪਰਚਾ ਸ਼ਬਦ ਦਾ ਤੇ ਦੀਦਾਰ ਖ਼ਾਲਸੇ ਦਾ ਕਰਨਾ ਹੈ।"[131]

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਸਮੁੱਚੀ ਸਿੱਖ ਕੌਮ ਦੇ ਪ੍ਰਗਟ ਸਥਾਨ ਦਾ ਮਾਣ ਪ੍ਰਾਪਤ ਹੋਣ ਦੇ ਨਾਲ-ਨਾਲ ਜ਼ਾਲਮ ਅਤੇ ਜ਼ੁਲਮੀ ਰਾਜ ਦਾ ਖ਼ਾਤਮਾ ਕਰਨ ਵਾਲੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ ਕਿਉਂਕਿ ਪੁਰਾਣੇ ਭਾਰਤੀ ਸਮਾਜ ਵਿੱਚ ਵਰਨ ਵੰਡ ਬੜੀ ਕਠੋਰਤਾ ਨਾਲ ਲਾਗੂ ਸੀ। ਭਾਰਤੀ ਸਮਾਜ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਰਨਾਂ ਵਿੱਚ ਵੰਡਿਆ ਹੋਇਆ ਸੀ, ਉੱਚੀਆਂ ਜਾਤਾਂ ਦੇ ਜ਼ੁਲਮ ਹੇਠ ਹੇਠਲੀ ਸ਼੍ਰੇਣੀ ਦੀ ਹਾਲਤ ਬਹੁਤ ਤਰਸਯੋਗ ਸੀ। ਗੁਰੂ ਸਾਹਿਬ ਦੇ ਉੱਚੇ ਅਤੇ ਸੁੱਚੇ ਸਿਧਾਂਤਾਂ ਨੂੰ ਅਪਣਾ ਕੇ ਹੇਠਲੀ ਸ਼੍ਰੇਣੀ ਦੇ ਲੋਕਾਂ ਵਿੱਚ ਸੂਰਬੀਰਤਾ ਦੀ ਭਾਵਨਾ ਜਗਾ ਦਿੱਤੀ। ਸੂਰਬੀਰਤਾ ਅਤੇ ਅਨੰਦ ਦਾ ਆਪਸੀ ਸੰਬੰਧ ਪੰਜ ਪਿਆਰਿਆਂ ਦੀ ਚੋਣ ਸਮੇਂ ਸਾਹਮਣੇ ਆਉਂਦਾ ਹੈ, ਜਿਵੇਂ ਪੰਜੇ ਪਿਆਰੇ ਅਨੰਦਮਈ ਅਵਸਥਾ ਨੂੰ ਪਾਉਣ ਲਈ ਗੁਰੂ ਸਾਹਿਬ ਅੱਗੇ ਸੂਰਬੀਰਤਾ ਨਾਲ ਆਪਣਾ ਸੀਸ ਭੇਟ ਕਰਦੇ ਹਨ।

ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਸੂਰਬੀਰਤਾ ਨਾਲ ਭਰਿਆ ਇਤਿਹਾਸ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ "ਸੂਰਤਣ'"[132] ਸ਼ਬਦ ਨੂੰ ਸੂਰਬੀਰਤਾ ਜਾਂ ਬਹਾਦਰੀ ਲਈ ਵਰਤਿਆ ਹੈ

---

[131] ਗੁਲਜ਼ਾਰ ਸਿੰਘ ਕੰਗ (ਦਸੰਬਰ 1999) "ਜਬ ਲਗ ਖ਼ਾਲਸਾ ਰਹੈ ਨਿਆਰਾ" *ਖ਼ਾਲਸਾ ਸਾਜਨਾ ਵਿਸ਼ੇਸ਼ ਅੰਕ ਖੋਜ ਪ੍ਰੱਤਿਕਾ,* ਗੁਰਨਾਮ ਕੌਰ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 90.

[132] ਭਾਈ ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 225.

ਅਤੇ ਭਾਈ ਵੀਰ ਸਿੰਘ ਸੂਰਤਣ ਸ਼ਬਦ ਦਾ ਭਾਵ "ਸੂਰਬੀਰਤਾ"[133] ਕਰਦੇ ਹਨ, ਜੋ ਕਿ "ਦੋ ਸ਼ਬਦਾਂ 'ਸੂਰ' ਅਤੇ 'ਤਣਯ' ਹੈ ਜਿਸਦੇ ਜੋੜ ਤੋਂ ਸੂਰਤਣਯ ਬਣਾਉਣ ਦਾ ਤਜਰਬਾ ਕੀਤਾ ਹੈ ਅਤੇ ਉਸ ਤੋਂ ਵਿਗੜ ਕੇ ਸੂਰਤਣ ਸ਼ਬਦ ਬਣਿਆ ਹੈ।"[134] ਸ੍ਰੀ ਅਨੰਦਪੁਰ ਸਾਹਿਬ ਵਿੱਚ 1699 ਈ. ਦੀ ਵਿਸਾਖੀ ਨੂੰ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਸਾਜ ਕੇ ਜਾਤ-ਪਾਤ, ਊਚ-ਨੀਚ ਦੀ ਜੜ ਦਾ ਖ਼ਾਤਮਾ ਕਰਕੇ ਸਧਾਰਨ ਮਨੁੱਖਾਂ ਦੀ ਸਿਮਰਤੀ ਵਿੱਚ ਸੂਰਬੀਰ ਯੋਧਿਆਂ ਵਾਲੀ ਭਾਵਨਾ ਨੂੰ ਜਾਗ੍ਰਿਤ ਕੀਤਾ। "ਅਨੰਦਪੁਰ ਸਾਹਿਬ ਦਾ ਨਾਂ ਸੁਣਦਿਆਂ ਹੀ ਇੱਕ ਸੱਚੇ ਸਿੱਖ ਦੇ ਲੂੰ ਖੜੇ ਹੋ ਜਾਂਦੇ ਹਨ। ਜਿਸਮ 'ਚ ਝਰਨਾਹਟ ਛਿੜਦੀ ਹੈ। ਡੌਲਿਆਂ ਵਿੱਚ ਲਹੂ ਫਰਕਣ ਲੱਗ ਪੈਂਦਾ ਹੈ।"[135] ਸ੍ਰੀ ਅਨੰਦਪੁਰ ਸਾਹਿਬ ਵਿਖੇ ਸੇਵਾ ਭਾਵਨਾ ਅਤੇ ਸੂਰਬੀਰਤਾ ਦੇ ਮਹੱਤਵਪੂਰਨ ਸਿਧਾਂਤ ਨੇ ਖ਼ਾਲਸੇ ਨੂੰ ਧਰਮ ਯੁੱਧ ਵਰਗੇ ਨੇਕ ਕਾਰਜ ਨੂੰ ਮਨੁੱਖਤਾ ਦੇ ਕਲਿਆਣ ਹਿੱਤ ਕਰਨ ਲਈ ਪ੍ਰੇਰਿਤ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਖ਼ਾਲਸਾ ਪੰਥ ਸਾਜ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਬਖ਼ਸ਼ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਨਿਵੇਕਲੇ ਮਿਸ਼ਨ ਨੂੰ ਮੁਕਾਮ ਤੱਕ ਪਹੁੰਚਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਵੀ ਜਬਰ ਜ਼ੁਲਮ ਦੇ ਖ਼ਿਲਾਫ਼ ਹਕੂਮਤ ਨਾਲ ਟੱਕਰ ਲੈਣ ਲਈ ਧਰਮ ਯੁੱਧ ਦਾ ਆਰੰਭ ਕੀਤਾ। ਧਰਮ-ਯੁੱਧ ਕਿਸੇ ਨੇਕ ਕਾਰਜ ਅਤੇ ਮਨੁੱਖਤਾ ਦੇ ਵਧੇਰੇ ਹਿੱਤਾਂ ਲਈ ਹੀ ਆਰੰਭਿਆ ਜਾਂਦਾ ਹੈ। ਸਿੱਖ ਜਰਨੈਲ ਧਰਮ ਯੁੱਧ ਨੂੰ ਬੜੇ ਚਾਅ ਨਾਲ ਸਵੀਕਾਰ ਕਰਦੇ ਹਨ। ਯੁੱਧ ਸਮੇਂ ਵਿਲੱਖਣ ਨਿਯਮਾਂ ਨੂੰ ਤਰਜੀਹ ਦੇਣੀ, ਸਿੱਖ ਸਿਮਰਤੀ ਦਾ ਇੱਕ ਵਿਲੱਖਣ ਪਹਿਲੂ ਹੈ ਕਿਉਂਕਿ ਸਿੱਖ ਸ਼ਸਤਰਾਂ ਦੀ ਵਰਤੋਂ ਕਿਸੇ ਰਾਜ, ਧਨ ਜਾਂ ਮੁਲਕ ਵਾਸਤੇ ਨਹੀਂ, ਸਗੋਂ ਗਰੀਬਾਂ-ਮਜ਼ਲੂਮਾਂ ਦੀ ਰਾਖੀ ਲਈ ਕਰਦਾ ਹੈ। ਫਿਰ ਵੀ ਸ਼ਰਨ ਆਏ ਅਤੇ ਨਿਹੱਥੇ/ਮਜਲੂਮਾਂ ਉੱਤੇ ਵਾਰ ਕਰਨਾ ਅਧਰਮ ਸਮਝਦਾ ਹੈ। ਇਹਨਾਂ ਨਿਯਮਾਂ ਦੀ ਪਾਲਣਾ ਸਿਰਫ ਗੁਰੂ ਸਾਹਿਬਾਨ ਦੀ ਕਮਾਨ ਹੇਠ ਲੜੇ ਯੁੱਧਾਂ ਵਿੱਚ ਹੀ ਨਹੀਂ, ਸਗੋਂ ਸਿੱਖਾਂ ਦੁਆਰਾ ਕੀਤੇ ਸਮੂਹ ਹਥਿਆਰਬੰਦ ਸੰਘਰਸ਼ ਵਿੱਚ ਵੀ ਰੂਪਮਾਨ ਹੋਈ ਹੈ।

ਸਿੱਖ ਧਰਮ ਵਿੱਚ ਯੁੱਧ ਨੀਤੀ ਦੇ ਵੀ ਆਪਣੇ ਹੀ ਅਸੂਲ ਹਨ। "ਸਿੱਖ ਮਤ ਵਿਚ ਸ਼ਸਤਰ ਪ੍ਰਯੋਗ ਦੇ ਕੁਝ ਖਾਸ ਅਸੂਲ ਹਨ ਜਿਹਨਾਂ ਕਰਕੇ ਉਸਦੀ ਆਪਣੀ ਵਿਲੱਖਣ ਪਹਿਚਾਣ ਬਣੀ ਹੋਈ ਹੈ। ਸ਼ਸਤਰਾਂ ਦੇ

---

133 ਭਾਈ ਵੀਰ ਸਿੰਘ (1980) *ਸ੍ਰੀ ਗੁਰੂ ਗ੍ਰੰਥ ਕੋਸ਼,* ਖ਼ਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, ਪੰ. 155.

134 ਉਹੀ, ਪੰ. 155.

135 ਹਰਜਿੰਦਰ ਸਿੰਘ ਦਿਲਗਿਰ (2003) *ਅਨੰਦਪੁਰ ਸਾਹਿਬ,* ਸਿੱਖ ਯੂਨੀਵਰਸਿਟੀ ਸੈਂਟਰ, ਬੈਲਜੀਅਮ, ਪੰ. 7.

ਇਸਤੇਮਾਲ ਦੀ ਲੋੜ ਅਤੇ ਉਸਦੀ ਨੈਤਿਕਤਾ ਦਾ ਆਪਣਾ ਸਿੱਖ ਫਲਸਫਾ ਹੈ। ਸ਼ਸਤਰਾਂ ਦੇ ਪ੍ਰਯੋਗ ਬਾਰੇ ਸਿੱਖ-ਚਿੰਤਨ ਦੀ ਸਪਸ਼ਟ ਮਾਨਤਾ ਹੈ ਕਿ ਧਰਮ ਨੂੰ ਨਿਰੋਲ ਸਾਤਵਿਕ ਅਸਲ ਤਕ ਸੀਮਤ ਸਮਝਣਾ ਵਿਵੇਕਪੂਰਣ ਨਹੀਂ। ਧਰਮ, ਭਗਤੀ ਤੇ ਸ਼ਕਤੀ ਦਾ ਸੰਜੁਗਤ ਨਿਭਾਉ ਹੈ। ਸ਼ਕਤੀ ਤੋਂ ਸਖਣੇ ਰਾਜ ਤੇ ਧਰਮ ਦੋਵੇਂ ਆਪਣੀ ਵਿਲੱਖਣ ਹੋਂਦ ਗੁਆ ਬਹਿੰਦੇ ਹਨ ਅਤੇ ਦੂਜਿਆਂ ਵਿਚ ਅਲੋਪ ਹੋ ਜਾਂਦੇ ਹਨ।"[136] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਉਹਨਾਂ ਵੱਲੋਂ ਤਿਆਰ ਕੀਤੇ ਜਰਨੈਲ ਬੰਦਾ ਸਿੰਘ ਬਹਾਦਰ ਨੇ ਖ਼ਾਲਸੇ ਦੀਆਂ ਫ਼ੌਜਾਂ ਨਾਲ ਰਲ ਕੇ ਮੁਗ਼ਲ ਰਾਜ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਬਾਅਦ ਵਿੱਚ ਸਿੱਖ ਮਿਸਲਾਂ, ਹਰੀ ਸਿੰਘ ਨਲੂਆ, ਸ਼ਾਮ ਸਿੰਘ ਅਟਾਰੀ, ਜੱਸਾ ਸਿੰਘ ਆਹਲੂਵਾਲੀਆ ਆਦਿ ਅਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਯੋਧਿਆਂ ਨੇ ਸਿੱਖ ਰਾਜ ਦਾ ਡੰਕਾ ਅਫ਼ਗ਼ਾਨ ਤੱਕ ਵਜਾ ਦਿੱਤਾ।

ਸਿੱਖ ਧਰਮ ਦੇ ਗੁਰੂਆਂ ਨੂੰ ਜੋ ਇਲਾਹੀ ਸੰਦੇਸ਼ ਪ੍ਰਾਪਤ ਹੋਇਆ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਸਮੁੱਚੀ ਮਨੁੱਖਤਾ ਲਈ ਇੱਕ ਸਮਾਨ ਹੈ। ਸਿੱਖ ਸਿਮਰਤੀ ਵਿੱਚ ਇਸ ਸੰਦੇਸ਼ ਦੇ ਅਮਲ ਤੋਂ ਭਾਵ ਹੈ ਕਿ ਨੈਤਿਕਤਾ ਭਰਪੂਰ ਜੀਵਨ ਅਤੇ ਸੱਭਿਆਚਾਰ ਵਿੱਚ ਜ਼ੁਲਮ ਕਰਨਾ ਹੀ ਪਾਪ ਨਹੀਂ, ਜ਼ੁਲਮ ਸਹਿਣਾ ਵੀ ਪਾਪ ਹੈ ਅਤੇ ਕਿਸੇ ’ਤੇ ਜ਼ੁਲਮ ਹੁੰਦਾ ਵੇਖ ਕੇ ਚੁੱਪ ਰਹਿਣ ਦੀ ਵੀ ਆਗਿਆ ਨਹੀਂ। "ਨੈਤਿਕਤਾ ਗੁਰਮਤਿ ਦਾ ਸਿਰਮੌਰ ਗੁਣ ਹੈ। ਸ਼ਬਦ ਦੇ ਮਾਧਿਅਮ ਰਾਹੀਂ ਗੁਰਬਾਣੀ ਸਭਿਆਚਾਰਕ ਕ੍ਰਾਂਤੀ ਲਈ ਉੱਦਮ ਕਰਦੀ ਹੈ।"[137] ਇਸ ਵਿਚਾਰਧਾਰਾ ਦੇ ਧਾਰਨੀ ਹੋਣ ਕਾਰਨ ਸਿੱਖ ਕੌਮ ਸ਼ਹੀਦਾਂ ਦੀ ਕੌਮ ਬਣ ਗਈ।

ਸਿੱਖ ਧਰਮ ਦੇ ਗੁਰੂ ਸਾਹਿਬਾਨ ਅਤੇ ਅਨੇਕਾਂ ਹੀ ਸਿੰਘਾਂ/ਸਿੰਘਣੀਆਂ ਨੇ ਆਪਣੀਆਂ ਸ਼ਹਾਦਤਾਂ ਦੇ ਨਾਲ ਜਬਰ ਜ਼ੁਲਮ ਅਤੇ ਜਾਤ-ਪਾਤ ਦੇ ਵਿਤਕਰੇ ਨੂੰ ਖਤਮ ਕੀਤਾ। "ਸਿੱਖ ਗੁਰੂਆਂ ਨੇ ਬ੍ਰਾਹਮਣਵਾਦ ਵਲੋਂ ਸਥਾਪਤ ਕੀਤੀਆਂ ਜਾਤ-ਪਾਤ ਦੀਆਂ ਹੱਦ ਬੰਦੀਆਂ ਨੂੰ ਤੋੜ ਕੇ ਸਰਵ-ਸਾਂਝਾ ਭਾਈਚਾਰਾ ਉਸਾਰਿਆ। ਸਰਬੱਤ ਦੇ ਭਲੇ ਲਈ ਉਸਰੇ ਇਸ ਭਾਈਚਾਰੇ ਵਿਚ ਕਿਰਤ ਕਮਾਈ ਨੂੰ ਅਹਿਮੀਅਤ ਦਿੱਤੀ।"[138] ਸਰਬੱਤ

---

[136] ਜਸਪਾਲ ਸਿੰਘ (2009) *ਸਿੱਖ ਧਰਮ ਤੇ ਰਾਜਨੀਤੀ,* ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰ. 63.

[137] ਹਰਚੰਦ ਸਿੰਘ ਬੇਦੀ (2001) *ਇੱਕੀਵੀਂ ਸਦੀ ਵਿਚ ਸਿੱਖਾਂ ਲਈ ਚੁਣੌਤੀਆਂ,* ਪ੍ਰਿੰਟਵੈਲ ਪਬਲਿਸਰਜ਼, ਅੰਮ੍ਰਿਤਸਰ, ਪੰ. 21

[138] ਗੁਰਮੀਤ ਸਿੰਘ ਸਿੱਧੂ (2004) *ਸਿੱਖ ਪੰਥ ਨਵੇਂ ਯੁੱਗ ਦੇ ਸਨਮੁੱਖ,* ਅਦਬ ਪ੍ਰਕਾਸ਼ਨ, ਪਟਿਆਲਾ, ਪੰ. 59.

ਦੇ ਭਲੇ ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਅਨੇਕਾਂ ਸਿੰਘਾਂ ਸਿੰਘਣੀਆਂ ਨੇ ਧਰਮ ਯੁੱਧ ਦਾ ਰਾਹ ਅਪਣਾਉਂਦਿਆ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਸਿੱਖ ਸੈਨਿਕ ਸ਼ਕਤੀ ਦੇ ਉੱਭਾਰ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਆਪਣਾ ਵੱਖਰਾ ਇਤਿਹਾਸਕ ਮਹੱਤਵ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਕੁਦਰਤੀ ਨਜ਼ਾਰਿਆਂ ਵਿੱਚ ਗੁਰੂ ਸਾਹਿਬ ਦੀ ਨਿਵੇਕਲੀ ਸੋਚ ਦੇ ਪ੍ਰਮਾਣ ਵਜੋਂ ਸੰਤ ਸਿਪਾਹੀ ਦੇ ਰੂਪ ਵਿੱਚ ਉੱਭਰੀ ਸਿੱਖ ਸੈਨਿਕ ਸ਼ਕਤੀ ਨਾਲ ਇਤਿਹਾਸ ਵਿੱਚ ਨਵਾਂ ਮੋੜ ਆਇਆ। ਸਿੱਖਾਂ ਅੰਦਰ ਸੈਨਿਕ ਅਤੇ ਜੰਗੀ ਅਭਿਆਸ ਦੀ ਪਰੰਪਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਆਰੰਭ ਹੋ ਚੁੱਕੀ ਸੀ ਪਰ ਇਸ ਪਰੰਪਰਾ ਨੂੰ ਸੰਪੂਰਨ ਰੂਪ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਖ਼ਾਲਸਾ ਸਾਜ ਕੇ ਸਿੱਖਾਂ ਨੂੰ ਯੁੱਧ ਕਲਾ ਦਾ ਅਭਿਆਸ ਕਰਵਾਇਆ, ਜਿਸ ਨੂੰ ਅੱਜ ਵੀ ਸਿੱਖ ਆਪਣੀ ਸਿਮਰਤੀ ਵਿੱਚ ਸਮੋਈ ਬੈਠੇ ਹਨ।

ਨਿਰਭਉ ਨਿਰਵੈਰ ਖ਼ਾਲਸੇ ਦੀ ਸਿਰਜਣਾ ਲਈ ਅਤੇ ਜਬਰ-ਜ਼ੁਲਮ ਦੇ ਵਿਰੁੱਧ ਲੜਨ ਵਾਲੀ ਖ਼ਾਲਸਾ ਫ਼ੌਜ ਦਾ ਨਿਰਮਾਣ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਨੂੰ ਚੁਣਿਆ ਜਿੱਥੇ ਖ਼ਾਲਸਾ ਪੰਥ ਨੂੰ ਸਾਜ ਕੇ ਸਰਵ ਗੁਣ ਸੰਪੰਨ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਲੇਰੀ ਦਾ ਥਾਪੜਾ ਪ੍ਰਾਪਤ ਕਰਕੇ ਸਿੱਖ ਕੌਮ ਸੈਨਿਕ ਸ਼ਕਤੀ ਦੇ ਸਿਖਰ ’ਤੇ ਪਹੁੰਚ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਖ਼ਾਲਸੇ ਨੇ ਆਪਣੀ ਸੈਨਿਕ ਸ਼ਕਤੀ ਦੀ ਮਿਸਾਲ ਪੇਸ਼ ਕਰਦੇ ਹੋਏ, ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕਰ ਦਿੱਤਾ।

ਖ਼ਾਲਸੇ ਨੇ ਜਬਰ-ਜ਼ੁਲਮ ਦੇ ਖ਼ਿਲਾਫ ਅਨੇਕਾਂ ਜੰਗਾਂ/ਯੁੱਧਾਂ ਵਿੱਚ ਆਪਣੀ ਸ਼ਸਤਰ ਕਲਾ ਦੇ ਜੌਹਰ ਦਿਖਾਏ। “ਹਰ ਵਾਰ ਸਿੰਘਾਂ ਦੀ ਗਿਣਤੀ ਹਮਲਾਵਰਾਂ ਦੇ ਮੁਕਾਬਲੇ ਵਿਚ ਚੋਖੀ ਘਟ ਹੁੰਦੀ ਸੀ ਪਰ ਫਿਰ ਵੀ ਮੈਦਾਨ ਸਿੰਘਾਂ ਦੇ ਹੱਥ ਰਹਿੰਦਾ ਸੀ। ਇਸ ਦਾ ਕਾਰਨ ਇਹ ਸੀ ਕਿ ਸਿੰਘ ਇਸ ਵੱਡੇ ਮਨੋਰਥ ਨਾਲ ਸਰੋਸ਼ਾਰ ਹੁੰਦੇ ਸਨ ਕਿ ਉਹ ਜ਼ਿੰਦਗੀ ਅਤੇ ਸਮਾਜ ਲਈ ਇਕ ਆਜ਼ਾਦ ਅਤੇ ਊਚ-ਨੀਚ ਮੁਕਤ ਆਦਰਸ਼ਕ ਫਿਜ਼ਾ ਸਿਰਜ ਰਹੇ ਹਨ, ਜਦ ਕਿ ਉਹਨਾਂ ਦੇ ਵਿਰੋਧੀਆਂ ਦੀ ਭਾਰੀ ਗਿਣਤੀ ਤਨਖ਼ਾਹ ਦੇ ਲਾਲਚ ਵਾਲੀ ਹੁੰਦੀ

ਸੀ।"[139] ਸ੍ਰੀ ਅਨੰਦਪੁਰ ਸਾਹਿਬ ਸਿੱਖ ਸੈਨਿਕ ਸੰਗਠਨ ਦਾ ਧੁਰਾ ਹੋਣ ਦੇ ਨਾਲ-ਨਾਲ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਦਾ ਕੇਂਦਰ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਰੈਡ ਕਰਾਸ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਜੰਗੀ ਕੈਦੀਆਂ ਦੀ ਮੱਲ੍ਹਮ ਪੱਟੀ ਕਰਨ ਦੀ ਨੀਂਹ ਰੱਖੀ ਗਈ ਸੀ। "ਰੈਡ ਕਰਾਸ ਦੀ ਨੀਂਹ ਰੱਖਣ ਵਾਲੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਦੀ ਹੈ। 1859 ਈ. ਨੂੰ ਇਟਲੀ ਅਤੇ ਆਸਟਰੀਆ ਦੋਵਾਂ ਦੇਸ਼ਾਂ ਦਾ ਯੁੱਧ 'ਸਲਫਰੀਨੋ' ਦੀ ਧਰਤੀ 'ਤੇ ਹੋ ਰਿਹਾ ਸੀ, ਇਸ ਯੁੱਧ ਵਿੱਚ ਹੈਨਰੀ ਡਿਊਨਾ ਨਾਮ ਦੇ ਵਿਅਕਤੀ ਨੇ ਜ਼ਖਮੀ ਬੰਦਿਆਂ ਦੀ ਸੇਵਾ ਕੀਤੀ ਅਤੇ ਉਸ ਨੇ ਆਪਣੇ ਜੀਵਨ ਦਾ ਨਿਸ਼ਾਨਾ ਦੁਖੀਆਂ ਦੀ ਸੇਵਾ ਬਣਾ ਕੇ ਰੈਡ ਕਰਾਸ ਦੀ ਨੀਂਹ ਰੱਖੀ ਪਰੰਤੂ ਅਸਲ ਸਚਾਈ ਇਹ ਹੈ, ਕਿ ਇਸ ਘਟਨਾ ਤੋਂ ਤਕਰੀਬਨ 159 ਸਾਲ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਦਸਮੇਸ਼ ਗੁਰੂ ਨੇ ਜ਼ਬਰ ਅਤੇ ਜ਼ੁਲਮ ਦੇ ਖ਼ਿਲਾਫ਼ ਜੰਗ ਲੜੇ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਵਿੱਚ ਹੀ ਦੋਸਤ ਅਤੇ ਦੁਸ਼ਮਣ ਦਾ ਫ਼ਰਕ ਮਿਟਾ ਕੇ ਪਾਣੀ ਪਿਲਾ ਰਹੇ ਭਾਈ ਘਨੱਈਆ ਜੀ ਨੂੰ ਮਲ੍ਹਮ ਦੀ ਡੱਬੀ ਦੇ ਕੇ ਜੰਗ ਦੇ ਮੈਦਾਨ ਵਿੱਚ ਜ਼ਖਮੀਆਂ ਦੀ ਸੇਵਾ ਲਈ ਪ੍ਰੇਰਿਤ ਕੀਤਾ। ਇਸ ਤਰ੍ਹਾਂ ਭਾਈ ਘਨੱਈਆ ਜੀ ਨੂੰ ਮਲ੍ਹਮ ਦੀ ਡੱਬੀ ਦੇ ਕੇ ਰੈਡ ਕਰਾਸ ਦੀ ਨੀਂਹ ਪਿਤਾ ਦਸਮੇਸ਼ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਆਪ ਰੱਖ ਦਿੱਤੀ ਸੀ।"[140]

ਸ੍ਰੀ ਅਨੰਦਪੁਰ ਸਾਹਿਬ ਵਿਸ਼ਵ ਸ਼ਾਂਤੀ, ਮਨੁੱਖੀ ਅਧਿਕਾਰਾਂ ਦੀ ਰਾਖੀ, ਸਮਾਜਿਕ ਬਰਾਬਰੀ ਅਤੇ ਉੱਚੇ-ਸੁੱਚੇ ਨੈਤਿਕ ਨਿਯਮਾਂ ਦੀ ਸਥਾਪਤੀ ਦਾ ਕੇਂਦਰ ਹੈ। ਇਹ ਧਰਤੀ ਸਿੱਖ ਸਿਮਰਤੀ ਨੂੰ ਦੁਸ਼ਮਣ ਅਤੇ ਦੁਸ਼ਮਣੀ ਨੂੰ ਖ਼ਤਮ ਕਰਨ ਦੀ ਪ੍ਰੇਰਨਾ ਬਖ਼ਸ਼ਦੀ ਹੈ ਕਿਉਂਕਿ ਗੁਰੂ ਦੀ ਫੌਜ ਜ਼ੁਲਮ ਦੇ ਖ਼ਿਲਾਫ਼ ਹਥਿਆਰਬੰਦ ਹੋ ਕੇ ਦੁਸ਼ਮਣ ਨੂੰ ਖ਼ਤਮ ਕਰਦੇ ਹਨ ਅਤੇ ਭਾਈ ਘਨੱਈਆ ਜੀ ਦੁਸ਼ਮਣ ਨੂੰ ਪਾਣੀ ਪਿਲਾ ਕੇ ਦੁਸ਼ਮਣੀ ਖ਼ਤਮ ਕਰਦੇ ਹਨ। ਜਿਸ ਨੂੰ ਸਿੱਖ ਆਪਣੀ ਸਿਮਰਤੀ ਰਾਹੀਂ ਅੱਜ ਵੀ ਤਾਜ਼ਾ ਕਰਦੇ ਹੋਏ, ਆਪਣੀ ਕਿਰਤ ਵਿੱਚੋਂ ਦਸਵੰਧ ਕੱਢ ਕੇ ਲੋੜਵੰਦਾਂ ਦੀ ਮਦਦ ਕਰਦੇ ਹਨ, ਲੰਗਰ ਲਗਾਉਂਦੇ ਹਨ, ਮੁਫ਼ਤ ਦਵਾਈਆਂ

---

139 ਮਿਹਰ ਸਿੰਘ ਗਿੱਲ (ਸਤੰਬਰ 1998) "ਗੁਰੂ ਗੋਬਿੰਦ ਸਿੰਘ ਦੁਆਰਾ ਲੜੇ ਗਏ ਯੁੱਧਾਂ ਦਾ ਮਹੱਤਵ" *ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ (ਖੋਜ ਪਤ੍ਰਿਕਾ),* ਅਜਮੇਰ ਸਿੰਘ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 117.

140 ਸੁਰਿੰਦਰ ਸਿੰਘ (2015) "ਧਾਰਮਿਕ ਸਥਾਨਾਂ ਵਿਚ ਸ੍ਰੀ ਅਨੰਦਪੁਰ ਸਾਹਿਬ ਦਾ ਸਥਾਨ" *ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ,* ਦਿਲਜੀਤ ਸਿੰਘ ਬੇਦੀ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 252-3.

ਵੰਡਦੇ ਹਨ। ਖ਼ਾਲਸਾ ਏਡ ਸੰਸਥਾ ਅਜੋਕੇ ਸਮੇਂ ਸਿੱਖ ਸਿਮਰਤੀ ਦੀ ਉਦਾਹਰਨ ਪੇਸ਼ ਕਰਦੀ ਹੈ। ਯੁੱਧ ਦੇ ਮੈਦਾਨ ਵਿੱਚ ਸੇਵਾ ਦੀ ਅਜਿਹੀ ਭਾਵਨਾ ਦੀ ਇਕਲੌਤੀ ਉਦਾਹਰਣ ਭਾਈ ਘਨੱਈਆ ਜੀ ਹਨ। ਵਰਤਮਾਨ ਸਮੇਂ ਤੱਕ ਦੁਨੀਆਂ ਭਰ ਜਦੋਂ ਵੀ ਕੋਈ ਆਫ਼ਤ ਆਉਂਦੀ ਹੈ ਤਾਂ ਲੋੜਵੰਦਾਂ ਦੀ ਮਦਦ ਲਈ ਸਿੱਖ ਅੱਗੇ ਆਉਂਦੇ ਹਨ।

## ਅਧਿਆਇ ਦੂਜਾ

# ਸਿੱਖ ਇਤਿਹਾਸ, ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ

ਸਿਮਰਤੀ ਅਧਿਐਨ ਵਿੱਚ ਯਾਦ ਦਾ ਵਿਸ਼ੇਸ਼ ਮਹੱਤਵ ਹੈ। ਯਾਦ ਨੂੰ ਸਮਝਣ ਲਈ ਇਤਿਹਾਸਕ ਬਿਰਤਾਂਤ ਅਧਾਰ ਸਮੱਗਰੀ ਵਜੋਂ ਲਏ ਜਾ ਸਕਦੇ ਹਨ। ਇਸ ਅਧਿਆਇ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਇਤਿਹਾਸਕ ਪੱਖ ਨੂੰ ਸਿਮਰਤੀ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਹੈ। ਇਤਿਹਾਸ ਵਿਧੀਗਤ ਤਰੀਕੇ ਨਾਲ ਤੱਥਾਂ ਦੇ ਵਿਸ਼ੇਲਸ਼ਣ ਅਤੇ ਤੁਲਨਾ ਦੇ ਅਧਾਰ ’ਤੇ ਇੱਕਠੀ ਕੀਤੀ ਜਾਣਕਾਰੀ ਹੁੰਦਾ ਹੈ, ਜਿਸ ਵਿੱਚ ਸਿਮਰਤੀ ਦਾ ਅਧਿਐਨ ਵੀ ਸ਼ਾਮਿਲ ਹੁੰਦਾ ਹੈ। ਵਿਸ਼ਵ ਦੇ ਸਮਾਜਕ-ਸਮੂਹਾਂ, ਕੌਮਾਂ, ਪੰਥਾਂ ਅਤੇ ਸੱਭਿਆਤਾਵਾਂ ਆਦਿ ਦੇ ਅਧਿਐਨ ਵਿੱਚ ਇਤਿਹਾਸ ਦੀ ਆਪਣੀ ਭੂਮਿਕਾ ਹੁੰਦੀ ਹੈ।

ਸਿੱਖ ਇਤਿਹਾਸ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਹੁੰਦਾ ਹੈ। ਉਹਨਾਂ ਨੇ ਬਾਣੀ ਰਾਹੀਂ ਪਰਮਸੱਤਾ ਅਤੇ ਉਸ ਸੱਚ ਦੇ ਸੰਦੇਸ਼ ਨਾਲ ਸੰਗਤ ਦੀ ਸਿਰਜਨਾ ਕੀਤੀ ਜੋ ਸਰਬ ਸਾਂਝਾ ਭਾਈਚਾਰਾ ਬਣ ਚੁੱਕਾ ਹੈ। ਸਿੱਖ ਧਰਮ ਇਕ ਈਸ਼ਵਰਵਾਦੀ ਧਰਮ ਹੈ, ਜਿਸ ਵਿੱਚ ਪਰਮਸੱਤਾ ਅਕਾਲ ਪੁਰਖ ਹੈ, ਆਦਿ ਜੁਗਾਦਿ ਸੱਚ ਹੈ, ਉਹ ਇੱਕ ਹੀ ਹੈ ਪਰੰਤੂ ਇਹ ਬਹੁਗੁਣੀ ਵੀ ਹੈ, ਇਸ ਦਾ ਕੋਈ ਅਕਾਰ ਨਹੀਂ ਇਹ ਨਿਰਗੁਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਕਾਲ ਪੁਰਖ ਲਈ ਸੁਆਮੀ, ਰਾਮ, ਬ੍ਰਹਮਾ, ਓਅੰਕਾਰ ਆਦਿ ਨਾਂ ਵਰਤੇ ਗਏ ਹਨ, ਇਹ ਨਾਂ ਅਕਾਲ ਪੁਰਖ ਨੂੰ ਹੀ ਸੰਬੋਧਿਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਸਰੂਪ ਜਪੁ ਜੀ ਬਾਣੀ ਦੇ ਆਰੰਭ ਵਿੱਚ ਮੂਲ ਮੰਤਰ ਦੇ ਰਾਹੀਂ ਬਿਆਨ ਕੀਤਾ ਹੈ;

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਿਤ ਅਜੂਨੀ ਸੈਭੰ ਗੁਰ ਪ੍ਰਸਾਦਿ॥ [1]

ਮੂਲ ਮੰਤਰ ਵਿੱਚ ਗੁਰੂ ਸਾਹਿਬ ਨੇ ਅਕਾਲ ਪੁਰਖ ਬਾਰੇ ਦੱਸਿਆ ਹੈ ਕਿ ਉਹ ਇੱਕ ਹੈ। ਅਕਾਲ ਪੁਰਖ ਬ੍ਰਹਿਮੰਡ ਵਿੱਚ ਵਿਆਪਕ ਰੂਪ ਵਿੱਚ ਬਰਾਬਰ ਵਰਤ ਰਿਹਾ ਹੈ। ਅਕਾਲ ਪੁਰਖ ਮੁੱਢ ਕਦੀਮ ਤੋਂ ਸੱਚ ਹੈ, ਅਕਾਲ ਪੁਰਖ ਸਦੀਵੀ ਰਹਿਣ ਵਾਲੇ ਸੱਚ ਦਾ ਰੂਪ ਹੈ। ਸ੍ਰਿਸ਼ਟੀ ਅਕਾਲ ਪੁਰਖ ਦੀ ਰਚਨਾ ਹੈ। ਅਕਾਲ

[1] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 1.

ਪੁਰਖ ਆਪਣੀ ਮਰਜ਼ੀ ਨਾਲ ਸ੍ਰਿਸ਼ਟੀ ਦਾ ਆਰੰਭ ਅਤੇ ਅੰਤ ਕਰਦਾ ਹੈ। ਇਹ ਅਕਾਲ ਸ਼ਕਤੀ ਜਗਤ ਤੋਂ ਪਹਿਲਾਂ ਵੀ ਮੌਜੂਦ ਸੀ ਅਤੇ ਮੌਜੂਦ ਰਹੇਗੀ।

ਮੂਲ ਮੰਤਰ ਵਿੱਚ ਅਕਾਲ ਪੁਰਖ ਪਰਮਾਤਮਾ ਦੇ ਗੁਣਾਂ ਦੀ ਵਿਆਖਿਆ ਕਰਦੇ ਹੋਏ, ਗੁਰੂ ਸਾਹਿਬ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਜੋ ਸਰਬ ਸ੍ਰੇਸ਼ਟ ਹੈ, ਨਿਰੰਕਾਰ ਹੈ, ਨਿਰਭਉ ਹੈ, ਸਦੀਵੀ ਸੱਚ ਹੈ, ਆਦਿ ਸੱਚ ਦਾ ਇਹ ਗੁਣ ਮਨੁੱਖ ਨੂੰ ਉਸ ਦੇ ਮੂਲ ਭਾਵ ਸਿਮਰਤੀ ਨਾਲ ਜੋੜਨ ਵਾਲਾ ਹੈ। ਜਿਸ ਅਕਾਲ ਪੁਰਖ ਦਾ ਕੋਈ ਸਥੂਲ ਸਰੀਰ ਨਹੀਂ, ਜਿਸ ਦੀ ਕਿਸੇ ਨਾਲ ਬਰਾਬਰੀ ਨਹੀਂ, ਜੋ ਸਾਰਿਆਂ ਦਾ ਕਰਤਾ ਹੋਣ ਕਰਕੇ ਪਿਤਾ ਸਰੂਪ ਹੈ, ਉਸ ਅਕਾਲ ਪੁਰਖ ਦਾ ਕੋਈ ਵੈਰੀ ਨਹੀਂ। ਗੁਰਬਾਣੀ ਅਨੁਸਾਰ ਪਰਮਸੱਤਾ ਵਿੱਚ ਅਭੇਦ ਹੋਣ ਲਈ ਮਨੁੱਖ ਨੂੰ ਮੌਤ ਦਾ ਡਰ ਮਨ ਵਿੱਚੋਂ ਕੱਢ ਕੇ ਸੱਚ ਅਤੇ ਪ੍ਰੇਮ ਦੇ ਮਾਰਗ ’ਤੇ ਚੱਲਣਾ ਪੈਂਦਾ ਹੈ। ਸਿੱਖਾਂ ਨੇ ਮੌਤ ਦੇ ਭੈਅ ਤੋਂ ਮੁਕਤ ਹੋ ਕੇ ਨਵਾਂ ਇਤਿਹਾਸ ਸਿਰਜਿਆ ਹੈ। ਸਿੱਖ ਇਤਿਹਾਸ ਰਾਹੀਂ ਅਸੀਂ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

## 1. ਸਿੱਖ ਇਤਿਹਾਸ ਅਤੇ ਸਿਮਰਤੀ

ਸਿਮਰਤੀ ਲੋਕ-ਮਨ ਦੇ ਵਿੱਚ ਗ੍ਰਹਿਣ ਕੀਤੇ ਸੱਚ ਦਾ ਰੂਪ ਬਿੰਬ ਵੀ ਪੇਸ਼ ਕਰਦੀ ਹੈ, ਜਿਸ ਰਾਹੀਂ ਭਾਈਚਾਰੇ ਨਾਲ ਭੂਤਕਾਲ ਦੌਰਾਨ ਵਾਪਰੇ ਦੁਖਾਂਤ ਅਤੇ ਸੁਖਾਂਤ ਦੋਵਾਂ ਦਾ ਪ੍ਰਗਟਾਵਾ ਹੁੰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਸਿੱਖਾਂ ਨੂੰ ਆਤਮਕ ਅਨੰਦ ਦਿੰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖ ਸਿਮਰਤੀ ਵਿੱਚ ਅਹਿਮ ਸਥਾਨ ਹੈ, ਸ੍ਰੀ ਅਨੰਦਪੁਰ ਸਾਹਿਬ ਦੇ ਜ਼ਿਕਰ ਮਾਤਰ ਨਾਲ ਹੀ ਸਿੰਘਾਂ ਦੇ ਚਿਹਰੇ ਰੂਹਾਨੀ ਨੂਰ ਨਾਲ ਭਰ ਜਾਂਦੇ ਹਨ।

ਵਿਸਾਖੀ ਖਾਲਸੇ ਦਾ ਜਨਮ ਦਿਹਾੜਾ ਹੈ। ਸਿੱਖ ਵਿਸਾਖੀ ਰਾਹੀਂ (1699 ਈ.) ਪੰਥ ਸਾਜਨਾ ਦਿਵਸ ਦੇ ਸੰਦਰਭ ਵਿੱਚ ਆਪਣੇ ਆਪ ਨੂੰ ਗੁਰੂ ਦੇ ਸਨਮੁੱਖ ਜੁੜਿਆ ਮਹਿਸੂਸ ਕਰਦੇ ਹਨ। ਸਿੱਖ ਪੰਥ ਲਈ ਵਿਸਾਖੀ ਦਾ ਮਹੱਤਵ ਅਧਿਆਤਮਕ, ਸਮਾਜਕ, ਸੱਭਿਆਚਾਰਕ ਅਤੇ ਇਤਿਹਾਸਕ ਵੀ ਹੈ। ਇਸ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸ ਅਤੇ ਪਰੰਪਰਾ ਨੂੰ ਸਿੱਖ ਸਿਮਰਤੀ ਸਦੀਵੀ ਤੌਰ ’ਤੇ ਵਸਾਈ ਰੱਖਦੀ ਹੈ। ਸ੍ਰੀ ਅਨੰਦਪੁਰ ਸਾਹਿਬ ਸਿੱਖ ਯਾਦ ਦੀ ਪਵਿੱਤਰਤਾ ਰਾਹੀਂ ਸਾਂਝ ਨੂੰ ਪੁਨਰ-ਸੁਰਜੀਤ ਕਰਦਾ ਹੈ। ਮਰਸੀਆ

ਇਲਾਡੇ ਨੇ ਪਵਿੱਤਰ ਸੋਚ, ਪਵਿੱਤਰ ਸਮੇਂ ਦੇ ਪ੍ਰਤੀਕਾਂ ਰਾਹੀਂ ਸਮਝਣ ਦਾ ਯਤਨ ਕੀਤਾ ਹੈ। "ਇਲਾਡੇ ਨੇ ਪਵਿੱਤਰਤਾ ਦੇ ਸੰਕਲਪ ਨੂੰ ਧਰਮਾਂ ਦੇ ਸਾਂਝੇ ਪਰ ਕੇਂਦਰੀ ਲੱਛਣ ਵਜੋਂ ਵਰਤਿਆ ਹੈ। ਉਸ ਲਈ ਪਵਿੱਤਰਤਾ ਅਨੁਭਵ ਦਾ ਸਾਧਨ ਹੈ ਅਤੇ ਇਹ ਮਨੁੱਖੀ ਚੇਤਨਤਾ ਦੀ ਸੰਰਚਨਾ ਹੈ, ਜੋ ਸੱਚ ਹੈ। ਪਵਿੱਤਰਤਾ ਅਨੇਕ ਰੂਪਾਂ ਵਿਚ ਪ੍ਰਗਟ ਹੁੰਦੀ ਹੈ ਅਤੇ ਇਸ ਨੂੰ ਅਸੀਂ ਆਪਣੇ ਅੰਤਰੀਵ ਭਾਵ ਨਾਲ ਸਮਝਦੇ ਹਾਂ।"[2] ਪਵਿੱਤਰਤਾ ਦਾ ਸੰਬੰਧ ਅੰਤਰੀਵ ਭਾਵਨਾਵਾਂ ਨਾਲ ਜੁੜਿਆ ਹੋਣ ਕਰਕੇ ਇਹ ਸਿਮਰਤੀ ਦਾ ਹਿੱਸਾ ਬਣਦਾ ਹੈ।

ਸਿਮਰਤੀ ਵਿੱਚ ਮਾਨਸਿਕ ਗਿਆਨ ਦੇ ਗੁਣਾਂ ਨੂੰ ਬਿਆਨ ਕੀਤਾ ਜਾ ਸਕਦਾ ਹੈ ਜਿਵੇਂ: "Cultural memory can be defined as a 'neuro-cognitive capability' of a collective that is members share to bring back to their minds/narrative/content, the past experiences, for re-determination."[3] ਭਾਵ ਕਿ ਸੱਭਿਆਚਾਰਕ ਸਿਮਰਤੀ ਨੂੰ ਉਸ ਸਮੂਹ ਦੀ ਬੋਧਿਕ ਸਮਰੱਥਾ' ਵਜੋਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜੋ ਮੈਂਬਰ ਆਪਣੇ ਮਨ / ਬਿਰਤਾਂਤ / ਸਮੱਗਰੀ, ਪਿਛਲੇ ਤਜ਼ਰਬੇ ਨੂੰ ਵਾਪਸ ਲਿਆਉਣ ਲਈ ਸਾਂਝਾ ਕਰਦੇ ਹਨ। ਭਾਵਨਾ ਅਤੇ ਸਿਮਰਤੀ ਦਾ ਆਪਸੀ ਸੰਬੰਧ ਬਹੁਤ ਗਹਿਰਾ ਹੈ। ਸਿਮਰਤੀ ਦੇ ਅਧਿਐਨ ਰਾਹੀਂ ਕਿਸੇ ਭਾਈਚਾਰੇ ਦੀ ਕੌਮ ਨਾਲ ਸੰਬੰਧਤ ਲੋਕਾਂ ਦੀ ਅਤੀਤ ਤੋਂ ਲੈ ਕੇ ਹੁਣ ਤੱਕ ਦੀ ਬੌਧਿਕ, ਨੈਤਿਕ, ਸਮਾਜਕ ਅਤੇ ਧਾਰਮਕ ਅਵਸਥਾ ਦਾ ਸੰਪੂਰਨ ਚਿੱਤਰ ਸਾਹਮਣੇ ਆ ਜਾਂਦਾ ਹੈ।

ਅੱਜ ਸਿੱਖ ਵਿਸ਼ਵ ਦੇ ਕੋਨੇ-ਕੋਨੇ ਵਿੱਚ ਵਸੇ ਹੋਏ ਹਨ ਜਿਥੇ ਸਿੱਖਾਂ ਨੇ ਗੁਰਦੁਆਰੇ ਸਥਾਪਿਤ ਕੀਤੇ ਹਨ। ਗੁਰਦੁਆਰੇ ਸਿੱਖ ਯਾਦ ਨੂੰ ਨਿਰੰਤਰਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਤਿਹਾਸਕ ਗੁਰਦੁਆਰਿਆਂ ਰਾਹੀਂ ਸਿੱਖ ਇਤਿਹਾਸ ਸਿੱਖ ਸਿਮਰਤੀ ਨਾਲ ਜੁੜਿਆ ਹੋਇਆ ਹੈ। ਇਸ ਲਈ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਮੁਕਾਮ ਨੂੰ ਸਮਝਣ ਲਈ ਇਤਿਹਾਸ ਦੇ ਨਾਲ-ਨਾਲ ਗੁਰਦੁਆਰਿਆਂ ਦਾ ਮਹੱਤਵ ਸਮਝਣਾ ਜ਼ਰੂਰੀ ਹੈ।

---

[2] ਗੁਰਮੀਤ ਸਿੰਘ ਸਿੱਧੂ (2014) *ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ, ਪੰ. 136.

[3] Gurbhagat Singh, Deepinder jeet Randhawa (2009) *The Sikh Memory: Its Distinction and Contribution to Humankind,* Singh Brothers, Amritsar, p. 19.

## 2. ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਅਤੇ ਸਿੱਖ ਸਿਮਰਤੀ

ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਤੱਥਾਂ ਦਾ ਜ਼ਿਕਰ ਇਤਿਹਾਸਕ ਮੁਢਲੇ ਅਤੇ ਗੌਣ ਸਰੋਤਾਂ ਵਿੱਚ ਆਇਆ ਹੈ। ਇਤਿਹਾਸਕ ਘਟਨਾਵਾਂ ਨੂੰ ਪੜ੍ਹ ਕੇ ਭੂਤਕਾਲ ਨੂੰ ਸਿਮਰਤੀ ਰਾਹੀਂ ਤਾਜ਼ਾ ਕੀਤਾ ਜਾ ਸਕਦਾ ਹੈ। ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਕਿਸੇ ਵੀ ਘਟਨਾ ਨੂੰ ਇਤਿਹਾਸ ਦੇ ਪੰਨਿਆਂ 'ਤੇ ਦੇਖ ਉਹਨਾਂ ਪਲਾਂ ਨਾਲ ਜੁੜਿਆ ਮਹਿਸੂਸ ਕਰਨਾ ਹੀ ਸਿਮਰਤੀ ਦਾ ਹਿੱਸਾ ਹੈ।

ਸਿੱਖ ਇਤਿਹਾਸਕ ਸਰੋਤਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਜ਼ਿਕਰ ਕੇਵਲ ਇੱਕ ਨਾਂ ਕਰਕੇ ਹੀ ਨਹੀਂ, ਸਗੋਂ ਮਾਖੋਵਾਲ, ਚੱਕ ਨਾਨਕੀ, ਪੁਰੀ, ਮੋਦਪੁਰੀ, ਗੜ੍ਹਆਨੰਦ ਆਦਿ ਅਨੇਕ ਸੰਬੋਧਨ ਸਾਡੇ ਸਨਮੁੱਖ ਹੁੰਦੇ ਹਨ। ਅਸੀਂ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਪ੍ਰਮੁੱਖ ਘਟਨਾਵਾਂ ਰਾਹੀਂ ਸਿੱਖ ਸਿਮਰਤੀ ਨੂੰ ਸਮਝਣ ਦਾ ਯਤਨ ਕਰਾਂਗੇ। ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਵਸੇ ਸ੍ਰੀ ਅਨੰਦਪੁਰ ਸਾਹਿਬ ਨਗਰ ਦੀ ਨੀਂਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਰੱਖੀ। ਸ੍ਰੀ ਅਨੰਦਪੁਰ ਸਾਹਿਬ ਦਾ ਪਹਿਲਾਂ ਨਾਂ ਮਾਖੋਵਾਲ ਸੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਚੱਕ ਨਾਨਕੀ ਰੱਖਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਵਸਾਇਆ ਚੱਕ ਨਾਨਕੀ ਨਗਰ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਣ ਲੱਗਾ, ਜੋ ਸਿੱਖ ਸਿਮਰਤੀ ਦਾ ਅਹਿਮ ਅੰਗ ਬਣ ਚੁੱਕਿਆ ਹੈ। ਚੱਕ ਨਾਨਕੀ ਤੋਂ ਸ੍ਰੀ ਅਨੰਦਪੁਰ ਸਾਹਿਬ ਨਾਮਕਰਨ ਸੰਬੰਧੀ ਮਹਾਂਕਵੀ ਭਾਈ ਸੰਤੋਖ ਸਿੰਘ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਜ਼ਿਕਰ ਕਰਦੇ ਹਨ:-

ਦੁਤਿਯ ਦਿਸ਼ਾ ਦ੍ਰਿਗ ਫੇਰਹਿ ਹੇਰਾ।
ਸਤੁੱਦ੍ਰਵ ਕੇਰ ਪ੍ਰਵਾਹ ਬਡੇਰਾ।
ਹੋਤਿ ਅਨੰਦ ਪਿਖੇ ਅਭਿਰਾਮੂ।
ਯਾਂਤੇ ਧਰਿ ਅਨੰਦਪੁਰਿ ਨਾਮੂ॥[4]

ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਨਵੇਂ ਨਗਰ ਵਸਾਉਣ ਦੀ ਪ੍ਰੰਪਰਾ ਤਹਿਤ ਸ੍ਰੀ ਅਨੰਦਪੁਰ ਸਾਹਿਬ ਦੀ ਮੋਹੜੀ ਗੱਡਣ ਸੰਬੰਧੀ ਗੁਰੂ ਕੀਆਂ ਸਾਖੀਆਂ ਵਿੱਚ ਹਵਾਲੇ ਪ੍ਰਾਪਤ ਹਨ:- "ਸੰਮਤ ਸਤਰਾਂ ਸੈ ਬਾਈਸ ਅਸਾੜ ਮਾਸ ਕੀ ਇਕੀਸ ਕੇ ਦਿਹੁੰ ਬਾਬਾ ਗੁਰਦਿਤਾ ਜੀ ਰੰਧਾਵਾ ਕੇ ਹਾਥ ਸੇ ਸਹੋਦੇ ਗਾਉਂ ਕੇ

[4] ਸੰਤੋਖ ਸਿੰਘ (2011) *ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ*, ਅਜੀਤ ਸਿੰਘ ਔਲਖ, ਸੰਪਾ., ਜਿਲਦ ਅਠਵੀਂ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰ. 178.

ਰਕਬਾ ਮੇਂ ਮਾਖੋਵਾਲ ਕੇ ਥੇਹ ਤੇ ਮੋੜ੍ਹੀ ਗਾਡੀ। ਇਸ ਲੀਏ ਗਾਉਂ ਕਾ ਨਾਮ ਚਕ ਨਾਨਕੀ ਰਾਖਾ ਇਸੇ ਦੇਖ ਸਾਰੀ ਸੰਗਤ ਮੇਂ ਖੁਸ਼ੀ ਕੇ ਬਾਦਲ ਛਾਇ ਗਏ। ਦੀਵਾਨ ਦਰਘਾ ਮਲ ਨੇ ਖਲੇ ਹੋਇ ਅਰਦਾਸ ਕੀ—ਸੰਗਤ ਮੇਂ ਤਰਾ ਤਰਾ ਤਿਰਹਾਵਲ ਪਰਸਾਦਿ ਬਾਂਟਾ ਗਿਆ। ਸਤਿਗੁਰੂ ਏਸ ਸਾਲ ਕਾ ਚਮਾਸਾ ਚੱਕ ਨਾਨਕੀ ਮੇਂ ਗੁਜਾਰਾ।"[5]

ਉਕਤ ਹਵਾਲਿਆਂ ਤੋਂ ਪਤਾ ਚੱਲਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪ ਬਾਬਾ ਬੁੱਢਾ ਜੀ ਦੀ ਵੰਸ਼ ਵਿੱਚੋਂ ਭਾਈ ਗੁਰਦਿਤਾ ਜੀ ਦੇ ਹੱਥੋਂ ਮੋਹੜੀ ਗਡਵਾਈ, ਇਸ ਉਪਰੰਤ ਦਰਘਾ ਮਲ ਨੇ ਅਰਦਾਸ ਕੀਤੀ ਅਤੇ ਕੜਾਹ-ਪਰਸਾਦਿ ਵਰਤਾਇਆ ਗਿਆ। ਮੁੱਢਲੇ ਹਵਾਲਿਆਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਪੁਰਾਤਨ ਪ੍ਰਚਲਿਤ ਨਾਮ ਚੱਕ ਨਾਨਕੀ ਦਾ ਜ਼ਿਕਰ ਕੀਤਾ ਗਿਆ ਹੈ।

ਬਾਬਾ ਬੁੱਢਣ ਸ਼ਾਹ ਮਾਖੋਵਾਲ ਦੀ ਧਰਤੀ 'ਤੇ ਸ੍ਰੀ ਅਨੰਦਪੁਰ ਸਾਹਿਬ ਨਗਰ ਵਸਣ ਦੀ ਚਰਚਾ ਜਿਨ੍ਹਾਂ ਸ਼ਬਦਾਂ ਵਿੱਚ ਕਰਦਾ ਹੈ, ਉਸ ਭਵਿੱਖਬਾਣੀ ਨੂੰ ਕਵੀ ਸੋਹਨ ਨੇ ਛੇਵੇਂ ਪਾਤਿਸ਼ਾਹ ਨਾਲ ਗੁਰੂ ਪਰੰਪਰਾ ਰਾਹੀਂ ਜੋੜਦੇ ਹੋਏ ਬਿਆਨ ਕੀਤਾ ਹੈ:-

ਤਿੰਹ ਸਮ ਉੱਤਮ ਠੌਰ ਨਾ ਕੋਈ। ਤੀਨ ਲੋਕ ਮੈਂ ਹੋਇ ਨਾ ਹੋਈ।
ਸਹੀ ਅਕਾਲ ਛਠਮ ਗੁਰ ਜਾਨੋ। ਕਛੁ ਭੇਦ ਮਨ ਮਾਹਿ ਨਾ ਆਨੋ।
ਹਰੀ ਰਾਇ ਸਪਤਮ ਗੁਰ ਹੋਵੈ। ਹਰੀ ਕ੍ਰਿਸ਼ਨ ਗੁਰੁ ਸਮ ਖੋਵੈ।
ਪੁਨ ਸ੍ਰੀ ਤੇਗ ਬਹਾਦਰ ਹੋਵੈਂ। ਸੋ ਪਟਣੇ ਜੁਤ ਤ੍ਰੀ ਦੁਖ ਖੋਵੈਂ।
ਸੰਮਤ ਸਤ੍ਰਹ ਸੈ ਜਬ ਹੋਈ। ਬੀਸ ਤੀਨ ਜਗ ਆਨੰਦ ਜੋਈ।
ਪੋਖ ਮਾਸ ਵਹੁ ਦਸਮ ਉਪਾਵੈ ਸੁਰ ਧਰਨੀ ਦਿਜ ਹਰਖ ਧਰਾਵੈ।
ਪੁਨ ਆਵੈਂ ਲਖਨੌਰ ਕੌ ਕੀਰਤਪੁਰੀ ਦਿਖਾਇ।
ਆਨੰਦਪੁਰ ਤਿੰਹ ਠਾਂ ਰਚੇ ਮਾਖੋ ਦੈਂਤ ਪਲਾਇ॥[6]

ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਸਥਾਨ ਦੀ ਸੋਭਾ ਸਰੂਪ ਦਾਸ ਭੱਲਾ ਮਹਿਮਾ ਪ੍ਰਕਾਸ਼ ਵਿੱਚ ਇਸ ਤਰ੍ਹਾਂ ਕਰਦੇ ਹਨ:-

ਆਨੰਦਪੁਰ ਕੇ ਆਨੰਦ ਦਿਆਲ

---

[5] ਸਰੂਪ ਸਿੰਘ ਕੌਸ਼ਿਸ਼ (1986) *ਗੁਰੂ ਕੀਆਂ ਸਾਖੀਆਂ*, , ਪਿਆਰਾ ਸਿੰਘ ਪਦਮ, ਸੰਪਾ., ਕਲਮ ਮੰਦਿਰ ਪਟਿਆਲਾ, ਪੰ. 72.

[6] ਕਵੀ ਸੋਹਨ (1998) *ਗੁਰਬਿਲਾਸ ਪਾਤਸ਼ਾਹੀ ੬*, ਜੋਗਿੰਦਰ ਸਿੰਘ ਵੇਦਾਂਤੀ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਅਧਿਆਇ 21, ਪੰ. 750.

ਦੇ ਦਰਸ਼ਨ ਕਰੇ ਜਗਤ ਨਿਹਾਲ॥[7]

ਗੁਰੂ ਸਾਹਿਬ ਦਾ ਦਰਬਾਰੀ ਕਵੀ ਮੰਗਲ ਇਸ ਪਵਿੱਤਰ ਨਗਰ ਵਿੱਚ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਣ ਵਿੱਚ ਆਉਣ ਲਈ ਹੋਰਾਂ ਨੂੰ ਕਿਵੇਂ ਪ੍ਰੇਰਦਾ ਹੈ ਉਸ ਦਾ ਜ਼ਿਕਰ ਭਾਈ ਵੀਰ ਸਿੰਘ ਨੇ ਕਲਗੀਧਰ ਚਮਤਕਾਰ ਵਿੱਚ ਕੀਤਾ ਹੈ:-

ਪੂਰਨ ਪੁਰਖ ਅਵਤਾਰ ਆਨ ਲੀਨ ਆਪ, ਜਾਂ ਕੇ ਦਰਬਾਰ ਮਨ ਚਿਤਵੇ ਸੋ ਪਾਈਏ।
ਘਟਿ ਘਟਿ ਬਾਸੀ, ਅਬਿਨਾਸ਼ੀ ਨਾਮ ਜਾਂ ਕੋ ਜਗ, ਕਰਤਾ ਕਰਨਹਾਰ ਸੋਈ ਦਿਖਰਾਈਏ,
ਨੌਮੇ ਗੁਰ ਨੰਦ, ਜਗਬੰਦ ਤੇਗ ਤਯਾਗ ਪੂਰੇ, ਮੰਗਲ ਸੁ ਕਬਿ ਕਹਿ ਮੰਗਲ ਸੁਥਾਈਏ।
ਆਨੰਦ ਕੋ ਦਾਤਾ ਗੁਰ ਸਾਹਿਬ ਗੋਬਿੰਦ ਰਾਇ, ਚਾਹੈ ਜੋ ਆਨੰਦ ਤੌਂ ਆਨੰਦਪੁਰ ਆਈਏ।[8]

ਸ੍ਰੀ ਅਨੰਦਪੁਰ ਸਾਹਿਬ ਦੇ ਨਾਮਕਰਣ, ਵਸੇਬੇ, ਵਿਸਤਾਰ ਅਤੇ ਕੁਦਰਤੀ ਸੁੰਦਰਤਾ ਨਾਲ ਸੰਬੰਧਤ ਵੇਰਵੇ ਮਿਲਦੇ ਹਨ, ਜਿਵੇਂ ਸਰੂਪ ਦਾਸ ਭੱਲਾ ਮਹਿਮਾ ਪ੍ਰਕਾਸ਼ ਵਿੱਚ ਵਰਨਣ ਕਰਦੇ ਹਨ:-

ਹੋਤ ਕੁਲਾਹਲ ਭਜਨ ਸਦਾ ਕੀਰਤਨ ਤਹਾ।
ਬਜਤ ਅਨਹਦ ਝੁਨਕਾਰੁ ਦਿਆਲ ਰਾਜਤ।
ਜਹਾ ਸਦਾ ਅਨੰਦ ਪ੍ਰਕਾਸ ਅਨੰਦਪੁਰ ਬਾਸ ਮੋ।
ਗੁਰ ਦਰਸਨ ਪ੍ਰਤਾਪ ਲਹਤਿ ਸੁਖ ਸਾਰ ਕੋ।[9]

ਸ੍ਰੀ ਅਨੰਦਪੁਰ ਸਾਹਿਬ ਵਿਖੇ ਜਦੋਂ ਗੁਰੂ ਜੀ ਦੀਵਾਨ ਸਜਾਉਂਦੇ ਸਨ ਤਾਂ ਦੂਰੋਂ-ਦੂਰੋਂ ਸੰਗਤ ਦਰਸ਼ਨ ਲਈ ਆਉਂਦੀ। ਸੰਗਤ ਲਈ ਲੰਗਰ ਦੇ ਪ੍ਰਵਾਹ ਵੀ ਨਿਰੰਤਰ ਚੱਲਦੇ:-

ਭਰਾ ਆਨ ਸੋ ਆਨੰਦਪੁਰ ਹੋਤ ਧਰਮ ਕੇ ਕਾਮ।
ਬਹੁਤ ਲੰਗਰ ਹੋਵਤਿ ਤਹਾ ਕਰਿਤ ਸਿਖ ਅਭਿਰਾਮ।[10]

ਮਾਖੋਵਾਲ ਦੇ ਸਥਾਨ 'ਤੇ ਨਵੇਂ ਨਗਰ ਸ੍ਰੀ ਅਨੰਦਪੁਰ ਸਾਹਿਬ ਵਿੱਚ ਪੱਕੇ ਤੌਰ 'ਤੇ ਗੁਰੂ ਕੀ ਨਗਰੀ ਵਿੱਚ ਆਬਾਦ ਹੋਣ ਦੀ ਇੱਛਾ ਲਈ ਆਉਣ ਵਾਲੇ ਸਿੱਖਾਂ ਲਈ ਲੰਗਰ ਦੀ ਸੇਵਾ ਸੰਬੰਧੀ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਵੀ ਕੀਤਾ ਹੈ:-

---

7 ਸਰੂਪ ਦਾਸ ਭੱਲਾ (1999) *ਮਹਿਮਾ ਪ੍ਰਕਾਸ਼,* ਭਾਗ ਦੂਜਾ, ਉਤਮ ਸਿੰਘ ਭਾਟੀਆ, ਸੰਪਾ., ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 732.

8 ਭਾਈ ਵੀਰ ਸਿੰਘ (2011) *ਕਲਗੀਧਰ ਚਮਤਕਾਰ,* ਭਾਗ ਦੂਜਾ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 478.

9 ਸਰੂਪ ਦਾਸ ਭੱਲਾ (1999) *ਮਹਿਮਾ ਪ੍ਰਕਾਸ਼, ਭਾਗ ਦੂਜਾ,* ਉਤਮ ਸਿੰਘ ਭਾਟੀਆ, ਸੰਪਾ., ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 736.

10 ਉਹੀ, ਪੰ. 761.

ਉਜੜਾ ਪੜਾ ਥਾਂ ਮਾਖੋਵਾਲ। ਥੀ ਜ਼ਮੀਨ ਤਿਹ ਪੜੀ ਬਿਸਾਲ।
ਸੋ ਨ੍ਰਿਪ ਤੈ ਸਬ ਲੈ ਕਰ ਮੋਲ। ਗੁਰ ਆਨੰਦਪੁਰ ਠਟਿਓ ਅਮੋਲ।
ਸ੍ਰੀਘ੍ਰ ਬਸੇ ਤਹਾਂ ਰਚ ਧਾਮ। ਸੰਗਤ ਆਵਣ ਲਗੀ ਤਮਾਮ।
ਲੰਗਰ ਲਗਿਓ ਚਲਣ ਤਿਸ ਠਾਂਏਂ। ਬਸਿਓ ਨਗਰ ਸ੍ਰੀਘ੍ਰ ਸੁਖਦਾਏ।
ਦਿਨ ਦਿਨ ਰੌਣਕ ਬਢੀ ਅਪਾਰੇ। ਸੇਵਾ ਕਰਤ ਸਿੱਖ ਗੁਰ ਪਿਆਰੇ।[11]

ਸਤਲੁਜ ਦੇ ਕੰਢੇ ਅਤੇ ਮਹਾਨ ਕਿਲ੍ਹੇ ਸ੍ਰੀ ਕੇਸਗੜ੍ਹ ਸਾਹਿਬ ਨਜ਼ਦੀਕ ਸੁਸ਼ੋਭਿਤ ਸ੍ਰੀ ਅਨੰਦਪੁਰ ਸਾਹਿਬ ਦਾ ਖ਼ਾਲਸੇ ਦੀ ਸਿਰਜਨਾ ਦੇ ਅਦੁੱਤੀ ਵਰਤਾਰੇ ਕਾਰਨ ਖ਼ਾਲਸੇ ਦੀ ਜਨਮ ਭੂਮੀ ਅਖਵਾਉਣਾ, ਇੱਕ ਦਮ ਸਾਰਥਕ ਸੀ। ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਚਾਰੇ ਵਰਨਾਂ ਦੇ ਲੋਕ ਕਿਸ ਤਰ੍ਹਾਂ ਆਨੰਦ ਮਾਣਦੇ ਹਨ, ਇਹ ਹਵਾਲੇ ਸਾਨੂੰ ਸ੍ਰੋਤਾਂ ਵਿੱਚੋਂ ਪ੍ਰਾਪਤ ਹੁੰਦੇ ਹਨ:-

ਰਚਯੋ ਬ੍ਰਹਮ ਕਰ ਆਪਨੇ ਦੀਨੋ ਭੂ ਕੋ ਭਾਰ।
ਸੋ ਤੋ ਗੁਰੂ ਗੋਬਿੰਦ ਹੈ ਨਾਨਕ ਕੌ ਔਤਾਰ।
ਐਸੇ ਕਾਹੂੰ ਕੇ ਨਹੀਂ ਸੁਰ ਸੁਰਪਤਿ ਕੇ ਭੌਨ।
ਈਸ਼ ਮੁਨੀਸ਼ ਦਿਲੀਸ਼ ਏ ਨਰ ਨਰੇਸ਼ ਕੇ ਕੌਨ।
ਚਾਰ ਬਰਨ ਚਾਰੋਂ ਜਹਾਂ ਆਸ਼੍ਰਮ ਕਰਨ ਅਨੰਦ।
ਤਾਂ ਕੋ ਨਾਮ ਅਨੰਦਪੁਰ ਹੈ ਅਨੰਦ ਕੋ ਕੰਦ॥[12]

ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ’ਤੇ ਦਸਮ ਗੁਰੂ ਨੇ ਖੰਡੇ ਦੀ ਪਾਹੁਲ ਦੇ ਕੇ ਖ਼ਾਲਸਾ ਸਾਜਿਆ। ਬੰਦੀ-ਛੋੜ ਦਿਵਸ ਦੇ ਮੌਕੇ ’ਤੇ ਵੀ ਸੰਗਤ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਆਇਆ ਕਰਦੀ। ਜਿਸ ਤਰ੍ਹਾਂ ਜ਼ਿਕਰ ਕਰ ਚੁੱਕੇ ਹਾਂ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਮਾਖੋਵਾਲ ਨਾਂ ਨਾਲ ਵੀ ਜਾਣਿਆ ਜਾਂਦਾ ਸੀ, ਪੁਰਾਤਨ ਨਗਰ ਦੀ ਸੁੰਦਰ ਮਹਿਮਾ ਬਾਰੇ ਕਵੀ ਸੈਨਾਪਤਿ ਸ੍ਰੀ ਗੁਰ ਸੋਭਾ ਵਿੱਚ ਬਿਆਨ ਕਰਦਾ ਹੈ:-

ਮਾਖੋਵਾਲ ਸੁਹਾਵਨਾ ਸਤਿਗੁਰ ਕੋ ਅਸਥਾਨ।
ਲੀਲਾ ਅਨਕ ਅਨੇਕ ਬਿਧਿ ਕਉਤਕ ਕਰਤ ਬਿਆਨ।[13]

---

11 ਉਹੀ, ਪੰ. 163.

12 ਸਰੂਪ ਦਾਸ ਭੱਲਾ (1999) *ਮਹਿਮਾ ਪ੍ਰਕਾਸ਼, ਭਾਗ ਦੂਜਾ*, ਉਤਮ ਸਿੰਘ ਭਾਟੀਆ, ਸੰਪਾ., ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 469.

13 ਸੈਨਾਪਤਿ. (1988) *ਕਵੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ*, ਗੰਡਾ ਸਿੰਘ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 69.

ਕਵੀ ਸੈਨਾਪਤਿ ਸ੍ਰੀ ਅਨੰਦਪੁਰ ਸਾਹਿਬ ਦੇ ਮਨਮੋਹਕ ਸਥਾਨ ਦੇ ਦ੍ਰਿਸ਼ ਨੂੰ ਨਿਮਨ ਲਿਖਤ ਅਨੁਸਾਰ ਪੇਸ਼ ਕਰਦਾ ਹੈ:-

ਪੁਰ ਅਨੰਦ ਗੋਬਿੰਦ ਸਿੰਘ ਗੁਰ ਅਬ ਕਬਿ ਕਰਤ ਬਖਾਣ।
ਗਿਰਦ ਅਪਾਰ ਪਹਾਰ ਅਤਿ ਸਤਿਲੁਦ੍ਰ ਤਟਿ ਸੁਭ ਅਸਥਾਨ।[14]

ਗੁਰੂ ਜੀ ਕੋਲ ਸੰਗਤ ਨੇ ਪਟਨਾ ਸਾਹਿਬ ਜਾ ਕੇ ਸ੍ਰੀ ਅਨੰਦਪੁਰ ਸਾਹਿਬ ਆਉਣ ਸੰਬੰਧੀ ਬੇਨਤੀ ਕੀਤੀ ਉਸ ਦਾ ਜ਼ਿਕਰ ਇਤਿਹਾਸਕ ਸ੍ਰੋਤਾਂ ਵਿੱਚ ਮਿਲਦਾ ਹੈ:-

ਪੁਰ ਆਨੰਦ ਤੇ ਸਿੱਖ ਪਠਾਇ ਆਇ ਚਰਨ ਦਸਮੇਸਹਿ ਪਰੇ
ਪੁਨੀ ਸ੍ਰੀ ਮਾਤਾ ਦਰਸਨ ਕਰੇ ਕਹਯੋ ਪ੍ਰਭੋ ਚਲ ਆਨੰਦਪੁਰ ਕੋ॥[15]

ਸ੍ਰੀ ਪਟਨਾ ਸਾਹਿਬ ਤੋਂ ਜਦੋਂ ਗੁਰੂ ਪਰਿਵਾਰ ਪਹਿਲੀ ਵਾਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਪਹੁੰਚਿਆ ਤਾਂ ਉਹਨਾਂ ਦੇ ਦਰਸ਼ਨਾਂ ਨੂੰ ਵਿਸ਼ਾਲ ਇੱਕਠ ਦੇ ਰੂਪ ਵਿੱਚ ਸੰਗਤ ਆਈ, ਉਸ ਸਮੇਂ ਦੇ ਦ੍ਰਿਸ਼ ਨੂੰ ਗਿਆਨੀ ਗਿਆਨ ਸਿੰਘ ਨੇ ਵਰਨਣ ਕੀਤਾ ਹੈ:-

ਤਬ ਲੌ ਪਟਨੇ ਤੈ ਅਏ ਆਨੰਦਪੁਰ ਦਸਮੇਸ਼।
ਉਨਕਾ ਦਰਸ਼ਨ ਕਰਨ ਹਿਤ ਸੰਗਤ ਆਈ ਬਸੇਸ।[16]

ਗੁਰੂ ਸਾਹਿਬ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਕਵੀ ਆਪਣੇ ਸ਼ਬਦਾਂ ਵਿੱਚ ਉਸ ਸਮੇਂ ਦੇ ਆਨੰਦਮਈ ਮਾਹੌਲ ਨੂੰ ਬਿਆਨ ਕਰਦਾ ਹੈ:-

ਸ੍ਰੀ ਗੁਰ ਅਤਿ ਅਨੰਦ ਕੋ ਪਾਯੋ, ਪਿਆਰੇ ਤਾਤ ਉਰਹਿ ਸੰਗ ਲਾਯੋ।
ਤਬ ਸਤਿਗੁਰ ਸਿਖ ਸੰਗਤ ਸਾਰੀ, ਕਰ ਦਸ਼ਮੇਸ਼ ਨਿਛਾਵਰ ਭਾਰੀ।
ਤੇਗ ਬਹਾਦਰ ਸਤਿਗੁਰੂ ਨੰਦਨ ਯੁਤ ਆਨੰਦ, ਇਸਥਿਤ ਤੇ ਅਨੰਦਪੁਰ
ਭਾ ਸਿੱਖਯਨ ਆਨੰਦ।
ਦੇਸ਼ ਵਿਦੇਸ਼ ਸਿੱਖਨ ਸੁਧ ਪਾਈ, ਪੁਤਰ ਸਪੁਤਰ ਨਵਮ ਗੁਰ ਰਾਈ।
ਪਟਨੇ ਤੇ ਆਨੰਦਪੁਰ ਆਏ, ਹਿਤ ਦਰਸ਼ਨ ਸਭ ਹਿਯ ਉਮਗਾਏ।[17]

---

14 ਉਹੀ, ਪੰ. 78.

15 ਸੰਤ ਰੇਣ ਪ੍ਰੇਮ ਸਿੰਘ (ਮਿਤੀ ਹੀਣ) *ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ, ਭਾਗ ਤੀਜਾ,* ਪ੍ਰਕਾਸ਼ਕ ਸੰਤ ਰੇਣ ਪ੍ਰੇਮ ਸਿੰਘ, ਅੰਮ੍ਰਿਤਸਰ, ਪੰ. 1383-4.

16 ਗਿਆਨੀ ਗਿਆਨ ਸਿੰਘ (1987) *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 169.

17 ਸੰਤ ਰੇਣ ਪ੍ਰੇਮ ਸਿੰਘ (ਮਿਤੀ ਹੀਣ) *ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ, ਭਾਗ ਤੀਜਾ,* ਪ੍ਰਕਾਸ਼ਕ ਸੰਤ ਰੇਣ ਪ੍ਰੇਮ ਸਿੰਘ, ਅੰਮ੍ਰਿਤਸਰ, ਪੰ. 1385.

ਜਦੋਂ ਗੁਰੂ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਹਨ ਤਾਂ ਉਸ ਸਮੇਂ ਦੇ ਬਿਰਤਾਂਤ ਨੂੰ ਗਿਆਨੀ ਗਿਆਨ ਸਿੰਘ ਨੇ ਬਿਆਨ ਕੀਤਾ ਹੈ:-

ਤਿਸੀ ਸਮੇਂ ਮੇਲਾ ਭਯੋ ਅਨੰਦਪੁਰੀ ਮਝਾਰ।
ਦੇਸ਼ ਦੇਸ਼ ਤੇ ਆਇ ਕਰ ਸੰਗਤਿ ਜੁਰੀ ਅਪਾਰ।
ਆਦਰ ਦੈ ਸਬ ਕੋ ਗੁਰ ਪੂਛੇ ਸੁਖ ਅਨੰਦ।
ਕ੍ਰਿਪਾ ਆਪ ਕੀ ਸਰਬ ਸੁਖ ਕਹਿਤ ਸਿੱਖ ਕਰ ਬੰਦ।
ਦੇਖ ਦੇਖ ਸਿੰਘਨ ਭਈਂ ਗੁਰੁ ਖੁਸ਼ਿ ਹੈ ਮੁਸਕ੍ਰਾਹਿ॥[18]

ਸ੍ਰੀ ਅਨੰਦਪੁਰ ਸਾਹਿਬ ਨਾਲ ਜੁੜੀ ਮਹੱਤਵਪੂਰਨ ਘਟਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਸਾਹਿਬ ਦੇ ਸੀਸ ਨੂੰ ਭਾਈ ਜੈਤਾ ਜੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਦੇ ਸੰਦਰਭ ਵਿੱਚ ਕੇਸਰ ਸਿੰਘ ਛਿੱਬਰ ਇਸ ਤਰ੍ਹਾਂ ਲਿਖਦੇ ਹਨ:-

ਅਤੇ ਸੀਸ ਭਾਈ ਨਾਨੇ ਸਿਖ ਰੰਘਰੇਟੇ ਨੂੰ ਕਹਿਆ।
ਕਿਵੇਂ ਮਾਖੋਵਾਲ ਪਹੁੰਚੇ ਰੰਘਰੇਟਾ, ਸੁਣ ਕੇ ਹੈਰਾਨ ਹੋਇ ਰਹਿਆ।
ਤਿਨ ਕਹਿਆ ਮੈਂ ਤੂੜੀ ਵਿੱਚ ਲੈਸਾਂ ਪਾਇ, ਸੋ ਖਾਰੇ ਵਿੱਚ ਪਾਇ ਸਿਰ ਲੈਸਾਂ ਉਠਾਇ। ਸਟਿ ਤੂੜੀ ਸੀਸ ਝਾੜ ਲਏ ਕਪੜੇ ਪਾਇ, ਦੋਨੋਂ ਛੁਟੇ ਆਇ ਮਾਖੋਵਾਲ ਧਾਇ। ਆਨ ਸੀਸ ਸਾਹਿਬ ਦੇ ਅਗੇ ਧਰਿਆ।[19]

ਕੇਸਰ ਸਿੰਘ ਛਿੱਬਰ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਪੁਰਾਤਨ ਨਾਂ ਮਾਖੋਵਾਲ ਦੀ ਵਰਤੋਂ ਕਰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਉਣ ਦੇ ਬਿਰਤਾਂਤ ਨੂੰ ਦਰਸਾਇਆ ਹੈ। ਖ਼ਾਲਸਾ ਸਾਜਨਾ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਲਈ ਪਹਾੜੀ ਰਾਜਿਆਂ ਅਤੇ ਗੁਰੂ ਸਾਹਿਬਾਨ ਦੇ ਸੰਬੰਧੀਆਂ ਨੂੰ ਵਿਸ਼ੇਸ਼ ਰੂਪ ਵਿੱਚ ਸੱਦਾ ਦਿੱਤਾ ਸੀ। ਇਸ ਇੱਕਠ ਵਿੱਚ ਆਈ ਸੰਗਤ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਸੋਭਾ ਦਾ ਵਰਨਣ ਪੰਥ ਪ੍ਰਕਾਸ਼ ਵਿੱਚ ਨਿਮਨ ਲਿਖਤ ਅਨੁਸਾਰ ਪੇਸ਼ ਹੈ:-

ਦੀਪ ਮਾਲ ਕੇ ਮੇਲੇ ਪਰ ਸਬ ਲੋਗ ਬੁਲਾਵਨ ਕੀਏ।
ਦੇਸ਼ ਦੇਸ਼ ਤੇ ਸਿੱਖ ਚਲ ਆਏ ਨਿਰਪ ਪਰਬਤੀ ਸਾਰੇ।
ਚਾਰੋਂ ਬੰਸ ਅੰਸ ਗੁਰੂ ਆਏ ਆਦਰ ਸੰਗ ਬਿਠਾਰੇ।

---

[18] ਗਿਆਨੀ ਗਿਆਨ ਸਿੰਘ (1987) *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 241.

[19] ਕੇਸਰ ਸਿੰਘ ਛਿੱਬਰ (2005) *ਭਾਈ ਕੇਸਰ ਸਿੰਘ ਛਿੱਬਰ ਕ੍ਰਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪਿਆਰਾ ਸਿੰਘ ਪਦਮ, ਸੰਪਾ., ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 122.

ਮੇਲਾ ਭਰਿਓ ਬੁਲੰਦ ਅਨੰਦਪੁਰ ਆਨੰਦ ਭਯੋ ਅਪਾਰੇ।
ਕੌਤਕ ਠੌਰ ਠੌਰ ਬਹੁ ਭਾਂਤਨ ਹੋਏ ਦੇਵ ਦਿਖਾਰੇ।
ਬੇਦੀ ਤ੍ਰੇਹਣ ਭੱਲੇ ਸੋਢੀ ਜੋ ਥੈ ਗੁਰੂ ਢਿਗ ਆਏ।
ਅੰਮ੍ਰਿਤ ਖੰਡੇ ਕਾ ਛਕਨੇ ਹਿਤ ਗੁਰੂ ਕਰਯੋ ਤਿਨ ਤਾਏ।[20]

ਛਿੱਬਰ ਦੀ ਲਿਖਤ ਤੋਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਮਾਖੋਵਾਲ ਦਾ ਨਾਮ ਅਨੰਦਪੁਰ ਪਰਚਲਤ ਹੋਇਆ ਹੈ। ਸ੍ਰੀ ਦਸਮ ਗ੍ਰੰਥ ਵਿੱਚ ਸ੍ਰੀ ਅਨੰਦਪੁਰ ਸਾਹਿਬ ਬਾਰੇ ਵੇਰਵੇ ਮਿਲਦੇ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ ਕਥਾ ਬਚਿੱਤਰ ਨਾਟਕ ਵਿੱਚ ਵੀ ਸ੍ਰੀ ਅਨੰਦਪੁਰ ਸਾਹਿਬ ਸੰਬੰਧੀ ਸੰਕੇਤ ਦਰਜ ਹੈ:-

ਜੁਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ॥
ਕਹਿਲੂਰ ਮੇਂ ਬਾਂਧਿਯੋ ਆਨ ਆਨੰਦਪੁਰ ਗਾਂਵ॥[21]

ਗੁਰੂ ਸਾਹਿਬ ਭੰਗਾਣੀ ਦੇ ਯੁੱਧ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਤਾਂ ਉਸ ਸਮੇਂ ਦੇ ਬਿਰਤਾਂਤ ਨੂੰ ਕੁਇਰ ਸਿੰਘ ਨੇ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਵਿੱਚ ਇਸ ਤਰ੍ਹਾਂ ਪੇਸ਼ ਕੀਤਾ ਹੈ:-

ਹਮ ਤੁਮ ਅਬ ਚਲੀਏ ਤਹਾਂ, ਜੈ ਦੁੰਦਭੀ ਬਜਾਇ।
ਸ੍ਰੀ ਆਨੰਦਪੁਰ ਥਾਨ ਹੈ, ਗੁਰ ਪ੍ਰਭੂ ਆਯਨ ਪਾਇ॥[22]

ਭੰਗਾਣੀ ਦੇ ਯੁੱਧ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਆ ਕੇ ਰਹਿਣ ਸੰਬੰਧੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ ਵਿੱਚ ਹਵਾਲੇ ਪ੍ਰਾਪਤ ਹੁੰਦੇ ਹਨ:-

ਜੀਤ ਕੇ ਖੇਤ ਪ੍ਰਭ ਆਨ ਕੈ ਪਾਂਵਟੈ ਕੂਚ ਕੋ ਸਾਜ ਮੰਗਾਇ ਲੀਨੋ।
ਭਾਰ ਬਰਾਦਾਰ ਤਯਾਰ ਕੀਨੋ ਸਬੈਲਾਦ ਅਸਬਾਬ ਕੈ ਕੂਚ ਕੀਨੋ।
ਆਨ ਕਹਿਲੂਰ ਮੈ ਆਪ ਤਾਹੀ ਸਮੈ ਅਨੰਦਪੁਰ ਬਾਂਧਿ ਬਿਸਰਾਮ ਕੀਨੋ।[23]

---

[20] ਗਿਆਨੀ ਗਿਆਨ ਸਿੰਘ (1987) *ਪੰਥ ਪ੍ਰਕਾਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 251.

[21] ਨਰੈਣ ਸਿੰਘ (2015) *ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਪਵਿਤ੍ਰ ਬਾਣੀ ਬਚਿੱਤ੍ਰ ਨਾਟਕ ਸਟੀਕ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰ. 234.

[22] ਕੁਇਰ ਸਿੰਘ (1999) *ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ*, ਸ਼ਮਸ਼ੇਰ ਸਿੰਘ ਅਸ਼ੋਕ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 80.

[23] ਸੈਨਾਪਤਿ (1988) *ਕਵੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ*, ਗੰਡਾ ਸਿੰਘ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 73.

ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਵਿੱਚ ਵੀ ਗੁਰੂ ਸਾਹਿਬ ਦੇ ਸ੍ਰੀ ਅਨੰਦਪੁਰ ਸਾਹਿਬ ਆਉਣ ਦਾ ਹਵਾਲਾ ਪ੍ਰਾਪਤ ਹੁੰਦਾ ਹੈ:-

ਸੰਮਤੁ ਸਤਾਰਾਂ ਸੈ ਛਿਤਾਲੀ ਗਏ, ਤਬ ਸਾਹਿਬ ਤਹਾਂ ਤੇ ਆਵਤ ਭਏ।
ਆਨੰਦਪੁਰ ਗਾਉਂ ਤਬ ਪਾਇਆ, ਡੇਰਾ ਆਪਦਾ ਤਹਾਂ ਲਗਾਇਆ।[24]

ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਰਹਿੰਦਿਆਂ ਧਾਰਮਕ ਗ੍ਰੰਥ ਅਨੁਵਾਦ ਕਰਵਾਏ, ਇਹ ਸਾਰੇ ਹੀ ਅਨੁਵਾਦਤ ਗ੍ਰੰਥ 'ਵਿਦਯਾ-ਸਾਗਰ' ਨਾਮਕ ਮਹਾਂਗ੍ਰੰਥ ਵਿੱਚ ਸੰਕਲਿਤ ਕੀਤੇ ਗਏ। ਭਾਈ ਸੰਤੋਖ ਸਿੰਘ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਇਸ ਗ੍ਰੰਥ ਦਾ ਭਾਰ ਪੱਕਾ ਨੌਂ ਮਣ ਦੱਸਦੇ ਹੋਏ ਜ਼ਿਕਰ ਨਿਮਨ ਲਿਖਤ ਅਨੁਸਾਰ ਕਰਦੇ ਹਨ:-

ਤਿਨ ਕਵੀਅਨ ਬਾਣੀ ਰਚੀ ਲਿਖ ਕਾਗਦ ਤੁਲਵਾਏ ਨੈ ਮਨ
ਹੋਏ ਤੋਲ ਮਹਿ ਸੂਖਮ ਲਿਖਤ ਲਿਖਾਏ,
ਵਿਦਿਆਸਾਗਰ ਤਿਸ ਗ੍ਰੰਥ ਕੋ ਨਾਮ ਧਰਓ ਕਰ ਪ੍ਰੀਤ।
ਨਾਨਾ ਬਿਧਿ ਕਵਿਤਾ ਰਚੀ ਰਖਿ ਰਖਿ ਨੈ ਰਸ ਪ੍ਰੀਤ,
ਮਚਿਯੋ ਜੰਗ ਗੁਰ ਸੰਗ ਬਡ, ਗਯੋ ਗ੍ਰੰਥ ਸੁਬੀਚ।
ਨਿਕਸੇ ਅਨੰਦਪੁਰਿ ਤਜਯੋ ਲੁਟਿਯੋ ਪੁਨਿ ਮਿਲਿ ਨੀਚ,
ਪ੍ਰਿਥਕ ਪ੍ਰਿਥਕ ਪਤ੍ਰੇ ਹੁਤੇ, ਲੁਟਿਯੋ ਸੁ ਗ੍ਰੰਥ ਬਿਖੇਰ।
ਇਕ ਥਲ ਰਹਯੋ ਨਾ ਇਮ ਗਯੋ ਜਿਸ ਤੋ ਮਿਲਿਯੋ ਨਹ ਫੇਰ।[25]

ਸ੍ਰੀ ਅਨੰਦਪੁਰ ਸਾਹਿਬ ਦਾ ਸੰਬੰਧ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੈ, ਕਿਸੇ ਵੀ ਇਤਿਹਾਸਕ ਗ੍ਰੰਥ ਵਿੱਚ ਗੁਰੂ ਸਾਹਿਬ ਨਾਲ ਸੰਬੰਧਿਤ ਵੇਰਵਾ ਹੋਵੇਗਾ ਤਾਂ ਸੁਭਾਵਿਕ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਗਾਥਾ ਉਸ ਵਿੱਚ ਜ਼ਰੂਰ ਦਰਜ ਹੋਵੇਗੀ।

ਸਿੱਖ ਇਤਿਹਾਸ ਦੀਆਂ ਨਿਸ਼ਾਨੀਆਂ ਵਜੋਂ ਸਾਂਭੀਆਂ ਗੁਰੂ ਸਾਹਿਬ ਦੀਆਂ ਪੁਰਾਤਨ ਨਿਸ਼ਾਨੀਆਂ, ਸ਼ਸਤਰ, ਸਥਾਨ ਆਦਿ ਭੂਤਕਾਲ ਦੀ ਸਿਮਰਤੀ ਨੂੰ ਤਰੋਤਾਜ਼ਾ ਕਰਦੀਆਂ ਹਨ; ਜਿਵੇਂ ਸੁਲਤਾਨਪੁਰ ਲੋਧੀ

---

[24] ਕੇਸਰ ਸਿੰਘ ਛਿੱਬਰ (2005) *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪਿਆਰਾ ਸਿੰਘ ਪਦਮ, ਸੰਪਾ., ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 150.

[25] ਸੰਤੋਖ ਸਿੰਘ (2011) *ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਸਟੀਕ*, ਅਜੀਤ ਸਿੰਘ ਔਲਖ, ਸੰਪਾ., ਭਾਈ ਚਤਰ ਸਿੰਘ ਜੀਵਨ ਸਿੰਘ, ਰੁਤ 4, ਅੰਸ 42.

ਵਿਖੇ ਵਗਦੀ ਕਾਲੀ ਵੇਈਂ ਨਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੈਵੀ ਅਨੁਭਵ ਦੀ ਯਾਦ ਦਿਵਾਉਂਦੀ ਹੈ। ਕਰਤਾਰਪੁਰ ਸਾਹਿਬ ਦੇ ਖੇਤਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਕੀਤੀ ਕਿਰਤ ਸਿੱਖ ਨੂੰ ਸਿਮਰਤੀ ਸਹਾਰੇ ਉਸ ਪਵਿੱਤਰ ਅਨੁਭਵ ਨਾਲ ਜੋੜਦੀ ਹੈ, ਜਿਸ ਨਾਲ ਉਹ ਆਪ ਵੀ ਕਿਰਤੀ ਹੋਣ ਦਾ ਮਾਣ ਮਹਿਸੂਸ ਕਰਦਾ ਹੈ। "ਸਿਮਰਤੀ ਦਾ ਸਿੱਧਾ ਸੰਬੰਧ ਚਿੱਤ (ਮਨ) ਨਾਲ ਜੁੜਦਾ ਹੈ, ਚਿੱਤ ਦਾ ਕੰਮ ਚਿੰਤਨ ਕਰਨਾ ਹੁੰਦਾ ਹੈ ਚਿੰਤਨ ਚਾਹੇ ਵਡਮੁੱਲਾ ਹੋਵੇ ਚਾਹੇ ਨਿਰਮੂਲ ਹੋਵੇ, ਚਿਤਵਨੀ ਯਾਦ-ਸਿਮਰਤੀ ਅੰਦਰ ਕਿਸੇ ਨਾ ਕਿਸੇ ਦੀ ਚਲਦੀ ਹੀ ਰਹੇਗੀ।"[26] ਇਸੇ ਤਰ੍ਹਾਂ ਸੱਚੇ ਸਿੱਖ ਦੇ ਚਿੱਤ ਅੰਦਰ ਹਰ ਸਮੇਂ ਆਪਣੇ ਗੁਰੂ ਦੀ ਸਿੱਖਿਆ ਅਤੇ ਉਪਦੇਸ਼ ਦੀ ਸਿਮਰਤੀ ਚੱਲਦੀ ਰਹਿੰਦੀ ਹੈ।

ਦਿੱਲੀ ਦੇ ਚਾਂਦਨੀ ਚੌਂਕ ਦਾ ਜਦੋਂ ਵੀ ਜ਼ਿਕਰ ਹੁੰਦਾ ਹੈ ਤਾਂ ਸਿੱਖ ਆਪਣੀ ਸਿਮਰਤੀ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨਾਲ ਜੁੜ ਜਾਂਦੇ ਹਨ। ਗੁਰੂ ਇਤਿਹਾਸ ਨਾਲ ਸੰਬੰਧਤ ਸਥਾਨਾਂ ਅਤੇ ਯਾਦ ਚਿੰਨ੍ਹਾਂ ਨਾਲ ਸੰਬੰਧਤ ਸਿਮਰਤੀ ਵਿੱਚ ਪ੍ਰਤੀਕਾਂ ਰਾਹੀਂ ਸੰਬੰਧ ਜੁੜਦਾ ਹੈ। ਗੁਰਧਾਮਾਂ 'ਤੇ ਸੁਸ਼ੋਭਿਤ ਸ਼ਸਤਰ ਅਤੇ ਸ਼ਾਸਤਰ ਖ਼ਾਲਸਾ ਪੰਥ ਦੇ ਜੰਗਜੂ ਭੂਤਕਾਲ ਦੇ ਪ੍ਰਤੀਕ ਦੇ ਰੂਪ ਵਿੱਚ ਦੇਖੇ ਜਾ ਸਕਦੇ ਹਨ। ਸਿੱਖ ਕਿਸੇ ਸਲਾਨਾ ਸਮਾਗਮਾਂ ਜਾਂ ਜੋੜ ਮੇਲਿਆਂ ਵਿੱਚ ਸ਼ਾਮਿਲ ਹੋ ਕੇ ਆਪਣੀ ਸਿਮਰਤੀ ਰਾਹੀਂ ਉਸ ਸਥਾਨ ਦੇ ਮਹੱਤਵ ਨੂੰ ਜਾਣਦੇ ਹਨ ਅਤੇ ਉਸ ਦੀ ਯਾਦ ਨਾਲ ਜੁੜਿਆ ਮਹਿਸੂਸ ਕਰਦੇ ਹਨ।

## 3. ਸਿੱਖ ਸਿਮਰਤੀ ਅਤੇ ਗੁਰਦੁਆਰਾ

ਸਿੱਖ ਦੀ ਹੋਂਦ ਦਾ ਅਧਾਰ ਗੁਰੂ ਹੈ, ਗੁਰੂ ਦੇ ਸਥਾਨ ਜਾਂ ਘਰ ਨੂੰ ਗੁਰਦੁਆਰਾ ਕਿਹਾ ਜਾਂਦਾ ਹੈ। ਗੁਰਦੁਆਰਾ ਆਮ ਇਮਾਰਤ ਨਹੀਂ ਸਗੋਂ ਗੁਰੂ ਦੀ ਹਾਜ਼ਰੀ ਭਾਵ ਗੁਰੂ ਪ੍ਰਕਾਸ਼ ਰਾਹੀਂ ਪਵਿੱਤਰ ਸਥਾਨ ਹੈ ਜੋ ਸਿੱਖ ਸਿਮਰਤੀ ਦਾ ਕੇਂਦਰ ਹੈ। ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਦੌਰਾਨ ਵੱਖ-ਵੱਖ ਸਥਾਨਾਂ ਤੇ ਯਾਤਰਾਵਾਂ ਕੀਤੀਆਂ ਜਿੱਥੇ ਵੀ ਗੁਰੂ ਸਾਹਿਬ ਗਏ ਉਹ ਸਥਾਨ ਪਵਿੱਤਰ ਬਣ ਗਏ। ਕਈ ਇਤਿਹਾਸਕ ਗੁਰਧਾਮ ਉਸ ਸਥਾਨ 'ਤੇ ਸੁਸ਼ੋਭਿਤ ਹਨ ਜਿੱਥੇ ਜ਼ਬਰ ਦੇ ਖ਼ਿਲਾਫ ਯੁੱਧ ਹੋਏ। ਮਨੁੱਖਤਾ ਦੇ ਸਰਬਪੱਖੀ ਕਲਿਆਣ ਲਈ ਗੁਰੂ ਸਾਹਿਬਾਨ ਨੇ ਵੱਖ-ਵੱਖ ਮੁਲਕਾਂ ਵਿੱਚ ਸੱਚ, ਧੀਰਜ, ਧਰਮ ਅਤੇ ਸੇਵਾ ਦਾ ਪਾਠ

---

[26] ਗਿਆਨੀ ਸੰਤ ਸਿੰਘ ਮਸਕੀਨ (1985) *ਗੁਰੂ ਜੋਤੀ*, ਪ੍ਰਕਾਸ਼ਕ ਸੰਤ ਸਿੰਘ ਮਸਕੀਨ, ਅਲਵਰ, ਪੰ. 214.

ਪੜ੍ਹਾਇਆ। ਅਧਿਆਤਮਕ ਪੱਖੋਂ ਸਿੱਖਾਂ ਦੀ ਸਿਮਰਤੀ ਨੂੰ ਮਜ਼ਬੂਤ ਕਰਨ ਵਜੋਂ ਗੁਰਦੁਆਰਿਆਂ ਦੀ ਸਥਾਪਨਾ ਹੋਈ। ਗੁਰਦੁਆਰੇ ਦਾ ਭਾਵ ਗੁਰੂ ਦਾ ਦਰ-ਘਰ ਕਿਉਂਕਿ ਗੁਰਦੁਆਰਾ ਕੇਵਲ ਬੰਦਗੀ ਦਾ ਸਥਾਨ ਹੀ ਨਹੀਂ ਸਗੋਂ ਸਿੱਖ ਪੰਥ ਦੇ ਸਮੁੱਚੇ ਜੀਵਨ ਦਾ ਧੁਰਾ ਹੈ। ਸਿੱਖਾਂ ਦੀ ਗੁਰਦੁਆਰੇ ਨਾਲ ਧਾਰਮਕ, ਸਮਾਜਕ ਅਤੇ ਭਾਵਨਾਤਮਕ ਸਾਂਝ ਹੈ। "ਸਿੱਖਾਂ ਦਾ ਗੁਰਦੁਆਰਾ ਵਿਦਯਾਰਥੀਆਂ ਲਈ ਸਕੂਲ, ਆਤਮਜਿਗਯਾਸਾ ਵਾਲਿਆਂ ਲਈ ਗਯਾਨ ਉਪਦੇਸ਼ਕ ਆਚਾਰਯ ਰੋਗੀਆਂ ਲਈ ਸ਼ਫਾਖਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ।"[27]

ਸਿੱਖੀ ਦੀ ਪਛਾਣ, ਹੋਂਦ-ਹਸਤੀ ਗੁਰਦੁਆਰੇ ਨਾਲ ਜੁੜੀ ਹੋਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਖਾਂ ਦੇ ਜੁੜ ਬੈਠਣ ਦੇ ਸਥਾਨ ਲਈ ਸ਼ਬਦ ਧਰਮਸਾਲ ਦੀ ਵਰਤੋਂ ਕੀਤੀ ਜਾਂਦੀ ਸੀ ਭਾਈ ਗੁਰਦਾਸ ਜੀ ਅਨੁਸਾਰ;

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥[28]

ਸਿੱਖ ਧਰਮ ਦੇ ਵਿਕਾਸ ਨਾਲ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋਣ ਨਾਲ 'ਧਰਮਸਾਲ' ਨੂੰ 'ਗੁਰਦੁਆਰਾ' ਕਿਹਾ ਜਾਣਾ ਸ਼ੁਰੂ ਹੋਇਆ, ਇਹ ਸ਼ਬਦ ਗੁਰਦੁਆਰੁ,[29] ਗੁਰਦੁਆਰਿ,[30] ਗੁਰਦੁਆਰੈ,[31] ਆਦਿ ਰੂਪਾਂ ਵਿੱਚ ਗੁਰਬਾਣੀ ਵਿੱਚ ਆਇਆ ਹੈ, ਜਿਸ ਦੇ ਅਰਥ ਗੁਰੂ ਦਾ ਘਰ ਬਣਦੇ ਹਨ। "ਗੁਰਦੁਆਰਿਆਂ ਦੀ ਸਥਾਪਨਾ, ਸਮੇਂ ਦੀਆਂ ਬ੍ਰਹਾਮਣਵਾਦੀ ਧਾਰਮਕ ਪੂਜਾ ਪਾਠ ਦੀਆਂ ਸੰਸਥਾਵਾਂ ਨੂੰ ਜਬਰਦਸਤ ਚੈਲਿੰਜ ਸੀ। ਮੰਦਰਾਂ ਵਿਚ ਸਿਰਫ਼ ਬ੍ਰਾਹਮਣ ਹੀ ਪੁਜਾਰੀ ਹੋ ਸਕਦਾ ਸੀ। ਬ੍ਰਾਹਮਣ ਹੀ ਵੇਦਾਂ ਦਾ ਪਾਠ ਸੁਣਾ ਸਕਦਾ ਸੀ। ਕਿਸੇ ਸੂਦਰ ਨੂੰ ਮੰਦਰ ਵਿਚ ਦਾਖ਼ਲ ਹੋਣ ਦੀ ਮਨਾਹੀ ਸੀ, ਨਾ ਹੀ ਉਹ ਧਾਰਮਕ ਪੁਸਤਕਾਂ ਦੀ ਪਾਠ-ਪੂਜਾ ਕਰ ਸਕਦਾ ਸੀ। ਇਥੋਂ ਤਕ ਕਿ ਉਸਨੂੰ ਵੇਦਾਂ ਜਾਂ ਗੀਤਾ ਦੇ ਪਾਠ ਨੂੰ

---

[27] ਭਾਈ ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਾਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 416.

[28] ਭਾਈ ਵੀਰ ਸਿੰਘ (2012) *ਵਾਰਾਂ ਭਾਈ ਗੁਰਦਾਸ ਸਟੀਕ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 22.

[29] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 153.

[30] ਉਹੀ, ਪੰ. 19.

[31] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 922.

ਸੁਣਨ ਤਕ ਦੀ ਵੀ ਇਜ਼ਾਜਤ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਵਿਤਕਰੇ ਨੂੰ ਚੈਲਿੰਜ ਕੀਤਾ। ਜਿੱਥੇ-ਜਿੱਥੇ ਵੀ ਸੰਗਤ ਕਾਇਮ ਕੀਤੀ ਉੱਥੇ, ਸਭ ਮਨੁੱਖਾਂ ਦੇ ਇਕ ਥਾਂ ਬੈਠਕੇ ਧਾਰਮਕ ਵਿਚਾਰ ਗੋਸ਼ਟੀਆਂ ਕਰਨ ਲਈ ਧਰਮਸ਼ਾਲਾਵਾਂ ਦੀ ਸਥਾਪਨਾ ਕੀਤੀ। ਇਹਨਾਂ ਧਰਮਸ਼ਾਲਾਵਾਂ ਨੂੰ ਪਿਛੋਂ ਗੁਰਦੁਆਰੇ ਕਿਹਾ ਜਾਣ ਲਗ ਪਿਆ। ਗੁਰਦੁਆਰਾ ਹਰ ਸੂਦਰ ਵਾਸਤੇ ਸਿਰਫ਼ ਖੁੱਲ੍ਹਾ ਹੀ ਨਹੀਂ ਸੀ ਸਗੋਂ ਉਥੇ ਜਾ ਸ਼ੂਦਰ ਗੁਰਬਾਣੀ ਦਾ ਪਾਠ ਵੀ ਕਰ ਸਕਦਾ ਸੀ ਅਤੇ ਆਪਣੇ ਗੁਣਾਂ ਸਦਕਾ ਸੰਗਤ ਦਾ ਆਗੂ ਵੀ ਬਣ ਸਕਦਾ ਸੀ।"[32] ਗੁਰਦੁਆਰੇ ਵਿੱਚੋਂ ਸਿੱਖ ਗੁਰੂ ਦੁਆਰਾ ਦਿੱਤੀ ਗਈ, ਸਿੱਖਿਆ-ਸੋਝੀ ਪ੍ਰਾਪਤ ਕਰਕੇ, ਜੀਵਨ-ਜਾਂਚ ਸਿੱਖ ਕੇ ਆਪਣਾ ਜੀਵਨ ਸਫਲਾ ਕਰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖਾਂ ਲਈ ਸੰਕਟ ਦਾ ਸਮਾਂ ਸੀ ਉਸ ਸਮੇਂ ਗੁਰਦੁਆਰਿਆਂ ਨੂੰ ਕਾਇਮ ਰੱਖਣ ਅਤੇ ਇਨ੍ਹਾਂ ਦੀ ਸੇਵਾ ਸੰਭਾਲ ਦਾ ਕੰਮ ਉਦਾਸੀ ਅਤੇ ਨਿਰਮਲੇ ਸੰਤ ਸੇਵਕਾਂ ਵੱਲੋਂ ਕੀਤਾ ਗਿਆ। ਬਾਅਦ ਦੇ ਸਮੇਂ ਵਿੱਚ ਸਿੱਖ ਮਿਸਲਾਂ ਦਾ ਰਾਜ ਕਾਇਮ ਹੋਣ ਤੋਂ ਬਾਅਦ ਸਿੱਖ ਸਰਦਾਰਾਂ ਨੇ ਗੁਰਦੁਆਰਿਆਂ ਦੇ ਨਾਮ ਜਗੀਰਾਂ ਲਾਈਆਂ, "ਮਹਾਰਾਜਾ ਰਣਜੀਤ ਸਿੰਘ ਦਾ ਗੁਰਦੁਵਾਰਿਆਂ ਨਾਲ ਖ਼ਾਸ ਪਿਆਰ ਸੀ। ਉਸ ਨੇ ਸਭ ਇਤਿਹਾਸਕ ਗੁਰਦੁਵਾਰਿਆਂ ਦੇ ਨਾਮ ਜਗੀਰਾਂ ਲਵਾਈਆਂ ਸਨ।"[33] ਜਿਸ ਨਾਲ ਗੁਰਦੁਆਰਿਆਂ ਨੂੰ ਆਰਥਿਕ ਮਦਦ ਮਿਲਣ ਲੱਗ ਪਈ।

ਇਤਿਹਾਸਕ ਪੱਖ ਤੋਂ ਗੁਰਦੁਆਰਿਆਂ ਨੂੰ ਦੋ ਭਾਗਾਂ ਵਿੱਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ, ਇੱਕ ਉਹ ਗੁਰਦੁਆਰੇ ਹਨ: ਜੋ ਗੁਰੂ ਸਾਹਿਬਾਨ ਅਤੇ ਗੁਰੂ-ਪਿਆਰੇ ਸਿੱਖਾਂ ਦੀ ਚਰਨ ਛੋਹ ਯਾਦ ਵਿੱਚ ਪੰਥ ਵੱਲੋਂ ਉਸਾਰੇ ਗਏ ਅਤੇ ਦੂਸਰੇ ਉਹ ਜੋ ਸਿੱਖਾਂ ਨੇ ਗੁਰੂ ਦੀ ਯਾਦ ਨੂੰ ਆਪਣੀ ਸਿਮਰਤੀ ਵਿੱਚ ਤਾਜ਼ਾ ਰੱਖਣ ਅਤੇ ਗੁਰਬਾਣੀ ਦੇ ਸਤਿਕਾਰ ਲਈ ਦੇਸ਼ਾਂ-ਵਿਦੇਸ਼ਾਂ ਵਿੱਚ ਸਥਾਪਿਤ ਕੀਤੇ। ਗੁਰਦੁਆਰਿਆਂ ਨੂੰ ਮਹੱਤਤਾ ਜਾਂ ਮਹਾਨਤਾ ਦੇ ਪੱਖ ਤੋਂ ਵੰਡ ਕੇ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਜਿਸ ਸਥਾਨ 'ਤੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਉਹ ਸਥਾਨ ਸ਼ਰਧਾ ਯੋਗ ਹੈ ਭਾਵੇਂ ਗੁਰਦੁਆਰੇ ਇਤਿਹਾਸ, ਪ੍ਰਬੰਧਕੀ

---

32 ਸੁਖਦਿਆਲ ਸਿੰਘ (1984) *ਖ਼ਾਲਸਾ-ਪ੍ਰਭੂਸਤਾ ਸਿਧਾਂਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 6.

33 ਕਿਰਪਾਲ ਸਿੰਘ (1995) *ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 136.

ਕਾਰਜ ਆਦਿ ਪੱਖ ਤੋਂ ਵੱਖਰੇ-ਵੱਖਰੇ ਹੋਣ ਪਰੰਤੂ ਸਾਰੇ ਗੁਰਦੁਆਰਿਆਂ ਵਿੱਚ ਸਿਧਾਂਤਕ-ਵਿਚਾਰਧਾਰਕ ਏਕਤਾ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਹੈ। ਗੁਰਦੁਆਰਿਆਂ ਦੀ ਤਰ੍ਹਾਂ ਹੀ ਖ਼ਾਲਸੇ ਦੇ ਤਖ਼ਤ ਸਿੱਖਾਂ ਦੀ ਸੰਗਠਿਤ ਪ੍ਰਣਾਲੀ ਦੀ ਮਿਸਾਲ ਹਨ। "ਖ਼ਾਲਸਾ ਪੰਥ ਦੇ ਪੰਜ ਤਖ਼ਤ ਖ਼ਾਲਸਾ ਭਾਈਚਾਰੇ ਦੀ ਸੰਗਠਤ ਪ੍ਰਣਾਲੀ ਦਾ ਇਕ ਬੇਮਿਸਾਲ ਨਮੂਨਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸੰਗਤ ਦੀ ਸਰਬਉੱਚਤਾ ਦੇ ਇਸੇ ਸਿਧਾਂਤ ਨੂੰ 'ਗ੍ਰੰਥ ਅਤੇ ਪੰਥ' ਦੇ ਸੰਕਲਪ ਵਿੱਚ ਤਬਦੀਲ ਕਰਕੇ ਇਸ ਨੂੰ ਸੰਪੂਰਨ ਤੌਰ 'ਤੇ ਸਵੈ-ਸ਼ਾਸਤ ਪਰਬੰਧ ਮੁਹੱਈਆ ਕਰ ਦਿੱਤਾ ਗਿਆ ਸੀ। ਪਹਿਲਾਂ ਸੰਗਤ ਨੂੰ ਖ਼ਾਲਸਾ ਬਣਾਇਆ ਗਿਆ ਸੀ। ਸੰਗਤ ਨੂੰ ਖ਼ਾਲਸੇ ਦਾ ਰੂਪ ਦੇ ਕੇ ਉਸ ਦੀ ਸੰਗਠਤ ਪਰਣਾਲੀ ਨੂੰ ਸਰਬੱਤ ਖ਼ਾਲਸਾ ਅਤੇ ਗੁਰਮਤਾ ਦੀ ਸੰਸਥਾ ਵਿਚ ਪਰੋਇਆ ਗਿਆ ਸੀ। ਇਸ ਨਾਲ ਹੀ ਖ਼ਾਲਸੇ ਦਾ ਪੰਜ ਤਖ਼ਤਾਂ ਵਾਲਾ ਸੰਕਲਪ ਸਾਹਮਣੇ ਆਇਆ ਸੀ। ਦੂਸਰੇ ਸ਼ਬਦਾਂ ਵਿਚ ਖ਼ਾਲਸੇ ਦਾ ਪੰਜ ਤਖ਼ਤਾਂ ਦਾ ਸੰਕਲਪ ਖ਼ਾਲਸਾ ਜਮਹੂਰੀਅਤ ਜਾਂ ਖ਼ਾਲਸਈ ਲੋਕਤੰਤਰ ਦੇ ਸਿਧਾਂਤ ਨੂੰ ਸਥਾਪਤ ਕਰਦਾ ਹੈ।"[34]

ਸਿੱਖ ਸਿਮਰਤੀ ਵਿੱਚ ਸਿਮਰਨ ਦੀ ਆਪਣੀ ਵਿਸ਼ੇਸ਼ ਮਹਾਨਤਾ ਹੈ ਕਿਉਂਕਿ ਜਦੋਂ ਕੋਈ ਸਿੱਖ ਗੁਰਬਾਣੀ ਦੇ ਸਿਮਰਨ ਦਾ ਆਨੰਦ ਮਾਣ ਰਿਹਾ ਹੁੰਦਾ ਹੈ, ਉਸ ਸਮੇਂ ਸ਼ਰਧਾਲੂ ਗੁਰੂ ਸਾਹਿਬ 'ਤੇ ਵਾਪਰੇ ਦੈਵੀ ਅਨੁਭਵ ਨੂੰ ਆਪਣੀ ਸਿਮਰਤੀ ਰਾਹੀਂ ਮਾਨਣ ਦਾ ਯਤਨ ਕਰਦਾ ਹੈ। ਪਰਮਸੱਤਾ ਸਭ ਤੋਂ ਪਹਿਲਾਂ ਮਨੁੱਖੀ ਸਿਮਰਤੀ ਨਾਲ ਜੁੜਦੀ ਹੈ, ਜਿਸ ਲਈ ਗੁਰੂ ਸਾਹਿਬਾਨ ਨੇ ਪਰਮਸੱਤਾ ਦੇ ਸਰੂਪ ਨੂੰ ਸਿਮਰਤੀ ਰੂਪ ਵਿੱਚ ਦ੍ਰਿਸ਼ਟੀਗੋਚਰ ਕੀਤਾ ਹੈ। ਸਿੱਖ ਧਰਮ ਵਿੱਚ ਗੁਰਦੁਆਰੇ ਬਹੁਤ ਮਹੱਤਤਾ ਰੱਖਦੇ ਹਨ, ਗੁਰਦੁਆਰੇ ਗੁਰ-ਉਪਦੇਸ਼ ਦੇ ਸੋਮੇ, ਭਜਨ ਬੰਦਗੀ ਦੇ ਸਥਾਨ, ਧਾਰਮਕ ਸਿੱਖਿਆ ਅਤੇ ਧਾਰਮਕ ਜੀਵਨ ਦੇ ਸਿਖਲਾਈ ਕੇਂਦਰ ਹਨ। ਸਿੱਖ ਲਈ ਗੁਰਦੁਆਰਾ ਉਹ ਸਥਾਨ ਹੈ ਜਿੱਥੇ ਜਾ ਕੇ ਗੁਰਮਤਿ ਦੀ ਸੋਝੀ ਆਉਂਦੀ ਹੈ:-

ਗੁਰੂ ਦੁਆਰੈ ਹੋਇ ਸੋਝੀ ਪਾਇਸੀ॥
ਏਤੁ ਦੁਆਰੈ ਧੋਇ ਹਛਾ ਹੋਇਸੀ॥[35]

---

[34] ਸੁਖਦਿਆਲ ਸਿੰਘ (2002) *ਖ਼ਾਲਸਾ ਪੰਥ ਦੇ ਪੰਜ ਤਖ਼ਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 7.

[35] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 730.

ਗੁਰਦੁਆਰੇ ਜਾਣ ਨਾਲ ਮਨੁੱਖ ਨੂੰ ਐਸੀ ਸੋਝੀ ਪ੍ਰਾਪਤ ਹੁੰਦੀ ਹੈ ਕਿ ਉਹ ਬਾਹਰੀ ਕੂੜ ਪਸਾਰਾ ਭੁੱਲ ਕੇ ਸੱਚੇ ਪਰਮਾਤਮਾ ਦੀ ਯਾਦ ਨੂੰ ਆਪਣੀ ਸਿਮਰਤੀ ਵਿੱਚ ਸਮੋ ਕੇ ਉਸ ਨਾਲ ਜੁੜ ਜਾਂਦਾ ਹੈ। ਗੁਰਦੁਆਰੇ ਵਿੱਚ ਸ਼ਬਦ ਗੁਰੂ ਤੋਂ ਸੇਧ ਪ੍ਰਾਪਤ ਕਰਕੇ ਆਤਮਾ ਨੂੰ ਸੱਚੇ ਪਰਮਾਤਮਾ ਦਾ ਗਿਆਨ ਦਿੱਤਾ ਜਾਂਦਾ ਹੈ। ਗੁਰਦੁਆਰੇ ਦਾ ਸਭ ਤੋਂ ਪਹਿਲਾਂ ਅਤੇ ਮੁੱਖ ਅੰਗ ਹੈ ਸੰਗਤ;

ਸਤਸੰਗਤਿ ਕੈਸੀ ਜਾਣੀਐ॥
ਜਿਥੈ ਏਕੋ ਨਾਮੁ ਵਖਾਣੀਐ॥[36]

ਇਹੀ ਮਹਾਨ ਕਾਰਜ ਹਿਤ ਗੁਰਦੁਆਰੇ ਦੀ ਉਸਾਰੀ ਕੀਤੀ ਜਾਂਦੀ ਹੈ। ਜਿੱਥੇ ਸਾਧ-ਸੰਗਤ ਇਕੱਤਰ ਹੁੰਦੀ ਹੈ, ਸੰਗਤ ਦੀ ਇਕੱਤਰਤਾ ਸਾਧ-ਰੂਪ ਹੁੰਦੀ ਹੈ। ਗੁਰਦੁਆਰੇ ਵਿੱਚ ਝੂਲਦਾ ਨਿਸ਼ਾਨ ਸਾਹਿਬ ਇਸ ਗੱਲ ਦਾ ਪ੍ਰਤੀਕ ਹੈ ਕਿ ਇੱਥੇ ਨਿਰਭੈਤਾ ਹੈ, ਇੱਥੇ ਇੱਕ ਅਕਾਲ ਨੂੰ ਮੰਨਣ ਵਾਲੀ ਸੰਗਤ ਇਕੱਠੀ ਹੋਈ ਹੈ। ਗੁਰਦੁਆਰੇ ਵਿੱਚ ਜਾ ਕੇ ਬਰਾਬਰੀ, ਏਕਤਾ ਦੇ ਨਾਲ-ਨਾਲ ਸਤਿਸੰਗ ਦਾ ਵਾਤਾਵਰਣ ਮਿਲਦਾ ਹੈ।

ਲੰਗਰ ਗੁਰਦੁਆਰੇ ਦਾ ਅਹਿਮ ਹਿੱਸਾ ਹੈ ਜੋ ਕਿ ਜਾਤ-ਪਾਤ ਦੇ ਵਿਰੋਧ ਵਿੱਚ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। "ਲੰਗਰ ਆਦਿ ਤੋਂ ਹੀ ਜਾਤ-ਪਾਤ ਦੇ ਵਿਤਕਰੇ ਵਿਰੁੱਧ ਇਕ ਜ਼ਬਰਦਸਤ ਬਗਾਵਤ ਸੀ। ਗੁਰੂ ਨਾਨਕ ਸਾਹਿਬ ਨੇ ਉੱਚੀਆਂ ਜਾਤਾਂ ਵੱਲੋਂ ਨੀਵੀਆਂ ਜਾਤਾਂ 'ਤੇ ਕੀਤੇ ਗਏ ਅੱਤਿਆਚਾਰਾਂ ਵਿਰੁੱਧ ਅੰਦੋਲਨ ਆਰੰਭਿਆ ਅਤੇ ਗੁਰੂ ਕਾ ਲੰਗਰ ਇਸ ਪਵਿੱਤਰ ਜਦੋ-ਜਹਿਦ ਵਿੱਚ ਬਹੁਤ ਸਹਾਈ ਹੋਇਆ। ਓਦੋਂ ਜਾਤ-ਪਾਤ, ਛੂਤ-ਛਾਤ ਤੇ ਜਨਮ ਦੁਆਰਾ ਊਚ-ਨੀਚ ਦੇ ਵਿਤਕਰੇ ਭਾਰਤੀ ਲੋਕਾਂ ਦੇ ਸਮਾਜਕ ਜੀਵਨ ਨੂੰ ਘੁਣ ਵਾਂਗ ਖਾਈ ਜਾ ਰਹੇ ਸਨ। ਲੰਗਰ ਦੁਆਰਾ ਇਹਨਾਂ ਵਿਰੁੱਧ ਅਮਲੀ ਕਦਮ ਚੁੱਕਿਆ ਗਿਆ ਤੇ ਇਸ ਸਰਬ-ਸਾਂਝੀ ਸੰਸਥਾ ਰਾਹੀਂ ਏਕਤਾ, ਸਮਾਨਤਾ ਦੀ ਨੀਂਹ ਰੱਖੀ ਗਈ।"[37] ਗੁਰਦੁਆਰੇ ਜਾ ਕੇ ਮਨ ਨੀਵਾਂ ਅਤੇ ਮਤ ਉੱਚੀ ਹੁੰਦੀ ਹੈ ਕਿਉਂਕਿ ਜਦੋਂ ਕੋਈ ਗੁਰਦੁਆਰੇ ਵਿੱਚ ਜਾ ਕੇ ਆਪਣਾ ਸਮਾਜਕ ਰੁਤਬਾ ਭੁਲਾ ਕੇ ਸੇਵਾ ਕਰਦਾ ਹੈ ਸੁਭਾਵਿਕ ਹੀ ਮਨ ਵਿੱਚ ਨਿਮਰਤਾ ਦਾ ਭਾਵ ਪੈਦਾ ਹੁੰਦਾ ਹੈ। ਗੁਰਦੁਆਰਾ ਸਮਾਜਕ ਭਲਾਈ ਲਈ ਵਿਹਾਰਕ ਕਾਰਜ (ਸੇਵਾ) ਕਰਨ ਦਾ ਕੇਂਦਰ ਹੈ। ਗੁਰਦੁਆਰਾ ਸੰਸਥਾ ਦੇ ਨਾਲ ਦਵਾਖ਼ਾਨੇ ਦਾ

---

36 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 72.

37 ਪ੍ਰਕਾਸ਼ ਸਿੰਘ (2012) "ਲੰਗਰ ਦੀ ਸੰਸਥਾ" *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 577.

ਵੀ ਗਹਿਰਾ ਸੰਬੰਧ ਜੁੜਦਾ ਹੈ। ਗੁਰੂ ਸਾਹਿਬਾਨ ਨੇ ਵੀ ਆਪਣੇ ਹੱਥੀ ਰੋਗੀਆਂ ਦੀ ਸੇਵਾ ਸੰਭਾਲ ਕੀਤੀ, ਇਸੇ ਸੰਕਲਪ ਅਧੀਨ ਸ੍ਰੀ ਗੁਰੂ ਹਰਿ ਰਾਇ ਜੀ ਨੇ ਕੀਰਤਪੁਰ ਵਿਖੇ ਇੱਕ ਵੱਡਾ ਦਵਾਖ਼ਾਨਾ ਬਣਵਾਇਆ। ਗੁਰਦੁਆਰਾ, ਜਿੱਥੇ ਰੋਗ ਰਹਿਤ ਬਲ-ਮਈ ਰਿਸ਼ਟ-ਪੁਸ਼ਟ ਆਤਮਾ ਅਤੇ ਮਨ ਦੀ ਘਾੜਤ ਘੜਦਾ ਹੈ, ਉੱਥੇ ਸਰੀਰ ਨੂੰ ਵੀ ਇਹੋ ਜਿਹਾ ਹੀ ਰੱਖਦਾ ਹੈ। ਸਰੀਰ ਹੀ ਤਾਂ ਪਵਿੱਤਰ ਆਤਮਾ ਦਾ ਵਾਹਕ ਹੈ, ਤੰਦਰੁਸਤ ਸਰੀਰ ਅੰਦਰ ਹੀ ਤੰਦਰੁਸਤ ਆਤਮਾ ਵਾਸ ਕਰਦੀ ਹੈ।

ਸਿੱਖ ਮਿਸਲਾਂ ਤੋਂ ਬਾਅਦ ਜਦੋਂ ਗੁਰਦੁਆਰਿਆਂ ’ਤੇ ਕਾਬਜ ਪ੍ਰਬੰਧਕਾਂ ਵੱਲੋਂ ਆਪ ਹੁਦਰੀਆਂ ਅਤੇ ਕੁਰੀਤੀਆਂ ਕੀਤੀਆਂ ਜਾਣ ਲੱਗੀਆਂ ਤਦ ਗੁਰਦੁਆਰਿਆਂ ਦੇ ਸੁਧਾਰ ਹਿਤ ਸਮਾਜ ਸੁਧਾਰਕ ਲਹਿਰਾਂ ਨੇ ਗੁਰਦੁਆਰਿਆਂ ਵਿੱਚ ਮਰਯਾਦਾ ਕਾਇਮ ਕਰਨ ਲਈ ਯੋਗ ਉਪਰਾਲੇ ਕੀਤੇ। 1925 ਈ. ਦੇ ਸਿੱਖ ਗੁਰਦੁਆਰਾ ਐਕਟ ਅਧੀਨ ਸਰਕਾਰ ਨੇ ਇਤਿਹਾਸਕ ਗੁਰਦੁਆਰਿਆਂ ਉੱਤੇ ਪੰਥਕ ਕਬਜ਼ੇ ਨੂੰ ਮਾਨਤਾ ਦੇ ਦਿੱਤੀ, ਉਦੋਂ ਤੋਂ ਹੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

ਸਿੱਖ ਰਹਿਤ ਮਰਯਾਦਾ ਵਿੱਚ ਗੁਰਦੁਆਰੇ ਨੂੰ “ਸਿੱਖ ਸੰਗਤ ਦੇ ਜੋੜ ਮੇਲ ਦਾ ਸਥਾਨ”[38] ਕਿਹਾ ਗਿਆ ਹੈ, ਇਹ ਜੋੜ ਮੇਲ ਕਿਸੇ ਸਮਾਜਿਕ ਜਾਂ ਰਾਜਨੀਤਿਕ ਮੰਤਵ ਲਈ ਵੀ ਹੋ ਸਕਦਾ ਹੈ ਪਰੰਤੂ ਮੁੱਖ ਰੂਪ ਵਿੱਚ ਗੁਰਦੁਆਰੇ ਜੁੜੀ ਸੰਗਤ ਦਾ ਮੰਤਵ ਧਾਰਮਕ ਹੁੰਦਾ ਹੈ ਤਾਂ ਕਿ ਸਿੱਖ ਸੰਗਤ ਵਿੱਚ ਬੈਠ ਕੇ ਗੁਰਬਾਣੀ ਤੋਂ ਲਾਭ ਪ੍ਰਾਪਤ ਕਰ ਸਕਣ।

ਗੁਰਦੁਆਰਾ ਸਿੱਖਾਂ ਦੀਆਂ ਰਾਜਨੀਤਕ ਸਰਗਰਮੀਆਂ ਦਾ ਵੀ ਕੇਂਦਰ ਹੈ। ਲੰਮੇ ਸਮੇਂ ਤੋਂ ਗੁਰਮਤਾ ਦੀ ਪਰੰਪਰਾ ਰਹੀ ਹੈ, ਜਿਸ ਨੂੰ ਗੁਰਦੁਆਰੇ ਵਿੱਚ ਸ਼ਬਦ ਗੁਰੂ ਦੀ ਹਾਜ਼ਰੀ ਦੌਰਾਨ ਹੀ ਸੰਪੰਨ ਕੀਤਾ ਜਾਂਦਾ ਹੈ ‘ਗੁਰਮਤਾ’ ਤੋਂ ਭਾਵ ਉਹ ਸਲਾਹ ਜਾਂ ਮਸ਼ਵਰਾ ਹੈ। ਜਿਹੜਾ ਗੁਰਮਤਿ ਅਨੁਸਾਰ ਸਿੱਖ ਸੰਗਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੀਤਾ ਜਾਂਦਾ ਹੈ। ਹਰ ਸਿੱਖ ਦੀ ਗੁਰਦੁਆਰੇ ਨਾਲ ਧਾਰਮਕ ਅਤੇ ਭਾਵਨਾਤਮਕ ਸਾਂਝ ਦੇ ਨਾਲ-ਨਾਲ ਹੋਂਦ ਹਸਤੀ ਅਤੇ ਪਛਾਣ ਜੁੜੀ ਹੋਈ ਹੈ। ਸ੍ਰੀ ਅਨੰਦਪੁਰ ਸਾਹਿਬ, ਗੁਰੂ ਵੱਲੋਂ ਵਸਾਈ ਨਗਰੀ ਹੈ ਇੱਥੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸ਼ਹਾਦਤ ਦੇਣ ਲਈ ਦਿੱਲੀ ਵੱਲ ਰਵਾਨਾ ਹੋਏ ਇਸ ਤਰ੍ਹਾਂ ਇਹ ਜ਼ੁਲਮ ਵਿਰੁੱਧ ਡਟਣ ਦਾ ਪ੍ਰਤੀਕ ਹੈ। ਗੁਰਦੁਆਰਾ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ

---

38 *ਸਿੱਖ ਰਹਿਤ ਮਰਯਾਦਾ* (2005) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਪੰ. 12.

ਸਿੱਖ ਸਿਮਰਤੀ ਵਿੱਚ ਵਿਸ਼ੇਸ਼ ਸਥਾਨ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸਿੱਖ ਸਿਮਰਤੀ 'ਤੇ ਅਮਿੱਟ ਛਾਪ ਹੈ। ਇਹ ਸਿੱਖ ਮਨਾਂ ਦਾ ਵਿਰਾਸਤੀ ਧੁਰਾ ਅਤੇ ਰੂਹਾਨੀ ਪ੍ਰਕਾਸ਼ ਹੈ। ਦੁਨਿਆਵੀ ਤਖ਼ਤਾਂ ਤੋਂ ਨਿਆਰਾ ਇਹ ਤਖ਼ਤ ਮਨੁੱਖੀ ਅਧਿਕਾਰਾਂ, ਧਾਰਮਕ ਸੁਤੰਤਰਤਾ ਦਾ ਪਹਿਰੇਦਾਰ ਹੈ। ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਨੂੰ ਸਮਝਣ ਲਈ ਸ੍ਰੀ ਅਨੰਦਪੁਰ ਸਾਹਿਬ ਦੇ ਪਿਛੋਕੜ, ਸਰੂਪ ਅਤੇ ਸਿਧਾਂਤ ਬਾਰੇ ਸਮਝਣਾ ਲਾਜ਼ਮੀ ਹੈ।

### 3.1 ਸ੍ਰੀ ਅਨੰਦਪੁਰ ਸਾਹਿਬ: ਸਰੂਪ ਅਤੇ ਸਿਧਾਂਤ

ਸ੍ਰੀ ਅਨੰਦਪੁਰ ਦੋ ਸ਼ਬਦਾਂ ਦੇ ਸੁਮੇਲ 'ਅਨੰਦ + ਪੁਰ' ਤੋਂ ਬਣਿਆ ਹੈ। ਅਨੰਦ ਸ਼ਬਦ ਆਤਮਾ ਦੀ ਉਸ ਅਵਸਥਾ ਦਾ ਸੂਚਕ ਹੈ, ਜਿਸ ਵਿੱਚ ਸ਼ਾਂਤੀ, ਅਡੋਲਤਾ, ਤ੍ਰਿਪਤੀ, ਨਿਰਲੇਪਤਾ, ਕੋਮਲਤਾ ਆਦਿ ਗੁਣ ਹੁੰਦੇ ਹਨ। ਸ੍ਰੀ ਅਨੰਦਪੁਰ ਸਾਹਿਬ ਵਿੱਚ ਆਉਣ ਵਾਲਾ 'ਪੁਰ' ਸ਼ਬਦ ਨਗਰੀ ਦਾ ਲਖਾਇਕ ਹੈ, ਜਿਸ ਦਾ ਭਾਵ ਹੈ ਰਹਿਣ ਦਾ ਸਥਾਨ-ਨਗਰੀ। "ਅਨੰਦ ਚੇਤਨ ਪ੍ਰਫੁਲਿਤ ਪਵਿੱਤਰ-ਪਾਵਨ ਸ਼ਬਦ (ਰਹਿਣੀ) ਦਾ ਨਿੱਤ ਵਾਲਾ ਸਹਿਜ ਰਸ ਹੈ।"[39] ਇਸ ਪ੍ਰਕਾਰ ਸ੍ਰੀ ਅਨੰਦਪੁਰ ਸਾਹਿਬ ਸ਼ਬਦ ਜਿਸ ਦਾ ਭਾਵ ਅਨੰਦ ਦੀ ਨਗਰੀ ਹੈ, ਜਿੱਥੇ ਹਮੇਸ਼ਾਂ ਵਿਸਮਾਦ ਰਹੇ, ਅਨੰਦ ਰਹੇ ਅਤੇ ਕਿਸੇ ਪ੍ਰਕਾਰ ਦੇ ਸੋਗ, ਦੁੱਖ ਆਦਿਕ ਲਈ ਕੋਈ ਥਾਂ ਨਾਂ ਹੋਵੇ।

ਸ੍ਰੀ ਅਨੰਦਪੁਰ ਸਾਹਿਬ ਨੂੰ ਜੇਕਰ *ਬੇਗਮਪੁਰਾ ਸਹਰ* ਦਾ ਯਥਾਰਥ ਰੂਪ ਮੰਨ ਲਈਏ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ, ਇੱਥੇ *ਦੁਖ ਅੰਦੋਹ, ਖਉਫ ਨ ਖਤਾ ਨ ਤਰਸੁ ਜਵਾਲੁ* ਦਾ ਪਾਠ ਪੜ੍ਹਾਇਆ ਗਿਆ ਅਤੇ *ਅਬ ਮੋਹਿ ਖੂਬ ਵਤਨ ਗਹ ਪਾਈ* ਦੇ ਅਨੰਦਮਈ ਪਾਸਾਰ ਦਾ ਰੂਪ ਸਾਕਾਰ ਕੀਤਾ:-

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥[40]

---

[39] ਤਾਰਨ ਸਿੰਘ (1980) *ਅਨੰਦ: ਜੋਤਿ ਤੇ ਜੁਗਤਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 120.

[40] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 345.

ਇਸ ਮਹਾਨ ਨਗਰ ਦੇ ਸੰਸਥਾਪਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਦੂਜਿਆਂ ਖਾਤਰ ਅਤੇ ਸਭ ਦੇ ਧਰਮ ਵਿਸ਼ਵਾਸ ਦੀ ਸੁਤੰਤਰਤਾ ਲਈ ਸ਼ਹਾਦਤ ਦੇ ਕੇ ਇੱਕ ਅਦੁੱਤੀ/ਵਿਲੱਖਣ ਮਿਸਾਲ ਕਾਇਮ ਕੀਤੀ। ਸ਼ਹਾਦਤ ਦੇ ਨਾਲ-ਨਾਲ ਸਿੱਖ ਗੁਰੂ ਸਾਹਿਬਾਨ ਨੇ ਸਮਾਜ ਸੁਧਾਰ ਲਈ ਸੰਗਤ, ਲੰਗਰ, ਗੁਰਦੁਆਰਾ ਆਦਿ ਸੰਸਥਾਵਾਂ ਦਾ ਸੰਗਠਨ ਕੀਤਾ। "ਸਿੱਖ ਗੁਰੂ ਸਾਹਿਬਾਨ ਵੱਲੋਂ ਇਨ੍ਹਾਂ ਸੰਸਥਾਵਾਂ ਤੋਂ ਇਲਾਵਾ ਜਿਹੜਾ ਇਕ ਹੋਰ ਕੰਮ ਕੀਤਾ ਗਿਆ, ਉਹ ਸੀ ਐਸੇ ਸਮਾਜ ਦੇ ਵਸੇਬੇ ਲਈ ਬਿਲਕੁਲ ਹੀ ਨਵੇਂ ਪਿੰਡ ਜਾਂ ਸ਼ਹਿਰ ਸਥਾਪਤ ਕਰਨਾ ਤਾਂ ਕਿ ਪਿੰਡ ਜਾਂ ਸ਼ਹਿਰ ਦੀ ਸ਼ੁਰੂਆਤ ਹੀ ਇਸੇ ਵਿਚਾਰ ਤੋਂ ਹੋਵੇ ਕਿ ਇਹ ਲੋਕ ਇਕ ਨਵੇਂ ਇਨਕਲਾਬ ਦੀ ਦੇਣ ਹਨ, ਜਿਸ ਨੇ ਪਹਿਲੇ ਸਥਾਪਤ ਭੇਦ-ਭਾਵ ਨੂੰ ਖ਼ਤਮ ਕਰ ਕੇ ਇਕ ਨਵਾਂ ਨਿਜ਼ਾਮ ਸਥਾਪਤ ਕਰਨਾ ਹੈ।"[41] ਇਹ ਨਿਜ਼ਾਮ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਉੱਠੇਗਾ ਇਸੇ ਲਈ ਸਦੀਵੀ ਆਨੰਦ ਦੀ ਪ੍ਰਾਪਤੀ ਲਈ ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਹੋਣਾ ਸਿੱਖ ਸਿਮਰਤੀ ਵਿੱਚ ਸਦਾ ਲਈ ਸਮੋ ਗਿਆ ਹੈ। "ਅਨੰਦ ਸੰਕਲਪ ਦਾ ਰੂਪ ਨਹੀਂ ਹੈ। ਅਨੰਦ ਇਕ ਅਵਸਥਾ ਹੈ ਜਿਥੇ ਹਰਖ-ਸੋਗ, ਦੁਖ-ਸੁਖ, ਮਾਨ-ਅਪਮਾਨ, ਸੋਨਾ-ਮਿੱਟੀ ਸਮਾਨ ਦ੍ਰਿਸ਼ਟੀ ਆਉਂਦੇ ਹਨ।"[42]

ਅਧਿਆਤਮਕ ਚਿੰਤਨ ਵਿੱਚ ਅਨੰਦ ਦਾ ਵਰਣਨ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਬਾਣੀ ਵਿੱਚ ਕੀਤਾ ਹੈ। ਅਨੰਦ ਬਾਣੀ ਆਤਮਿਕ ਅਨੰਦ ਦਾ ਇੱਕ ਸੋਮਾ ਹੈ, ਗੁਰਮਤਿ ਅਨੁਸਾਰ ਅਨੰਦ ਪਦਾਰਥਾਂ ਦਾ ਭੋਗ ਕਰਨ ਨਾਲ ਨਹੀਂ ਮਿਲਦਾ ਸਗੋਂ ਗੁਰਮਤਿ ਅਨੁਸਾਰ ਅਨੰਦ ਰੂਹਾਨੀ ਤ੍ਰਿਪਤੀ ਹੈ। "ਸ੍ਰੀ ਅਨੰਦਪੁਰ ਸਾਹਿਬ ਉਹ ਪਵਿੱਤਰ ਅਤੇ ਇਤਿਹਾਸਕ ਧਰਤੀ ਹੈ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ-ਧਰਮ ਦਾ ਲੋਕ-ਰਾਜੀ ਰੂਪ ਪ੍ਰਗਟ ਕੀਤਾ ਹੈ, ਜਿਥੇ ਪੰਜ ਸਿੱਖਾਂ ਕੋਲੋਂ- ਤਨ, ਮਨ ਲੈ ਕੇ ਉਨ੍ਹਾਂ ਨੂੰ ਮੌਤ ਦੇ ਭੈ ਤੋਂ ਸੁਤੰਤਰ ਕੀਤਾ ਹੈ, ਜਿਥੇ ਗੁਰੂ-ਕੌਮ ਨੂੰ ਸੰਪੂਰਨ ਰੂਪ, 'ਖ਼ਾਲਸਾ' ਵਿਚ ਸਿਰਜਿਆ ਤੇ ਸੰਵਾਰਿਆ ਹੈ, ਜਿਥੇ ਖ਼ਾਲਸੇ ਨੂੰ ਅਣਖ ਅਤੇ ਆਜ਼ਾਦੀ ਦਾ ਆਸ਼ਕ ਬਣਾਇਆ ਹੈ, ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਸਦਾ ਜਾਗਦੇ ਯੋਧੇ ਵਾਂਗ ਜੀਉਂਦਾ ਹੈ। ਉਹ ਕਦੀ ਵੀ ਮੈਂ, ਕੂੜ, ਦਵੈਤ, ਪਾਖੰਡ ਤੇ ਵਿਕਾਰਾਂ ਦੇ ਬੰਧਨ ਵਿਚ ਨਹੀਂ ਆਉਂਦਾ ਅਤੇ ਨਾ ਹੀ ਆਪਣੇ ਆਪ ਨਾਲ ਜਾਂ ਕਿਸੇ ਹੋਰ ਨਾਲ ਜ਼ੁਲਮ ਤੇ ਬੇਇਨਸਾਫੀ ਹੋਣ ਦਿੰਦਾ ਹੈ। ਧਰਮ-ਯੁੱਧ

---

41 ਸੁਖਦਿਆਲ ਸਿੰਘ (1986) "ਸਿੱਖ: ਇੱਕ ਵੱਖਰੀ ਕੌਮ" ਭਾਈ ਸੇਵਾ ਸਿੰਘ, ਅਨੁ. , *ਸੂਰਾ ਮਾਸਕ ਪੱਤਰ,* ਅੰਮ੍ਰਿਤਸਰ, ਪੰ. 135.

42 ਗਿਆਨੀ ਹਰਿਬੰਸ ਸਿੰਘ (2010) *ਅਨੰਦ ਪਰਮਾਰਥ ਇਕ ਅਧਿਆਤਮਿਕ ਅਧਿਐਨ,* ਸੁੰਦਰ ਬੁੱਕ ਡਿਪੋ, ਜਲੰਧਰ, ਪੰ. 36.

ਲਈ ਜੂਝ ਮਰਨਾ ਉਸ ਦਾ ਪਰਮ ਆਦਰਸ਼ ਹੁੰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਨਿਰੰਤਰ ਆਪਣੇ ਆਪ ਨੂੰ ਅਧਿਆਤਮਿਕ ਰਖਦਾ ਹੈ।"[43]

ਸਿੱਖ ਗੁਰੂ ਸਾਹਿਬਾਨ ਵੱਲੋਂ ਨਵੇਂ ਨਗਰ ਵਸਾਉਣ ਦੀ ਪਰੰਪਰਾ ਤਹਿਤ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ 1665 ਈ. ਨੂੰ ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਦੀ ਨੀਂਹ ਰੱਖੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਵਸਾਏ ਇਸ ਨਗਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਅਨੰਦ' ਦੀ ਇਤਿਹਾਸਕ ਅਤੇ ਇਨਕਲਾਬੀ ਚਰਮ ਸੀਮਾ ਤੱਕ ਪਹੁੰਚਾਇਆ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ "ਇਹਨਾਂ ਦੌਰਿਆਂ ਉਪਰੰਤ ਪਰਿਵਾਰ ਸਮੇਤ ਮਈ, 1665 ਈ. ਵਿੱਚ ਕੀਰਤਪੁਰ ਸਾਹਿਬ ਪਹੁੰਚ ਗਏ। ਗੁਰੂ ਸਾਹਿਬ ਅਤੇ ਉਨ੍ਹਾਂ ਦਾ ਪਰਿਵਾਰ ਕੀਰਤਪੁਰ ਸਾਹਿਬ ਪਹੁੰਚਿਆ ਹੀ ਸੀ, ਕਿ ਬਿਲਾਸਪੁਰ ਦੀ ਰਾਣੀ ਚੰਪਾ ਦੇਵੀ ਦਾ ਸੁਨੇਹਾ ਆ ਗਿਆ ਬਿਲਾਸਪੁਰ ਦੇ ਰਾਜ ਦੀਪ ਚੰਦ ਦਾ ਚਲਾਣਾ ਹੋ ਗਿਆ ਸੀ ਅਤੇ ਰਾਣੀ ਚੰਪਾ ਦੇਵੀ ਨੇ ਗੁਰੂ ਜੀ ਅਤੇ ਉਹਨਾਂ ਦੇ ਪਰਿਵਾਰ ਨੂੰ ਰਾਜੇ ਦੇ ਭੋਗ ਦੀ ਰਸਮ ਲਈ ਉਚੇਚੇ ਤੌਰ 'ਤੇ ਬੁਲਾਇਆ ਸੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦਾ ਪਰਿਵਾਰ 13 ਮਈ, 1665 ਈ. ਨੂੰ ਬਿਲਾਸਪੁਰ ਪਹੁੰਚੇ। ਰਾਣੀ ਚੰਪਾ ਨੇ ਉਨ੍ਹਾਂ ਦਾ ਬਹੁਤ ਆਦਰ ਸਤਿਕਾਰ ਕੀਤਾ ਇੱਥੇ ਹੀ ਰਾਣੀ ਨੂੰ ਪਤਾ ਲੱਗਿਆ, ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੀਰਤਪੁਰ ਛੱਡ ਕੇ ਮਾਲਵੇ ਦੀ ਕਿਸੇ ਥਾਂ 'ਤੇ ਜਾ ਕੇ ਵੱਸਣਾ ਚਾਹੁੰਦੇ ਹਨ। ਰਾਣੀ ਨੇ ਮਾਤਾ ਨਾਨਕੀ ਜੀ ਨੂੰ ਕਿਹਾ ਕਿ ਉਹ ਕੀਰਤਪੁਰ ਛੱਡ ਕੇ ਨਾ ਜਾਣ ਉਹ ਜਿੱਥੇ ਵੀ ਚਾਹੁਣ, ਨਵੀਂ ਥਾਂ ਲੈ ਕੇ ਰਹਿ ਸਕਦੇ ਹਨ। ਇਸ ਤਰ੍ਹਾਂ ਰਾਣੀ ਨੇ, ਵਰਤਮਾਨ ਸ੍ਰੀ ਅਨੰਦਪੁਰ ਸਾਹਿਬ ਵਾਲੀ ਥਾਂ ਦਿੱਤੀ, ਇਹ ਥਾਂ ਉਸ ਸਮੇਂ ਲੋਦੀਪੁਰ, ਮੀਆਂਪੁਰ ਅਤੇ ਸਹੋਤੇ ਪਿੰਡਾਂ ਦੀ ਧਰਤੀ ਸੀ।"[44] ਸ੍ਰੀ ਅਨੰਦਪੁਰ ਸਾਹਿਬ ਦੇ ਨਾਮਕਰਣ ਸੰਬੰਧੀ ਸਤਿਬੀਰ ਸਿੰਘ ਲਿਖਦੇ ਹਨ, "ਇਸ ਦਾ ਪਹਿਲਾ ਨਾਂ ਮਾਖੋਵਾਲ ਸੀ ਤੇ ਗੁਰੂ ਤੇਗ ਬਹਾਦਰ ਜੀ ਵੇਲੇ 'ਨਾਨਕੀ ਚੱਕ' (ਨੌਵੇਂ ਪਾਤਸ਼ਾਹ ਦੀ ਮਾਤਾ ਜੀ ਦਾ ਨਾਮ) ਕਰਕੇ ਜਾਣਿਆ ਜਾਂਦਾ ਸੀ ਪਰ ਜਦ ਪਟਨਾ ਸਾਹਿਬ ਤੋਂ ਬਾਲਾ

---

[43] ਜੋਗਿੰਦਰ ਸਿੰਘ (1986) *ਜਿਨ੍ਹਾਂ ਧਰਮ ਨਹੀਂ ਹਾਰਿਆ: ਧਰਮ ਯੁੱਧ ਤੋਂ ਸ਼ਹਾਦਤ ਤਕ*, ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ, ਪੰ. 40.

[44] ਸੁਖਦਿਆਲ ਸਿੰਘ (1998) *ਖ਼ਾਲਸੇ ਦੀ ਜਨਮ ਭੂਮੀ ਸਿਰੀ ਸ੍ਰੀ ਅਨੰਦਪੁਰ ਸਾਹਿਬ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 2-3.

ਪ੍ਰੀਤਮ ਗੁਰੂ ਗੋਬਿੰਦ ਸਿੰਘ ਜੀ ਮਾਤਾ ਗੁਜਰੀ ਨਾਲ ਚੱਕ ਨਾਨਕੀ ਆਏ ਤਾਂ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਕੇ ਮਾਤਾ ਜੀ ਵੱਲ ਮੁੱਖ ਕਰਕੇ ਇਹ ਤੁਕ ਪੜ੍ਹੀ:

ਅਨੰਦ ਭਇਆ ਮੇਰੀ ਮਾਇ
ਸਤਿਗੁਰੂ ਮੈ ਪਾਇਆ॥

ਤਾਂ ਨੌਵੇਂ ਪਾਤਸ਼ਾਹ ਇਤਨੇ ਪ੍ਰਸੰਨ ਹੋਏ ਕਿ ਚੱਕ ਨਾਨਕੀ ਦਾ ਨਾਮ 'ਅਨੰਦਪੁਰ' ਹੀ ਰੱਖ ਦਿੱਤਾ।"[45]

ਖ਼ਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਹੈ, ਖ਼ਾਲਸਾ ਰਵਾਇਤ ਅਨੁਸਾਰ, ਸਮੁੱਚਾ ਖ਼ਾਲਸਾ ਪੰਥ ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਹੈ। "1699 ਦੀ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਇਕ ਐਸੀ ਘਟਨਾ ਵਾਪਰੀ, ਜਿਸ ਨੇ ਸਦੀਆਂ ਤੋਂ ਵਹਿਣ ਵਿੱਚ ਵਹਿ ਰਹੇ ਭਾਰਤੀ ਇਤਿਹਾਸ ਦਾ ਰੁਖ ਮੋੜ ਦਿੱਤਾ। ਇਤਿਹਾਸ ਦੇ ਪੰਨਿਆਂ 'ਤੇ ਇਸ ਦਿਨ ਦੇ ਪਹਿਲਾਂ ਦੇ ਅਤੇ ਬਾਅਦ ਦੇ ਭਾਰਤ ਵਿਚ ਜ਼ਮੀਨ ਅਸਮਾਨ ਦਾ ਅੰਤਰ ਸਪੱਸ਼ਟ ਨਜ਼ਰ ਆਉਂਦਾ ਹੈ।"[46] ਇਸ ਬਾਰੇ ਟਿੱਪਣੀ ਰੂਪ ਵਿੱਚ ਕਿਹਾ ਜਾ ਸਕਦਾ ਹੈ, ਕਿ ਖ਼ਾਲਸੇ ਦੀ ਸਿਰਜਨਾ ਨੇ ਕਾਇਰਤਾ ਖ਼ਤਮ ਕਰਕੇ ਨਿਰਭੈਤਾ ਦੀ ਮਿਸਾਲ ਕਾਇਮ ਕਰ ਦਿੱਤੀ। ਜਿਸ ਦੀ ਬੁਨਿਆਦ ਉੱਤੇ ਆਦਰਸ਼ਕ ਮਨੁੱਖ ਦੀ ਸਿਰਜਨਾ ਹੋਈ ਅਤੇ ਜ਼ੁਲਮ ਦਾ ਟਾਕਰਾ ਕਰਨ ਦੀ ਜੁਰਅਤ ਪੈਦਾ ਹੋਈ। ਖ਼ਾਲਸਾ ਸਾਜਨਾ ਨਾਲ ਸਿੱਖਾਂ ਦੀ ਸੁਤੰਤਰ ਹੋਂਦ ਦੀ ਪ੍ਰਾਪਤੀ ਹੋਈ। "ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਸਾਹਿਬ ਦਾ ਨਗਰ ਵਸਾਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਪੰਜ ਜੰਗੀ ਕਿਲ੍ਹੇ ਉਸਾਰੇ। ਨਵੇਂ ਪਿੰਡ ਅਤੇ ਸ਼ਹਿਰ ਵਸਾਣ ਦਾ ਮਕਸਦ ਹੀ ਇਹ ਸੀ ਕਿ ਨਵੇਂ ਸਿਰਜੇ ਜਾ ਰਹੇ ਸੱਭਿਆਚਾਰ ਇਨਕਲਾਬ ਦੇ ਕੇਂਦਰ ਆਪਣੇ ਆਪ ਵਿਚ ਹੀ ਨਵੇਂ ਹੋਣ ਅਤੇ ਪੁਰਾਣੇ ਬ੍ਰਾਹਮਣਵਾਦੀ ਪ੍ਰਭਾਵ ਤੋਂ ਬਿਲਕੁਲ ਹੀ ਮੁਕਤ ਹੋਣ।"[47]

ਗੁਰ ਪਰਿਵਾਰ ਦਾ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧ ਬਹੁਤ ਗਹਿਰਾ ਹੈ। "ਗੁਰੂ ਤੇਗ ਬਹਾਦਰ ਜੀ ਦੇ ਹੁੰਦਿਆਂ ਹੀ ਅਨੰਦਪੁਰ ਵਿਚ ਗੋਬਿੰਦ ਜੀ ਦੀ ਸ਼ੋਭਾ ਚਮਕ ਉਠੀ ਸੀ ਅਤੇ ਉਨ੍ਹਾਂ ਨੇ ਤੀਰ ਅੰਦਾਜ਼ੀ, ਕਿਰਪਾਨ ਦੇ ਕਸਬ, ਤੇ ਘੋੜ-ਸਵਾਰੀ ਵਿਚ ਪ੍ਰਵੀਨਤਾ ਪ੍ਰਾਪਤ ਕਰ ਲਈ ਸੀ। ਆਪਣੇ ਪਿਤਾ ਜੀ ਦੇ ਚਰਨਾਂ

---

[45] ਸਤਿਬੀਰ ਸਿੰਘ (1993) *ਰਬਾਬ ਤੋਂ ਨਗਾਰਾ*, ਨਿਊ ਬੁੱਕ ਕੰਪਨੀ, ਜਲੰਧਰ, ਪੰ. 165.

[46] ਜਸਪਾਲ ਸਿੰਘ (2010) *ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ*, ਨਵਯੁਗ ਪਬਲਿਸਰਜ਼, ਨਵੀਂ ਦਿੱਲੀ, ਪੰ. 88.

[47] ਸੁਖਦਿਆਲ ਸਿੰਘ (1986) "ਸਿੱਖ: ਇੱਕ ਵੱਖਰੀ ਕੌਮ" ਸੇਵਾ ਸਿੰਘ, ਅਨੁ., *ਸੂਰਾ ਮਾਸਕ ਪੱਤਰ*, ਅੰਮ੍ਰਿਤਸਰ, ਪੰ. 137.

ਵਿਚ ਬੈਠਕੇ ਉਨ੍ਹਾਂ ਨੇ ਕਾਵਿ ਰਚਨਾ ਕੀਤੀ। ਉਸ ਸਮੇਂ ਅਨੰਦਪੁਰ ਵਿਖੇ ਉਨ੍ਹਾਂ ਨੂੰ ਜੀਵਨ ਦੀ ਕਲਾ ਵਿਚ ਨਿਪੁੰਨ ਕਰਨ ਲਈ ਹਰ ਪ੍ਰਕਾਰ ਦੇ ਗੁਣਵਾਨ ਵਿਅਕਤੀ ਸਿਖਿਆ ਦੇਂਦੇ ਰਹੇ ਸਨ।"[48] ਉਹੀ ਸਿੱਖਿਆ ਨੇ ਸਿੱਖਾਂ ਦੀ ਸਿਮਰਤੀ ਨੂੰ ਧਾਰਮਕ ਆਜ਼ਾਦੀ ਅਤੇ ਮਾਨਵੀ ਹੱਕਾਂ ਦੀ ਰੱਖਿਆ ਕਰਨ ਲਈ ਪ੍ਰੇਰਿਤ ਕੀਤਾ।

## 4. ਸਿੱਖ ਸਿਮਰਤੀ ਅਤੇ ਖ਼ਾਲਸਾ ਸਿਰਜਨਾ

ਇਤਿਹਾਸਕ ਸਿਮਰਤੀ ਲੋਕ ਸਮੂਹ ਦੀ ਧਾਰਮਕ, ਸਮਾਜਕ ਅਤੇ ਰਾਜਨੀਤਿਕ ਪਛਾਣ ਬਣਾਉਣ ਵਿੱਚ ਸਹਾਇਤਾ ਕਰਦੀ ਹੈ। ਇਤਿਹਾਸਕ ਸਿਮਰਤੀ ਨੂੰ ਸਮੂਹਿਕ ਜਾਂ ਸਮਾਜਕ ਸਿਮਰਤੀ ਵੀ ਕਿਹਾ ਜਾ ਸਕਦਾ ਹੈ। ਇਤਿਹਾਸਕ ਸਿਮਰਤੀ ਦੇ ਲੋਕ ਸਮੂਹ ਦੇ ਮਨ 'ਤੇ ਵਿਸ਼ੇਸ਼ ਕਿਸਮ ਦੀਆਂ ਘਟਨਾਵਾਂ ਦੇ ਪ੍ਰਭਾਵ ਆਮ ਤੌਰ 'ਤੇ ਦੇਖੇ ਜਾਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ 1699 ਈ. ਦੀ ਵਿਸਾਖੀ ਨੂੰ ਖ਼ਾਲਸੇ ਦੀ ਸਾਜਨਾ ਕਰਨ ਲਈ ਇਸ ਤੋਂ ਪਹਿਲੇ ਸਾਲ ਵੱਖ-ਵੱਖ ਥਾਵਾਂ ਤੋਂ ਸੰਗਤ ਨੂੰ ਹੁਕਮਨਾਮੇ ਭੇਜੇ ਗਏ ਸਨ ਕਿ ਉਹ ਮਸੰਦਾਂ ਨੂੰ ਗੁਰੂ ਦੇ ਪ੍ਰਤੀਨਿਧ ਨਾ ਮੰਨਣ ਅਤੇ ਵਿਸਾਖੀ ਮੌਕੇ ਭਾਰੀ ਗਿਣਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਆਉਣ। ਗੁਰੂ ਜੀ ਬੜੇ ਅਸਚਰਜਪੂਰਨ ਢੰਗ ਨਾਲ ਸੰਗਤ ਦੇ ਸਾਹਮਣੇ ਆਏ, ਉਹਨਾਂ ਦੇ ਹੱਥ ਵਿੱਚ ਨੰਗੀ ਤਲਵਾਰ ਸੀ ਅਤੇ ਉਹਨਾਂ ਨੇ ਸੰਗਤ ਵਿੱਚੋਂ ਧਰਮ ਹੇਤ ਸੀਸ ਦੀ ਮੰਗ ਕੀਤੀ:-

> ਸਨਮੁਖ ਪੂਰਾ ਸਿਖ ਹੈ ਕੋਈ। ਸੀਸ ਭੇਟ ਗੁਰ ਦੇਵੇ ਸੋਈ।
> ਯੋ ਸੁਨ ਹੁਕਮ ਅਧਿਕ ਬਹੁ ਭਾਰਾ। ਭਯੋ ਬਿਸਮ ਯਹਿ ਸਕਲ ਸੰਸਾਰਾ।
> ਤੀਨ ਬੇਰ ਸ੍ਰੀ ਮੁਖ ਜਬ ਕਹਯੋ। ਪਾਨਿ ਜੋੜ ਸੇਵਕ ਇਕ ਅਯੋ।
> ਗਹਿ ਤਾਕੀ ਭੁਜ ਖੜਗ ਨਿਕਾਰਯੋ। ਤੇਜ ਅਧਿਕ ਇਹ ਬਿਧਿ ਤਨ ਧਾਰਯੋ।[49]

"ਖ਼ਾਲਸਾ ਪੰਥ ਦੀ ਸਿਰਜਣਾ ਵੇਲੇ ਗੁਰੂ ਜੀ ਨੇ ਸਿਰਾਂ ਦੀ ਭੇਟਾ ਮੰਗੀ ਸੀ। ਇਹ ਭੇਟਾ ਇਸ ਕਰਕੇ ਮੰਗੀ ਗਈ ਸੀ ਕਿ ਸਿੱਖ ਰੂਹ ਵਿੱਚ ਜਾਗ ਕੇ ਬਦੇਹ ਹੋ ਜਾਵੇ। ਇਸੇ ਲਈ ਖ਼ਾਲਸੇ ਲਈ ਜੀਵਨ ਤੇ ਮੌਤ ਇੱਕ

---

[48] ਪ੍ਰੋ. ਪੂਰਨ ਸਿੰਘ (1972) *ਦਸ ਗੁਰ ਦਰਸ਼ਨ*, ਕਿਰਪਾਲ ਸਿੰਘ ਕਸੇਲ, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 104.

[49] ਸ਼ਮਸ਼ੇਰ ਸਿੰਘ ਅਸ਼ੋਕ, ਸੰਪਾ. (1999) *ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ. 108-9.

ਹੀ ਹਨ। ਜੀਵਨ ਨਾ ਜਨਮ ਨਾਲ ਸ਼ੁਰੂ ਹੁੰਦਾ ਹੈ ਅਤੇ ਨਾ ਹੀ ਮੌਤ ਨਾਲ ਸਮਾਪਤ ਹੁੰਦਾ ਹੈ।"[50] ਕਿਉਂਕਿ ਅੰਮ੍ਰਿਤ ਤਿਆਰ ਕਰਨ ਵੇਲੇ ਕੀਤਾ ਪੰਜਾਂ ਬਾਣੀਆਂ ਦਾ ਪਾਠ ਅਧਿਆਤਮਿਕਤਾ ਦਾ ਪ੍ਰਤੀਕ ਹੈ। ਜਿਸ ਨਾਲ ਅੰਮ੍ਰਿਤ ਛੱਕਣ ਵਾਲੇ ਦੀ ਮਾਨਸਿਕਤਾ ਬਦਲਦੀ ਹੈ।

ਪੰਜਾਂ ਪਿਆਰਿਆਂ ਪਾਸੋਂ ਗੁਰੂ ਸਾਹਿਬ ਨੇ ਆਪ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਹੋ ਗਏ। "ਸੰਸਾਰ ਦੇ ਸਾਰੇ ਧਰਮਾਂ ਦੇ ਇਤਿਹਾਸ ਵਿਚ ਇਹ ਇਕ ਅਨੋਖੀ ਕਿਸਮ ਦੀ ਅਸਚਰਜ ਘਟਨਾ ਸੀ ਕਿ ਗੁਰੂ ਅਤੇ ਚੇਲੇ ਵਿਚ ਅੰਤਰ ਨਹੀਂ ਸੀ ਰਿਹਾ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਵੱਖਰੇ ਲਿਬਾਸ ਵਿਚ ਵੱਖਰੀ ਦਿਖ ਦੇ ਕੇ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਕ ਨਵਾਂ ਜਨਮ ਦੇ ਕੇ ਸੰਗਤ ਦੇ ਰੂ-ਬਰੂ ਕੀਤਾ। ਗੁਰੂ ਕਾ ਸਿੱਖ ਸੰਸਾਰ ਵਿਚ ਜਿਥੇ ਵੀ ਹੋਏ ਉਹ ਲੱਖਾਂ-ਕਰੋੜਾਂ ਵਿਚ ਖੜਾ ਵੀ ਝੱਟ ਪਹਿਚਾਨਿਆ ਜਾਂਦਾ ਹੈ।"[51] ਖ਼ਾਲਸਾ ਸਾਜਨਾ ਤੋਂ ਬਾਅਦ ਸਿੱਖਾਂ ਨੂੰ ਕਈ ਯੁੱਧ ਲੜਨੇ ਪਏ, ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣਾ ਪਿਆ, ਪਰਿਵਾਰ ਵਿਛੋੜਾ, ਸਾਹਿਬਜ਼ਾਦੇ ਸ਼ਹੀਦ ਹੋਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੜਾਅ ਦਰ ਪੜਾਅ ਨੰਦੇੜ ਚਾਲੇ ਪਾਏ, ਉੱਥੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਤੋਰਿਆ। ਗੁਰੂ ਕਿਰਪਾ ਤੇ ਬਾਬਾ ਬੰਦਾ ਸਿੰਘ ਦੀ ਬਹਾਦਰੀ ਨਾਲ ਸਿੱਖ ਰਾਜ ਦਾ ਉਦੈ ਹੋਇਆ ਅਤੇ ਮੁਗਲ ਰਾਜ ਦਾ ਅੰਤ ਹੋਇਆ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਸਮੇਂ ਸਿੱਖ ਰਾਜ ਬਣਿਆ, ਸਿੱਖ ਰਾਜ ਦੇ ਪਤਨ ਅਤੇ ਮੁਗਲਾਂ, ਦੁਰਾਨੀਆਂ ਦੇ ਹਮਲਿਆਂ ਤੋਂ ਬਾਅਦ ਅੰਗਰੇਜ਼ੀ ਰਾਜ ਦੀ ਸਥਾਪਤੀ ਤੱਕ ਸਿੱਖ ਸਿਮਰਤੀ ਕਈ ਉਤਰਾਵਾਂ ਚੜ੍ਹਾਵਾਂ ਵਿੱਚੋਂ ਗੁਜਰਦੀ ਹੈ ਪਰ ਹਰ ਸਮੇਂ ਸਿੱਖ ਸਿਮਰਤੀ ਦੀ ਹੋਂਦ ਸਿੱਖ ਮਨਾਂ ਵਿੱਚ ਤਾਕਤ ਬਣੀ ਰਹੀ।

ਵਰਤਮਾਨ ਸਮੇਂ ਵਿੱਚ ਵਿਸ਼ਵ ਭਰ ਵਿੱਚ ਖ਼ਾਲਸਾ ਵਿਲੱਖਣ ਪਹਿਚਾਣ ਬਣਾ ਰਿਹਾ ਹੈ। "ਯੁੱਗਾਂ ਉੱਤੇ ਫੈਲੀ ਅਰਦਾਸ ਨਾਲ ਜਦ ਸਮੂਹਕ ਅਤੇ ਵਿਅਕਤੀਗਤ ਸਿੱਖ-ਅਮਲ ਅਭੇਦ ਹੋ ਗਿਆ ਤਾਂ ਇਕ ਮਹਾਨ

---

[50] ਗੁਲਜ਼ਾਰ ਸਿੰਘ ਕੰਗ (ਦਸੰਬਰ 1999) "ਜਬ ਲਗ ਖ਼ਾਲਸਾ ਰਹੇ ਨਿਆਰਾ" *ਨਾਨਕ ਪ੍ਰਕਾਸ਼ ਪ੍ਰਤਿਕਾ, ਖ਼ਾਲਸਾ ਸਥਾਪਨਾ ਵਿਸੇਸ਼ ਅੰਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 90.

[51] ਪ੍ਰਭਜੋਤ ਕੌਰ (2017) "ਆਦਰਸ਼ਕ ਮਨੁੱਖ ਦੇ ਸਿਰਜਕ ਗੁਰੂ ਗੋਬਿੰਦ ਸਿੰਘ ਜੀ" *ਦਸਮ ਪਾਤਸ਼ਾਹ ਦਾ ਵਿਸ਼ਵ-ਦ੍ਰਿਸ਼ਟੀਕੋਣ,* ਦਿਲਜੀਤ ਸਿੰਘ ਬੇਦੀ, ਸੰਪਾ., ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 63.

ਰੂਹਾਨੀ ਸੰਕਲਪ ਸਾਕਾਰ ਹੋਇਆ ਜੋ ਖ਼ਾਲਸ ਪੰਥ ਹੈ। ਇਸ ਵਿੱਚ ਰੂਹਾਨੀਅਤ ਉਹੀ ਜੋਤਿ ਹੈ ਜੋ ਦਸਾਂ ਪਾਤਸ਼ਾਹੀਆਂ ਰਾਹੀਂ ਵਿਚਰਦੀ ਹੋਈ ਖ਼ਲਾਸੇ ਦੀ ਹਮਸਫ਼ਰ ਹੋਈ ਹੈ।"[52] ਜਿਸ ਨਾਲ "ਵਰਤਮਾਨ ਕਾਲ ਵਿੱਚ ਖ਼ਾਲਸੇ ਦਾ ਘੇਰਾ ਕੁੱਲ ਸੰਸਾਰ ਪੱਧਰ ਤੱਕ ਦਾ ਹੋ ਗਿਆ ਹੈ।"[53]

ਖ਼ਾਲਸਾ ਸਿਰਜਣਾ ਦੇ ਅਦੁੱਤੀ ਕਾਰਜ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਸ਼ਾਸਤਰਾਂ ਦੀ ਅਦਭੁਤ ਕਰਾਮਾਤ ਨੂੰ ਦੇਖਿਆ ਹੈ ਕਿਉਂਕਿ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਗੁਰੂ ਸਾਹਿਬ ਨੇ ਹੱਥ ਵਿੱਚ ਲਿਸ਼ਕਦੀ ਸ਼ਮਸ਼ੀਰ ਫੜ ਕੇ ਧਰਮ ਹੇਤ ਸੀਸ ਦੀ ਮੰਗ ਕੀਤੀ ਸੀ, ਇਸ ਤੋਂ ਬਾਅਦ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਸਮੇਂ ਗੁਰੂ ਸਾਹਿਬ ਨੇ ਸਰਬਲੋਹ ਦਾ ਖੰਡਾ ਵਰਤਿਆ। ਪੰਥ ਦੀ ਸਿਰਜਣਾ ਦੇ ਇਸ ਅਲੌਕਿਕ ਪਹਿਲੂ ਵਿੱਚ ਸ਼ਸਤਰਾਂ ਦਾ ਅਹਿਮ ਯੋਗਦਾਨ ਹੈ। ਗੁਰੂ ਜੀ ਨੇ ਖ਼ਾਲਸੇ ਪੰਥ ਨੂੰ ਪੰਜ ਕਕਾਰ ਬਖ਼ਸ਼ੇ, ਕਕਾਰਾਂ ਵਿੱਚ ਕਿਰਪਾਨ ਵਿਸ਼ੇਸ਼ ਹੈ, ਖ਼ਾਲਸੇ ਦੇ ਪੰਜ ਕਕਾਰਾਂ ਵਿੱਚ ਕਿਰਪਾਨ ਨੂੰ ਸ਼ਾਮਿਲ ਕਰਨਾ ਖ਼ਾਲਸੇ ਦੇ ਖੜਗਧਾਰੀ ਹੋਣ ਦਾ ਪ੍ਰਤੀਕ ਹੈ। ਸਿੱਖ ਧਰਮ ਦੇ ਇਤਿਹਾਸ ਵਿੱਚ ਖ਼ਾਲਸੇ ਨੇ ਜਬਰ ਜ਼ੁਲਮ ਦੇ ਖ਼ਾਤਮੇ ਲਈ ਅਨੇਕਾਂ ਜੰਗ ਲੜੇ, ਖ਼ਾਲਸੇ ਨੇ ਇਹ ਸਾਰੇ ਜੰਗ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬਖ਼ਸ਼ਿਸ਼ ਕੀਤੀ ਤੇਗ਼ ਦੀ ਕਰਾਮਾਤ ਅਤੇ ਬੀਰਤਾ ਨਾਲ ਹੀ ਫ਼ਤਿਹ ਕੀਤੇ।

ਇਹ ਅਸਚਰਜਮਈ ਘਟਨਾ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਸ੍ਰੀ ਕੇਸਗੜ੍ਹ ਦੇ ਸਥਾਨ 'ਤੇ ਵਾਪਰੀ ਇਸ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਖ਼ਾਲਸੇ ਦਾ ਪ੍ਰਗਟ ਸਥਾਨ ਬਣ ਗਿਆ। ਸ੍ਰੀ ਕੇਸਗੜ੍ਹ ਸਾਹਿਬ ਸਿੱਖ-ਪੰਥ ਵਿੱਚ ਵਿਸ਼ੇਸ਼ ਅਹਿਮੀਅਤ ਰੱਖਦਾ ਹੈ ਕਿਉਂਕਿ ਸ੍ਰੀ ਕੇਸਗੜ੍ਹ ਸਾਹਿਬ ਸਿੱਖ ਕੌਮ ਦਾ ਤਖ਼ਤ ਹੋਣ ਦੇ ਨਾਲ-ਨਾਲ ਖ਼ਾਲਸੇ ਦੀ ਜਨਮ ਭੂਮੀ ਵੀ ਹੈ। "ਕੇਸਗੜ੍ਹ ਇਹ ਦ੍ਰਿੜ ਕਰਵਾ ਰਿਹਾ ਹੈ ਕਿ ਸਿੱਖ ਨੇ ਆਪਣਾ ਇਸ਼ਟ ਆਪਣੀ ਹੋਂਦ, ਆਪਣਾ ਕਲਚਰ, ਆਪਣੀ ਸੰਸਕ੍ਰਿਤੀ, ਆਪਣਾ ਆਦਰਸ਼, ਕੇਸ ਸਾਂਭ ਕੇ ਰੱਖਣੇ ਹਨ। ਕੇਸ ਸੰਸਾਰ ਦੇ ਲੋਕਾਂ ਉੱਤੇ ਪਰਗਟਾ ਕਰ ਰਹੇ ਹਨ ਕਿ ਸਿੱਖ ਨਿਆਰਾ ਹੈ। ਕਿਸੇ ਦਾ

---

52 ਹਰਿੰਦਰ ਸਿੰਘ ਮਹਿਬੂਬ (1998) *ਸਹਿਜੇ ਰਚਿਓ ਖ਼ਾਲਸਾ,* ਪ੍ਰਕਾਸ਼ਕ ਹਰਿੰਦਰ ਸਿੰਘ ਮਹਿਬੂਬ, ਗੜ੍ਹਦੀਵਾਲ, ਪੰ. 1039.

53 ਇੰਦਰਜੀਤ ਸਿੰਘ ਵਾਸੂ (1999) "ਸਮੁੱਚੀ ਖ਼ਾਲਸਾ ਲਹਿਰ-ਇੱਕ ਮੁਲਅੰਕਣ" *ਖ਼ਾਲਸਾ ਮੇਰੋ ਰੂਪ ਹੈ,* ਜੋਗਿੰਦਰ ਸਿੰਘ, ਸੰਪਾ., ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, ਪੰ. 152.

ਅਧੀਨ ਜਾਂ ਦਬੇਲ ਨਹੀਂ।"[54] ਇਸ ਪ੍ਰਮੁੱਖ ਕਾਰਨ ਕਰਕੇ ਸ੍ਰੀ ਅਨੰਦਪੁਰ ਸਾਹਿਬ ਨੂੰ 'ਖ਼ਾਲਸੇ ਦੀ ਵਾਸੀ' (ਖ਼ਾਲਸੇ ਦਾ ਘਰ) ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਜਿਹੜਾ ਸਿੱਖ ਸਿਮਰਤੀ ਨੂੰ ਇੱਕ ਵਿਲੱਖਣ ਅਤੇ ਨਿਆਰੇਪਣ ਹੋਣ ਦਾ ਮਾਣ ਮਹਿਸੂਸ ਕਰਵਾਉਂਦਾ ਹੈ। "ਗੁਰੂ ਨਾਨਕ ਸਾਹਿਬ ਨੇ 'ਜਪੁ ਜੀ' ਅੰਦਰ ਜੀਵਨ ਸਾਧਨਾ ਲਈ ਜਿਨ੍ਹਾਂ ਪੰਜ ਅਵਸਥਾਵਾਂ (ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸੱਚ ਖੰਡ) ਦੀ ਚਰਚਾ ਕੀਤੀ ਗਈ ਹੈ ਉਸ ਨੂੰ ਅਮਲੀ ਜਾਮਾ ਪਹਿਨਾਉਂਦਿਆ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਖ਼ਾਲਸੇ ਦੀ ਸਾਜਨਾ ਕੀਤੀ ਤਾਂ ਉਸ ਸਮੇਂ ਪੰਜ ਪਿਆਰਿਆਂ ਦੀ ਚੋਣ ਉਪਰੰਤ, ਪੰਜ ਵਿਸ਼ੇਸ਼ ਬਾਣੀਆਂ ਦੇ ਪਾਠ ਦੁਆਰਾ ਅੰਮ੍ਰਿਤ ਤਿਆਰ ਕਰਕੇ ਪੰਜ-ਕਕਾਰੀ ਰਹਿਤ ਸਜਾ ਕੇ ਇਸ ਨੂੰ ਅੰਤਮ ਰੂਪ ਦਿੱਤਾ ਗਿਆ ਸੀ। ਦਰਅਸਲ ਭਾਰਤੀ ਸੰਸਕ੍ਰਿਤੀ ਵਿੱਚ ਪੰਚ ਜਾਂ ਪੰਚਾਇਤ ਦਾ ਜੋ ਮਹੱਤਵ ਸੀ, ਉਸ ਨੂੰ ਗੁਰੂ ਸਾਹਿਬ ਧਾਰਮਿਕ ਸਮਾਜਿਕ ਤੇ ਰਾਜਨੀਤਿਕ ਸਾਰੇ ਖੇਤਰਾਂ ਵਿੱਚ ਵਰਤਦਾ ਦੇਖਣਾ ਚਾਹੁੰਦੇ ਸਨ। ਉਹ ਸ਼ਖ਼ਸੀ ਗੁਲਾਮੀ ਜਾਂ ਵਿਅਕਤੀਗਤ ਪੂਜਾ ਲਈ ਜਰਾ ਜਿੰਨੀ ਗੁੰਜਾਇਸ਼ ਨਹੀਂ ਸੀ ਰਹਿਣ ਦੇਣਾ ਚਾਹੁੰਦੇ। ਉਹਨਾਂ ਦੇ ਸਾਹਮਣੇ ਆਦਰਸ਼ ਸਪੱਸ਼ਟ ਸੀ ਕਿ ਮਨੁੱਖ, ਮਨੁੱਖ ਦਾ ਦਾਸ ਨਾ ਬਣੇ।"[55] ਪੰਜਾਂ ਦੀ ਗਿਣਤੀ ਪੰਜਵੇਂ ਅਤੇ ਛੇਵੇਂ ਪਾਤਸ਼ਾਹ ਦੇ ਸਮੇਂ ਵੀ ਕਾਫੀ ਸਨਮਾਨਯੋਗ ਬਣ ਗਈ ਸੀ। ਭਾਈ ਗੁਰਦਾਸ ਜੀ ਅਨੁਸਾਰ:

ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ।[56]

ਸ੍ਰੀ ਅਨੰਦਪੁਰ ਸਾਹਿਬ ਦਾ ਸਿਧਾਂਤ ਵਿਅਕਤੀਆਂ ਦੀ ਜੁਗਤ ਨੂੰ ਖ਼ਾਲਸਾ ਪੰਥ (ਪੰਚ ਪ੍ਰਧਾਨੀ) ਦੀ ਤਾਬਿਆ ਮੰਨਦਾ ਹੈ। ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖ਼ਾਲਸਾ ਸਿਰਜਣਾ ਸਮੇਂ ਪਹਿਲਾਂ ਪੰਜ ਪਿਆਰਿਆਂ ਦੀ ਸਾਜਨਾ ਕੀਤੀ, ਫਿਰ ਪੰਜ ਪਿਆਰਿਆਂ ਵਿੱਚ 'ਪੰਚ ਪ੍ਰਧਾਨੀ' ਦੀ ਵਿਚਾਰਧਾਰਾ ਨੂੰ ਲਾਗੂ ਕੀਤਾ, ਇਸ ਕਰਕੇ ਅਸੀਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਲੋਕ ਰਾਜ ਜਾਂ ਪੰਚਾਇਤੀ ਰਾਜ ਦੀ ਨੀਂਹ ਰੱਖਣ ਵਾਲੀ ਧਰਤੀ ਵੀ ਆਖ ਸਕਦੇ ਹਾਂ। "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੰਜਾਂ

---

[54] ਸਤਿਬੀਰ ਸਿੰਘ (1994) *ਖ਼ਾਲਸੇ ਦੀ ਵਾਸੀ,* ਨਿਊ ਬੁੱਕ ਕੰਪਨੀ, ਜਲੰਧਰ, ਪੰ. 158.

[55] ਪਿਆਰਾ ਸਿੰਘ ਪਦਮ (2012) "ਗੁਰਮਤਿ 'ਚ ਪੰਚ-ਪ੍ਰਧਾਨੀ ਸਿਧਾਂਤ" *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 385.

[56] ਭਾਈ ਵੀਰ ਸਿੰਘ, ਸੰਪਾ. (2012) *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਅਰਥਾਤ ਵਾਰਾਂ ਭਾਈ ਗੁਰਦਾਸ: ਸਟੀਕ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 225.

ਪਿਆਰਿਆਂ ਨੂੰ ਗੁਰੂ-ਰੂਪ ਵਿਚ ਸਵੀਕਾਰ ਕਰਕੇ ਉਨ੍ਹਾਂ ਤੋਂ ਆਪ ਅੰਮ੍ਰਿਤ ਪਾਨ ਕਰਨਾ ਪਹਿਲਾ ਬੁਨਿਆਦੀ ਕਦਮ ਸੀ। ਫਿਰ ਚਮਕੌਰ ਸਾਹਿਬ ਦੇ ਮੁਕਾਮ 'ਤੇ ਪੰਜਾਂ ਪਿਆਰਿਆਂ ਨੂੰ ਬਾਕਾਇਦਾ ਗੁਰਿਆਈ ਸੌਂਪਣਾ ਤੇ ਪੰਚਾਂ ਦੀ ਮਹਿਮਾ ਦਾ ਗਾਇਨ ਕਰਨਾ ਇਸ ਗੱਲ ਦਾ ਪ੍ਰਮਾਣ ਸੀ ਕਿ ਵਿਅਕਤੀਗਤ ਗੁਰਤਾ ਨੂੰ ਸੰਗਤ ਵਿਚ ਪੂਰੀ ਤਰ੍ਹਾਂ ਲੀਨ ਕਰ ਦਿੱਤਾ ਗਿਆ ਹੈ।"[57]

ਸਿੱਖ ਆਪਣੀਆਂ ਖ਼ਾਲਸਾਈ ਰਵਾਇਤਾਂ ਦੇ ਅਨੂਠੇ ਸਿਧਾਂਤਾਂ ਦੇ ਸੰਗਮ ਨੂੰ ਮਾਣਦੇ ਹੋਏ ਗੌਰਵ ਮਹਿਸੂਸ ਕਰਦੇ ਹਨ। "ਪੰਜਾਂ ਪਿਆਰਿਆਂ ਦਾ ਸੰਕਲਪ ਸਿੱਖ ਪਰੰਪਰਾ ਦਾ ਇੱਕ ਅਦੁੱਤੀ ਕਿਸਮ ਦਾ ਸੰਕਲਪ ਹੈ ਅਤੇ ਕੋਈ ਅਤਿਕਥਨੀ ਨਹੀਂ ਕਿ ਇਹੋ ਜਿਹੇ ਇਨਕਲਾਬੀ ਸੰਕਲਪ ਦੀ ਹੋਰ ਕੋਈ ਮਿਸਾਲ ਸਾਨੂੰ ਦੁਨੀਆਂ ਦੇ ਇਤਿਹਾਸ ਵਿੱਚੋਂ ਨਹੀਂ ਮਿਲਦੀ।"[58] ਪੰਜ ਕਕਾਰੀ ਰਹਿਤ ਨੇ ਸੰਤ ਨੂੰ ਸਿਪਾਹੀ ਦੇ ਰੂਪ ਵਿੱਚ ਰੁਪਾਂਤ੍ਰਿਤ ਕਰ ਦਿੱਤਾ। ਸਿੱਖ ਕੌਮ ਦੀ ਵਿਲੱਖਣਤਾ ਦੀਆਂ ਮੁੱਢਲੀਆਂ ਧਾਰਨਾਵਾਂ ਵਿੱਚ ਪੰਜ ਕਕਾਰ ਅਹਿਮ ਸਥਾਨ ਰੱਖਦੇ ਹਨ, ਖ਼ਾਲਸੇ ਦੇ ਪੰਜ ਕਕਾਰ ਵਿਸ਼ੇਸ਼ ਰਹਿਤ ਵੱਲ ਸੰਕੇਤ ਕਰਦੇ ਹਨ ਜੋ ਕਿ ਸਾਡੇ ਮਨ ਨੂੰ ਕਾਬੂ ਵਿੱਚ ਰੱਖਦੇ ਹਨ। ਕਕਾਰ ਸਿੱਖ ਲਈ ਖ਼ਾਲਸਾਈ ਸਿਧਾਂਤਾਂ ਦੀ ਬਾਹਰਲੀ ਪਛਾਣ ਹਨ, ਜਿਨ੍ਹਾਂ ਦਾ ਸੰਬੰਧ ਅੰਦਰੂਨੀ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ।

ਗੁਰਮਤਿ ਅਤੇ ਖਾਲਸਾਈ ਸਿਧਾਂਤਾਂ ਵਿਚਲਾ ਅੰਮ੍ਰਿਤ ਗੁਰ ਦੀਖਿਆ ਦਾ ਪੰਚ ਪ੍ਰਧਾਨੀ ਸਿਧਾਂਤ ਕਿਸੇ ਧਰਮ ਵਿਚ ਨਹੀਂ ਮਿਲਦਾ ਸਗੋਂ ਬਾਕੀ ਧਰਮਾਂ ਵਿੱਚ ਇਹ ਵਿਚਾਰ ਇੱਕ ਪੁਰਖੀ ਅਰਥਾਤ (ਅਵਤਾਰ, ਪੈਗੰਬਰ) ਅਧਾਰਿਤ ਰਿਹਾ ਹੈ ਕਿਉਂਕਿ ਹਿੰਦੂ ਧਰਮ ਵਿੱਚ ਗੁਰ ਦੀਖਿਆ ਪੰਡਿਤ ਜਾਂ ਬ੍ਰਾਹਮਣ ਦੁਆਰਾ ਕੀਤੀ ਜਾਂਦੀ ਹੈ, ਇਸਾਈ ਧਰਮ ਵਿੱਚ ਇਹੀ ਭੂਮਿਕਾ ਪਾਦਰੀ ਨਿਭਾਉਂਦਾ ਹੈ, ਇਸਲਾਮ ਵਿੱਚ ਸੁੰਨਤ ਆਦਿ ਕਰਨ ਵੇਲੇ ਮੌਲਵੀ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਪੰਜਾਂ ਪਿਆਰਿਆਂ ਦੇ ਰੂਪ ਵਿੱਚ ਰੂਹਾਨੀ ਬਾਣੀ ਪੜ੍ਹ ਕੇ 'ਪੰਚ ਪ੍ਰਧਾਨੀ' ਸਿਧਾਂਤ ਕੇਵਲ ਸਿੱਖ ਧਰਮ ਵਿੱਚ ਹੀ ਹੈ। ਇਕ ਵਿਅਕਤੀ ਜਾਂ ਸ਼ਖ਼ਸ ਗੁਰਮਤਿ ਵਿੱਚ ਪ੍ਰਵਾਨਿਤ ਨਹੀਂ ਇਹ ਸਿੱਖ ਧਰਮ ਦਾ ਵਿਲੱਖਣ ਸਿਧਾਂਤ ਹੈ।

---

57 ਪਿਆਰਾ ਸਿੰਘ ਪਦਮ (2012) "ਗੁਰਮਤਿ 'ਚ ਪੰਚ-ਪ੍ਰਧਾਨੀ ਸਿਧਾਂਤ" *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 386.

58 ਜਸਪਾਲ ਸਿੰਘ (2010) *ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ,* ਨਵਯੁਗ ਪਬਲਿਸਰਜ਼, ਨਵੀਂ ਦਿੱਲੀ, ਪੰ. 89.

ਸਿੱਖ ਧਰਮ ਵਿਚਲੇ ਪੰਚ ਪ੍ਰਧਾਨੀ ਸਿਧਾਂਤ ਦੀ ਨਿਵੇਕਲੀ ਮਹੱਤਤਾ ਹੈ ਕਿਉਂਕਿ "ਜਦੋਂ ਖ਼ਾਲਸਾ ਪੈਦਾ ਕੀਤਾ ਗਿਆ ਤਾਂ ਖ਼ਾਲਸੇ ਦਾ ਪਰਗਾਸ ਉਹਨਾਂ ਪਹਿਲੇ ਪੰਜ ਗੁਰਸਿੱਖਾਂ ਵਿਚ ਹੋਇਆ ਜੋ ਧਰਮ ਦੀ ਖ਼ਾਤਰ 'ਸਿਰੁ ਧਰਿ ਤਲੀ' ਅੱਗੇ ਆਏ। ਇਹਨਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਗਿਆ, ਪੰਥ ਦੀ ਮਰਯਾਦਾ ਦੱਸੀ ਗਈ ਤੇ ਉਪਦੇਸ਼ ਦਿੱਤਾ ਗਿਆ। ਇਹਨਾਂ ਨੂੰ 'ਪੰਜ ਪਿਆਰਿਆਂ ਦਾ ਨਾਂ (ਪਦਵੀ) ਦੇ ਕੇ ਸਤਿਕਾਰਿਆ ਗਿਆ, ਜੋ ਗੁਰੂ ਦਾ ਖ਼ਾਲਸਾ ਹੈ। ਫਿਰ ਗੁਰੂ ਜੀ ਨੇ ਪੰਜ ਪਿਆਰਿਆਂ ਤੋਂ ਆਪ ਖੰਡੇ ਦਾ ਅੰਮ੍ਰਿਤ ਛਕਿਆ ਤੇ ਖ਼ਾਲਸੇ ਦੀ ਰਹਿਤ ਵਿਚ ਰਹਿਣ ਦਾ ਪ੍ਰਣ ਕੀਤਾ।"[59]

ਖੰਡੇ ਦੀ ਪਾਹੁਲ ਨੇ *"ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ"* ਦੇ ਵਿਚਾਰ ਨੂੰ ਕ੍ਰਿਆਤਮਿਕ ਰੂਪ ਦਿੱਤਾ ਅਤੇ ਸਾਰੇ ਮਨੁੱਖਾਂ ਨੂੰ ਮਨੁੱਖੀ ਏਕਤਾ ਦੀ ਪ੍ਰਣਾਲੀ ਵਿਚ ਪਰੋ ਦਿੱਤਾ। ਅੰਮ੍ਰਿਤ ਨੇ ਰਹਿਤ, ਸਿਧਾਂਤ ਅਤੇ ਅਮਲੀ ਜੀਵਨ ਦੇ ਪੱਖ ਤੋਂ ਸਿੱਖਾਂ ਨੂੰ ਬਾਣੀ, ਬਾਣੇ ਵਾਲਾ ਅਤੇ ਸ਼ਸਤਰਧਾਰੀ ਸਰੂਪ ਪ੍ਰਦਾਨ ਕੀਤਾ, ਜਿਸ ਕਰਕੇ ਸਿੱਖਾਂ ਦੀ ਵੱਖਰੀ ਪਹਿਚਾਣ ਬਣੀ ਹੋਈ ਹੈ। ਖੰਡੇ ਦੀ ਪਾਹੁਲ ਨੇ ਇੱਕ ਅਜਿਹੀ ਕੌਮ ਦੀ ਸਿਰਜਣਾ ਕੀਤੀ, ਜਿਹੜੀ ਭਗਤੀ-ਸ਼ਕਤੀ ਅਤੇ ਮੀਰੀ-ਪੀਰੀ ਵਾਲੀ ਸੀ। ਅੰਮ੍ਰਿਤ ਨੇ ਸਿੱਖਾਂ ਅੰਦਰ ਦੈਵੀ ਚੇਤਨਾ ਦੇ ਨਾਲ ਰਾਜਨੀਤਕ ਅਤੇ ਸਮਾਜਕ ਚੇਤਨਾ ਵੀ ਪੈਦਾ ਕੀਤੀ। ਪੰਜਾਂ ਪਿਆਰਿਆਂ ਨੂੰ ਸਾਜ ਕੇ ਪੰਚ-ਪ੍ਰਧਾਨੀ ਦਾ ਸੰਕਲਪ ਪੈਦਾ ਕੀਤਾ ਗਿਆ, ਜਿਸ ਦਾ ਮੁੱਖ ਟੀਚਾ ਮਨੁੱਖੀ ਹਿੱਤਾਂ ਦੀ ਰਾਖੀ ਕਰਨਾ ਸੀ।

ਹਰ ਮਨੁੱਖ ਲਈ ਸੱਭਿਆਚਾਰਕ ਇਕਾਈ ਦਾ ਆਪਣਾ ਵਿਸ਼ੇਸ਼ ਮਹੱਤਵ ਹੁੰਦਾ ਹੈ, ਇਥੋਂ ਤੱਕ ਕਿ ਸਮਾਜ ਦੀ ਹੋਂਦ ਵੀ ਸੱਭਿਆਚਾਰਕ ਇਕਾਈ ਦੇ ਆਧਾਰ 'ਤੇ ਕਾਇਮ ਹੁੰਦੀ ਹੈ। ਖ਼ਾਲਸੇ ਦੇ ਸਾਜਨਾ ਦਿਵਸ ਵਿਸਾਖੀ ਦੇ ਦਿਹਾੜੇ ਦੀ ਵਿਲੱਖਣਤਾ ਨੂੰ ਪੂਰਾ ਵਿਸ਼ਵ ਨਮਨ ਕਰਦਾ ਹੈ, ਅਜੋਕੇ ਸਮੇਂ ਵਿੱਚ (2020 ਦੀ ਵਿਸਾਖੀ ਨੂੰ) ਸੰਯੁਕਤ ਰਾਸ਼ਟਰ ਦੇ ਅੰਡਰ ਸੈਕਟਰੀ ਜਰਨਲ ਅਡੈਮਾ ਡਿਐਂਗ (Adama Dieng) ਵੱਲੋਂ ਡਾ. ਇਕਤਿਦਾਰ ਚੀਮਾ ਰਾਹੀਂ ਖ਼ਾਲਸਾ ਪੰਥ ਦੀ ਵਿਲੱਖਣਤਾ ਬਿਆਨ ਕਰਦੇ ਹੋਏ, ਸਮੁੱਚੇ ਪੰਥ ਨੂੰ ਖ਼ਾਲਸੇ ਦੇ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ; "ਮੇਰੀਆਂ ਪੂਰੀ ਸਿੱਖ ਕੌਮ ਨੂੰ ਬਹੁਤ-ਬਹੁਤ ਸ਼ੁਭਕਾਮਨਾਵਾਂ ਹਨ ਜੋ ਵਿਸਾਖੀ ਮਨਾ ਰਹੇ ਹੋ, ਵਿਸਾਖੀ ਦਾ ਦਿਨ ਜਦੋਂ 1699 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ

---

[59] ਵਿਕਰਮ ਸਿੰਘ (2012) "ਪੰਜ ਪਿਆਰੇ: ਗੁਰੂ ਖ਼ਾਲਸਾ ਪੰਥ ਦਾ ਪਰਗਾਸ" *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 626.

ਸਾਜਿਆ ਸੀ, ਜਦੋਂ ਸਿੱਖ ਗੁਰਦੁਆਰੇ ਜਾ ਕੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਅਤੇ ਵਿਸਾਖੀ ਮਨਾਉਂਦੇ ਹਨ। ਇਸ ਮੌਕੇ ਅਸੀਂ ਸਿੱਖ ਕੌਮ ਦੀਆਂ ਦੁਨੀਆਂ ਭਰ ਵਿੱਚ ਕੀਤੀਆਂ ਸੇਵਾਵਾਂ ਯਾਦ ਕਰਦੇ ਹਾਂ।"[60]

ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਰਤੀ ਸੱਭਿਆਚਾਰ ਨਾਲੋਂ ਵੱਖਰੇ 'ਖ਼ਾਲਸਾਈ ਸੱਭਿਆਚਾਰ' ਦੀ ਸਥਾਪਨਾ ਹੋਈ। ਸਿੱਖ ਸੱਭਿਆਚਾਰ ਨਾਲ ਜੁੜੇ ਸਿੱਖਾਂ ਲਈ ਖ਼ਾਲਸਾਈ ਰਹੁ-ਰੀਤਾਂ, ਪ੍ਰੰਪਰਾਵਾਂ ਦੀ ਸੇਧ ਦਾ ਧੁਰਾ ਸ੍ਰੀ ਅਨੰਦਪੁਰ ਸਾਹਿਬ ਹੈ। "ਸਿੱਖ ਧਰਮ ਮਾਨਵਵਾਦੀ ਧਰਮ ਹੈ, ਜੋ ਸਰਬੱਤ ਦਾ ਭਲਾ ਲੋਚਦਾ ਹੈ। ਦਸਾਂ ਗੁਰੂਆਂ ਨੇ ਹੀ ਸਾਂਝੀਵਾਲਤਾ ਦਾ ਵਿਸ਼ਵ-ਵਿਆਪੀ ਸੰਦੇਸ਼ ਦਿੱਤਾ ਹੈ, ਜਿਸ ਸਦਕਾ ਸਿੱਖ ਧਰਮ ਦੇ ਅਨੁਆਈ ਦੀਆਂ ਨਜ਼ਰਾਂ ਹਰੇਕ ਥਾਂ ਇਕ ਅਕਾਲਪੁਰਖ ਦੀ ਜੋਤ ਨੂੰ ਵੇਖ ਕੇ ਵਿਗਸਦੀਆਂ ਹਨ, ਸਾਰੇ ਸੰਸਾਰੀ ਜੀਵ ਇਸ ਨੂੰ 'ਹਰਿ ਕਾ ਰੂਪ' ਦਿੱਸ ਆਉਂਦੇ ਹਨ ਅਤੇ ਤਿਨ੍ਹਾਂ ਦੇ ਦੁੱਖਾਂ-ਕਸ਼ਟਾਂ ਨੂੰ ਨਿੱਜ ਦੇ ਜਾਣ, ਨਿਵਾਰਨ ਹਿਤ ਜੀਵਨ ਭਰ ਤਤਪਰ ਰਹਿੰਦਾ ਹੈ।"[61] ਸਿੱਖ ਸਿਮਰਤੀ ਵਿੱਚ ਅਜਿਹੇ ਪੱਖ ਸਿੱਖ ਕੌਮ ਦੇ ਵਿਲੱਖਣ ਹੋਣ ਦਾ ਪ੍ਰਮਾਣ ਬਣਦੇ ਹਨ।

### 4.1 ਧਾਰਮਕ ਆਜ਼ਾਦੀ ਅਤੇ ਮਨੁੱਖੀ ਅਧਿਕਾਰ

ਜੀਵਨ ਜੀਉਂਣ ਲਈ ਧਾਰਮਕ ਆਜ਼ਾਦੀ ਦਾ ਮਹੱਤਵ ਵਧੇਰੇ ਹੈ ਕਿਉਂਕਿ ਮਨੁੱਖ ਧਾਰਮਕ ਅਕੀਦਿਆਂ ਤੋਂ ਅੰਤਰੀਵੀ ਤੌਰ 'ਤੇ ਪ੍ਰਭਾਵਿਤ ਹੁੰਦਾ ਹੈ। ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਧਾਰਮਕ ਆਜ਼ਾਦੀ ਦੇ ਪ੍ਰਤੀਕ ਵਜੋਂ ਦੇਖਿਆ ਜਾ ਸਕਦਾ ਹੈ ਕਿਉਂਕਿ ਗੁਰੂ ਸਾਹਿਬ ਨੇ ਇਥੇ ਧਰਮ ਜਾਂ ਵਿਸ਼ਵਾਸ ਨੂੰ ਅੰਦਰੂਨੀ ਜਾਂ ਬਾਹਰੀ ਤੌਰ 'ਤੇ ਜਨਤਕ ਢੰਗ ਨਾਲ ਮਨਾਉਣ ਦੇ ਅਧਿਕਾਰ ਦਿੱਤੇ ਹਨ। ਸਦੀਆਂ ਤੋਂ ਗੁਲਾਮ ਮਾਨਸਿਕਤਾ ਨੂੰ ਆਜ਼ਾਦੀ ਦੇ ਰਸਤੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਪਾਇਆ। "ਆਤਮਿਕ ਗੁਲਾਮੀ ਨਾਲੋਂ ਮਰ ਜਾਣਾ ਅਤੇ ਆਪਣਾ ਅੰਤ ਕਰ ਲੈਣਾ ਵਧੇਰੇ ਚੰਗਾ ਹੈ ਗੁਰੂ ਜੀ ਨੇ ਸਾਡੇ ਹਿਰਦਿਆਂ ਵਿਚ ਜਿਹੜੀ ਪ੍ਰੇਮ ਜੋਤ ਜਗਾਈ ਉਸਦੇ ਬੁਝਣ ਨਾਲੋਂ ਸਰਬ-ਨਾਸ਼ ਵਧੇਰੇ ਚੰਗਾ ਹੈ। ਇਹ ਜੋਤ ਸਦਾ ਸੁਤੰਤਰਤਾ ਨੂੰ ਪ੍ਰੇਮ ਕਰਦੀ ਹੈ ਇਹ ਸਦਾ ਅਨਿਆਂ ਕਰਨ ਵਾਲੇ ਰਾਜੇ ਮਹਾਰਾਜਿਆਂ ਤੇ ਨਿਰੁੰਕੁਸ਼

[60] Surkhab Tv (12/04/2020) *https://youtu.be/blgozyaNolo*.com.

[61] ਨਿਰਵੈਰ ਸਿੰਘ (2017) "ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਸੰਗ ਵਿਚ ਦਸਮੇਸ਼ ਪਿਤਾ ਜੀ ਦੇ ਯੁਗ-ਪਲਟਾਊ ਸਰੋਕਾਰ" *ਦਸਮ ਪਾਤਸ਼ਾਹ ਦਾ ਵਿਸ਼ਵ-ਦ੍ਰਿਸ਼ਟੀਕੋਣ,* ਦਿਲਜੀਤ ਸਿੰਘ, ਸੰਪਾ., ਸਿੱਖ ਇਤਿਹਾਸ ਰੀਸਰਚ ਬੋਰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 261.

ਹਾਕਮਾਂ ਵਿਰੁੱਧ ਸੰਘਰਸ਼ ਕਰਦੀ ਰਹੀ ਹੈ ਤੇ ਸਦਾ ਲਈ ਇਨ੍ਹਾਂ ਵਿਰੁੱਧ ਸੰਘਰਸ਼ ਕਰਦੀ ਰਹੇਗੀ।"[62] ਸ੍ਰੀ ਅਨੰਦਪੁਰ ਸਾਹਿਬ ਦੁਖੀਆਂ ਅਤੇ ਮਜ਼ਲੂਮਾਂ ਲਈ ਸੁਖ, ਅਨੰਦ ਅਤੇ ਧਾਰਮਕ ਆਜ਼ਾਦੀ ਦਾ ਪ੍ਰਤੀਕ ਹੈ। ਜਿਸ ਦੀ ਪ੍ਰਮਾਣਿਕਤਾ ਲਈ ਗੁਰੂ ਤੇਗ ਬਹਾਦਰ ਜੀ ਨੇ ਧਾਰਮਕ ਕੱਟੜਤਾ ਤੋਂ ਦੂਰ ਰਹਿ ਕੇ ਧਾਰਮਕ ਆਜ਼ਾਦੀ ਲਈ ਆਪਣੀ ਸ਼ਹਾਦਤ ਦਿੱਤੀ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਧਾਰਮਕ ਆਜ਼ਾਦੀ ਦੀ ਇੱਕ ਹੋਰ ਉਦਾਹਰਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਰਾਹੀਂ ਮਿਲਦੀ ਹੈ, ਜਿਸ ਦੀ ਵਿਲੱਖਣ ਮਿਸਾਲ ਭਾਈ ਨੰਦ ਲਾਲ ਜੀ ਹਨ। "ਭਾਈ ਨੰਦ ਲਾਲ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਹਿਤਕਾਰਾਂ ਨੂੰ ਮਿਲ ਰਹੀ ਸਰਪ੍ਰਸਤੀ ਤੋਂ ਭਲੀਭਾਂਤ ਜਾਣੂ ਸਨ। ਇਸ ਕਰਕੇ ਹੀ ਆਪ ਨੇ ਤੁਅਸਬੀ ਔਰੰਗਜ਼ੇਬ ਦੇ ਧਰਮ ਪਰਿਵਰਤਨ ਲਈ ਪਾਏ ਦਬਾਅ ਨੂੰ ਮੰਨਣ ਦੀ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹਾਜ਼ਰ ਹੋਣ ਨੂੰ ਤਰਜੀਹ ਦਿੱਤੀ।"[63]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮ ਮੁਗ਼ਲ ਸਾਮਰਾਜ ਅਤੇ ਪਹਾੜੀ ਰਾਜਿਆਂ ਦੀ ਸੰਗਠਿਤ ਸੈਨਿਕ ਸ਼ਕਤੀ ਵਿਰੁੱਧ ਸੰਘਰਸ਼ ਲਈ ਇਕ ਖਾਸ ਯੁੱਧ-ਨੀਤੀ ਅਪਣਾਈ, ਜਿਸ ਦਾ ਮੁੱਖ ਮਕਸਦ ਜ਼ੁਲਮ ਦਾ ਖਾਤਮਾ ਕਰਕੇ ਇੱਕ ਸੁਤੰਤਰ ਪੰਥ ਦੀ ਸਿਰਜਨਾ ਕਰਨਾ ਸੀ। ਇਸ ਤਹਿਤ ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਦੀ ਕਿਲ੍ਹੇ ਬੰਦੀ ਕੀਤੀ। ਚੱਕ ਨਾਨਕੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਾਹੀ ਰਾਜਸੀ ਪ੍ਰਭਾਵ ਨੂੰ ਪਹਾੜੀ ਰਾਜੇ ਸਵੀਕਾਰ ਨਾ ਸਕੇ। "ਸ਼ੁਰੂ ਵਿੱਚ ਗੁਰੂ ਸਾਹਿਬ ਝਗੜਾ ਟਾਲਣ ਲਈ ਇਕ ਪਹਾੜੀ ਰਿਆਸਤ ਸਿਰਮੌਰ ਦੇ ਰਾਜੇ ਵੱਲੋਂ ਸੱਦਾ ਸਵੀਕਾਰ ਕਰਕੇ 1685 ਈ. ਵਿੱਚ ਚੱਕ ਨਾਨਕੀ ਛੱਡ ਕੇ ਜਮਨਾ ਦੇ ਕੰਢੇ ਪਾਉਂਟਾ ਸਾਹਿਬ ਵਿਖੇ ਚਲੇ ਗਏ। ਰਾਜਪੂਤ ਰਾਜਿਆਂ ਦੀਆਂ ਸਮੂਹਕ ਫ਼ੌਜਾਂ ਨਾਲ ਭੰਗਾਣੀ ਦੇ ਜੰਗ ਪਿੱਛੋਂ ਆਪ ਚੱਕ ਨਾਨਕੀ ਵਾਪਸ ਪਰਤੇ।"[64] ਵਾਪਸੀ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਸੁਰੱਖਿਆ ਨੀਤੀ ਸੰਬੰਧੀ ਵਿਸ਼ੇਸ਼ ਧਿਆਨ ਦੇਣਾ ਸ਼ੁਰੂ ਕੀਤਾ।

---

[62] ਪੂਰਨ ਸਿੰਘ (2007) *ਸਿੱਖੀ ਦੀ ਆਤਮਾ,* ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰ. 214.

[63] ਅਮਰਜੀਤ ਸਿੰਘ (2015) "ਸ੍ਰੀ ਅਨੰਦਪੁਰ ਸਾਹਿਬ ਦੇ ਸਾਹਿਤਕ ਦਰਬਾਰ ਦੀ ਸ਼ਾਨ: ਭਾਈ ਨੰਦ ਲਾਲ ਜੀ" *ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ,* ਦਿਲਜੀਤ ਸਿੰਘ ਬੇਦੀ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 295.

[64] ਜੋਧ ਸਿੰਘ (2013) *ਸਿੱਖ ਧਰਮ ਵਿਸ਼ਵਕੋਸ਼, ਸੈਂਚੀ ਪਹਿਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 119.

ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਦੀ ਨੀਤੀ ਨੂੰ ਸਮਝਦੇ ਹੋਏ ਕਿਲ੍ਹੇ ਬਣਾਉਣੇ ਸ਼ੁਰੂ ਕਰ ਦਿੱਤੇ, ਉਹਨਾਂ ਨੇ ਕੇਂਦਰ ਵਿੱਚ ਸ੍ਰੀ ਕੇਸਗੜ੍ਹ ਅਤੇ ਅਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਫ਼ਤਿਹਗੜ੍ਹ ਅਤੇ ਤਾਰਾਗੜ੍ਹ ਇਸ ਦੇ ਦੁਆਲੇ ਬਣਾਏ। "ਅਨੰਦਪੁਰ ਲੋਕਾਂ ਦੇ ਸਰੀਰਕ, ਮਾਨਸਿਕ ਤੇ ਅਧਿਆਤਮਿਕ ਜੀਵਨ ਦਾ ਕੇਂਦਰ ਬਣ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੀਪ ਕਵੀ, ਵਿਦਵਾਨ ਤੇ ਚਿਤਰਕਾਰ ਆ ਜੁੜੇ, ਉਨ੍ਹਾਂ ਨੇ ਆਪਣੇ ਸੈਨਿਕਾਂ ਵਿਚ ਵਿਦਿਆ ਤੇ ਸਾਹਿਤ ਦੇ ਵਾਸੇ ਨੂੰ ਉਤਸ਼ਾਹ ਦਿਤਾ ਤੇ ਸਿਖਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਬਨਾਰਸ ਭੇਜਿਆ। ਗੁਰੂ ਜੀ ਨੇ ਬਹੁਤ ਸਾਰੇ ਸੰਸਕ੍ਰਿਤ ਗ੍ਰੰਥਾਂ ਦਾ ਬ੍ਰਿਜ ਭਾਸ਼ਾ ਵਿਚ ਅਨੁਵਾਦ ਕਰਾਇਆ। ਅਸਲ ਵਿਚ ਹੁਣ ਸਿੱਖ, ਬਾਦਸ਼ਾਹਾਂ ਵੱਲੋਂ ਕੀਤੇ ਗਏ ਜ਼ੁਲਮਾਂ ਨੂੰ ਭੁਲਾ ਕੇ ਆਪਣੀ ਭਾਸ਼ਾ ਨੂੰ ਆਪ ਸਵਾਰਣ ਦੇ ਰਾਹ ਤੇ ਚਲ ਪਏ ਸਨ। ਅਨੰਦਪੁਰ ਸਾਹਿਬ ਵਿਖੇ ਬਹੁਤ ਸਾਰਾ ਸਾਹਿਤ ਤੇ ਕਲਾ ਰਚੇ ਗਏ।"[65] ਇਸ ਸਮੇਂ ਤੋਂ ਬਾਅਦ ਪਹਾੜੀ ਰਾਜਿਆਂ ਦੀਆਂ ਕੋਝੀਆਂ ਹਰਕਤਾਂ ਅਤੇ ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿੱਚ ਰੱਖ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਜੀਵਨ ਮਨੋਰਥ ਪੂਰਾ ਕਰਨ ਲਈ ਤਿਆਰੀ ਆਰੰਭ ਕੀਤੀ।

ਮਾਨਵੀ ਹਿੱਤਾਂ ਦੀ ਰਾਖੀ ਦੀ ਵਿਲੱਖਣ ਉਦਾਹਰਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਹੈ, ਇਸੇ ਪਾਵਨ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਦਬੇ ਕੁਚਲੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕੀਤਾ। ਸਿੱਖ ਧਰਮ ਦੇ ਬਹੁ-ਰੰਗੀ ਰੂਪਾਂ ਵਿੱਚੋਂ ਜੋ ਵਿਲੱਖਣਤਾ ਉੱਘੜ ਕੇ ਸਾਹਮਣੇ ਆਉਂਦੀ ਹੈ ਜੋ ਕਿ ਸਾਰੇ ਵਿਸ਼ਵ ਲਈ ਇੱਕ ਨਿਵੇਕਲੀ ਸੇਧ ਹੈ, ਇਸੇ ਲਈ "ਸਿੱਖ ਧਰਮ ਇੱਕ ਵਿਲੱਖਣ, ਨਿਰੰਤਰ ਅਤੇ ਮਕੁੰਮਲ ਇਨਕਲਾਬ ਹੈ। ਵਿਲੱਖਣ ਇਸ ਲਈ ਕਿ ਸੰਸਾਰ ਦੇ ਕਿਸੇ ਵੀ ਇਨਕਲਾਬ ਨੂੰ ਇੰਨੀ ਗੁੰਝਲਦਾਰ ਹਾਲਾਤ ਦਾ ਸਾਹਮਣਾ ਨਹੀਂ ਕਰਨਾ ਪਿਆ। ਇਨਕਲਾਬ ਵਿੱਚ ਸੱਤਾ ਦੀ ਤਬਦੀਲੀ ਹੁੰਦੀ ਹੈ ਸੱਤਾ ਉੱਤੇ ਕਾਬਜ ਇਕ ਜਮਾਤ, ਦੂਜੀ ਜਮਾਤ ਤੋਂ ਸੱਤਾ ਖੋਹ ਲੈਂਦੀ ਹੈ ਪ੍ਰੰਤੂ ਹਿੰਦੂ ਸਮਾਜ ਵਿਚ ਇਹ ਸੱਤਾ ਸਿਰਫ ਜਮਾਤ, ਕੌਮ ਜਾਂ ਨਸਲ ਉੱਤੇ ਅਧਾਰਿਤ ਨਹੀਂ ਸੀ, ਸਗੋਂ ਜਾਤਪਾਤੀ ਵੰਡ ਨੇ ਇਸ ਨੂੰ ਬਹੁਤ ਹੀ ਗੁੰਝਲਦਾਰ ਬਣਾ ਦਿੱਤਾ ਸੀ। ਇਸ ਲਈ ਜੋ ਸੰਘਰਸ਼ ਸਿੱਖ ਇਨਕਲਾਬ ਨੇ ਕੀਤਾ ਹੈ, ਅਜਿਹਾ ਸੰਘਰਸ਼ ਸੰਸਾਰ ਦੇ ਕਿਸੇ ਹੋਰ ਇਨਕਲਾਬ ਨੂੰ ਨਹੀਂ ਕਰਨਾ ਪਿਆ।"[66]

---

[65] ਪੂਰਨ ਸਿੰਘ (1972) *ਦਸ ਗੁਰ ਦਰਸ਼ਨ*, ਕਿਰਪਾਲ ਸਿੰਘ ਕਸੇਲ, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 108.

[66] ਸਵਰਾਜ ਸਿੰਘ (2006) *ਸਿੱਖ ਇਨਕਲਾਬ ਕਮਿਊਨਿਸ਼ਟ ਇਨਕਲਾਬ ਤੇ ਇਨਕਲਾਬੀ ਮਨੁੱਖ ਦੀ ਸਿਰਜਨਾ*, ਪੰਥ ਖ਼ਾਲਸਾ ਪ੍ਰਕਾਸ਼ਨ, ਜਲੰਧਰ, ਪੰ. 33.

ਜਾਤ ਪਾਤ ਦਾ ਖ਼ਾਤਮਾ ਕਰਕੇ ਮਾਨਵੀ ਹਿੱਤਾਂ ਦੀ ਰਾਖੀ ਦਾ ਪੈਗਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਖ਼ਾਲਸਾ ਸਾਜ ਕੇ ਦਿੱਤਾ। ਸੰਪੂਰਨ ਮਨੁੱਖ ਦਾ ਵਿਲੱਖਣ ਰੂਪ ਸ੍ਰੀ ਅਨੰਦਪੁਰ ਸਾਹਿਬ ਵਿੱਚ 1699 ਈ. ਦੀ ਵਿਸਾਖੀ ਨੂੰ ਸਿਰਜਿਆ ਗਿਆ। ਇਸੇ ਲਈ ਸਿੱਖ ਧਰਮ ਮੁਕੰਮਲ ਵਿਲੱਖਣ ਇਨਕਲਾਬ ਹੈ ਜੋ ਖ਼ਾਲਸੇ ਦੇ ਰੂਪ ਵਿਚ ਨਵਾਂ ਮਨੁੱਖ ਸਿਰਜਣ ਵਿੱਚ ਸਫਲ ਹੋਇਆ।

ਸ੍ਰੀ ਅਨੰਦਪੁਰ ਸਾਹਿਬ ਤੋਂ ਜੋ ਅਜ਼ਾਦੀ ਦੀ ਅਵਾਜ਼ ਉੱਠੀ ਉਹ ਸਿੱਖ ਹਿਰਦਿਆਂ ਉੱਪਰ ਪੂਰੀ ਤਰ੍ਹਾਂ ਉਲੀਕੀ ਗਈ ਹੈ ਜਿਸ ਨੂੰ ਸਿੱਖ ਆਪਣੀ ਸਿਮਰਤੀ ਵਿੱਚ ਸਮੋਈ ਬੈਠੇ ਹਨ ਅਤੇ ਉਸ ’ਤੇ ਮਾਣ ਮਹਿਸੂਸ ਕਰਦੇ ਹਨ। ਇਸ ਕਰਕੇ ਸਿੱਖਾਂ ਲਈ ਸ੍ਰੀ ਅਨੰਦਪੁਰ ਸਾਹਿਬ ਤੋਂ ਉੱਠਿਆ ਇਨਕਲਾਬ ਸਦੀਵੀ ਹੈ ਜੋ ਉਹਨਾਂ ਦੀ ਸਿਮਰਤੀ ਦਾ ਪੱਕੇ ਤੌਰ ’ਤੇ ਹਿੱਸਾ ਬਣ ਚੁੱਕਿਆ ਹੈ ਜਿਹੜਾ ਸਮੇਂ ਦੇ ਪ੍ਰਭਾਵ ਨਾਲ ਬਾਹਰੋਂ ਕਦੇ ਧੁੰਦਲਾ ਤਾਂ ਵਿਖਾਈ ਦੇ ਸਕਦਾ ਹੈ ਪਰ ਮਿਟਾਇਆ ਨਹੀਂ ਜਾ ਸਕਦਾ ਕਿਉਂਕਿ “ਗੁਰੂ ਸਾਹਿਬ ਨੇ ਇਕ ਬਾਟੇ ਵਿਚ ਅੰਮ੍ਰਿਤ ਛਕਾ ਕੇ ਧਰਮ-ਅਧਿਕਾਰ ਅਤੇ ਰਾਜ-ਅਧਿਕਾਰ ਸਭ ਨੂੰ ਸਮਾਨ ਬਖਸ਼ੇ।”[67]

ਅੰਮ੍ਰਿਤ ਛਕਣ ਨਾਲ ਸੱਚੇ ਪਰਮਾਤਮਾ ਨਾਲ ਲਿਵ ਜੁੜ ਜਾਂਦੀ ਹੈ ਅਤੇ ਮਨ ਬਲਵਾਨ ਬਣ ਜਾਂਦਾ ਹੈ। ਸਿੱਖ ਦਾ ਮਨ ਨੀਵਾਂ ਅਤੇ ਮੱਤ ਉੱਚੀ ਹੋ ਜਾਂਦੀ ਹੈ। “ਜਦੋਂ ਸਿੱਖ ਮਨ ਨੀਵਾਂ ਦਾ ਵਰਦਾਨ ਮੰਗਦਾ ਹੈ ਤਾਂ ਇਸ ਦਾ ਭਾਵ ਇਹ ਵੀ ਹੈ ਕਿ 'ਸਿੱਖ' ਕਦੀ ਹੰਕਾਰੀ ਨਾ ਹੋਵੇ ਜਾਂ ਅਕਾਲ ਪੁਰਖ ਸਿੱਖਾਂ ਨੂੰ ਹਮੇਸ਼ਾਂ ਹੰਕਾਰ-ਮੁਕਤ ਰੱਖੇ। ਜਦ 'ਮਤ ਉੱਚੀ' ਦਾ ਵਰਦਾਨ ਸਿੱਖ ਮੰਗਦਾ ਹੈ ਤਾਂ ਉਸ ਦਾ ਭਾਵ ਵੀ ਇਹ ਹੈ, ਕਿ 'ਸਿੱਖ' ਸਦਾ ਪਵਿੱਤਰ ਗਿਆਨ ਦੇ ਮੰਡਲ ਵਿਚ ਜਿਉਣਾ ਚਾਹੁੰਦਾ ਹੈ।”[68]

ਸ੍ਰੀ ਅਨੰਦਪੁਰ ਸਾਹਿਬ ਤੋਂ ਸਮਾਨਤਾ ਦੀ ਭਾਵਨਾ ਦਾ ਜੋ ਰੂਪ ਪ੍ਰਗਟ ਹੋਇਆ, ਉਹ ਹੋਰ ਕਿਧਰੇ ਵੀ ਵੇਖਣ ਨੂੰ ਨਹੀਂ ਮਿਲਦਾ। ਵੱਖ-ਵੱਖ ਧਰਮਾਂ ਅਤੇ ਸੱਭਿਆਚਾਰਕ ਇਕਾਈਆਂ ਨੂੰ ਆਪਣਾ-ਆਪਣਾ ਜੀਵਨ ਜਿਉਂਣ ਦੇ ਹੱਕ ਅਤੇ ਬਹੁਰੰਗੀ ਵੰਨ-ਸੁਵੰਨਤਾ ਦੀ ਸਮਾਨਤਾ ਨੂੰ ਸਵੀਕਾਰ ਕਰਦਾ ਹੈ। ਇਹੋ ਜਿਹੇ ਬਹੁ-ਮੁੱਲੇ ਗੁਣ ਸਿੱਖਾਂ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਭਾਵ ਨੂੰ ਪੱਕਾ ਕਰਨ ਅਤੇ ਅਮੀਰ ਸਿਮਰਤੀ ਸਿਰਜਨ ਵਿੱਚ ਸਹਾਈ ਹੁੰਦੇ ਹਨ। ਇਨ੍ਹਾਂ ਗੁਣਾਂ ਵਿੱਚੋਂ ਅਚਿੰਤ ਅਤੇ ਅਨੰਦਮਈ ਅਵਸਥਾ ਵਾਲਾ ਜੀਵਨ ਸਿੱਖ ਚੜ੍ਹਦੀਕਲਾ ਵਿੱਚ ਰਹਿ ਕੇ ਹੀ ਜਿਉਂਣ ਦੇ ਧਾਰਨੀ ਹਨ ਕਿਉਂਕਿ, “ਆਤਮ ਬਲ, ਦ੍ਰਿੜ ਨਿਸ਼ਚਾ ਅਤੇ

---

[67] ਪਿਆਰਾ ਸਿੰਘ ਪਦਮ (2000) *ਗੋਬਿੰਦ ਸਾਗਰ ਸ੍ਰੀ ਦਸਮੇਸ਼ ਜੀ ਦੀ ਸਖਸ਼ੀਅਤ ਤੇ ਸਿੱਖਿਆ ਦਾ ਸਰਬੰਗੀ ਅਧਿਐਨ,* ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 35.

[68] ਬਲਕਾਰ ਸਿੰਘ (1998) *ਅਰਦਾਸ ਦਾ ਸਿੱਖ ਪ੍ਰਸੰਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 51.

ਅਣਖੀਲੇ ਜਜ਼ਬਾਤ ਦਾ ਨਵਨਿਰਮਾਣ ਹੀ ਚੜ੍ਹਦੀਕਲਾ ਦੇ ਮੁੱਢਲੇ ਪ੍ਰਮੁੱਖ ਥੰਮ ਹਨ।"[69] ਇਸ ਲਈ ਚੜ੍ਹਦੀਕਲਾ ਵਿੱਚ ਪਦਾਰਥਵਾਦੀ ਮਨੁੱਖ ਨਹੀਂ ਰਹਿ ਸਕਦਾ, ਸਗੋਂ ਜਮਹੂਰੀਅਤ ਜਾਂ ਲੋਕਤੰਤਰੀ ਢਾਂਚੇ ਵਿੱਚ ਜਿਉਂਣ ਵਾਲਾ ਮਨੁੱਖ ਚੜ੍ਹਦੀਕਲਾ ਦਾ ਅਨੰਦ ਮਾਣਦਾ ਹੈ।

## 4.2 ਜਮਹੂਰੀਅਤ ਜਾਂ ਲੋਕਤੰਤਰੀ ਪ੍ਰਬੰਧ

ਲੋਕਤੰਤਰੀ ਪ੍ਰਬੰਧ ਦਾ ਪ੍ਰਗਟਾਵਾ ਵੀ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਤੋਂ ਹੁੰਦਾ ਹੈ ਜਿਸ ਵਿੱਚ ਸਿੱਖ ਸੁਤੰਤਰ ਮਾਨਸਿਕਤਾ ਰਾਹੀਂ ਅਭਿਵਿਅਕਤ ਹੁੰਦਾ ਹੈ। "ਆਰੀਆ ਤੋਂ ਪਿਛੋਂ, ਹਿੰਦੁਸਤਾਨ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਰਾਜ ਦੀ ਮੁੜ ਨੀਂਹ ਰੱਖੀ। ਅਠਾਰਵੀਂ ਸਦੀ ਦੇ ਆਰੰਭ ਵਿਚ ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਲੋਕ-ਰਾਜ ਸਥਾਪਤ ਕੀਤਾ।"[70] ਸ੍ਰੀ ਅਨੰਦਪੁਰ ਸਾਹਿਬ ਦਾ ਸਿਧਾਂਤ ਵਿਅਕਤੀਆਂ ਦੀ ਜੁਗਤ ਨੂੰ ਖ਼ਾਲਸਾ ਪੰਥ ਦੀ ਤਾਬਿਆ ਮੰਨਦਾ ਹੈ। ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖ਼ਾਲਸਾ ਸਿਰਜਣਾ ਸਮੇਂ ਪਹਿਲਾਂ ਪੰਜ ਪਿਆਰਿਆਂ ਦੀ ਸਾਜਨਾ ਕੀਤੀ, ਫਿਰ ਪੰਜਾਂ ਕੋਲੋਂ ਆਪ ਅੰਮ੍ਰਿਤ ਛਕ ਕੇ ਸਿੱਖ ਪੰਥ ਵਿੱਚ 'ਲੋਕਤੰਤਰੀ ਪ੍ਰਬੰਧ' ਦੀ ਵਿਚਾਰਧਾਰਾ ਨੂੰ ਲਾਗੂ ਕੀਤਾ, ਇਸ ਕਰਕੇ ਅਸੀਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਲੋਕ ਰਾਜ ਦੀ ਨੀਂਹ ਰੱਖਣ ਵਾਲੀ ਧਰਤੀ ਵੀ ਆਖ ਸਕਦੇ ਹਾਂ। ਸ੍ਰੀ ਅਨੰਦਪੁਰ ਸਾਹਿਬ ਦੀ ਇਹ ਵੀ ਵਿਲੱਖਣਤਾ ਹੈ, ਕਿ ਇਸਨੇ ਪੀੜਤ, ਦਲਿਤ, ਦਬਾਏ ਅਤੇ ਲਤਾੜੇ ਹੋਏ ਲੋਕਾਂ ਦੀ ਮਾਨਸਿਕਤਾ ਵਿੱਚ ਬੁਨਿਆਦੀ ਤਬਦੀਲੀ ਲਿਆ ਕੇ ਉਨ੍ਹਾਂ ਵਿੱਚ ਸਵੈਮਾਣ ਅਤੇ ਅਣਖ ਦੀ ਭਾਵਨਾ ਜਗਾਈ। ਇਸ ਪਾਵਨ ਧਰਤੀ ਨੇ ਪਹਿਲੀ ਵਾਰ ਸੰਸਾਰ ਉੱਤੇ ਹਾਂ ਪੱਖੀ ਧਰਮ ਨਿਰਪੱਖਤਾ ਦਾ ਸੰਕਲਪ ਉੱਭਾਰਿਆ। "ਊਚ ਨੀਚ ਦੇ ਖਾਤਮੇ ਦਾ ਮਨੁੱਖੀ ਬਰਾਬਰੀ ਅਤੇ ਏਕਤਾ ਦਾ, ਧਾਰਮਿਕ ਅਤੇ ਸਿਆਸੀ ਅਜ਼ਾਦੀ ਦਾ, ਲੋਕਤੰਤਰ ਦਾ ਝੰਡਾ ਸ੍ਰੀ ਅਨੰਦਪੁਰ ਸਾਹਿਬ ਦੇ ਇਸ ਨਵੇਂ ਮੁਕੰਮਲ ਹੋਏ ਕੇਸਗੜ੍ਹ ਦੀ ਟੀਸੀ ਤੋਂ ਬੁਲੰਦ ਹੋਇਆ।"[71]

---

69 ਇਕਬਾਲ ਸਿੰਘ (1989) *ਗੁਰਮਤਿ ਮੰਥਨ,* ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰ. 201.

70 ਸਰਦਾਰਾ ਸਿੰਘ ਰਟੌਲ (1967) "ਇਨਕਲਾਬੀ ਗੁਰੂ" *ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ,* ਬੀਰਇੰਦਰ ਸਿੰਘ, ਸੰਪਾ., ਆਲ ਇੰਡੀਆ ਸਿੱਖ ਯੂਥ ਫੈਡਰੇਸ਼ਨ, ਅੰਮ੍ਰਿਤਸਰ, ਪੰ. 95.

71 ਗੁਰਚਰਨ ਸਿੰਘ (1967) "ਪੰਥ ਖ਼ਾਲਸਾ ਦਾ ਜਨਮ" *ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ,* ਬੀਰਇੰਦਰ ਸਿੰਘ, ਸੰਪਾ., ਆਲ ਇੰਡੀਆ ਸਿੱਖ ਯੂਥ ਫੈਡਰੇਸ਼ਨ, ਅੰਮ੍ਰਿਤਸਰ, ਪੰ. 68.

ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖ ਸਿਮਰਤੀ ਬੀਰ ਰਸੀ ਭਾਵਨਾਵਾਂ ਨੂੰ ਸੰਜਮ ਵਿੱਚ ਰੱਖ ਕੇ ਸੁਹਜ ਲਈ ਬਿਰਤੀਆਂ ਦਾ ਇਕਾਗਰ ਕਰਨਾ ਵੀ ਸਿੱਖਦੀ ਹੈ। ਇੱਥੇ ਮਰਜੀਵੜਿਆਂ ਦੀ ਉਹ ਜਮਾਤ ਪੈਦਾ ਹੋਈ ਜਿਸ ਨੇ ਮੁਗਲ ਸਾਮਰਾਜ ਦੇ ਜਬਰ ਦੀਆਂ ਨੀਹਾਂ ਹਿਲਾ ਦਿੱਤੀਆਂ ਅਤੇ ਮਾਨਵਤਾ ਨੂੰ ਨਵਾਂ ਜੀਵਨ ਬਖਸ਼ਿਆ। "ਨਵੀਂ ਵਿਵਸਥਾ ਦੀ ਸਿਰਜਨਾ ਦਾ ਅਤੇ ਹੋਰ ਬਹੁਤ ਕੁਝ ਹੈ- ਸਿੱਖ ਧਰਮ, ਜਿਸਦੀ ਫੈਰਿਸਤ ਬਣਾਉਣੀ ਅਸੰਭਵ ਹੈ। ਜਾਪਦਾ ਇੱਦਾਂ ਹੈ ਕਿ ਕਿਸੇ ਸੀਮਿਤ ਅਰਥਾਂ ਵਿਚ ਸਿੱਖੀ ਨੂੰ ਮਹਿਦੂਦ ਕਰਨਾ ਜਾਂ ਪਹਿਭੀਗਤ ਕਰਨਾ ਸੌਖਾ ਨਹੀਂ। ਹਾਂ ਇਕ ਗੱਲ ਕਹੀ ਜਾ ਸਕਦੀ ਹੈ ਸੰਖੇਪ ਵਿਚ ਕਿ ਉਦਾਸੀਨ ਕੁਝ ਨਹੀਂ ਸਿੱਖੀ ਵਿਚ, ਇਕ ਸਰਗਰਮ ਜੀਵਨ ਜਿਉਣ, ਇਕ ਉਸਾਰੂ ਭੂਮਿਕਾ ਨਿਭਾਉਣਾ, ਕੁਝ ਕਰ ਗੁਜਰਨ ਦਾ ਨਾਂ ਹੈ ਸਿੱਖੀ ਅਤੇ ਇਹੋ ਇਸਦੀ ਖੂਬਸੂਰਤ ਵਿਲੱਖਣਤਾ ਹੈ।"[72]

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ੁਰੂ ਕੀਤੇ ਧਰਮ ਦੀ ਸੰਪੂਰਨਤਾ ਦੇ ਵਿਲੱਖਣ ਰੂਪ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਆ ਕੇ ਸਿੱਖਾਂ ਲਈ ਸਦੀਵੀ ਤੌਰ 'ਤੇ ਉਹਨਾਂ ਦਾ ਅੰਗ ਬਣ ਗਏ। ਨਾਮ ਦੀ ਮਹੱਤਤਾ, ਨਾਮੀ ਦਾ ਜੀਵਨ ਅਤੇ ਨਾਮ ਜਪਣ ਵਾਲਿਆਂ ਦੀ ਵੀਰਤਾ ਦੇ ਅਲੌਕਿਕ ਪੱਖ ਜੋ ਸਿੱਖ ਧਰਮ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹਨ ਸ੍ਰੀ ਅਨੰਦਪੁਰ ਸਾਹਿਬ ਉਹਨਾਂ ਦਾ ਸਾਰਥਕ ਪ੍ਰਗਟਾਵਾ ਹੈ। ਜੋ ਕਿ ਸਿੱਖ ਸਿਮਰਤੀ ਨੂੰ ਸਦੀਵੀ ਆਨੰਦ ਮਾਣਨ ਦੇ ਸਮਰੱਥ ਬਣਾਉਂਦਾ ਹੈ। ਜਦੋਂ ਕੋਈ ਵੀ ਕਿਸੇ ਵਿਚਾਰਧਾਰਾ ਨਾਲ ਧੁਰ–ਅੰਦਰੋਂ ਜੁੜਿਆ ਹੋਵੇ ਤਾਂ ਉਸ ਦੇ ਵਿਛੋੜੇ ਦਾ ਦਰਦ ਵੀ ਮਨ ਉੱਤੇ ਗਹਿਰਾ ਪ੍ਰਭਾਵ ਛੱਡਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਖ਼ਾਲਸੇ ਦੇ ਰੂਪ ਵਿੱਚ ਨਿਆਰੀ ਵਿਵਸਥਾ ਦਾ ਆਰੰਭ ਹੋਇਆ। "ਜਿਥੋਂ ਤੱਕ ਸਿੱਖ ਪਰੰਪਰਾ ਦੀ ਰਾਜ-ਵਿਵਸਥਾ ਦਾ ਸੰਬੰਧ ਹੈ ਉਹ ਰਾਜਤੰਤ੍ਰ ਅਤੇ ਲੋਕਤੰਤ੍ਰ ਦੋਹਾਂ ਤੋਂ ਵਿਲੱਖਣ ਹੈ ਕਿਉਂਕਿ ਇਸ ਵਿਚ ਰਾਜੇ ਜਾਂ ਲੋਕ-ਪਾਤਿਸ਼ਾਹ ਦੀ ਚੋਣ ਨਵੇਕਲੇ ਢੰਗ ਨਾਲ ਕਰਨੀ ਮਿਥੀ ਗਈ ਹੈ। ਰਾਜਤ੍ਰੰਤ ਵਿਚ ਰਾਜਾ ਲੋਕਾਂ ਦੁਆਰਾ ਚੁਣਿਆ ਜਾਂਦਾ ਹੈ। ਸਿੱਖ ਪਰੰਪਰਾ ਪੰਜ ਪਿਆਰਿਆਂ ਦੇ ਵਿਧਾਨ ਉਪਰ ਟਿਕੀ ਹੋਈ ਹੈ। 'ਪਿਆਰੇ' ਨਾਮਜ਼ਦ ਹੁੰਦੇ ਹਨ ਨਾ ਹੀ ਚੁਣੇ ਜਾਂਦੇ ਹਨ। ਉਹ ਆਪਣੀ ਯੋਗਤਾ, ਚਰਿੱਤਰ ਦੇ ਗੁਣਾਂ ਦੁਆਰਾ, ਸਿਧ ਕਰਦੇ ਹਨ। ਇਸ ਤਰ੍ਹਾਂ ਸਿੱਖ ਪਰੰਪਰਾ ਗੁਣ ਮੂਲਕ ਲੋਕਤੰਤ੍ਰ ਵਲ ਉਨਮੁੱਖ ਵਿਖਾਈ ਦਿੰਦਾ ਹੈ। ਪੰਜ ਪਿਆਰਿਆਂ ਦੀ ਮਰਿਯਾਦਾ ਵਿਚ, ਗੁਰੂ-ਪਰੰਪਰਾ ਦੀ ਸੰਪੂਰਣ ਸੱਤਾ

[72] ਜਸਪਾਲ ਸਿੰਘ (2009) *ਸਿੱਖ ਧਰਮ ਤੇ ਰਾਜਨੀਤੀ*, ਨਵਯੁਗ ਪਬਲਿਸਰਜ਼, ਨਵੀਂ ਦਿੱਲੀ, ਪੰ. 17.

ਤੇ ਲੋਕ-ਸੱਤਾ ਇਕ ਦੂਜੇ ਵਿਚ ਸਮਾਅ ਜਾਂਦੀਆਂ ਹਨ। ਸੰਗਤ ਵਿੱਚੋਂ ਚੁਣੇ ਪੰਜ ਪਿਆਰੇ, ਸੱਤਾ ਦੇ ਧਾਰਣੀ ਬਣ ਕੇ, ਮੁੜ ਸੰਗਤ ਨੂੰ ਸਮਰਪਿਤ ਹੋ ਜਾਂਦੇ ਹਨ।"[73]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿਰਜਿਆ ਖ਼ਾਲਸਾ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੇ ਲੋਕਤੰਤਰੀ ਰਾਜ ਦਾ ਅਸਲੀ ਸਰੂਪ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਨਾਸ਼ਾਹੀ ਰਾਜ ਨੂੰ ਖ਼ਤਮ ਕਰਕੇ ਆਮ ਲੋਕਾਂ ਦੇ ਰਾਜਨੀਤਕ, ਆਰਥਕ, ਸਮਾਜਕ ਅਤੇ ਅਧਿਆਤਮਕ ਜੀਵਨ ਨੂੰ ਪ੍ਰਫੁੱਲਤ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਤੋਂ ਹੀ ਅਜਿਹੀ ਕ੍ਰਾਂਤੀ ਪੈਦਾ ਹੋਈ, ਜਿਸ ਨਾਲ ਉਸ ਸਮੇਂ ਦੇ ਹੁਕਮਰਾਨਾਂ ਨੂੰ ਵੰਗਾਰਿਆ ਗਿਆ ਅਤੇ ਵਿਅਕਤੀਗਤ ਰਾਜ ਦਾ ਖੰਡਨ ਹੋਇਆ। ਸਿੱਖ ਮੁੱਢ ਤੋਂ ਨਿਮਾਣਿਆਂ, ਨਿਤਾਣਿਆਂ ਦੇ ਹੱਕਾਂ ਲਈ ਲੜਦੇ ਰਹੇ ਹਨ, ਭਾਵੇਂ ਇਸ ਤਹਿਤ ਸਿਰ-ਧੜ ਦੀ ਬਾਜੀ ਹੀ ਕਿਉਂ ਨਾ ਲਾਉਣੀ ਪਵੇ। "ਸੀਸ ਦੇਣ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜੋ ਵਾਕ ਲੋਕਾਂ ਨੂੰ ਉਪਦੇਸ਼ ਦੇ ਕੇ ਆਖੇ ਉਹ ਏਹ ਹਨ: ਆਪਣੇ ਮਨ ਨੂੰ ਵਾਹਿਗੁਰੂ ਨਾਲ ਜੋੜੀ ਰਖੀਏ ਤੇ ਆਪਣੇ ਮਨ ਵਿਚ ਉਸੇ ਦਾ ਆਸਰਾ ਧਾਰੀ ਰਖੀਏ। ਜੇ ਮਨ ਰੱਬ ਜੀ ਵਿਚ ਨਾ ਜੁੜੇ ਤੇ ਬੁਰਾਈਆਂ ਵਲ ਜਾਵੇ ਤਾਂ ਗੁਰੂ ਦੇ ਦਿਤੇ ਉਪਦੇਸ਼ ਦੀ ਵਿਚਾਰ ਕਰਕੇ ਤੇ ਉਸ ਦੇ ਦੱਸੇ ਨਾਮ ਨੂੰ ਸਿਮਰ ਕੇ ਮਨ ਨੂੰ ਬਦੀਆਂ ਵਲੋਂ ਰੋਕੀਏ, ਇਸ ਤਰ੍ਹਾਂ ਧਰਮ ਵਿਚ ਉਚੇ ਤੇ ਪ੍ਰਪੱਕ ਹੋਕੇ ਐਸੇ ਦਾਤਾ ਬਣੀਏ ਕਿ ਜਿਨ੍ਹਾਂ ਦੀ ਬਾਂਹ ਫੜੀਏ ਉਨ੍ਹਾਂ ਨਾਲ ਇਥੋਂ ਤਾਈਂ ਨਿਬਾਹੀਏ ਕਿ ਸਿਰ ਕਟਵਾਕੇ ਧਰਤੀ ਤੇ ਢੈ ਪਈਏ ਪਰ ਧਰਮ ਨੂੰ ਕਦੇ ਹਥੋਂ ਨਾ ਦੇਈਏ।"[74] ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਗੁਰੂ ਪਿਆਰਿਆਂ ਅਤੇ ਨਿਆਸਰਿਆਂ ਨਾਲ ਸਨੇਹ ਨਿਭਾਉਣ ਦੀ ਮਿਸਾਲ ਨੂੰ ਚਾਂਦ ਭਟ ਨੇ ਲਿਖਿਆ ਅਤੇ ਭਾਈ ਚਮਨ ਲਾਲ ਨੇ ਗਾਇਆ ਹੈ;

"ਬਾਹ ਜਿਨ੍ਹਾਂ ਦੀ ਪਕੜੀਐ
ਸਿਰ ਦੀਜੈ ਬਾਹ ਨਾ ਛੋਡੀਐ
ਤੇਗ਼ ਬਹਾਦਰ ਬੋਲਿਆ

---

[73] ਜਸਪਾਲ ਸਿੰਘ (2009) *ਸਿੱਖ ਧਰਮ ਤੇ ਰਾਜਨੀਤੀ,* ਨਵਯੁਗ ਪਬਲਿਸਰਜ਼, ਨਵੀਂ ਦਿੱਲੀ, ਪੰਨੇ. 34-35.

[74] ਭਾਈ ਵੀਰ ਸਿੰਘ (2010) *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਾਲਮ ਸਾਖੀਆਂ, ਸੈਂਚੀ-ਪਹਿਲੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 79.

ਧਰ ਪਈਏ ਧਰਮ ਨਾ ਛੋਡੀਐ॥"[75]

ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਸਥਾਨ 'ਤੇ ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਸਮਾਜਕ ਬਰਾਬਰੀ ਦਾ ਨਵਾਂ ਪੰਥ ਤਿਆਰ ਕੀਤਾ। ਜਾਤੀ ਵੰਡ ਨੂੰ ਬਦਲਣ ਲਈ ਨਵਾਂ ਭਾਈਚਾਰਾ ਹੋਂਦ ਵਿੱਚ ਆਇਆ। ਬ੍ਰਾਹਮਣ ਇੱਕਲਾ ਵਿਦਿਆ ਦਾ ਅਤੇ ਖੱਤਰੀ ਸੂਰਮਗਤੀ, ਯੁੱਧ ਦਾ ਵੈਸ਼ ਹੁਨਰ, ਕਲਾ, ਕਿਰਤ, ਵਪਾਰ ਅਤੇ ਸ਼ੂਦਰ ਸਫਾਈ, ਸੇਵਾ ਲਈ ਬਣਿਆ ਹੈ, ਦੀ ਧਾਰਨਾ ਨੂੰ ਖ਼ਤਮ ਕੀਤਾ। ਬਰਾਬਰੀ ਦਾ ਸਿਧਾਂਤ ਸਿੱਖ ਅਵਚੇਤਨ ਦਾ ਹਿੱਸਾ ਬਣਾਇਆ ਹੈ

ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਗੁਰਸਿੱਖ ਹਰੇਕ ਧਰਮ ਦਾ ਸਤਿਕਾਰ ਕਰਦਾ ਹੋਇਆ ਡਰ, ਲਾਲਚ ਅਤੇ ਹੋਰ ਵਿਕਾਰਾਂ ਤੋਂ ਉੱਪਰ ਉੱਠ ਕੇ ਮਨੁੱਖੀ ਕਦਰਾਂ ਕੀਮਤਾਂ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਨੇ ਪੁਰਖੀ ਰਾਜ ਦੀ ਥਾਂ 'ਤੇ ਅਕਾਲ ਪੁਰਖ ਦੀ ਰਜ਼ਾ ਦਾ ਰਾਜ ਸਥਾਪਿਤ ਕੀਤਾ, ਇਸ ਵਿਚਾਰਧਾਰਾ ਦਾ ਉਦੇਸ਼ ਸਵੈਮਾਨ ਅਤੇ ਅਜ਼ਾਦੀ ਦੇ ਸੰਕਲਪ ਨੂੰ ਕਾਇਮ ਰੱਖਣਾ ਹੈ। "ਅਸੀਂ ਵੀ ਉਸ ਅਨੰਦਪੁਰ ਤੋਂ ਸਦਕੇ ਹਾਂ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਹਿਮਤ ਦੇ ਬੱਦਲ ਵਰਸਾਏ ਹਨ ਤੇ ਜ਼ਿੰਦਗੀ ਦੇ 27 ਸਾਲ ਉਥੇ ਟਿਕ ਕੇ ਧਰਤੀ ਨੂੰ ਪਵਿੱਤਰ ਕੀਤਾ। ਅਨੰਦਪੁਰ ਸਾਹਿਬ ਦਾ ਸਿਰਫ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਟਿਕਾਣਾ ਰਹਿਣ ਕਰਕੇ ਹੀ ਨਹੀਂ ਸਗੋਂ ਖ਼ਾਲਸੇ ਦੀ ਜਨਮ ਭੂਮੀ ਹੋਣ ਕਾਰਨ ਵੀ ਸਤਿਕਾਰੀ ਜਾਣ ਵਾਲੀ ਥਾਂ ਹੈ। ਇਸੇ ਲਈ ਸ੍ਰੀ ਅਨੰਦਪੁਰ ਸਾਹਿਬ ਨੂੰ 'ਖ਼ਾਲਸੇ ਦੀ ਵਾਸੀ' ਕਿਹਾ ਜਾਂਦਾ ਹੈ। ਸੱਚ ਮੁਚ ਖ਼ਾਲਸੇ ਨੂੰ ਸਦਾ ਹੀ ਅਨੰਦਪੁਰ ਦਾ ਵਾਸੀ ਰਹਿਣਾ ਉਚਿਤ ਹੈ। ਉਸ ਨੂੰ ਛੱਡਿਆਂ ਧੱਕੇ, ਧੋੜੇ, ਠੇਡੇ, ਠੋਕਰਾਂ, ਮੁਸੀਬਤਾਂ ਤੇ ਮੁਸ਼ਕਲਾਂ ਹੀ ਹਨ।"[76]

ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਸਦਾਚਾਰਕ ਗੁਣਾਂ ਨਾਲ ਭਰਪੂਰ ਹੈ, ਜਿਸ ਦੇ ਨੈਤਿਕ ਗੁਣਾਂ ਨੂੰ ਅਮਲੀ ਰੂਪ ਵਿੱਚ ਸਿੱਖ ਸਿਮਰਤੀ ਰਾਹੀਂ ਆਪਣੀ ਜੀਵਨ ਜਾਚ ਨੂੰ ਸੁਚੱਜੇ ਰੂਪ ਵਿੱਚ ਦੇਖਣ ਲਈ

---

[75] www.Youtube/Bhai chaman Lal Jee- GurTegh Bahadur Bolya (Rare old Recording)/*Keertanorg/* 3 May, 2013.

[76] ਸਤਿਬੀਰ ਸਿੰਘ (1994) *ਖ਼ਾਲਸੇ ਦੀ ਵਾਸੀ,* ਨਿਊ ਬੁੱਕ ਕੰਪਨੀ, ਜਲੰਧਰ, ਪੰ. 126.

ਲੋਚਦੇ ਹਨ। ਇਤਿਹਾਸ ਗਵਾਹ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਸਮੁੱਚੇ ਰੂਪ ਵਿੱਚ ਲੋਕਤੰਤਰੀ ਰਾਜ ਦੀ ਧਰਤੀ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ ਜਿੱਥੇ ਸੰਤ ਤੇ ਸਿਪਾਹੀ ਬਿਰਤੀ ਵਾਲੇ ਮਨੁੱਖ ਦੀ ਸਿਰਜਨਾ ਹੋਈ।

### 4.3 ਸੰਤ-ਸਿਪਾਹੀ ਅਤੇ ਸ੍ਰੀ ਅਨੰਦਪੁਰ ਸਾਹਿਬ

ਸਿੱਖ ਸਿਮਰਤੀ ਵਿੱਚ ਮੁੱਢ ਤੋਂ ਗੁਰੂ ਅਤੇ ਸਿੱਖ, ਭਗਤੀ ਅਤੇ ਸ਼ਕਤੀ ਵਿੱਚ ਦੁਵੱਲੇ ਸੰਬੰਧ ਰਹੇ ਹਨ। ਇਹ ਸੁਮੇਲ ਅਨੈਤਿਕ ਅਤੇ ਜਨ-ਦੋਖੀਆਂ ਦਾ ਮੁਕਾਬਲਾ ਕਰਨ ਲਈ ਹੈ। ਇਸ ਸ਼ਕਤੀ ਦਾ ਸੋਮਾ ਭਗਤੀ ਜਾਂ ਤਪ ਸਾਧਨਾ ਹੈ, ਜਿਸ ਦਾ ਰੂਪ ਸਿੱਖ ਧਰਮ ਵਿੱਚ ਸਿਮਰਨ, ਸੇਵਾ ਅਤੇ ਸੰਜਮ ਰਿਹਾ ਹੈ, ਜਿਸ ਨਾਲ ਸਿੱਖ ਸੰਤ-ਸਿਪਾਹੀ ਦੇ ਰੂਪ ਵਿੱਚ ਵਿਕਸਤ ਹੋਇਆ। ਸੰਤ-ਸਿਪਾਹੀ ਦਾ ਮੂਲ ਆਧਾਰ ਭਗਤੀ ਹੈ ਅਤੇ ਪ੍ਰਸਿਥਤੀ ਅਨੁਸਾਰ ਉਸ ਦੀ ਸੁਰੱਖਿਆ ਲਈ ਸ਼ਕਤੀ ਹੀ ਅਸਲ ਵਿੱਚ ਸਿਪਾਹੀ ਹੈ। ਭਗਤੀ ਸ਼ਕਤੀ ਨੂੰ ਲੋੜ ਅਨੁਸਾਰ ਸਿਰਜਦੀ ਹੈ। ਸਿਪਾਹੀ ਲੋੜ ਅਨੁਸਾਰ ਭਗਤੀ ਵਿੱਚੋਂ ਪੈਦਾ ਹੋ ਕੇ ਫਿਰ ਇਸੇ ਵਿੱਚ ਸਮਾ ਜਾਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਮੀਰੀ ਅਤੇ ਪੀਰੀ, ਸੰਤ ਤੇ ਸਿਪਾਹੀ, ਕਲਮਧਾਰੀ ਤੇ ਸ਼ਸਤਰਧਾਰੀ ਇੱਕੋ ਵੇਲੇ ਗੁਰੂ ਦਰਬਾਰ ਦੇ ਸਿੰਗਾਰ ਬਣੇ ਹਨ। ਭਗਤੀ ਅਤੇ ਸ਼ਕਤੀ ਦੇ ਸਿਧਾਂਤ ਜਾਂ ਸੁਮੇਲ ਵਿੱਚੋਂ ਸਿੱਖ ਵਿਲੱਖਣਤਾ ਨਿਕਲਦੀ ਹੋਈ, ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਸੰਤ ਸਿਪਾਹੀ ਦੇ ਰੂਪ ਵਿੱਚ ਪੂਰੀ ਤਰ੍ਹਾਂ ਨਿਖਰ ਕੇ ਸਾਹਮਣੇ ਆਈ।

ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਤੋਂ ਸੰਤ ਅਤੇ ਸਿਪਾਹੀ ਦੀ ਸੁਮੇਲਤਾ ਦਾ ਆਰੰਭ ਹੋਇਆ ਜੋ ਦੁਨੀਆਂ ਦੇ ਹਰ ਕੋਨੇ ਵਿੱਚ ਬੈਠਾ ਸਿੱਖ ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਨੂੰ ਆਪਣੇ ਹਿਰਦੇ ਵਿੱਚ ਸਮੋਈ ਬੈਠਾ ਹੈ। "ਸਿੱਖ ਧਰਮ ਇਕ ਗਤੀਸ਼ੀਲ, ਵਿਹਾਰਕ ਤੇ ਅਥਾਹ ਸਮਾਜਿਕ ਸੰਭਾਵਨਾਵਾਂ ਦਾ ਲਖਾਇਕ ਧਰਮ ਹੈ। ਪਿਛਲੀਆਂ ਪੰਜ ਸਦੀਆਂ ਵਿਚ ਇਹ ਅੰਦੋਲਨਕਾਰੀ ਤੇ ਕ੍ਰਾਂਤੀਕਾਰੀ ਗਤੀਵਿਧੀਆਂ ਦਾ ਸੋਮਾ ਤੇ ਸਾਧਨ ਬਣਿਆ ਰਿਹਾ ਹੈ।"[77] ਸੁਲਤਾਨਪੁਰ ਲੋਧੀ ਦੀ ਵੇਈਂ ਨਦੀ ਪ੍ਰਵੇਸ਼ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਵਿਲੱਖਣ ਵਿਚਾਰਧਾਰਾ ਦੀ ਨੀਂਹ ਰੱਖੀ, ਉਸ ਦੀ ਬੁਨਿਆਦ 'ਤੇ ਸ੍ਰੀ ਅਨੰਦਪੁਰ ਸਾਹਿਬ ਰੂਪੀ ਮਹੱਲ ਦੀ ਉਸਾਰੀ ਹੋਈ।

---

[77] ਦੀਵਾਨ ਸਿੰਘ (2007) *ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, ਪੰ. 36.

ਸੰਤ ਸਿਪਾਹੀ ਦਾ ਸੰਕਲਪ ਜੀਵ-ਪਰਮਾਤਮਾ ਦੇ ਆਪਸੀ ਰਿਸ਼ਤਿਆਂ ਨੂੰ ਨਵੀਂ ਸੇਧ ਪ੍ਰਦਾਨ ਕਰਦਾ ਹੈ। ਅਜਿਹਾ ਸੰਕਲਪ ਸਿੱਖ ਧਰਮ ਦੀ ਵਿਲੱਖਣਤਾ ਦਾ ਪ੍ਰਤੀਕ ਹੈ। ਸਿੱਖ ਧਰਮ ਅਨੁਸਾਰ ਵਿਅਕਤੀ ਜੀਵ ਰੂਪ ਵਿੱਚ ਪਰਮਾਤਮਾ ਦਾ ਅੰਸ਼ ਹੈ ਅਤੇ ਵਿਅਕਤੀ ਸਮਾਜਿਕ ਰੂਪ ਵਿੱਚ ਸਮਾਜ ਦਾ ਅੰਸ਼ ਹੈ। ਭਗਤੀ ਅਤੇ ਸ਼ਕਤੀ ਦੋਵਾਂ ਦਾ ਸੰਤੁਲਨ ਵਿਅਕਤੀ ਨੂੰ ਪਰਮਪਦ ਦੀ ਅਵਸਥਾ ਦੇ ਅਨੰਦ ਵਿੱਚ ਪਹੁੰਚਾਉਂਦਾ ਹੈ, ਜਿਸ ਦਾ ਪ੍ਰਗਟਾਵਾ ਸੰਤ-ਸਿਪਾਹੀ ਭਾਵ ਖ਼ਾਲਸਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਭਾਈ ਬਚਿੱਤਰ ਸਿੰਘ ਦੇ ਹੱਥ ਨਾਗਣੀ ਬਰਛਾ ਅਤੇ ਭਾਈ ਘਨੱਈਆ ਜੀ ਦੇ ਹੱਥ ਪਾਣੀ ਅਤੇ ਮੱਲਮ ਪੱਟੀ ਦੇ ਕੇ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਪ੍ਰਮਾਣ ਵਜੋਂ ਪੇਸ਼ ਕੀਤਾ। ਸਿੱਖ ਆਪਣੀ ਸਿਮਰਤੀ ਵਿੱਚ ਭਗਤੀ-ਸ਼ਕਤੀ ਦੇ ਸੁਮੇਲ ਨੂੰ ਵਸਾ ਕੇ ਅਲੌਕਿਕ ਅਨੰਦ ਮਾਣਦਾ ਹੈ। ਇਹ ਇੱਕ ਇਤਿਹਾਸਕ ਅਤੇ ਰੂਹਾਨੀ ਸੱਚ ਹੈ, ਇਸ ਨੇ ਸਿੱਖ ਲਹਿਰ ਦੇ ਵਿਕਾਸ, ਕੇਂਦਰੀ ਰਹੱਸ ਵਿੱਚ ਕਈ ਰੂਪਾਂ ਰਾਹੀਂ ਕਈ ਸੰਕਲਪਾਂ ਨੂੰ ਉਜਾਗਰ ਕੀਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੱਖ ਸਿਮਰਤੀ ਨੂੰ ਜੋ ਸੂਰਮੇ ਵਾਲਾ ਰੂਪ ਦਿੱਤਾ ਗਿਆ, ਉਸ ਸੰਬੰਧੀ ਪ੍ਰਿੰ. ਤੇਜਾ ਸਿੰਘ ਲਿਖਦੇ ਹਨ; "ਗੁਰੂ ਜੀ ਧਾਰਮਿਕ ਆਗੂ ਵੀ ਸਨ ਤੇ ਯੋਧੇ ਵੀ। ਇਸੇ ਕਾਰਨ ਉਨ੍ਹਾਂ ਦੇ ਘਰ ਦੋ ਚੀਜ਼ਾਂ ਹਮੇਸ਼ਾ ਹੁੰਦੀਆਂ ਸਨ; ਪਹਿਲੀ ਦੇਗ ਤੇ ਦੂਜੀ ਤੇਗ। ਭਾਵ ਗਰੀਬਾਂ ਲਈ ਆਹਾਰ ਤੇ ਜ਼ਾਲਮਾਂ ਲਈ ਤਲਵਾਰ।"[78] ਤੇਗ ਦੇ ਸੰਕਲਪ ਬਾਰੇ ਪ੍ਰੋ. ਪੂਰਨ ਸਿੰਘ ਲਿਖਦੇ ਹਨ; "ਤੇਗ ਹੈ ਕਿ ਤੁਸੀਂ ਪੂਰਨ ਤੌਰ 'ਤੇ ਸ਼ਸਤਰਧਾਰੀ ਹੋਵੋ, ਤੁਹਾਡੀ ਇਹ ਕਿਰਪਾਨ ਕਿਰਪਾਲੂ ਹੋਵੇ, ਇਹ ਕਿਰਪਾਨ ਤੁਹਾਡਾ ਮਨ ਹੈ, ਕਿਰਪਾਨ ਤੁਹਾਡੀ ਆਤਮਾ ਹੈ ਇਹ ਜੀਵਨ ਦਾ ਪ੍ਰਕਾਸ਼ ਹੈ ਕਿਰਪਾਨ ਦਾ ਲਿਸ਼ਕਾਰਾ ਪ੍ਰਕਾਸ਼ਮਾਨ ਨਹੀ ਤਾਂ ਤੁਸੀਂ ਅੰਧਲੇ ਹੋ ਜਾਵੋਗੇ ਕਿਰਪਾਨ ਮਨੁੱਖਤਾ ਦੀ ਭਲਾਈ ਲਈ ਚਮਕਦੀ ਹੈ।"[79]

ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹੋਈ ਇਸ ਕਰਾਮਾਤ ਨੇ ਚਿੜੀਆਂ ਵਿੱਚ ਬਾਜ਼ਾਂ ਨਾਲ ਮੁਕਾਬਲਾ ਕਰਨ ਦੀ ਹਿੰਮਤ ਭਰ ਦਿੱਤੀ। ਸਿੱਖ ਗੁਰੂ ਸਾਹਿਬ ਨੇ ਦੇਸ਼ ਵਾਸੀਆਂ ਨੂੰ ਅਣਖ, ਸੂਰਬੀਰਤਾ ਅਤੇ ਗ਼ੈਰਤ ਦੀ ਜ਼ਿੰਦਗੀ ਜਿਊਣ ਦਾ ਢੰਗ ਸਿਖਾਇਆ। "ਸਰੀਰ ਦੇ ਮੋਹ ਕਾਰਨ ਮਨੁੱਖ

---

[78] ਤੇਜਾ ਸਿੰਘ (1974) *ਸਿੱਖ ਇਤਿਹਾਸ ਦੀਆਂ ਝਾਕੀਆਂ (ਭਾਗ ਪਹਿਲਾ)* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 12.

[79] ਪੂਰਨ ਸਿੰਘ (2007) *ਸਿੱਖੀ ਦੀ ਆਤਮਾ,* ਕਿਰਪਾਲ ਸਿੰਘ ਕਸੇਲ, ਅਨੁ., ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰ. 348.

ਗੁਲਾਮੀ ਸਹਿੰਦਾ ਹੈ। ਮਜਲੂਮ ਬਣਕੇ ਤਰਸਯੋਗ ਹਾਲਤ ਵਿਚ ਜਿਉਂਦਾ ਹੈ, ਸ਼ੋਸ਼ਣ ਦਾ ਕਸ਼ਟ ਭੋਗਦਾ ਹੈ ਅਤੇ ਸਾਰੇ ਅਨਰਥ ਨੂੰ ਰੱਬ ਦਾ ਭਾਣਾ ਮੰਨ ਕੇ ਕਿਸਮਤ ਸਮਝ ਲੈਂਦਾ ਹੈ। ਜੇ ਆਪਾ ਵਾਰਨ ਦੀ ਜਾਚ ਆ ਜਾਵੇ ਤਾਂ ਅਣਖ ਨਾਲ ਜਿਉਣਾ ਵੀ ਆ ਜਾਂਦਾ ਹੈ। ਰੋਜ਼ ਮਰਨ ਨਾਲੋ ਇਕ ਵਾਰ ਮਰਨਾ ਸਦੀਵ ਬਣ ਜਾਂਦਾ ਹੈ ਅਤੇ ਹਜਾਰਾਂ ਲੱਖਾਂ ਨੂੰ ਸੁਤੰਤਰ ਜਿੰਦਗੀ ਦੇ ਜਾਂਦਾ ਹੈ।"[80] ਖ਼ਾਲਸੇ ਦੀ ਸਿਰਜਨਾ ਤੋਂ ਪਤਾ ਚਲਦਾ ਹੈ, ਇਹ ਵਿਹਾਰ ਸਿੱਖ ਧਰਮ ਦੇ ਸ਼ੁਰੂਆਤੀ ਸਿਧਾਂਤ;

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥[81]

ਨੂੰ ਹੀ ਵਿਹਾਰ ਵਿਚ ਲਿਆ ਕੇ ਪੂਰਾ ਕਰਕੇ ਵਿਖਾਇਆ ਗਿਆ ਤਾਂ ਜੋ ਸਿੱਖਾਂ ਵਿਚ ਗੁਰਮਤਿ ਦੇ ਸਿਧਾਂਤ ਅਤੇ ਵਿਹਾਰ ਵਿੱਚ ਵਖਰੇਵਾਂ ਨਾ ਰਹੇ। ਗੁਰੂ ਸਾਹਿਬ ਨੇ "ਜਿਸ ਕਿਰਪਾਨ ਨਾਲ ਨਵੀਂ ਜਿੰਦਗੀ ਦਿੱਤੀ, ਦੁਸ਼ਟਾਂ ਦੇ ਨਾਸ਼ ਤੇ ਧਰਮ ਦੇ ਪ੍ਰਚਾਰ ਦਾ ਬੀੜਾ ਚੁੱਕਿਆ ਉਸਦਾ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਮੁਹੱਈਆ ਕੀਤਾ ਸੀ।"[82] ਗੁਰੂ ਸਾਹਿਬ ਦੇ ਹੱਥੋਂ ਖ਼ਾਲਸੇ ਨੇ ਸੰਤ ਸਿਪਾਹੀ ਦਾ ਰੂਪ ਧਾਰਨ ਕਰਕੇ ਸਦੀਆਂ ਤੋਂ ਗ਼ੁਲਾਮੀ ਹੰਢਾ ਰਹੇ ਲੋਕਾਂ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਦਿੱਤਾ।

1699 ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਗਈ ਅਤੇ 1710 ਈ. ਵਿੱਚ ਕੇਵਲ ਗਿਆਰਾਂ ਸਾਲਾਂ ਬਾਅਦ ਸਮੇਂ ਦੀ ਸਭ ਤੋਂ ਤਾਕਤਵਰ ਰਿਆਸਤ 'ਸਰਹਿੰਦ' ਨੂੰ ਉਜਾੜ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਖ਼ਾਲਸੇ ਨੇ ਜ਼ੁਲਮ ਦਾ ਝੰਡਾ ਪੁੱਟ ਕੇ ਉਸ ਦੀ ਥਾਂ ਖ਼ਾਲਸੇ ਦੀ ਜਿੱਤ ਦੇ ਝੰਡੇ ਝੁਲਾ ਦਿੱਤੇ ਸਨ। ਇਤਿਹਾਸਕ ਹਵਾਲਿਆਂ ਤੋਂ ਪਤਾ ਚੱਲਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖ ਮਿਸਲਾਂ ਨੇ ਸਤਲੁਜ ਤੋਂ ਲੈ ਕੇ ਅਟਕ ਦਰਿਆ ਅਤੇ ਕਾਬਲ ਤੋਂ ਲੈ ਕੇ ਕੰਧਾਰ ਤੱਕ ਲੱਗਦੀਆਂ ਸੀਮਾਵਾਂ ਤੱਕ ਪੰਜਾਹ ਸਾਲ ਰਾਜ ਕਰਕੇ

---

80 ਜਸਪਾਲ ਸਿੰਘ (2009) *ਸਿੱਖ ਧਰਮ ਅਤੇ ਰਾਜਨੀਤੀ,* ਨਵਯੁਗ ਪਬਲਿਸ਼ਰਜ, ਦਿੱਲੀ, ਪੰ. 74.

81 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਚੋਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 1412.

82 ਜਸਪਾਲ ਸਿੰਘ (2009) *ਸਿੱਖ ਧਰਮ ਅਤੇ ਰਾਜਨੀਤੀ,* ਨਵਯੁਗ ਪਬਲਿਸ਼ਰਜ, ਦਿੱਲੀ, ਪੰ. 75

ਦੁਨੀਆਂ ਵਿੱਚ ਇੱਕ ਮਿਸਾਲ ਪੈਦਾ ਕਰ ਦਿੱਤੀ, ਜਿਸ ਕਰਕੇ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਤਸਵੀਰ ਦਾ ਉਕਰਨਾ ਸੰਯੋਗ ਬਣ ਗਿਆ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ ਸੂਰਬੀਰ ਸ਼ਹੀਦਾਂ ਵਿੱਚ ਸ਼ਹੀਦ ਭਾਈ ਬਚਿੱਤਰ ਸਿੰਘ ਦਾ ਨਾਮ ਆਉਂਦਾ ਹੈ, ਭਾਈ ਬਚਿੱਤਰ ਸਿੰਘ ਸ਼ਹੀਦ ਭਾਈ ਮਨੀ ਸਿੰਘ ਦੇ ਪੁੱਤਰ ਸਨ। ਭਾਈ ਬਚਿੱਤਰ ਸਿੰਘ ਨੇ ਗੁਰੂ ਸਾਹਿਬ ਪਾਸੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ, ਜਦੋਂ ਪਹਾੜੀ ਰਾਜਿਆਂ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਹੋਇਆ ਸੀ ਪਰੰਤੂ ਰਾਜਿਆਂ ਦੀ ਕੋਈ ਵਿਉਂਤ ਕਾਮਯਾਬ ਨਹੀਂ ਸੀ ਹੋ ਰਹੀ, ਉਨ੍ਹਾਂ ਨੇ ਸ਼ਰਾਬ ਪਿਲਾ ਕੇ ਮਸਤ ਹਾਥੀ ਦੇ ਸਿਰ ਲੋਹੇ ਦੀਆਂ ਤਵੀਆਂ ਬੰਨ੍ਹ ਕੇ ਕਿਲ੍ਹਾ ਲੋਹਗੜ੍ਹ ਦੇ ਦਰਵਾਜ਼ੇ ਨੂੰ ਤੋੜਨ ਲਈ ਭੇਜਿਆ। ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਭਾਈ ਬਚਿੱਤਰ ਸਿੰਘ ਦੀ ਸਿਮਰਤੀ ਵਿੱਚ ਦਸਮੇਸ਼ ਪਿਤਾ ਦੇ ਓਟ ਆਸਰੇ ਦਾ ਚਾਅ ਸੀ ਜਿਸ ਕਰਕੇ ਭਾਈ ਸਾਹਿਬ ਨੇ ਨਾਗਣੀ ਬਰਛੇ ਦੇ ਵਾਰ ਨਾਲ ਮਸਤ ਹਾਥੀ ਨੂੰ ਵਿੰਨ੍ਹ ਦਿੱਤਾ, ਜਿਸ ਨਾਲ ਹਾਥੀ ਚੰਘਾੜਦਾ ਵਾਪਸ ਮੁਗ਼ਲ ਸੈਨਾ ਨੂੰ ਲਤਾੜਦਾ ਹੋਇਆ ਪਿੱਛੇ ਮੁੜ ਗਿਆ।

ਭਾਈ ਬਚਿੱਤਰ ਸਿੰਘ ਦਾ ਉਹ ਨਾਗਣੀ ਬਰਛਾ ਜਿੱਤ ਦੇ ਪ੍ਰਤੀਕ ਵਜੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਸੁਸ਼ੋਭਿਤ ਹੈ। ਇਹ ਜਿੱਤ ਗੁਰਸਿੱਖਾਂ ਦੇ ਗੁਰੂ ਪ੍ਰਤੀ ਚਾਅ ਦੀ ਜਿੱਤ ਹੈ, ਇਹ ਜਬਰ ਅਤੇ ਜ਼ੁਲਮ ਦਾ ਟਾਕਰਾ ਕਰਦਿਆਂ ਮਰ ਮਿਟਣ ਦੇ ਹੌਂਸਲੇ ਦੀ ਜਿੱਤ ਹੈ। ਇਸੇ ਲਈ ਨਾਗਣੀ ਬਰਛੇ ਦੇ ਦਰਸ਼ਨ ਕਰਕੇ ਅੱਜ ਵੀ ਸਿੱਖ ਆਪਣੀ ਸਿਮਰਤੀ ਵਿੱਚ ਭਾਈ ਬਚਿੱਤਰ ਸਿੰਘ ਵਾਂਗ ਉਸ ਬਹਾਦਰੀ ਭਰੇ ਕਾਰਨਾਮੇ ਤੋਂ ਸੇਧ ਲੈ ਕੇ ਆਪਣੇ ਉੱਤੇ ਗੁਰੂ ਸਾਹਿਬ ਦਾ ਓਟ ਆਸਰਾ ਮੰਨ ਕੇ ਜ਼ੁਲਮ ਖਿਲਾਫ਼ ਲੜਨ ਦੀ ਸਮਰੱਥਾ ਹਾਸਿਲ ਕਰਦੇ ਹਨ। ਗੀਤ ਵਿੱਚ ਲਾਭ ਚਤਾਮਲੀ ਨੇ ਭਾਈ ਬਚਿੱਤਰ ਸਿੰਘ ਅਤੇ ਮਸਤ ਹਾਥੀ ਦੇ ਮੁਕਾਬਲੇ ਨੂੰ ਆਪਣੀ ਸਿਮਰਤੀ ਰਾਹੀਂ ਇਹਨਾਂ ਸਤਰਾਂ ਵਿੱਚ ਪੇਸ਼ ਕੀਤਾ ਹੈ ਕਿ:-

ਹਾਥੀ ਨਾਲ ਮੁਕਾਬਲਾ ਯੋਧਿਆ, ਤੇਰਾ ਅਸੀਂ ਕਰਾਉਣਾ।
ਲੱਖਾਂ ਵੈਰੀਆਂ ਦੇ ਨਾਲ ਲੜਦਾ, ਸਿੰਘ ਸੂਰਮਾ ਕੱਲਾ।
ਆਵੇ ਹਾਥੀ ਭੂਤਰਿਆ ਜਦ, ਪੈ ਜਾਈਂ ਕਰਕੇ ਹੱਲਾ।
ਬੋਲ ਜੈਕਾਰੇ ਉਹਨੂੰ ਉਲਟਾ, ਵੈਰੀਆਂ ਵੱਲ ਭਜਾਉਣਾ।
ਹਾਥੀ ਨਾਲ ਮੁਕਾਬਲਾ ਯੋਧਿਆਂ, ਤੇਰਾ ਅਸੀਂ ਕਰਾਉਣਾ।

...........ਜੱਗ ਤੇ ਨਾਂ ਚਮਕਾਉਣਾ।
ਹਾਥੀ ਨਾਲ ਮੁਕਾਬਲਾ ਯੋਧਿਆਂ, ਤੇਰਾ ਅਸੀਂ ਕਰਾਉਣਾ।[83]

ਗੀਤਕਾਰ ਦੀ ਸਿਮਰਤੀ ਵਿੱਚ ਮਸਤ ਹਾਥੀ ਜ਼ੁਲਮ ਦਾ ਪ੍ਰਤੀਕ ਹੈ, ਜਿਸਦੇ ਵਿਰੁੱਧ ਭਾਈ ਬਚਿੱਤਰ ਸਿੰਘ ਗੁਰੂ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਮਸਤ ਹਾਥੀ ਨਾਲ ਜੂਝਣ ਲਈ ਬੜੇ ਚਾਅ ਨਾਲ ਤਿਆਰ ਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਮਰਨਾ ਤਾਂ ਸਭ ਨੇ ਹੈ ਪਰ ਗੁਰੂ ਦੇ ਅਸ਼ੀਰਵਾਦ ਨਾਲ ਜ਼ੁਲਮ ਦੇ ਖ਼ਿਲਾਫ ਲੜ ਕੇ ਮਰਨਾ ਸਫਲ ਹੋ ਜਾਵੇਗਾ। "ਸ਼ਾਨਦਾਰ ਮੌਤ ਮਰਨਾ ਨਮੋਸ਼ੀ ਭਰੀ ਮੌਤ ਦੇ ਮਰਨ ਨਾਲੋਂ ਵਧੇਰੇ ਚੰਗੇਰਾ ਹੈ ਜੋ ਕਿਸੇ ਪਾਪ ਜਾਂ ਅਪਰਾਧ ਵਿਰੁੱਧ ਮਨੁੱਖ ਦਾ ਖ਼ੂਨ ਨੇਕੀ ਤੇ ਸਚਾਈ ਲਈ ਘਿਰਣਾ ਵਿਚ ਨਹੀਂ ਖੋਲਦਾ, ਹਾਂ ਉਹ ਮੁਰਦਾ ਹੀ ਹੁੰਦਾ ਹੈ। ਉਸ ਸਮੇਂ ਯੁੱਧ ਨੂੰ ਉਚਿਤ ਦੱਸਿਆ ਹੈ ਜਦੋਂ ਇਹ ਕਿਸੇ ਜਾਬਰ ਅੱਤਿਆਚਾਰੀ-ਪੂਰਵਕ ਬਾਦਸ਼ਾਹਾਂ ਵੱਲੋਂ ਕਿਸੇ ਉੱਤੇ ਠੋਸ ਦਿੱਤਾ ਜਾਵੇ ਉਸ ਸਮੇਂ ਯੁੱਧ ਜ਼ਰੂਰੀ ਅਤੇ ਨੈਤਿਕ ਹੁੰਦਾ ਹੈ।"[84]

ਭਾਈ ਉਦੈ ਸਿੰਘ ਅਤੇ ਬਚਿੱਤਰ ਸਿੰਘ ਦੋਵੇਂ ਭਰਾ, ਮਹਾਨ ਸੂਰਬੀਰ ਯੋਧੇ ਹੋਏ ਹਨ। ਭਾਈ ਜੀਵਨ ਸਿੰਘ ਜਿਨ੍ਹਾਂ ਦਾ ਪਹਿਲਾ ਨਾਮ ਭਾਈ ਜੈਤਾ ਸੀ ਇਤਿਹਾਸ ਗਵਾਹ ਹੈ ਕਿ ਜਦੋਂ 1675 ਈ. ਵਿੱਚ ਚਾਂਦਨੀ ਚੌਕ ਦਿੱਲੀ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਹੋਏ ਸਨ ਤਾਂ ਉਨ੍ਹਾਂ ਦਾ ਪਾਵਨ ਸੀਸ ਦਿੱਲੀ ਤੋਂ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਭਾਈ ਜੈਤਾ ਜੀ ਆਏ ਸਨ। ਜਦੋਂ ਦਸਮ ਪਾਤਸ਼ਾਹ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ ਤਾਂ ਭਾਈ ਜੈਤਾ ਜੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਜੀਵਨ ਸਿੰਘ ਬਣ ਗਏ। "ਭਾਈ ਸੰਗਤ ਸਿੰਘ ਜੀ ਗੁਰੂ ਘਰ ਦੇ ਸੇਵਕ ਸਨ, ਸ੍ਰੀ ਅਨੰਦਪੁਰ ਸਾਹਿਬ ਰਹਿ ਕੇ ਉਨ੍ਹਾਂ ਨੇ ਗੁਰਸਿਖੀ ਕਮਾਈ ਅਤੇ ਫਿਰ ਸ੍ਰੀ ਅਨੰਦਪੁਰ ਸਾਹਿਬ ਛੱਡਣ ਸਮੇਂ ਗੁਰੂ ਜੀ ਨਾਲ ਹੀ ਦੁਸ਼ਮਣ ਨਾਲ ਲੜਦੇ-ਭਿੜਦੇ ਸਰਸਾ ਨਦੀ ਪਾਰ ਕਰਕੇ ਚਮਕੌਰ ਦੀ ਗੜ੍ਹੀ ਵਿਚ ਪਹੁੰਚ ਗਏ ਸਨ।"[85] ਬਾਅਦ ਵਿੱਚ ਚਮਕੌਰ ਦੀ ਗੜ੍ਹੀ ਛੱਡਣ ਸਮੇਂ ਗੁਰੂ ਸਾਹਿਬ ਨੇ ਭਾਈ ਸੰਗਤ ਸਿੰਘ ਨੂੰ ਆਪਣੀ ਕਲਗ਼ੀ ਬਖ਼ਸ਼ੀ ਸੀ। ਸਿੱਖ ਸਿਮਰਤੀ ਵਿੱਚ ਬਚਿੱਤਰ  ਸਿੰਘ ਬਹਾਦਰੀ ਦਾ

---

83 ਲਾਭ ਸਿੰਘ ਚਤਾਮਲੀ (2013) *ਸਿੱਖੀ ਨਾਲ ਪਿਆਰ*, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, ਪੰ. 33.

84 ਪੂਰਨ ਸਿੰਘ (2007) *ਸਿੱਖੀ ਦੀ ਆਤਮਾ*, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰ. 547.

85 ਦਵਿੰਦਰ ਸਿੰਘ (2015) "ਸ੍ਰੀ ਅਨੰਦਪੁਰ ਸਾਹਿਬ ਨਾਲ ਸਬੰਧਤ ਪ੍ਰਮੁੱਖ ਸ਼ਖ਼ਸੀਅਤਾਂ" *ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ*, ਦਿਲਜੀਤ ਸਿੰਘ ਬੇਦੀ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 268.

ਪ੍ਰਤੀਕ ਹੈ। ਸਿੱਖਾਂ ਵਿੱਚ ਯੁੱਧ ਲਈ ਜੋਸ਼ ਪੈਦਾ ਕਰਨ ਲਈ ਬਚਿੱਤਰ ਸਿੰਘ ਵਾਲਾ ਬਿਰਤਾਂਤ ਯਾਦ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਹੀ ਰੰਗਰੇਟਿਆਂ ਨੂੰ ਸਤਿਕਾਰ ਦੇਣ ਲਈ ਭਾਈ ਸੰਗਤ ਸਿੰਘ ਦੇ ਸਿਰ ਗੁਰੂ ਜੀ ਦੀ ਕਲਗੀ ਸਿੱਖੀ ਦੇ ਤਾਜ਼ ਦਾ ਪ੍ਰਤੀਕ ਹੈ। ਸਿੱਖ ਯਾਦ ਨੂੰ ਅਜਿਹੀਆਂ ਘਟਨਾਵਾਂ ਅਮੀਰ ਕਰਦੀਆਂ ਹਨ।

ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸ ਨਾਲ ਇੱਕ ਨਾਮ ਹੋਰ ਜੁੜਦਾ ਹੈ, ਭਾਈ ਕਿਰਪਾ ਸਿੰਘ। "ਸ਼ਹੀਦ ਭਾਈ ਕਿਰਪਾ ਸਿੰਘ ਜੀ ਕਸ਼ਮੀਰ ਦਾ ਰਹਿਣ ਵਾਲਾ ਗੁਰਸਿਖ ਸੀ ਅਤੇ ਜਾਤ ਦਾ ਬ੍ਰਾਹਮਣ ਸੀ। ਉਸਦਾ ਪਹਿਲਾ ਨਾਮ ਕਿਰਪਾ ਰਾਮ ਸੀ। ਗੈਰ ਮੁਸਲਮਾਨਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ ਅਤੇ ਖਾਸ ਕਰਕੇ ਕਸ਼ਮੀਰ ਦਾ ਗਵਰਨਰ ਪੰਡਤਾਂ ਨੂੰ ਬਹੁਤ ਤੰਗ ਕਰਿਆ ਕਰਦਾ ਸੀ। ਪੰਡਤਾਂ ਦਾ ਇਕ ਜੱਥਾ ਤੰਗ ਆ ਕੇ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਸ਼ਰਨ ਵਿਚ ਆਇਆ ਸੀ ਜਿਸ ਦੀ ਅਗਵਾਈ ਭਾਈ ਕਿਰਪਾ ਰਾਮ ਜੀ ਕਰ ਰਹੇ ਸਨ। 1699 ਈਸਵੀ ਵਿਚ ਖਾਲਸਾ ਪੰਥ ਦੀ ਸਾਜਣਾ ਤੋਂ ਬਾਅਦ ਭਾਈ ਕਿਰਪਾ ਰਾਮ ਜੀ ਅੰਮ੍ਰਿਤ ਛਕ ਕੇ ਭਾਈ ਕਿਰਪਾ ਸਿੰਘ ਜੀ ਬਣ ਗਏ। ਸ੍ਰੀ ਅਨੰਦਪੁਰ ਸਾਹਿਬ ਨੂੰ ਦਸਮ ਪਾਤਸ਼ਾਹ ਜੀ ਨੇ ਤਿਆਗਿਆ ਤਾਂ ਭਾਈ ਕਿਰਪਾ ਸਿੰਘ ਜੀ ਵੀ ਦੁਸ਼ਮਣਾਂ ਦੀਆਂ ਫੌਜਾਂ ਨਾਲ ਲੜਦੇ ਹੋਏ ਸਰਸਾ ਨਦੀ ਪਾਰ ਕਰਕੇ ਚਮਕੌਰ ਦੀ ਗੜ੍ਹੀ ਵਿਚ ਪਹੁੰਚੇ ਸਨ।"[86] ਅਜਿਹੀਆਂ ਹੋਰ ਵੀ ਅਨੇਕਾਂ ਸ਼ਖ਼ਸੀਅਤਾਂ ਦਾ ਨਾਮ ਸ੍ਰੀ ਅਨੰਦਪੁਰ ਸਾਹਿਬ ਦੇ ਜੁਝਾਰੂ ਇਤਿਹਾਸ ਨਾਲ ਜੁੜਦਾ ਹੈ। "Bravery is a central quality in the values of the Sikhs. It can be said that all other qualities are meaningless without it. "[87] ਭਾਵ ਕਿ ਸਿੱਖਾਂ ਦੀਆਂ ਕਦਰਾਂ-ਕੀਮਤਾਂ ਵਿਚ ਬਹਾਦਰੀ ਕੇਂਦਰੀ ਗੁਣ ਹੈ। ਇਹ ਇਸ ਤਰ੍ਹਾਂ ਜਾਣਿਆ ਜਾ ਸਕਦਾ ਹੈ ਕਿ ਇਸ ਤੋਂ ਬਿਨਾਂ ਬਾਕੀ ਦੇ ਸਾਰੇ ਗੁਣਾਂ ਦੀ ਸਾਰਥਕਤਾ ਨਹੀਂ ਹੁੰਦੀ। ਇਹਨਾਂ ਉੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਦਾ ਰੂਪ ਸੰਤ ਅਤੇ ਸਿਪਾਹੀ ਦੇ ਸੁਮੇਲ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਗਟ ਹੋਇਆ।

ਕਿਸੇ ਵੀ ਭਾਈਚਾਰੇ, ਕੌਮ ਜਾਂ ਧਰਮ ਦੇ ਜੀਵਤ ਰਹਿਣ ਲਈ ਉਸ ਦੀ ਆਪਣੀ ਵੱਖਰੀ ਪਛਾਣ ਅਹਿਮ ਭੂਮਿਕਾ ਨਿਭਾਉਂਦੀ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਨਾ ਨਾਲ ਕੌਮ ਨੂੰ

---

[86] ਦਵਿੰਦਰ ਸਿੰਘ (2015) 'ਸ੍ਰੀ ਅਨੰਦਪੁਰ ਸਾਹਿਬ ਨਾਲ ਸਬੰਧਤ ਪ੍ਰਮੁੱਖ ਸ਼ਖ਼ਸੀਅਤਾਂ' *ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ,* ਦਿਲਜੀਤ ਸਿੰਘ ਬੇਦੀ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 268-9.

[87] Avtar Singh (1991) *Ethics of The Sikhs,* Punjabi University, Patiala, p.109.

ਵਿਲੱਖਣ ਅਤੇ ਨਵੀਂ ਇਨਕਲਾਬੀ ਵਿਚਾਰਧਾਰਾ ਦਾ ਸੰਕਲਪ ਦਿੱਤਾ ਹੈ। "ਗੁਰ ਗੋਬਿੰਦ ਸਿੰਘ ਜੀ ਨੇ ਪਹੁਲ ਛਕਾ ਕੇ ਇੱਕ ਨਵੇਂ ਇਨਕਲਾਬੀ ਪ੍ਰਬੰਧ ਜਾਂ ਸੰਗਠਨ ਦਾ ਐਲਾਨ ਕਰ ਦਿੱਤਾ। ਇਸ ਦਾ ਨਾਂ 'ਖਾਲਸਾ' ਰੱਖਿਆ ਗਿਆ।"[88]

ਸਿੱਖਾਂ ਦੇ ਵੱਖਰੇ ਇਨਕਲਾਬ ਦਾ ਨਾਂ ਹੈ- ਸ੍ਰੀ ਅਨੰਦਪੁਰ ਸਾਹਿਬ। ਇਹ ਕੋਈ ਕਲਪਨਾ ਨਹੀਂ ਸਗੋਂ ਪ੍ਰਗਟ ਰੂਪ ਵਿੱਚ ਸਿੱਖ ਵਿਲੱਖਣਤਾ ਵਿੱਚ ਉਚੇਰਾ ਸਥਾਨ ਰੱਖਦਾ ਹੈ। "A sikh must treat all human beings as equal, Sikhism rejects all kind of caste system. Everyone must be treated at the same level; no distinction must be made on the basis of caste, colour, sex or creed. All the Sikh Gurus denounced the Menace of the caste system."[89] ਭਾਵ ਕਿ ਸਿੱਖ ਧਰਮ ਸਾਰੇ ਮਨੁੱਖਾਂ ਨੂੰ ਇਕ ਸਮਾਨ ਮੰਨਦਾ ਹੈ ਅਤੇ ਜਾਤੀ ਪ੍ਰਥਾ ਨੂੰ ਨਕਾਰਦਾ ਹੈ। ਸਿੱਖ ਧਰਮ ਨੇ ਆਪਣੇ ਛੋਟੇ ਜਿਹੇ ਜੀਵਨ-ਕਾਲ ਵਿੱਚ ਬਹੁਤ ਕੁਝ ਇਹੋ ਜਿਹਾ ਕਰ ਵਿਖਾਇਆ ਹੈ ਕਿ ਅੱਜ ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿੱਚ ਉਸਦਾ ਇੱਕ ਖਾਸ ਵਿਲੱਖਣ ਮੁਕਾਮ ਬਣ ਗਿਆ ਹੈ। ਸਿੱਖ ਧਰਮ ਮਾਨਵੀ ਜੀਵਨ ਹਿੱਤਾਂ ਨਾਲ ਸਰੋਸ਼ਾਰ ਹੈ, ਇਹ ਸਮੁੱਚੀ ਮਨੁੱਖਤਾ ਨੂੰ ਆਪਣੇ ਜੀਵਨ ਦੇ ਹੱਕਾਂ ਨੂੰ ਮਾਨਵਮਈ ਅਤੇ ਸੁਤੰਤਰ ਤਰੀਕੇ ਨਾਲ ਚੜ੍ਹਦੀ ਕਲਾ ਵਾਲਾ ਜੀਵਨ ਮਾਨਣ ਦੀ ਖੁੱਲ ਦਿੰਦਾ ਹੈ।

## 4.4 ਚੜ੍ਹਦੀਕਲਾ ਅਤੇ ਸ੍ਰੀ ਅਨੰਦਪੁਰ ਸਾਹਿਬ

ਚੜ੍ਹਦੀਕਲਾ ਅਜਿਹੀ ਅਵਸਥਾ ਹੈ, ਜਿਸ ਵਿੱਚ ਮਨੁੱਖ ਵੱਡੀ ਤੋਂ ਵੱਡੀ ਮੁਸੀਬਤ ਨੂੰ ਵੀ ਹੱਸ ਕੇ ਝੱਲਦਾ ਹੈ। ਉਸ ਲਈ ਹਰਖ ਅਤੇ ਸੋਗ ਦੋਵੇਂ ਅਵਸਥਾਵਾਂ ਅਨੰਦਮਈ ਹੁੰਦੀਆਂ ਹਨ। ਗੁਰੂ ਵਾਕ ਅਨੁਸਾਰ;

ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥[90]

---

88 ਗੁਰਭਗਤ ਸਿੰਘ (1993) *ਕੌਮੀ ਆਜ਼ਾਦੀ ਵੱਲ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਦਾ ਭਵਿੱਖ,* ਵਿਚਾਰ ਪ੍ਰਕਾਸ਼ਨ, ਸੰਗਰੂਰ, ਪੰ. 72.

89 S.S Kapoor (2012) *The Sikh Religion and The Sikh people*, Hemkunt Press, New Delhi, p. 166.

90 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿਤਸਰ ਸਾਹਿਬ, ਪੰ. 275.

ਚੜ੍ਹਦੀਕਲਾ ਦੀ ਭਾਵਨਾ ਸ੍ਰੀ ਅਨੰਦਪੁਰ ਸਾਹਿਬ ਦੇ ਪੈਗਾਮ ਨਾਲ ਸਿੱਖ ਸਿਮਰਤੀ ਰਾਹੀਂ ਹਿਰਦਿਆਂ ਵਿੱਚ ਆਉਂਦੀ ਹੈ, ਉਸ ਨੂੰ ਸਮਝਣ ਲਈ ਜਜ਼ਬਿਆਂ ਅਤੇ ਭਾਵਨਾਵਾਂ ਵਿੱਚ ਉੱਤਰਨਾ ਅਤਿ ਜ਼ਰੂਰੀ ਹੈ। ਖ਼ਾਲਸਾ ਕਦੇ ਵੀ ਲੁਕਿਆ ਨਹੀਂ, ਕਿਸੇ ਨਾਲ ਇਸ ਨੇ ਵਧੀਕੀ ਨਹੀਂ ਕੀਤੀ ਅਤੇ ਜਦੋਂ ਵੀ ਕਿਤੇ ਸਿੱਖਾਂ ਦੀ ਅਲਖ ਮੁਕਾਉਣ ਦੀ ਗੱਲ ਚਾਹੇ ਮੀਰ ਮੰਨੂ ਜਾਂ ਅਬਦਾਲੀ ਨੇ ਤੋਰੀ ਤਾਂ ਉਸ ਹਾਲਾਤ ਵਿੱਚ ਵੀ ਸਿੱਖਾਂ ਨੇ ਚੜ੍ਹਦੀਕਲਾ ਵਿੱਚ ਰਹਿ ਕੇ ਡਟ ਕੇ ਮੁਕਾਬਲਾ ਕੀਤਾ। "ਚੜ੍ਹਦੀ ਕਲਾ ਨੂੰ ਸਥਿਰ ਰੱਖਣ ਵਾਸਤੇ ਹੀ ਸਦਾ 'ਅਰਦਾਸ' ਵਿਚ ਆਖਦਾ ਹੈ, ਕਿ ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆ ਤੇਰਾ ਨਾਮ ਚਿੱਤ ਆਵੇ ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ। "ਕਿਉਂਕਿ ਨਾਮ ਨਾਲ ਚੜ੍ਹਦੀਕਲਾ ਆਉਂਦੀ ਹੈ। ਚੜ੍ਹਦੀਕਲਾ ਦੀ ਪਛਾਣ ਇਹ ਹੈ, ਕਿ ਸਿੱਖ ਕਦੀ ਵੀ ਵੱਖਵਾਦ ਜਾਂ ਅਤਿਵਾਦ ਦੀ ਗੱਲ ਨਹੀਂ ਕਰਦਾ, ਉਹ ਹਮੇਸ਼ਾਂ ਸਰਬੱਤ ਦੇ ਕਾਰਜ ਰਾਸ ਹੋਣ, ਸਰਬੱਤ ਦਾ ਭਲਾ ਹੋਵੇ ਦੀ ਬੇਨਤੀ ਭਾਵ ਪ੍ਰਗਟਾਂਦਾ ਹੈ।"[91]

ਸਿੱਖ ਸੱਭਿਆਚਾਰ ਵਿੱਚ ਚੜ੍ਹਦੀਕਲਾ ਦੇ ਅੰਸ਼ ਹਮੇਸ਼ਾਂ ਤੋਂ ਹੀ ਕਾਇਮ ਰਹੇ ਹਨ। ਸਿੱਖ ਕੌਮ ਭਾਵੇਂ ਜਿਵੇਂ ਮਰਜ਼ੀ ਦੇ ਹਲਾਤਾਂ ਵਿੱਚੋਂ ਦੀ ਗੁਜ਼ਰੇ ਪਰੰਤੂ ਨਿਰਭੈਤਾ ਉਹਨਾਂ ਦੇ ਜੀਵਨ ਅੰਸ਼ ਵਜੋਂ ਹਮੇਸ਼ਾਂ ਉਹਨਾਂ ਵਿੱਚ ਸਮਾਈ ਰਹੀ। "ਜਦੋਂ ਮੁਗਲਈ-ਅਤਿਆਚਾਰ ਦੇ ਪਰਛਾਵੇਂ ਵਜੋਂ, ਸਿਖ ਹੋਣਾ ਕਾਨੂੰਨੀ-ਵਰਜਤ ਸੀ। ਸਿਖਾਂ ਦੇ ਸਿਰਾਂ ਦੇ ਮੁਲ ਮੁਕੱਰਰ ਸਨ। ਸਿਖ ਜੰਗਲਾਂ-ਬੇਲਿਆਂ ਵਿਚ ਛੁਪਦੇ ਫਿਰਦੇ ਸਨ। ਅਬਦਾਲੀ ਦੇ ਹਮਲਿਆਂ ਨੇ ਸਾਰੇ ਭਾਰਤ ਵਾਸੀਆਂ ਨੂੰ ਤਾਂ ਬੁਰੀ ਤਰ੍ਹਾਂ ਜ਼ਲੀਲ ਕੀਤਾ ਹੀ, ਪਰ ਸਿਖਾਂ ਦਾ ਜੀਣਾ ਦੁਭਰ ਕਰ ਦਿਤਾ। ਇਕ ਵੇਰਾਂ ਸਿਖਾਂ ਨੇ ਰਾਤ ਨੂੰ, ਛਾਪਾ ਮਾਰ ਰੋਪੜ ਦੇ ਅਸਥਾਨ ਤੇ, ਅਬਦਾਲੀ ਦੀਆਂ ਫੋਜਾਂ ਨੂੰ ਜਾ ਲੁਟਿਆ। ਅਬਦਾਲੀ ਨੇ ਦੁਖੀ ਮਨ ਨਾਲ ਲਾਹੌਰ ਜਾ ਕੇ ਸੂਬੇ ਨੂੰ ਕਿਹਾ, 'ਕਿ ਇਹ ਸਿਖ, ਕਿਸ ਬਲਾ ਦੇ ਬਚੇ ਹਨ ਕਿ ਡਰ ਇਨ੍ਹਾਂ ਨੇ ਨੇੜੇ ਨਹੀਂ ਢੁਕਦਾ। ਇਨ੍ਹਾਂ ਲੋਕਾਂ ਤੋਂ ਬਦਲਾ ਲੈਣ ਲਈ ਇਨ੍ਹਾਂ ਦਾ ਮਲੀਆਮੇਟ ਕਰ ਦਿਤਾ ਜਾਵੇ। ਸੂਬੇ ਨੇ ਕਿਹਾ, ਹਜ਼ੂਰ ਇਨ੍ਹਾਂ ਦਾ ਥਾਂ ਟਿਕਾਣਾ ਕੋਈਂ ਨਹੀਂ। ਅਬਦਾਲੀ ਨੇ ਪੁਛਿਆ, 'ਰਾਤੀ ਸੌਂਦੇ ਕਿਥੇ ਹਨ'? ਸੂਬੇ ਨੇ ਦਸਿਆ, ਕਿ ਘੋੜਿਆਂ ਦੀਆਂ ਪਿਠਾਂ ਤੇ ਤਾਂ ਸ਼ਾਹ ਦੀ ਅਸਚਰਜਤਾ ਦੀ ਹਦ ਨਹੀਂ ਸੀ। ਉਸ ਕਿਹਾ ਇਹ ਲੋਕ ਖਾਂਦੇ ਪਕਾਂਦੇ ਕਿਥੇ ਹਨ? ਸੂਬੇ ਨੇ ਦਸਿਆ, ਕਿ ਇਹ ਭੁਜੇ ਛੋਲੇ ਜੇਬਾਂ ਵਿਚ ਪਾ ਕੇ ਚਲਦੇ ਹਨ, ਇਹੋ ਇਨ੍ਹਾਂ ਦਾ ਭੋਜਨ ਹੈ ਤਾਂ ਉਸ ਕਿਹਾ, ਕਿ ਇਹੋ ਜਹੇ ਕਨਾਇਤ ਵਾਲੇ

---

[91] ਬਲਕਾਰ ਸਿੰਘ (1998) *ਅਰਦਾਸ ਦਾ ਸਿੱਖ ਪ੍ਰਸੰਗ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 51.

(ਨਿਰਲੇਪ) ਪੁਰਸ਼ਾਂ ਨੂੰ ਹਰਾਅ ਸਕਣਾ ਸੰਭਵ ਨਹੀਂ, ਇਹ ਆਪਣੀ ਨਿਸ਼ਕਾਮ ਅਤੇ ਨਿਰਲੇਖ ਭਾਵਨਾ ਸਦਕਾ ਜ਼ਰੂਰ ਇਕ ਦਿਨ ਰਾਜ ਭਾਗ ਦੇ ਸਵਾਮੀ ਬਣਨਗੇ।"[92]

ਚੜ੍ਹਦੀਕਲਾ ਦੀਆਂ ਅਨੇਕਾਂ ਹੀ ਉਦਾਹਰਨਾਂ ਹਨ ਕਿ ਸਿੱਖ ਕਦੇ ਵੀ ਵੈਰੀ ਨੂੰ ਪਿੱਠ ਦਿਖਾ ਕੇ ਨਹੀਂ ਭੱਜੇ। "ਸੋ ਪੰਥ ਕੋਈ ਦੇਸ ਕਾਲ ਵਿਚ ਸੀਮਤ ਹਸਤੀ ਨਹੀਂ, ਇਹ ਤਾਂ ਜਿਉਂਦੀ-ਜਾਗਦੀ ਸਪ੍ਰਿਟ (ਸਿਮਰਤੀ) ਹੈ ਜੋ ਮਰ ਕੇ ਵੀ ਨਹੀਂ ਮਰਦੀ। ਸਭਰਾਵਾਂ ਦੀ ਜੰਗ ਵਿੱਚ ਇਕ ਜਖ਼ਮੀ ਸਿੰਘ ਡਿਗ ਪਿਆ ਸੀ ਤੇ ਹਥਿਆਰ ਨਹੀਂ ਸੀ ਛੱਡ ਰਿਹਾ, ਗੋਰੇ ਸਿਪਾਹੀ ਉਸ ਨੂੰ ਸਮਝਾ ਰਹੇ ਸੀ ਕਿ ਜੰਗ ਖ਼ਤਮ ਹੋ ਗਈ, ਤੂੰ ਹਥਿਆਰ ਰੱਖ ਦੇ। ਪਰ ਉਹ ਕਹਿ ਰਿਹਾ ਸੀ, 'ਅਜੇ ਮੇਰੇ ਪੰਥ ਦਾ ਹੁਕਮ ਨਹੀਂ ਆਇਆ, ਮੈਂ ਹਥਿਆਰ ਨਹੀਂ ਤਿਆਗਾ ਗਾਂ'। ਸੋ ਪੰਥ ਕੀ ਹੈ? ਇਹ ਇਕ ਤਰ੍ਹਾਂ ਦੀ ਚੜ੍ਹਦੀਕਲਾ ਦੀ ਸਪ੍ਰਿਟ ਹੀ ਹੈ। ਜੋ ਮਰਿਆਂ ਨੂੰ ਵੀ ਮਰਨ ਨਹੀਂ ਦਿੰਦੀ।"[93]

ਚੜ੍ਹਦੀਕਲਾ ਸਿੱਖਾਂ ਦੀ ਵਿਲੱਖਣਤਾ ਦਾ ਉਚੇਰਾ ਗੁਣ ਹੈ ਜਿਹੜਾ ਸਪੱਸ਼ਟ ਕਰਦਾ ਹੈ ਕਿ "ਗੁਰੂ ਨੇ ਅਗਨੀ, ਲੋਹ ਅਤੇ ਮੌਤ ਦੀ ਆਤਮਾ ਵਾਲੀ ਇਕ ਨਵੀਂ ਕੌਮ ਉਸਾਰ ਦਿਤੀ ਜੋ ਇਨ੍ਹਾਂ ਪ੍ਰਾਣੀਆਂ ਨੂੰ ਮੌਤ ਵਿਚ ਵੀ ਅਮਰ ਕਰ ਦਿੰਦੀ ਹੈ।"[94] ਜਬਰ ਵਿਰੋਧੀ ਭਾਵਨਾ ਨਾਲ ਸ੍ਰੀ ਅਨੰਦਪੁਰ ਸਾਹਿਬ ਦਾ ਡੂੰਘਾ ਰਿਸ਼ਤਾ ਹੈ ਕਿਉਂਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਾਜਿਆ ਖ਼ਾਲਸਾ ਹਮੇਸ਼ਾਂ ਜਬਰ ਦਾ ਖਾਤਮਾ ਕਰਨ ਲਈ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ।

ਸਿੱਖ 'ਆਤਮਕ ਰਾਜ' ਦੀ ਸਥਾਪਨਾ ਲਈ ਅਨੰਦਮਈ ਅਤੇ ਚੜ੍ਹਦੀਕਲਾ ਵਿੱਚ ਰਹਿਣ ਦੀ ਸਿੱਖਿਆ ਇਥੋਂ ਹੀ ਲੈਂਦੇ ਹਨ। ਸਿੱਖ ਗੁਰੂ ਸਾਹਿਬਾਨ ਵੱਲੋਂ ਸਾਰੀ ਮਨੁੱਖਤਾ ਨੂੰ ਇੱਕ ਅਕਾਲ ਪੁਰਖ ਦੀ ਜੋਤ ਸਮਝ ਕੇ ਪਿਆਰ ਕਰਨ ਦੀ ਜੁਗਤ ਅਤੇ ਸਰਬੱਤ ਦਾ ਭਲਾ ਮੰਗਣ ਦੀ ਜਾਚ ਸਿਖਾਈ, ਜਿਹੜੀ ਸਿੱਖ ਸਿਮਰਤੀ ਵਿੱਚ ਨਿੱਤ ਦੀ ਅਰਦਾਸ ਬਣ ਗਈ;

ਨਾਨਕ ਨਾਮ ਚੜ੍ਹਦੀਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।[95]

---

92 ਮਨੋਹਰ ਸਿੰਘ ਮਾਰਕੋ (1986) *ਬਲਿਹਾਰੀ ਗੁਰ ਆਪਣੇ,* ਇਗਲੂ ਪ੍ਰਕਾਸ਼ਨ, ਨਵੀਂ ਦਿੱਲੀ, ਪੰ. 73.

93 ਪਿਆਰਾ ਸਿੰਘ ਪਦਮ (1999) *ਪੰਥ ਤੇ ਪੰਥ ਦਾ ਵਾਲੀ,* ਕਲਮ ਮੰਦਿਰ, ਪਟਿਆਲਾ, ਪੰ. 12.

94 ਪੂਰਨ ਸਿੰਘ (1995) *ਸਿੱਖੀ ਦੀ ਆਤਮਾ (ਭਾਗ ਪਹਿਲਾ)* ਕਿਰਪਾਲ ਸਿੰਘ ਕਸੇਲ, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 16.

95 *ਸਿੱਖ ਰਹਿਤ ਮਰਯਾਦਾ* (1990) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 10.

ਅਰਦਾਸ ਵਿੱਚ ਸਿੱਖ ਸਰਬੱਤ ਦੇ ਭਲੇ ਦੇ ਨਾਲ-ਨਾਲ ਸਮਾਜਕ ਬਰਾਬਰਤਾ ਦੀ ਹਾਮੀ ਭਰਦਾ ਹੈ ਕਿਉਂਕਿ ਚੜ੍ਹਦੀਕਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਉਹਨਾਂ ਦੇ ਉਪਦੇਸ਼ਾਂ ਵਿੱਚੋਂ ਨਜ਼ਰ ਪੈਂਦੀ ਹੈ। ਬਾਬਰ ਨੂੰ ਜਾਬਰ ਕਹਿਣਾ ਨਵੇਂ ਪੰਥ ਦਾ ਆਗਾਜ਼ ਅਤੇ ਚੜ੍ਹਦੀਕਲਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਭਾਸ਼ਾ ਦਾ ਵਿਕਾਸ, ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸਤੀ ਪ੍ਰਥਾ ਦੀ ਵਿਰੋਧਤਾ, ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਕਰਨਾ ਚੜ੍ਹਦੀਕਲਾ ਦੀਆਂ ਬੁਨਿਆਦਾਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹਾਦਤ, ਸ੍ਰੀ ਗੁਰੂ ਹਰਗੋਬਿੰਦ ਜੀ ਦੁਆਰਾ ਮੀਰੀ-ਪੀਰੀ ਦਾ ਸਿਧਾਂਤ, ਸ੍ਰੀ ਗੁਰੂ ਹਰਰਾਇ ਜੀ ਤੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦੁਆਰਾ ਸਿੱਖੀ ਦੇ ਪ੍ਰਚਾਰ ਪ੍ਰਸਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਸਿਰਜਨਾ ਅਤੇ ਲੜੇ ਗਏ ਧਰਮ ਯੁੱਧ ਚੜ੍ਹਦੀਕਲਾ ਦੇ ਪ੍ਰਤੀਕ ਹਨ। ਇਹੀ ਪ੍ਰਤੀਕ ਸਿੱਖ ਸਿਮਰਤੀ ਨੂੰ ਚੜ੍ਹਦੀਕਲਾ ਵਿੱਚ ਰਹਿਣ ਦਾ ਬਲ ਦਿੰਦੇ ਹਨ।

ਸਮਾਜ ਵਿੱਚ ਜਾਤ-ਵਰਣ ਆਧਾਰਿਤ ਹਮੇਸ਼ਾਂ ਹੀ ਵਿਤਕਰੇ ਹੁੰਦੇ ਆਏ, ਜਿਵੇਂ "ਭਗਤ ਨਾਮਦੇਵ ਨੂੰ ਪਰੋਹਤਾਂ ਧਰਮ-ਅਧਿਕਾਰੀ ਨਹੀਂ ਸਮਝਿਆ ਅਤੇ ਮੰਦਰ ਵਿੱਚੋਂ ਕੱਢਣੋਂ ਵੀ ਪਰਹੇਜ਼ ਨਹੀਂ ਕੀਤਾ। ਜਦ ਸ਼ਿਵਾ ਜੀ 1674 ਈ. ਵਿਚ ਗੱਦੀ 'ਤੇ ਬੈਠਣ ਲੱਗੇ ਤਾਂ ਪਰੋਹਤ ਜਮਾਤ ਨੇ ਇਤਰਾਜ ਕੀਤਾ ਕਿ ਛੱਤਰੀ ਨਾ ਹੋਣ ਕਾਰਣ ਆਪ ਦਾ ਰਾਜ-ਤਖਤ 'ਤੇ ਬੈਠਣ ਦਾ ਹੱਕ ਨਹੀਂ ਬਣਦਾ। ਇਹ ਹੱਕ ਮਨਵਾਉਣ ਲਈ ਪੰਜਾਹ ਲੱਖ ਰੁਪਿਆ ਖਰਚ ਕਰ ਕੇ 11 ਹਜ਼ਾਰ ਬ੍ਰਾਹਮਣਾਂ ਨੂੰ ਚਾਰ ਮਹੀਨੇ ਲਗਾਤਾਰ ਭੋਜਨ ਖਲਾਇਆ ਗਿਆ ਤਾਂ ਇਹ ਪ੍ਰਵਾਨਗੀ ਮਿਲੀ।"[96] ਪਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜ ਕੇ ਅਜਿਹੇ ਅਧਿਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਭ ਨੂੰ ਇੱਕ ਬਰਾਬਰ ਬਖਸ਼ ਦਿੱਤੇ। ਸਿੱਖ ਗੁਰੂ ਸਾਹਿਬਾਨ ਨੇ ਸੱਚੇ-ਸੁੱਚੇ ਚਰਿੱਤਰ ਦਾ ਧਾਰਨੀ ਹੋਣ ਦਾ ਉਪਦੇਸ਼ ਦਿੱਤਾ ਜਿਸ ਨਾਲ ਜੀਵਨ ਚੜ੍ਹਦੀ ਕਲਾ ਵਿੱਚ ਰਹਿਣ ਦੀ ਪ੍ਰੇਰਨਾ ਲਵੇਗਾ।

ਸੱਚੇ-ਸੁੱਚੇ ਆਚਰਣ ਨੂੰ ਸਭ ਤੋਂ ਉੱਪਰ ਦਰਸਾਉਣਾ ਵਿਲੱਖਣ ਵਿਚਾਰ ਸੀ ਜੋ ਖ਼ਾਲਸੇ ਦੀ ਸਿਰਜਨਾ ਨਾਲ ਸਿੱਖ ਕਿਰਦਾਰ ਵਿੱਚ ਪੂਰੀ ਤਰ੍ਹਾਂ ਭਰ ਗਿਆ। ਸ੍ਰੀ ਅਨੰਦਪੁਰ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ

---

[96] ਪਿਆਰਾ ਸਿੰਘ ਪਦਮ (2002) *ਗੋਬਿੰਦ ਸਾਗਰ ਸ੍ਰੀ ਦਸਮੇਸ਼ ਜੀ ਦੀ ਸਖਸ਼ੀਅਤ ਤੇ ਸਿੱਖਿਆ ਦਾ ਸਰਬੰਗੀ ਅਧਿਐਨ,* ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 35.

ਸਿੰਘ ਜੀ ਨੇ ਮਨੁੱਖ ਦੇ ਗਿਰੇ ਹੋਏ ਆਚਰਣ ਨੂੰ ਖ਼ਾਲਸਾ ਸਾਜ ਕੇ ਉਚੇਰਾ ਕੀਤਾ। ਧਰਮ ਦੇ ਨਾਮ ਥੱਲੇ ਜੋ ਭਰਮ ਪਾਏ ਹੋਏ ਸਨ, ਉਹਨਾਂ ਦਾ ਹਨੇਰਾ ਦੂਰ ਕਰਨ ਵਾਸਤੇ ਨਵੀਂ ਰੋਸ਼ਨੀ ਦਿੱਤੀ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਵਾਪਰੇ ਹਰ ਵਰਤਾਰੇ ਨੇ ਸਮਾਜਕ ਬਰਾਬਰਤਾ ਦਾ ਸਿਧਾਂਤ ਹੀ ਨਹੀਂ ਦਿੱਤਾ ਬਲਕਿ ਜੀਵਨ ਵਿਹਾਰ ਵਿੱਚ ਇਸਨੂੰ ਲਾਗੂ ਕੀਤਾ ਹੈ, ਜਿਵੇਂ ਪਹਿਲਾਂ ਵੱਖ-ਵੱਖ ਜਾਤਾਂ ਵਿੱਚ ਵੰਡੇ ਲੋਕ ਆਪਣੀ ਹੀ ਜਾਤ ਵਿੱਚ ਹੋਲੀ ਖੇਡਦੇ ਸਨ ਪਰੰਤੂ ਹੋਲੇ ਮਹੱਲੇ ਵਿੱਚ ਸਭ ਜਾਤਾਂ, ਗਰੀਬ-ਅਮੀਰ ਨੂੰ ਇੱਕਠੇ ਹੋਣ ਦਾ ਮੌਕਾ ਪ੍ਰਾਪਤ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜਕ ਬਰਾਬਰੀ ਸੰਬੰਧੀ ਵਿਚਾਰ ਨੂੰ ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ; "ਇਸ ਸਮੇਂ ਦੌਰਾਨ ਖ਼ਾਲਸੇ ਦਾ ਕੌਮੀ ਜਜ਼ਬੇ ਤੇ ਇਕਮੁੱਠਤਾ ਦਾ ਜੋ ਮਾਡਲ ਪੇਸ਼ ਕੀਤਾ, ਉਸ ਦਾ ਕੋਈ ਸਾਨੀ ਨਹੀਂ। ਉਸ ਸਮੇਂ ਸਮੂਹ ਖ਼ਾਲਸਾ ਇਕ ਜਿਸਮ ਵਾਂਗ ਵਿਚਰਿਆ। ਖ਼ਾਲਸਾ ਪੰਥ ਗੁਰੂ ਦਾ ਰੂਪ ਹੈ। ਦਸ਼ਮੇਸ਼ ਦਾ ਖਿਆਲ ਹੀ ਖਾਲਸੇ ਦੀ ਪਾਤਸ਼ਾਹੀ ਸੀ ਅਤੇ ਉਸ ਦੀ ਸ਼ਾਨ ਸਭ ਦੀ ਸਾਂਝੀ ਸੀ।"[97] ਸਿੱਖ ਸਿਧਾਂਤ ਸਮਾਜਕ ਨਾ ਬਰਾਬਰੀ ਅਤੇ ਵੈਰ-ਵਿਰੋਧ ਵਰਗੀਆਂ ਦੁਰਾਚਾਰੀ ਬਿਰਤੀਆਂ ਤੋਂ ਨਿਰਲੇਪ ਰਹਿ ਕੇ ਦੂਸਰਿਆਂ ਦੀ ਨਿਰਮਲ ਰਹਿਣੀ ਲਈ ਹਮੇਸ਼ਾਂ ਮਾਨਵੀ ਕਲਿਆਣ ਹਿੱਤ ਲੋਕਤੰਤਰੀ ਰਾਜ ਦੀ ਸਥਾਪਨਾ ਦੇ ਸੰਕਲਪ ਦੀ ਹਾਮੀ ਭਰਦਾ ਹੈ।

### 4.5 ਸਿੱਖ ਸਿਮਰਤੀ ਵਿੱਚ ਖ਼ਾਲਸਾਈ ਬੋਲੇ ਅਤੇ ਸ੍ਰੀ ਅਨੰਦਪੁਰ ਸਾਹਿਬ

ਖ਼ਾਲਸਾਈ ਬੋਲੇ ਖ਼ਾਲਸੇ ਦੀ ਵਿਲੱਖਣ ਭਾਸ਼ਾ ਹੈ, ਜਿਸ ਦੀ ਸ਼ੁਰੂਆਤ 17ਵੀਂ ਸਦੀ ਵਿੱਚ ਹੋ ਗਈ ਸੀ। ਜਦੋਂ ਮੁਗਲ ਹਕੂਮਤ ਨੇ ਸਿੱਖਾਂ ਨੂੰ ਖ਼ਤਮ ਕਰਨ ਦਾ ਤਹੱਈਆ ਕਰ ਲਿਆ ਸੀ, ਉਦੋਂ ਇਹ ਬੋਲੇ ਗੁਰੀਲਾ ਯੁੱਧ ਨੀਤੀ ਅਤੇ ਜੰਗ ਦੇ ਅਹਿਮ ਖੁਫੀਆ ਸ਼ਬਦ ਵੀ ਸਨ, ਜਿਨ੍ਹਾਂ ਦਾ ਆਰੰਭ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੋ ਗਿਆ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਖ਼ਾਲਸੇ ਦੇ ਬੋਲੇ, "ਪ੍ਰਾਚੀਨ ਸਿੰਘਾਂ ਦੇ ਸੰਕੇਤ ਕੀਤੇ ਵਾਕ, ਜਿਨ੍ਹਾਂ ਨੂੰ 'ਗੜਗੱਜ ਬੋਲੇ' ਭੀ ਆਖਦੇ ਹਨ।"[98] ਇਹ ਬੋਲੇ ਸਿੱਖ ਸਿਮਰਤੀ ਦਾ ਹਿੱਸਾ ਹਨ। ਇਨ੍ਹਾਂ ਬੋਲਿਆਂ ਦੇ ਅਰਥ ਸਿੱਖ ਜਾਣਦੇ ਹਨ ਜਦੋਂ ਇਹ ਬੋਲੇ ਕੋਈ ਸੁਣਦਾ ਹੈ ਤਾਂ ਉਸਦੀ ਸੁਰਤਿ ਜੰਗ ਦੇ ਮੈਦਾਨ ਵਿੱਚ ਪਹੁੰਚ ਜਾਂਦੀ ਹੈ। ਖਾਲਸੇ ਦੀ ਆਪਣੀ ਸ਼ਬਦਾਵਲੀ ਨਿਆਰੀ ਹੈ ਜਿਸ ਨੂੰ ਖਾਲਸਾ ਸਮਝਦਾ ਹੈ।

---

[97] ਹਰਿੰਦਰ ਸਿੰਘ ਮਹਿਬੂਬ (1988) *ਸਹਿਜੇ ਰਚਿਓ ਖ਼ਾਲਸਾ,* ਪ੍ਰਕਾਸ਼ਕ ਹਰਿੰਦਰ ਸਿੰਘ ਮਹਿਬੂਬ, ਗੜ੍ਹਦੀਵਾਲ, ਪੰ. 1086.

[98] ਭਾਈ ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਾਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 374.

ਖ਼ਾਲਸਾ ਸਾਜਨਾ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਵਿਖੇ ਨਿਹੰਗ ਸਿੰਘਾਂ ਨੂੰ ਮਾਨਸਿਕ ਪੱਧਰ ’ਤੇ ਮਜ਼ਬੂਤ ਕਰਨ ਲਈ ਗੁਰਬਾਣੀ ਅਤੇ ਰਹਿਤਾਂ ਨਾਲ ਜੋੜਿਆ ਉੱਥੇ ਨਾਲ ਹੀ ਗੁਰੂ ਸਾਹਿਬ ਨੇ ਯੁੱਧ ਵਿੱਦਿਆ ਲਈ ਸ਼ਸਤਰਾਂ ਦੀ ਸਿਖਲਾਈ, ਘੋੜਸਵਾਰੀ, ਨੇਜ਼ੇਬਾਜ਼ੀ, ਗੱਤਕਾ ਆਦਿ ਦੇ ਜੰਗੀ ਕਰਤੱਬ ਸਿਖਾਏ।

ਸਮਾਜ ਵਿੱਚ ਰਹਿੰਦਾ ਮਨੁੱਖ ਜਦੋਂ ਧਾਰਮਿਕ ਕਦਰਾਂ-ਕੀਮਤਾਂ ਵਿੱਚ ਰਹਿ ਕੇ ਸਮਾਜਕ ਵਖਰੇਵਿਆਂ ਤੋਂ ਵੱਖ ਹੋ ਕੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦਾ ਹੈ ਤਾਂ ਉਸ ਨਾਲ ਉਹ ਸੱਚੇ-ਸੁੱਚੇ ਆਚਰਣ ਵੱਲ ਵਧਦਾ ਹੈ। “ਅਨੰਦਪੁਰ ਜੋ ਕਿ ਖ਼ਾਲਸਾਈ ਲੋਕ-ਰਾਜ ਦੀ ਰਾਜਧਾਨੀ ਸੀ, ਸਮਾਨ ਆਰਥਕ ਪ੍ਰਬੰਧ ਦੀ ਨਵੀਂ ਮਿਸਾਲ ਪੇਸ਼ ਕਰਦਾ ਹੈ। ਕਿਸੇ ਨੂੰ ਨਿੱਜੀ ਜਾਇਦਾਦ ਦੀ ਕੋਈ ਖਿੱਚ ਨਹੀਂ ਸੀ। ਸਾਰਿਆਂ ਦਾ ਇਕੱਠਾ ਹੀ ਗੁਦਾਮ ਤੇ ਖਜ਼ਾਨਾ ਸੀ। ਸਾਰਿਆਂ ਦੀ ਵਿੱਤ ਅਨੁਸਾਰ ਕਮਾਈ ਸਾਰਿਆਂ ਦੀ ਜ਼ਰੂਰੀ ਲੋੜਾਂ ਅਨੁਸਾਰ ਵੰਡੀ ਜਾਂਦੀ ਸੀ। ‘ਦਾਣਾ ਪਾਣੀ ਗੁਰੂ ਕਾ ਟਹਿਲ ਭਾਉਣੀ ਸਿੱਖਾਂ ਦੀ’ ਦਾ ਬੋਲ ਬਾਲਾ ਸੀ।”[99] ਖ਼ਾਲਸੇ ਦੀ ਸੁੱਚਤਾ ਅਤੇ ਸ਼ੁੱਧਤਾ ਦਾ ਪਵਿੱਤਰ ਆਚਾਰ ਜਾਂ ਕਿਰਦਾਰ ਉਸ ਦੇ ਵਿਲੱਖਣ ਗੁਣਾਂ ਨੂੰ ਦਰਸਾਉਂਦਾ ਹੈ।

ਸਿੱਖ ਪੰਥ ਵਿੱਚ ਨਿਹੰਗ ਸਿੰਘਾਂ ਦੇ ਹੋਂਦ ਵਿੱਚ ਆਉਣ ਦਾ ਸੰਬੰਧ ਵੀ ਸ੍ਰੀ ਅਨੰਦਪੁਰ ਸਾਹਿਬ ਦੇ ਪਵਿੱਤਰ ਸਥਾਨ ਨਾਲ ਜੁੜਦਾ ਹੈ। ਨਿਹੰਗ ਸ੍ਰੀ ਅਨੰਦਪੁਰ ਸਾਹਿਬ ਨੂੰ ਆਪਣੀ ਜਨਮ ਭੂਮੀ ਮੰਨਦੇ ਹਨ। ਇੱਥੇ ਪਹੁੰਚ ਕੇ ਉਹ ਗੁਰ ਇਤਿਹਾਸ, ਗੁਰੂ ਯਾਦ ਅਤੇ ਗੁਰੂ ਵਿਸ਼ਵਾਸ ਨਾਲ ਜੁੜਦੇ ਹਨ। “ਆਮ ਪ੍ਰਚਲਿਤ ਰਵਾਇਤ ਅਨੁਸਾਰ ਇੱਕ ਵਾਰ ਹੋਲੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਸਿਰ ਉਪਰ ਸੁੰਦਰ ਦੁਮਾਲਾ ਸਜਾ ਕੇ ਅਤੇ ਵਿਲੱਖਣ ਪੁਸ਼ਾਕ ਪਹਿਨ ਕੇ ਗੁਰੂ ਪਿਤਾ ਦੇ ਹਜ਼ੂਰ ਆਏ ਤਾਂ ਗੁਰੂ ਜੀ ਫ਼ਤਿਹ ਸਿੰਘ ਦੇ ਪਹਿਨੇ ਹੋਏ ਲਿਬਾਸ ਅਤੇ ਸਜਾਏ ਹੋਏ ਸ਼ਸਤਰਾਂ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਨੂੰ ਵਰ ਦਿੱਤਾ ਕਿ ਤੇਰਾ ਨਿਹੰਗ ਪੰਥ ਚੱਲੇਗਾ:-

ਫਤੇ ਸਿੰਘ ਸਾਹਿਬਜਾਦਾ ਬਾਲਕੇ ਲੈ ਸੰਗ ਜਯਾਦਾ,
ਹੋਲੀਓ ਮੈ ਸਵਾਗ ਸਾਦਾ ਗੁਰੂ ਪਾਸ ਆਇਓ ਹੈ।

---

[99] ਸਰਦਾਰਾਂ ਸਿੰਘ ਰਟੌਲ (1967) “ਇਨਕਾਲਬੀ ਗੁਰੂ” *ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ,* ਬੀਰਇੰਦਰ ਸਿੰਘ, ਸੰਪਾ., ਆਲ ਇੰਡੀਆ ਸਿੱਖ ਯੂਥ ਫੈਡਰੇਸ਼ਨ, ਅੰਮ੍ਰਿਤਸਰ, ਪੰ. 95.

..........ਥਾਰੋ ਪੰਥ ਚਲੈਗੋ ਬਿਸਾਲੈ ਜੰਗ ਆਲੈ ਪਾਲੈ,
ਸਿਦਕ ਅਕਾਲੈ ਕੋ ਅਕਾਲੀ ਬਿਧ ਤਾਯੋ ਹੈ।[100]

ਨਿਹੰਗ ਸਿੰਘ ਕੋਈ ਵੱਖਰੀ ਸੰਪਰਦਾਇ ਜਾਂ ਪੰਥ ਨਹੀਂ ਸਗੋਂ ਇਹ ਖ਼ਾਲਸਾ ਪੰਥ ਦਾ ਹੀ ਮੌਲਿਕ ਸਰੂਪ ਹੈ। ਨਿਹੰਗ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਨਿਵਾਜੀ ਫੌਜ ਹੈ, ਜਿਹੜੀ ਇਸ ਤਿਉਹਾਰ 'ਤੇ ਇੱਕ ਖ਼ਾਸ ਰੂਪ ਵਿੱਚ ਵੇਖਣ ਨੂੰ ਮਿਲਦੀ ਹੈ। "The Nihang Sikhs of today are descendents of the original warrios who where known as 'Guru Ki laadli Fauj' (the Gurus belives Army) They are a proud and fearless band of People who are a dedicated band of people. The Hola Mahalla is a festival of all Sikhs, but it is the Nihangs who bring to it a special singnificance for during the three day Hola festivities the Nihangs reopen the flood gates of the collective memory and relive the past as if they are in the true presence of the Guru himself."[101] ਭਾਵ ਕਿ ਅੱਜ ਦੇ ਨਿਹੰਗ ਸਿੰਘ, ਅਸਲ ਯੋਧਿਆਂ ਦੇ ਉੱਤਰਾਧਿਕਾਰੀ ਹਨ ਜਿਨ੍ਹਾਂ ਨੂੰ 'ਗੁਰੂ ਕੀ ਲਾਡਲੀ ਫ਼ੌਜ' ਕਿਹਾ ਜਾਂਦਾ ਹੈ। ਹੋਲਾ ਮਹੱਲਾ ਸਾਰੇ ਸਿੱਖਾਂ ਦਾ ਤਿਉਹਾਰ ਹੈ ਪਰੰਤੂ ਨਿਹੰਗ ਸਿੰਘ ਤਿੰਨ ਦਿਨ ਪੁਰਾਤਨ ਯਾਦਾਂ ਨੂੰ ਤਾਜ਼ਾ ਕਰਕੇ ਬੜੇ ਉਤਸ਼ਾਹ ਨਾਲ ਤਿਉਹਾਰ ਮਨਾਉਂਦੇ ਹਨ। ਇਨ੍ਹਾਂ ਯਾਦਾਂ ਨੂੰ ਉਹ ਸਿਮਰਤੀ ਵਿੱਚ ਸੰਭਾਲ ਕੇ ਰੱਖਦੇ ਹਨ।

ਨਿਹੰਗ ਸਿੰਘ ਸਿਰਲੱਥ ਯੋਧਿਆਂ ਵਜੋਂ ਜਾਣੇ ਜਾਂਦੇ ਹਨ ਜੋ ਆਪਣੇ ਆਪ ਨੂੰ *ਗੁਰੂ ਕੀ ਲਾਡਲੀ ਫੌਜ* ਦੇ ਤੌਰ 'ਤੇ ਮੰਨਦੇ ਹਨ। ਉਹ ਨਿਰਭੈ ਅਤੇ ਅਣਖ-ਮਾਣ ਵਾਲੇ ਲੋਕ ਹਨ ਜੋ ਕਿ ਆਪਣੇ ਗੁਰੂ ਨੂੰ ਪੂਰੇ ਸਮਰਪਿਤ ਹਨ। ਨਿਹੰਗ ਸਿੰਘਾਂ ਨੂੰ ਅਕਾਲ ਪੁਰਖ ਕੀ ਫੌਜ (ਅਕਾਲੀ ਫੌਜ) ਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਨੀਲਾ ਬਾਣਾ ਬੀਰ ਰਸ ਦਾ ਪ੍ਰਗਟਾਵਾ ਕਰਦਾ ਹੈ। "ਅਕਾਲੀ ਤਾਂ ਉਹ ਸ਼ਕਤੀਸ਼ਾਲੀ ਪ੍ਰਭੂ-ਮਨੁੱਖ ਸਨ ਜਿਨ੍ਹਾਂ ਨੂੰ ਨਾ ਤਾਂ ਇਸਪਾਤ ਕੱਟ ਸਕਦਾ ਸੀ, ਨਾ ਅਗਨ ਜਲਾ ਸਕਦੀ ਸੀ। ਇਹ ਤਾਂ ਇਕ ਪ੍ਰਕਾਰ ਦੀਆਂ ਉੱਚ

---

[100] ਸੁਖਪਾਲ ਸਿੰਘ (2015) "ਨਿਹਗ ਸਿੰਘ ਜਥੇਬੰਦੀ: ਆਰੰਭ, ਵਿਸਥਾਰ ਅਤੇ ਸ੍ਰੀ ਅਨੰਦਪੁਰ ਸਾਹਿਬ" *ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ*, ਦਿਲਜੀਤ ਸਿੰਘ ਬੇਦੀ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 146.

[101] Vijay N.Shankar & Harminder kaur (2002) *Haven of Bliss Anandpur Sahib: A Miracle of The Human Spirit*, Lahore books, Ludhiana, p. 103.

ਆਤਮਾਵਾਂ ਸਨ, ਜੋ ਇਨ੍ਹਾਂ ਦੇ ਸਰੀਰਾਂ ਵਿਚ ਪ੍ਰਛਾਵੇਂਹਾਰ ਆ ਨਿਵਾਸ ਕਰਦੀਆਂ ਸਨ। ਇਨ੍ਹਾਂ ਸਰੀਰਾਂ ਵਿੱਚ ਕੇਵਲ ਆਤਮਾ ਹੀ ਅਨੰਦਪੁਰ ਸਾਹਿਬ ਦੀਆਂ ਪਹਾੜੀਆਂ ’ਤੇ ਘੁਮਰ ਪਾਉਂਦੀ ਸੀ। ਇਹ ਭਵਿੱਖ ਦੇ ਸੰਪੂਰਨ ਮਨੁੱਖ ਸਨ, ਜਿਨ੍ਹਾਂ ਵਿਚ ਮਨੁੱਖਤਾ ਦੀ ਨਿੰਮ੍ਹੀ ਜੋਤ ਟਿਮ-ਟਿਮਾਉਂਦੀ ਦਿਖਾਈ ਦਿੰਦੀ ਸੀ।”[102] ਹੋਲੇ ਮਹੱਲੇ ਸਮੇਂ ਗੁਰੂ ਸਾਹਿਬ ਦੀ ਹਾਜ਼ਰੀ ਸਿਮਰਤੀ ਨੂੰ ਮੁੱਖ ਰੱਖਦਿਆਂ ਮਹਿਸੂਸ ਕੀਤੀ ਜਾਂਦੀ ਹੈ।

ਸਿੱਖ ਗੁਰੂ ਸਾਹਿਬਾਨ ਨੇ ਮਾਨਸਿਕ ਦੇ ਨਾਲ-ਨਾਲ ਸਰੀਰਕ ਤੰਦਰੁਸਤੀ ਨੂੰ ਪਹਿਲ ਦਿੰਦੇ ਹੋਏ, ਸ੍ਰੀ ਖਡੂਰ ਸਾਹਿਬ ਵਿਖੇ ਮੱਲ-ਅਖਾੜੇ, ਛੇਵੇਂ ਜਾਮੇ ਵਿੱਚ ਘੋੜ ਸਵਾਰੀ, ਕੁਸ਼ਤੀਆਂ, ਸ਼ਸਤਰ ਵਿੱਦਿਆ ਲਈ ਸੰਗਤ ਨੂੰ ਪ੍ਰੇਰਿਤ ਕੀਤਾ। ਗੁਰੂ ਸਾਹਿਬ ਨੇ ਨਿਹੰਗ ਫ਼ੌਜਾਂ ਨੂੰ ਗਤਕੇ ਦੀ ਜੋ ਦਾਤ ਬਖ਼ਸ਼ਿਸ਼ ਕੀਤੀ, ਉਹ ਆਪਣੇ ਆਪ ਵਿੱਚ ਅਦੁੱਤੀ ਮਿਸਾਲ ਹੈ, ਗੱਤਕਾ ਇੱਕ ਸੈਨਿਕ ਸਿੱਖਿਆ ਹੋਣ ਦੇ ਨਾਲ ਹੀ ਵਧੀਆ ਸਰੀਰਕ ਕਸਰਤ ਦਾ ਸਾਧਨ ਹੈ। ਅਜੋਕੇ ਸਮੇਂ ਗਤਕੇ ਦੀ ਅਹਿਮੀਅਤ ਦਾ ਪਤਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਰਾਜ ਪੱਧਰ ਦੀਆਂ ਖੇਡਾਂ ਦੇ ਰੂਪ ਵਿੱਚ ਗਤਕੇ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹਨਾਂ ਸਰੀਰਕ ਕਿਰਿਆਵਾਂ ਨਾਲ ਸਿੱਖ ਕਿਰਦਾਰ ਵਧੇਰੇ ਮਜ਼ਬੂਤ ਹੋਇਆ। “ਗੁਰੂ ਗੋਬਿੰਦ ਸਿੰਘ ਜੀ ਨੇ ਹਨੇਰੇ ਦੀਆਂ ਗਾਰਾਂ ਵਿਚ ਫਸੇ ਹੋਏ ਭਾਰਤੀ ਸਮਾਜ ਨੂੰ ਉਭਾਰਨ ਦਾ ਉਹ ਉਪਰਾਲਾ ਕਕਾਰੀ ਆਚਾਰ-ਵਿਹਾਰ ਨਾਲ ਮੁੜ ਸੰਭਾਲਿਆ ਜਿਹੜੀ ਸੰਭਾਲ ਅਤੇ ਪਕਿਆਈ ਗੁਰੂ ਨਾਨਕ ਆਰੰਭ ਕਰਕੇ ਗਏ ਸਨ। ਪੰਥਕ ਮਰਿਆਦਾ ਦੇ ਪੰਜ ਕਕਾਰ ਇਸ਼ਾਰਾ ਕਰਦੇ ਹਨ ਕਿ ਗੁਰੂ ਘਰ ਵਿਚ ਦੁਰਾਚਾਰ, ਅਨਾਚਾਰ, ਤੇ ਬੇ-ਹਯਾਈ ਲਈ ਕੋਈ ਸਥਾਨ ਨਹੀਂ।”[103] ਪੰਜ ਕਕਾਰੀ ਰਹਿਤ ਖ਼ਾਲਸੇ ਦਾ ਬਾਣਾ ਹੈ, ਜਿਸ ਨੂੰ ਧਾਰਨ ਕਰ ਸਿੱਖ ਆਪਣੀ ਸਿਮਰਤੀ ਵਿੱਚ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ’ਤੇ ਸਜਾਏ ਗਏ ਖ਼ਾਲਸਾ ਪੰਥ ਨੂੰ ਸਮਰਪਿਤ ਹੁੰਦਾ ਹੈ।

ਖ਼ਾਲਸੇ ਨੂੰ ਧੀਆਂ-ਭੈਣਾਂ ਦੀ ਇੱਜ਼ਤ ਦਾ ਰਾਖਾ ਵੀ ਮੰਨਿਆਂ ਜਾਂਦਾ ਹੈ, ਵਿਹਾਰ ਵਿੱਚ ਧੀਆਂ-ਭੈਣਾਂ ਦੀ ਆਬਰੂ ਨੂੰ ਬਚਾਉਣਾ ਸਿੱਖ ਕਿਰਦਾਰ ਦੇ ਹਿੱਸੇ ਆਇਆ। 18ਵੀਂ ਸਦੀ ਦੇ ਸਿੱਖਾਂ ਦੇ ਉੱਚੇ ਕਿਰਦਾਰ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਉਸ ਸਮੇਂ ਦੇ ਲੋਕ ਬੋਲੀ ‘ਚ ਬੋਲੇ ਜਾਣ ਵਾਲੇ ਪੰਜਾਬੀ ਮੁਹਾਵਰਿਆਂ “ਆਏ ਨੇ ਨਿਹੰਗ ਬੂਹੇ ਖੋਲ ਦਿਓ ਨਿਸੰਗ” ਆਦਿ ਤੋਂ ਵੇਖਣ ਨੂੰ ਮਿਲਦੀਆਂ ਹਨ, ਜਿਹੜੀਆਂ ਸਿੱਖਾਂ ਦੇ ਨਿਆਰੇਪਣ

---

[102] ਪ੍ਰੋ. ਪੂਰਨ ਸਿੰਘ (ਅਪ੍ਰੈਲ 2019) *ਸੋ ਕਹੀਅਤ ਹੈ ਸੂਰਾ,* ਤਲਵਿੰਦਰ ਸਿੰਘ ਬੁੱਟਰ, ਸੰਪਾ., ਮੋਹਾਲੀ, ਪੰ. 1.

[103] ਹਿੰਮਤ ਸਿੰਘ (ਸਤੰਬਰ 1998) “ਪੰਜ ਕਕਾਰਾਂ ਦਾ ਸੰਕਲਪ ਤੇ ਮਹੱਤਵ” *ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ (ਖੋਜ ਪਤ੍ਰਿਕਾ),* ਡਾ. ਅਜਮੇਰ ਸਿੰਘ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 120.

ਅਤੇ ਵਿਲੱਖਣ ਹੋਣ ਦਾ ਨਮੂਨਾ ਪੇਸ਼ ਕਰਦੀਆਂ ਹਨ। ਅਜਿਹੇ ਨਿਹੰਗ ਸਿੰਘਾਂ ਨਾਲ ਸੰਬੰਧਤ ਬੋਲੇ ਸਿੱਖਾਂ ਦੀ ਸਮਕਾਲੀ ਸਿਮਰਤੀ ਨੂੰ ਅਤੇ ਉੱਚੇ-ਸੁੱਚੇ ਕਿਰਦਾਰ ਨਿਭਾਉਣ ਵਿੱਚ ਨਿਪੁੰਨਤਾ ਨੂੰ ਦਰਸਾਉਂਦੇ ਹਨ।

"ਹਰ ਇਕ ਖ਼ਾਲਸੇ ਦੇ ਨਾਮ ਦੇ ਮਗਰ 'ਸਿੰਘ' ਸ਼ਬਦ ਲਾਉਣਾ, ਸਿੰਘ ਦਾ ਆਪਣੇ ਆਪ ਨੂੰ 'ਸਵਾ ਲੱਖ' ਕਹਿਣਾ ਤੇ ਫੌਜ ਸਮਝਣਾ, ਦੋ ਸਿੰਘਾਂ ਦਾ ਮਿਲ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ॥' ਬੁਲਾਉਣਾ, ਅਰਦਾਸ ਦੇ ਬਾਅਦ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡਣਾ ਤੇ ਗੜਗੱਜ ਬੋਲਿਆਂ ਦੀ ਵਰਤੋਂ ਕਰਨੀ, ਇਹ ਸਭ ਗੱਲਾਂ ਪੁਸ਼ਟੀ ਕਰਦੀਆਂ ਹਨ, ਕਿ ਖ਼ਾਲਸੇ ਜੀ ਦਾ ਪ੍ਰਭਾਵਸ਼ਾਲੀ ਤੇ ਬਰਕਤ ਵਾਲਾ ਸੁਭਾਅ ਬਣਾਉਣ ਲਈ ਹੀ ਉਸਦੀ ਨਿਤ ਵਰਤੋਂ ਦੇ 'ਬੋਲੇ' ਉਤਸ਼ਾਹਜਨਕ ਬਣਾਏ ਗਏ ਹਨ। ਇਹੀ ਕਾਰਨ ਹੈ, ਕਿ ਥੋੜ੍ਹੇ ਸਮੇਂ ਵਿਚ ਹੀ ਖ਼ਾਲਸਾ ਇਕ ਪ੍ਰਸਿੱਧ ਤਿਆਰ-ਬਰ-ਤਿਆਰ ਜਥਾ ਸਜ ਗਿਆ। ਜੇ ਅਸੀਂ ਗਹੁ ਕਰ ਕੇ ਤੱਕੀਏ ਤਾਂ ਖ਼ਾਲਸਈ ਵਰਤੋਂ ਦਾ ਹਰ ਇਕ ਫਿਕਰਾ ਕੋਈ ਨਾ ਕੋਈ ਤਅੱਲਕ ਇਸ ਕੌਮੀ ਉਸਾਰੀ ਨਾਲ ਰੱਖਦਾ ਹੈ, ਨਿਰਾਰਥ ਕੋਈ ਵੀ ਨਹੀਂ।"[104] ਖ਼ਾਲਸੇ ਦਾ ਬਾਣਾ ਅਤੇ ਬੋਲੇ ਸਿੱਖ ਸਿਮਰਤੀ ਵਿੱਚ ਸਦੀਵੀ ਪਹਿਚਾਣ ਬਣਾ ਚੁੱਕੇ ਹਨ। ਜਿਹੜੇ ਸੱਚੇ-ਸੁੱਚੇ ਕਿਰਦਾਰ ਨਿਭਾਉਣ ਲਈ ਮਾਰਗ ਦਰਸ਼ਨ ਕਰਦੇ ਹਨ।

ਆਮ ਬੋਲ ਚਾਲ ਦੀ ਭਾਸ਼ਾ ਵਿਅਕਤੀ ਦੇ ਆਚਰਣ ਸੰਬੰਧੀ ਬਹੁਤ ਕੁਝ ਸਪੱਸ਼ਟ ਕਰਦੀ ਹੈ। ਵਿਅਕਤੀ ਦੇ ਆਚਰਣ ਵਿੱਚੋਂ ਸਿਮਰਤੀ 'ਤੇ ਪਏ ਪ੍ਰਭਾਵ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸਿੱਖ ਸਿਮਰਤੀ ਵਿੱਚ ਖ਼ਾਲਸਾਈ ਬੋਲੇ ਸਿੱਖਾਂ ਦੇ ਉੱਚੇ-ਸੁੱਚੇ ਕਿਰਦਾਰ ਦੇ ਗਵਾਹ ਹਨ। ਕਿਸੇ ਵੀ ਸੱਭਿਆਚਾਰ/ਕੌਮ ਦੀ ਵੱਖਰੀ ਹੋਂਦ ਦੇ ਜ਼ਰੂਰੀ ਤੱਥਾਂ ਵਿੱਚ ਭਾਸ਼ਾਂ ਜਾਂ ਬੋਲੀ ਦਾ ਵੀ ਅਹਿਮ ਸਥਾਨ ਹੁੰਦਾ ਹੈ। "ਇਹ ਹਕੀਕਤ ਹੈ ਕਿ ਉਪ-ਭਾਸ਼ਾਵਾਂ ਦੀ ਤਰ੍ਹਾਂ ਦੁਨੀਆਂ ਵਿੱਚ ਵੱਖੋ-ਵੱਖ ਮਨੁੱਖੀ ਟੋਲਿਆਂ ਦੀਆਂ ਖਾਸ ਬੋਲੀਆਂ ਘੜੀਦੀਆਂ ਰਹਿੰਦੀਆਂ ਹਨ ਤੇ ਉਨ੍ਹਾਂ ਦਾ ਰੰਗ ਰੂਪ ਆਪਣਾ ਹੀ ਹੁੰਦਾ ਹੈ ਪਰ ਇਹ ਗੱਲ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਹਰ ਸਪੈਸ਼ਲ ਭਾਸ਼ਾ ਆਪਣੀ ਸਮੱਗਰੀ ਕਿਸੇ ਜੀਉਂਦੀ-ਜਾਗਦੀ ਬੋਲੀ ਵਿੱਚੋਂ ਹੀ ਲੈਂਦੀ ਹੈ ਪਰ ਉਸ ਦਾ ਮੁਹਾਂਦਰਾ ਜ਼ਰੂਰ ਵੱਖਰਾ ਹੁੰਦਾ ਹੈ ਜੋ ਸਮੇਂ ਦੀ ਛਾਪ ਪ੍ਰਗਟਾਉਂਦਾ ਹੈ। ਸੋ ਇਹ ਖਾਲਸਈ ਭਾਸ਼ਾ ਸਿਵਾਇ ਸੰਗ੍ਰਮੀਏ ਸਿੰਘਾਂ ਦੇ ਪੂਰੀ ਤਰ੍ਹਾਂ ਸਮਝ ਵੀ ਨਹੀਂ ਸੀ ਸਕਦਾ। ਉਸ ਜ਼ਮਾਨੇ ਦੇ ਇਨਕਲਾਬੀ ਸਿੰਘ, ਭਾਵੇਂ ਵਿਦਿਅਕ ਸਾਧਨਾਂ ਤੋਂ ਲਗਾਤਾਰ ਦੂਰ ਜੰਗਲਾਂ ਵਿਚ ਰਹਿਣ ਕਰਦੇ ਇਤਨੇ

---

[104] ਪ੍ਰਿੰਸੀਪਲ ਗੰਗਾ ਸਿੰਘ (2003) *ਸਿੱਖ ਧਰਮ ਫਿਲਾਸਫੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 173.

ਵਿਦਿਆਵਾਨ ਤਾਂ ਨਹੀਂ ਸਨ ਪਰ ਉਹ ਬੁਧਿਵਾਨ ਲੋਕ ਸਨ ਤੇ ਉਨ੍ਹਾਂ ਅਨੁਭਵ ਬੜਾ ਤੀਖਣ ਸੀ। ਇਹ ਲੋਕ ਆਪਣੇ ਲੰਮੇ ਤਜਰਬੇ ਕਾਰਨ ਫਾਰਸੀ ਤੇ ਪਸ਼ਤੋਂ ਆਦਿ ਜ਼ਬਾਨਾਂ ਵਿਚ ਬੜੀ ਚੰਗੀ ਮੁਹਾਰਤ ਰਖਦੇ ਸਨ ਕਿਉਂਕਿ ਇਨ੍ਹਾਂ ਦਾ ਵਰ੍ਹਿਆਂ ਤੋਂ ਲਗਾਤਾਰ ਮੁਗਲਾਂ ਤੇ ਪਠਾਣਾਂ ਨਾਲ ਵਾਹ ਪੈ ਰਿਹਾ ਸੀ। ਸੋ ਉਹ ਇਕ ਦੂਜੇ ਦੀ ਗੱਲ ਸਮਝਣ ਵਿਚ ਪ੍ਰਬੀਨ ਸਨ।"[105]

ਖ਼ਾਲਸਾ ਪੰਥ ਦੇ ਬੋਲੇ ਸਿੱਖ ਧਰਮ ਨੂੰ ਭਾਸ਼ਾਈ ਵਿਲੱਖਣਤਾ ਦੇ ਨਾਲ-ਨਾਲ ਸੱਭਿਆਚਾਰ ਪੱਖੋਂ ਵੀ ਨਿਆਰਾਪਣ ਪ੍ਰਦਾਨ ਕਰਦੇ ਹਨ। ਖ਼ਾਲਸੇ ਦੇ ਬੋਲਿਆਂ ਤੋਂ ਭਾਵ ਹੈ, ਸਿੰਘਾਂ ਵੱਲੋਂ ਪਰਸਪਰ ਪ੍ਰਯੋਗ ਵਿੱਚ ਲਿਆਈ ਜਾਣ ਵਾਲੀ ਸੰਕੇਤਕ ਸ਼ਬਦਾਵਲੀ ਜੋ ਉਹੀ ਸਮਝ ਸਕਦੇ ਸਨ। ਅਠਾਰ੍ਹਵੀਂ ਸਦੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਬਾਅਦ ਸਿੰਘਾਂ ਉੱਪਰ ਜ਼ੁਲਮ ਦੀਆਂ ਜ਼ੁਲਮੀ ਹਨੇਰ੍ਹੀਆਂ ਚੜ੍ਹੀਆਂ ਉਸ ਸਮੇਂ ਸਿੰਘਾਂ ਨੇ ਆਪਸੀ ਤਾਲਮੇਲ ਲਈ ਜਿਸ ਬੋਲੀ ਨੂੰ ਜਨਮ ਦਿੱਤਾ, ਉਹ ਖ਼ਾਲਸੇ ਦੇ ਬੋਲੇ ਕਹਾਏ। ਬੋਲਿਆਂ ਦਾ ਆਰੰਭ 18ਵੀਂ ਸਦੀ ਮੰਨਿਆ ਗਿਆ ਹੈ। "ਨਿਹੰਗ ਸਿੰਘਾਂ ਨੇ ਅਠਾਰਵੀਂ ਸਦੀ ਵਿਚ ਆਪਣੀ ਵਿਲੱਖਣ ਬੋਲੀ ਵੀ ਘੜ ਲਈ ਸੀ। ਇਸ ਬੋਲੀ ਨੂੰ ਗੜਗੱਜ ਬੋਲੇ ਵੀ ਆਖਿਆ ਜਾਂਦਾ ਸੀ। ਇਨ੍ਹਾਂ ਬੋਲਿਆਂ ਦੇ ਪਿਛੋਕੜ ਵਿਚ ਜਿਥੇ ਖੁਫੀਆ ਬੋਲੀ ਦੀ ਜ਼ਰੂਰਤ ਇਕ ਵਜ੍ਹਾ ਮੰਨੀ ਜਾਂਦੀ ਹੈ, ਉਥੇ ਸਿੰਘਾਂ ਵਿਚ ਚੜ੍ਹਦੀ ਕਲਾ ਦਾ ਅਹਿਸਾਸ ਵੀ ਇਸ ਦਾ ਪਿਛੋਕੜ ਮੰਨਿਆ ਜਾਂਦਾ ਹੈ। ਜਿਵੇਂ ਕਿ ਇਕ ਸਿੰਘ ਨੂੰ ਸਵਾ ਲੱਖ ਆਖਣਾ, ਜਿਥੇ ਇਹ ਜੱਥੇ ਦੀ ਖੁਫੀਆ ਬੋਲੀ ਹੈ, ਉਥੇ ਇਸ ਵਿਚ ਚੜ੍ਹਦੀ ਕਲਾ ਵੀ। ਅੱਜ ਵੀ ਇਸੇ ਚੜ੍ਹਦੀ ਕਲਾ ਸਦਕਾ ਇਕ-ਇਕ ਸਿੰਘ, ਸਵਾ ਲੱਖ ਦੇ ਬਰਾਬਰ ਜਿਗਰਾ ਰੱਖਦਾ ਹੈ।"[106] ਖ਼ਾਲਸਾਈ ਬੋਲੇ ਜੁਝਾਰੂ ਸਿੰਘਾਂ ਨੇ ਘੜੇ ਸਨ, ਇਸ ਲਈ ਇਨ੍ਹਾਂ ਦੀ ਨੁਹਾਰ ਗਰਜ਼ਵੀਂ ਰਹੀ ਸ਼ਾਇਦ ਇਸੇ ਕਰਕੇ ਇਹਨਾਂ ਨੂੰ 'ਗੜਗਜ ਬੋਲੇ' ਕਿਹਾ ਜਾਂਦਾ ਹੈ।

ਬੋਲਿਆਂ ਰਾਹੀਂ ਸਿੱਖ ਗੁਪਤ ਸ਼ਬਦ-ਸੰਕੇਤਾਂ ਨਾਲ ਸਿੰਘ ਇੱਕ ਦੂਜੇ ਤਕ ਆਪਣੀ ਗੱਲ ਪਹੁੰਚਾਉਂਦੇ ਸਨ ਤਾਂ ਜੋ ਦੁਸ਼ਮਣ ਨੂੰ ਕਿਸੇ ਪ੍ਰਕਾਰ ਦੇ ਭੇਦ ਦੀ ਕੋਈ ਭਿਣਕ ਨਾ ਪੈ ਸਕੇ। "ਸਹੂਲਤਾਂ ਦੀਆਂ ਖੁਸ਼ੀਆਂ ਦਾ ਅਨੰਦ ਤਾਂ ਹਰ ਕੋਈ ਮਾਣ ਸਕਦਾ ਹੈ ਪਰ ਤੰਗੀਆਂ ਦੀ ਭਰਮਾਰ ਤੇ ਗਰੀਬੀ ਦੀ ਮਾਰ ਵਿੱਚੋਂ ਸਵਾਦ ਜਾਂ ਅਨੰਦ ਚੜ੍ਹਦੀਕਲਾ ਵਿਚ ਰਹਿਣ ਵਾਲਾ ਮਨੁੱਖ ਹੀ ਮਾਣ ਸਕਦਾ ਹੈ। ਧਰਮ ਯੁੱਧਾਂ ਦੀਆਂ ਔਕੜਾਂ ਤੇ

---

[105] ਪੂਰਨ ਸਿੰਘ (1980) *ਜਿਨ ਕੇ ਚੋਲੇ ਰੱਤੜੇ*, ਕਰਮ ਸਿੰਘ ਕਪੂਰ, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ. 70-1.

[106] ਹਰਜਿੰਦਰ ਸਿੰਘ ਦਿਲਗੀਰ (2007) *ਸਿੱਖ ਫਿਲਾਸਫੀ ਕੀ ਹੈ ਅਤੇ ਹੋਰ ਲੇਖ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰ. 110.

ਮਜ਼ਬੂਰੀਆਂ ਕਾਰਨ ਮੁੱਕੇ ਰਾਸ਼ਨ ਨੂੰ 'ਲੰਗਰ ਮਸਤਾਨਾ' ਕਹਿਣਾ, ਛੋਲਿਆਂ ਨੂੰ ਬਦਾਮ ਕਰਕੇ ਜਾਣਨਾ, ਗੰਢਿਆਂ ਨੂੰ ਰੁਪਾ ਆਦਿ ਤੇ ਇਕ ਨੂੰ ਸਵਾ ਲੱਖ ਕਰਕੇ ਜਾਣਨਾ, ਚੜ੍ਹਦੀਕਲਾ ਕਲਾ ਵਾਲੇ ਮਨੁੱਖਾਂ ਦੇ ਹੀ ਤਾਂ ਬੋਲੇ ਹਨ। 'ਯਾਰੜੇ ਦਾ ਸਾਨੂੰ ਸੱਥਰ ਚੰਗਾ' ਚੜ੍ਹਦੀਕਲਾ ਦੀ ਮਹਾਨ ਸੰਥਾ ਹੈ।"[107] ਆਧੁਨਿਕ ਯੁੱਗ ਵਿੱਚ ਵੀ ਸੂਹੀਆ ਅਤੇ ਗੁਪਤਚਰ ਵਿਭਾਗ ਇਸ ਪ੍ਰਕਾਰ ਦੇ ਗੁਪਤ-ਸ਼ਬਦਾਂ ਦੀ ਵਰਤੋਂ ਕਰਦੇ ਹਨ, ਹਰਨ ਹੋਣਾ (ਭੱਜ ਜਾਣਾ), ਸਵਾ ਲੱਖ (ਇਕ) ਆਦਿ ਸ਼ਬਦ ਇਸੇ ਤਰ੍ਹਾਂ ਦੇ ਭਾਵ ਦੇ ਸੂਚਕ ਹਨ। ਦੂਜਾ ਇਹ ਕਿ ਇਨ੍ਹਾਂ ਸ਼ਬਦਾਂ ਰਾਹੀਂ ਤੁੱਛ ਵਸਤੂ ਨੂੰ ਉੱਤਮ ਵਸਤੂ ਦੇ ਨਾਂ ਨਾਲ ਪੁਕਾਰਿਆ ਜਾਂਦਾ ਸੀ, ਜਿਵੇਂ ਛੱਪੜ ਦੇ ਪਾਣੀ ਲਈ ਸਰਦਈ, ਥੋੜੇ ਲਈ ਸਵਾਇਆ, ਜਦਕਿ ਅਸਲ ਅਰਥਾਂ ਵਿੱਚ ਸਵਾਇਆ ਦਾ ਅਰਥ ਬਹੁਤਾ ਹੁੰਦਾ ਹੈ ਭਾਵ ਸਵਾ ਗੁਣਾ ਹੁੰਦਾ ਹੈ। ਤੀਜਾ ਇਹ ਕਿ ਇਨ੍ਹਾਂ ਸ਼ਬਦਾਂ ਰਾਹੀਂ ਸੰਕਟ-ਕਾਲ ਵਿੱਚ ਨਾ ਪ੍ਰਾਪਤ ਹੋ ਸਕਣ ਵਾਲੀ ਉੱਤਮ ਵਸਤੂ ਪ੍ਰਤੀ ਨਕਰਾਤਮਕ ਬਿਰਤੀ ਨੂੰ ਅਪਣਾਇਆ ਜਾਂਦਾ ਸੀ, ਜਿਵੇਂ ਹਾਥੀ ਨੂੰ ਕੱਟਾ ਆਦਿ। ਅਜਿਹੀ ਸ਼ਬਦਾਵਲੀ ਵਿੱਚੋਂ ਕੁਝ ਸ਼ਬਦ ਤਾਂ ਆਮ ਬੋਲ-ਚਾਲ ਦੇ ਅੰਗ ਬਣ ਗਏ ਅਤੇ ਬਹੁਤੇ ਨਿਹੰਗ ਸਿੰਘਾਂ ਤੱਕ ਸੀਮਤ ਹੋ ਗਏ, ਸੀਨਾ ਬਸੀਨਾ ਚਲੇ ਆਉਣ ਕਾਰਨ ਇਨ੍ਹਾਂ ਵਿੱਚੋਂ ਕਈ ਲੁਪਤ ਹੋ ਗਏ। ਖ਼ਾਲਸਾਈ ਸੱਭਿਆਚਾਰ ਅਤੇ ਖ਼ਾਲਸੇ ਦੀ ਚੜ੍ਹਦੀਕਲਾ ਦਾ ਪ੍ਰਗਟਾਵਾ ਹਨ—ਖ਼ਾਲਸਾਈ ਬੋਲੇ। ਇਹਨਾਂ ਰਾਹੀਂ ਸਿੱਖ ਸਿਮਰਤੀ ਦਾ ਵਿਸ਼ਾਲ ਦ੍ਰਿਸ਼ਟੀਕੋਣ ਪ੍ਰਸਤੁਤ ਹੁੰਦਾ ਹੈ। ਸਿੱਖ ਸਿਮਰਤੀ ਦੀ ਚੜ੍ਹਦੀਕਲਾ ਇਹਨਾਂ ਬੋਲਿਆਂ ਤੋਂ ਸਹਿਜ ਰੂਪ ਵਿੱਚ ਪ੍ਰਗਟ ਹੋ ਜਾਂਦੀ ਹੈ ਕੁਝ ਸ਼ਬਦ ਨਮੂਨੇ ਵਜੋਂ ਪੇਸ਼ ਹਨ।

| **ਪੰਜਾਬੀ ਸ਼ਬਦ** | **ਨਿਹੰਗ ਸਿੰਘ ਬੋਲੇ** |
|---|---|
| ਬਹੀ ਰੋਟੀ | ਮਿੱਠਾ ਪ੍ਰਸ਼ਾਦਾ |
| ਡੇਰਾ | ਛਾਉਣੀ |
| ਸੋਟਾ | ਅਕਲਦਾਨ |
| ਜੰਗ ਕਰਨਾ | ਹੋਲਾ ਖੇਡਣਾ |

ਖ਼ਾਲਸਈ ਬੋਲਿਆਂ ਵਿੱਚੋਂ ਸੁਰਤੀ ਅਤੇ ਬਿਰਤੀ ਦਾ ਉਤਸ਼ਾਹਜਨਕ ਅਹਿਸਾਸ ਝਲਕਦਾ ਹੈ। ਸਤਾਰ੍ਹਵੀਂ ਅਤੇ ਅਠ੍ਹਾਰਵੀਂ ਸਦੀ ਵਿੱਚ ਜਦੋਂ ਸਿੱਖਾਂ ਨੂੰ ਬਿਖੜੇ ਪੈਂਡਿਆਂ ਅਤੇ ਅੱਤਿਆਚਾਰਾਂ ਦੇ ਦੌਰ ਵਿੱਚੋਂ

[107] ਦਲੀਪ ਸਿੰਘ ਦੀਪ (2012) 'ਚੜਦੀ ਕਲਾ', *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ,* ਰੂਪ ਸਿੰਘ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 485.

ਗੁਜ਼ਰਨਾ ਪਿਆ ਤਾਂ ਉਹ ਨਿਰਾਸ਼ ਨਹੀਂ ਹੋਏ ਅਤੇ ਨਾ ਹੀ ਆਪਣੇ ਧਰਮ ਨੂੰ ਛੱਡ ਮੁਗਲ ਹਕੂਮਤ ਦੇ ਗੁਲਾਮ ਹੋਏ। ਉਹਨਾਂ ਦੀ ਆਜ਼ਾਦ ਮਾਨਸਿਕਤਾ ਅਤੇ ਚੜ੍ਹਦੀਕਲਾ ਦਾ ਅਹਿਸਾਸ ਖ਼ਾਲਸਈ ਬੋਲਿਆਂ ਵਿੱਚੋਂ ਪ੍ਰਗਟ ਹੁੰਦਾ ਹੈ ਜਿਵੇਂ: 'ਭੁੱਜੇ ਛੋਲੇ' ਖ਼ਾਲਸੇ ਲਈ 'ਬਦਾਮ', 'ਗੱਡੇ' ਨੂੰ 'ਜ਼ਹਾਜ' ਦਾ ਨਾਮ ਦੇ ਕੇ ਮਨੋਬਲ ਨੂੰ ਉੱਚਾ ਚੁੱਕ ਲਿਆ ਅਤੇ ਸੱਭ ਤੋਂ ਵੱਡੀ ਗੱਲ ਇਕੱਲੇ ਸਿੰਘ ਨੂੰ 'ਸਵਾ ਲੱਖ' ਕਹਿਣਾ ਬੇਮਿਸਾਲ ਖ਼ਾਲਸਈ ਚੜ੍ਹਦੀਕਲਾ ਦਾ ਪ੍ਰਤੀਕ ਹੈ। ਖ਼ਾਲਸਈ ਬੋਲੇ ਅਨੰਤ ਸੋਚ, ਅਮੁੱਕ ਸਬਰ ਅਤੇ ਅਥਾਹ ਆਸ਼ਾਵਾਦੀ ਸੋਚ ਦਾ ਪ੍ਰਗਟਾਵਾ ਹਨ ਜੋ ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਨੂੰ ਸਮਾਜਕ, ਰਾਜਨੀਤਕ, ਸੱਭਿਆਚਾਰਕ ਅਤੇ ਧਾਰਮਕ ਪੱਖੋਂ ਹੋਰ ਚੜ੍ਹਦੀਕਲਾ ਦਾ ਅਹਿਸਾਸ ਕਰਵਾਉਂਦੇ ਹਨ।

ਖ਼ਾਲਸੇ ਦੇ ਬੋਲਿਆਂ ਦਾ ਸੰਬੰਧ ਸਿੱਖਾਂ ਦੀ ਸਿਮਰਤੀ ਨੂੰ ਮਾਨਸਿਕ ਤਾਕਤ ਬਖਸ਼ਦਾ ਹੈ ਕਿਉਂਕਿ ਖ਼ਾਲਸੇ ਦੇ ਬੋਲਿਆਂ ਵਿੱਚ ਵਰਤੇ ਜਾਂਦੇ ਸ਼ਬਦ ਸਧਾਰਨ ਵਸਤੂ ਨੂੰ ਨਿਵੇਕਲਾ ਬਣਾ ਕੇ ਪੇਸ਼ ਕਰਦੇ ਹਨ। ਜਿਵੇਂ ਕਿ ਬਾਸੀ ਰੋਟੀ ਲਈ ਖ਼ਾਲਸਾਈ ਬੋਲਿਆਂ ਵਿੱਚ ਗੁਰਮੁਖੀ ਪ੍ਰਸ਼ਾਦਾ ਜਾਂ ਮਿੱਠਾ ਪ੍ਰਸ਼ਾਦਾ ਸ਼ਬਦ ਵਰਤਿਆ ਜਾਂਦਾ ਹੈ। ਸਿੰਘਾਂ ਦੇ ਡੇਰੇ ਨੂੰ ਛਾਉਣੀ ਨਾਮ ਦੇਣਾ ਸਿੰਘਾਂ ਦੀ ਚੜ੍ਹਦੀਕਲਾ ਦਾ ਪ੍ਰਤੀਕ ਹੈ। ਸਿੰਘਾਂ ਦੇ ਬੋਲਿਆਂ ਵਿੱਚ ਸੋਟੇ ਲਈ ਅਕਲਦਾਨ ਨਾਮ ਵਰਤਿਆ ਜਾਂਦਾ ਹੈ ਕਿਉਂਕਿ ਇਹ ਅਕਲ ਸਿਖਾਉਣ ਦੇ ਕਾਰਜ ਆਉਂਦਾ ਹੈ। ਸਿੰਘਾਂ ਦੇ ਬੋਲੇ ਪੁਰਾਤਨ ਸਿੱਖ ਇਤਿਹਾਸ ਨੂੰ ਸਿਮਰਤੀ ਵਿੱਚ ਤਾਜ਼ਾ ਕਰਦੇ ਹਨ। ਅਕਲਦਾਨ (ਸੋਟੇ) ਦਾ ਜ਼ਿਕਰ ਆਉਂਦਿਆ ਹੀ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਦੇ ਮੁਗਲ ਹਕੂਮਤ ਉੱਤੇ ਅਕਲਦਾਨ ਦੇ ਸਹਾਰੇ ਟੈਕਸ ਲਾਉਣ ਦੇ ਦ੍ਰਿਸ਼ ਸਿਮਰਤੀ ਵਿੱਚ ਤਰੋਤਾਜ਼ਾ ਹੋ ਜਾਂਦੇ ਹਨ। ਜਿਸ ਨੂੰ ਸਿੱਖ ਆਪਣੀ ਸਿਮਰਤੀ ਵਿੱਚ ਨਿਮਨ ਲਿਖਤ ਲੋਕ ਬੋਲੇ ਦੇ ਰੂਪ ਵਿੱਚ ਯਾਦ ਕਰਦੇ ਹਨ;

ਮੈਂ ਹਾਂ ਸਿੰਘ ਬੋਤਾ ਹੱਥ ਮੋਟਾ ਸੋਟਾ, ਲਵਾ ਜ਼ਕਾਤ ਖਲੋਤਾ
ਆਨਾ ਲਾਇਆ ਗੱਡੇ ਨੂੰ, ਪੈਸਾ ਲਾਇਆ ਖੋਤਾ
ਤੂੰ ਨਲਾਇਕ ਖੋਤਾ, ਤੈਥੋਂ ਰਾਜ ਨੀਂ ਹੋਤਾ
ਤੂੰ ਜਾਏਗਾ ਦਰਗਾਹ ਨੂੰ ਰੋਤਾ
ਤੂੰ ਆਖੀ ਭਾਬੀ ਖਾਨੋ ਨੂੰ ਤੇਰਾ ਦੇਵਰ ਹੈ ਸਿੰਘ ਬੋਤਾ॥[108]

ਇਸੇ ਤਰ੍ਹਾਂ ਜੰਗ ਨੂੰ ਹੋਲਾ ਖੇਡਣ ਵਜੋਂ ਸਮਝਣਾ ਸਿੰਘਾਂ ਦੀ ਚੜ੍ਹਦੀਕਲਾ ਦਾ ਪ੍ਰਤੀਕ ਹੈ। ਖ਼ਾਲਸੇ ਦੇ ਬੋਲਿਆਂ ਵਿੱਚ ਸੂਰਬੀਰ ਸਿੰਘਾਂ ਦੇ ਉੱਚ ਕਿਰਦਾਰ ਦੀ ਝਲਕ ਪੈਂਦੀ ਹੈ। "ਖ਼ਾਲਸਾਈ ਬੋਲਿਆਂ ਦੇ ਰਤਨ

---

[108] www.Youtube/ Bota singh Garja Singh by Giani Sher Singh Ji/ *The Immortals/* 25 April, 2020.

ਜਵਾਹਰ ਮਾਣਕ ਵੀ ਸੰਕਟਕਾਲੀਨ ਸਾਗਰ ਦੇ ਜੁਆਰਭਾਟੇ ਦਾ ਉਛਾਲ ਹਨ, ਉਹ ਸੰਕਟ ਜਿਸ ਨੇ ਸਿੱਖਾਂ ਦਾ ਨੱਕ ਦਮ ਕਰ ਰੱਖਿਆ ਸੀ। ਉਹਨਾਂ ਪਾਸ ਸਾਧਾਰਨ ਰਹਿਣੀ ਬਹਿਣੀ ਤੇ ਖਾਣ ਪੀਣ ਦੇ ਮਾਮੂਲੀ ਸਾਧਨਾਂ ਦਾ ਵੀ ਅਭਾਵ ਸੀ। ਜੋ ਕੁਝ ਵੀ ਮਿਲਦਾ ਸੀ ਉਹ ਉਸੇ ਨੂੰ ਸਬਰ ਸੰਤੋਖ ਨਾਲ ਵਰਤਦੇ ਤੇ ਉਸ ਨੂੰ ਫਿਰ ਵੱਡਾ ਕਰ ਕਰ ਸੱਦਦੇ ਸਨ।"[109] ਨਿਰਾਰਥਕ ਵਸਤੂ ਨੂੰ ਸਾਰਥਕ ਰੂਪ ਵਿੱਚ ਵੇਖਣਾ ਸਿੱਖ ਸਿਮਰਤੀ ਤੇ ਖ਼ਾਲਸਾਈ ਬੋਲਿਆਂ ਦੀ ਬੌਧਿਕਤਾ ਦਾ ਪ੍ਰਭਾਵ ਪ੍ਰਗਟ ਕਰਦਾ ਹੈ।

ਜੇਕਰ ਖ਼ਾਲਸਾਈ ਬੋਲਿਆਂ ਵਿਚਲੀ ਬੌਧਿਕਤਾ ਦੀ ਗੱਲ ਕਰੀਏ ਤਾਂ ਬਹੁਤ ਗੰਭੀਰ ਬੌਧਿਕਤਾ ਦਾ ਪ੍ਰਗਟਾਵਾ ਹੁੰਦਾ ਹੈ ਜਿਵੇਂ ਲੂਣ ਨੂੰ 'ਸਰਬ-ਰਸ' ਵਜੋਂ ਸੰਬੋਧਨ ਕੀਤਾ ਜਾਂਦਾ ਹੈ, ਭਾਵ ਜੋ ਸਾਰੀਆਂ ਦਾਲ ਸਬਜ਼ੀਆਂ ਵਿਚ ਰਸ ਪੈਦਾ ਕਰਦਾ ਹੈ ਇਸੇ ਤਰ੍ਹਾਂ ਦੀਵੇ ਨੂੰ ਉਜਾਗਰ ਸਿੰਘ ਕਹਿਣਾ ਭਾਵ ਜੋ ਚਾਨਣ ਨੂੰ ਉਜਾਗਰ ਕਰਦਾ ਹੈ। ਉਪਰੋਕਤ ਬੋਲਿਆਂ ਤੋਂ ਬਿਨਾਂ ਵੀ ਹੋਰ ਅਜਿਹੇ ਬੋਲੇ ਹਨ ਜੋ ਕਿ ਸੂਖਮ ਸੋਝੀ ਦੇ ਲਖਾਇਕ ਹਨ। ਖ਼ਾਲਸਾਈ ਬੋਲਿਆਂ ਵਿੱਚ ਸੁਹਜਾਤਮਿਕਤਾ ਹੈ। "ਸੁਹਜ-ਬੋਧ ਲੰਮੇ ਤਜਰਬੇ ਅਤੇ ਵਿਦਿਆ ਦੇ ਅਧਿਐਨ ਬਾਅਦ ਆਉਂਦਾ ਹੈ ਪਰੰਤੂ ਕੁਦਰਤ ਨੇ ਇਹ ਦਾਤ ਹਰ ਇਕ ਨੂੰ ਹਿੱਸੇ-ਬਹਿੰਦੀ ਦਿਤੀ ਹੈ। ਖਾਲਸਈ ਬੋਲਿਆਂ ਤੋਂ ਜ਼ਾਹਰ ਹੈ ਕਿ ਇਨ੍ਹਾਂ ਦਾ ਸੁਹਜ-ਪੱਖ ਵੀ ਕਾਬਿਲੇ ਤਾਰੀਫ਼ ਹੈ ਜਿਵੇਂ ਕਿ ਸਿੱਖ ਬਣਨ ਨੂੰ ਕਹਿਣਾ ਸਿੰਘ ਸਜਣਾ, ਦਸਤਾਰ ਸਜਾਉਣਾ, ਜਲ ਛਕਾਉਣਾ, ਕੋਈ ਚੀਜ਼ ਹਾਸਲ ਕਰ ਕੇ ਕਹਿਣਾ-ਗੁਰੂ ਕੀਆਂ ਖੁਸ਼ੀਆਂ, ਅਨੰਦ ਜਾਂ ਸੰਕਟ ਪੈਣ ਤੇ ਕਹਿਣਾ-ਗੁਰੂ ਕਾ ਭਾਣਾ ਹੈ। ਇਹ ਗੱਲ ਇਨ੍ਹਾਂ ਦੀ ਸੂਖਮ ਕੋਮਲ ਬਿਰਤੀਆਂ ਦੀ ਸੂਚਕ ਹੈ।"[110]

ਖ਼ਾਲਸੇ ਦੇ ਬੋਲਿਆਂ ਤੋਂ ਜ਼ਾਹਰ ਹੁੰਦਾ ਹੈ ਕਿ ਇਨ੍ਹਾਂ ਦਾ ਸੁਹਜ-ਪੱਖ ਵੀ ਕਾਬਿਲ-ਏ-ਤਾਰੀਫ ਹੈ ਜਿਵੇਂ ਕਿ ਸਿੱਖ ਬਣਨ ਨੂੰ ਸਿੰਘ ਸਜਣਾ, ਦਸਤਾਰ ਸਜਾਉਣਾ, ਲੰਗਰ ਛਕਾਉਣਾ, ਕੋਈ ਚੀਜ਼ ਹਾਸਲ ਕਰ ਕੇ ਕਹਿਣਾ- ਗੁਰੂ ਕੀਆਂ ਖ਼ੁਸ਼ੀਆਂ। ਕੋਈ ਅਣਸੁਖਾਵੀਂ ਜਾਂ ਅਣਭਾਉਂਦੀ ਗੱਲ ਨੂੰ ਗੁਰੂ ਕਾ ਭਾਣਾ ਕਹਿ ਕੇ ਸੰਬੋਧਨ ਕਰਨਾ ਆਦਿ ਪਵਿੱਤਰ ਬੋਲ ਸਿੱਖ ਸਿਮਰਤੀ ਵਿੱਚ ਢਲ ਚੁੱਕੇ ਹਨ। ਖ਼ਾਲਸਾਈ ਬੋਲਿਆਂ ਵਿੱਚ ਨਿਰਭੈਤਾ ਅਤੇ ਨਿਡਰਤਾ ਦੇ ਸੰਕੇਤ ਪ੍ਰਾਪਤ ਹੁੰਦੇ ਹਨ ਕਿਉਂਕਿ ਸਿੰਘ ਕਿਸੇ ਸਰਕਾਰੀ ਅਹੁਦਿਆਂ ਅਤੇ ਹਕੂਮਤ ਦਾ ਪ੍ਰਭਾਵ ਨਹੀਂ ਕਬੂਲਦੇ। ਸਿੰਘਾਂ ਨੇ ਆਪਣੀ ਮਨ ਮਰਜ਼ੀ ਨਾਲ ਉਹਨਾਂ ਦੇ ਨਾਂ ਰੱਖੇ ਹੋਏ ਸਨ ਜਿਵੇਂ: ਗਧੇ ਨੂੰ

---

[109] ਪਿਆਰਾ ਸਿੰਘ ਪਦਮ (1996), *ਗੁਰੂ ਘਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 346.

[110] ਪੂਰਨ ਸਿੰਘ (2007) *ਜਿਨ ਕੇ ਚੋਲੇ ਰੱਤੜੇ*, ਕਰਮ ਸਿੰਘ ਕਪੂਰ, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 73.

ਥਾਣੇਦਾਰ, ਖੂੰਡੇ ਨੂੰ ਕਾਨੂੰਗੋ, ਕੁੱਤੇ ਨੂੰ ਕੁਤਬਦੀਨ ਅਤੇ ਮੁਰਗੇ ਨੂੰ ਕਾਜ਼ੀ ਆਦਿ। ਇਹ ਖਾਲਸੇ ਦੇ ਵਿਰੁੱਧ ਸਨ ਇਸ ਕਰਕੇ ਇਨ੍ਹਾਂ ਪ੍ਰਤੀ ਨਫ਼ਰਤ ਵਿੱਚੋਂ ਅਜਿਹੇ ਨਾਮ ਰੱਖੇ ਸਨ।

ਖ਼ਾਲਸਾ ਆਪਣੇ ਪੂਰੇ ਵਿਹਾਰ ਵਿਚ ਇਹ ਸਥਾਪਤ ਕਰਦਾ ਹੈ ਕਿ ਖ਼ਾਲਸਾ ਇੱਕ ਵਿਲੱਖਣ ਜੀਵਨ ਜਾਚ ਹੈ ਜਿਸ ਦੇ ਟੀਚੇ ਵੀ ਵਿਲੱਖਣ ਹਨ। "ਬੋਲਿਆਂ ਦਾ ਇਕ ਹੋਰ ਅਹਿਮ ਲੱਛਣ ਇਹਨਾਂ ਦੇ ਭਾਵਾਂ ਦਾ ਹਾਂ-ਪੱਖੀ ਹੋਣਾ ਹੈ। ਬੋਲਿਆਂ ਵਿੱਚ ਆਲੋਚਨਾਮਈ ਸੁਰ ਭਾਵੇਂ ਬਹੁਤ ਭਾਰੂ ਹੈ ਪਰ ਆਲੋਚਨਾ ਦਾ ਭਾਵ ਛੁਟਿਆਉਣ ਵਾਲੇ ਪ੍ਰਗਟਾਵਾਂ ਦੀ ਵਰਤੋਂ ਕਰਕੇ ਨਹੀਂ ਬਲਕਿ ਵਡਿਆਉਣ ਵਾਲੇ ਪ੍ਰਗਟਾਵਾਂ ਦੀ ਵਰਤੋਂ ਕਰਕੇ ਬਿੰਬਤ ਕੀਤਾ ਗਿਆ ਹੈ। ਚਿਤਾ ਲਈ ਅੰਗੀਠਾ, ਬੈਂਗਣ ਲਈ ਬਟੇਰਾ, ਕਿੱਕਰ ਲਈ ਸਦਾ ਗੁਲਾਬ, ਥੋੜ੍ਹੇ ਲਈ ਸਵਾਇਆ, ਗੱਡੇ ਲਈ ਜਹਾਜ਼, ਭਾਜੀ ਲਈ ਭਾਜਾ, ਦਾਲ ਲਈ ਦਾਲਾ ਆਦਿ ਸ਼ਬਦ ਖ਼ਾਲਸੇ ਦੀ ਵਡਿਆਉਣ ਅਤੇ ਹਾਂ-ਪੱਖੀ ਮਾਨਸਿਕਤਾ ਨੂੰ ਚਿਤਰਦੇ ਹਨ।"[111] ਬੋਲਿਆਂ ਵਿਚਲੀ ਸਕਾਰਾਤਮਕ ਸੁਰ ਖ਼ਾਲਸੇ ਦੀ ਨਿਰਵੈਰ, ਸਵੈ-ਵਿਸ਼ਵਾਸ ਅਤੇ ਸੰਤੋਖੀ ਬਿਰਤੀ ਦੀ ਪ੍ਰਤੀਕ ਹੈ, ਜਿਹੜੀ ਸੁਚੱਜੀ ਸਿਮਰਤੀ ਦੀ ਸਿਰਜਨ ਬਣਦੀ ਹੈ ਜੋ ਕਿ ਖ਼ਾਲਸੇ ਦੀ ਵਿਲੱਖਣਤਾ ਦੀ ਹਾਮੀ ਭਰਦੀ ਹੈ।

### 4.6 ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ

ਕਿਲ੍ਹਾ ਯੁੱਧਨੀਤਕ ਪੱਖ ਤੋਂ ਮਹੱਤਵਪੂਰਨ ਹੁੰਦਾ ਹੈ। ਕਿਲ੍ਹੇ ਤੋਂ ਦੁਸ਼ਮਣ ਦਾ ਮੁਕਾਬਲਾ ਕੀਤਾ ਜਾਂਦਾ ਹੈ। ਸਿੱਖ ਸਿਮਰਤੀ ਵਿੱਚ ਦ੍ਰਿੜ ਹੈ ਕਿ ਜਿਵੇਂ ਸਿੱਖ ਗੁਰੂ ਸਾਹਿਬਾਨ ਨੇ ਗੁਰਮਤ ਅਨੁਸਾਰ ਮੰਨੇ ਜਾਂਦੇ ਮਨੁੱਖੀ ਜੀਵ ਦੇ ਪੰਜ ਦੁਸ਼ਮਣ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਬਚਾਅ ਲਈ ਸਿਧਾਂਤ ਦ੍ਰਿੜ ਕਰਵਾਏ ਗਏ ਉੱਥੇ ਸਮਾਜਕ ਦੁਸ਼ਮਣਾਂ ਤੋਂ ਬਚਣ ਲਈ ਦਸਵੇਂ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ ਜਿਨ੍ਹਾਂ ਦਾ ਨਾਮਕਰਣ ਸਿੱਖ ਸਿਮਰਤੀ ਵਿੱਚ ਅਧਿਆਤਮਕ ਅਤੇ ਸਮਾਜਕ ਤੌਰ 'ਤੇ ਵਿਸ਼ੇਸ਼ ਮਹੱਤਵ ਰੱਖਦਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਤ ਕਿਲ੍ਹਿਆਂ ਦਾ ਬਾਹਰੀ ਪੱਖ ਦੁਸ਼ਮਣ ਦੀ ਘੇਰਾਬੰਦੀ ਤੋਂ ਸੁਰੱਖਿਅਤ ਸੀ, ਉਸ ਤਰ੍ਹਾਂ ਇਨ੍ਹਾਂ ਕਿਲ੍ਹਿਆਂ ਦਾ ਨਾਮਕਰਣ ਅਧਿਆਤਮਕ ਪੱਖ ਤੋਂ ਮਾਨਸਿਕ ਸੁਰੱਖਿਆ ਪ੍ਰਦਾਨ ਕਰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਗੁਰਧਾਮਾਂ, ਕਿਲ੍ਹਿਆਂ ਆਦਿ ਦੀ ਸੰਰਚਨਾ ਅਜਿਹੀ ਹੈ ਜੋ ਪ੍ਰਾਕਿਰਤਕ ਆਲੇ-ਦੁਆਲੇ ਦੇ ਅਨੁਕੂਲ ਅਤੇ ਇਕਸੁਰ ਮਹਿਸੂਸ ਹੁੰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਇੱਕ ਪਾਸੇ ਵਿਸ਼ਾਲ ਪਹਾੜੀਆਂ ਅਤੇ ਪਾਣੀ ਦੇ ਸਰੋਤਾਂ

[111] ਅਜਮੇਰ ਸਿੰਘ (1998) *ਪ੍ਰਗਟਯੋ ਖ਼ਾਲਸਾ ਵਿਸ਼ੇਸ਼ ਅੰਕ,* ਖੋਜ ਪਤ੍ਰਿਕਾ, ਸਤੰਬਰ, ਪੰ. 97.

ਨਾਲ ਘਿਰਿਆ ਹੋਇਆ ਹੈ ਜੋ ਕਿ ਯੁੱਧ ਨੀਤੀ ਦੇ ਹਵਾਲੇ ਤੋਂ ਵੀ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਭੂਗੋਲਿਕ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਲਈ ਸ੍ਰੀ ਕੇਸਗੜ੍ਹ ਸਾਹਿਬ ਦੇ ਦੁਆਲੇ ਅਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਫ਼ਤਿਹਗੜ੍ਹ, ਤਾਰਾਗੜ੍ਹ ਨਾਮ ਦੇ ਕਿਲ੍ਹਿਆਂ ਦਾ ਨਿਰਮਾਣ ਕਰਵਾਇਆ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਸਥਾਨ ਹੀ ਕਿਲ੍ਹਾ ਸ੍ਰੀ ਕੇਸਗੜ੍ਹ ਸਾਹਿਬ ਹੈ ਜਿੱਥੇ ਖ਼ਾਲਸਾ ਪਰਗਟ ਹੋਇਆ, 1699 ਈ. ਦੀ ਵਿਸਾਖੀ ਨੂੰ ਇਸ ਸਥਾਨ 'ਤੇ ਹੀ ਦੀਵਾਨ ਸਜਾ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। "ਇਸ ਸਥਾਨ ਦਾ ਨਾਮ ਸ੍ਰੀ ਕੇਸਗੜ੍ਹ ਰੱਖੇ ਜਾਣ ਬਾਰੇ ਵੀ ਵੱਖ ਵੱਖ ਵਿਚਾਰ ਹਨ: ਇਕ ਵਿਚਾਰ ਅਨੁਸਾਰ ਇੱਥੇ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਸਮੇਂ ਕੇਸਾਂ ਵਿੱਚ ਅੰਮ੍ਰਿਤ ਦੇ ਛਿੱਟੇ ਮਾਰੇ ਸਨ, ਇਸ ਕਰਕੇ ਇਸ ਸਥਾਨ ਨੂੰ ਸ੍ਰੀ ਕੇਸਗੜ੍ਹ ਆਖਦੇ ਹਨ। (ਪੰਡਿਤ ਤਾਰਾ ਸਿੰਘ ਨਿਰੋਤਮ) ਅਤੇ ਦੂਜੇ ਵਿਚਾਰ ਅਨੁਸਾਰ ਇਹ ਸਿੱਖ ਫ਼ਲਸਫ਼ੇ ਦੇ ਅਸੂਲ ('ਕੇਸ' ਫ਼ਾਰਸੀ ਵਿਚ ਰੱਬੀ ਅਸੂਲ ਵਾਸਤੇ ਵੀ ਵਰਤਿਆ ਜਾਂਦਾ ਹੈ) ਦਾ ਕੇਂਦਰ ਹੈ, ਇਸ ਕਰਕੇ ਇਸ ਨੂੰ ਸ੍ਰੀ ਕੇਸਗੜ੍ਹ ਕਿਹਾ ਜਾਂਦਾ ਹੈ। ਸ੍ਰੀ ਕੇਸਗੜ੍ਹ ਦਾ ਅਰਥ ਹੈ ਉਹ ਕਿਲ੍ਹਾ ਜਿੱਥੇ ਕੇਸ (ਦਸਤੂਰ, ਫ਼ਲਸਫ਼ਾ) ਮਹਿਫ਼ੂਜ਼ ਕੀਤਾ ਗਿਆ ਸੀ।"[112] ਜਿੱਥੇ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨਗਰ ਸੈਨਿਕ ਦ੍ਰਿਸ਼ਟੀ ਤੋਂ ਸੁਰੱਖਿਆ ਪ੍ਰਦਾਨ ਕਰਦੇ ਸਨ ਉੱਥੇ ਨਾਲ ਹੀ ਇਹਨਾਂ ਕਿਲਿਆਂ ਦਾ ਅਧਿਆਤਮਕ ਪੱਖ ਵੀ ਖ਼ਾਸ ਅਹਿਮੀਅਤ ਰੱਖਦਾ ਹੈ। ਇਸ ਕਰਕੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਸਭ ਤੋਂ ਮਜ਼ਬੂਤ ਮੰਨਿਆ ਗਿਆ ਹੈ। ਜੇਕਰ ਕਿਸੇ ਦੁਸ਼ਮਣ ਨੇ ਅਨੰਦਗੜ੍ਹ 'ਤੇ ਕਬਜ਼ਾ ਕਰਨਾ ਹੈ ਤਾਂ ਉਸ ਨੂੰ ਪਹਿਲਾਂ ਲੋਹਗੜ੍ਹ, ਸ੍ਰੀ ਕੇਸਗੜ੍ਹ, ਫ਼ਤਿਹਗੜ੍ਹ, ਤਾਰਾਗੜ੍ਹ ਅਤੇ ਹੋਲਗੜ੍ਹ ਨੂੰ ਜਿੱਤਣਾ ਪਵੇਗਾ। ਅਧਿਆਤਮਕ ਅਤੇ ਸਿਧਾਂਤਕ ਤੌਰ 'ਤੇ ਅਨੰਦਗੜ੍ਹ ਤਾਂ ਹੀ ਟੁੱਟ ਸਕਦਾ ਹੈ ਜਦ ਵੈਰੀ ਸਿੱਖਾਂ ਦੇ ਪੰਜ ਗੁਣ ਮੁਕਾ ਦੇਵੇਗਾ। ਜਦ ਕੋਈ ਸਰੀਰ ਨਾਲ ਪਿਆਰ ਕਰਕੇ ਮੈਦਾਨ ਵਿੱਚੋਂ ਭੱਜ ਜਾਵੇਗਾ, ਜਾਂ ਆਲਸੀ ਅਤੇ ਅਵੇਸਲਾ ਹੋ ਜਾਵੇਗਾ, ਅਕਾਲ ਦੀ ਓਟ, ਸਰਬ ਲੋਹ ਦੀ ਰਛਾ ਭੁਲਾ ਦੇਵੇਗਾ ਅਤੇ ਗੁਰੂ ਕੀ ਮੋਹਰ ਕੇਸ ਤੋੜ ਦੇਵੇਗਾ ਤਾਂ ਉਸ ਦਾ ਅਨੰਦਗੜ੍ਹ ਟੁੱਟ ਜਾਵੇਗਾ। ਜੇਕਰ ਇਹ ਪੰਜੇ ਮਜ਼ਬੂਤ ਹੋਣਗੇ ਤਾਂ ਦੁਸ਼ਮਣ ਲਈ ਅਨੰਦਗੜ੍ਹ ਤੋੜਨਾ ਤਾਂ ਦੂਰ ਇਸ ਦੇ ਨੇੜੇ ਵੀ ਨਹੀਂ ਪੁੱਜ ਸਕੇਗਾ। ਸ੍ਰੀ ਅਨੰਦਪੁਰ ਸਾਹਿਬ ਜਿੱਤ ਅਤੇ

---

[112] ਹਰਜਿੰਦਰ ਸਿੰਘ ਦਿਲਗੀਰ (2003) *ਸ੍ਰੀ ਅਨੰਦਪੁਰ ਸਾਹਿਬ*, ਸਿੱਖ ਯੂਨੀਵਰਸਿਟੀ ਸੈਂਟਰ, ਬੈਲਜੀਅਮ, ਪੰਨੇ. 77-8.

ਚੜ੍ਹਦੀਕਲਾ ਦਾ ਪ੍ਰਤੀਕ ਹੈ ਜਿਸ ਨੇ ਜ਼ੁਲਮ ਵਿਰੁੱਧ ਲੜਦੇ ਰਹਿਣਾ ਹੈ। ਇਸ ਕਿਲ੍ਹੇ ਦੇ ਦਰਸ਼ਨ ਕਰਕੇ ਸਿੱਖ ਆਪਣੇ ਮਿਸ਼ਨ ਨੂੰ ਯਾਦ ਕਰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਦੇ ਇਰਾਦੇ ਇਨ੍ਹਾਂ ਕਿਲ੍ਹਿਆਂ ਵਾਂਗ ਹੀ ਅਹਿੱਲ ਅਤੇ ਅਟੱਲ ਬਣਾ ਦਿੱਤੇ ਸਨ। ਕਿਲ੍ਹੇ ਹੋਲਗੜ੍ਹ ਵਿੱਚ ਰਹਿਣ ਦਾ ਭਾਵ ਹੈ, ਸਿੱਖ ਨੇ ਕਦੇ ਵੀ ਅਵੇਸਲਾ ਨਹੀਂ ਹੋਣਾ, ਆਲਸੀ ਨਹੀਂ ਹੋਣਾ ਕਿਉਂਕਿ ਹੋਲਗੜ੍ਹ ਤੋਂ ਹੀ ਹੋਲਾ ਮਹੱਲਾ ਉਠਿਆ ਸੀ। ਖ਼ਾਲਸੇ ਨੇ ਹਮੇਸ਼ਾਂ ਤਿਆਰ ਬਰ ਤਿਆਰ ਰਹਿਣਾ ਹੈ ਕਦੇ ਵੀ ਹੋਲਗੜ੍ਹ ’ਤੇ ਕਬਜ਼ਾ ਨਹੀਂ ਹੋਣ ਦੇਣਾ। ਫ਼ਤਿਹਗੜ੍ਹ ‘ਫ਼ਤਿਹ’ ਦਾ ਗੜ ਹੈ, ਖ਼ਾਲਸਾ ਆਸ਼ਾਵਾਦੀ ਹੈ, ਚੜ੍ਹਦੀਕਲਾ ਵਿਚ ਰਹਿਣ ਵਾਲਾ ਹੈ, ਇਸ ਲਈ ਫ਼ਤਿਹ ਵੀ ਵਾਹਿਗੁਰੂ ਦੀ ਹੀ ਮੰਨਦਾ ਹੈ। ਸ੍ਰੀ ਕੇਸਗੜ੍ਹ ਸਾਹਿਬ ਦਾ ਅਧਿਆਤਮਕ ਪ੍ਰਸੰਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਨੂੰ ਕੇਸ ਬਖ਼ਸ਼ੇ ਸਨ, ਇਸ ਲਈ ਸਿੱਖਾਂ ਨੇ ਕਦੇ ਵੀ ਇਸ ਰੂਪ ਨੂੰ ਵਿਗਾੜਨਾ ਨਹੀਂ ਸਗੋਂ ਸਾਂਭਣਾ ਹੈ। ਅਨੰਦਗੜ੍ਹ ਦੀ ਤਰ੍ਹਾਂ ਸਿੱਖ ਦਾ ਆਦਰਸ਼ ਵੀ ਉੱਚਾ ਹੈ, ਜੇਕਰ ਸਿੱਖ ਅਨੰਦਗੜ੍ਹ ’ਤੇ ਬਿਰਾਜਮਾਨ ਹੈ ਤਾਂ ਕੋਈ ਵੀ ਦੁਸ਼ਮਣ ਉਸ ਨੂੰ ਹਰਾ ਨਹੀਂ ਸਕਦਾ। ਖ਼ਾਲਸੇ ਨੇ ਸਰੀਰ ਦੇ ਅਨੰਦਗੜ੍ਹ ਨੂੰ ਮੋਹ ਮਾਇਆ ਅਤੇ ਵਿਕਾਰਾਂ ਰੂਪੀ ਦੁਸ਼ਮਣਾਂ ਦੇ ਹਮਲੇ ਤੋਂ ਬਚਾਈ ਰੱਖਣਾ ਹੈ।

ਸ੍ਰੀ ਅਨੰਦਪੁਰ ਸਾਹਿਬ ਵਿੱਚੋਂ ਪੈਦਾ ਹੋਏ ਮਹਾਨ ਫਲਸਫੇ ਨੇ ਜਿੱਥੇ ਸਿੱਖਾਂ ਨੂੰ ਅਣਖ, ਗੈਰਤ ਅਤੇ ਬਲਸ਼ੀਲਤਾ ਨਾਲ ਜੋੜਿਆ, ਉੱਥੇ ਇਸ ਦੀ ਸਿਮਰਤੀ ਵਿੱਚ ਸਮੋਏ ਇਤਿਹਾਸਕ ਪਿਛੋਕੜ ਨੇ ਸਿੱਖ ਹਿਰਦਿਆਂ ਵਿੱਚ ਉਤਸ਼ਾਹ ਭਰਿਆ ਜਿਸ ਰਾਹੀਂ ਅਮੀਰ ਸਿੱਖ ਸਿਮਰਤੀ ਸੱਭਿਆਚਾਰਕ, ਰਾਜਨੀਤਕ ਅਤੇ ਅਧਿਆਤਮਕ ਸਰੋਕਾਰਾਂ ਵਿੱਚੋਂ ਸਹਿਜੇ ਹੀ ਉਜਾਗਰ ਹੋ ਜਾਂਦੀ ਹੈ। ਸ਼ਸਤਰ ਅਤੇ ਸ਼ਾਸਤਰ ਦੇ ਮਹਾਨ ਸੰਕਲਪ ਨੇ ਸਿੱਖ ਸਿਮਰਤੀ ਵਿੱਚ ਸਮਕਲੀਨ ਸਮੇਂ ਵੀ ਵਿਲੱਖਣ ਪ੍ਰਭਾਵ ਪਾਇਆ ਹੈ। ਲੱਖਾਂ ਹੀ ਸਿੱਖ ਇਸ ਪਵਿੱਤਰ ਧਰਤੀ ਉੱਤੇ ਆਣ ਕੇ ਨਤਮਸਤਕ ਹੁੰਦੇ ਹਨ ਕਿਉਂਕਿ ਉਹਨਾਂ ਦੀ ਸਿਮਰਤੀ ਵਿੱਚ ਗੁਰਬਾਣੀ ਰਾਹੀਂ ਗੁਰੂ ਦੀ ਸ਼ਰਣ ਦਾ ਰਾਹ ਉੱਕਰਿਆ ਜਾ ਚੁਕਿਆ ਹੈ। ਇਸ ਪਵਿੱਤਰ ਧਰਤ ’ਤੇ ਪਹੁੰਚ ਹਰੇਕ ਸਿੱਖ ਵੱਡਭਾਗੇ ਹੋਣ ਦਾ ਅਹਿਸਾਸ ਲੈ ਕੇ ਆਉਂਦਾ ਹੈ, ਇਹ ਸਿਮਰਤੀ ਅੰਸ਼ ਨਾਲ ਸਰੋਸ਼ਾਰ ਹੋ ਜਾਂਦਾ ਹੈ;

ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥[113]

---

[113] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 649.

ਇਹ ਗੱਲ ਸਿੱਖ ਸਿਮਰਤੀ ਵਿੱਚ ਘਰ ਕਰ ਚੁੱਕੀ ਹੈ ਕਿ ਗੁਰੂ ਦੀ ਸ਼ਰਨ ਵਿੱਚ ਜਾ ਕੇ ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ। ਸੱਚੇ ਗੁਰੂ ਦੀ ਮਿਹਰ ਨਾਲ ਇਸ ਭਵਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ। ਗੁਰੂ ਦਾ ਸ਼ਬਦ ਕੰਨਾਂ ਨਾਲ ਸੁਣ ਕੇ ਮਨੁੱਖ ਕੱਚ ਤੋਂ ਸੋਨਾ ਹੋ ਜਾਂਦਾ ਹੈ। ਜਿਨ੍ਹਾਂ ਨੇ ਸਤਿਗੁਰੂ ਦੇ ਚਰਨ ਪਰਸੇ ਹਨ, ਉਹ ਪਸ਼ੂ, ਪਰੇਤਾਂ ਤੋਂ ਦੇਵਤੇ ਅਤੇ ਮਨੁੱਖ ਬਣ ਗਏ ਹਨ:-

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥
ਬਿਖ ਤੇ ਅੰਮ੍ਰਿਤ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰ ਜਦਿ ਧਾਰੈ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ॥
ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ॥[114]

ਇੱਥੋਂ ਸਿੱਖ ਸਿਮਰਤੀ ਨੇ 'ਕਚਹੁ' ਤੋਂ 'ਕੰਚਨ' ਹੋਣ ਦਾ ਅਚੰਭਾ ਮਾਣਿਆ, ਇੱਥੇ 'ਨਿਜ' ਤੋਂ 'ਪਰ' ਤੱਕ ਦਾ ਪੈਂਡਾ ਤੈਅ ਹੋਇਆ ਅਤੇ ਇਸੇ ਅਨੰਦਮਈ ਭਾਵਨਾ ਤਹਿਤ ਹੀ ਖ਼ਾਲਸੇ ਦਾ ਹੋਲਾ ਮਹੱਲਾ ਸਮਕਾਲ ਸਿਮਰਤੀ ਦਾ ਅਟੁੱਟ ਹਿੱਸਾ ਬਣ ਚੁੱਕਿਆ ਹੈ।

## 5 ਸਿੱਖ ਸਿਮਰਤੀ ਦਾ ਰੂਪਾਂਤਰਣ ਅਤੇ ਹੋਲਾ ਮਹੱਲਾ

ਸਿਮਰਤੀ ਪੀੜ੍ਹੀ ਦਰ ਪੀੜ੍ਹੀ ਰੁਪਾਂਤਰਤ ਹੁੰਦੀ ਰਹਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਸਿੱਖ ਧਰਮ ਦੀ ਜਦੋਂ ਦਸਮੇਸ਼ ਜੀ ਨੇ ਕਾਇਆ ਕਲਪ ਕਰਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਸਮਾਜਕ ਕੀਮਤਾਂ ਨੂੰ ਉੱਚਾ ਚੁੱਕਣ ਲਈ ਸਿੱਖਾਂ ਵਿੱਚ ਪ੍ਰਚਲਿਤ ਰਸਮ ਅਤੇ ਤਿਉਹਾਰ ਵੀ ਬਦਲ ਦਿੱਤੇ ਅਤੇ ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਪੁਰਾਤਨ ਹੋਲੀ ਦੀ ਥਾਂ ਮਜ਼ਲੂਮਾਂ ਨੂੰ ਬਚਾਉਣ ਦੀ ਖ਼ਾਤਰ ਜ਼ੁਲਮ ਦੇ ਖਿਲਾਫ਼ ਲੜਨ ਲਈ ਤਿਆਰ ਰਹਿਣਾ ਖ਼ਾਲਸੇ ਦਾ ਧਰਮ ਹੈ। ਇਸੇ ਲਈ ਕੌਮ ਨੂੰ ਠੀਕ ਸੇਧ ਦੇਣ ਲਈ ਰਣਭੂਮੀ ਦੀ ਸਿਖਲਾਈ ਅਤੇ ਯੋਧਿਆਂ ਵਿੱਚਕਾਰ ਮੁਕਾਬਲੇ ਕਰਵਾਉਣ ਲਈ ਹੋਲਾ ਮਹੱਲਾ ਖੇਡਣ ਦੀ ਪਰੰਪਰਾ ਚਲਾਈ ਜੋ ਉਸ ਸਮੇਂ ਤੋਂ ਹੁਣ ਤੱਕ ਨਿਰੰਤਰ ਚਲੀ ਆ ਰਹੀ ਹੈ ਤੇ ਨਿਰੰਤਰ ਚਲਦੀ ਰਹੇਗੀ। ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ "ਹੋਲ ਗੜ੍ਹ ਸ੍ਰੀ ਅਨੰਦਪੁਰ ਸਾਹਿਬ ਦਾ ਇਕ ਕਿਲ੍ਹਾ, ਇਸੇ ਥਾਂ ਦਸਮੇਸ਼

---

114 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਚੌਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 1399.

ਜੀ ਨੇ ਦੀਵਾਨ ਲਗਾ ਕੇ ਸੰਮਤ 1757 ਬਿ. ਚੇਤ ਬਦੀ 1 ਨੂੰ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ।"[115] ਇਸ ਤਰ੍ਹਾਂ ਮਹਾਨ ਕੋਸ਼ ਦੇ ਹਵਾਲੇ ਤੋਂ ਹੋਲਾ ਮਹੱਲਾ ਸ਼ੁਰੂ ਹੋਣ ਦਾ ਸਮਾਂ 1700 ਈ. ਦਾ ਬਣਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦਬੇ ਕੁਚਲੇ ਵਰਗ ਵਿੱਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਭਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਫੁਰਮਾਨ ਜਾਰੀ ਕੀਤੇ। ਹੋਲੀ, ਜਿਸ ਨੂੰ ਲੋਕ ਇੱਕ ਦੂਜੇ ਉਪਰ ਕਾਲਖ, ਚਿੱਕੜ, ਗੰਧਲਾ ਪਾਣੀ ਆਦਿ ਸੁੱਟ ਕੇ ਮਨਾਉਂਦੇ ਸਨ। ਗੁਰੂ ਸਾਹਿਬ ਨੇ ਹੋਲੀ ਮਨਾਉਣ ਦੇ ਪਰੰਪਰਾਗਤ ਤਰੀਕਿਆਂ ਤੋਂ ਹਟ ਕੇ ਹੋਲੇ ਮਹੱਲੇ ਦੇ ਵਿਲੱਖਣ ਰੂਪ ਵਿੱਚ ਮਨਾਉਣ ਦੀ ਰਵਾਇਤ ਦਾ ਆਰੰਭ ਕੀਤਾ। ਹੋਲੀ ਨਾਲੋਂ ਹੋਲਾ ਕਈ ਪੱਖਾਂ ਤੋਂ ਨਿਆਰਾ ਹੈ। ਪਹਿਲਾ, ਇਹ ਹੋਲੀ ਤੋਂ ਇਕ ਦਿਨ ਪਿਛੋਂ ਹੁੰਦਾ ਹੈ। ਦੂਜਾ, ਮਹੱਲੇ ਵਿੱਚ ਸਿੱਖ ਸੰਗਤ ਹਾਜ਼ਰੀ ਭਰਦੀ ਹੈ ਸਭ ਖੁਸ਼ੀ ਅਤੇ ਚੜ੍ਹਦੀਕਲਾ ਵਿੱਚ ਹੁੰਦੇ ਹਨ।

ਗੁਰੂ ਸਾਹਿਬਾਨ ਨੇ ਸਾਡੇ ਜੀਵਨ ਨੂੰ ਹਰ ਪੱਖ ਤੋਂ ਭਰਪੂਰ ਸਿੱਖਿਆਦਾਇਕ ਅਤੇ ਉਸਾਰੂ ਬਣਾਉਣ ਦਾ ਉਪਰਾਲਾ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੱਚ ਦੇ ਮਾਰਗ ਦੀ ਅਨੰਦਮਈ ਹੋਲੀ ਖੇਡਣ ਦੀ ਪ੍ਰੇਰਨਾ ਗੁਰਬਾਣੀ ਵਿੱਚ ਕੀਤੀ ਹੈ:-

ਆਜੁ ਹਮਾਰੈ ਬਨੇ ਫਾਗ॥
ਪ੍ਰਭ ਸੰਗੀ ਮਿਲਿ ਖੇਲਨ ਲਾਗ॥
ਹੋਲੀ ਕੀਨੀ ਸੰਤ ਸੇਵ॥
ਰੰਗੁ ਲਾਗਾ ਅਤਿ ਲਾਲ ਦੇਵ॥[116]

ਸਿੱਖਾਂ ਦੇ ਹੋਲਾ ਮਹੱਲਾ ਦਿਵਸ ਦੇ ਮੰਤਵ ਅਤੇ ਉਦੇਸ਼ ਬੜੇ ਉਸਾਰੂ ਹਨ। ਯੁੱਧ ਵਿੱਦਿਆ ਦੇ ਅਭਿਆਸ ਨੂੰ ਨਵਾਂ ਰੱਖਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਰੀਤ ਅਨੁਸਾਰ ਚੇਤ ਵਦੀ 1 ਨੂੰ ਸਿੱਖਾਂ ਵਿੱਚ ਹੋਲਾ ਮਹੱਲਾ ਖੇਡਿਆ ਜਾਂਦਾ ਹੈ, ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ ਪੈਦਲ ਅਰ ਘੋੜ-ਸਵਾਰ ਸ਼ਸਤਰਧਾਰੀ ਸਿੰਘ ਸੈਨਿਕ ਟੁਕੜੀਆਂ ਬਣਾ ਕੇ ਇੱਕ ਖ਼ਾਸ ਥਾਂ ਉੱਤੇ ਹਮਲਾ ਕਰਦੇ ਹਨ ਅਤੇ ਅਨੇਕ ਪ੍ਰਕਾਰ ਦੇ ਕਰਤੱਬ ਦਿਖਾਉਂਦੇ ਹਨ। ਕਲਗ਼ੀਧਰ ਜੀ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਅਤੇ

---

115 ਭਾਈ ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਾਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 283.

116 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਚੋਥੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 1180.

ਦੋਹਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਪ੍ਰਦਾਨ ਕਰਦੇ, ਜਿਹੜਾ ਦਲ ਜੇਤੂ ਹੁੰਦਾ ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖ਼ਸ਼ਦੇ।

ਡਾ. ਰੂਪ ਸਿੰਘ ਹੋਲਾ ਮਹੱਲਾ ਅਤੇ ਹੋਲੀ ਵਿੱਚ ਅੰਤਰ ਸਪੱਸ਼ਟ ਕਰਨ ਲਈ ਲਿਖਦੇ ਹਨ; "'ਹੋਲੀ' ਤੋਂ 'ਹੋਲਾ ਮਹੱਲਾ' ਕੇਵਲ ਸ਼ਬਦ ਜੋੜ ਦੀ ਤਬਦੀਲੀ ਨਹੀਂ, ਇਹ ਤਾਂ ਗੁਲਾਮ ਮਾਨਸਿਕਤਾ ਤੋਂ ਆਜ਼ਾਦ ਸੋਚ-ਵਿਚਾਰ ਤੇ ਵਿਵਹਾਰ ਦੀ ਤਬਦੀਲੀ ਦਾ ਪ੍ਰਗਟਾਵਾ ਹੈ।"[117] ਅਜੋਕੇ ਸਮੇਂ ਵੀ 'ਹੋਲਾ ਮਹੱਲਾ' ਵਿਸ਼ੇਸ਼ ਤੌਰ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖੇਡਿਆ ਜਾਂਦਾ ਹੈ, ਇਸ ਦਿਨ ਦੂਰ-ਦੂਰ ਤੋਂ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਸਥਾਨ 'ਤੇ ਸੰਗਤ ਸਿਮਰਤੀ ਰਾਹੀਂ ਕਲਗੀਧਰ ਪਾਤਸ਼ਾਹ ਦੇ ਚਰਨਾਂ 'ਚ ਹਾਜ਼ਰੀ ਲਗਵਾਉਣ ਲਈ ਇਕੱਤਰ ਹੁੰਦੀ ਹੈ।

ਹੋਲਾ ਮਹੱਲਾ ਦੋ ਸ਼ਬਦਾਂ ਦਾ ਸੁਮੇਲ ਹੈ 'ਹੋਲਾ' ਦਾ ਅਰਥ ਹੈ 'ਹਮਲਾ' ਅਤੇ ਮਹੱਲਾ ਦਾ ਅਰਥ ਹੈ "ਜਾਯ-ਹਮਲਾ"[118] (ਹਮਲਾ ਕਰਨ ਦੀ ਥਾਂ) "ਇਹ ਪਤਾ ਲਗਾ ਲੈਣਾ ਕਿ ਕਿਥੇ ਹਮਲਾ ਕੀਤਿਆਂ ਵੈਰੀ ਭੱਜ ਜਾਏਗਾ। ਕਿਸ ਥਾਂ ਹਮਲਾ ਕੀਤਿਆਂ ਭਰਮ ਗੜ੍ਹ ਟੁੱਟ ਜਾਏਗਾ, ਭੈ ਦਾ ਕਿਲ੍ਹਾ ਗਿਰ ਜਾਏਗਾ। ਇਹ ਪਤਾ ਲਗਾ ਲੈਣਾ ਜਿਸ ਨਾਲ ਕਾਇਰਤਾ ਹਟੇ ਅਤੇ ਜਵਾਂ ਮਰਦੀ ਆ ਜਾਏ। ਬੁਜ਼ਦਿਲੀ ਹਟੇ ਅਤੇ ਨਿਰਭੈਰਤਾ ਥਾਂ ਲਵੇ। ਮਾੜੀ ਅਵਸਥਾ ਦੀ ਥਾਂ ਪਾਕੀਜ਼ਗੀ ਲੈ ਲਵੇ। ਇਸ ਮੰਤਵ ਲਈ ਗੁਰੂ ਪਾਤਸ਼ਾਹ ਨੇ ਹੋਲਾ ਮਨਾਉਣ ਦਾ ਤੇ ਮਹੱਲਾ ਚਾੜ੍ਹਨ ਦਾ ਫੈਸਲਾ ਕੀਤਾ। ਹੋਲਾ ਅਭੈ ਪਦ ਦਾਨ ਦਾ ਹੀ ਸੂਚਕ ਹੈ।"[119] ਸੰਖੇਪ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਹੋਲਾ ਮਹੱਲਾ ਹਮਲੇ ਦੀ ਤਿਆਰੀ ਹੈ। ਇਹ ਆਮ ਖੇਡ ਨਹੀਂ ਬਲਕਿ ਤਿਉਹਾਰ ਰਾਹੀਂ ਜੰਗੀ ਅਭਿਆਸ ਦੀ ਨੀਤੀ ਦਾ ਹਿੱਸਾ ਹੈ।

ਪੰਜਾਬ ਦੇ ਤਿਉਹਾਰਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ ਇੱਕ ਖ਼ਾਸ ਅਹਿਮੀਅਤ ਰੱਖਦਾ ਹੈ, ਇਸ ਪਾਵਨ ਦਿਹਾੜੇ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਗੁਰੂ ਸਾਹਿਬ ਨੇ ਇਸ ਦਿਨ ਚਰਨ ਗੰਗਾ ਦੇ ਕੰਢੇ 'ਤੇ ਖੁੱਲ੍ਹੇ ਮੈਦਾਨ ਵਿੱਚ ਸ਼ਸਤਰ ਚਲਾਉਣ ਅਤੇ ਘੋੜ-ਦੌੜ ਦੇ ਮੁਕਾਬਲੇ

---

[117] ਰੂਪ ਸਿੰਘ (2015) "ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਮਹੱਲਾ" *ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ,* ਦਿਲਜੀਤ ਸਿੰਘ ਬੇਦੀ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 142.

[118] ਭਾਈ ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਾਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 283.

[119] ਸਤਿਬੀਰ ਸਿੰਘ (1994) *ਖ਼ਾਲਸੇ ਦੀ ਵਾਸੀ,* ਨਿਉ ਬੁੱਕ ਕੰਪਨੀ, ਜਲੰਧਰ, ਪੰ. 121.

ਕਰਵਾਏ। "ਹੋਲੇ ਦਾ ਮੇਲਾ—ਇਸ ਸਮੇਂ ਵਿਚ ਹੀ ਫੱਗਣ ਵਿਚ ਹੋਲੇ ਦੇ ਮੇਲੇ ਉੱਤੇ ਬਹੁਤ ਸਿੱਖ ਸੰਗਤ ਇਕੱਠੀਆਂ ਹੋ ਗਈਆਂ ਅਤੇ ਭਾਂਤ-ਭਾਂਤ ਦੇ ਰਾਗ ਰੰਗ ਹੋਣ ਲੱਗੇ। ਕਿਤੇ ਗੁਰਬਾਣੀ ਦੇ ਪਾਠ ਕੀਰਤਨ ਤੇ ਪੁਰਾਣਾਂ ਦੀ ਕਥਾ ਹੋਣ ਲੱਗੀ ਅਤੇ ਕਿਤੇ ਕਵੀਜਨਾਂ ਦੇ ਕਵੀ ਦਰਬਾਰ ਲੱਗ ਗਏ। ਕਿਤੇ ਸੰਗਤ ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗੱਫੇ ਕਰਕੇ ਵੰਡ ਵੰਡ ਕੇ ਖਾ ਰਹੀਆਂ ਸਨ। ਕਿਸੇ ਪਾਸੇ ਲੁਹਾਰ ਸ਼ਸਤਰ ਤਿਆਰ ਕਰ ਰਹੇ ਸਨ। ਇਸ ਤਰ੍ਹਾਂ ਹਰ ਇਕ ਗੁਣੀ ਜਨ ਆਪੋ ਆਪਣੇ ਗੁਣ ਗੁਰੂ ਜੀ ਨੂੰ ਵਿਖਾ ਕੇ ਪ੍ਰਸੰਨ ਕਰ ਰਿਹਾ ਹੈ। ਇਸ ਤਰ੍ਹਾਂ ਸਭ ਨੇ ਮਿਲਕੇ ਫੱਗਣ ਦਾ ਮਹੀਨਾ ਬਤੀਤ ਕੀਤਾ, ਹੋਲੀ ਖੇਡ ਕੇ ਆਨੰਦ ਮਾਣਿਆ ਅਤੇ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਹੋਲੀ ਵਾਲੇ ਦਿਨ ਸਤਿਗੁਰੂ ਜੀ ਨੇ ਦਮਦਮੇ ਸਾਹਿਬ ਉੱਤੇ ਦੀਵਾਨ ਲਾ ਕੇ ਸਭ ਸੰਗਤ ਨੂੰ ਹੋਲਾ ਖੇਡਣ ਦੀ ਆਗਿਆ ਕੀਤੀ।"[120] ਹੋਲੇ ਮਹੱਲੇ ਦੇ ਰੂਪ ਵਿੱਚ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ-ਨਰੋਏ ਸਮਾਜ ਦੀ ਸਿਰਜਣਾ ਲਈ ਇਕ ਨਿਵੇਕਲੀ ਵਿਚਾਰਧਾਰਾ ਦਿੱਤੀ। ਹੋਲੇ ਮਹੱਲੇ ਦਾ ਅਸਰ ਪੂਰੇ ਖ਼ਾਲਸਾ ਪੰਥ ਦੇ ਸੁਭਾਵਿਕ ਰੂਪ ਵਿੱਚ ਵੀ ਪਿਆ, ਹੋਲੇ ਮਹੱਲੇ ਦੇ ਦਿਨ ਖ਼ਾਲਸਾ ਆਤਮਿਕ ਨਿਰਭੈਤਾ ਦੇ ਵੱਖਰੇ ਜਲੌਅ ਵਿੱਚ ਪੇਸ਼ ਆਉਂਦਾ ਹੈ।

ਹੋਲਾ ਮਹੱਲਾ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਵਿਸ਼ੇਸ਼ ਦੀਵਾਨ ਸਜਦੇ ਹਨ ਅਤੇ ਖ਼ਾਲਸਾਈ ਸ਼ਾਨ ਪ੍ਰਗਟ ਕਰਦਾ 'ਮਹੱਲਾ' ਚੜ੍ਹਦਾ ਹੈ ਜੋ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਹੋਲਗੜ੍ਹ ਦੇ ਸਥਾਨ ਤੋਂ ਹੁੰਦਾ ਹੋਇਆ, ਤਖ਼ਤ ਸ੍ਰੀ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘ ਰਵਾਇਤੀ ਖ਼ਾਲਸਾਈ ਬਾਣੇ ਵਿੱਚ ਖ਼ਾਲਸਾਈ ਖੇਡਾਂ ਦੁਆਰਾ ਆਪਣੀ ਗੁਰੂ-ਬਖ਼ਸ਼ੀ ਵਿਲੱਖਣ ਹੋਂਦ-ਹਸਤੀ ਦਾ ਖ਼ੂਬਸੂਰਤ ਪ੍ਰਦਰਸ਼ਨ ਚਰਨ ਗੰਗਾ ਦੇ ਕਿਨਾਰੇ ਕਰਦੇ ਹਨ। ਹੋਲੇ ਮਹੱਲੇ ਦੇ ਦੀਵਾਨ ਸਜਦੇ ਹਨ ਜਿਨ੍ਹਾਂ ਵਿੱਚ ਉੱਚ ਕੋਟੀ ਦੇ ਢਾਡੀ ਅਤੇ ਕਵੀਸ਼ਰ ਸਿੱਖ ਇਤਿਹਾਸ ਹੂ-ਬੂ-ਹੂ ਪ੍ਰਗਟ ਕਰਦੇ ਹਨ ਜਿਸ ਨਾਲ ਨੌਜਵਾਨੀ ਆਪਣੇ ਅਮੀਰ ਇਤਿਹਾਸ ਅਤੇ ਵਿਰਾਸਤ ਨਾਲ ਜੁੜਦੀ ਹੈ ਅਤੇ ਆਪਣੀ ਸਿਮਰਤੀ ਵਿੱਚ ਉਹਨਾਂ ਬਹੁਮੁੱਲੇ ਗੁਣਾਂ ਨੂੰ ਇਕੱਤਰ ਕਰਦੀ ਹੈ।

---

[120] ਤੇਜਾ ਸਿੰਘ, ਟੀਕਾਕਾਰ (2006) *ਸ੍ਰੀ ਦਸਮ ਗੁਰੂ ਚਮਤਕਾਰ ਰਚਿਤ ਕ੍ਰਿਤ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਪੰ. 187.

ਖ਼ਾਲਸਾ ਪੰਥ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ, ਜਿਹੜਾ ਇਸ ਦੇ ਵਿਲੱਖਣ ਹੋਣ ਦਾ ਪ੍ਰਮਾਣ ਵੀ ਹੈ ਜਿਵੇਂ 'ਹੋਲੀ' ਦੀ ਥਾਂ ਖ਼ਾਲਸਾ ਪੰਥ 'ਹੋਲਾ ਮਹੱਲਾ' ਅਤੇ ਦੀਵਾਲੀ ਦੀ ਥਾਂ ਬੰਦੀ ਛੋੜ ਦਿਵਸ ਮਨਾਉਂਦਾ ਹੈ। ਬੰਦੀ ਛੋੜ ਸ਼ਬਦ ਜ਼ਿਹਨ ਵਿਚ ਆਉਂਦਿਆਂ ਹੀ ਗੁਰੂ ਸਾਹਿਬ ਵੱਲੋਂ ਗਵਾਲੀਅਰ ਦੇ ਕਿਲ੍ਹੇ 'ਚ ਕੈਦ 52 ਰਾਜਿਆਂ ਨੂੰ ਨਾਲ ਰਿਹਾ ਕਰਵਾਉਣ ਦੀ ਘਟਨਾ ਸਿੱਖਾਂ ਦੀ ਸਿਮਰਤੀ 'ਚ ਤਾਜ਼ਾ ਹੋ ਜਾਂਦੀ ਹੈ ਕਿ ਕਿਵੇਂ ਗੁਰੂ ਦੇ ਲੜ ਲੱਗਣ ਨਾਲ ਕੈਦ ਰਾਜੇ ਰਿਹਾ ਹੋ ਗਏ ਉਸੇ ਤਰ੍ਹਾਂ ਇਸ ਭਵਜਲ ਤੋਂ ਪਾਰ ਲੰਘਣ ਲਈ ਗੁਰੂ ਦੇ ਲੜ ਲੱਗਣਾ ਪਏਗਾ ਕਿਉਂਕਿ ਗੁਰੂ ਹੀ ਮੁਕਤੀ ਦਾਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੇ ਮਹੱਲੇ ਨੂੰ ਸੁਤੰਤਰ ਸੋਚ ਅਨੁਸਾਰ ਮਨਾਉਣ ਦਾ ਆਰੰਭ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਬਾਅਦ ਕੀਤਾ ਤਾਂ ਕਿ ਖੁਦ-ਮੁਖਤਿਆਰ ਖ਼ਾਲਸਾ, ਆਪਣੀ ਵਿਲੱਖਣ ਹੋਂਦ-ਹਸਤੀ ਅਨੁਸਾਰ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਦਿਨ-ਤਿਉਹਾਰ ਵਿਲੱਖਣ ਅਤੇ ਨਿਰਾਲੇ ਰੂਪ ਵਿੱਚ ਮਨਾ, ਆਪਣੀ ਸੁਤੰਤਰ ਹੋਂਦ ਤੇ ਨਿਆਰੇਪਨ ਦਾ ਪ੍ਰਗਟਾਵਾ ਕਰ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਸ ਪਰਿਵਰਤਨ ਪਿੱਛੇ ਮੁੱਖ ਮੰਤਵ ਸਿੱਖਾਂ ਦੇ ਮਨਾਂ ਵਿੱਚੋਂ ਗੁਲਾਮੀ ਦੇ ਅੰਸ਼ ਨੂੰ ਮੂਲੋਂ ਹੀ ਖ਼ਤਮ ਕਰਨਾ ਸੀ ਤਾਂ ਕਿ ਉਹ ਸੋਚ-ਵਿਚਾਰ ਤੇ ਵਿਵਹਾਰ ਵਿੱਚ ਸੁਤੰਤਰ ਹੋ ਕੇ ਵਿਚਰ ਸਕਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਲਾਮੀ ਅਤੇ ਹਕੂਮਤੀ ਜਬਰ ਵਿਰੁੱਧ ਲੋਕ-ਮਨਾਂ ਅੰਦਰ ਨਵਾਂ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਭਰਨ ਲਈ ਪੁਰਾਤਨ ਹੋਲੀ ਨੂੰ ਹੋਲੇ ਮਹੱਲੇ ਦਾ ਨਵਾਂ ਰੂਪ ਦਿੱਤਾ। ਹੋਲੇ ਮਹੱਲੇ ਦਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਕਰਦਿਆਂ ਇਸ ਤਿਉਹਾਰ ਨੂੰ ਮਨਾਉਣ ਦਾ ਮੰਤਵ ਸਿੱਖ ਸਿਮਰਤੀ ਵਿੱਚ ਜਿੱਤ ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਅਤੇ ਨਵੇਂ ਸਿਰਜੇ ਖ਼ਾਲਸੇ ਨੂੰ ਯੁੱਧ-ਵਿੱਦਿਆ ਵਿੱਚ ਨਿਪੁੰਨ ਬਣਾਉਣਾ ਸੀ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰੰਪਰਾ ਤੋਂ ਹਟ ਕੇ ਹੋਲੇ ਮਹੱਲੇ ਦਾ ਸੰਬੰਧ ਯੁੱਧ ਪ੍ਰਕਿਰਿਆ ਨਾਲ ਜੋੜਿਆ।

ਖ਼ਾਲਸਾ ਪੰਥ ਹੋਲੇ ਮਹੱਲੇ ਦੀ ਧਾਰਨਾ ਨੂੰ ਸਵੀਕਾਰਦਾ ਹੈ ਅਤੇ ਆਪਣੀ ਸਿਮਰਤੀ ਵਿੱਚੋਂ ਕੂੜ ਕੱਢ ਕੇ ਦੈਵੀ ਅਨੁਭਵ ਅਤੇ ਅਧਿਆਤਮਕ ਭਾਵਾਂ ਨੂੰ ਜਗਾਉਣ ਦਾ ਪ੍ਰਤੀਕ ਬਣਾਉਂਦਾ ਹੈ ਇਹੋ ਕਾਰਨ ਹੈ ਕਿ ਖ਼ਾਲਸਾ ਹੋਲੀ ਦੇ ਪਰੰਪਰਾਗਤ ਰੂਪ ਦੀ ਥਾਂ ਹੋਲਾ ਮਹੱਲਾ ਮਨਾਉਣ ਵਿੱਚ ਗੌਰਵ ਸਮਝਦਾ ਹੈ ਜੋ ਇਸ ਦੀ ਵਿਲੱਖਣਤਾ ਦੀ ਹਾਮੀ ਭਰਦਾ ਹੈ। ਦੁਨਿਆਵੀ ਕਿਸੇ ਵੀ ਬਾਦਸ਼ਾਹ ਅੱਗੇ ਹਥਿਆਰਬੰਧ ਹੋ ਕੇ ਪੇਸ਼ ਹੋਣ ਦੀ ਮਨਾਹੀ ਹੈ ਇੱਥੋਂ ਤੱਕ ਕਿ ਕਈ ਵਾਰ ਪੈਰਾਂ ਦੀ ਜੁੱਤੀ ਵੀ ਬਾਹਰ ਲੁਹਾ ਲਈ ਜਾਂਦੀ ਹੈ, ਪਰੰਤੂ ਸੱਚੇ

ਪਾਤਸ਼ਾਹ ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸੇ ਨੂੰ ਹੋਲੇ ਮਹੱਲੇ ਵਾਲੇ ਦਿਨ ਜਾਂ ਕਦੇ ਵੀ ਦਰਸ਼ਨਾਂ ਲਈ ਆਉਣ ਸਮੇਂ ਹਥਿਆਰਬੰਧ ਹੋ ਕੇ ਸ੍ਰੀ ਅਨੰਦਪਰ ਸਾਹਿਬ ਆਉਂਣ ਦਾ ਹੁਕਮ ਦਿੱਤਾ ਜੋ ਕਿ ਨਿਰਭੈਅਤਾ ਅਤੇ ਨਿਡਰਤਾ ਦਾ ਪ੍ਰਤੀਕ ਹੈ ਜਿਹੜਾ ਬਾਕੀ ਸਾਰੇ ਬਾਦਸ਼ਾਹਾਂ ਨਾਲੋਂ ਵਿਲੱਖਣ ਹੈ:-

ਜਬ ਹਮਰੇ ਦਰਸਨ ਕੋ ਆਵਹੁ॥
ਬਨ ਸੁਚੇਤ ਤਨ ਸ਼ਸਤਰ ਸੁਜਾਵਹੁ॥[121]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਲਾਮੀ ਅਤੇ ਹਕੂਮਤੀ ਜਬਰ ਵਿਰੁੱਧ ਲੋਕ-ਮਨਾਂ ਅੰਦਰ ਨਵਾਂ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਹੋਲੇ ਮਹੱਲੇ ਦੀ ਰੀਤ ਚਲਾ ਕੇ ਭਰਿਆ ਜਿਹੜਾ ਵਰਤਮਾਨ ਦੇ ਨਾਲ-ਨਾਲ ਭਵਿੱਖ ਵਿੱਚ ਵੀ ਸਿੱਖ ਸਿਮਰਤੀ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।

ਹੋਲੀ ਕੀ ਆਗਿਆ ਕਰੀ ਸਤਿਗੁਰ ਦੀਨ ਦਿਆਲ।
ਖੇਲੇ ਸੰਗਤਿ ਮੋਹਿ ਸਿਉ ਪਹਿਰ ਬਸਨ ਤਨ ਲਾਲ॥[122]

ਹੋਲਾ ਮਹੱਲਾ ਪੁਸ਼ਟੀ ਕਰਦਾ ਹੈ ਕਿ ਜਿਸਮਾਨੀ ਤਾਕਤ ਅਤੇ ਸਮਾਜੀ ਅਨੁਸ਼ਾਸਨ ਬੁਰਾਈ ਅਤੇ ਦੁਸ਼ਮਣ ਉੱਤੇ ਜਿੱਤ ਪ੍ਰਾਪਤ ਕਰਨ ਲਈ ਸਭ ਤੋਂ ਵੱਡੇ ਹਥਿਆਰ ਹਨ। ਗੁਰੂ ਸਾਹਿਬ ਵੱਲੋਂ ਚਲਾਈ ਹੋਲੇ ਮਹੱਲੇ ਦੀ ਪਰੰਪਰਾ ਅੱਜ ਵੀ ਕਾਇਮ ਹੈ, ਹਰ ਸਾਲ ਇਹ ਪਵਿੱਤਰ ਦਿਹਾੜਾ ਸਿੱਖ ਸੰਗਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜ ਕੇ ਬੜੇ ਉਤਸ਼ਾਹ ਨਾਲ ਮਨਾਉਂਦੀ ਹੈ। ਹੋਲਾ ਮਹੱਲਾ ਸਿੱਖ ਸਿਮਰਤੀ ਦਾ ਅਟੁੱਟ ਅੰਗ ਹੈ। ਇਸ ਦਿਨ ਤੇ ਸਿੱਖ ਵੱਖ-ਵੱਖ ਇਲਾਕਿਆਂ ਤੋਂ ਆਉਂਦੇ ਹਨ ਤੇ ਇਸ ਦਿਨ ਉਹ ਗੁਰੂ ਸਿਮਰਤੀ ਨਾਲ ਆਪਣੀ ਸਾਂਝ ਦਾ ਇਜ਼ਹਾਰ ਕਰਦੇ ਹਨ। ਇਹਨਾਂ ਦਿਨਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਅਤੇ ਖ਼ਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ ਮਿਲ ਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਕੱਢਦੇ ਹਨ, ਇਸ ਦਿਨ ਘੋੜ ਸਵਾਰੀ ਅਤੇ ਗਤਕੇ ਦੇ ਕਰਤੱਵ ਦੇਖਣਯੋਗ ਹੁੰਦੇ ਹਨ। ਹੋਲੇ ਮਹੱਲੇ ਦੇ ਇੱਕਠ ਨੂੰ ‘ਮਹੱਲਾ ਚੜ੍ਹਨਾ’ ਵੀ ਕਿਹਾ ਜਾਂਦਾ ਹੈ। ਇਸ ਦਿਨ ਪੰਜ ਪਿਆਰੇ ਸੰਗਤ ਸਮੇਤ ਅਨੰਦਗੜ੍ਹ ਤੋਂ ਨਿਕਲਦੇ ਹਨ, ਉਹਨਾਂ ਦੇ ਨਾਲ ਨਿਹੰਗ ਫ਼ੌਜ ਸ਼ਾਸਤਰਾਂ ਨਾਲ ਸਜ ਧਜ ਕੇ ਘੋੜਿਆਂ ਦੀ ਸਵਾਰੀ ਕਰਕੇ ਸ਼ਾਮਲ ਹੁੰਦੀਆਂ ਹਨ। ਨਗਾਰੇ ’ਤੇ ਚੋਟ ਪੈਣ ਨਾਲ ‘ਬੋਲੇ ਸੋ ਨਿਹਾਲ’ ਦੇ ਜੈਕਾਰੇ ਗਜਾਏ ਜਾਂਦੇ ਹਨ। ਅਨੰਦਗੜ੍ਹ ਤੋਂ ਮਹੱਲਾ ਹੋਲਗੜ੍ਹ ਅਤੇ ਚਰਨ ਗੰਗਾ ਪਾਰ ਕਰਕੇ

---

121 ਭਾਈ ਸੰਤੋਖ ਸਿੰਘ, *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰੁਤ 3, ਅਧਿਆਇ 23.*

122 ਸਰੂਪ ਦਾਸ ਭੱਲਾ (1999) *ਮਹਿਮਾ ਪ੍ਰਕਾਸ਼, ਭਾਗ ਦੂਜਾ,* ਉੱਤਮ ਸਿੰਘ ਭਾਟੀਆ, ਸੰਪਾ., ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 764.

ਇਕ ਖੁੱਲ੍ਹੇ ਮੈਦਾਨ ਵਿੱਚ ਪੁੱਜਦਾ ਹੈ। ਇੱਥੇ ਖ਼ਾਲਸਾਈ ਫ਼ੌਜ ਆਪਣੇ ਜੰਗੀ ਕਰਤੱਵ ਵਿਖਾਉਂਦੀ ਹੈ, ਬਾਅਦ ਵਿੱਚ ਇਹ ਸ਼ਾਹੀ ਰੂਪ ਵਿੱਚ ਸੰਗਤ ਦਾ ਇੱਕਠ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲ ਚਲਦਾ ਹੈ ਅਤੇ ਉੱਥੇ ਪਹੁੰਚ ਕੇ ਮਹੱਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਜਾਂਦੀ ਹੈ।

ਭਾਈ ਨੰਦ ਲਾਲ ਜੀ ਉਚਰਿਤ ਹੋਲੇ ਦੇ ਸੰਬੰਧ ਵਿੱਚ ਇੱਕ ਵੱਡ ਅਕਾਰੀ ਸ਼ੇਅਰ ਸਰੂਪ ਦਾਸ ਭੱਲਾ ਜੀ ਰਚਿਤ ਮਹਿਮਾ ਪ੍ਰਕਾਸ਼ ਵਿੱਚ ਨਿਮਨ ਲਿਖਤ ਅਨੁਸਾਰ ਪ੍ਰਾਪਤ ਹੁੰਦਾ ਹੈ:-

ਗੁਲੇ ਹੋਲੀ ਬਬਾਗੇ ਦਹਰ ਈਂ ਬਿਸ਼ਗੁਫ਼ਤ। ਲਬੇ ਚੂੰ ਗੁੰਚਹ ਰਾ ਫਰਖੁੰਦ ਖ਼ੂ ਕਰਦ।
ਗੁਲਾਬੋ ਅੰਬਰੋ ਮੁਸ਼ਕੋਂ ਅਬੀਰੋ। ਚੂੰ ਬਾਰਾਂ ਬਾਰਸ਼ੇ ਅਜ਼ ਸੂਬਸੂ ਕਰਦ।
ਗੁਲਾਲ ਅਫਸ਼ਾਨੀਏ ਦਸਤੇ ਮੁਬਾਰਿਕ। ਜ਼ਮੀਨੋਂ ਆਸਮਾਂ ਰਾ ਸੁਰਖ਼ਰੂ ਕਰਦ।
ਜ਼ਹੇ ਪਿਚਕਾਰੀਏ ਪੁਰ ਜ਼ਅਫਰਾਨੀ। ਕਿਹ ਹਰ ਬੇਰੰਗ ਰਾ ਖੁਸ਼ਰੰਗ ਰੂ ਕਰਦ।
ਦੁਆਲਮ ਗਸ਼ਤ ਰੰਗੀਂ ਅਜ਼ ਤੁਫੈਲਸ਼। ਚੁ ਸ਼ਾਹਿਮ ਜਾਮਹ ਰੰਗੀਂ ਦਰ ਗਲੂ ਕਰਦ।
ਕਸੇ ਕੋ ਦੀਦਹ ਦੀਦਾਰੇ ਮੁਕੱਦਸ। ਮੁਰਾਦੇ ਉਮਰ ਰਾ ਹਾਸਲ ਨਿਕੋ ਕਰਦ।
ਸ਼ਵਦ ਕੁਰਬਾਨ ਖਾਕੇ ਸਾਧ ਸੰਗਤ। ਦਿਲੇ 'ਗੋਇਆ' ਹਮੀਂ ਰਾ ਆਰਜ਼ੂ ਕਰਦ।[123]

ਭਾਈ ਨੰਦ ਲਾਲ ਜੀ ਹੋਲੀ ਦੇ ਵਿਖਿਆਨ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਹੋਲੀ ਦਾ ਫੁੱਲ ਇਸ ਦੁਨੀਆਂ ਦੇ ਬਾਗ਼ ਵਿਚ ਖਿੜ ਪਿਆ, ਬੁੱਲ੍ਹਾਂ ਨੂੰ ਕਲੀ ਵਾਂਗ ਮੁਬਾਰਕ ਸ਼ੁਭ ਸੁਭਾਵ ਵਾਲਾ ਕਰ ਦਿੱਤਾ ਹੈ, ਭਾਵ ਹਰ ਇਕ ਦੇ ਬੁੱਲ੍ਹ ਮੁਸਕਰਾ ਰਹੇ ਹਨ। ਗੁਲਾਬ, ਅੰਬਰ, ਕਸਤੂਰੀ ਅਤੇ ਅੰਬੀਰ ਚਾਰੇ ਪਾਸਿਓਂ ਵਰਖਾ ਕਰ ਰਹੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਬਾਰਕ ਹੱਥਾਂ ਦਾ ਗੁਲਾਲ ਉਡਾਉਣਾ ਜ਼ਮੀਨ ਅਤੇ ਆਸਮਾਨ ਨੂੰ ਲਾਲ ਰੰਗਾ ਕਰ ਰਿਹਾ ਹੈ, ਧਰਤੀ ਮੈਲੀ ਅਤੇ ਆਸਮਾਨ ਕਾਲਾ ਹੈ। ਗੁਰੂ ਜੀ ਦੇ ਗੁਲਾਲ ਦੇ ਛੜਕਾਉ ਨੇ ਦੋਹਾਂ ਨੂੰ ਲਾਲ ਰੰਗ ਕਰ ਦਿੱਤਾ ਹੈ। ਬਲਿਹਾਰ ਹਾਂ ਉਸ ਕੇਸਰ ਰੰਗ ਨਾਲ ਭਰੀ ਪਿਚਕਾਰੀ ਤੋਂ ਜੋ ਸਤਿਗੁਰੂ ਜੀ ਨੇ ਆਪਣੇ ਹੱਥ ਵਿਚ ਫੜੀ ਹੈ। ਜਿਸ ਨੇ ਹਰ ਬੇਰੰਗ ਨੂੰ ਖੁਸ਼ ਰੰਗ ਚਿਹਰੇ ਵਾਲਾ ਬਣਾ ਦਿੱਤਾ ਹੈ। ਜਦੋਂ ਮੇਰੇ ਪਾਤਿਸ਼ਾਹ ਨੇ ਰੰਗ ਭਰਿਆ ਵਸਤਰ ਗਲੇ ਵਿਚ ਪਹਿਨਿਆ ਹੋਇਆ ਹੈ। ਜਿਸ ਕਿਸੇ ਨੇ ਇਹ ਪਵਿੱਤਰ ਦੀਦਾਰ ਗੁਰੂ ਜੀ ਦਾ ਵੇਖਿਆ ਹੈ ਉਸ ਨੇ ਆਪਣੀ ਉਮਰ ਦੀ ਮੁਰਾਦ ਚੰਗੀ ਤਰ੍ਹਾਂ ਪਾ ਲਈ ਹੈ। ਮੈਂ ਸਾਧ ਸੰਗਤ ਦੀ ਧੂੜ ਤੋਂ ਸਦਕੇ ਹੋ ਰਿਹਾ ਹਾਂ। ਭਾਈ ਨੰਦ ਲਾਲ ਜੀ ਦੁਆਰਾ ਰਚਿਤ ਉਪਰੋਕਤ ਰਚਨਾ ਵਿੱਚ ਹੋਲੇ ਮਹੱਲੇ ਦੇ ਬਿਰਤਾਂਤ ਨੂੰ ਹੂਬਹੂ ਬਿਆਨ ਕੀਤਾ ਗਿਆ ਹੈ, ਜਿਸ ਨੂੰ ਪੜ੍ਹ ਕੇ ਹਰ ਸਿੱਖ ਦੀ

---

[123] ਸਰੂਪ ਦਾਸ ਭੱਲਾ (1999) *ਮਹਿਮਾ ਪ੍ਰਕਾਸ਼, ਭਾਗ ਦੂਜਾ,* ਉੱਤਮ ਸਿੰਘ ਭਾਟੀਆ, ਸੰਪਾ., ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 765.

ਸਿਮਰਤੀ ਉਸ ਇਤਿਹਾਸਕ ਪਲ ਨਾਲ ਜਾ ਜੁੜਦੀ ਹੈ, ਜਿਸ ਸਮੇਂ ਗੁਰੂ ਸਾਹਿਬ ਨੇ ਹੋਲੇ ਮਹੱਲੇ ਦਾ ਸ਼ੁਭ ਆਰੰਭ ਕੀਤਾ ਸੀ। ਕਵੀ ਸੰਤ ਰੇਣ ਸਿੰਘ ਪ੍ਰੇਮ ਇਸ ਦ੍ਰਿਸ਼ ਨੂੰ ਆਪਣੀ ਰਚਨਾ ਵਿੱਚ ਪੇਸ਼ ਕਰਦਾ ਹੈ:-

ਪਾਇ ਖ਼ਾਲਸਾ ਆਇਸ ਤਬੈ। ਆਪਸ ਮਹਿੰ ਖੇਲਹਿੰ ਮਿਲ ਸਬੈ।
ਭਰ ਪਿਚਕਾਰੀ ਕੇਸਰ ਮਾਰੈ। ਅਲਤੈ ਸੁਸ਼ਟ ਉਪਰੇਂ ਡਾਰੈਂ।
ਕੁਲਾਹਲ ਬਹੁ ਤਿਹ ਬਾਰਾ। ਸ੍ਰੀ ਸਤਿਗੁਰ ਪੁਨ ਕੀਨ ਉਚਾਰਾ।
ਪਠਤ ਸ਼ਬਦ ਸਭ ਸੰਗਤ ਮੰਗਾ। ਦਿਹੁਰੇ ਨਵਮ ਗੁਰੂ ਸਉਸੰਗਾ।
ਹੋਲਾ ਖੇਲਤ ਤਹਾਂ ਸਿਧਾਵੇ। ਤਹਾ ਤਿਹਾਵਲ ਭੇਟ ਚਢਾਵੈਂ।
ਅਰਦਾਸ ਕਰਾਹ ਬ੍ਰਤਾਯੋ। ਹਰਖਤ ਹੈ ਸਭਹਨ ਸੁਖ ਪਾਯੋ।
ਤਿਹ ਦਿਨ ਤੇ ਗੁਰ ਘਰ ਮਹਿੰ ਹੋਲਾ। ਖੇਲਹਿੰ ਸਿੰਘ ਜੁ ਪੰਥ ਅਮੋਲਾ॥[124]

ਸਿੱਖ ਆਪਣੀ ਸਿਮਰਤੀ ਵਿੱਚ ਹੋਲੇ ਮਹੱਲੇ 'ਤੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਦਿਆਂ ਹੀ ਕਿਸੇ ਵੀ ਦੁਨਿਆਵੀ ਤਾਕਤ ਤੋਂ ਨਿਰਭੈ ਹੋ ਜਾਂਦਾ ਹੈ। ਉਹ ਆਪਣੇ-ਆਪ ਨੂੰ ਸਿਰਫ਼ ਗੁਰੂ ਪਾਤਸ਼ਾਹ ਅੱਗੇ ਹੀ ਸਮਰਪਿਤ ਮਹਿਸੂਸ ਕਰਦਾ ਹੈ ਕਿਉਂਕਿ ਉਹ ਆਪਣੀ ਸਿਮਰਤੀ ਵਿੱਚ ਗੁਰੂ ਸਾਹਿਬ ਨੂੰ ਸੱਚਾ ਪਾਤਸ਼ਾਹ ਮੰਨਦਾ ਹੈ, ਜਿਸ ਅੱਗੇ ਬਾਕੀ ਸਾਰੀ ਦੁਨਿਆਵੀ ਪਾਤਸ਼ਾਹੀਆਂ ਬੇਅਰਥ ਹਨ। ਸੱਚੇ ਪਾਤਸ਼ਾਹ ਵੱਲੋਂ ਸਿਰਜੀ ਇੱਕ ਵਿਸ਼ੇਸ ਤੇ ਵਿਲੱਖਣ ਕੌਮ ਦੀ ਦੁਨੀਆਂ ਭਰ ਵਿੱਚ ਇੱਕ ਵੱਖਰੀ ਪਛਾਣ ਬਣ ਗਈ।

## 6. ਸਿੱਖ ਸਿਮਰਤੀ ਅਤੇ ਸਿੱਖ ਪਛਾਣ

ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਵਿਲੱਖਣਤਾ ਵਿੱਚ ਦੇਣ ਕਿਸੇ ਜਾਣ-ਪਛਾਣ ਦੀ ਮੁਹਤਾਜ ਨਹੀਂ ਹੈ। ਸ੍ਰੀ ਅਨੰਦਪੁਰ ਸਾਹਿਬ ਮਨੁੱਖੀ ਸਮਾਨਤਾ, ਆਪਸੀ ਭਾਈਚਾਰੇ ਦੇ ਅਧਿਕਾਰਾਂ ਦੀ ਬਹਾਲੀ ਨਾਲ ਜੁੜੀ ਵਿਸ਼ਾਲ ਵਿਚਾਰਧਾਰਾ ਦੇ ਰੂਪ ਵਿੱਚ ਉੱਭਰਦਾ ਹੈ। "ਅਜੋਕੇ ਸਮਾਜਿਕ ਪ੍ਰਸੰਗ ਵਿੱਚ ਸਿੱਖ ਇਤਿਹਾਸ ਨੂੰ ਸਮਝਣਾ ਅਤੇ ਇਸਦੀ ਪੁਨਰ-ਵਿਆਖਿਆ ਦੀ ਲੋੜ ਇਸ ਕਰਕੇ ਵੀ ਹੈ, ਕਿਉਂਕਿ ਦੁਨੀਆਂ ਦੀਆਂ ਹੋਰਨਾਂ ਕੌਮਾਂ ਦੀ ਤਰ੍ਹਾਂ ਸਿੱਖਾਂ ਦੇ ਮਸਲੇ ਵੀ ਵਿਸ਼ਵ-ਵਿਆਪੀ ਹੋ ਗਏ ਹਨ। ਤਕਨੀਕੀ ਗਿਆਨ ਦੇ ਵਿਕਾਸ, ਖਾਸ ਕਰਕੇ ਸੂਚਨਾ ਤਕਨਾਲੋਜੀ ਨਾਲ ਸਿੱਖਾਂ ਦਾ ਦੁਨੀਆਂ ਭਰ ਦੀਆਂ ਕੌਮਾਂ ਨਾਲ ਆਦਾਨ-ਪ੍ਰਦਾਨ ਤੇਜ਼ ਹੋ

---

[124] ਸਰੂਪ ਦਾਸ ਭੱਲਾ (1999) *ਮਹਿਮਾ ਪ੍ਰਕਾਸ਼, ਭਾਗ ਦੂਜਾ,* ਉੱਤਮ ਸਿੰਘ ਭਾਟੀਆ, ਸੰਪਾ., ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 765.

ਗਿਆ ਹੈ। ਇਸ ਤੋਂ ਇਲਾਵਾ ਸਿੱਖ ਆਬਾਦੀ ਦਾ ਕਾਫੀ ਵੱਡਾ ਹਿੱਸਾ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਪੱਕੇ ਤੌਰ 'ਤੇ ਵਸ ਚੁੱਕਾ ਹੈ।

ਸਿੱਖਾਂ ਦੀ ਜਨਮ ਭੂਮੀ ਪੰਜਾਬ ਵਿੱਚ ਆਬਾਦੀ ਦੇ ਆਵਾਸ ਤੇ ਪ੍ਰਵਾਸ ਦਾ ਦੌਰ ਚੱਲ ਰਿਹਾ ਹੈ। ਸੋ ਇਸ ਨਾਲ ਵੀ ਸਿੱਖਾਂ ਦੇ ਮਸਲੇ ਵਿਸ਼ਵ-ਵਿਆਪੀ ਅਤੇ ਗੁੰਝਲਦਾਰ ਹੋ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਸਿੱਖ ਪਛਾਣ ਦਾ ਮਸਲਾ ਨਵੇਂ ਰੂਪ ਵਿੱਚ ਸਾਡੇ ਸਾਹਮਣੇ ਆ ਰਿਹਾ ਹੈ ਅਤੇ ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਸਿੱਖੀ ਦੀ ਵਿਸ਼ਵ-ਵਿਆਪੀ ਵਿਆਖਿਆ ਹੋਣ ਲੱਗ ਪਈ ਹੈ।"[125] ਸਿੱਖ ਬੇਸ਼ੱਕ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾ ਕੇ ਵੱਸ ਜਾਵੇਂ ਪਰੰਤੂ ਉਸ ਦੀ ਸਿਮਰਤੀ ਸ੍ਰੀ ਅਨੰਦਪੁਰ ਸਾਹਿਬ ਨਾਲ ਜੁੜੀ ਰਹਿੰਦੀ ਹੈ।

ਮਨੁੱਖ ਸੁਤੰਤਰ ਜੀਵਨ ਜਿਉਂ ਕੇ ਹੀ ਸੰਤੁਸ਼ਟ ਹੋ ਸਕਦਾ ਹੈ, ਮਨੁੱਖਤਾ ਨੂੰ ਸੁਤੰਤਰਤਾ ਦਾ ਪਾਠ ਪੜ੍ਹਾਉਣਾ ਸ੍ਰੀ ਅਨੰਦਪੁਰ ਸਾਹਿਬ ਦੀ ਮੁਬਾਰਕ ਧਰਤੀ ਦੇ ਹਿੱਸੇ ਆਇਆ। ਜਿੱਥੇ "ਗੁਰੂ ਸਾਹਿਬ ਨੇ ਸਿੱਖਾਂ ਨੂੰ ਸ਼ਸਤ੍ਰਬਧ ਕੀਤਾ। ਇਹ ਸਹੀ ਹੈ ਕਿ ਸਿੱਖ ਸੈਨਿਕਾਂ ਪਾਸ ਉਦੋਂ ਵਧੀਆ ਅਤੇ ਪ੍ਰਭਾਵਸ਼ਾਲੀ ਹਥਿਆਰ ਨਹੀਂ ਸਨ ਪਰ ਗੁਰੂ ਜੀ ਨੇ ਉਹਨਾਂ ਦੇ ਮਨ ਵਿਚ 'ਸਵਾ ਲੱਖ' ਨਾਲ ਲੜਾਉਣ ਦਾ ਆਤਮ-ਵਿਸ਼ਵਾਸ਼ ਪੈਦਾ ਕੀਤਾ। ਯੁੱਧ ਸਦਾ ਆਤਮ-ਵਿਸ਼ਵਾਸੀ ਜਿੱਤਦੇ ਹਨ, ਹਥਿਆਰ ਤਾਂ ਕੇਵਲ ਸਹਾਇਕ ਹੁੰਦੇ ਹਨ। ਇਸ ਆਤਮ-ਵਿਸ਼ਵਾਸ ਨੂੰ ਪੈਦਾ ਕਰਨ ਲਈ ਗੁਰੂ ਜੀ ਨੇ ਆਪਣੇ ਅਨੁਯਾਈਆਂ ਨੂੰ ਅੰਮ੍ਰਿਤ ਛਕਣ ਲਈ ਤਿਆਰ ਕੀਤਾ। 'ਅੰਮ੍ਰਿਤ' ਬਾਣੀ, ਸ਼ਸਤ੍ਰ ਅਤੇ ਮਿਠਾਸ ਯੁਕਤ ਉਹ ਜਲ ਹੈ ਜਿਸਦੇ ਸੇਵਨ ਨਾਲ ਮਨ ਵਿੱਚੋਂ ਭੀਰੂ ਭਾਵਨਾ ਖ਼ਤਮ ਹੋ ਜਾਂਦੀ ਹੈ ਅਤੇ ਚੜ੍ਹਦੀ ਕਲਾ ਦਾ ਅਹਿਸਾਸ ਹੋ ਜਾਂਦਾ ਹੈ।"[126] ਇਹ ਅਹਿਸਾਸ ਸਮਾਂ ਪਾ ਕੇ ਸਤੁੰਤਰ ਸਿੱਖ ਰਾਜ ਦਾ ਸੰਸ਼ਥਾਪਕ ਬਣਿਆ।

ਅਜੋਕੇ ਸੁੰਗੜਦੇ ਸੰਸਾਰ ਵਿੱਚ ਧਰਮ ਪ੍ਰਤੀ ਦ੍ਰਿਸ਼ਟੀਕੋਣ ਵਿੱਚ ਲਗਾਤਾਰ ਪਰਿਵਰਤਨ ਆ ਰਹੇ ਹਨ, ਇਸ ਪਰਿਵਰਤਨ ਸਦਕਾ ਮਨੁੱਖਤਾ ਆਸਤਿਕਤਾ ਅਤੇ ਨਾਸਤਿਕਤਾ ਤੋਂ ਵੀ ਅੱਗੇ ਪਹੁੰਚ ਕੇ ਪਦਾਰਥਵਾਦੀ ਵਧੇਰੇ ਬਣਦੀ ਜਾ ਰਹੀ ਹੈ। ਪਦਾਰਥਵਾਦੀ ਸੋਚ ਦੇ ਉੱਭਾਰ ਨੇ ਕਦਰਾਂ-ਕੀਮਤਾਂ, ਅਣਖ, ਗੈਰਤ, ਅਪਣੱਤ ਅਤੇ ਮਾਨਵੀ ਜੀਵਨ ਉਦੇਸ਼ਾਂ ਨੂੰ ਜਿੱਥੇ ਢਾਹ ਲਾਈ ਹੈ, ਉੱਥੇ ਧਰਮ ਦੇ ਸਰੂਪ ਨੂੰ ਵੀ

---

125 ਗੁਰਮੀਤ ਸਿੰਘ ਸਿੱਧੂ (2008) "ਸਿੱਖ ਪਛਾਣ, ਭਾਰਤੀ ਰਾਸ਼ਟਰਵਾਦ ਅਤੇ ਵਿਸ਼ਵੀਕਰਨ"*ਪੰਜਾਬ ਹਿਸਟਰੀ ਕਾਨਫਰੰਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 191.

126 ਰਤਨ ਸਿੰਘ ਜੱਗੀ (1999) "ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਖ਼ਾਲਸਾ ਪੰਥ" *ਖ਼ਾਲਸਾ ਮੇਰੋ ਰੂਪ ਹੈ ਖਾਸ,* ਜੋਗਿੰਦਰ ਸਿੰਘ ਕੈਰੋਂ, ਸੰਪਾ., ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, ਚੰਡੀਗੜ੍ਹ, ਪੰ. 6.

ਬਦਲਿਆ ਹੈ ਪਰ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਸਿੱਖ ਸਿਮਰਤੀ ਨੂੰ ਇਸ ਕਦਰ ਪ੍ਰਭਾਵਿਤ ਕਰਦੀ ਹੈ, ਕਿ "ਗੁਰਸਿੱਖੀ ਵਿਚ ਚੜ੍ਹਦੀ ਕਲਾ ਤੇ ਉਸਦਾ ਫਲ ਰੂਪ, ਉਤਸ਼ਾਹ ਤੇ ਬੀਰ ਰਸ ਜੀਵਨ ਸਫ਼ਲਤਾ ਦੇ ਮੁੱਖ ਅੰਗ ਹਨ।"[127] ਜਿਹੜੇ ਸਿੱਖ ਸਿਮਰਤੀ ਨੂੰ ਬਲ ਬਖਸ਼ਦੇ ਹਨ।

ਸਿੱਖ ਧਰਮ ਦੇ ਨਿਵੇਕਲੇ ਪੱਖ, ਸਿੱਖੀ ਦੀ ਮੌਲਿਕਤਾ ਅਤੇ ਵੱਖਰਤਾ ਬਾਕੀ ਧਰਮਾਂ ਲਈ ਹੁਣ ਤੱਕ ਖਿੱਚ ਦਾ ਕਾਰਨ ਹੈ। ਸਿੱਖ ਧਰਮ ਵਿਚਲੀ ਰੂਹਾਨੀਅਤ, ਇਨਸਾਨੀਅਤ, ਸਮਾਜਕਤਾ ਅਤੇ ਵਿਸ਼ਾਲਤਾ ਬ੍ਰਹਿਮੰਡੀ ਪਸਾਰੇ ਨਾਲ ਓਤ-ਪੋਤ ਹੈ। "ਖ਼ਾਲਸੇ ਦੀ ਰਚਨਾ ਗੁਰੂ ਗੋਬਿੰਦ ਸਿੰਘ ਦੁਆਰਾ 1699 ਈ. ਨੂੰ ਵੈਸਾਖੀ ਵਾਲੇ ਦਿਨ ਕੀਤੀ ਗਈ, ਇਹ ਉਸ ਸਮੇਂ ਦੀ ਭਾਰਤੀ ਰੂੜੀਵਾਦੀ ਸਮਾਜਕ, ਧਾਰਮਿਕ ਤੇ ਰਾਜਨੀਤਿਕ ਵਿਵਸਥਾ ਲਈ ਵੰਗਾਰ ਸੀ ਅਤੇ ਇਸ ਨੇ ਉਸ ਪਰਚੱਲਤ ਵਿਵਸਥਾ ਨੂੰ ਕਰਾਂਤੀਕਾਰੀ ਮੋੜ ਦਿੱਤਾ।"[128] ਇਸ ਲਈ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਨੂੰ ਸਿੱਖ ਵਿਲੱਖਣਤਾ ਦੇ ਨਜ਼ਰੀਏ ਨਾਲ ਵਾਚ ਕੇ, ਸੰਪੂਰਨ ਅਤੇ ਮਕੁੰਮਲ ਮਨੁੱਖ ਦੀ ਸਿਰਜਨਾ ਕਰਨ ਦੇ ਉਦੇਸ਼ ਤੱਕ ਦੇ ਸਫਰ ਨੂੰ ਪੜਚੋਲ ਕੇ ਸਮੁੱਚੇ ਵਿਸ਼ਵ ਲਈ ਚਾਨਣ-ਮੁਨਾਰੇ ਦਾ ਰੂਪ ਪੇਸ਼ ਕਰਨ ਦਾ ਯਤਨ ਕੀਤਾ ਹੈ। ਹਰ ਸਿੱਖ ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਕਹਾਉਣ ਵਿੱਚ ਮਾਣ ਮਹਿਸੂਸ ਕਰਦਾ ਹੈ। "ਅਸੀਂ ਸਾਰੇ ਹੀ ਜੀਵ ਮਾਤਾ ਸਾਹਿਬ ਕੌਰ ਅਤੇ ਕਾਰਨ ਦੇ ਕਰਤੇ ਗੋਬਿੰਦ ਗੁਰੂ ਪਿਤਾ ਦੇ ਪੁਤਰ ਅਨੰਦਪੁਰ ਵਾਸੀ ਹਾਂ, ਸਾਡਾ ਸਭਨਾਂ ਦਾ ਇਕੋ ਲਕਸ਼ ਹੈ ਸਮਾਜਵਾਦ ਅਤੇ ਧਰਮ-ਖੰਡ, ਰਾਮਰਾਜ ਅਤੇ ਸਤਿਯੁਗ ਦੀ ਸਥਾਪਨਾ ਕਰਨੀ।"[129] ਸਿੱਖ ਧਰਮ ਅਤੇ ਰਾਜਨੀਤੀ ਦਾ ਸੁਮੇਲ ਹੈ, ਇਸ ਦਾ ਆਰੰਭ ਵਿਚਾਰ ਰੂਪ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਨੇ ਹੀ ਕਰ ਦਿੱਤਾ ਸੀ ਅਤੇ ਸ੍ਰੀ ਗੁਰੂ ਹਰਗੋਬਿੰਦ ਜੀ ਦੁਆਰਾ ਮੀਰੀ-ਪੀਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਕਲਪ ਨਾਲ ਉਜਾਗਰ ਕੀਤਾ ਗਿਆ।

ਮੀਰੀ ਪੀਰੀ ਭਗਤੀ ਅਤੇ ਸ਼ਕਤੀ ਦਾ ਪ੍ਰਤੀਕ ਹੈ, ਸ੍ਰੀ ਅਕਾਲ ਤਖਤ ਸਾਹਿਬ ਇਸ ਭਗਤੀ ਅਤੇ ਸ਼ਕਤੀ ਦਾ ਸਦੀਵੀ ਤੌਰ 'ਤੇ ਵਿਹਾਰਕ ਅਤੇ ਸੰਸਥਾਗਤ ਪ੍ਰਗਟਾਵਾ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਨਵੀਂ ਨੀਤੀ ਦਾ ਉਥਾਨ ਕੀਤਾ। "ਸ੍ਰੀ ਗੁਰੂ ਅਰਜਨ ਦੇਵ ਜੀ

---

127 ਪ੍ਰਿੰਸੀਪਲ ਗੰਗਾ ਸਿੰਘ (2003) *ਸਿੱਖ ਧਰਮ ਫਿਲਾਸਫ਼ੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 136.

128 ਸ਼ਸੀ ਬਾਲਾ (1999) "ਖ਼ਾਲਸਾ ਪੰਥ ਵਿਸ਼ਵਵਿਆਪੀ ਦ੍ਰਿਸ਼ਟੀਕੋਣ" *ਪੰਜਾਬ ਹਿਸਟਰੀ ਕਾਨਫਰੰਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 46.

129 ਜੀਵਨ ਸਿੰਘ (1973) *ਗੁਰਮੁਖ ਜਮਹੂਰੀਅਤ,* ਅਕਾਡਮੀ ਪ੍ਰੈਸ, ਪਟਿਆਲਾ, ਪੰ. 16.

ਨੇ ਅੰਤਿਮ ਸਮੇਂ ਆਪਣੇ ਸਿੱਖਾਂ ਰਾਹੀਂ ਆਪਣੇ ਉਤਰਾਧਿਕਾਰੀ ਸਪੁੱਤਰ ਨੂੰ ਜੋ ਅੰਤਮ ਹੁਕਮ ਭੇਜਿਆ ਉਸ ਵਿਚ ਸ਼ਾਂਤੀ ਅਤੇ ਸੰਗਰਾਮ ਦਾ ਮਿਲਵਾਂ ਰਾਹ ਅਪਣਾਉਣ ਦਾ ਉਪਦੇਸ਼ ਦਿੱਤਾ ਕਿ ਉਹ ਸ਼ਸ਼ਤਰਧਾਰੀ ਸਰੂਪ ਵਿਚ ਤਖਤ ਤੇ ਬਿਰਾਜਮਾਨ ਹੋਵੇ ਅਤੇ ਤਕੜੀ ਬਲਵਾਨ ਸੈਨਾ ਆਪਣੀ ਤਾਬੇ ਰੱਖਣ।"[130] ਰਤਨ ਸਿੰਘ ਭੰਗੂ ਦੇ ਸਬਦਾਂ ਵਿਚ;

ਫਿਰ ਅਰਜਨ ਗੁਰ ਹਰਗੋਬਿੰਦ। ਖੜਕ ਚਕਯੋ ਜਿਨ ਮਾਰ ਪੈਇੰਦ।
ਮੀਰੀ ਪੀਰੀ ਕਓ ਦਿਖਾਈ। ਸ਼ਾਹਜਹਾਂ ਕੋ ਹਾਰ ਸੁ ਦੇਈ।[131]

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਆਰੰਭ ਕੀਤੇ ਮੀਰੀ ਪੀਰੀ ਦੇ ਸਿਧਾਂਤ ਦਾ ਰੂਪ ਅਤੇ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਅਤੇ ਪ੍ਰਕਾਸ਼ਨ ਨਾਲ ਸਿੱਖ ਰਾਜਨੀਤੀ ਦਾ ਸੰਕਲਪ ਉੱਭਰ ਕੇ ਸਾਹਮਣੇ ਆਇਆ। "ਜਦੋਂ ਗੁਰੂ ਹਰਗੋਬਿੰਦ ਨੇ 1606 ਈ. ਵਿੱਚ ਅਕਾਲ ਤਖ਼ਤ ਬਣਾ ਕੇ ਮੀਰੀ-ਪੀਰੀ ਨੂੰ ਇੱਕ ਕਰ ਦਿੱਤਾ ਤਾਂ ਇਹ ਰਚੇ ਗਏ ਇਨਕਲਾਬੀ ਇਨਸਾਨ ਦੇ ਐਕਸ਼ਨ ਪ੍ਰੋਗਰਾਮ ਦਾ ਐਲਾਨ ਸੀ। ਇਸ ਨਵੇਂ ਉੱਭਰ ਰਹੇ ਇਨਕਲਾਬੀ ਪੁਰਸ਼ ਨੇ ਇਕ ਨਵੇਂ ਬਦਲ, ਇਕ ਨਵੇਂ ਪ੍ਰਬੰਧ ਦੀ ਨੀਂਹ ਧਰਨੀ ਸੀ। 1699 ਈ. ਵਿੱਚ ਆਨੰਦਪੁਰ ਸਾਹਿਬ ਵਿੱਚ ਇਹ ਨੀਂਹ ਧਰੀ ਗਈ।"[132] ਇੱਕ ਅਕਾਲ ਦੀ ਭਗਤੀ ਦੇ ਨਾਲ-ਨਾਲ ਭਗਤਾਂ ਨੂੰ ਸਵੈ-ਰੱਖਿਆ ਰੱਖਣੀ ਜ਼ਰੂਰੀ ਹੋ ਗਈ ਸੀ। "ਇਸ ਲਈ ਸਿੱਖ ਲਹਿਰ ਵਿਚ ਉਸ ਵੇਲੇ ਵੀ ਰਾਜਸੀ ਸੱਤਾ ਦੇ ਮੁਕਾਬਲੇ ਵਿਚ ਇਕ ਹੋਰ ਸੱਤਾ ਉਭਰਨੀ ਸ਼ੁਰੂ ਹੋ ਗਈ। ਦਿੱਲੀ ਤਖ਼ਤ ਦੇ ਸਮਾਨਤਰ 'ਅਕਾਲ ਤਖ਼ਤ' ਹੋਂਦ ਵਿਚ ਆਇਆ, ਦੁਨਿਆਵੀ ਹਕੂਮਤ ਦਾ ਮੁਖੀਆ 'ਪਾਤਿਸ਼ਾਹ' ਅਖਵਾਉਂਦਾ ਸੀ। ਸਤਿਗੁਰੂ ਨੂੰ 'ਸੱਚਾ ਪਾਤਿਸ਼ਾਹ' ਕਿਹਾ ਜਾਣ ਲੱਗ ਪਿਆ।"[133] ਕਿਉਂਕਿ ਸਿੱਖ ਸਿਮਰਤੀ ਵਿੱਚ ਗੁਰੂ ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਵੀ ਹੈ।

ਸਿੱਖ ਰਾਜਨੀਤਕ ਸਿਮਰਤੀ ਦੀ ਵਿਲੱਖਣਤਾ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਸਿਰਜੀ ਗਈ, ਉਹ ਵਿਲੱਖਣ 'ਰਾਜ' ਅਤੇ 'ਰਾਜਨੀਤਿਕ ਸਿਮਰਤੀ' ਦੀ

---

130 ਪੂਰਨ ਸਿੰਘ (1972) *ਦਸ ਗੁਰ ਦਰਸ਼ਨ*, ਕਿਰਪਾਲ ਸਿੰਘ ਕਸੇਲ, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 3.

131 ਰਤਨ ਸਿੰਘ ਭੰਗੂ (2000) *ਪ੍ਰਾਚੀਨ ਪੰਥ ਪ੍ਰਕਾਸ਼*, ਬਾਬਾ ਸੰਤਾ ਸਿੰਘ, ਟੀਕਾਕਾਰ, ਸ਼੍ਰੋਮਣੀ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ, ਪੰਜਾਬ ਪੰਨੇ. 76-77.

132 ਗੁਰਭਗਤ ਸਿੰਘ (1993) *ਕੌਮੀ ਆਜ਼ਾਦੀ ਵੱਲ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਦਾ ਭਵਿੱਖ*, ਵਿਚਾਰ ਪ੍ਰਕਾਸ਼ਨ, ਸੰਗਰੂਰ, ਪੰਨੇ. 71-72.

133 ਮਹੀਪ ਸਿੰਘ (1998) "ਗੁਰੂ ਗੋਬਿੰਦ ਸਿੰਘ ਦੀ ਨਵੀਂ ਸਮਾਜੀ ਬਣਤਰ ਦਾ ਸੰਕਲਪ" *ਪ੍ਰਗਟਯੋ ਖ਼ਾਲਸਾ ਵਿਸੇਸ਼ ਅੰਕ*, ਡਾ. ਅਜਮੇਰ ਸਿੰਘ, ਸੰਪਾ., ਖੋਜ ਪੱਤ੍ਰਿਕਾ, ਅੰਕ 48, ਸਤੰਬਰ, ਪੰ. 16.

ਉਸਾਰੀ ਕਰਦੀ ਹੈ। ਜਿਥੇ ਯੁੱਧ ਵੀ ਇੱਕ ਮਰਯਾਦਾ ਵਿੱਚ ਲੜਿਆ ਜਾਂਦਾ ਹੈ। ਰਾਜਨੀਤੀ ਕਿਸੇ ਲਾਲਚ ਵੱਸ ਨਹੀਂ ਨਾ ਹੀ ਖੇਤਰਾਂ ਆਦਿ ਦੇ ਕਬਜ਼ੇ ਅਤੇ ਨਾ ਹੀ ਧਨ ਦੀ ਲਾਲਸਾ ਸਿਰਫ਼ ਆਦਰਸ਼ਕ ਰਾਜ ਜੋ ਕਿ ਕੇਵਲ ਅਕਾਲਪੁਰਖ ਦਾ ਹੈ ਉਸ ਦੀ ਸਥਾਪਤੀ ਕਰਨ ਲਈ ਹੈ। ਉਹਨਾਂ ਸਿੱਖ ਸਿਮਰਤੀ ਵਿੱਚ ਇਸ ਦੀ ਮਿਸਾਲ ਯੁੱਧ-ਮਰਯਾਦਾ ਰਾਹੀਂ ਰਾਜਨੀਤਕ ਸਿਮਰਤੀ ਘੜ ਕੇ ਪ੍ਰਗਟਾਈ। ਉਹਨਾਂ ਨੂੰ ਥੋਥੀਆਂ ਧਾਰਮਕ ਪਰੰਪਰਾਵਾਂ ਦੀ ਧਾਰਨੀ ਸਨਾਤਨੀ ਜਮਾਤ ਅਤੇ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਹੰਢਾਉਣਾ ਪਿਆ ਅਤੇ ਸਮਾਜ ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਕਈ ਯੁੱਧ ਵੀ ਲੜਨੇ ਪਏ ਅਤੇ ਖ਼ਾਲਸੇ ਦੀ ਸਾਜਨਾ ਦੇ ਰਾਜ ਨੂੰ ਵੀ ਪ੍ਰਗਟਾਇਆ:-

ਅਸੁਰ ਸੰਘਾਰਬੋ ਕੋ ਦੁਰਜਨ ਕੇ ਮਾਰਬੋ ਕੋ
ਸੰਕਟ ਨਿਵਾਰਬੇ ਕੋ ਖ਼ਾਲਸਾ ਬਨਾਯੋ ਹੈ॥[134]

ਉਹਨਾਂ ਦੀ ਰਾਜਨੀਤਿਕ ਸਿਮਰਤੀ ਸਮੁੱਚੀ ਮਨੁੱਖ ਜਾਤੀ ਦੀ ਸਿਮਰਤੀ ਨੂੰ ਏਕਤਾ ਦੀ ਲੜੀ ਵਿੱਚ ਪਰੋਂਦੀ ਹੈ, ਜਿਥੇ ਉਹ ਆਪਣੀ ਯੁੱਧ ਵਿੱਚ ਜਿੱਤ ਨੂੰ ਵੀ ਅਕਾਲਪੁਰਖ ਦੀ ਬਖ਼ਸ਼ਿਸ਼ ਹੀ ਮੰਨਦੇ ਹਨ:-

ਭਈ ਜੀਤ ਮੇਰੀ ਕ੍ਰਿਪਾ ਕਾਲ ਕੇਰੀ॥[135]

ਗੁਰੂ ਸਾਹਿਬ ਸੱਚੀ-ਸੁੱਚੀ ਇਖਲਾਕੀ ਰਾਜਨੀਤੀ ਅਤੇ ਯੁੱਧ-ਨੀਤੀ ਦੇ ਬਾ-ਕਮਾਲ ਯੋਧੇ ਸਨ ਜਿਸ ਦੀ ਅਮਿੱਟ ਛਾਪ ਸਿੱਖਾਂ ਦੀ ਸਿਮਰਤੀ ਵਿੱਚ ਅੱਜ ਵੀ ਤਰੋਤਾਜ਼ਾ ਹੈ। "ਜਦੋਂ ਗੁਰੂ ਪਰੰਪਰਾ ਤੱਤਕਾਲੀਨ ਰਾਜ ਦਾ ਨਿਰਭੈ ਹੋ ਕੇ ਖੰਡਨ ਕਰਦੀ ਹੈ ਓਦੋਂ ਉਸਦੇ ਅੰਤਹਕਰਣ ਵਿਚ ਇਕ ਸੁਚੱਜੇ ਰਾਜ ਦਾ ਸੰਕਲਪ ਮੌਜੂਦ ਹੁੰਦਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਨੇ ਤੱਤਕਾਲੀਨ ਹਿੰਦੁਸਤਾਨ ਦੀ ਲੋਧੀ ਹਕੂਮਤ ਬਾਰੇ ਜਾਂ ਵਿਦੇਸ਼ੀ ਹਮਲਾਵਰ ਬਾਬਰ ਦੇ ਹਮਲੇ ਬਾਰੇ ਆਪਣਾ ਪ੍ਰਤੀਕਰਮ ਬਾਣੀ ਵਿਚ ਦਰਜ ਕੀਤਾ ਸੀ ਉਦੋਂ ਉਹਨਾਂ ਦੇ ਅੰਤਹਕਰਣ ਵਿਚ ਰਾਜ ਦਾ ਇਕ ਨਿਸਚਿਤ ਸੰਕਲਪ ਮੌਜੂਦ ਸੀ। ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਹਥਿਆਰਬੰਦ ਘੋਲ ਦੀ ਆਰੰਭਤਾ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਤੱਤਕਾਲੀਨ ਰਾਜ ਵਿਰੁਧ ਐਲਾਨਿ-ਜੰਗ ਕੀਤਾ ਤੇ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ, ਉਦੋਂ ਵੀ ਉਹਨਾਂ ਦੇ ਜ਼ਹਿਨ ਵਿਚ ਇਕ ਸੁਚੱਜੇ ਰਾਜ ਦੀ ਬਣਤਰ ਮੌਜੂਦ ਸੀ। ਕਹਿਣ ਤੋਂ ਭਾਵ ਹੈ ਕਿ ਗੁਰੂ ਪਰੰਪਰਾ ਦੇ

---

[134] ਰਣਧੀਰ ਸਿੰਘ, ਸੰਪਾ. (1975) *ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 74.

[135] ਉਹੀ, ਪੰ. 79.

ਪ੍ਰਤੀਕਰਮ ਪਿਛੇ ਰਾਜ ਪ੍ਰਤੀ ਇਕ ਸੰਪੂਰਣ ਸੋਚ ਕਾਰਜਸ਼ੀਲ ਸੀ। ਅਸਲ ਵਿਚ, ਜਦੋਂ ਵਿਹਾਰ ਗੁਰੂ ਪਰੰਪਰਾ ਤੱਤਕਾਲੀਨ ਰਾਜ ਦਾ ਖੰਡਨ ਕਰ ਰਹੀ ਹੁੰਦੀ ਹੈ ਓਦੋਂ ਸਿਧਾਂਤ ਰੂਪ ਵਿਚ ਉਸਦੇ ਹਿਰਦੇ ਵਿਚ ਇਕ ਸੁਚੱਜੇ ਰਾਜ ਦਾ ਸੰਕਲਪ ਸਮਾਇਆ ਹੁੰਦਾ ਹੈ।"[136] ਸਿੱਖਾਂ ਦੇ ਯੁੱਧ ਵਿੱਚ ਵੀ ਇਖਲਾਕੀ ਕਿਰਦਾਰ ਦਾ ਪ੍ਰਭਾਵ ਸਿੱਖ ਸਿਮਰਤੀਆਂ ਵਿੱਚ ਅਠ੍ਹਾਰਵੀਂ ਸਦੀ ਅਤੇ ਉਨ੍ਹੀਂਵੀਂ ਸਦੀ ਦੇ ਸਿੱਖ ਸੰਘਰਸ਼ ਸਮੇਂ ਵੀ ਕਾਇਮ ਰਿਹਾ, ਉਹਨਾਂ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਲੱਖਣ ਰਾਜਨੀਤੀ ਦਾ ਸਬਕ ਲਿਆ। ਅਜੋਕੇ ਸਮੇਂ ਵਿੱਚ ਵੀ ਸਿੱਖ ਰਾਜਨੀਤੀ ਲਈ ਦਸ਼ਾ ਅਤੇ ਦਿਸ਼ਾ ਨਿਰਧਾਰਨ ਦਾ ਕੇਂਦਰ ਸ੍ਰੀ ਅਨੰਦਪੁਰ ਸਾਹਿਬ ਹੈ, ਜਿਥੋਂ ਸਿੱਖ ਸਿਮਰਤੀ ਹਮੇਸ਼ਾਂ ਅਗਵਾਈ ਲੈਂਦੀ ਰਹੀ ਹੈ ਇਸ ਦਾ ਇੱਕ ਨਮੂਨਾ ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਵੀ ਹੈ।

ਸਿੱਖ ਧਰਮ ਅਨੁਸਾਰ ਸਾਰੇ ਮਨੁੱਖ ਇੱਕ ਸਮਾਨ ਹਨ। ਸਿੱਖ ਲਹਿਰ ਅੰਤਰ ਧਰਮ ਸੰਵਾਦ ਅਤੇ ਸਦਭਾਵਨਾ ਦਾ ਰਿਸ਼ਤਾ ਕਾਇਮ ਕਰਨ ਲਈ ਜ਼ਰੂਰੀ ਹੈ। ਨਾਮ ਜਪਣ, ਕਿਰਤ ਕਰਨ, ਵੰਡ ਛਕਣ ਦੇ ਮਹਾਨ ਵਿਲੱਖਣ ਸਿਧਾਂਤਾਂ ਨੇ ਸਮਾਜ ਦਾ ਆਤਮਿਕ/ਸੰਸਾਰੀ ਦੋਹਾਂ ਤਰ੍ਹਾਂ ਦਾ ਉਥਾਨ ਕੀਤਾ ਹੈ ਇਹਨਾਂ ਸਿਧਾਂਤਾਂ ਦਾ ਸਿਖਰ ਹੈ ਸ੍ਰੀ ਅਨੰਦਪੁਰ ਸਾਹਿਬ ਜਿਥੇ ਖ਼ਾਲਸੇ ਦੀ ਸਿਰਜਨਾ ਹੋਈ, ਜਿਸ ਨੇ ਸਿੱਖ ਸਿਮਰਤੀ ਵਿੱਚ ਵਿਲੱਖਣ ਸਥਾਨ ਬਣਾ ਲਿਆ ਹੈ, ਜਿਹੜਾ ਸਿੱਖ ਸਿਮਰਤੀ ਨੂੰ ਵਿਲੱਖਣ ਅਤੇ ਨਿਆਰੇਪਣ ਦੇ ਰਸਤੇ ਉੱਤੇ ਤੁਰਨ ਦੀ ਜਾਂਚ ਸਿਖਾਉਂਦਾ ਹੈ। ਸਿੱਖ ਧਰਮ ਮਾਨਵੀ ਜੀਵਨ ਹਿੱਤਾਂ ਨਾਲ ਸਰੋਸ਼ਾਰ ਹੈ, ਇਹ ਸਮੁੱਚੀ ਮਨੁੱਖਤਾ ਨੂੰ ਆਪਣੇ ਜੀਵਨ ਦੇ ਹੱਕ ਮਾਨਵਮਈ ਅਤੇ ਸੁਤੰਤਰ ਤਰੀਕੇ ਨਾਲ ਮਾਨਣ ਦੀ ਖੁੱਲ੍ਹ ਦਿੰਦਾ ਹੈ।

[136] ਜਸਪਾਲ ਸਿੰਘ (2009) *ਰਾਜ ਦਾ ਸਿੱਖ ਸੰਕਲਪ*, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਪੰ. 15.

# ਅਧਿਆਇ ਤੀਜਾ

# ਸਿੱਖ ਸਾਹਿਤ, ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ

ਇਸ ਅਧਿਆਇ ਵਿੱਚ ਸਿੱਖ ਸਾਹਿਤ ਵਿਸੇਸ਼ ਕਰਕੇ ਕਵਿਤਾ ਨੂੰ ਅਧਾਰ ਬਣਾ ਕੇ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਸਮਝਿਆ ਗਿਆ ਹੈ। ਸਾਹਿਤ ਦੇ ਵਿਭਿੰਨ ਰੂਪਾਂ ਵਿੱਚੋਂ ਕਾਵਿ ਰੂਪ ਨੂੰ ਅਧਿਐਨ ਕਰਨ ਲਈ ਇਸ ਕਰਕੇ ਚੁਣਿਆ ਹੈ। ਕਾਵਿ ਰੂਪ ਵਿੱਚੋਂ ਪ੍ਰਗੀਤ ਦਾ ਵਿਸ਼ੇਸ਼ ਅਧਿਐਨ ਕੀਤਾ ਹੈ। ਭਾਵੇਂ ਸਿੱਖ ਸਾਹਿਤ ਦਾ ਘੇਰਾ ਬਹੁਤ ਵਿਸ਼ਾਲ ਹੈ ਇਸ ਖੋਜ ਕਾਰਜ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਿਤ ਚੋਣਵੀਂਆਂ ਢਾਡੀਵਾਰਾਂ/ਕਵੀਸ਼ਰੀ, ਕਵਿਤਾਵਾਂ ਅਤੇ ਗੀਤਾਂ ਦਾ ਅਧਿਐਨ ਕੀਤਾ ਗਿਆ ਹੈ।

ਸਾਹਿਤ ਵਿੱਚ ਭਾਵਾਂ ਦੀ ਪੇਸ਼ਕਾਰੀ ਸਿਮਰਤੀ ਅਤੇ ਕਲਪਨਾ ਦੇ ਮਾਧਿਅਮ ਰਾਹੀਂ ਹੁੰਦੀ ਹੈ। ਸਾਹਿਤ ਨੂੰ ਪੜ੍ਹਦਿਆਂ ਪਾਠਕ ਆਪਣੀ ਸੁਰਤ ਨੂੰ ਪਵਿੱਤਰ ਸਥਾਨ ਜਾਂ ਘਟਨਾਕ੍ਰਮ ਨਾਲ ਜੁੜਿਆ ਮਹਿਸੂਸ ਕਰਦਾ ਹੈ। ਇਸ ਪ੍ਰਕਾਰ ਸਿਮਰਤੀ ਸਾਹਿਤ ਵਿੱਚ ਸ਼ਾਮਿਲ ਹੁੰਦੀ ਹੈ। ਸਾਹਿਤਕ ਸਿਮਰਤੀ ਦੀ ਵਿਸ਼ੇਸ਼ਤਾ ਹੈ ਕਿ ਇਸ ਰਾਹੀਂ ਅਤੀਤ ਨੂੰ ਵਰਤਮਾਨ ਵਿੱਚ ਪੇਸ਼ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਦੇ ਮੁੱਢਲੇ ਸ੍ਰੋਤ ਕਾਵਿ ਰੂਪ ਵਿੱਚ ਮਿਲਦੇ ਹਨ।

ਸਾਹਿਤਕ ਸਿਮਰਤੀ ਇੱਕ ਤਰ੍ਹਾਂ ਨਾਲ ਸਮਕਾਲ ਦੀ ਪ੍ਰਤੀਨਿਧ ਹੁੰਦੀ ਹੈ। ਸਾਹਿਤ ਦੇ ਰੂਪਾਕਾਰ ਆਪਣੀ ਪ੍ਰਗਟਾਓ ਸ਼ਕਤੀ ਨਾਲ ਸਮਾਜ ਦੇ ਵਰਤਾਰੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੇ ਹਨ। "ਸਾਹਿਤ ਸੰਸਕ੍ਰਿਤ ਸ਼ਬਦ ਸਾਹਿਤਯਮ ਦਾ ਪੰਜਾਬੀ ਰੂਪ ਹੈ। ਇਸ ਦੇ ਕੋਸ਼ਗਤ ਅਰਥ ਹਨ ਸੰਜੋਗ, ਮੇਲ ਤੇ ਸਾਥ। ਅਰਥ ਵਿਸਤਾਰ ਕਾਰਣ ਇਕ ਸ਼ਬਦ ਨੂੰ ਵਾਕਾਂ ਵਿਚ ਪਦਾਂ ਦੇ ਸੁਯੋਗ ਸੰਬੰਧ ਵਿਚ ਵਰਤਿਆ ਜਾਣ ਲੱਗ ਪਿਆ। ਇਸ ਤਰ੍ਹਾਂ ਹੌਲੀ-ਹੌਲੀ ਸਾਹਿਤ ਸ਼ਬਦ ਸੋਹਣੇ ਵਿਚਾਰਾਂ ਤੇ ਸੋਹਣੇ ਲਿਖਣ ਢੰਗ ਦੇ ਸੁਮੇਲ ਲਈ ਪ੍ਰਯੁਕਤ ਹੋਣ ਲੱਗਾ। ਅੱਜ ਕੱਲ ਸਾਹਿਤ ਦਾ ਭਾਵ ਹੈ ਅਜਿਹੀ ਰਚਨਾ ਜਿਸ ਵਿਚ ਸੁੰਦਰ ਵਿਚਾਰ ਸੋਹਣੇ ਤੇ ਦਿਲ ਖਿਚਵੇਂ ਢੰਗ ਨਾਲ ਪੇਸ਼ ਕੀਤੇ ਗਏ ਹੋਣ।"[1] ਸਾਹਿਤਕ ਸਿਮਰਤੀ ਪੁਰਾਤਨ ਸਮੇਂ ਦੀਆਂ ਸਮਾਜਕ ਭਾਵਨਾਵਾਂ ਅਤੇ ਵਿਚਾਰਾਂ ਦਾ ਪ੍ਰਗਟਾਵਾ ਹੁੰਦੀ ਹੈ।

---

[1] ਗੁਰਦਿਤ ਸਿੰਘ ਪ੍ਰੇਮੀ (1971) *ਪੰਜਾਬੀ ਸਾਹਿਤ-ਕੋਸ਼ ਪਰਿਭਾਸ਼ਕ ਸ਼ਬਦਾਵਲੀ, ਭਾਗ-ਪਹਿਲਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ. 156-57.

## 1. ਸਿੱਖ ਸਿਮਰਤੀ ਅਤੇ ਸਾਹਿਤ

ਸਿੱਖ ਸਿਮਰਤੀ ਸਿੱਖ ਵਿਸ਼ਵਾਸ, ਸੰਸਕਾਰਾਂ, ਰਸਮਾਂ ਰਿਵਾਜਾਂ ਵਿੱਚ ਪ੍ਰਗਟ ਹੁੰਦੀ ਹੈ। ਇਸ ਦਾ ਅਧਾਰ ਸ੍ਰੋਤ ਲੱਭਣਾ ਹੋਵੇ ਤਾਂ ਸਾਹਿਤ ਅਤੇ ਇਤਿਹਾਸਕ ਲਿਖਤਾਂ ਤੋਂ ਕਾਫੀ ਜਾਣਕਾਰੀ ਮਿਲ ਸਕਦੀ ਹੈ। ਸਾਹਿਤ ਨੂੰ ਜੀਵਨ ਵਿਸ਼ੇਸ਼ ਕਰਕੇ ਧਰਮ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਸਾਹਿਤ ਵਿੱਚ ਭਾਵਾਂ ਦੀ ਪੇਸ਼ਕਾਰੀ ਹੁੰਦੀ ਹੈ ਅਤੇ ਧਰਮ ਮਨੁੱਖੀ ਭਾਵਨਾਵਾਂ ਦਾ ਪ੍ਰਗਟਾਅ ਹੁੰਦਾ ਹੈ। ਸਿਮਰਤੀ ਦਾ ਰੁਪਾਂਤਰਨ ਭਾਵਨਾਵਾਂ ਦੇ ਮਾਧਿਅਮ ਰਾਹੀਂ ਹੁੰਦਾ ਹੈ। ਸਾਹਿਤਕਾਰ ਯਥਾਰਥ ਸੰਸਾਰ ਵਿੱਚ ਜੋ ਕੁੱਝ ਦੇਖਦਾ ਹੈ ਜਾਂ ਅਨੁਭਵ ਕਰਦਾ ਹੈ, ਉਸ ਨੂੰ ਉਸੇ ਰੂਪ ਵਿੱਚ ਪ੍ਰਗਟ ਨਹੀਂ ਕਰਦਾ ਸਗੋਂ ਉਸ ਦੀ ਸੱਭਿਆਚਾਰਕ ਸਿਮਰਤੀ ਤੋਂ ਪ੍ਰਭਾਵਿਤ ਹੁੰਦਾ ਹੈ।

ਸਾਹਿਤ ਦੀ ਸਿਰਜਨਾ ਵਿੱਚ ਸਿਮਰਤੀ ਹੀ ਅਜਿਹਾ ਤੱਤ ਹੈ ਜੋ ਸਾਹਿਤਕਾਰ ਅਤੇ ਪਾਠਕ ਦੇ ਮਨ ਉੱਪਰ ਵੱਧ ਪ੍ਰਭਾਵ ਪਾਉਂਦਾ ਹੈ। ਸਾਹਿਤ ਨੂੰ ਪੜ੍ਹਦਿਆਂ ਪਾਠਕ ਆਪਣੀ ਸੁਰਤ ਨੂੰ ਉਸ ਸਥਾਨ ਜਾਂ ਘਟਨਾਕ੍ਰਮ ਵਿੱਚ ਲੈ ਕੇ ਜਾਂਦਾ ਹੈ ਅਤੇ ਉਸ ਵਾਤਾਵਰਨ ਨਾਲ ਜੁੜਿਆ ਮਹਿਸੂਸ ਕਰਦਾ ਹੈ। ਇਸ ਕਰਕੇ ਸਿਮਰਤੀ ਅਧਿਐਨ ਵਿੱਚ ਸਾਹਿਤ ਨੂੰ ਅਧਾਰ ਸ੍ਰੋਤ ਵਜੋਂ ਲਿਆ ਜਾਂਦਾ ਹੈ। "ਸਾਹਿਤ ਕੋਮਲ ਕਲਾ ਹੈ ਅਤੇ ਹੋਰ ਕੋਮਲ ਰੂਪਾਂ ਦੀ ਤਰ੍ਹਾਂ ਇਹ ਵੀ ਰੱਬੀ ਦਾਤ ਹੈ। ਇਸਦਾ ਸੰਬੰਧ ਮਨੁੱਖ ਦੇ ਅੰਦਰਲੇ ਜਗਤ ਨਾਲ ਹੈ। ਇਹ ਕਲਾ ਅੰਦਰਲੇ ਜਗਤ ਨੂੰ ਹਲੂਣਦੀ, ਪ੍ਰੇਰਦੀ ਅਤੇ ਵਿਕਾਸ ਮਾਰਗ ਉਪਰ ਤੋਰਦੀ ਹੈ। ਪਦਾਰਥਕ ਜਗਤ ਨਾਲ ਇਸ ਦਾ ਕੋਈ ਸੰਬੰਧ ਨਹੀਂ। ਸਾਹਿਤ ਜਿਉਂ ਹੀ ਬਾਹਰਲੇ ਜਗਤ ਬਿਆਨ ਕਰਦਿਆਂ ਹੋਇਆ ਆਪਣੇ ਮੰਤਵ ਨੂੰ ਇਥੋਂ ਤਕ ਸੀਮਿਤ ਰਖਦਾ ਹੈ ਤਾਂ ਇਹ ਸਥੂਲ ਰੂਪ ਅਤੇ ਪ੍ਰਭਾਵ ਗ੍ਰਹਿਣ ਕਰਦਾ ਹੈ ਅਤੇ ਇਹ ਸੁੱਚੇ ਸਾਹਿਤ ਦਾ ਸੁਭਾ ਜਾਂ ਮਨੋਰਥ ਨਹੀਂ ਬਾਹਰਲਾ ਜਗਤ ਸਾਹਿਤ ਦਾ ਹਥਿਆਰ ਮਾਤਰ ਹੈ। ਇਸਦਾ ਅਸਲੀ ਖੇਤਰ ਅੰਦਰਲਾ ਜਗਤ ਹੈ। ਇਹ ਇਕ ਤਰ੍ਹਾਂ ਨਾਲ ਮਨੁੱਖ ਦੇ ਅੰਦਰਲੇ ਜਗਤ ਦਾ ਅੰਗ ਸੰਗ, ਇਸਦੀ ਖੋਜ, ਇਸਦੀ ਖੁਰਾਕ ਅਤੇ ਇਸਦੇ ਗਤੀਸ਼ੀਲ ਹੋਣ ਦਾ ਪ੍ਰਮਾਣ ਹੈ।"[2]

---

[2] ਦਰਸ਼ਨ ਸਿੰਘ (1972) *ਪੰਜਾਬੀ ਸਾਹਿੱਤ ਕੋਸ਼, ਭਾਗ-ਪਹਿਲਾ,* ਸੁਰਿੰਦਰ ਸਿੰਘ ਕੋਹਲੀ, ਸੰਪਾ., ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰ.398.

ਸਾਹਿਤਕ ਸਿਮਰਤੀ ਭਾਵਾਂ ਅਤੇ ਰਸ ਦੇ ਸੰਚਾਰ ਵਿੱਚ ਵੀ ਸਹਾਇਕ ਹੁੰਦੀ ਹੈ। ਸਾਹਿਤਕ ਸਿਮਰਤੀ ਇੱਕ ਤਰ੍ਹਾਂ ਨਾਲ ਆਪਣੇ ਯੁੱਗ ਦੀ ਪ੍ਰਤੀਨਿਧ ਹੁੰਦੀ ਹੈ ਜੋ ਆਪਣੀ ਪ੍ਰਗਟਾਓ ਸ਼ਕਤੀ ਨਾਲ ਸਮਾਜ ਦੇ ਵਰਤਾਰੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੀ ਹੈ। ਸਾਹਿਤਕ ਸਿਮਰਤੀ ਪੁਰਾਤਨ ਸਮੇਂ ਦੀਆਂ ਸਮਾਜਕ ਭਾਵਨਾਵਾਂ ਅਤੇ ਵਿਚਾਰਾਂ ਦਾ ਪ੍ਰਗਟਾਵਾ ਹੁੰਦੀ ਹੈ। ਸਾਹਿਤ ਦਾ ਮਨੋਰਥ ਸੱਚ ਦੀ ਪੇਸ਼ਕਾਰੀ ਹੈ। ਪਾਠਕਾਂ ਨੂੰ ਜਦੋਂ ਆਪਣੀਆਂ ਭਾਵਨਾਵਾਂ ਨਾਲ ਜੋੜਨ ਲਈ ਕੋਈ ਲੇਖਕ ਸਾਹਿਤ ਦੀ ਰਚਨਾ ਕਰਦਾ ਹੈ ਤਾਂ ਉਹ ਰਚਨਾ ਵਿੱਚ ਉਹਨਾਂ ਪੱਖਾਂ ਨੂੰ ਆਧਾਰ ਬਣਾਉਂਦਾ ਹੈ ਜੋ ਉਸ ਦੀ ਸਿਮਰਤੀ ਵਿੱਚ ਹੁੰਦੀਆਂ ਹਨ। ਸਿਮਰਤੀ ਨੂੰ ਮਨੁੱਖ ਪੀੜ੍ਹੀ ਦਰ ਪੀੜ੍ਹੀ ਗ੍ਰਹਿਣ ਕਰਦਾ ਹੈ। ਸਾਹਿਤਕਾਰ ਸਾਹਿਤ ਵਿੱਚ ਸਮਕਾਲੀ, ਸਮਾਜਕ, ਰਾਜਨੀਤਕ, ਆਰਥਕ ਅਤੇ ਧਾਰਮਕ ਪ੍ਰਸਥਿਤੀਆਂ ਨੂੰ ਆਪਣੀ ਸਿਮਰਤੀ ਰਾਹੀਂ ਸਾਹਿਤ ਦੇ ਵਿਭਿੰਨ ਰੂਪਾਂ ਵਿੱਚ ਪੇਸ਼ ਕਰਦਾ ਹੈ। ਇਸ ਕਰਕੇ ਸਾਹਿਤਕ ਕ੍ਰਿਤਾਂ ਸਿਮਰਤੀ ਨੂੰ ਸੰਭਾਲਦੀਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਂਦੀਆਂ ਹਨ।

ਸਾਹਿਤਕਾਰ ਆਪਣੇ ਅਵਚੇਤਨ ਮਨ ਰਾਹੀਂ ਸਿਮਰਤੀ ਦੇ ਸਹਾਰੇ ਭੂਤਕਾਲ ਵਿੱਚ ਵਾਪਰੀ ਘਟਨਾ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ। ਸਿੱਖ ਸਾਹਿਤ ਮੁੱਖ ਰੂਪ ਵਿੱਚ ਸਟੇਜੀ ਕਾਵਿ ਹੈ ਕਿਉਂਕਿ ਗੁਰੂ ਕਾਲ ਤੋਂ ਸਿੱਖ ਸੰਗਤ ਵਿੱਚ ਵਾਰਾਂ ਗਾਉਣ ਦੀ ਪਰੰਪਰਾ ਪ੍ਰਚਲਤ ਹੈ ਇਸ ਕਰਕੇ, ਢਾਡੀ ਵਾਰਾਂ, ਕਵੀਸ਼ਰੀ ਆਦਿ ਦੀਆਂ ਰਚਨਾਵਾਂ ਲੇਖਕਾਂ ਦੀ ਸਿਮਰਤੀ ਵਿੱਚੋਂ ਸਹਿਜੇ ਹੀ ਉਪਜਦੀਆਂ ਹਨ ਕਿਉਂਕਿ ਉਹਨਾਂ ਦੇ ਮਨਾਂ ’ਤੇ ਉਸ ਸਮੇਂ ਜਾਂ ਸਮਾਜ ਦੇ ਹਾਲਾਤਾਂ ਦਾ ਪ੍ਰਭਾਵ ਹੁੰਦਾ ਹੈ।

## 2. ਸਿੱਖ ਸਿਮਰਤੀ ਅਤੇ ਸੱਭਿਆਚਾਰ

ਸੱਭਿਆਚਾਰ ਇੱਕ ਜੀਵਨ-ਜੁਗਤ ਹੈ ਜੋ ਕਿਸੇ ਦੇਸ ਜਾਂ ਭਾਈਚਾਰੇ ਦੀ ਆਤਮਾ ਹੁੰਦੀ ਹੈ। ਸੱਭਿਆਚਾਰ ਮਨੁੱਖੀ ਕੌਮੀ ਸੰਸਕਾਰਾਂ ਅਤੇ ਵਿਸ਼ਵਾਸ ਦਾ ਲੰਮੇ ਸਮੇਂ ਵਿੱਚ ਘੜਿਆ ਅਤੇ ਸੰਵਾਰਿਆ ਸਰੂਪ ਹੁੰਦਾ ਹੈ। ਸੱਭਿਆਚਾਰ ਮਨੁੱਖੀ ਜੀਵਨ ਦਾ ਉਹ ਅੰਗ ਹੈ ਜੋ ਮਨੁੱਖ ਨੂੰ ਹੋਰਨਾਂ ਪ੍ਰਾਣੀਆਂ ਤੋਂ ਵੱਖ ਕਰਦਾ ਹੈ। ਸੱਭਿਆਚਾਰ ਉਹ ਸੰਤੁਲਤ ਜੀਵਨ ਜਾਂਚ ਹੈ ਜੋ ਸਾਨੂੰ ਮਨ, ਵਚਨ, ਕਰਮ ਕਰਕੇ ਸਹੀ ਅਤੇ ਯੋਗ ਕਾਰਜ ਕਰਨਾ ਸਿਖਾਉਂਦਾ ਹੈ। “ਸੱਭਿਆਚਾਰ ਦਾ ਅਰਥ ਇਸ ਨੂੰ ‘ਸਭਿਆ+ਆਚਾਰ’ ਵਾਂਗ ਨਿਖੇੜ ਕੇ ਬਿਲਕੁਲ

ਨਿੱਖਰ ਕੇ ਸਾਹਮਣੇ ਆ ਜਾਂਦਾ ਹੈ ਅਰਥਾਤ ਸਭਿਆ (ਸਾਊ) ਸੁਲਝਿਆ ਸੁਧਰਿਆ ਆਚਰਨ ਹੀ ਸੱਭਿਆਚਾਰ ਹੈ ਪਰ ਇਹ ਗੱਲ ਕੇਵਲ ਵਿਅਕਤੀ ਨਾਲ ਜੁੜਦੀ ਹੈ, ਜਦੋਂ ਇਹ ਸ਼ਬਦ ਅਸੀਂ ਸਮਾਜ ਲਈ ਵਰਤਦੇ ਹਾਂ ਤਾਂ ਇਸ ਦੇ ਅਰਥ ਵੀ ਸਮਾਜ ਜਿੰਨੇ ਹੀ ਵਿਸ਼ਾਲ ਹੋ ਜਾਂਦੇ ਹਨ। ਇਸੇ ਲਈ ਹੀ ਸੱਭਿਆਚਾਰ ਨੂੰ ਕਈ ਵਾਰੀ ਸਭਿਅਤਾ ਜਾਂ ਸਦਾਚਾਰ ਦੇ ਅਰਥਾਂ ਲਈ ਵੀ ਵਰਤ ਲਿਆ ਜਾਂਦਾ ਹੈ। ਸ਼ਬਦ 'ਸੰਸਕ੍ਰਿਤੀ' ਸੁਧਰੀ-ਸੰਵਾਰੀ ਉਚੇਰੀ ਅਵਸਥਾ ਵੱਲ ਸੰਕੇਤ ਕਰਦਾ ਹੈ ਅਤੇ ਸ਼ਬਦ ਸੱਭਿਆਚਾਰ ਜਾਂ ਕਲਚਰ ਪਾਲਣਾ, ਪੋਸਣਾ ਅਤੇ ਸਾਧਨਾ ਨਾਲ ਸੰਬੰਧਤ ਹੈ।"[3]

ਸੱਭਿਆਚਾਰ ਦਾ ਸੰਬੰਧ ਵੀ ਮਨੁੱਖੀ ਰਹਿਣ-ਸਹਿਣ ਅਤੇ ਜੀਵਨ ਜਾਂਚ ਨਾਲ ਹੈ। ਜ਼ਿਕਰਯੋਗ ਹੈ ਕਿ ਧਰਮ ਨੇ ਸੱਭਿਆਚਾਰਕ ਸਿਰਜਨਾ ਵਿੱਚ ਅਹਿਮ ਯੋਗਦਾਨ ਪਾਇਆ ਹੈ। ਸਿੱਖ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ ਕੀਤੀ ਸਰਬ ਸਾਂਝੀ ਗੁਰਬਾਣੀ ਨਾਲ ਸਿੱਖ ਸੱਭਿਆਚਾਰ ਵੀ ਇੱਕ ਸਾਂਝਾ, ਮੁਕੰਮਲ ਨਿਆਰਾ ਅਤੇ ਮਨੁੱਖ ਦਾ ਬਹੁ-ਪੱਖੀ ਸੱਭਿਆਚਾਰ ਹੈ। ਸੱਭਿਆਚਾਰ ਕਦਰਾਂ-ਕੀਮਤਾਂ ਮਨੁੱਖ ਨੂੰ ਸਧਾਰਨ ਤੋਂ ਉੱਤਮ ਮਨੁੱਖ ਵਿੱਚ ਤਬਦੀਲ ਕਰਨ ਲਈ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਗੁਰਬਾਣੀ ਨੇ ਜਾਤ-ਅਧਾਰਤ ਵੰਡ-ਵਾਦੀ ਸੱਭਿਆਚਾਰ ਦੀ ਥਾਂ ਨਵਾਂ ਸਰਬਸਾਂਝਾ ਸੱਭਿਆਚਾਰ ਸਿਰਜਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਸਮੇਤ ਦਸ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਦੁਆਰਾ ਗੁਰਮਤਿ ਵਿਚਾਰਧਾਰਾ ਉੱਤੇ ਅਧਾਰਿਤ ਇਸ ਸੱਭਿਆਚਾਰ ਨੂੰ ਹੋਂਦ ਵਿੱਚ ਲਿਆਂਦਾ ਹੈ। ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੇ ਅਸੂਲਾਂ 'ਤੇ ਸਿੱਖ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਜੋ ਆਚਾਰ, ਸ਼ਾਸਤਰ, ਸਦਾਚਾਰ, ਦ੍ਰਿੜ੍ਹ ਕਰਵਾਇਆ ਗਿਆ ਹੈ, ਉਹ ਇਸ ਦਾ ਮੂਲ ਅਧਾਰ ਹੈ। ਗੁਰਬਾਣੀ ਦੇ ਮਹਾਂਵਾਕ ਅਨੁਸਾਰ:-

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥[4]
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤ ਪਛੋਤਾਈਐ॥[5]

---

3 ਸੁਰਮੁਖ ਸਿੰਘ (2010) "ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੱਭਿਆਚਾਰਕ ਪੱਖ", *ਗੁਰਮਤਿ-ਦਰਸ਼ਨ ਅਤੇ ਸਿੱਖ-ਸੱਭਿਆਚਾਰ,* ਸਿਮਰਜੀਤ ਸਿੰਘ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 96.

4 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 26.

5 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 918.

ਸਿੱਖ ਸੱਭਿਆਚਾਰ 'ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ'[6] ਦੇ ਸਿਧਾਂਤਕ ਅਧਾਰ 'ਤੇ ਪ੍ਰਫੁੱਲਤ ਹੋਇਆ ਹੈ, ਇਸ ਸੱਭਿਆਚਾਰ ਦੇ ਵਿਕਾਸ ਲਈ ਗੁਰੂ ਨਾਨਕ ਜੋਤ ਨੇ ਸਿੱਖ ਸਿਧਾਂਤ ਸਥਾਨ ਅਤੇ ਸੰਸਥਾਵਾਂ ਵਿਕਸਤ ਕੀਤੀਆਂ। ਇਸੇ ਲੜੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਕੇਸਗੜ੍ਹ ਸਾਹਿਬ ਦਾ ਸਿੱਖ ਸੱਭਿਆਚਾਰ ਵਿੱਚ ਇੱਕ ਨਿਵੇਕਲਾ ਸਥਾਨ ਬਣਦਾ ਹੈ। ਹਰ ਦੇਸ, ਕੌਮ ਜਾਂ ਸਮਾਜ ਆਪਣੇ ਸੱਭਿਆਚਾਰ 'ਤੇ ਗੌਰਵ ਮਹਿਸੂਸ ਕਰਦਾ ਹੈ। "ਸੱਭਿਆਚਾਰਕ ਕਦਰਾਂ ਕੀਮਤਾਂ ਕੌਮੀ ਜੀਵਨ ਨੂੰ ਏਕਤਾ, ਦ੍ਰਿੜ੍ਹਤਾ ਅਤੇ ਉਸਾਰੂ ਸੋਚ ਬਖ਼ਸ਼ਦੀਆਂ ਹਨ। ਕਿਰਤ ਕਰਦਿਆਂ, ਨਾਮ ਜਪਦਿਆਂ ਅਤੇ ਵੰਡ ਕੇ ਛਕਦਿਆਂ, ਦੁੱਖ ਅਤੇ ਸੁਖ ਨੂੰ ਸਮ ਕਰਕੇ ਜਾਣਨ ਦੇ ਅਹਿਮ ਗੁਣਾਂ ਨੂੰ ਧਾਰਨ ਕਰਦੇ ਹੋਏ ਸ਼ਖ਼ਸੀਅਤ ਦੇ ਵਿਕਾਸ ਨੂੰ ਗਤੀਸ਼ੀਲ ਬਣਾਉਣਾ ਹੈ ਤਾਂਕਿ ਇਸ ਸੱਭਿਆਚਾਰ ਵਿੱਚ ਰਹਿਣ ਵਾਲਾ ਹਰੇਕ ਮਨੁੱਖ ਅੰਦਰੋਂ ਅਤੇ ਬਾਹਰੋਂ ਸਭਿਅਕ ਬਣੇ।"[7] ਸਿੱਖ ਸੱਭਿਆਚਾਰ ਦਾ ਮੂਲ ਅਧਿਆਤਮਕਤਾ ਹੈ, ਅਧਿਆਤਮਕਤਾ ਸਿੱਖਾਂ ਨੂੰ ਨੈਤਿਕ ਅਤੇ ਸਦਾਚਾਰੀ ਬਣਾਉਂਦੀ ਹੈ। ਬਿਨਾਂ ਅਧਿਆਤਮਕ ਅਨੁਭਵ ਦੇ ਮਨੁੱਖ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਤਾਂ ਹੋ ਸਕਦਾ ਹੈ ਪਰ ਜੀਵਨ ਨੂੰ ਅਸਲ ਅਨੰਦ ਦੇਣ ਵਾਲਾ ਅਨੁਭਵ ਬਿਨਾਂ ਅਧਿਆਤਮਕਤਾ ਤੋਂ ਸੰਭਵ ਨਹੀਂ। ਸਿੱਖ ਅਧਿਆਤਮਕ ਆਤਮ ਦੀ ਖੋਜ ਹੈ ਮਨੁੱਖੀ ਆਤਮ ਉਸ ਦੇ ਭੂਤ ਕਾਲ ਨਾਲ ਸੰਬੰਧਤ ਹੁੰਦਾ ਹੈ। ਸੱਭਿਆਚਾਰ ਦੇ ਨਾਲ-ਨਾਲ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਨਾਲ ਸੰਬੰਧਤ ਪੁਰਬ ਅਤੇ ਜੋੜ ਮੇਲੇ ਸਿੱਖ ਸਿਮਰਤੀ ਲਈ ਸਮੇਂ-ਸਮੇਂ ਸਿਰ ਕਦਰਾਂ ਕੀਮਤਾਂ ਸਿਰਜਦੇ ਹਨ।

ਸਿੱਖ ਸੱਭਿਆਚਾਰਕ ਸਿਮਰਤੀ ਵਿੱਚ ਗੁਰਪੁਰਬਾਂ ਅਤੇ ਜੋੜ ਮੇਲਿਆਂ ਦਾ ਅਹਿਮ ਯੋਗਦਾਨ ਹੈ। ਸਿੱਖ ਜੋੜ ਮੇਲੇ ਸਿੱਖ ਸੰਗਤ ਲਈ ਧਾਰਮਕ, ਸਮਾਜਕ, ਆਰਥਕ ਅਤੇ ਰਾਜਨੀਤਕ ਚੇਤਨਾ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਿੱਖ ਜੋੜ ਮੇਲਿਆਂ, ਧਾਰਮਕ ਸਮਾਗਮਾਂ, ਪੁਰਬਾਂ ਵਿੱਚ ਸ਼ਾਮਿਲ ਹੋ ਕੇ ਸਿਮਰਤੀ ਰਾਹੀਂ ਆਪਣੇ ਇਤਿਹਾਸ ਨਾਲ ਜੁੜਿਆ ਮਹਿਸੂਸ ਕਰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ; "ਸਿੱਖ ਪੁਰਬ ਦੇ ਸ਼ਬਦੀ ਅਰਥ ਅਨੰਦ ਦੇਣ ਵਾਲਾ ਪੁਰਬ ਹੈ, ਜਿਸ ਵਿਚ ਉਹ ਉਤਸਵ,

---

6 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 1.

7 ਪਿਆਰਾ ਸਿੰਘ ਪਦਮ (ਫਰਵਰੀ 1998) "ਸਿੱਖ ਸੱਭਿਆਚਾਰ" *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 56.

ਤਿਉਹਾਰ ਜਾਂ ਜੋੜ ਮੇਲੇ ਸ਼ਾਮਲ ਕੀਤੇ ਜਾਂਦੇ ਹਨ, ਜਿਨ੍ਹਾਂ ਦਾ ਸਬੰਧ ਗੁਰੂ ਦੀ ਪ੍ਰੇਮ-ਭਗਤੀ ਅਤੇ ਭੈ ਭਾਵਨੀ ਨਾਲ ਹੈ। ਇਹਨਾਂ ਕਾਰਜਾਂ ਵਿਚ ਸਿੱਖ ਆਪ ਇਸ਼ਨਾਨ, ਨਾਮ-ਦਾਨ ਦ੍ਰਿੜ ਕਰਦੇ ਹੋਏ ਹੋਰਨਾਂ ਨੂੰ ਪ੍ਰੇਰਦੇ ਹਨ।"[8]

ਸਿੱਖ ਧਰਮ ਨਾਲ ਸੰਬੰਧਤ ਦਿਹਾੜੇ ਵਿਸ਼ੇਸ਼ ਕਰਕੇ ਵਿਸਾਖੀ ਦੇ ਮੌਕੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖ਼ਾਲਸਾ ਪੰਥ, ਪੰਜਾਂ ਪਿਆਰਿਆਂ ਅਤੇ ਗੁਰੂ ਪਰੰਪਰਾ ਵਿੱਚੋਂ ਆਪੇ ਗੁਰ ਚੇਲਾ ਦੇ ਸਿਧਾਂਤ ਨੂੰ ਆਪਣੀ ਸਿਮਰਤੀ ਵਿੱਚ ਦੁਹਰਾਉਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਨਾਲ ਸਿੱਖ ਕੌਮ ਦੀ ਬੀਰਤਾ, ਨਿਡਰਤਾ ਅਤੇ ਕੁਰਬਾਨੀ ਦੀ ਸਿਮਰਤੀ ਜੁੜਦੀ ਹੈ। ਜੋੜ-ਮੇਲਿਆਂ ਅਤੇ ਸਿੱਖ-ਪੁਰਬਾਂ 'ਤੇ ਇਕੱਤਰ ਹੋਈ ਸੰਗਤ ਸਟੇਜੀ ਕਵੀਆਂ, ਢਾਡੀਆਂ, ਕਵੀਸ਼ਰਾਂ ਨੂੰ ਸੁਣਦੀ ਹੈ। ਕਵਿਤਾਵਾਂ ਅਤੇ ਵਾਰਾਂ ਰਾਹੀਂ ਸਿੱਖ ਇਤਿਹਾਸ ਦੇ ਪ੍ਰਸੰਗ ਪੇਸ਼ ਕੀਤੇ ਜਾਂਦੇ ਹਨ ਜੋ ਸਿੱਖ ਸਿਮਰਤੀ ਦੀ ਲਗਾਤਾਰਤਾ ਅਤੇ ਸਿਮਰਤੀ ਦੇ ਰੂਪਾਂਤਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਿੱਖ ਇਤਿਹਾਸ ਵਿੱਚ ਗੁਰੂ ਸ਼ਹਾਦਤ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਪ੍ਰਸੰਗ ਸਿੱਖਾਂ ਨੂੰ ਇਤਿਹਾਸ ਨਾਲ ਜੋੜਦੇ ਹਨ।

ਸ੍ਰੀ ਮੁਕਤਸਰ ਸਾਹਿਬ ਦੇ ਸਥਾਨ ਨਾਲ ਸੰਬੰਧਤ ਚਾਲੀ ਮੁਕਤਿਆਂ ਦਾ ਇਤਿਹਾਸ ਸਿੱਖ ਸਿਮਰਤੀ ਦਾ ਅਨਿੱਖੜਵਾਂ ਅੰਗ ਹੈ। ਟੁੱਟੀ-ਗੰਢਣ ਨਾਲ ਗੁਰੂ ਅਤੇ ਸਿੱਖ ਦੇ ਰਿਸ਼ਤੇ ਦੀ ਯਾਦ ਤਾਜ਼ਾ ਹੁੰਦੀ ਹੈ। ਟੁੱਟੀ-ਗੰਢੀ ਗਈ ਸ੍ਰੀ ਮੁਕਤਸਰ ਸਾਹਿਬ ਵਿਖੇ ਪਰੰਤੂ ਇਹ ਟੁੱਟੀ ਸ੍ਰੀ ਅਨੰਦਪੁਰ ਸਾਹਿਬ ਕਿਲ੍ਹੇ ਦੀ ਘੇਰਾ-ਬੰਦੀ ਦੌਰਾਨ ਵਾਪਰੀ ਸੀ "ਧਾਰਮਕ ਮਨੁੱਖ ਆਪਣੇ ਆਪ ਨੂੰ ਆਮ ਜਾਂ ਅਪਵਿੱਤਰ ਸਮੇਂ ਦੀ ਗ੍ਰਿਫਤ ਵਿੱਚੋਂ ਬਾਹਰ ਕੱਢਦਾ ਹੈ। ਜਦੋਂ ਉਹ ਕਿਸੇ ਧਾਰਮਕ ਸਥਾਨ ਵਿਚ ਜਾਂਦਾ ਹੈ ਤਾਂ ਉਹ ਆਮ ਸਮੇਂ ਨਾਲੋਂ ਅਲੱਗ ਹੋ ਕੇ ਪਵਿੱਤਰ ਪਲਾਂ ਦੀ ਗ੍ਰਿਫਤ ਵਿਚ ਚਲਾ ਜਾਂਦਾ ਹੈ। ਜਿਥੇ ਉਸਦਾ ਇਤਿਹਾਸਕ ਵਰਤਮਾਨ ਮਿਥਿਹਾਸਕ ਬੀਤੇ ਕਾਲ ਨਾਲ ਜਾ ਜੁੜਦਾ ਹੈ।"[9] ਜਦੋਂ ਵੀ ਜਗਿਆਸੂ ਕਿਸੇ ਇਤਿਹਾਸਕ ਅਸਥਾਨ ਤੇ ਜਾਂਦਾ ਹੈ, ਤਾਂ ਉਹ ਉੱਥੋਂ ਦੀਆਂ ਬੀਤੀਆਂ ਘਟਨਾਵਾਂ ਵਿੱਚ ਸਿਮਰਤੀ ਰਾਹੀਂ ਸ਼ਾਮਿਲ ਹੋਇਆ ਮਹਿਸੂਸ ਕਰਦਾ ਹੈ।

---

8 ਭਾਈ ਕਾਨ੍ਹ ਸਿੰਘ ਨਾਭਾ (2010) *ਗੁਰਮਤਿ ਮਾਰਤੰਡ,* ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 383.

9 ਗੁਰਮੀਤ ਸਿੰਘ ਸਿੱਧੂ (2014) *ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ,* ਗੁਰਗਿਆਨ ਬੁਕਸ, ਪਟਿਆਲਾ, ਪੰ. 168.

ਸਿੱਖ ਸਿਮਰਤੀ ਦੇ ਸਹਾਰੇ ਇਤਿਹਾਸ ਵਿੱਚੋਂ ਵੈਰਾਗ, ਰੂਹਾਨੀਅਤ, ਬੀਰਤਾ ਅਤੇ ਸ਼ਹਾਦਤ ਦੇ ਅਨੁਭਵ ਨੂੰ ਨਿਰੰਤਰ ਮਾਣਦਾ ਰਹਿੰਦਾ ਹੈ ਅਤੇ ਸਮਾਂ ਆਉਣ ਤੇ ਸੱਚ ਵਾਸਤੇ ਇਤਿਹਾਸ ਨੂੰ ਦੁਹਰਾਉਣ ਲਈ ਸਭ ਤੋਂ ਅੱਗੇ ਹੋਣ ਨੂੰ ਤਰਜੀਹ ਦਿੰਦਾ ਹੈ। ਜਦੋਂ ਵੀ ਸਿੱਖ ਪਰੰਪਰਾ ਵਿੱਚ ਇਤਿਹਾਸਕ ਦਿਹਾੜਿਆਂ ਨਾਲ ਸੰਬੰਧਤ ਜੋੜ-ਮੇਲਿਆਂ ਦਾ ਮੌਕਾ ਬਣਦਾ ਹੈ ਤਾਂ ਸਿੱਖ ਆਪਣੇ ਇਤਿਹਾਸ ਵਿੱਚ ਵਾਪਰੀਆਂ ਘਟਨਾਵਾਂ ਤੋਂ ਸੁਚੱਜੀ ਜੀਵਨ ਜਾਚ ਨੂੰ ਸਿਰਜਣ ਲਈ ਸਦਗੁਣਾਂ ਨੂੰ ਧਾਰਨ ਕਰਦੇ ਹਨ। ਸਦਗੁਣਾਂ ਦੇ ਸਦਕਾ ਸਿੱਖ ਅੰਦਰ ਅਡੋਲਤਾ ਅਤੇ ਬਹਾਦਰੀ ਕਾਇਮ ਰਹਿੰਦੀ ਹੈ। ਸਿੱਖ ਇਤਿਹਾਸ ਨੂੰ ਰਾਗੀਆਂ-ਢਾਡੀਆਂ, ਕਥਾਕਾਰਾਂ ਅਤੇ ਵਿਦਵਾਨਾਂ ਨੇ ਸਮੇਂ-ਸਮੇਂ 'ਤੇ ਸਿੱਖਾਂ ਦੀ ਸਿਮਰਤੀ ਨੂੰ ਦੁਹਰਾਇਆ, ਜਿਸ ਤੋਂ ਸਿੱਖ ਭਾਈਚਾਰਾ ਯੋਗ ਅਗਵਾਈ ਲੈਂਦਾ ਹੈ। ਸਿੱਖਾਂ ਦੇ ਮਨਾਂ ਉੱਪਰ ਇਤਿਹਾਸਕ ਸਥਾਨ ਅਤੇ ਸਿੱਖ ਸਾਹਿਤ ਨੇ ਗਹਿਰਾ ਪ੍ਰਭਾਵ ਪਾਇਆ। ਸਿੱਖ ਜਿੱਥੇ ਇਤਿਹਾਸਕ ਅਸਥਾਨ ਬਾਰੇ ਪੜ੍ਹਦਾ ਹੈ, ਉੱਥੇ ਸਿੱਖ ਉਸ ਸਥਾਨ ਦੇ ਆਪ ਦਰਸ਼ਨ ਕਰਕੇ ਆਪਣੀ ਸਿਮਰਤੀ ਨੂੰ ਸਿਰਜਦਾ ਹੈ। ਬੀਤ ਚੁੱਕੇ ਸਮੇਂ ਦੀ ਸਿਮਰਤੀ ਪ੍ਰਤੀਕਾਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ, ਇਸ ਲਈ ਸਿੱਖ ਕੌਮ ਦੇ ਝੂਲਦੇ ਨਿਸ਼ਾਨ, ਬੀਤੇ ਸਮੇਂ ਦੇ ਸੰਘਰਸ਼, ਨਿਰਭੈਤਾ, ਅਜ਼ਾਦੀ ਦੇ ਸੰਕਲਪ ਦੇ ਪ੍ਰਤੀਕ ਹਨ। ਇਤਿਹਾਸਕ ਅਸਥਾਨ ਅਤੇ ਸਾਹਿਤ ਅੰਤਰ ਸੰਬੰਧਤ ਹੋਣ ਕਰਕੇ ਇੱਕ ਦੂਜੇ ਦੇ ਪੂਰਕ ਹਨ।

## 3. ਸਾਹਿਤ ਅਤੇ ਸ੍ਰੀ ਅਨੰਦਪੁਰ ਸਾਹਿਬ

ਇਤਿਹਾਸਕ ਲਿਖਤਾਂ ਲਈ ਸਿੱਖ ਸਾਹਿਤ ਮੁੱਢਲੇ ਸ੍ਰੋਤ ਹਨ ਜੋ ਮਨੁੱਖੀ ਜ਼ਿੰਦਗੀ ਦੇ ਵਰਤਾਰੇ ਨੂੰ ਸਮਝਣ ਲਈ ਸੁਹਜਮਈ ਅਤੇ ਇਤਿਹਾਸਕ ਜਾਣਕਾਰੀ ਦਿੰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਹਿਤ ਸਿਰਜਨਾ ਲਈ ਬੇਅੰਤ ਕਾਰਜ ਕਰਵਾਏ। ਗੁਰੂ ਜੀ ਦੇ ਬਵੰਜਾ ਕਵੀਆਂ ਦੀਆਂ ਰਚਨਾਵਾਂ ਸਰਸਾ ਨਦੀ ’ਤੇ ਪਰਿਵਾਰ ਵਿਛੋੜੇ ਸਮੇਂ ਕਾਫੀ ਸਾਹਿਤ ਨਦੀ ਵਿੱਚ ਰੁੜ ਗਿਆ। ਗੁਰੂ ਸਾਹਿਬ ਆਪ ਵੀ ਅਨੇਕਾਂ ਭਾਸ਼ਾਵਾਂ ਦੇ ਗਿਆਤਾ ਸਨ, ਜਿਨ੍ਹਾਂ ਵੱਲੋਂ ਉੱਚ ਕੋਟੀ ਅਤੇ ਵੱਖ-ਵੱਖ ਭਾਸ਼ਾਵਾਂ ਦੇ ਸਾਹਿਤਕਾਰਾਂ ਨੂੰ ਆਪਣੇ ਦਰਬਾਰ ਵਿੱਚ ਸਨਮਾਨਯੋਗ ਥਾਂ ਦਿੱਤੀ।

ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ’ਤੇ ਸਾਹਿਤ ਅਤੇ ਸੰਘਰਸ਼ ਦਾ ਸੁਮੇਲ ਦੇਖਣ ਨੂੰ ਮਿਲਿਆ ਕਿਉਂਕਿ ਸਾਹਿਤ ਅਤੇ ਸੰਘਰਸ਼ ਨਾਲ ਸੰਬੰਧਤ ਇਸ ਨਗਰ ਦੇ ਅਨੇਕਾਂ ਪਹਿਲੂ ਹਨ। ਜੀਵਨ ਦਾ ਸੰਘਰਸ਼ ਸੁੱਖ ਅਤੇ ਸਹਿਜਮਈ ਰੂਪ ਵਿੱਚ ਲੈਣ ਦਾ ਵੱਲ ਇਸ ਪਵਿੱਤਰ ਸਥਾਨ ਤੋਂ ਸਿਖਾਇਆ ਗਿਆ ਹੈ। ਸਿੱਖ

ਸੰਘਰਸ਼ ਨੂੰ ਬਹਾਦਰੀ ਅਤੇ ਸਿਦਕ ਨਿਭਾਉਣ ਦੀ ਸਮਰੱਥਾ ਭਰੀ ਗਈ। ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਨਗਰੀ ਜਿੱਥੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦਾ ਸੰਘਰਸ਼ਮਈ ਸਮਾਂ ਗੁਜ਼ਾਰਿਆ, ਖ਼ਾਲਸਾ ਪੰਥ ਦੀ ਸਾਜਨਾ ਕੀਤੀ, ਕਵੀਆਂ ਅਤੇ ਵਿਦਵਾਨ ਸਾਹਿਤਕਾਰਾਂ ਨੇ ਸਾਹਿਤ ਦੀ ਸਿਰਜਨਾ ਕੀਤੀ, ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬਹੁਤ ਦੁਰਲੱਭ ਅਤੇ ਪੁਰਾਤਨ ਰਚਨਾਵਾਂ ਦੇ ਅਨੁਵਾਦ ਹੋਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਅਧੀਨ ਸ੍ਰੀ ਅਨੰਦਪੁਰ ਸਾਹਿਬ ਦੇ ਇਲਾਹੀ ਵਾਤਾਵਰਣ ਵਿੱਚ ਭਾਈ ਨੰਦ ਲਾਲ ਜੀ ਨੇ ਜੋ ਰਚਨਾਵਾਂ ਲਿਖੀਆਂ ਜਿਨ੍ਹਾਂ ਵਿੱਚ ਦਸ਼ਮੇਸ਼ ਪਿਤਾ ਜੀ ਦੇ ਜੀਵਨ ਅਤੇ ਖ਼ਾਲਸੇ ਦੀ ਮਰਿਆਦਾ ਬਾਰੇ ਬਹੁਤ ਭਾਵਪੂਰਨ ਜਾਣਕਾਰੀ ਮਿਲਦੀ ਹੈ। "ਔਰੰਗਜੇਬ ਦਾ ਸਮਾਂ ਹੋਣ ਕਾਰਨ ਰਾਗ, ਮਹਿਫਲਾਂ ਤੇ ਕਵਿਤਾਵਾਂ ਉੱਤੇ ਪਾਬੰਦੀ ਲੱਗੀ ਹੋਈ ਸੀ। ਕਈ ਕਵੀਆਂ ਨੇ ਗੁਰੂ-ਘਰ ਨੂੰ ਹੀ ਟਿਕਾਣਾ ਬਣਾ ਲਿਆ। ਸੈਨਾਪਤਿ, ਕੰਕਨ ਅਤੇ ਭਾਈ ਨੰਦ ਲਾਲ ਜੀ ਵਰਗੇ ਕਈ ਗੁਰੂ ਦਰਬਾਰ ਵਿੱਚ ਪੁੱਜੇ। ਰੋਜ਼ ਕਵਿਤਾਵਾਂ ਉਚਾਰੀਆਂ ਜਾਂਦੀਆਂ। ਦੀਵਾਨ ਲੱਗਦੇ ਤੇ ਵੀਚਾਰਾਂ ਹੁੰਦੀਆਂ। ਜੰਗੀ ਖੇਡਾਂ ਖੇਡੀਆਂ ਜਾਂਦੀਆਂ। ਕਵੀ ਲੋਕ ਆਪਣਾ ਹਿੱਸਾ ਪਾਉਂਦੇ। ਕਵੀਆਂ ਦੀ ਗਿਣਤੀ ਬਵੰਜਾ ਤੋਂ ਵੀ ਵੱਧ ਹੋ ਗਈ।"[10] ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਵੀਆਂ ਦੀਆਂ ਰਚਨਾਵਾਂ ਨੂੰ ਦਰਬਾਰ ਲਗਾ ਕੇ ਸੁਣਨਾ ਅਤੇ ਸਿੱਖ ਸੰਗਤ ਅੰਦਰ ਅਧਿਆਤਮਕ ਵਿੱਦਿਆ ਦੇਣ ਲਈ ਵਿਸ਼ੇਸ਼ ਪ੍ਰਬੰਧ ਕੀਤੇ, ਜਿਸ ਸਦਕਾ ਕਵੀਆਂ ਅਤੇ ਸਾਹਿਤਕਾਰਾਂ ਨੂੰ ਉਤਸ਼ਾਹ ਤੇ ਸਨਮਾਨ ਪ੍ਰਾਪਤ ਹੁੰਦਾ ਹੈ। ਉਹੀ ਸਨਮਾਨ ਸਿੱਖ ਸਿਮਰਤੀ ਨੂੰ ਸਾਹਿਤ ਰਚਨਾ ਲਈ ਪ੍ਰੇਰਿਤ ਕਰਦਾ ਹੈ। ਭਾਈ ਨੰਦ ਲਾਲ ਜੀ ਦੀਆਂ ਲਿਖਤਾਂ ਅੰਦਰ ਸਿੱਖ ਧਰਮ ਦੇ ਮੁੱਖ ਸਿਧਾਂਤਾਂ, ਸਿੱਖਿਆਵਾਂ ਅਤੇ ਗੁਰੂ ਸਾਹਿਬ ਦੇ ਦੈਵੀ ਵਿਅਕਤੀਤਵ ਦਾ ਪ੍ਰਗਟਾਵਾ ਕੀਤਾ ਹੈ। ਇਸ ਤਰ੍ਹਾਂ ਸਿੱਖ ਆਪਣੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਕਲਮ ਤੇ ਕਿਰਪਾਨ ਦੇ ਸੁਮੇਲ ਦੀ ਧਰਤੀ ਮੰਨਦੇ ਹਨ।

ਇਤਿਹਾਸਕਾਰ ਡਾ. ਫੌਜਾ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗਤੀਵਿਧੀਆਂ ਦਾ ਇਸ ਤਰ੍ਹਾਂ ਵਰਨਣ ਕੀਤਾ ਹੈ। "ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਨੂੰ ਆਪਣੇ ਧਰਮ ਅਤੇ ਸੈਨਿਕ ਸਿਖਿਆਵਾਂ ਦਾ ਕੇਂਦਰ ਬਣਾ ਲਿਆ।

---

[10] ਸਤਿਬੀਰ ਸਿੰਘ (1988) *ਸਾਡਾ ਇਤਿਹਾਸ (ਦਸ ਪਾਤਸ਼ਾਹੀਆਂ)*, ਨਿਊ ਬੁੱਕ ਕੰਪਨੀ, ਜਲੰਧਰ, ਪੰ. 353.

1699 ਈ. ਵਿੱਚ ਖ਼ਾਲਸਾ ਸਾਜਨ ਨਾਲ ਆਨੰਦਪੁਰ ਸਾਹਿਬ ਦੀ ਮਹਾਨਤਾ ਹੋਰ ਵੀ ਵੱਧ ਗਈ। ਹੁਣ ਸਮਾਂ ਐਸਾ ਸੀ ਕਿ ਸਿੱਖ ਲਹਿਰ ਅਮਨ-ਮਈ ਪੜਾਅ ਵਿੱਚੋਂ ਲੰਘ ਚੁੱਕੀ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋ ਚੁੱਕੀ ਸੀ। ਇਸ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗਰੀਬਾਂ ਅਤੇ ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਵਾਸਤੇ ਇਕ ਸ਼ਾਂਤਮਈ ਲਹਿਰ ਨੂੰ ਹਥਿਆਰ-ਬੰਦ ਕਰਕੇ ਬਕਾਇਦਾ ਸੈਨਿਕ ਰੂਪ ਦਿੱਤਾ ਅਤੇ 1699 ਈ. ਦੀ ਵਿਸਾਖੀ ਨੂੰ ਖ਼ਾਲਸਾ ਸਾਜ ਕੇ ਇਕ ਐਸੀ ਨਵੀਂ ਕੌਮ ਦੁਨੀਆਂ ਵਿਚ ਖੜੀ ਕੀਤੀ, ਜਿਸ ਦੇ ਇੱਕ ਹੱਥ ਵਿੱਚ ਮਾਲਾ ਸੀ ਅਤੇ ਦੂਜੇ ਹੱਥ ਵਿਚ ਤਲਵਾਰ। ਮਤਲਬ ਇਹ ਕਿ ਹੁਣ ਇਸ ਕੌਮ ਨੇ ਭਗਤੀ ਅਤੇ ਸ਼ਕਤੀ ਦਾ ਸੁਮੇਲ ਕਰਕੇ ਆਪਣੀ ਹੀ ਕਿਸਮ ਦਾ ਇਨਕਲਾਬ ਲਿਆਉਣ ਲਈ ਜਨਤਾ ਨੂੰ ਜਥੇਬੰਦ ਕਰਨ ਦਾ ਫੈਸਲਾ ਕੀਤਾ।"[11] ਸ੍ਰੀ ਅਨੰਦਪੁਰ ਸਾਹਿਬ ਵਿਚਲੇ ਰਣਜੀਤ ਨਗਾਰੇ ਦੀ ਗੂੰਜ ਰਹਿੰਦੀ ਦੁਨੀਆਂ ਤੱਕ ਸੰਗੀਤ ਦੀ ਦੁਨੀਆਂ ਲਈ ਅਦੁੱਤੀ ਮਿਸਾਲ ਦੇ ਰੂਪ ਵਿੱਚ ਕਾਇਮ ਰਹੇਗੀ।

ਸਿੱਖ ਸਾਹਿਤ ਦਾ ਇਹ ਵਿਲੱਖਣ ਗੁਣ ਹੈ ਕਿ ਇਹ ਗਾਇਆ ਅਤੇ ਸੁਣਿਆ ਜਾਂਦਾ ਹੈ ਇਸ ਕਰਕੇ ਗੁਰਮਤਿ ਸੰਗੀਤ ਸਿੱਖ ਸਿਮਰਤੀ ਦਾ ਅਟੁੱਟ ਅੰਗ ਹੈ, ਸਿੱਖ ਧਰਮ ਵਿੱਚ ਸੰਗੀਤ ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਹੀ ਆਰੰਭ ਹੋਈ ਮੰਨੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਸਾਥੀ ਮਰਦਾਨਾ ਜੀ ਨੇ ਮ੍ਰਿਦੰਗ ਅਤੇ ਰਬਾਬ ਦੀਆਂ ਤੰਦਾਂ ਨੂੰ ਛੇੜਿਆ, ਜਿਸ ਨਾਲ ਗੁਰਮਤਿ ਸੰਗੀਤ ਦੀ ਆਰੰਭਤਾ ਹੋਈ। "ਸ੍ਰੀ ਅਨੰਦਪੁਰ ਸਾਹਿਬ ਦੀ ਗੁਰਮਤਿ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ, ਗੁਰਮਤਿ ਸੰਗੀਤ ਦੇ ਪ੍ਰਚਾਰ ਦੀ ਸ਼ੁਰੂਆਤ ਸ੍ਰੀ ਅਨੰਦਪੁਰ ਸਾਹਿਬ ਦੇ ਆਲ਼ੇ ਦੁਆਲੇ ਤੋਂ ਮੰਨੀ ਜਾਂਦੀ ਹੈ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸਮੇਂ ਕੀਰਤਪੁਰ ਸਾਹਿਬ ਦੀ ਧਰਤੀ 'ਤੇ ਗੁਰਦੁਆਰਾ ਚਰਨ ਕਮਲ ਦੇ ਸਥਾਨ 'ਤੇ ਚਰਨ ਪਾਏ, ਰੱਬੀ ਬਾਣੀ ਦੇ ਗਾਇਨ ਦੁਆਰਾ ਇਸ ਇਲਾਕੇ ਦੀਆਂ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ।"[12] ਪਿੱਛੋਂ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਕੀਰਤਪੁਰ ਸਾਹਿਬ ਵਸਾਇਆ, ਜਿੱਥੇ ਗੁਰੂ ਸਾਹਿਬ ਨੇ ਭਾਈ ਭਰਤਾ ਜੀ ਦੇ ਪਰਿਵਾਰ ਨੂੰ ਰਬਾਬ ਸਾਜ਼ ਦੀ ਬਖ਼ਸਿਸ਼ ਕੀਤੀ। "ਗੁਰੂ ਤੇਗ਼

[11] ਫੌਜਾ ਸਿੰਘ (1976) *ਗੁਰੂ ਤੇਗ ਬਹਾਦਰ ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ: ਇਕ ਸਰਵੇਖਣ*, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 24.

[12] ਕਰਤਾਰ ਸਿੰਘ (2015) "ਸ੍ਰੀ ਅਨੰਦਪੁਰ ਸਾਹਿਬ ਦੀ ਗੁਰਮਤਿ ਸੰਗੀਤ ਨੂੰ ਦੇਣ" *ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ*, ਦਿਲਜੀਤ ਸਿੰਘ ਬੇਦੀ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 226.

ਬਹਾਦਰ ਜੀ ਨੇ ਪਿੰਡ ਮਾਖੋਵਾਲ ਦੀ ਧਰਤੀ ’ਤੇ ਚੱਕ ਨਾਨਕੀ ਨਗਰ ਵਸਾਇਆ ਤਾਂ ਇੱਥੇ ਗੁਰੂ ਸਾਹਿਬ ਦੀਵਾਨ ਸਜਾਉਂਦੇ ਅਤੇ ਰਬਾਬੀ ਗੁਰਬਖ਼ਸ਼ ਜੀ ਕੀਰਤਨ ਕਰਦੇ ਸਨ। ਗੁਰੂ ਤੇਗ਼ ਬਹਾਦਰ ਜੀ ਨੇ ਗੁਰੂ ਕਾ ਲਾਹੌਰ ਦੇ ਸਥਾਨ ’ਤੇ 15 ਰਾਗਾਂ ਵਿੱਚ ਵੈਰਾਗਮਈ ਬਾਣੀ ਦੀ ਰਚਨਾ ਕੀਤੀ। ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ’ਤੇ ਗੁਰੂ ਗੋਬਿੰਦ ਸਿੰਘ ਜੀ ਮ੍ਰਿਦੰਗ, ਜੋੜੀ ਅਤੇ ਸਰੰਦਾ ਵਜਾਇਆ ਕਰਦੇ ਸਨ।”[13] ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਸੰਗੀਤਕ ਪੱਖ ਤੋਂ ਵੀ ਸਿੱਖ ਸਿਮਰਤੀ ਲਈ ਉਸਾਰੂ ਭੂਮਿਕਾ ਨਿਭਾਈ।

ਖੋਜ ਕਰਤਾ ਨੇ ਇਸ ਖੋਜ ਕਾਰਜ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਅਨੁਭਵ ਕੀਤਾ ਅਤੇ ਅੰਕੜੇ ਇੱਕਠੇ ਕੀਤੇ ਹਨ ਕਿ ਅਜੋਕੇ ਸਮੇਂ ਵੀ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਸਥਾਨ ’ਤੇ ਨੇਤਰਹੀਣ ਸੰਗੀਤ ਵਿਦਿਆਲਾ, ਕੀਰਤਨ ਸਿਖਲਾਈ ਵਿਦਿਆਲਾ, ਗੁਰਮਤਿ ਸੰਗੀਤ ਅਕੈਡਮੀ, ਭਾਈ ਨੰਦ ਲਾਲ ਪਬਲਿਕ ਸਕੂਲ ਆਦਿ ਵਰਗੇ ਵਿੱਦਿਅਕ ਅਤੇ ਸੰਗੀਤਕ ਵਿਦਿਆਲੇ, ਗੁਰਮਤਿ ਸੰਗੀਤ ਅਤੇ ਗੁਰਮਤਿ ਸਿੱਖਿਆ ਦੇ ਖੇਤਰ ਵਿੱਚ ਯੋਗਦਾਨ ਪਾ ਰਹੇ ਹਨ।

ਸਿੱਖ ਸੱਭਿਆਚਾਰ ਵਿੱਚ ਰਬਾਬ ਦਾ ਨਗਾਰੇ ਨਾਲ ਸੰਬੰਧ ਹੈ। ਸੰਗੀਤ ਵਿਦਿਆ ਜਿੰਨਾ ਹੀ ਮਹੱਤਵਪੂਰਨ ਸ਼ਸਤਰ ਵਿਦਿਆ ਨੂੰ ਸਮਝਿਆ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਸ਼ਸਤਰ ਵਿੱਦਿਆ ਦਾ ਕੇਂਦਰ ਹੋਣ ਕਰਕੇ ਇਸ ਪਾਵਨ ਧਰਤੀ ਨੇ ਚਿੜੀਆਂ ਤੋਂ ਬਾਜ਼ ਦਾ ਮੁਕਾਬਲਾ ਕਰਵਾਉਣ ਵਾਲੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ “ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ” ਦੇ ਬਚਨਾਂ ਨੂੰ ਸੱਚ ਹੁੰਦੇ ਵੇਖਿਆ ਹੈ। ਇਹੋ ਬਚਨ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਬਣ ਗਏ, ਜਿਹੜੇ ਕਿ ਸਿੱਖਾਂ ਨੂੰ ਜ਼ਬਰ/ਜ਼ੁਲਮ ਦੇ ਖਿਲਾਫ਼ ਖੜਨ ਲਈ ਪ੍ਰੇਰਿਤ ਕਰਦੇ ਹਨ। ਇਸ ਸੰਬੰਧ ਵਿੱਚ ਗੁਰੂ ਸਾਹਿਬ ਦੇ ਸ਼ਸਤਰ ਅੱਜ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ’ਤੇ ਸੁਸ਼ੋਭਿਤ ਹਨ। ਜਿਨ੍ਹਾਂ ਦੇ ਦਰਸ਼ਨ ਸੰਗਤਾਂ ਨੂੰ ਸ਼ਾਮ ਦੇ ਦੀਵਾਨ ਦੀ ਸਮਾਪਤੀ ਤੋਂ ਉਪਰੰਤ ਸੁਖਆਸਨ ਤੋਂ ਪਹਿਲਾਂ ਕਰਵਾਏ ਜਾਂਦੇ ਹਨ। ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਤ ਕੁਝ ਹੋਰ ਵਿਸ਼ੇਸ਼ ਇਤਿਹਾਸਕ ਨਿਸ਼ਾਨੀਆਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਪਾਵਨ ਸਥਾਨ ’ਤੇ ਸੁਸ਼ੋਭਿਤ ਹਨ ਜੋ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਮਹਾਨ ਇਤਿਹਾਸ ਦੀ ਗਵਾਹੀ ਭਰਦੀਆਂ ਹਨ।

---

13 ਉਹੀ, ਪੰਨੇ. 134-35.

ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ, ਸਿੱਖ ਸੱਭਿਆਚਾਰ ਦੇ ਮੂਲ ਅਧਾਰ ਹਨ ਇਨ੍ਹਾਂ ’ਤੇ ਸਿੱਖ ਕਦਰਾਂ-ਕੀਮਤਾਂ ਵਿਕਸਤ ਹੋਈਆਂ ਹਨ। ਸ੍ਰੀ ਅਨੰਦਪੁਰ ਸਾਹਿਬ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸਿਰਜਨਾ ਇਨ੍ਹਾਂ ਕਦਰਾਂ-ਕੀਮਤਾਂ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ’ਤੇ ਪਹਿਰਾ ਦੇਣ ਅਤੇ ਗੁਰਮਤਿ ਪ੍ਰਚਾਰਨ ਲਈ ਕੀਤੀ ਗਈ ਹੈ। ਧਰਮ ਨੂੰ ਦ੍ਰਿੜ੍ਹ ਕਰਵਾਉਣ ਦਾ ਉਚੇਰਾ ਸੋਮਾ ਸੰਸਥਾਵਾਂ ਹੁੰਦੀਆਂ ਹਨ, ਜਿਹੜੀਆਂ ਸਦੀਵੀ ਜੀਵਨ-ਜਾਚ ਸਿਖਾਉਂਦੀਆਂ ਹਨ। ਸਿੱਖ ਸੰਸਥਾਵਾਂ ਜਿਵੇਂ- ਸੰਗਤ, ਪੰਗਤ, ਕੀਰਤਨ, ਵੰਡ ਛਕਣਾ, ਕਿਰਤ ਕਰਨੀ, ਗੁਰੂ ਤੇ ਗੁਰਦੁਆਰਾ ਆਦਿ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਆ ਰਹੇ ਹਨ।

ਸਿੱਖ ਸੱਭਿਆਚਾਰ ਵਿੱਚ ਗੁਰਬਾਣੀ ਦਾ ਸਿਧਾਂਤ ਅਤੇ ਵਿਹਾਰ ਨਾਲ-ਨਾਲ ਚੱਲਦੇ ਹਨ, ਇਸ ਲਈ ਖ਼ਾਲਸਾ ਅਧਿਆਤਮਕ ਹੁੰਦਾ ਹੋਇਆ ਵੀ ਸਮਾਜਿਕ ਜ਼ਿੰਮੇਵਾਰੀਆਂ ਨੂੰ ਤਰਜੀਹ ਦਿੰਦਾ ਹੈ। ਸਿੱਖ ਪਰੰਪਰਾ ਵਿੱਚ ਉਪਰੋਕਤ ਗੁਣ ਸਿੱਖ ਸੱਭਿਆਚਾਰ ਦੀ ਵਿਲੱਖਣਤਾ ਨੂੰ ਦਰਸਾਉਂਦੇ ਹੋਏ ਸਿੱਖ ਸਿਮਰਤੀ ਦੀ ਸਿਰਜਨਾ ਵਿੱਚ ਯੋਗਦਾਨ ਪਾ ਰਹੇ ਹਨ।

ਸਿੱਖ ਸੱਭਿਆਚਾਰ ਮਨੁੱਖ ਨੂੰ ਆਜ਼ਾਦ ਜ਼ਿੰਦਗੀ ਜਿਉਣ ਦੀ ਪ੍ਰੇਰਨਾ ਦਿੰਦਾ ਹੈ, ਪਰ ਖੁੱਲ੍ਹੀ ਅਤੇ ਆਜ਼ਾਦ ਜ਼ਿੰਦਗੀ ਜਿਉਂਦਿਆਂ ਉਸ ਨੂੰ ਆਪਣੇ ਮੂਲ ਨਾਲੋਂ ਦੂਰ ਨਾ ਜਾਣ ਇਸ ਲਈ ਚੌਕੰਨਾ ਵੀ ਰੱਖਦਾ ਹੈ। “ਗੁਰੂ ਗੋਬਿੰਦ ਸਿੰਘ ਜੀ ਦਾ ਇਸ ਮਾਨਵੀ ਸੱਭਿਆਚਾਰ ਦੇ ਸਿਰਜਣ ਪਿੱਛੇ ਇਕ ਵਿਸ਼ੇਸ਼ ਉਦੇਸ਼ ਸੀ, ਉਹ ਜਾਣਦੇ ਸਨ ਅਤੇ ਸਮੇਂ ਦੇ ਇਤਿਹਾਸ ’ਚੋਂ ਉਹਨਾਂ ਇਹ ਗ੍ਰਹਿਣ ਕਰ ਲਿਆ ਸੀ ਕਿ ਮਨੁੱਖੀ ਸਮੱਸਿਆਵਾਂ ਦੀ ਮੂਲ ਜੜ੍ਹ ਇਹਨਾਂ ਦੀ ਅਨੇਕਤਾ ਦਾ ਭਰਮ ਤੇ ਵੱਖ-ਵੱਖ ਧਰਮਾਂ/ਫਿਰਕਿਆਂ/ਇਲਾਕਿਆਂ ਵਰਗਾਂ ’ਚ ਵੰਡੇ ਹੋਣਾ ਹੈ, ਇਸੇ ਲਈ ਉਹਨਾਂ ਦੀ ਜੀਵਨ ਫਿਲਾਸਫੀ ਦਾ ਮੂਲ ਆਧਾਰ ਮਨੁੱਖੀ ਸਰਬ ਸਾਂਝੀਵਾਲਤਾ ਸੀ। ਇਸ ਸੱਭਿਆਚਾਰ ਦੀ ਉਸਾਰੀ ਲਈ, ਉਹਨਾਂ ਦਾ ਅਨੁਭਵ ਕੋਈ ਵਕਤੀ ਜਾਂ ਫੌਰੀ ਨਹੀਂ ਸੀ ਸਗੋਂ ਇਸ ਅਨੁਭਵ ਨੂੰ ਪਿਛਲੇ ਇਤਿਹਾਸ, ਸੱਭਿਆਚਾਰ ਅਤੇ ਮਾਨਵੀ ਵਿਕਾਸ ਦੇ ਪੜਾਵਾਂ ’ਚੋਂ ਗ੍ਰਹਿਣ ਕੀਤਾ। ਵਿਸ਼ੇਸ਼ ਤੌਰ ’ਤੇ ਉਹ ਗੁਰੂ ਨਾਨਕ ਦੇਵ ਜੀ ਦੇ ਸੱਭਿਆਚਾਰ ਦੀ ਮੂਲ ਜੜ੍ਹ ਅਧਿਆਤਮੀ ਹੈ ਪਰੰਤੂ ਇਸਨੂੰ ਤਤਕਾਲੀਨ ਸੰਦਰਭਾਂ ਵਿਚ ਪਰਖ ਜੋਖ ਕੇ ਇਕ ਸਰਬ ਸਾਂਝੇ ਸੱਭਿਆਚਾਰ ਦੇ ਪਰਿਪੇਖ ’ਚ ਦੇਖਣਾ ਅਤਿ ਆਵਸ਼ੱਕ ਹੈ।”[14] ਜਦੋਂ ਸ੍ਰੀ ਅਨੰਦਪੁਰ ਸਾਹਿਬ ਦੇ ਵਸਨੀਕਾਂ ਦੇ ਪਾਸੋਂ ਇਸ ਇਲਾਕੇ ਦੇ ਪਿਛੋਕੜ ਬਾਰੇ

[14] ਦੇਵਿੰਦਰ ਸਿੰਘ (2008) *ਗੁਰਮਤਿ ਕਾਵਿ ਪ੍ਰਵਚਨ ਅਤੇ ਸੰਰਚਨਾ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨੇ. 116-17.

ਜਾਣਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਨੂੰ ਉਸ ਸਮੇਂ ਸਿਰਜਿਆ ਗਿਆ ਸੱਭਿਅਕ ਸਮਾਜ ਇੱਕ ਮਾਡਲ ਦੀ ਤਰ੍ਹਾਂ ਜਾਪਦਾ ਹੈ, ਜਿਸ ਵਿੱਚ ਅਧਿਆਤਮਕਤਾ ਦੇ ਨਾਲ-ਨਾਲ ਮਨੁੱਖੀ ਸਰੋਕਾਰਾਂ ਦੀ ਪਵਿੱਤਰਤਾ ਦਾ ਪਤਾ ਚਲਦਾ ਹੈ, ਜਿਨ੍ਹਾਂ ਸਦਕਾ ਮਨੁੱਖ ਦੇ ਸਮਾਜਕ ਸੰਬੰਧਾਂ 'ਚ ਪਕਿਆਈ ਅਤੇ ਪਵਿੱਤਰਤਾ ਬਣੀ ਰਹਿੰਦੀ ਹੈ।

ਗੁਰੂ ਕਾਲ ਤੋਂ ਪਹਿਲਾਂ ਦਾ ਸਮਾਜ ਮਨੁੱਖੀ ਜਾਤਾਂ, ਧਰਮਾਂ ਵਿੱਚ ਵੰਡਿਆ ਹੋਇਆ ਆਪਸੀ ਭਾਈਚਾਰਕ ਸਾਂਝ ਤੋਂ ਸੱਖਣਾ ਸੀ। ਇਸ ਕਰਕੇ ਆਪਣੇ-ਆਪਣੇ ਧਾਰਮਕ ਸਿਧਾਂਤਾਂ ਅਤੇ ਚਿੰਨ੍ਹਾਂ ਨੂੰ ਇੱਕ ਦੂਜੇ ਉੱਤੇ ਜਬਰੀ ਥੋਪਣ ਦੀ ਕੋਸ਼ਿਸ਼ ਕਰਦੇ ਸਨ, ਜਿਸ ਨਾਲ ਸਮਾਜਕ ਪਾੜਾ ਅਤੇ ਵੈਰ-ਵਿਰੋਧ ਹੋਣ ਕਰਕੇ ਮਨੁੱਖ ਦਾ ਮਨੁੱਖ ਦੁਸ਼ਮਣ ਬਣ ਜਾਂਦਾ ਸੀ। "ਅਨੰਦਪੁਰ ਵਿਚਲੀ ਮਨੁੱਖੀ ਆਤਮਾ ਨੇ ਆਪਣੀ, ਅਨੰਦਮਈ ਆਤਮਿਕ ਸ਼ਕਤੀ ਨੂੰ ਕਈ ਰੂਪਾਂ ਵਿਚ ਮੂਰਤੀਮਾਨ ਕੀਤਾ। ਹਰ ਨਵੀਂ ਸਵੇਰ ਨੂੰ ਹਵਾ ਮੰਡਲ ਵਿਚ ਨਵੇਂ ਵਿਚਾਰ ਤੇ ਫੁਰਨੇ ਕਰਮਸ਼ੀਲ ਹੁੰਦੇ। ਖ਼ਾਲਸਾ ਪੰਥ ਨੇ ਕਈ ਰੂਪਾਂ ਵਿਚ ਆਪਣੇ ਆਪ ਨੂੰ ਨਿਖਾਰਿਆ ਸੇਵਾ ਪੰਥੀ, ਨਿਰਮਲੇ, ਸਹਿਜਧਾਰੀ ਸਿੱਖਾਂ ਨੇ ਨਵੇਂ ਜੀਵਨ ਮਾਰਗ ਉਲੀਕ ਲਏ।"[15] ਸ੍ਰੀ ਅਨੰਦਪੁਰ ਸਾਹਿਬ ਆਮ ਨਗਰਾਂ ਤੋਂ ਵੱਖਰਾ ਹੈ ਕਿਉਂਕਿ ਗੁਰੂ ਤੇਗ਼ ਬਹਾਦਰ ਸਾਹਿਬ ਨੇ ਗੁਰੂ ਉਪਦੇਸ਼ ਨੂੰ ਮੁੱਖ ਰੱਖ ਕੇ ਇਸ ਦੀ ਨੀਂਹ ਰੱਖੀ ਹੈ। ਪੰਜਾਬ ਦੀ ਧਰਤੀ ਤੋਂ ਉਪਜੇ ਸਿੱਖ ਸੱਭਿਆਚਾਰ ਨੇ ਹਰ ਸਮੇਂ ਅਨੰਦ ਵਿੱਚ ਰਹਿਣ ਦੀ ਜੀਵਨ-ਜਾਚ ਸਿਖਾਈ ਅਤੇ ਨਾਲ ਹੀ ਜਿੱਤ ਵਿੱਚ ਨਿਰਮਾਣ ਹੋਣਾ ਅਤੇ ਹਾਰ ਵਿੱਚ ਨਿਰਭੈ ਹੋਣਾ ਸਿਖਾਇਆ, ਜਿਸ ਨਾਲ ਸਿੱਖ ਸਿਮਰਤੀ ਉੱਚੇ-ਸੁੱਚੇ ਕਿਰਦਾਰ ਨਿਭਾਉਣ ਦੀ ਪ੍ਰੇਰਨਾ ਲੈਂਦੀ ਹੈ। ਸਮਾਜਕ ਕਦਰਾਂ-ਕੀਮਤਾਂ ਦੇ ਨਾਲ-ਨਾਲ ਸ੍ਰੀ ਅਨੰਦਪੁਰ ਸਾਹਿਬ ਨੇ ਮਨੁੱਖੀ ਧਰਮ ਦੇ ਰਾਹ ਉੱਪਰ ਚੱਲਣ ਦੀ ਪ੍ਰੇਰਨਾ ਦਿੱਤੀ, ਜਿਸ ਸਦਕਾ ਮਨੁੱਖ ਦੀ ਸਿਮਰਤੀ ਵਿੱਚ ਧਰਮ ਦਾ ਪ੍ਰਭਾਵ ਪਿਆ।

ਸਿਮਰਤੀ ਜਨ ਸਮੂਹ ਦੀ ਮਾਨਸਿਕਤਾ ਵਿੱਚ ਸ਼ਾਮਿਲ ਹੁੰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਸਿੱਖ ਮਾਨਸਿਕਤਾ ਨੂੰ ਜ਼ੁਲਮ ਵਿਰੁੱਧ ਅਵਾਜ਼ ਉਠਾਉਣ ਲਈ ਪ੍ਰੇਰਨਾ ਦਾ ਸ੍ਰੋਤ ਹੈ। ਵਰਤਮਾਨ ਦੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ ਜਾਂਦਾ ਹੈ। ਸਾਹਿਤ ਦੇ ਹਵਾਲੇ ਨਾਲ ਗੱਲ ਕਰਨੀ ਹੋਵੇ ਤਾਂ ਸੰਤ ਰਾਮ ਉਦਾਸੀ ਦੀ ਮਿਸਾਲ ਲਈ ਜਾ ਸਕਦੀ ਹੈ। ਬੇਸ਼ੱਕ ਸੰਤ ਰਾਮ ਉਦਾਸੀ

---

[15] ਪ੍ਰੋ. ਪੂਰਨ ਸਿੰਘ (1972) *ਦਸ ਗੁਰ ਦਰਸ਼ਨ*, ਕਿਰਪਾਲ ਸਿੰਘ ਕਸੇਲ, ਅਨੁ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 118.

ਨਕਸਲਵਾਦੀ ਕਵੀ ਵਜੋਂ ਜਾਣਿਆ ਜਾਂਦਾ ਹੈ ਪਰੰਤੂ ਉਸਦੀ ਕਵਿਤਾ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਿੱਲੀ ਦੇ ਤਖ਼ਤ ਨੂੰ ਚੁਣੌਤੀ ਦੇ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਸੰਗ ਵਿੱਚ ਵੀਹਵੀਂ ਸਦੀ ਦਾ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਆਪਣੀ ਰਚਨਾ ਵਿੱਚ ਸਿੱਖ ਇਤਿਹਾਸ ਨੂੰ ਮੁੜ ਯਾਦ ਕਰਵਾਉਂਦਾ ਹੈ:-

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਆਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹੇ ਬਣਾ ਦਿਆਂਗੇ।[16]

ਇਹਨਾਂ ਸਤਰਾਂ ਵਿੱਚ ਸਿੱਖ ਸਿਮਰਤੀ ਵਿੱਚ ਕੌਮੀ ਜੀਵਨ ਦੇ ਲਕਸ਼ ਨੂੰ ਸਪੱਸ਼ਟ ਕੀਤਾ ਗਿਆ ਹੈ। ਇੱਥੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਕੋਈ ਇਤਿਹਾਸਕ ਇਮਾਰਤ ਜਾਂ ਗੁਰੂ ਸਾਹਿਬ ਦੀ ਆਰਾਮਗਾਹ ਨਹੀਂ, ਸਗੋਂ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਸ੍ਰੀ ਗੁਰੂ ਨਾਨਕ ਸਾਹਿਬ ਵੱਲੋਂ ਚਲਾਏ ਗਏ ਨਿਰਮਲ ਪੰਥ ਦੀ ਸਿਖਰ ਹੈ, ਜੋ ਸਵੈਮਾਣ ਅਤੇ ਆਜ਼ਾਦੀ ਲਈ ਜੰਗ ਲੜ ਰਿਹਾ ਹੈ। ਇਹ ਸਿੱਖ ਸੱਭਿਆਚਾਰ ਅਤੇ ਕੌਮੀਅਤ ਦਾ ਅਧਾਰ ਹੈ। ਸੰਤ ਰਾਮ ਉਦਾਸੀ ਦੀ ਕਵਿਤਾ ਵਿੱਚ ਕੁੱਲੀ-ਕੁੱਲੀ ਨੂੰ ਕਿਲ੍ਹਾ ਬਣਾਉਣ ਦਾ ਪ੍ਰਯੋਜਨ ਇਹ ਹੈ ਕਿ ਜਿਨ੍ਹਾਂ ਸਿਧਾਂਤਾਂ ਨੂੰ ਅਧਾਰ ਬਣਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਉੱਤਮ ਮਨੁੱਖ ਦੀ ਸਿਰਜਨਾ ਕੀਤੀ ਸੀ। ਸ੍ਰੀ ਅਨੰਦਪੁਰ ਸਾਹਿਬ ਮਜ਼ਲੂਮ ਦੀ ਰਾਖੀ ਅਤੇ ਦਿੱਲੀ ਜ਼ੁਲਮ ਦਾ ਪ੍ਰਤੀਕ ਹੈ। ਸੰਤ ਰਾਮ ਉਦਾਸੀ ਦੀਆਂ ਇਹ ਸਤਰਾਂ ਅਜੋਕੇ ਸਮੇਂ ਵਿੱਚ ਵੀ ਸਿੱਖਾਂ ਨੂੰ ਸ਼ਹਾਦਤ ਦੇ ਵਾਤਾਵਰਣ ਵਿੱਚ ਲੈ ਜਾਂਦੀਆਂ ਹਨ। ਕੁੱਲੀ-ਕੁੱਲੀ ਨੂੰ ਕਿਲ੍ਹਾ ਬਣਾਉਣਾ ਇੱਕ ਤਰ੍ਹਾਂ ਨਾਲ ਜ਼ੁਲਮ ਵਿਰੁੱਧ ਆਮ ਲੋਕਾਂ ਦੀ ਏਕਤਾ ਨੂੰ ਪੇਸ਼ ਕਰਨ ਦੇ ਨਾਲ-ਨਾਲ ਸ੍ਰੀ ਅਨੰਦਪੁਰ ਸਾਹਿਬ ਦੇ ਸਿਧਾਂਤ ਅਤੇ ਵਿਹਾਰ ਨੂੰ ਘਰ-ਘਰ ਤੱਕ ਪਹੁੰਚਾਉਣਾ ਹੈ।

ਸਿੱਖ ਸਿਮਰਤੀ ਸੱਚ ਨਾਲ ਜੁੜੀ ਹੋਈ ਹੈ। ਝੂਠ, ਅਨਿਆਂ, ਅਤੇ ਨਾ-ਬਰਾਬਰੀ ਵਿਰੁੱਧ ਸਿੱਖ ਮੁੱਢ ਤੋਂ ਜਦੋ-ਜਹਿਦ ਕਰ ਰਹੇ ਹਨ। ਗੁਰਸਿੱਖਾਂ ਦੀ ਝੂਠ ਅਤੇ ਝੂਠ ਨਾਲ ਉਸਰੀਆਂ ਹਕੂਮਤਾਂ ਨਾਲ ਕਦੇ ਨਹੀਂ ਬਣੀ। ਜਿਨ੍ਹਾਂ ਆਦਰਸ਼ਾਂ ’ਤੇ ਵਿਚਾਰਧਾਰਾ ਨੂੰ ਖ਼ਤਮ ਕਰਨ ਲਈ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਸ੍ਰੀ

[16] ਸੰਤ ਰਾਮ ਉਦਾਸੀ (2016) *ਸੰਤ ਰਾਮ ਉਦਾਸੀ ਦੀਆਂ ਸੰਪੂਰਨ ਕਵਿਤਾਵਾਂ ਅਤੇ ਗੀਤਾਂ ਦਾ ਸੰਗ੍ਰਹਿ*, ਅਮੋਲਕ ਸਿੰਘ, ਸੰਪਾ., ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, ਪੰ. 142.

ਅਨੰਦਪੁਰ ਸਾਹਿਬ ’ਤੇ ਹਮਲਾ ਕੀਤਾ ਸੀ, ਉਹਨਾਂ ਆਦਰਸ਼ਾਂ ਅਤੇ ਅਸੂਲਾਂ ਦੀ ਖ਼ਾਲਸੇ ਨੇ ਜੰਗਾਂ ਜਿੱਤ ਕੇ ਰਾਖੀ ਕੀਤੀ ਹੈ। ਹਰ ਜੰਗ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ’ਤੇ ਪਹਿਰਾ ਦੇਣ ਲਈ ਸਿੱਖ ਪਾਬੰਦ ਹਨ। ਇਸ ਲਈ ਸ੍ਰੀ ਅਨੰਦਪੁਰ ਸਾਹਿਬ ਸਿੱਖਾਂ ਲਈ ਧਾਰਮਕ ਕੇਂਦਰ ਹੋਣ ਦੇ ਨਾਲ-ਨਾਲ ਸਿੱਖ ਸੱਭਿਆਚਾਰ ਦੇ ਕੇਂਦਰ ਵਜੋਂ ਵੀ ਉੱਭਰਦਾ ਹੈ, ਜਿਹੜਾ ਸਮੇਂ-ਸਮੇਂ ਸਿੱਖ ਸਿਮਰਤੀ ’ਤੇ ਆਪਣੇ ਪ੍ਰਭਾਵ ਨੂੰ ਬਰਕਰਾਰ ਰੱਖਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸ ਨੂੰ ਖੋਜਦਿਆਂ ਪਤਾ ਚਲਦਾ ਹੈ ਕਿ ਇਹ ਅਸਥਾਨ ਸਿੱਖਾਂ ਲਈ ਧਰਮ ਦੀ ਅਗਵਾਈ ਦੇਣ ਦੇ ਨਾਲ-ਨਾਲ ਸਿੱਖ ਦੀ ਰੋਜ਼ਾਨਾ ਦੀ ਜੀਵਨ-ਸ਼ੈਲੀ ਬਾਰੇ ਵੀ ਅਗਵਾਈ ਕਰਦਾ ਹੈ ਕਿਉਂਕਿ ਗੁਰੂ ਸਾਹਿਬ ਨੇ ਇਥੇ ਖਾਲਸੇ ਦੀ ਸਿਰਜਨਾ ਕਰਕੇ ਰਹਿਤ ਦ੍ਰਿੜ ਕਰਵਾਈ। ਜਿਹੜੀ ਸਿੱਖ ਸਿਮਰਤੀ ਨੂੰ ਸੱਚੇ-ਸੁੱਚੇ ਆਚਰਣ ਲਈ ਪ੍ਰੇਰਿਤ ਕਰਦੀ ਹੈ।

## 4. ਸਿੱਖ ਸਿਮਰਤੀ: ਰਹਿਤਨਾਮੇ ਅਤੇ ਹੁਕਮਨਾਮੇ

ਸਿੱਖ ਸਿਧਾਂਤ ਵਿਹਾਰ ਵਿੱਚ ਅਪਣਾਏ ਗਏ ਹਨ। ਗੁਰੂ ਸਾਹਿਬਾਨ ਨੇ ਆਪਣੇ ਜੀਵਨ ਅਨੁਭਵ ਰਾਹੀਂ ਸਿੱਖ ਰਹਿਤ/ਜੀਵਨ-ਜਾਚ ਦੀ ਸਿੱਖਿਆ ਦਿੱਤੀ ਹੈ। ਇਸ ਕਰਕੇ ਸਿੱਖ ਸਿਮਰਤੀ ਵਿੱਚ ਰਹਿਤ ਦੀ ਵਿਸ਼ੇਸ਼ ਮਹੱਤਤਾ ਹੈ। ਸਿੱਖ ਸਿਧਾਂਤਾਂ ਨੂੰ ਵਿਹਾਰ ਵਿੱਚ ਲਾਗੂ ਕਰਨ ਨੂੰ ਰਹਿਤ-ਮਰਯਾਦਾ ਦਾ ਨਾਮ ਦਿੱਤਾ ਗਿਆ ਹੈ, ਜਿਸ ਵਿੱਚ ਸਿੱਖ ਦੀ ਜੀਵਨ-ਜਾਚ, ਰਹਿਣ-ਸਹਿਣ ਆਦਿ ਦੇ ਨਿਯਮ ਦਰਜ ਹਨ। ਸਿੱਖ ਰਹਿਤ ਬਾਰੇ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਮੁਢਲੀ ਜਾਣਕਾਰੀ ਮਿਲਦੀ ਹੈ। ਇਸਤੋਂ ਇਲਾਵਾ ‘ਰਹਿਤਨਾਮੇ’ ਵੀ ਸਿੱਖ ਰਹਿਤ ਦੇ ਦਸਤਾਵੇਜ ਹਨ। “ਰਹਿਤਨਾਮਾ ਉਹ ਪੁਸਤਕ ਹੈ ਜਿਸ ਵਿੱਚ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਣ ਦੀ ਰੀਤ ਦੱਸੀ ਗਈ ਹੋਵੇ। ਸਿੱਖਾਂ ਲਈ ਵਿਧੀ ਨਿਸ਼ੇਧ ਕਰਮਾਂ ਦਾ ਜਿਸ ਵਿੱਚ ਵਰਨਣ ਹੋਵੇ।”[17] ਸਿੱਖ ਰਹਿਤਨਾਮਿਆਂ ਤੋਂ ਪਤਾ ਚਲਦਾ ਹੈ ਕਿ ਸਿੱਖ ਦੀ ਜੀਵਨ-ਜਾਚ ਲਈ ਖਾਸ ਤਰ੍ਹਾਂ ਦੀਆਂ ਹਦਾਇਤਾਂ ਹਨ, ਜਿਨ੍ਹਾਂ ਅਨੁਸਾਰ ਸਿੱਖ ਨੇ ਧਾਰਮਕ ਅਤੇ ਸਮਾਜਕ ਕਾਰਜ ਕਰਨੇ ਹਨ। ਗੁਰਮਤਿ ਅਨੁਸਾਰ ਤਿਆਰ ਕੀਤੀ ਰਹਿਤ ਮਰਿਯਾਦਾ ਨੂੰ ਜਨਮ ਤੋਂ ਲੈ ਕੇ ਅਖੀਰਲੇ ਸਾਹਾਂ ਤੱਕ ਨਿਭਾਉਣ ਲਈ ਸਿੱਖ ਤਰਜੀਹ ਦਿੰਦਾ ਹੈ।

---

[17] ਭਾਈ ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 1015.

ਰਹਿਤਨਾਮੇ ਗੁਰੂ ਸਾਹਿਬ ਦੇ ਸਮਕਾਲੀ ਲਿਖਾਰੀਆਂ ਜਾਂ ਬਾਅਦ ਦੇ ਲਿਖਾਰੀਆਂ ਵੱਲੋਂ ਗੁਰੂ ਜੀ ਵੱਲੋਂ ਦੱਸੀ ਮਰਿਯਾਦਾ ਤੋਂ ਸੰਗਤ ਨੂੰ ਜਾਣੂ ਕਰਵਾਉਂਦੇ ਹਨ। ਰਹਿਤਨਾਮੇ ਸਾਹਿਤ ਗੁਰੂ-ਕਾਲ ਤੋਂ ਬਾਅਦ ਪ੍ਰਚਲਿਤ ਹੋਇਆ ਹੈ। ਰਹਿਤਨਾਮੇ ਲਿਖੇ ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਗਏ ਹਨ ਪਰੰਤੂ ਇਨ੍ਹਾਂ ਵਿੱਚ ਜਾਣਕਾਰੀ ਸਿੱਖ ਸਿਮਰਤੀ ਵਿਸ਼ੇਸ਼ ਕਰਕੇ ਯਾਦ ਰਾਹੀਂ ਪੀੜ੍ਹੀ ਦਰ ਪੀੜ੍ਹੀ ਰੂਪਾਂਤਰਿਤ ਹੁੰਦੀ ਆਈ ਹੈ।

ਇਹਨਾਂ ਰਹਿਤਨਾਮਿਆਂ ਵਿੱਚ ਦਰਜ ਮਰਿਯਾਦਾ ਦੇ ਨਿਯਮਾਂ ਨੂੰ ਸਿੱਖ ਪੂਰੇ ਵਿਸ਼ਵਾਸ ਨਾਲ ਮੰਨਦੇ ਹਨ ਕਿਉਂਕਿ ਸਿੱਖਾਂ ਦੀ ਸਿਮਰਤੀ ਵਿੱਚ ਗੁਰੂ ਸਾਹਿਬ ਵੱਲੋਂ ਦਰਸਾਈ ਰਹਿਤ ਹੁਕਮ ਵਜੋਂ ਸਤਿਕਾਰ ਦੀ ਭਾਵਨਾ ਨਾਲ ਸ਼ਾਮਿਲ ਹੈ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ, "ਰਹਿਤਨਾਮੇ ਲਿਖਣ ਦੀ ਪ੍ਰੰਪਰਾ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਹੋਇਆ ਹੈ ਅਤੇ ਇਹਨਾਂ ਨੂੰ ਲਿਖਣ ਵਾਲੇ ਵਧੇਰੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀ ਸਿੱਖ ਸਨ, ਜਿਨ੍ਹਾਂ ਨੂੰ ਸਿੱਖ ਮਰਯਾਦਾ ਦਾ ਠੀਕ-ਠਾਕ ਪਤਾ ਸੀ। ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿੱਚ ਜਦੋਂ ਵੀ ਕੋਈ ਧਰਮ ਸਮੱਸਿਆ ਉਪਸਥਿਤ ਹੋ ਜਾਂਦੀ, ਉਸਦਾ ਸਮਾਧਾਨ ਗੁਰੂ ਸਾਹਿਬਾਨ ਤੋਂ ਹੀ ਹੋ ਜਾਂਦਾ ਪਰ ਗੁਰੂ ਸਾਹਿਬਾਨ ਤੋਂ ਬਾਅਦ ਦੇਹ-ਧਾਰੀ ਪਥ-ਪ੍ਰਦਰਸ਼ਕ ਨਾ ਰਿਹਾ ਅਤੇ ਦਸਮ ਗੁਰੂ ਤੋਂ ਬਾਅਦ ਸਿੱਖਾਂ ਨੂੰ ਜਿਸ ਸੰਕਟ ਵਿੱਚੋਂ ਲੰਘਣਾ ਪਿਆ, ਉਸ ਸਮੇਂ ਸਿੱਖ ਅਨੁਯਾਈਆਂ ਵਿਚ ਕਈ ਵਿਕ੍ਰਿਤ ਰੁਚੀਆਂ ਪ੍ਰਚੱਲਿਤ ਹੋ ਗਈਆਂ, ਜਿਨ੍ਹਾਂ ਦੇ ਸਮਾਧਾਨ ਲਈ ਉਸ ਵੇਲੇ ਦੇ ਮੁਖੀ ਸਿੱਖਾਂ ਨੇ ਮਰਯਾਦਾ ਨੂੰ ਕਾਇਮ ਰੱਖਣ ਲਈ ਜੋ ਯਤਨ ਕੀਤਾ, ਉਨ੍ਹਾਂ ਵਿੱਚੋਂ ਰਹਿਤਨਾਮੇ ਲਿਖਣ ਦਾ ਉੱਦਮ ਪੈਦਾ ਹੋਇਆ।"[18] ਰਹਿਤਨਾਮਿਆਂ ਦਾ ਸਾਂਝਾ ਗੁਣ ਇਹ ਹੈ ਕਿ ਇਨ੍ਹਾਂ ਵਿੱਚ ਗੁਰੂ ਸਾਹਿਬ ਵੱਲੋਂ ਦਰਸਾਏ ਨਿਯਮ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਨਾਲ ਮਨੁੱਖ ਵਿਅਕਤੀਗਤ ਤੌਰ ’ਤੇ ਨੇਕ ਕਰਮ ਕਰਦਾ ਹੋਇਆ ਮਾੜੇ ਕਰਮਾਂ ਤੋਂ ਬਚਦਾ ਹੋਇਆ ਆਪਣੀ ਸਿਮਰਤੀ ਨੂੰ ਨੈਤਿਕ ਮੁੱਲਾਂ ਨਾਲ ਜੋੜਦਾ ਹੈ। ਗੁਰਬਾਣੀ ਦੀ ਅਗਵਾਈ ਸਦਕਾ ਸਿੱਖ ਉਨ੍ਹਾਂ ਕਰਮਾਂ ਵੱਲ ਕਦੇ ਵੀ ਨਹੀਂ ਤੁਰਦਾ, ਜੋ ਉਸਦੀ ਅਧਿਆਤਮਕ ਅਵਸਥਾ ਅਤੇ ਉਸਦੇ ਸਮਾਜਕ ਸਰੋਕਾਰਾਂ ਉੱਪਰ ਮਾੜਾ ਪ੍ਰਭਾਵ ਪਾਉਣ ਕਿਉਂਕਿ ਸਿੱਖ ਦੀ ਸਿਮਰਤੀ ਵਿੱਚ ਗੁਰਬਾਣੀ ਦਾ ਵਾਕ ਯਾਦ ਹੀ ਨਹੀਂ, ਸਗੋਂ ਵਿਹਾਰ ਵਿੱਚ ਵੀ ਦ੍ਰਿੜ ਰਹਿੰਦਾ ਹੈ; ਗੁਰੂ ਵਾਕ ਅਨੁਸਾਰ:-

---

[18] ਰਤਨ ਸਿੰਘ ਜੱਗੀ (2005) *ਸਿੱਖ ਪੰਥ ਵਿਸ਼ਵਕੋਸ਼,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ਪੰ. 1479.

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥[19]

ਸਿੱਖ ਗੁਰੂ ਸਾਹਿਬਾਨ ਵੱਲੋਂ ਦਰਸਾਏ ਰਹਿਤ ਦੇ ਨਿਯਮਾਂ ਨੂੰ ਆਪਣੀ ਸਿਮਰਤੀ ਵਿੱਚ ਰਹਿਤਨਾਮਿਆਂ ਦੇ ਹਵਾਲੇ ਨਾਲ ਤਰੋਤਾਜ਼ਾ ਕਰਦੇ ਹਨ। ਰਹਿਤਨਾਮਿਆਂ ਦੀ ਤਰ੍ਹਾਂ ਸਿੱਖਾਂ ਦੀ ਸਿਮਰਤੀ ਨੂੰ ਗੁਰੂ ਸਾਹਿਬਾਨ ਦੇ ਹੁਕਮਨਾਮੇ ਵੀ ਪ੍ਰਭਾਵਿਤ ਕਰਦੇ ਹਨ। ਹੁਕਮਨਾਮੇ ਇੱਕ ਪ੍ਰਕਾਰ ਦੇ ਪਰਵਾਨੇ ਜਾਂ ਆਗਿਆ ਪੱਤਰਾਂ ਦਾ ਹੀ ਦੂਜਾ ਨਾਮ ਹੈ। ਇਹ ਹੁਕਮਨਾਮੇ ਪੰਜਵੇਂ ਗੁਰੂ ਸਾਹਿਬ ਤੋਂ ਲੈ ਕੇ ਦਸਮ ਗੁਰੂ ਗੋਬਿੰਦ ਸਿੰਘ ਜੀ ਤੱਕ ਅਤੇ ਉਹਨਾਂ ਤੋਂ ਬਾਅਦ ਗੁਰੂ ਸਾਹਿਬ ਦੇ ਪਰਿਵਾਰਕ ਮੈਂਬਰਾਂ, ਸਿੱਖਾਂ ਅਤੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਵੱਲੋਂ ਵੱਖੋ-ਵੱਖਰੇ ਸਮਿਆਂ 'ਤੇ ਲੋੜਾਂ ਨੂੰ ਮੁੱਖ ਰੱਖਦੇ ਹੋਏ ਸੰਗਤਾਂ ਦੇ ਨਾਮ ਜਾਰੀ ਕੀਤੇ ਜਾਂਦੇ ਰਹੇ ਹਨ। ਇਸ ਕਰਕੇ ਇਹ ਹੁਕਮਨਾਮੇ ਸਿੱਖ ਸਿਮਰਤੀ ਦੇ ਇਤਿਹਾਸਕ ਪੱਖ ਤੋਂ ਵਿਸ਼ੇਸ਼ ਮਹਾਨਤਾ ਰੱਖਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਹੁਕਮਾਨਾ, "ਉਹ ਖ਼ਤ ਜਿਸ ਵਿੱਚ ਹੁਕਮ ਲਿਖਿਆ ਹੋਵੇ ਜਾਂ ਸਤਿਗੁਰੂ ਦਾ ਆਗਯਾਪਤ੍ਰ। ਗੁਰੂ ਸਾਹਿਬਾਨ ਦੇ ਸਮੇਂ ਜੋ ਸਤਿਗੁਰਾਂ ਦੇ ਆਗਯਾਪਤ੍ਰ ਸਿੱਖਾਂ ਵੱਲ ਭੇਜੇ ਜਾਂਦੇ ਸਨ।"[20] ਹੁਕਮਨਾਮਿਆਂ ਤੋਂ ਕੀਤੇ ਜਾਂਦੇ ਲੋਕ ਭਲਾਈ ਕਾਰਜਾਂ ਦੀ ਜਾਣਕਾਰੀ ਵੀ ਮਿਲਦੀ ਹੈ, ਜਿਹੜੇ ਸਿੱਖ ਸਿਮਰਤੀ ਨੂੰ ਗੁਰੂ ਉਪਦੇਸ਼ਾਂ ਦੀ ਪਾਲਣਾ ਕਰਨ ਦੀ ਸਮਰੱਥਾ ਬਖ਼ਸ਼ਦੇ ਹਨ। ਇਹਨਾਂ ਹੁਕਮਨਾਮਿਆਂ ਦੀ ਮਹੱਤਤਾ ਇਹ ਸੀ ਕਿ ਇਹਨਾਂ ਰਾਹੀਂ ਜਿੱਥੇ ਗੁਰੂ ਸਾਹਿਬਾਨ ਅਤੇ ਵੱਖ-ਵੱਖ ਥਾਵਾਂ 'ਤੇ ਰਹਿੰਦੀਆਂ ਸੰਗਤਾਂ ਵਿੱਚ ਸੰਬੰਧ ਬਣੇ ਰਹਿੰਦੇ ਸਨ, ਉੱਥੇ ਗੁਰੂ ਕੇ ਲੰਗਰ ਲਈ ਰਸਦਾਂ, ਯੁੱਧਾਂ ਲਈ ਹਥਿਆਰ ਆਦਿ ਲਈ ਫ਼ਰਮਾਇਸ਼ ਹੁੰਦੀ ਸੀ ਤਾਂ ਸੰਗਤਾਂ ਦਾ ਸਹਿਯੋਗ ਪ੍ਰਾਪਤ ਹੁੰਦਾ ਸੀ। ਸਮਾਂ ਬੀਤ ਜਾਣ ਮਗਰੋਂ ਇਹ ਹੁਕਮਨਾਮੇ ਧਾਰਮਕ ਮਾਨਤਾ ਦੇ ਨਾਲ-ਨਾਲ ਇਤਿਹਾਸਕ ਮਹੱਤਵ ਵਾਲੇ ਸਾਹਿਤਕ ਦਸਤਾਵੇਜ਼ ਬਣ ਗਏ, ਜਿਨ੍ਹਾਂ ਵਿੱਚ ਉਸ ਸਮੇਂ ਦੀਆਂ ਇਤਿਹਾਸਕ ਘਟਨਾਵਾਂ ਦੇ ਵੇਰਵੇ ਪ੍ਰਾਪਤ ਹੁੰਦੇ ਹਨ ਜੋ ਸਿੱਖ ਸਿਮਰਤੀ ਦਾ ਹਿੱਸਾ ਹਨ। ਹੁਕਮਨਾਮਿਆਂ ਦਾ ਸੰਬੰਧ ਸਿੱਖਾਂ ਦੇ ਮਨ ਦੀ ਭਾਵਨਾ ਨਾਲ ਹੈ, ਗੁਰੂ ਸਾਹਿਬਾਨ ਦੇ ਹੱਥੀਂ ਲਿਖੇ ਹੁਕਮਨਾਮਿਆਂ ਅਤੇ ਪੱਤਰਾਂ ਦੇ ਅਲੌਕਿਕ ਦਰਸ਼ਨ ਕਰਕੇ ਸਿੱਖ ਸਿਮਰਤੀ ਨੂੰ ਗੁਰੂ ਉਪਦੇਸ਼ ਨਾਲ ਜੋੜੀ ਰੱਖਦੇ ਹਨ।

---

19 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਤੀਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਪੰ. 918.

20 ਭਾਈ ਕਾਨ੍ਹ ਸਿੰਘ ਨਾਭਾ (1999) *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 278.

ਸਿੱਖਾਂ ਵਿੱਚ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਦਾ ਬਹੁਤ ਸਤਿਕਾਰ ਹੈ। ਜਦੋਂ ਕੋਈ ਸਿੱਖ ਗੁਰੂ ਦਾ ਹੁਕਮਨਾਮਾ ਲੈ ਕੇ ਕਿਸੇ ਸੰਗਤ ਦੇ ਟਿਕਾਣੇ ਤੇ ਪੁੱਜਦਾ ਸੀ, ਤਾਂ ਉੱਥੇ ਮੌਜੂਦ ਸੰਗਤ ਇੱਕਠੀ ਹੋ ਕੇ ਹੁਕਮਨਾਮੇ ਦੇ ਸਤਿਕਾਰ ਵਜੋਂ ਇਨ੍ਹਾਂ ਵਿੱਚ ਦਰਜ ਸੰਦੇਸ਼ ਦੀ ਪਾਲਣਾ ਕਰਨਾ ਆਪਣਾ ਨੈਤਿਕ ਫ਼ਰਜ਼ ਸਮਝਦੀ ਸੀ। ਅਜੋਕੇ ਸਮੇਂ ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਦਰਬਾਰੀ ਲਿਖਾਰੀਆਂ ਦੇ ਹੱਥ ਲਿਖਤ ਹੁਕਮਨਾਮੇ ਇਤਿਹਾਸਕ ਗੁਰਦੁਆਰਿਆਂ ਵਿੱਚ ਸੁਰੱਖਿਅਤ ਸਾਂਭੇ ਗਏ ਹਨ। ਕਿਸੇ ਖਾਸ ਮੌਕੇ ’ਤੇ ਇਨ੍ਹਾਂ ਹੁਕਮਨਾਮਿਆਂ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਜਾਂਦੇ ਹਨ। ਸਿੱਖ ਸੰਗਤ ਹੁਕਮਨਾਮਿਆਂ ਦੇ ਦਰਸ਼ਨ ਰਾਹੀਂ ਗੁਰੂ ਸਿਮਰਤੀ ਵਿੱਚ ਜੁੜਦੀ ਹੈ। ਇਹਨਾਂ ਹੁਕਮਨਾਮਿਆਂ ਦੇ ਦਰਸ਼ਨ ਕਰਕੇ ਸੰਗਤ ਆਪਣੇ ਆਪ ਨੂੰ ਸਿਮਰਤੀ ਰਾਹੀਂ ਗੁਰੂ ਸਾਹਿਬਾਨ ਦੇ ਦੌਰ ਵਿੱਚ ਹਾਜ਼ਰ ਮਹਿਸੂਸ ਕਰਦੀ ਹੈ। ਅੱਜ ਵੀ ਜਦੋਂ ਸੰਗਤ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਸਮਾਗਮਾਂ ਵਿੱਚ ਹਾਜ਼ਰੀ ਭਰਦੀ ਹੈ, ਤਾਂ 1699 ਈ. ਨੂੰ ਗੁਰੂ ਸਾਹਿਬ ਵੱਲੋਂ ਸੰਗਤਾਂ ਦੇ ਨਾਮ ਭੇਜੇ ਗਏ ਹੁਕਮਨਾਮਿਆਂ ਦੇ ਸੱਦੇ ਨਾਲ ਜੁੜਿਆ ਮਹਿਸੂਸ ਕਰਦੀ ਹੋਈ ਅਲੌਕਿਕ ਅਨੰਦ ਮਾਣਦੀ ਹੈ। ਸਿੱਖ ਸਿਮਰਤੀ ਨੇ ਰਹਿਤ ਮਰਿਯਾਦਾ ਦਾ ਨਿਯਮ ਗੁਰਬਾਣੀ ਦੀ ਰੌਸ਼ਨੀ ਵਿੱਚੋਂ ਪ੍ਰਾਪਤ ਕਰਨਾ ਹੈ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥[21]

ਗੁਰਬਾਣੀ ਦਾ ਹਰ ਵਾਕ ਸਿੱਖ ਸਿਮਰਤੀ ਨੂੰ ਆਤਮਕ ਤੌਰ ’ਤੇ ਜਾਗਰੂਕ ਕਰਕੇ ਗੁਰ ਉਪਦੇਸ਼ ਨਾਲ ਜੋੜੀ ਰੱਖਦਾ ਹੈ। ਭਾਈ ਵੀਰ ਸਿੰਘ ਦੇ ਕਥਨ ਅਨੁਸਾਰ, “ਸੁਰਤ ਕਰਨ ਬਲਵਾਨ ਸਿੱਖੀ ਮੂਲ ਹੈ ਚੜਦੀ ਕਲਾ ਨਿਵਾਸ ਅੰਦਰ ਰੱਖਣਾ।”[22] ਜਿਹੜੀ ਸਿਮਰਤੀ ਗੁਰ ਸ਼ਬਦ ਨਾਲ ਜੁੜੀ ਹੁੰਦੀ ਹੈ ਉਹ ਹਮੇਸ਼ਾਂ ਬਲਵਾਨ ਰਹਿੰਦੀ ਹੈ, ਉਹੀ ਬਲਵਾਨ ਸਿਮਰਤੀ ਸੱਚ ਕਹਿਣ ਅਤੇ ਸੱਚ ਹੰਢਾਉਣ ਦੀ ਸਮੱਰਥਾ ਰੱਖਦੀ ਹੈ। ਹੁਕਮਨਾਮੇ ਅਤੇ ਰਹਿਤਨਾਮੇ ਵਿੱਚ ਦਰਜ ਸੰਦੇਸ਼ ਸਿੱਖ ਸਿਮਰਤੀ ਨੂੰ ਆਤਮਕ ਅਤੇ ਸਰੀਰਕ ਪੱਖ ਤੋਂ ਬਲਵਾਨ ਬਣਾਉਣ ਦੇ ਸਮਰੱਥ ਹਨ।

---

[21] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 305.

[22] ਭਾਈ ਵੀਰ ਸਿੰਘ (2010) *ਰਾਣਾ ਸੂਰਤ ਸਿੰਘ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 229.

## 5. ਢਾਡੀ ਵਾਰਾਂ/ਕਵੀਸ਼ਰੀ ਵਿੱਚ ਸ੍ਰੀ ਅਨੰਦਪੁਰ ਸਾਹਿਬ

ਢਾਡੀ ਵਾਰਾਂ ਗਾਉਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਵਾਰਾਂ ਦੀ ਰਚਨਾ ਕੀਤੀ। ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਵਿਸ਼ੇਸ਼ ਤੌਰ 'ਤੇ ਗੁਰੂ ਘਰਾਂ ਵਿੱਚ ਗਾਇਨ ਹੁੰਦਾ ਹੈ। ਜਦੋਂ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ, ਤਾਂ ਉਸ ਸਮੇਂ ਗੁਰੂ ਸਾਹਿਬ ਨੇ ਸਿੱਖਾਂ ਵਿੱਚ ਜੋਸ਼ ਅਤੇ ਉਤਸ਼ਾਹ ਭਰਨ ਲਈ ਢਾਡੀ ਵਾਰਾਂ ਦੀ ਪਰੰਪਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਨ ਤੋਂ ਆਰੰਭ ਕੀਤੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਧਾਰਮਕ ਦੀਵਾਨਾਂ ਜਾਂ ਸਮਾਗਮਾਂ ਵਿੱਚ ਢਾਡੀ ਵਾਰਾਂ ਦਾ ਆਪਣਾ ਵਿਸ਼ੇਸ਼ ਮਹੱਤਵ ਰਿਹਾ ਹੈ। ਵਾਰ ਸਰੋਤਿਆਂ ਵਿੱਚ ਬੀਰ ਰਸ ਪੈਦਾ ਕਰਦੀ ਹੈ। ਅਕਾਲ ਬੁੰਗੇ ਸਾਹਮਣੇ ਨੱਥਾ ਮੱਲ ਅਤੇ ਅਬਦੁੱਲਾ ਗੁਰੂ ਘਰ ਦੇ ਮਸ਼ਹੂਰ ਢਾਡੀ ਵਾਰਾਂ ਗਾਉਂਦੇ ਸਨ। "ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਤਖ਼ਤ 'ਤੇ ਬੈਠ ਕੇ ਧਾਰਨ ਕੀਤੀ; ਸਿੱਖਾਂ ਨੂੰ ਹਥਿਆਰਬੰਦ ਹੋ ਕੇ ਅਤੇ ਘੋੜ ਸੁਆਰ ਹੋ ਕੇ ਆਉਣ ਦੇ ਖੁੱਲੇ ਐਲਾਨ ਕੀਤੇ; ਬੀਰ-ਰਸ ਭਰਪੂਰ ਵਾਰਾਂ ਗਾਉਣੀਆਂ ਸ਼ੁਰੂ ਕੀਤੀਆਂ।"[23] ਸਿੱਖ ਵਾਰਾਂ ਗਾਉਣ ਅਤੇ ਸੁਣਨ ਨੂੰ ਪਾਤਸ਼ਾਹੀ ਛੇਵੀਂ ਤੋਂ ਲੈ ਕੇ ਅੱਜ ਤੱਕ ਤਰਜੀਹ ਦਿੰਦੇ ਹਨ ਕਿਉਂਕਿ ਵਾਰਾਂ ਦੀ ਪ੍ਰਥਾ ਜਿੱਥੇ ਸਿੱਖ ਨੂੰ ਗੁਰ ਇਤਿਹਾਸ ਨਾਲ ਜੋੜਦੀ ਹੈ, ਉੱਥੇ ਜ਼ੁਲਮ ਨੂੰ ਰੋਕਣ ਲਈ ਪ੍ਰੇਰਦੀ ਹੈ। ਇਸ ਲਈ ਸਿੱਖ ਸਿਮਰਤੀ ਸੂਰਬੀਰਤਾ ਦੀ ਨਿਰੰਤਰਤਾ ਲਈ ਵਾਰਾਂ ਸਾਰਥਕ ਮਾਧਿਆਮ ਹਨ।

ਢਾਡੀ ਵਾਰ ਵਿੱਚ ਕਿਸੇ ਖ਼ਾਸ ਪ੍ਰਸੰਗ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਮੁੱਖ ਢਾਡੀ ਵੱਲੋਂ ਪ੍ਰਸੰਗ ਦੀ ਵਿਆਖਿਆ ਕਰਨ ਦੇ ਨਾਲ-ਨਾਲ ਸੁਰ ਤਾਲ ਨਾਲ ਸ਼ਬਦਾਂ ਦਾ ਗਾਇਨ ਵੀ ਕੀਤਾ ਜਾਂਦਾ ਹੈ। ਕਵੀਸ਼ਰੀ ਦਾ ਹਰੇਕ ਪ੍ਰਸੰਗ ਸ਼ੁਰੂ ਕਰਨ ਤੋਂ ਪਹਿਲਾਂ ਕਵੀਸ਼ਰ ਦੋਹਰਾ ਉਚਾਰਦੇ ਹਨ, ਜਿਸ ਵਿੱਚ ਪ੍ਰਸੰਗ ਦੇ ਮੂਲ ਭਾਵ ਨੂੰ ਪ੍ਰਗਟ ਕੀਤਾ ਜਾਂਦਾ ਹੈ। ਜਦੋਂ ਵੀ ਕੋਈ ਜੱਥਾ ਕਿਸੇ ਵੀ ਸਮਾਗਮ ਵਿੱਚ ਢਾਡੀ ਵਾਰ ਗਾਉਂਦਾ ਹੈ ਤਾਂ ਤਕਰੀਬਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਬਤ ਜਾਂ ਸਿੱਖੀ, ਖ਼ਾਲਸੇ ਨਾਲ ਸੰਬੰਧਤ ਵਾਰ ਜ਼ਰੂਰ ਗਾਇਨ ਕਰਦਾ ਹੈ।

---

[23] ਸੁਖਦਿਆਲ ਸਿੰਘ (2008) "ਸ੍ਰੀ ਗੁਰੂ ਹਰਗੋਬਿੰਦ" *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਭਾਗ ਪਹਿਲਾ),* ਸਰਬਜਿੰਦਰ ਸਿੰਘ, ਸੰਪਾ., ਨਾਨਕ ਪ੍ਰਕਾਸ਼ ਪਤ੍ਰਿਕਾ, ਪੰ. 271.

ਖ਼ਾਲਸੇ ਨਾਲ ਸੰਬੰਧਤ ਵਾਰ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਜ਼ਿਕਰ ਹੁੰਦਾ ਹੈ। ਇੱਥੇ ਅਸੀਂ ਕੁਝ ਚੋਣਵੀਂਆਂ ਢਾਡੀ ਵਾਰਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਲੋਕ ਮਨ ਜਾਂ ਸਿੱਖਾਂ ਦੀ ਸਿਮਰਤੀ ਬਾਰੇ ਸੰਬੰਧਾਂ ਦਾ ਅਧਿਐਨ ਕਰਾਂਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਤਿਆਰੀ ਕਰਦੇ ਹਨ, ਤਾਂ ਉਸ ਸਮੇਂ ਦੇ ਪ੍ਰਸੰਗ ਨੂੰ ਕਵੀਸ਼ਰ ਸਾਧੂ ਸਿੰਘ ਚੌਹਾਨ ਨੇ ਵੈਰਾਗ ਛੰਦ ਵਿੱਚ ਕਲਮ-ਬੱਧ ਕੀਤਾ ਹੈ ਕਿ ਗੁਰੂ ਪ੍ਰਕਾਸ਼ ਭੋਇ ਵਿੱਚ ਰੌਣਕ ਹੁੰਦੀ ਸੀ, ਪਟਨਾ ਸਾਹਿਬ ਗੁਰੂ ਦੀ ਹਾਜ਼ਰੀ ਵਿੱਚ ਸਜਦਾ ਸੀ।

ਅਨੰਦਪੁਰ ਨੂੰ ਚੱਲੇ ਐ, ਗੋਬਿੰਦ ਪਟਨੇ ਨੂੰ ਛੱਡ ਚੱਲੇ।
ਪਟਨੇ ਵਿੱਚ ਸੋਗ ਪਿਆ, ਰੋਂਦੇ ਲੋਕ ਜਾਣ ਨਾ ਝੱਲੇ।
ਗੁਰੂ ਤੇਗ਼ ਬਹਾਦਰ ਨੇ ਸੁਨੇਹਾ ਅਨੰਦਪੁਰੀ ਤੋਂ ਲਾਇਆ।
ਪਰਿਵਾਰ ਦੇ ਜੀਆਂ ਨੂੰ ਉਨ੍ਹਾਂ ਆਪਣੇ ਪਾਸ ਬੁਲਾਇਆ।
ਆਇਆ ਹੁਕਮ ਪਾਤਸ਼ਾਹ ਦਾ, ਕਰ ਕਿਓ ਕੂਚ ਅਨੰਦਪੁਰ ਵੱਲ।
ਪਟਨੇ ਵਿੱਚ ਸੋਗ ਪਿਆ, ਰੋਂਦੇ ਲੋਕ ਜਾਣ ਨਾ ਝੱਲੇ।[24]

ਉਪਰੋਕਤ ਛੰਦਾਂ ਨੂੰ ਕਵੀਸ਼ਰ ਨੇ ਤ੍ਰੈ-ਕਾਲੀ ਸਿਮਰਤੀ ਦੇ ਲੱਛਣਾਂ ਰਾਹੀਂ ਉਚਾਰਨ ਕੀਤਾ ਹੈ। ਜਦੋਂ ਗੁਰੂ ਜੀ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਕੂਚ ਕਰਨ ਲੱਗੇ, ਤਾਂ ਉਸ ਸਮੇਂ ਦੇ ਹਾਲਾਤ ਨੂੰ ਲੇਖਕ ਨੇ ਆਪਣੀ ਸਿਮਰਤੀ ਰਾਹੀਂ ਦਰਸਾਉਣ ਦਾ ਯਤਨ ਕੀਤਾ ਹੈ। ਇੱਕੀਵੀਂ ਸਦੀ ਵਿੱਚ ਕਵੀ ਲਗਭਗ ਸਾਢੇ ਤਿੰਨ ਸਦੀਆਂ ਪਿੱਛੋਂ ਦੇ ਬਿਰਤਾਂਤ ਨੂੰ ਆਪਣੀ ਰਚਨਾ ਰਾਹੀਂ ਪੇਸ਼ ਕਰਦਾ ਹੈ। ਪਟਨਾ ਸ਼ਹਿਰ ਵਿੱਚ ਬਾਲਕ ਗੋਬਿੰਦ ਰਾਇ ਦੇ ਜਾਣ ਦੀ ਖ਼ਬਰ ਸੁਣ ਕੇ ਸੋਗ ਦੀ ਲਹਿਰ ਆ ਗਈ ਅਤੇ ਲੋਕ ਰੋ-ਰੋ ਕੇ ਗੁਰੂ ਸਾਹਿਬ ਨੂੰ ਨਾ ਜਾਣ ਦੀ ਅਰਜੋਈ ਕਰ ਰਹੇ ਸਨ। ਅਗਲੇ ਭਾਗ ਵਿੱਚ ਕਵੀਸ਼ਰ ਨੇ ਗੁਰੂ ਸਾਹਿਬ ਦੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਪਹੁੰਚਣ ਸਮੇਂ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀਆਂ ਦੇ ਉਤਸ਼ਾਹ ਅਤੇ ਖ਼ੁਸ਼ੀ ਦੇ ਭਾਵਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਧਰਤੀ ਬੇਸ਼ੱਕ ਪਟਨੇ ਦੀ ਹੋਵੇ ਜਾਂ ਸ੍ਰੀ ਅਨੰਦਪੁਰ ਸਾਹਿਬ ਦੀ ਇਹ ਗੁਰੂ ਛੋਹ ਨਾਲ ਪਵਿੱਤਰ ਬਣਦੀ ਹੈ:-

ਦੋਹਿਰਾ: ਗੁਰੂ ਤੇਗ਼ ਬਹਾਦਰ ਭੇਜਿਆ, ਪਟਨੇ ਵਿੱਚ ਪੈਗ਼ਾਮ।
ਪਹੁੰਚੋਂ ਅਨੰਦਪੁਰ ਨਗਰ ਨੂੰ, ਲੈ ਬਾਲ ਨੂੰ ਸਹੀ ਸਲਾਮ।

---

[24] ਸਾਧੂ ਸਿੰਘ ਚੌਹਾਨ (2011) *ਗੋਬਿੰਦ ਦਰਪਣ*, ਪੰਜ ਆਬ ਪ੍ਰਕਾਸ਼ਨ, ਜਲੰਧਰ, ਪੰ. 33.

ਅਨੰਦਪੁਰ ਨੂੰ ਅਨੰਦ ਬੜਾ ਆਇਆ, ਖ਼ੁਸ਼ੀ ਦੀ ਖ਼ਬਰ ਸੁਣਕੇ।
ਨੌਵੇਂ ਪਾਤਸ਼ਾਹ ਨੇ ਜਿਸ ਨੂੰ ਵਸਾਇਆ, ਸਵਰਗਾਂ ਦੀ ਥਾਂ ਚੁਣਕੇ।
ਖੰਭ ਲਾਕੇ ਉਥੋਂ ਉਡ ਗਈ ਉਦਾਸੀ, ਕੁਦਰਤ ਹੋਈ ਦਿਆਲ ਜੀ।
ਖ਼ੁਸ਼ ਹੋ ਗਏ ਅਨੰਦਪੁਰ ਵਾਸੀ............... ।[25]

ਕਵੀਸ਼ਰੀ ਪਰੰਪਰਾ ਵਿੱਚ ਲਹਿਰੀਆ ਛੰਦ ਖ਼ੁਸ਼ੀ ਦਾ ਪ੍ਰਤੀਕ ਹੈ। ਜਿਵੇਂ ਪਹਿਲਾਂ ਵੈਰਾਗ ਛੰਦ ਵਿੱਚ ਪਟਨੇ ਦੀਆਂ ਸੰਗਤਾਂ ਗੁਰੂ ਸਾਹਿਬ ਦੇ ਜਾਣ ਦੇ ਭਾਵਾਂ ਨੂੰ ਪ੍ਰਗਟ ਕਰ ਰਹੀਆਂ ਸਨ, ਉਸ ਦੇ ਬਿਲਕੁਲ ਉਲਟ ਲਹਿਰੀਆ ਛੰਦ ਵਿੱਚ ਗੁਰੂ ਸਾਹਿਬ ਦੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ 'ਤੇ ਸੰਗਤਾਂ ਖ਼ੁਸ਼ੀ ਵਿੱਚ ਝੂਮ ਰਹੀਆਂ ਸਨ। ਇਸ ਵਾਰ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀਆਂ ਨੂੰ ਸੰਬੋਧਨ ਕਰਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਅਧਿਆਤਮਕ ਆਨੰਦ ਦਾ ਸਥਾਨ ਦੱਸਿਆ ਗਿਆ ਹੈ। ਇਸ ਸਥਾਨ ਵਿੱਚ ਗੁਰੂ ਤੇਗ਼ ਬਹਾਦਰ ਜੀ, ਮਾਤਾ ਗੁਜਰੀ ਜੀ ਅਤੇ ਹੋਰ ਸੰਗਤ ਦੇ ਉਤਸ਼ਾਹ ਅਤੇ ਖੇੜੇ ਦਾ ਵਰਣਨ ਬਹੁਤ ਹੀ ਜੋਸ਼ੀਲੇ ਢੰਗ ਨਾਲ ਕੀਤਾ ਗਿਆ ਹੈ ਜੋ ਮਨਾਂ ਨੂੰ ਟੁੰਬਦਾ ਹੈ। ਇਸ ਅਨੰਦਮਈ ਵਾਤਾਵਰਣ ਦਾ ਚਿਤਰਨ ਸਿੱਖ ਸਿਮਰਤੀ ਨੂੰ ਅਧਿਆਤਮਕ ਚੇਤਨਾ ਨਾਲ ਜੋੜਦਾ ਹੈ।

ਗੁਰੂ ਪਰਿਵਾਰ ਦੇ ਸ੍ਰੀ ਅਨੰਦਪੁਰ ਸਾਹਿਬ ਆਉਣ 'ਤੇ ਸੰਗਤਾਂ ਇਵੇਂ ਮਹਿਸੂਸ ਕਰ ਰਹੀਆਂ ਸਨ, ਜਿਵੇਂ ਉਨ੍ਹਾਂ ਦੀ ਚੌਰਾਸੀ ਕੱਟੀ ਗਈ ਹੋਵੇ, ਭਾਵ ਜਨਮ-ਮਰਨ ਕੱਟਿਆ ਗਿਆ ਹੋਵੇ। ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਨੇ ਸਵਰਗਾਂ ਵਰਗੀ ਥਾਂ ਦੀ ਚੋਣ ਕਰਕੇ ਸ੍ਰੀ ਅਨੰਦਪੁਰ ਨਗਰ ਵਸਾਇਆ ਸੀ। ਸ੍ਰੀ ਅਨੰਦਪੁਰ ਸਾਹਿਬ ਦੀ ਸੰਗਤ ਛੱਤਾਂ ਉੱਪਰ ਚੜ੍ਹ ਕੇ ਗੁਰੂ ਸਾਹਿਬ ਦੇ ਦੀਦਾਰ ਲਈ ਬੇਹਾਲ ਹਨ। ਕਵੀਸ਼ਰ ਸਿਮਰਤੀ ਨੂੰ ਅਧਾਰ ਬਣਾ ਕੇ ਬਿਆਨ ਕਰਦਾ ਹੈ ਕਿ ਗੁਰੂ ਪਰਿਵਾਰ ਦੇ ਹਵੇਲੀ ਵਿੱਚ ਆ ਜਾਣ ਕਾਰਨ ਰੌਣਕਾਂ ਲੱਗ ਜਾਂਦੀਆਂ ਹਨ ਅਤੇ ਮਿਠਾਈਆਂ ਵੰਡੀਆਂ ਜਾਂਦੀਆਂ ਹਨ। ਗੁਰੂ ਪਰਿਵਾਰ ਦੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਦੇ ਪ੍ਰਸੰਗ ਨੂੰ ਉਪਰੋਕਤ ਕਵੀਸ਼ਰ ਛੰਦਾਂ ਵਿੱਚ ਬਾ-ਕਮਾਲ ਪੇਸ਼ ਕੀਤਾ ਗਿਆ ਹੈ, ਜਿਵੇਂ ਲੇਖਕ ਉਪਰੋਕਤ ਸਾਰੇ ਵਾਕਿਆ ਸਮੇਂ ਉੱਥੇ ਮੌਜੂਦ ਹੋਵੇ। ਅਗਲੇ ਪ੍ਰਸੰਗ ਵਿੱਚ ਕਵੀਸ਼ਰ ਨੇ ਆਪਣੀ ਰਚਨਾ ਵਿੱਚ ਗੁਰੂ ਸਾਹਿਬ ਵੱਲੋਂ ਕੀਤੀ ਖ਼ਾਲਸਾ ਸਿਰਜਨਾ ਨੂੰ ਸਿਮਰਤੀ ਰਾਹੀਂ ਤਰੋਤਾਜ਼ਾ ਕਰਕੇ ਪੇਸ਼ ਕੀਤਾ ਹੈ:-

[25] ਉਹੀ, ਪੰਨੇ. 38-40.

ਦੋਹਿਰਾ: ਹਰ ਕੋਨੇ ਹਿੰਦੁਸਤਾਨ ਦੇ, ਦਿੱਤੇ ਭੇਜ ਪੈਗ਼ਾਮ,
ਗੁਰੂ ਗੋਬਿੰਦ ਸਿੰਘ ਸਿਰਜਣਾ, ਖ਼ਾਲਸਾ ਪੰਥ ਮਹਾਨ।
ਦੇਸ ਵਿੱਚ ਭੇਜ ਦਿੱਤੇ ਸੱਦਾ ਪੱਤਰ, ਅਨੰਦਪੁਰ ਹੋਣਾ ਸਭ ਨੇ ਇਕੱਤਰ।
ਦਇਆ ਰਾਮ ਆਇਆ ਜੀ ਦਲੇਰੀ ਕਰਕੇ, ਗੁਰੂ ਜੀ ਦੇ ਚਰਨਾਂ ਤੇ ਸੀਸ ਧਰ ਕੇ।
ਕਹਿੰਦਾ ਮੈਨੂੰ ਮੁਕਤੀ ਰਾਹ ਪਾਉਣਾ ਖ਼ਾਲਸਾ, ਗੋਬਿੰਦ ਸਿੰਘ ਨੇ.........
ਧਰਮ ਚੰਦ, ਹਿੰਮਤ ਰਾਏ, ਸਾਹਿਬ ਚੰਦ ਜੀ, ਮੋਹਕਮ ਵੀ ਚਾਹਿਆ
ਮੁਕਤੀ ਅਨੰਦ ਜੀ।
ਸਭ ਨੂੰ ਸਵਰਗ ਵਖਾਉਣਾ ਖ਼ਾਲਸਾ, ਗੋਬਿੰਦ ਸਿੰਘ ਨੇ.........[26]

ਉਪਰੋਕਤ ਕਵੀਸ਼ਰੀ ਛੰਦ ਵਿੱਚੋਂ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਸਿਮਰਤੀ ਨਾਲ ਸੰਬੰਧਤ ਰੂਹਾਨੀ, ਸਮਾਜਕ, ਨੈਤਿਕ, ਰਾਜਨੀਤਕ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ ਕਿਉਂਕਿ ਖ਼ਾਲਸਾ ਪੰਥ ਦੀ ਸਾਜਨਾ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ’ਤੇ ਕੀਤੀ ਗਈ। ਇਸ ਲਈ ਖ਼ਾਲਸੇ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਸਜਾਏ ਖ਼ਾਲਸਾ ਪੰਥ ਦੇ ਦ੍ਰਿਸ਼ ਨੂੰ ਕਵੀਸ਼ਰ ਨੇ ਪੇਸ਼ ਕੀਤਾ ਹੈ। ਇਸ ਰਚਨਾ ਵਿੱਚ ਬੀਰ ਰਸੀ ਅੰਦਾਜ਼ ਰਾਹੀਂ ਖ਼ਾਲਸਾ ਸਜਾਉਣ ਦੇ ਅਲੌਕਿਕ ਨਜ਼ਾਰੇ ਨੂੰ ਦ੍ਰਿਸ਼ਟਾਂਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਅੰਮ੍ਰਿਤ ਛਕਾਉਣ ਤੋਂ ਪਹਿਲਾਂ ਜਦੋਂ ਪੰਜ ਪਿਆਰੇ ਚੁਣੇ ਗਏ ਤਾਂ ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਦੁੱਤੀ ਜਲੌਅ ਨੂੰ ਜੋਸ਼ੀਲੇ ਰੂਪ ਰਾਹੀਂ ਬਿਆਨ ਕੀਤਾ ਗਿਆ ਹੈ। ਜਿਸ ਨਾਲ ਸਿੱਖ ਸਿਮਰਤੀ ਪ੍ਰਭਾਵਿਤ ਹੋ ਕੇ ਧਰਮ ਤੇ ਗੁਰੂ ਪ੍ਰਤੀ ਪਿਆਰ ਦੇ ਨਾਲ-ਨਾਲ ਸਿੱਖ ਸੰਸਥਾਵਾਂ ਅਤੇ ਪਰੰਪਰਾਵਾਂ ਨਾਲ ਹੋਰ ਵਧੇਰੇ ਵਚਨਬੱਧ ਹੁੰਦੀ ਹੈ।

ਕਵੀਸ਼ਰ ਆਪਣੀ ਕਲਾ ਦੇ ਪ੍ਰਦਰਸ਼ਨ ਕਰਨ ਸਮੇਂ ਸ਼ੁਰੂ ਵਿੱਚ ਗੁਰੂ ਸਾਹਿਬ ਵੱਲੋਂ ਛਕਾਏ ਅੰਮ੍ਰਿਤ ਦੀ ਮਹਿਮਾ ਦਾ ਵਰਣਨ ਜ਼ਰੂਰ ਕਰਦੇ ਹਨ। ਅੰਮ੍ਰਿਤ ਦੀ ਦਾਤ ਗੁਰੂ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ’ਤੇ ਹੀ ਦਿੱਤੀ ਸੀ। ਜਦੋਂ ਵੀ ਕਿਤੇ ਅੰਮ੍ਰਿਤ ਦੀ ਗੱਲ ਹੋਵੇਗੀ ਤਾਂ ਸਹਿਜੇ ਹੀ ਲੋਕ ਮਨਾਂ ਉੱਤੇ ਸ੍ਰੀ ਅਨੰਦਪੁਰ ਸਾਹਿਬ ਦੀ ਤਸਵੀਰ ਆਪ ਮੁਹਾਰੇ ਉੱਕਰ ਜਾਂਦੀ ਹੈ। ਪਹਾੜੀ ਰਾਜਿਆਂ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਨ ਅਤੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਮਸਤ ਹਾਥੀ ਨੂੰ ਭੇਜਿਆ, ਭਾਈ

---

[26] ਸਾਧੂ ਸਿੰਘ ਚੌਹਾਨ (2011) *ਗੋਬਿੰਦ ਦਰਪਣ*, ਪੰਜ ਆਬ ਪ੍ਰਕਾਸ਼ਨ, ਜਲੰਧਰ, ਪੰਨੇ. 75-77.

ਬਚਿੱਤਰ ਸਿੰਘ ਨੇ ਨਾਗਣੀ ਬਰਛੇ ਨਾਲ ਹਾਥੀ ਦਾ ਮੁਕਾਬਲਾ ਕਰਨ ਦੇ ਬਿਰਤਾਂਤ ਨੂੰ ਕਵੀਸ਼ਰ ਆਪਣੀ ਸਿਮਰਤੀ ਰਾਹੀਂ ਨਿਮਨਲਿਖਿਤ ਰਚਨਾ ਪੇਸ਼ ਕਰਦਾ ਹੈ:-

ਦੋਹਿਰਾ: ਬਾਈ ਧਾਰ ਦੇ ਰਾਜਿਆਂ ਇਕ ਹਾਥੀ ਕੀਤਾ ਤਿਆਰ।
ਨਸ਼ੇ ਪਿਆ ਕੇ ਓਸ ਨੂੰ, ਲਿਆਂਦਾ ਵਿੱਚ ਹੰਕਾਰ।
ਰੋਕ ਚੁਫੇਰਾ, ਲਾ ਲਿਆ ਡੇਰਾ, ਸ਼ਰਾਬੀ ਹਾਥੀ, ਬੂਹੇ ਵਿੱਚ ਬੜ੍ਹ ਕੇ।
ਬਚਿੱਤਰ ਸਿੰਘ ਹਾਥੀ ਨਾਲ, ਸੂਰਮਾ ਲੜਦਾ, ਜ਼ੋਰ ਲਾ ਧੜਦਾ।
ਕੋਈ ਨਾ ਖੜ੍ਹਦਾ, ਕਿਲ੍ਹਾ ਲੋਹਗੜ੍ਹ ਦਾ, ਨਾਗਣੀ ਫੜ੍ਹਕੇ.....[27]

ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹੇ ਲੋਹਗੜ੍ਹ ਸਾਹਿਬ ਦੇ ਸਥਾਨ ’ਤੇ ਭਾਈ ਬਚਿੱਤਰ ਸਿੰਘ ਅਤੇ ਮਸਤ ਹਾਥੀ ਦੇ ਮੁਕਾਬਲੇ ਨੂੰ ਦਰਸਾਇਆ ਗਿਆ ਹੈ, ਜਿਸ ਵਿੱਚ ਭਾਈ ਬਚਿੱਤਰ ਸਿੰਘ ਜੀ ਦੀ ਫ਼ਤਿਹ ਹੁੰਦੀ ਹੈ। ਸਿੱਖ ਸੂਰਮਿਆਂ ਦੀ ਬਹਾਦਰੀ ਦੇ ਕਾਰਨਾਮਿਆਂ ਨੂੰ ਭਾਈ ਬਚਿੱਤਰ ਸਿੰਘ ਦੀ ਗਾਥਾ ਰਾਹੀਂ ਬਿਆਨ ਕੀਤਾ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ’ਤੇ ਵਾਪਰੀਆਂ ਅਜਿਹੀਆਂ ਘਟਨਾਵਾਂ ਨੂੰ ਕਵੀਸ਼ਰ ਹੂ-ਬ-ਹੂ ਸਿਮਰਤੀ ਰਾਹੀਂ ਲੋਕ ਮਨਾਂ ਤੱਕ ਪਹੁੰਚਾਉਂਦੇ ਹਨ, ਜਿਸ ਨਾਲ ਸਿੱਖ ਸਿਮਰਤੀ ਨੂੰ ਸੂਰਬੀਰਤਾ ਦੀ ਜਾਗ ਲੱਗਣੀ ਸੁਭਾਵਿਕ ਹੈ। ਭਾਈ ਬਚਿੱਤਰ ਸਿੰਘ ਵਾਲੀ ਘਟਨਾ ਸਿੱਖਾਂ ਦੀਆਂ ਧਾਰਮਕ ਅਤੇ ਸਮਾਜਕ ਲਹਿਰਾਂ ਵਿੱਚ ਮੁੜ-ਮੁੜ ਯਾਦ ਕਰਵਾਈ ਜਾਂਦੀ ਹੈ। ਦੁਨੀ ਚੰਦ ਅਤੇ ਬਚਿੱਤਰ ਸਿੰਘ ਵਿੱਚ ਫਰਕ ਦੱਸਿਆ ਜਾਂਦਾ ਹੈ, ਕਿਵੇਂ ਦੁਨੀ ਚੰਦ ਮੌਤ ਦੇ ਭੈਅ ਤੋਂ ਡਰਦਾ ਹੋਇਆ ਗੁਰੂ ਤੋਂ ਬੇਮੁੱਖ ਹੋ ਕੇ ਭੱਜ ਗਿਆ ਸੀ, ਜਦਕਿ ਭਾਈ ਬਚਿੱਤਰ ਸਿੰਘ ਜੀ ਗੁਰੂ ਦੇ ਹੁਕਮ ਅਨੁਸਾਰ ਹਾਥੀ ਦਾ ਸਾਹਮਣਾ ਕਰਨ ਲਈ ਤਿਆਰ ਹੋ ਗਿਆ। ਬਚਿੱਤਰ ਸਿੰਘ ਸਿੱਖ ਸਿਮਰਤੀ ਦਾ ਨਾਇਕ ਹੈ, ਸਿਮਰਤੀ ਨੂੰ ਨਾਇਕ ਪੁਨਰ-ਸੁਰਜੀਤ ਕਰਦੇ ਹਨ।

ਅਗਲੇ ਭਾਗ ਵਿੱਚ ਕਵੀਸ਼ਰ ਨੇ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਉਣ ਦੀ ਨੀਤੀ ਅਤੇ ਇਸ ਦਰਮਿਆਨ ਹੋਏ ਯੁੱਧ ਦੇ ਪ੍ਰਸੰਗ ਨੂੰ ਪੇਸ਼ ਕੀਤਾ ਹੈ:-

ਦੋਹਿਰਾ: ਮੁਗ਼ਲਾਂ ਅਤੇ ਪਹਾੜੀਆਂ ਨੀਤੀ ਕਰੀ ਤਿਆਰ,
ਅਨੰਦਪੁਰ ਨੂੰ ਘੇਰਾ ਘਤੀਏ ਹੋਣਗੇ ਸਿੰਘ ਲਾਚਾਰ।
ਪਹਾੜੀ ਰਾਜੇ ਬਣੇ ਦੁਸ਼ਮਣ ਪੱਕੇ, ਸਿੰਘਾਂ ਕੋਲੋਂ ਹਾਰ ਹਾਰ ਕੇ।

---

[27] ਸਾਧੂ ਸਿੰਘ ਚੌਹਾਨ (2011) *ਗੋਬਿੰਦ ਦਰਪਣ*, ਪੰਜ ਆਬ ਪ੍ਰਕਾਸ਼ਨ, ਜਲੰਧਰ, ਪੰ. 85.

ਜੰਗਾਂ ਹਾਰ ਕੇ ਅਜੇ ਨਾ ਉਹ ਅੱਕੇ, .......
ਅਨੰਦਪੁਰ ਦੇ ਜੀ ਚਾਰ ਚੁਫੇਰੇ, ਜ਼ਾਲਮਾਂ ਨੇ ਘੇਰਾ ਪਾ ਲਿਆ.....[28]

ਉਕਤ ਰਚਨਾ ਵਿੱਚ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਵੱਲੋਂ ਪਾਏ ਘੇਰੇ ਨੂੰ ਕਵੀਸ਼ਰ ਨੇ ਪੇਸ਼ ਕੀਤਾ ਹੈ ਕਿ ਉਸ ਸਮੇਂ ਦੇ ਸਾਰੇ ਹਲਾਤ ਨੂੰ ਛੰਦਾਂ ਵਿੱਚ ਪਰੋ ਕੇ ਇੱਕ ਪ੍ਰਤੱਖ ਦ੍ਰਿਸ਼ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਪਹਾੜੀ ਰਾਜੇ ਬੇ-ਵਫਾਈ ਦਾ ਚਿੰਨ੍ਹ ਹਨ। ਅੱਜ ਵੀ ਸਿੱਖਾਂ ਦੀ ਘੇਰਾਬੰਦੀ ਹੁੰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਘੇਰਾ ਵੀ ਸਿੱਖ ਸਿਮਰਤੀ ਦਾ ਚਿੰਨ੍ਹ ਹੈ। ਇਸ ਵਾਰ ਵਿੱਚ ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਦੁਸ਼ਮਣੀ ਨੂੰ ਮੁੱਖ ਵਿਸ਼ਾ ਬਣਾ ਕੇ ਜ਼ੁਲਮ ਦਾ ਟਾਕਰਾ ਕਰਨ ਲਈ ਖ਼ਾਲਸੇ ਨੂੰ ਪ੍ਰੇਰਨਾ ਦਿੱਤੀ ਗਈ ਹੈ। ਜ਼ਬਰ ਦਾ ਖਾਤਮਾ ਦ੍ਰਿੜਤਾ ਅਤੇ ਬਹਾਦਰੀ ਨਾਲ ਹੀ ਹੋ ਸਕਦਾ ਹੈ ਜੋ ਖ਼ਾਲਸੇ ਦੇ ਉੱਚੇ ਕਿਰਦਾਰ ਵਿੱਚੋਂ ਮਿਲਦੀ ਹੈ। ਇਸ ਕਰਕੇ ਸਿੰਘਾਂ ਦੀ ਦਲੇਰੀ ਅਤੇ ਸ਼ਸਤਰ ਚਲਾਉਣ ਦੀ ਮੁਹਾਰਤ ਦੀ ਵਿੱਥਿਆ ਨੂੰ ਬੀਰ ਰਸੀ ਅੰਦਾਜ਼ ਵਿੱਚ ਬਿਆਨ ਕੀਤਾ ਗਿਆ ਹੈ। ਇਹ ਸਿੱਖ ਸਿਮਰਤੀ ਲਈ ਉਤਸ਼ਾਹਜਨਕ ਸੁਨੇਹਾ ਹੈ ਜਿਹੜਾ ਸਿੱਖ ਸਿਮਰਤੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਵਿੱਚੋਂ ਮਿਲਦਾ ਹੈ। ਅਗਲੇ ਛੰਦ ਵਿੱਚ ਕਵੀਸ਼ਰ ਨੇ ਬੜੇ ਹੀ ਭਾਵੁਕ ਤਰੀਕੇ ਨਾਲ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਦੇ ਦ੍ਰਿਸ਼ ਨੂੰ ਤਰਜ਼ ਵਾਰ ਰਾਹੀਂ ਪੇਸ਼ ਕੀਤਾ ਹੈ:-

ਦੋਹਿਰਾ: ਕੁੱਲੀ ਕੋਈ ਨਾ ਛੱਡਦਾ,
ਅੱਜ ਛੱਡਣੇ ਪੈ ਗਏ ਕੋਟ ਅੰਬਰ ਦੀ ਛਾਵੇਂ ਤੁਰ ਪਏ, ਲੈ ਪ੍ਰਭੂ ਦੀ ਓਟ
ਕਲਗ਼ੀਧਰ ਦਸ਼ਮੇਂ ਪਾਤਸ਼ਾਹ ਨੇ, ਫ਼ਤਿਹ ਬਲਾਈ,
ਅਨੰਦਪੁਰੀਏ ਸਾਡੀ ਕਰ ਲਓ, ਪਰਵਾਨ ਜੁਦਾਈ।
ਹੁਣ ਰਾਖੀ ਤੇਰੀ ਕਰੇਗੀ, ਖ਼ੁਦ ਆਪ ਖ਼ੁਦਾਈ,
ਪੰਥ ਖ਼ਾਲਸਾ ਜਨਮਿਆਂ, ਤੇਰੀ ਛਾਤੀ ਉੱਤੇ।
ਹੁਣ ਰਾਖੀ ਤੇਰੀ ਕਰੇਗੀ, ਖ਼ੁਦ ਆਪ ਖ਼ੁਦਾਈ,
ਅਨੰਦਪੁਰੀਏ ਸਾਡੀ ਕਰ ਲਓ, ਪਰਵਾਨ ਜੁਦਾਈ।[29]

ਕਵੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਛੱਡਣ ਦੇ ਸਮੇਂ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਹੈ ਕਿ ਕਿਵੇਂ ਗੁਰੂ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦਾ ਆਪਸ ਵਿੱਚ ਵਿਛੋੜਾ ਪਿਆ।

---

28 ਸਾਧੂ ਸਿੰਘ ਚੌਹਾਨ (2011) *ਗੋਬਿੰਦ ਦਰਪਣ*, ਪੰਜ ਆਬ ਪ੍ਰਕਾਸ਼ਨ, ਜਲੰਧਰ, ਪੰਨੇ 96-98.

29 ਸਾਧੂ ਸਿੰਘ ਚੌਹਾਨ (2011) *ਗੋਬਿੰਦ ਦਰਪਣ*, ਪੰਜ ਆਬ ਪ੍ਰਕਾਸ਼ਨ, ਜਲੰਧਰ, ਪੰਨੇ. 104-6.

ਇਸ ਪ੍ਰਸੰਗ ਵਿੱਚ ਕਵੀਸ਼ਰ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਯੁੱਧ ਅਤੇ ਘੇਰਾਬੰਦੀ ਦਾ ਜ਼ਿਕਰ ਵੀ ਕੀਤਾ ਹੈ। ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਸਮੇਂ ਦੇ ਹਾਲਾਤ ਅਤੇ ਸਿੰਘਾਂ ਦੀ ਬਹਾਦਰੀ ਦੇ ਕਾਰਨਾਮਿਆਂ ਦਾ ਤਸੱਵਰ ਸਰੋਤਿਆਂ/ਪਾਠਕਾਂ ਨੂੰ ਭਾਵੁਕ ਕਰ ਦਿੰਦਾ ਹੈ। ਦੁਸ਼ਮਣ ਦੀਆਂ ਚਾਲਾਂ ਸਮਝ ਕੇ ਆਪਣੀ ਯੋਜਨਾ ਪ੍ਰਣਾਲੀ ਨੂੰ ਪ੍ਰਭਾਵੀ ਬਣਾਉਣ ਦੀ ਵਿੱਥਿਆ ਨੂੰ ਬਿਆਨ ਕੀਤਾ ਗਿਆ ਹੈ। ਸਿੱਖ ਸਿਮਰਤੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਮੁਲਾਕਾਤ ਅਹਿਮ ਸਥਾਨ ਰੱਖਦੀ ਹੈ। ਸ੍ਰੀ ਗੁਰੂ ਗੋਬਿੰਦ ਸਾਹਿਬ ਨੇ ਦੱਖਣ ਵਿੱਚ ਨਾਂਦੇੜ ਦੀ ਧਰਤੀ 'ਤੇ ਪਹੁੰਚ ਕੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਪੰਜਾਬ ਵੱਲ ਤੋਰਿਆ, ਉਸ ਸਮੇਂ ਗੁਰੂ ਸਾਹਿਬ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਦੇ ਬੀਤੇ ਹੋਏ ਹਲਾਤਾ ਬਾਰੇ ਦੱਸਿਆ ਹੈ:-

ਦੋਹਿਰਾ: ਬੰਦਾ ਸਿੰਘ ਪੰਜਾਬ ਨੂੰ ਲਾ ਥਾਪੀ ਦਿੱਤਾ ਤੋਰ,
ਨਹੀਂ ਕਿਸੇ ਨੂੰ ਬਖ਼ਸ਼ਣਾ, ਜੋ ਪਾਪੀ ਆਦਮ ਖੋਰ।
ਬੰਦਾ ਸਿੰਘ ਬਹਾਦਰ ਕਰ ਲਓ, ਪੰਜਾਬ ਜਾਣ ਦੀ ਤਿਆਰੀ,
ਕਰੇ ਨਾ ਕੋਈ ਹੁਣ ਮਨਮਾਨੀ, ਜ਼ਾਲਮ ਅਤਿਆਚਾਰੀ।
ਬਾਈਧਾਰ ਦੇ ਰਾਜਿਆਂ ਪਹਿਲਾਂ, ਬੇਈਮਾਨੀ ਕੀਤੀ,
ਝੂਠੀਆਂ ਕਸਮਾਂ ਖਾ ਖਾ ਕੇ, ਕਰਵਾ ਲਈ ਬੇਪ੍ਰਤੀਤੀ।
ਬੰਦਾ ਸਿੰਘ ਬਹਾਦਰ ਕਰ ਲਓ, ਪੰਜਾਬ ਜਾਣ ਦੀ ਤਿਆਰੀ।
ਕਰੇ ਨਾ ਕੋਈ ਹੁਣ ਮਨਮਾਨੀ, ਜ਼ਾਲਮ ਅਤਿਆਚਾਰੀ।[30]

ਉਪਰੋਕਤ ਪ੍ਰਸੰਗ ਵਿੱਚ ਕਵੀਸ਼ਰ ਨੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਾਰਤਾਲਾਪ ਨੂੰ ਬਿਆਨ ਕੀਤਾ ਹੈ। ਗੁਰੂ ਸਾਹਿਬ ਬੰਦਾ ਬਹਾਦਰ ਨੂੰ ਪੰਜਾਬ ਵਿੱਚ ਵਾਪਰੇ ਦੁਖਾਂਤ ਤੋਂ ਜਾਣੂ ਕਰਵਾਉਂਦੇ ਹਨ, ਜਿਸ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਲੈ ਕੇ ਨਾਂਦੇੜ ਪਹੁੰਚਣ ਤੱਕ ਦੇ ਸਫ਼ਰ ਦਾ ਜ਼ਿਕਰ ਆਉਂਦਾ ਹੈ। ਇਸ ਪ੍ਰੰਸਗ ਨੂੰ ਪੜ੍ਹ ਕੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨਾਲ ਸੰਬੰਧਤ ਇਤਿਹਾਸ ਦੁਬਾਰਾ ਸਿਮਰਤੀ ਵਿੱਚ ਜਾਗ੍ਰਿਤ ਹੋ ਜਾਂਦਾ ਹੈ ਜਿਹੜਾ ਕਿ ਰਾਜਨੀਤਿਕ ਹੱਕਾਂ ਪ੍ਰਤੀ ਵਧੇਰੇ ਜਾਗਰੂਕਤਾ ਪੈਦਾ ਕਰਦਾ ਹੈ। ਸਿਮਰਤੀ ਦੇ ਬੀਰ-ਰਸੀ ਅਤੇ ਸਿੱਖ ਹੋਂਦ ਤੇ ਹਸਤੀ ਦੇ ਪੱਖਾਂ ਨੂੰ ਜਾਗ੍ਰਿਤ ਕਰਦਾ ਹੈ।

30 ਸਾਧੂ ਸਿੰਘ ਚੌਹਾਨ (2011) *ਗੋਬਿੰਦ ਦਰਪਣ*, ਪੰਜ ਆਬ ਪ੍ਰਕਾਸ਼ਨ, ਜਲੰਧਰ, ਪੰਨੇ. 177-79.

ਪ੍ਰਸਿੱਧ ਢਾਡੀ ਜੱਥਾ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ ਆਪਣੀਆਂ ਵਾਰਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਪ੍ਰਸਿੱਧ ਤਿਉਹਾਰ ਹੋਲੇ-ਮਹੱਲੇ ਦਾ ਜ਼ਿਕਰ ਨਿਮਨਲਿਖਿਤ ਅਨੁਸਾਰ ਕਰਦਾ ਹੈ:-

ਆਵੋਂ ਵੇਖਣ ਚੱਲੀਏ ਮੇਲਾ, ਕਰਕੇ ਆਈਏ ਜਨਮ ਸਹੇਲਾ,
ਇਹ ਵੇਲਾ ਨਈਂ ਲੱਭਣਾ, ਹੋਲਾ ਅਨੰਦਪੁਰ ਦਾ ਸੱਜਣਾਂ,
ਪਰਖ ਜਵਾਨੀ ਦੀ ਕਰਨ ਲਈ ਸਤਿਗੁਰੂ ਹੋਲੀ ਦੀ ਥਾਂ ਹੋਲਾ ਹੈ ਬਣਾਇਆ ਬਈ,
ਘੋੜ-ਦੋੜ, ਨੇਜ਼ੇਬਾਜੀ, ਤੇਗ਼ਾਂ ਦੀਆਂ ਧਾਰਾਂ 'ਤੇ ਖ਼ਾਲਸੇ ਨੂੰ ਨੱਚਣਾ ਸਿਖਾਇਆ ਬਈ,
ਛੱਡ ਕੇ ਰੰਗ ਦੀ ਰੀਤ ਪੁਰਾਣੀ, ਬਣ ਜੋ ਸਿੰਘੋ ਸਮੇਂ ਦੇ ਹਾਣੀ, ਸ਼ੇਰਾਂ ਵਾਂਗੂ ਹੈ ਗੱਜਣਾ,
ਹੋਲਾ ਅਨੰਦਪੁਰ ਦਾ ਸੱਜਣਾਂ, ਹੋਲਾ ਅਨੰਦਪੁਰ ਦਾ ਸੱਜਣਾ.....[31]

ਢਾਡੀ ਵਾਰ ਸ਼ੁਰੂ ਕਰਨ ਤੋਂ ਪਹਿਲਾਂ ਕਵੀਸ਼ਰ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਸਿੱਖ ਸਿਮਰਤੀ ਦਾ ਜ਼ਿਕਰ ਹੇਠ-ਲਿਖੇ ਅਨੁਸਾਰ ਕਰਦਾ ਹੈ:-

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਜਿਹਨੇ ਮੁਰਦਿਆਂ ਨੂੰ ਨਵੀਂ ਜ਼ਿੰਦਗੀ ਦਿੱਤੀ ਏ,
ਨੀ ਅਨੰਦਪੁਰ ਦੀਏ ਧਰਤੀਏ, ਇਕ ਪਿਆਰ ਦੀ ਦੁਨੀਆਂ ਏ ਤੂੰ,
ਨੀ ਸੱਚੇ ਉਸ ਸਹਿਨਸ਼ਾਹ ਦਿਲਦਾਰ ਦੀ ਦੁਨੀਆਂ ਏ ਤੂੰ।[32]

ਇੱਥੇ ਮੁਰਦਿਆਂ ਨੂੰ ਨਵੀਂ ਜਿੰਦਗੀ ਦੇਣ ਤੋਂ ਭਾਵ ਮਜ਼ਲੂਮਾਂ ਨੂੰ ਬਾਦਸ਼ਾਹ ਬਣਾਉਣ ਦਾ ਸੰਕਲਪ ਹੈ ਅਤੇ ਪਿਆਰ ਦੀ ਦੁਨੀਆਂ ਤੋਂ ਭਾਵ ਭਾਈ ਘਨੱਈਆ ਜੀ ਦੀ ਸੇਵਾ ਘਾਲਣਾ ਦੇ ਬਿਰਤਾਂਤ ਦਾ ਜ਼ਿਕਰ ਹੈ। ਅਜਿਹੇ ਬਿਰਤਾਂਤ ਦਾ ਸਿਮਰਤੀ ਵਿੱਚ ਹੋਣਾ ਸਾਹਿਤ ਸਿਰਜਨਾ ਦਾ ਆਧਾਰ ਬਣਦਾ ਹੈ। ਇਸ ਤੋਂ ਬਾਅਦ ਵਿੱਚ ਢਾਡੀ ਵਾਰ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ- ਮਹੱਲੇ ਦਾ ਜ਼ਿਕਰ ਵੀ ਸ਼ੇਅਰਾਂ ਰਾਹੀਂ ਨਿਮਨਲਿਖਤ ਅਨੁਸਾਰ ਕਰਦਾ ਹੈ:-

ਆਓ ਸਿੰਘੋ ਚੱਲੀਏ ਅਨੰਦਪੁਰ ਆਪਾਂ
ਹੋਲੀ ਦੀ ਥਾਂ ਹੋਲਾ ਹੈ ਬਣਾਇਆ ਬਾਜ਼ਾਂ ਵਾਲੇ ਨੇ,
ਰੰਗਾਂ ਨਾਲ ਖੇਡਣੇ ਦੀ ਰੀਤ ਹੈ ਪੁਰਾਣੀ,
ਛਲਮਨ ਸਿੰਘਾਂ' 'ਮੋਰਾਂਵਾਲੀਆਂ' ਹੈ ਵਾਰ ਗਾਉਂਦਾ,
ਸਿਰ 'ਤੇ ਹੱਥ ਹੈ ਟਿਕਾਇਆਂ ਬਾਜ਼ਾਂ ਵਾਲੇ ਨੇ

[31] www.youtube/Hola Mohalla Anandpur Sahib/ Giani Tarsem Singh Moranwali/ 20 March, 2019.

[32] www.youtube/Hola Mohalla Anandpur Sahib/ Giani Tarsem Singh Moranwali/ 20 March, 2019.

ਪੰਛੀ ਹੰਸ ਸਰੋਵਰੀ ਵੱਸਣ, ਬਾਗ਼ੀ ਹੰਸ ਮਮੋਲਾਂ,
ਓ ਮੁਕਤਸਰ ਸਾਹਿਬ ਮਾਘੀ ਭਰਦੀ ਜਿਉਂ ਸੱਜ ਵਿਆਹਿਆਂ ਡੋਲਾ,
ਤੇ ਅਨੰਦਪੁਰ ਭਰਦਾ ਹੋਲਾ।[33]

ਸ੍ਰੀ ਅਨੰਦਪੁਰ ਸਾਹਿਬ ਦੇ ਸਿਮਰਤੀ ਪੱਖ ਤੋਂ ਜ਼ਿਕਰ ਕਰਦਿਆਂ ਇੱਕ ਤੱਥ ਹੋਰ ਸਾਹਮਣੇ ਆਉਂਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਦੀ ਗੱਲ ਚੱਲਦੀ ਹੈ ਤਾਂ ਲੰਗਰ ਵਿਵਸਥਾ ਦਾ ਜ਼ਿਕਰ ਜ਼ਰੂਰ ਆਉਂਦਾ ਹੈ। ਲੰਗਰ ਸਿੱਖ ਧਰਮ ਦੀ ਨਿਵੇਕਲੀ ਪਹਿਚਾਣ ਹੈ, ਇਸ ਲਈ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਗੀਤ, ਵਾਰ ਜਾਂ ਹੋਰ ਵੀ ਕੋਈ ਸੱਭਿਆਚਾਰਕ ਵੰਨਗੀ ਵਿੱਚ ਲੰਗਰ ਪ੍ਰਬੰਧ ਦਾ ਜ਼ਿਕਰ ਆਉਂਦਾ ਹੈ। ਇਸ ਪ੍ਰਸੰਗ ਵਿੱਚ ਕਵੀਸ਼ਰ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਉਸ ਸਮੇਂ ਨੂੰ ਯਾਦ ਕਰਦਾ ਹੈ, ਜਦੋਂ ਗੁਰੂ ਗੋਬਿੰਦ ਸਿੰਘ ਜੀ ਦੋ ਧੜਿਆਂ ਵਿੱਚ ਸਿੰਘਾਂ ਨੂੰ ਵੰਡ ਕੇ ਯੁੱਧ ਅਭਿਆਸ ਕਰਵਾਉਂਦੇ ਸਨ। ਅਜਿਹੇ ਪ੍ਰਸੰਗਾਂ ਨੂੰ ਪੜ੍ਹਨ-ਸੁਣਨ ਵਾਲਿਆਂ ਦੀ ਸਿਮਰਤੀ ਵਿੱਚ ਉਸ ਵੇਲੇ ਦੀ ਹੂ-ਬ-ਹੂ ਤਸਵੀਰ ਉੱਕਰ ਜਾਂਦੀ ਹੈ, ਜਿਹੜੀ ਕਿ ਸੁਰਤ ਨੂੰ ਤ੍ਰੈ-ਕਾਲੀ ਸਿਮਰਤੀ ਦੇ ਵਿਸ਼ੇਸ਼ ਲੱਛਣ ਰਾਹੀਂ ਪੁਰਾਤਨ, ਵਰਤਮਾਨ/ ਭਵਿੱਖਤ ਸਮੇਂ 'ਚ ਲੈ ਜਾਂਦੀ ਹੈ।

## 6. ਕਵਿਤਾ ਵਿੱਚ ਸ੍ਰੀ ਅਨੰਦਪੁਰ ਸਾਹਿਬ

ਸਿੱਖ ਪਰੰਪਰਾ ਵਿੱਚ ਕਵੀਆਂ, ਢਾਡੀਆਂ, ਕਵੀਸ਼ਰਾਂ ਵੱਲੋਂ ਇਤਿਹਾਸਕ ਪ੍ਰਸੰਗ ਪੇਸ਼ ਕੀਤੇ ਜਾਂਦੇ ਹਨ। ਇਸ ਤਰ੍ਹਾਂ ਇਹ ਆਪਣੇ ਗੀਤਾਂ ਨਾਲ ਸਰੋਤਿਆਂ ਨੂੰ ਸਿਮਰਤੀ ਰਾਹੀਂ ਸਿੱਖ ਇਤਿਹਾਸ ਨਾਲ ਜੋੜਦੇ ਹਨ। ਕਾਵਿ ਲੋਕ ਮਨਾਂ ਨੂੰ ਟੁੰਬਦਾ ਹੈ, ਲੋਕ ਆਪਣੀਆਂ ਪਰੰਪਰਾਵਾਂ ਅਤੇ ਵਿਰਾਸਤ ਨੂੰ ਲੋਕ-ਕਾਵਿ ਰਾਹੀਂ ਜਿਉਂਦੀ ਰੱਖਦੇ ਹਨ। ਕਾਵਿ ਦੇ ਜੋ ਰੂਪ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਸਿੱਖ ਸਿਮਰਤੀ ਦੇ ਰੂਪ ਵਿੱਚ ਉਭਾਰੇ ਹਨ, ਉਹਨਾਂ ਨੂੰ ਸਾਹਿਤ ਦੇ ਰੂਪਾਂ ਵਿੱਚੋਂ ਭਲੀ-ਭਾਂਤ ਵੇਖਿਆ ਜਾ ਸਕਦਾ ਹੈ। ਕਾਵਿ ਸਮਾਜ ਦੇ ਵੱਖ-ਵੱਖ ਵਰਗ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਾਧਨ ਵੀ ਬਣਦਾ ਹੈ। ਇਹ ਆਪਣੇ ਆਪ ਵਿੱਚ ਮੁੱਢ ਤੋਂ ਹੁਣ ਤੱਕ ਕਿਸੇ ਸਮੂਹ ਦੇ ਸਮੁੱਚੇ ਸੱਭਿਆਚਾਰ ਦੀਆਂ ਪੈੜਾਂ ਸਾਂਭੀ ਬੈਠਾ ਹੈ।

---

[33] www.youtube/Hola Mohalla Anandpur Sahib/ Giani Tarsem Singh Moranwali/ 20 March, 2019.

ਕਿਸੇ ਵੀ ਕੌਮ ਦੀ ਵਿਰਾਸਤ ਦੀ ਅਮੀਰੀ ਉਸ ਦੇ ਲੋਕ ਸਾਹਿਤ ਤੋਂ ਵੇਖੀ ਜਾ ਸਕਦੀ ਹੈ। ਕਾਵਿ ਲੋਕ ਸਾਹਿਤ ਦੀ ਮਹੱਤਵਪੂਰਨ ਵੰਨਗੀ ਹੈ, ਜਿਸ ਵਿੱਚ ਲੋਕ ਮਨ ਦੀਆਂ ਦੱਬੀਆਂ ਭਾਵਨਾਵਾਂ ਨੂੰ ਉਜਾਗਰ ਕੀਤਾ ਜਾਂਦਾ ਹੈ। ਕਾਵਿ ਦੁਆਰਾ ਲੋਕ ਮਨ ਦੀਆਂ ਇੱਛਾਵਾਂ, ਉਮੰਗਾਂ ਆਦਿ ਨੂੰ ਬੜੇ ਸੂਖਮ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ। "ਕਾਵਿ ਇਕ ਮਾਧਿਅਮ ਸੀ ਜਿਸ ਦੁਆਰਾ ਆਦਿਮ ਮਾਨਵ ਦੇਵਤਿਆਂ ਨੂੰ ਪਤਿਆਂਦਾ, ਇਕ ਮੰਤਰ ਸ਼ਕਤੀ ਸੀ ਜਿਸ ਦੁਆਰਾ ਉਹ ਹੋਣੀ ਨਾਲ ਸੰਘਰਸ਼ ਕਰਦਾ ਤੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਨ ਦੀ ਚੇਸ਼ਟਾ ਕਰਦਾ, ਇਕ ਜੀਵਨ ਵਿਹਾਰ ਤੇ ਸਮੂਹ ਅਭਿਵਿਅਕਤੀ ਸੀ ਜਿਸ ਦੁਆਰਾ ਉਹ ਕਈ ਸਮਾਜਿਕ ਕਰਮ ਕਾਂਡ ਨਿਭਾਉਂਦਾ।"[34] ਇਸ ਤਰ੍ਹਾਂ ਲੋਕ ਕਾਵਿ ਦਾ ਸੰਬੰਧ ਮਨੁੱਖ ਨਾਲ ਪੁਰਾਤਨ ਸਮੇਂ ਤੋਂ ਹੀ ਜੁੜਿਆ ਹੋਇਆ ਹੈ। ਸਿੱਖ ਪਰੰਪਰਾ ਪੁਰਾਣੀ ਨਹੀਂ ਹੈ ਇਸ ਕਰਕੇ ਇਸਦੀ ਸਿਮਰਤੀ ਇਤਿਹਾਸਕ ਕਾਵਿ ਵਿੱਚੋਂ ਪਛਾਣੀ ਜਾ ਸਕਦੀ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਸਥਾਨ 'ਤੇ ਗੁਰੂ ਸਾਹਿਬ ਦੇ ਬਵੰਜਾ ਹਜ਼ੂਰੀ ਕਵੀਆਂ ਅਤੇ ਵਿਦਵਾਨ ਸਾਹਿਤਕਾਰਾਂ ਨੇ ਅਥਾਹ ਸਾਹਿਤ ਦੀ ਸਿਰਜਨਾ ਕੀਤੀ, ਇਸ ਪਵਿੱਤਰ ਸਥਾਨ 'ਤੇ ਦੁਰਲੱਭ ਅਤੇ ਪੁਰਾਤਨ ਰਚਨਾਵਾਂ ਦੇ ਅਨੁਵਾਦ ਹੋਏ, ਨਾਮ-ਬਾਣੀ ਅਤੇ ਕਥਾ ਕੀਰਤਨ ਦੇ ਅਤੁੱਟ ਪ੍ਰਵਾਹ ਦੇ ਨਾਲ-ਨਾਲ ਸ਼ਸਤਰ ਅਤੇ ਸ਼ਾਸਤਰ ਦੇ ਅਭਿਆਸ ਵੀ ਹੋਣ ਲੱਗੇ। ਜਿਨ੍ਹਾਂ ਨੇ ਸਿੱਖ ਸਿਮਰਤੀ ਵਿੱਚ ਨੈਤਿਕ ਮੁੱਲ ਸਿਰਜਣ ਵਿੱਚ ਮੁੱਲਵਾਨ ਭੂਮਿਕਾ ਨਿਭਾਈ।

ਸ੍ਰੀ ਅਨੰਦਪੁਰ ਸਾਹਿਬ ਦਾ ਸੰਬੰਧ ਖ਼ਾਲਸਾ ਸਾਜਨਾ ਨਾਲ ਹੋਣ ਕਰਕੇ ਸਿੱਖ ਪੰਥ ਨਾਲ ਵਧੇਰੇ ਸੰਬੰਧਤ ਹੈ। ਖ਼ਾਲਸੇ ਸੰਬੰਧੀ ਜ਼ਿਆਦਾਤਰ ਸਾਹਿਤ ਸ੍ਰੀ ਅਨੰਦਪੁਰ ਸਾਹਿਬ ਨਾਲ ਜੁੜਦਾ ਹੈ ਪਰੰਤੂ ਅਸੀਂ ਕੇਵਲ ਸਿੱਧੇ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਜਾਂ ਇੱਥੋਂ ਦੀਆਂ ਘਟਨਾਵਾਂ ਨਾਲ ਸੰਬੰਧਤ ਕਵਿਤਾਵਾਂ, ਗੀਤਾਂ, ਢਾਡੀ ਵਾਰਾਂ ਵਿੱਚੋਂ ਸਿਮਰਤੀ ਦੇ ਪੱਖ ਤੋਂ ਹਵਾਲੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਖੋਜ ਕਾਰਜ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਅਤੇ ਸੁਰਜੀਤ ਪਾਤਰ ਵੱਲੋਂ ਸੰਪਾਦਿਤ ਪੁਸਤਕ *'ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)'* ਨੂੰ ਕਾਵਿ ਸਰੋਤ ਵਜੋਂ ਅਧਾਰ ਬਣਾਇਆ ਗਿਆ ਹੈ ਜਿਸ ਵਿੱਚ ਬਵੰਜਾ ਵੱਖ-ਵੱਖ ਵਿਚਾਰਧਾਰਾਵਾਂ ਦੇ ਕਵੀਆਂ ਦੀਆਂ ਸ੍ਰੀ ਅਨੰਦਪੁਰ ਸਾਹਿਬ ਅਤੇ ਇੱਥੇ ਨਾਲ ਸੰਬੰਧਤ ਕੁਝ ਹੋਰ ਵਿਸ਼ਿਆਂ ਦੀਆਂ ਰਚਨਾਵਾਂ ਸ਼ਾਮਿਲ ਹਨ। ਬਵੰਜਾ

[34] ਵਣਜਾਰਾ ਬੇਦੀ (1978) *ਲੋਕ ਪਰੰਪਰਾ ਅਤੇ ਸਾਹਿਤ,* ਜਤਿੰਦਰ ਬੇਦੀ, ਸੰਪਾ., ਪਰੰਪਰਾ ਪ੍ਰਕਾਸ਼ਨ, ਦਿੱਲੀ, ਪੰ. 115.

ਕਵੀਆਂ ਦਾ ਅੰਕ ਸੁਭਾਵਿਕ ਹੀ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾ ਕਵੀਆਂ ਦੀ ਸਿਮਰਤੀ ਨਾਲ ਜੋੜਦਾ ਹੈ। ਇਸ ਕਰਕੇ ਕਿਤਾਬ ਨੂੰ ਬਵੰਜਾ ਦੇ ਅੰਕ ਨਾਲ ਜੋੜਿਆ ਗਿਆ ਹੈ। "ਅਨੰਦਪੁਰ ਸਾਹਿਬ ਦੇ ਅਨੰਦਮਈ ਵਾਤਾਵਰਣ ਤੋਂ ਚਮਕੌਰ ਦੀ ਕੱਚੀ ਗੜ੍ਹੀ ਤੇ ਸਰਹਿੰਦ ਦੀਆਂ ਦੀਵਾਰਾਂ ਤੀਕ ਦੇ ਸਫ਼ਰ ਦੀ ਸਾਖੀ ਦੀ ਅਕੱਥ ਕਹਾਣੀ ਲੋਕ-ਮਾਨਸਿਕਤਾ 'ਚ ਘਰ ਕਰ ਚੁੱਕੀ ਹੈ।"[35] ਵਰਤਮਾਨ ਸਮੇ ਵੀ 'ਸਫਰ-ਏ-ਸ਼ਹਾਦਤ' ਦੇ ਸਿਰਲੇਖ ਹੇਠ ਹਰ ਸਾਲ ਸਮਾਗਮ ਕਰਵਾਏ ਜਾਂਦੇ ਹਨ। ਇਨ੍ਹਾਂ ਸਮਾਗਮਾਂ ਵਿੱਚ ਇਤਿਹਾਸਕ ਅਤੇ ਸਾਹਿਤਕ ਤੱਥਾਂ ਨਾਲ ਗੁਰੂ ਕਾਲ ਦੇ ਬਿਰਤਾਂਤ ਨੂੰ ਪੇਸ਼ ਕੀਤਾ ਜਾਂਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ ਰਾਗੀਆਂ, ਢਾਡੀਆਂ, ਕਵੀਆਂ ਅਤੇ ਸਾਹਿਤਕਾਰਾਂ ਵਿੱਚ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਰਾਗੀ ਪ੍ਰੇਮ ਸਿੰਘ ਜੀ ਦਾ ਨਾਮ ਮਸ਼ਹੂਰ ਹੈ ਜੋ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਇੱਥੇ ਕੀਰਤਨ ਕਰਦੇ ਸਨ। ਸੁਰ, ਸਾਜ਼ ਅਤੇ ਆਵਾਜ਼ ਵਿੱਚ ਪ੍ਰਬੀਨ ਰਾਗੀ ਪ੍ਰੇਮ ਸਿੰਘ ਜੀ ਦੀ ਬਹੁਤ ਪ੍ਰਸਿੱਧੀ ਸੀ। ਅਜੋਕੇ ਸਮੇਂ ਵਿੱਚ ਦੇਸ ਵਿਦੇਸ਼ ਵਿੱਚ ਪੁਰਾਤਨ ਰੀਤਾਂ ਅਤੇ ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਦੀ ਸਿਖਲਾਈ ਦੇਣ ਦੇ ਉਦੇਸ਼ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਸੰਬਰ 1999 ਈ. ਤੋਂ 'ਗੁਰਮਤਿ ਸੰਗੀਤ ਅਕੈਡਮੀ' ਦੇ ਡਾਇਰੈਕਟਰ ਪ੍ਰੋ. ਕਰਤਾਰ ਸਿੰਘ ਜੀ ਦੇ ਕਾਰਜਾਂ ਦਾ ਵਿਸ਼ੇਸ਼ ਜ਼ਿਕਰ ਹੁੰਦਾ ਹੈ। ਪਵਿੱਤਰਤਾ ਦਾ ਅਹਿਸਾਸ ਮਨੁੱਖ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਕਈ ਵੱਡੇ ਵਿਦਵਾਨ ਅਤੇ ਕਵੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦੇ ਮੋਹ ਵਿੱਚ ਇੰਨੇ ਜ਼ਿਆਦਾ ਭਿੱਜ ਗਏ ਕਿ ਉਹਨਾਂ ਨੇ ਆਪਣੇ ਨਾਮ ਦੀ ਪਛਾਣ ਲਈ 'ਅਨੰਦਪੁਰੀ' ਲਾਉਣਾ ਸ਼ੁਰੂ ਕਰ ਦਿੱਤਾ। 'ਅਨੰਦਪੁਰੀ' ਤਖ਼ੱਲਸ ਲਗਾਉਣਾ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀ ਆਪਣੀ ਸ਼ਾਨ ਸਮਝਦੇ ਹਨ। ਅਜਿਹੇ ਹੀ ਵਿਦਵਾਨ ਪੰਥਕ ਕਵੀ ਗਿਆਨੀ ਸੰਤੋਖ ਸਿੰਘ ਜੀ ਅਨੰਦਪੁਰੀ ਹੋਏ ਹਨ ਜਿਨ੍ਹਾਂ ਨੇ 'ਅਨੰਦਪੁਰੀ' ਦੇ ਸਿਰਲੇਖ ਹੇਠ ਕਵਿਤਾ ਲਿਖੀ, ਉਸ ਵਿੱਚੋਂ ਪਾਵਨ ਨਗਰ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਮਨੋ-ਦਸ਼ਾ ਦਾ ਪ੍ਰਤੱਖ ਗਿਆਨ ਹੋ ਜਾਂਦਾ ਹੈ;

ਚੰਦ ਬਾਝ ਚਕੋਰ ਏ, ਸੂਰਜ ਬਿਨਾਂ ਚਕਵੀਂ ਜਿਵੇਂ।
ਬੂੰਦ ਸਵਾਂਤੀ ਬਿਨ ਪਪੀਹਾ, ਗੁਰ ਦਰਸ ਬਿਨ ਸਿੱਖ ਤਿਵੇਂ।

[35] ਰੂਪ ਸਿੰਘ (2012) *ਸਿੱਖ ਸਰੋਕਾਰ*, ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 61.

ਵੇਖ ਬੱਦਲ ਕਾਲਿਆ, ਜਿਉਂ ਮੋਰ ਪੈਲਾਂ ਪਾਂਵਦਾ।
ਅਨੰਦਪੁਰੀ ਦਾ ਦਰਸ ਕਰ, ਗੁਰਸਿੱਖ ਦਾ ਮਨ ਖਿੜ ਜਾਂਵਦਾ।
...ਮੇਹਰ ਕਰ ਦਸਮੇਸ਼ ਨੇ, ਕੂਕਰ ਚਰਨੀਂ ਲਾ ਲਿਆ।
'ਅਨੰਦਪੁਰੀ' ਨੇ ਆਣ ਕੇ, ਡੇਰਾ ਅਨੰਦਪੁਰ ਲਾ ਲਿਆ।[36]

ਕਵੀ ਸ੍ਰੀ ਅਨੰਦਪੁਰ ਸਾਹਿਬ ਦੇ ਮਹੱਤਵ ਨੂੰ ਪ੍ਰਗਟਾਉਂਦਿਆਂ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਦੀਦਾਰ ਦੀ ਵਿਸ਼ੇਸ਼ਤਾ ਦਾ ਜ਼ਿਕਰ ਕਰਦਾ ਹੈ ਕਿ ਜਿਵੇਂ; ਪੰਛੀ ਮੋਰ ਕਾਲੀਆਂ ਘਟਾਵਾਂ ਨੂੰ ਦੇਖ ਕੇ ਝੂਮ ਉੱਠਦਾ ਹੈ, ਉਸੇ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਕੇ ਗੁਰਸਿੱਖ ਵੀ ਨਿਹਾਲ ਹੋ ਜਾਂਦਾ ਹੈ ਕਿਉਂਕਿ ਇੱਥੋਂ ਦੇ ਕਣ-ਕਣ ਵਿੱਚ ਸਿੱਖ ਇਤਿਹਾਸ ਮੌਜੂਦ ਹੈ, ਜਿਸ ਕਰਕੇ ਇੱਥੇ ਰਹਿਣ ਵਾਲਿਆਂ ਦੇ ਉਹ ਧੰਨ-ਭਾਗ ਸਮਝ ਰਿਹਾ ਹੈ। ਇੱਥੇ ਰਹਿਣ ਵਾਲਿਆਂ ਦੇ ਨਾਲ-ਨਾਲ ਦੇਸ਼-ਵਿਦੇਸ਼ ਵਿੱਚ ਵੀ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਏ ਜਾਂਦੇ ਖ਼ਾਲਸਾਈ ਤਿਉਹਾਰ ਅਤੇ ਵੱਖੋ-ਵੱਖਰੇ ਸਮਾਗਮ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਤਸਵੀਰ ਨੂੰ ਗੂੜਾ ਕਰਦੇ ਰਹਿੰਦੇ ਹਨ।

ਅਨੰਦਪੁਰੀ ਦਾ ਤਖ਼ੱਲਸ ਵਰਤਣ ਵਾਲਾ ਅਜਿਹਾ ਹੀ ਇੱਕ ਹੋਰ ਨਾਮ ਹੈ ਬੀਬੀ ਮਨਮੋਹਨ ਕੌਰ ਅਨੰਦਪੁਰੀ ਹੈ, ਜਿਨ੍ਹਾਂ ਦਾ ਇਲਾਕੇ ਦੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਵਿੱਚ ਬਹੁਤ ਯੋਗਦਾਨ ਰਿਹਾ। ਇਨ੍ਹਾਂ ਤੋਂ ਇਲਾਵਾ ਅਨੇਕਾਂ ਹੀ ਕਵੀਆਂ ਨੇ ਆਪਣੀ ਪਹੁੰਚ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦੀ ਮਹਿਮਾ ਦਾ ਜੱਸ ਗਾਇਨ ਕੀਤਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਕਾਰਨ ਜਗਿਆਸੂਆਂ ਵਿੱਚ ਇਸ ਪਾਵਨ ਨਗਰ ਦੇ ਦਰਸ਼ਨ-ਪਰਸਨ ਦੀ ਇੱਕ ਅਨੂਠੀ ਖਿੱਚ ਬਣੀ ਰਹੀ ਹੈ, ਇੱਥੋਂ ਦੀ ਨੂਰਾਨੀ ਫ਼ਿਜ਼ਾ ਵਿੱਚ ਅੱਜ ਵੀ ਇਨ੍ਹਾਂ ਬੋਲਾਂ ਦੀ ਗੁੰਜਾਰ ਪ੍ਰਤੱਖ ਸੁਣਾਈ ਦਿੰਦੀ ਹੈ। ਗੀਤਾਂ ਰਾਹੀਂ ਸੰਗਤ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਦਾ ਸੁਨੇਹਾ ਦਿੱਤਾ ਜਾਂਦਾ ਹੈ। ਇਸ ਸਨੇਹੇ ਵਿੱਚ ਗੁਰੂ ਨਾਲ ਸਿਮਰਤੀ ਨੂੰ ਜੋੜਿਆ ਗਿਆ ਹੈ।

ਜਿੰਦੇ! ਚੱਲ ਨੀ ਅਨੰਦਪੁਰ ਚੱਲ ਵੱਸੀਏ,
ਜਿੱਥੇ ਰਹਿੰਦੇ ਨੇ ਗੁਰਾਂ ਦੇ ਰੰਗ ਰਸੀਏ।

---

[36] ਨਿਰਵੈਰ ਸਿੰਘ (2015) "ਸ੍ਰੀ ਅਨੰਦਪੁਰ ਸਾਹਿਬ ਦੇ ਰਾਗੀ, ਢਾਡੀ, ਕਵੀ ਅਤੇ ਸਾਹਿਤਕਾਰ" *ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸੋਵੀਨਰ*, ਦਿਲਜੀਤ ਸਿੰਘ ਬੇਦੀ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 165.

ਧੰਨ ਅਨੰਦਪੁਰ ਨਗਰ ਹੈ, ਜਹਿੰ ਵਿੱਚਰੇ ਦਸਮੇਸ਼,
ਧੰਨ ਸਿੰਘ ਜੋ ਪ੍ਰੇਮ ਕਰਿ, ਹਾਜ਼ਰ ਰਹੈਂ ਹਮੇਸ਼।[37]

ਉਪਰੋਕਤ ਰਚਨਾ ਵਿੱਚ ਪਾਠਕ/ਸਰੋਤਾ ਆਪ ਜੀਵੰਤ ਸਿਮਰਤੀ ਵਿੱਚ ਇਹ ਮਹਿਸੂਸ ਕਰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਨਗਰ ਵਿੱਚ ਰਹਿਣ ਵਾਲੇ ਲੋਕ ਗੁਰਾਂ ਦੇ ਰੰਗਾਂ ਵਿੱਚ ਰੰਗੇ ਹੋਏ ਹਨ ਭਾਵ ਕਿ ਉਹਨਾਂ ਤੇ ਗੁਰੂ ਦੀ ਅਥਾਹ ਕਿਰਪਾ ਹੈ। ਲੇਖਕ ਦਾ ਆਪਣਾ ਮਨ ਵੀ ਸ੍ਰੀ ਅਨੰਦਪੁਰ ਸਾਹਿਬ ਆ ਕੇ ਵੱਸਣ ਦੀ ਤਾਂਘ ਲੋਚਦਾ ਹੈ। ਪਵਿੱਤਰਤਾ ਦਾ ਇਹ ਆਕਰਸ਼ਣ ਸਿਮਰਤੀ ਵਿੱਚ ਜੀਵੰਤ ਰਹਿੰਦਾ ਹੈ। ਲੇਖਕ ਅਨੰਦਪੁਰ ਦੀ ਨਗਰੀ ਨੂੰ ਇਸ ਕਰਕੇ ਧੰਨ ਮੰਨਦਾ ਹੈ ਕਿਉਂਕਿ ਦਸਮੇਸ਼ ਗੁਰੂ ਇਸ ਥਾਂ ’ਤੇ ਵਿਚਰੇ ਸਨ ਅਤੇ ਹੁਣ ਵੀ ਆਪਣੇ ਸਿੰਘਾਂ ਦੀ ਚੜ੍ਹਦੀਕਲਾ ਵਿੱਚ ਨਿਵਾਸ ਕਰਦੇ ਹਨ। ਸਿੱਖ ਸਿਮਰਤੀ ਵਿੱਚ ਇਹ ਪੂਰਨ ਵਿਸ਼ਵਾਸ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਹਾਜ਼ਰ ਹਜ਼ੂਰ ਵਿਚਰਦੇ ਹਨ, “ਹਰ ਇਕ ਸਿਖ ਦੀਆਂ ਅੱਖਾਂ ਸਾਹਮਣੇ ਇਕ ਨਜ਼ਾਰਾ ਹੈ। ਉਹ ਕਲਗੀਧਰ ਜੀ ਦਾ ਦਰਬਾਰ ਲੱਗਾ ਹੋਇਆ ਵੇਖਦਾ ਹੈ, ਚਾਰੇ ਸਾਹਿਬਜ਼ਾਦੇ ਹਾਜ਼ਰ ਹਨ, ਜਿਨ੍ਹਾਂ ਦੇ ਪਿੱਛੇ ਭਾਈ ਮਨੀ ਸਿੰਘ ਖੜ੍ਹੇ ਹਨ। ਮਸਨਦ ਦੇ ਪਾਸ ਹੀ ਪੰਜ ਪਿਆਰੇ ਬੈਠੇ ਹਨ ਅਤੇ ਸਤਿਗੁਰੂ ਜੀ ਦੇ ਸਾਹਮਣੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਸ਼ਹੀਦ ਸਿੰਘ ਬੈਠੇ ਹਨ। ਇਸ ਦਰਬਾਰ ਦੀ ਸੋਭਾ ਐਸੀ ਖਿਚ ਵਾਲੀ ਹੈ ਕਿ ਹਰ ਇਕ ਸਿੱਖ ਦਾ ਦਿਲ ਉੱਥੇ ਪੁਜਣ ਨੂੰ ਲੋਚਦਾ ਹੈ।”[38] ਜਿਨ੍ਹਾਂ ਦੇ ਦਰਸ਼ਨ ਦੀਦਾਰੇ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਜਾਣਾ ਪਵੇਗਾ:-

ਪੰਜਾਂ ਅੰਦਰੋਂ ਫਿਰ ਪੰਜ ਵਾਰੇ, ਉਹ ਰੂਪ ਤੇਰਾ ਹੀ ਹੋ ਗਏ ਸੀ
ਫਿਰ ਦਾਤ ਉਨ੍ਹਾਂ ਤੋਂ ਅੰਮ੍ਰਿਤ ਦੀ ਮੰਗਣ ਲਈ ਆਪ ਖਲੋ ਗਏ ਸੀ[39]

ਕਵੀ ਖ਼ਾਲਸਾ ਸਾਜਨਾ ਦੇ ਦ੍ਰਿਸ਼ ਨੂੰ ਪੇਸ਼ ਕਰਦਾ ਹੈ ਕਿ ਪੰਜ ਪਿਆਰਿਆਂ ਅੰਦਰੋਂ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਖ਼ਤਮ ਕਰਕੇ ਗੁਰੂ ਜੀ ਆਪ ਅੰਮ੍ਰਿਤ ਦੀ ਦਾਤ ਉਨ੍ਹਾਂ ਪਾਸੋਂ ਹੀ ਪ੍ਰਾਪਤ ਕਰ

---

37 ਸੁਰਜੀਤ ਪਾਤਰ, ਸੰਪਾ.(2016) *ਤੇਰੇ ਦਰ ਤੇ ਵਗਦੀ ਕਾਵਿ ਨਦੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ,ਪੰ. 29.

38 ਹੀਰਾ ਸਿੰਘ ਦਰਦ, ਸੰਪਾ. (1960) *ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 249-50.

39 ਗੁਰਸ਼ਰਨ ਸਿੰਘ ਪਰਵਾਨਾ (2016) *ਤੇਰੇ ਦਰ ‘ਤੇ ਵਗਦੀ ਕਾਵਿ-ਨਦੀ, (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 23.

ਰਹੇ ਹਨ। ਇਹਨਾਂ ਪੰਕਤੀਆਂ ਵਿੱਚ ਆਪੇ ਗੁਰ ਚੇਲਾ ਦੀ ਵਿਚਾਰਧਾਰਾ ਦਾ ਪ੍ਰਗਟਾਵਾ ਲੇਖਕ ਦੀ ਸਿਮਰਤੀ ਵਿੱਚ ਦਿਖਾਈ ਦਿੰਦਾ ਹੈ। ਕਾਵਿ ਦੀਆਂ ਲੋਕ ਕਹਾਵਤਾਂ ਜਾਂ ਬੋਲੀਆਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਖੰਡੇ ਬਾਟੇ ਦੇ ਅੰਮ੍ਰਿਤ ਦਾ ਜ਼ਿਕਰ ਜ਼ਰੂਰ ਆਉਂਦਾ ਹੈ। ਗੁਰ-ਪੁਰਬ, ਨਗਰ ਕੀਰਤਨ ਜਾਂ ਸਮੁਦਾਇਕ ਧਾਰਮਕ ਇਕੱਠਾਂ ਵਿੱਚ ਸ਼ਰਧਾਲੂ ਸੇਵਾ ਕਰਦੇ ਸਮੇਂ ਅਕਸਰ ਨਿਮਨ ਲਿਖਤ ਪੰਕਤੀਆਂ ਦਾ ਜਾਪ ਕਰਦੀਆਂ ਹਨ। ਸ੍ਰੀ ਅਨੰਦਪੁਰ ਸਾਹਿਬ ਲੋਕਾਂ ਦੇ ਮਨ ਵਿੱਚ ਵਸਦਾ ਹੈ। ਇਸ ਪਵਿੱਤਰ ਯਾਦ ਨੂੰ ਸਿੱਖ ਸੰਗਤ ਵਿਸ਼ੇਸ਼ ਮੌਕਿਆਂ 'ਤੇ ਤਾਜ਼ਾ ਕਰਦੀ ਰਹਿੰਦੀ ਹੈ। ਸਿਮਰਤੀ ਪੀੜੀ ਦਰ ਪੀੜੀ ਰੁਪਾਂਤਰਤ ਹੁੰਦੀ ਰਹਿੰਦੀ ਹੈ।

ਦਸਵੇਂ ਗੁਰਾਂ ਦੀਆਂ ਖ਼ੁਸ਼ੀਆਂ ਜੇ ਲੈਣੀਆਂ, ਖੰਡੇ ਵਾਲਾ ਅੰਮ੍ਰਿਤ ਪੀ, ਨੀ ਸੰਗਤੇ...
ਪਿਤਾ ਗੁਰਾਂ ਦੇ ਤੇਗ਼ ਬਹਾਦਰ, ਮਾਤਾ ਗੁਜਰੀ ਜੀ, ਨੀ ਸੰਗਤੇ ਮਾਤਾ ਗੁਜਰੀ ਜੀ
ਜ਼ਾਲਮਾਂ ਦੀ ਇੱਟ ਨਾਲ ਇੱਟ ਖੜਕਾ ਦਿੱਤੀ, ਜੰਗ ਵਿੱਚ ਲੜਦਿਆ ਦੀ..
ਦਸਵੇਂ ਗੁਰਾਂ ਦੀਆਂ ਖ਼ੁਸ਼ੀਆਂ ਜੇ ਲੈਣੀਆਂ, ਖੰਡੇ ਵਾਲਾ ਅੰਮ੍ਰਿਤ ਪੀ, ਨੀ ਸੰਗਤੇ...[40]

ਉਪਰੋਕਤ ਸਤਰਾਂ ਵਿੱਚ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਾਜੇ ਖ਼ਾਲਸਾ ਸਿਰਜਨਾ ਦਾ ਵਿਲੱਖਣ ਰੂਪ ਉੱਘੜ ਕੇ ਸਾਹਮਣੇ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਛੱਡਣ ਤੋਂ ਬਾਅਦ ਦਾ ਸਫ਼ਰ (ਸ਼ਹਾਦਤ-ਏ-ਸਫ਼ਰ) ਜਿਹੜਾ ਕਿ ਗੁਰ ਪਰਿਵਾਰ ਵਿਛੜਨ ਤੋਂ ਲੈ ਕੇ ਸ਼ਹਾਦਤ ਤੱਕ ਦਾ ਪੈਂਡਾ ਸੀ ਨੂੰ ਯਾਦ ਕੀਤਾ ਗਿਆ ਹੈ। ਲੋਕ-ਕਾਵਿ ਰੂਪ ਵਿੱਚ ਲੋਕਾਂ ਵੱਲੋਂ ਜ਼ਾਲਮਾਂ ਦੀ ਇੱਟ ਨਾਲ ਇੱਟ ਖੜਕਾਉਣ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਾਵਿ ਰੂਪ ਵਿੱਚ ਸਮੂਹਕ ਸਿਮਰਤੀ ਦਸਮ ਪਾਤਸ਼ਾਹ ਦੀਆਂ ਖ਼ੁਸ਼ੀਆਂ ਭਾਵ ਕਿਰਪਾ ਦੇ ਪਾਤਰ ਬਣਨ ਲਈ ਉਹਨਾਂ ਵੱਲੋਂ ਛਕਾਏ ਗਏ ਖੰਡੇ ਬਾਟੇ ਦੇ ਅੰਮ੍ਰਿਤ ਨੂੰ ਦੂਜਿਆਂ ਨੂੰ ਛਕਣ ਲਈ ਪ੍ਰੇਰਿਤ ਕਰਦੀ ਹੈ। ਲੋਕ ਚੇਤਨਾ ਵਿੱਚ ਵਸੇ ਸ੍ਰੀ ਅਨੰਦਪੁਰ ਸਾਹਿਬ ਨੂੰ ਕਵੀ ਨੰਦ ਲਾਲ ਨੂਰਪੁਰੀ ਯਾਦ ਕਰਦਾ ਹੋਇਆ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਦੇ ਬਿਰਤਾਂਤ ਬਾਰੇ ਨਿਮਨ ਲਿਖਤ ਅਨੁਸਾਰ ਬਿਆਨ ਕਰਦਾ ਹੈ:-

ਕਿਹੜਾ ਨੀ ਆ ਦੱਸੋ ਮੋੜੇ, ਨੀਲੇ ਦੇ ਸਵਾਰ ਨੂੰ
ਮੌਤ ਨੂੰ ਫੜਾਇਆ ਜੀਹਨੇ ਪੁਤਰਾਂ ਦੇ ਪਿਆਰ ਨੂੰ
ਕਿਹੜੇ ਜਿਗਰੇ ਨਾਲ ਦਿਤਾ ਇਹਨੇ ਆਪਣੇ ਹੀ ਖ਼ੂਨ...
.......... ਜਗ ਦੀਆਂ ਡੁਬੀਆਂ ਬੇੜੀਆਂ ਤਾਰੇ

---

[40] www.youtube, Daswe Guran Diyan Khushian Je Layniyan/Tseriesshabad/ 16 May, 2011.

'ਨੂਰਪੁਰੀ' ਇਹਦੇ ਦਰਸ਼ਨ ਕਰ ਲੈ, ਤੇਰਾ ਹੋ ਜੂ ਜੀਉਣ ਸੁਖਾਲਾ।
ਵਸਦੇ ਅਨੰਦਪੁਰ ਨੂੰ ਅੱਜ ਛੱਡ ਚੱਲਿਆ ਕਲਗੀਆਂ ਵਾਲਾ।[41]

ਸ੍ਰੀ ਅਨੰਦਪੁਰ ਨੂੰ ਛੱਡਣਾ ਸਿੱਖ ਸਿਮਰਤੀ ਵਿੱਚ ਵੈਰਾਗਮਈ ਦਸ਼ਾ ਦਾ ਪ੍ਰਗਟਾਵਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਛੱਡ ਜਾਣ ਦੇ ਬਿਰਤਾਂਤ ਨੂੰ ਕਵੀਆਂ ਨੇ ਆਪੋ-ਆਪਣੇ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ ਜਿਵੇਂ:-

ਮਿਠੜੇ ਹੁਣ ਧਰਤੀ ਦੇ ਪਾਣੀ ਵੀ ਹੋ ਗਏ ਖਾਰੇ
ਅੱਜ ਧਰਤ ਅਨੰਦਪੁਰ ਦੀ ਪ੍ਰੀਤਮਾ ਤੈਨੂੰ ਪਈ ਪੁਕਾਰੇ।[42]

ਸਿੱਖਾਂ 'ਤੇ ਜਦੋਂ ਕੋਈ ਸੰਕਟ ਆਉਂਦਾ ਹੈ ਤਾਂ ਇਹ ਬਾਜਾਂ ਵਾਲੇ ਗੁਰੂ ਨੂੰ ਯਾਦ ਕਰਦੇ ਹਨ। ਇਹ ਰਚਨਾ ਅਜੋਕੇ ਹਲਾਤਾਂ ਦੀ ਗੱਲ ਕਰਦੀ ਹੋਈ ਬਾਜਾਂ ਵਾਲੇ ਪ੍ਰੀਤਮ ਨੂੰ ਵਾਪਸ ਸ੍ਰੀ ਅਨੰਦਪੁਰ ਸਾਹਿਬ ਮੁੜ ਆਉਣ ਦੀ ਪੁਕਾਰ ਕਰ ਰਹੀ ਹੈ। ਕਵੀ ਸ੍ਰੀ ਅਨੰਦਪੁਰ ਸਾਹਿਬ ਨੂੰ ਵਿਸ਼ਾਲ ਅਰਥਾਂ ਵਿੱਚ ਪੇਸ਼ ਕਰਦਾ ਹੈ ਅਤੇ ਅਜੋਕੀਆਂ ਸਮੱਸਿਆਵਾਂ ਦੇ ਬਦਲ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਮਰਤੀ ਵਿੱਚ ਜਾਂਦਾ ਹੈ। ਗੁਰੂ ਸਿਮਰਤੀ ਵਿੱਚ ਸ਼ਰਧਾਲੂਆਂ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਸਨੇਹ ਭਾਵ ਝਲਕਦਾ ਹੈ। ਇਸ ਰਚਨਾ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੁੜ ਯਾਦ ਕਰਦਾ ਹੈ।

ਤਿਲਕ ਜਦ ਮੱਥੇ ਮੇਰੇ ਤੋਂ ਤਿਲ੍ਹਕਿਆ
ਮੈਂ ਤੇਰੇ ਚਰਨਾਂ ਦੀ ਧੂੜੀ ਲਾ ਲਈ।
ਜ਼ੁਲਮ ਨੇ ਜੰਞੂ ਮੇਰਾ ਜਦ ਖੋਹ ਲਿਆ
ਮੈਂ ਤੇਰੀ ਕਿਰਪਾਨ ਗਲ ਵਿੱਚ ਪਾ ਲਈ।
ਤਿਲਕ ਦੀ ਥਾਂ ਤੇ ਦੁਮਾਲੇ ਸਜ ਗਏ
ਸੀਸ ਮੇਰੇ ਤੇ ਤੇਰੀ ਦਸਤਾਰ ਹੈ।
ਹੁਣ ਤਾਂ ਹਰ ਮਹਿਫ਼ਲ 'ਚ ਮੈਂ ਸਰਦਾਰ ਹਾਂ
ਦਾਤਿਆਂ ਕਿੰਨਾ ਤੇਰਾ ਉਪਕਾਰ ਹੈ।[43]

---

[41] ਜਿੰਦਰ (ਐਤਵਾਰ, 16 ਜੂਨ, 2019) "ਨੰਦ ਲਾਲ ਨੂਰਪੁਰੀ ਜੀਵਨ ਅਤੇ ਰਚਨਾ" *ਪੰਜਾਬੀ ਟ੍ਰਿਬਿਊਨ*, ਪੰ. 7.

[42] ਪਰਮਜੀਤ ਕੌਰ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 23.

[43] ਰਾਬਿੰਦਰ ਸਿੰਘ ਮਸਰੂਰ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 29.

ਇਹ ਕਵਿਤਾ ਪਰੰਪਰਾਵਾਦੀ ਕਰਮਾਂ-ਕਾਡਾਂ ਤੋਂ ਉੱਪਰ ਉੱਠ ਕੇ ਗੁਰੂ ਪ੍ਰਤੀ ਵਿਸ਼ਵਾਸ ਦੀ ਦ੍ਰਿੜਤਾ ਨੂੰ ਬਿਆਨ ਕਰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜੇ ਖ਼ਾਲਸੇ ਦੀ ਵਿਲੱਖਣਤਾ ਇਹੀ ਹੈ ਕਿ ਉਹ ਫੋਕਟ ਦੇ ਪਾਖੰਡਾਂ ਅਤੇ ਨਿਰਾਰਥਕ ਕਰਮਾਂ ਤੋਂ ਦੂਰ ਹੋ ਕੇ 'ਸਿੰਘ' ਭਾਵ 'ਸ਼ੇਰ' ਬਣ ਜਾਂਦਾ ਹੈ ਅਤੇ ਗੁਰੂ ਪ੍ਰਤੀ ਸਮਰਪਿਤ ਹੁੰਦਾ ਹੈ। ਇਨ੍ਹਾਂ ਪੰਕਤੀਆਂ ਵਿੱਚ ਕਵੀ ਦੀ ਸਿਮਰਤੀ ਉਸ ਸਮੇਂ ਵਾਪਰ ਰਹੇ ਹਾਲਾਤ ਬਾਰੇ ਬਿਆਨ ਕਰਦੀ ਹੈ, ਜਦੋਂ ਔਰੰਗਜ਼ੇਬ ਨੇ ਜੰਞੂ ਲਾਹੇ ਸਨ ਪਰੰਤੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਤਿਲਕ ਅਤੇ ਜੰਞੂ ਦੀ ਰੱਖਿਆ ਕੀਤੀ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਵੱਲੋਂ ਖ਼ਾਲਸਾ ਸਾਜਣ ਨਾਲ ਤਿਲਕ ਦੀ ਥਾਂ 'ਤੇ ਦੁਮਾਲੇ ਸਜ ਗਏ ਅਤੇ ਜੰਞੂ ਲਾਹ ਕੇ ਲੋਕਾਂ ਨੇ ਸ਼ਸਤਰ ਧਾਰਨ ਕਰ ਲਏ। ਸ੍ਰੀ ਅਨੰਦਪੁਰ ਸਾਹਿਬ ਤੋਂ ਮਿਲੀ ਸਰਦਾਰੀ ਦਾ ਲੇਖਕ ਵੱਲੋਂ ਹਰ ਮਹਿਫ਼ਲ ਵਿੱਚ ਜਾ ਕੇ ਮਾਣ ਮਹਿਸੂਸ ਕਰਨਾ, ਭਾਵ ਕਿ ਹਰ ਸਮੇਂ ਆਪਣੀ ਸਿਮਰਤੀ ਵਿੱਚ ਦਸਮ ਗੁਰੂ ਵੱਲੋਂ ਬਖਸ਼ਿਸ਼ ਕੀਤੀ ਸਰਦਾਰੀ ਨੂੰ ਆਪਣੀ ਸਿਮਰਤੀ ਵਿੱਚ ਸਮੋਈ ਰੱਖਦਾ ਹੈ, ਜਿਸ 'ਤੇ ਉਹ ਹਮੇਸ਼ਾ ਮਾਣ ਕਰਦਾ ਹੈ।

ਕਵੀ 'ਸਰਦਾਰ ਪੰਛੀ' ਕਵਿਤਾ ਦੇ ਸ਼ੁਰੂ ਵਿੱਚ ਲਿਖਦਾ ਹੈ:- (ਯਿਹ ਕਵਿਤਾ 1 ਵਿਸਾਖ 1699 ਈਸਵੀ ਕੋ ਖ਼ਾਲਸਾ ਪੰਥ ਸਾਜਨੇ ਕੇ ਸ਼ੁਭ ਅਵਸਰ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਿਯੇ ਗਏ ਭਾਸ਼ਨ ਪਰ ਆਧਾਰਿਤ ਹੈ):-

ਬਿਛੀ ਜੋ ਘਾਸ ਧਰਤੀ ਪਰ ਹੈ ਬਨ ਕੇ ਖਾਰ ਬੋਲੇਗੀ,
ਗਰੀਬੋਂ ਕੀ ਜ਼ੁਬਾਂ ਬਨ ਕਰ ਮੇਰੀ ਤਲਵਾਰ ਬੋਲੇਗੀ।
ਗਰਦਨ ਕਟ ਤੋ ਸਕਤੀ ਹੈ ਮਗਰ ਯਿਹ ਝੁਕ ਨਹੀਂ ਸਕਤੀ,
ਕਭੀ 'ਚਮਕੌਰ' ਫਿਰ ਸਰਹਿੰਦ ਕੀ ਦੀਵਾਰ ਬੋਲੇਗੀ।
ਯੁਗੋਂ ਤਕ ਰੌਸ਼ਨੀ ਮਿਲਤੀ ਰਹੇਗੀ ਇਨ ਚਰਾਗੋਂ ਸੇ,
ਹਰ ਇਕ ਲੌ ਅਪਨੇ ਪਰਵਾਨੋਂ ਕੀ ਜੈ ਜੈ ਕਾਰ ਬੋਲੇਗੀ।
ਛੁਪਾਏ ਛੁਪ ਨਹੀ ਸਕਤੇ ਸ਼ਹੀਦੋਂ ਕੇ ਯਿਹ ਅਫ਼ਸਾਨੇ,
ਤੁਮ੍ਹਾਹਰੇ ਪਾਉਂ ਕੀ ਬੇੜੀ ਜ਼ੁਬਾਂ ਬਨ ਜਾਏਗੀ 'ਪੰਛੀ',
ਰਹੋਗੇ ਤੁਮ ਅਗਰ ਖਾਮੋਸ਼ ਤੋਂ ਝਨਕਾਰ ਬੋਲੇਗੀ।[44]

[44] ਕਰਨੈਲ ਸਿੰਘ 'ਸਰਦਾਰ ਪੰਛੀ' (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 30.

ਗੁਰੂ ਸਾਹਿਬ ਵੱਲੋਂ ਸਾਜੇ ਖ਼ਾਲਸਾ ਪੰਥ ਦੇ ਅੰਦਰੂਨੀ ਮਨੋਰਥ ਨੂੰ ਤ੍ਰੈ-ਕਾਲੀ ਸਿਮਰਤੀ ਦੇ ਲੱਛਣ ਮੁੜ ਯਾਦ, ਪੁਨਰ-ਸੁਰਜੀਤੀ, ਪਛਾਣ ਆਦਿ ਨੂੰ ਸੁਰਜੀਤ ਕਰਦਾ ਹੋਇਆ ਸਧਾਰਨ ਲੋਕਾਂ ਦੇ ਹੱਥ ਵਿੱਚ ਜਬਰ ਜ਼ੁਲਮ ਦੇ ਖ਼ਿਲਾਫ਼ ਤਲਵਾਰ ਦੀ ਕਰਾਮਾਤ ਆ ਜਾਣ ਨੂੰ ਬਿਆਨ ਕਰਦਾ ਹੈ। ਜਿਹੜੀ ਯੁੱਗਾਂ ਤੱਕ ਸਿੱਖ ਸਿਮਰਤੀ ਨੂੰ ਰੌਸ਼ਨ ਕਰਦੀ ਰਹੇਗੀ। ਰਚਨਾ ਦਾ ਉਦੇਸ਼ ਸਿੱਖਾਂ ਵਿੱਚ ਜੋਸ਼, ਅਣਖ ਅਤੇ ਗੈਰਤ ਭਰਨ ਵਾਲਾ ਹੈ ਕਿਉਂਕਿ ਸਿੱਖ ਸਿਮਰਤੀ ਦੀ ਵਿਲੱਖਣਤਾ ਇਸ ਦੇ ਜ਼ਬਰ ਅਤੇ ਜ਼ੁਲਮ ਨਾਲ ਟਾਕਰੇ ਕਰ ਕੇ ਜਿੱਤ ਪ੍ਰਾਪਤ ਕਰਨ ਵਿੱਚੋਂ ਪ੍ਰਗਟ ਹੁੰਦੀ ਹੈ। ਇੱਥੇ ਵਿਰੋਧਤਾਵਾਂ ਲਈ ਕੋਈ ਥਾਂ ਨਹੀਂ ਸਗੋਂ ਆਪਣੇਪਣ ਨਾਲ ਮਨੁੱਖੀ ਏਕਤਾ ਦਾ ਪ੍ਰਗਟਾਵਾ ਕਰ ਕੇ ਗੈਰਤਮਈ ਸਿਮਰਤੀ ਦੀ ਸਿਰਜਨਾ ਕੀਤੀ ਗਈ ਹੈ।

> ਅਨੰਦਪੁਰ ਕੋਈ ਸ਼ਹਿਰ ਨਹੀਂ ਹੈ, ਇਹ ਤਾਂ ਇਕ ਵਿਸ਼ਵਾਸ ਦਾ ਨਾਂ ਹੈ।
> ਹੱਕ ਸੱਚ ਇਨਸਾਫ਼ ਦੀ ਰਾਖੀ ਕਰਦੀ ਅਣਖੀ ਛਾਂ ਦਾ ਨਾਂ ਹੈ।
> ................ਤਿੰਨ ਸਦੀਆਂ ਤੋਂ ਅੱਧੀ ਉੱਤੇ, ਧਰਮ ਕਰਮ ਦੇ ਰਾਖੇ ਸੁੱਤੇ,
> ਜਿਸ ਥਾਂ ਗੱਜਿਆ, ਜ਼ੁਲਮ, 'ਚ ਵੱਜਿਆ ਇਹ ਤਾਂ ਓਸ ਗਿਰਾਂ ਦਾ ਨਾਂ ਹੈ।
> ਚਿਹਨ ਚੱਕਰ ਤੇ ਵਰਣ ਜ਼ਾਤ ਦਾ ਜਿਸ ਥਾਂ ਗੁਰ ਨੇ ਕੋਹੜ ਮੁਕਾਇਆ,
> ਮਨ-ਮੰਦਰ ਤੇ ਸ਼ਬਦ-ਚੰਦੋਆ, ਠੰਢੀ ਮਿੱਠੜੀ ਛਾਂ ਦਾ ਨਾਂ ਹੈ।[45]

ਸਿਮਰਤੀ ਲੋਕ-ਮਨ ਵਿੱਚ ਵਸਦੀ ਹੈ ਅਤੇ ਹਮੇਸ਼ਾਂ ਜੀਵੰਤ ਜੀਵਨ ਤੇ ਗਤੀਸ਼ੀਲ ਹੁੰਦੀ ਹੈ। ਜੀਵੰਤ ਸਿਮਰਤੀ ਦੀ ਵਿਸ਼ੇਸ਼ਤਾ ਰਾਹੀਂ ਲੇਖਕ ਦਰਸਾ ਰਿਹਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਕੋਈ ਸ਼ਹਿਰ ਦਾ ਨਾਮ ਨਹੀਂ ਸਗੋਂ ਇੱਕ ਤਰ੍ਹਾਂ ਦਾ ਵਿਸ਼ਵਾਸ ਹੈ। ਸ੍ਰੀ ਅਨੰਦਪੁਰ ਸਾਹਿਬ ਨੂੰ ਇੱਕ ਵਿਚਾਰਧਾਰਾ, ਸਿਧਾਂਤ ਅਤੇ ਫ਼ਲਸਫੇ ਵਜੋਂ ਪੇਸ਼ ਕੀਤਾ ਗਿਆ ਹੈ ਜਿਸ ਦੀ ਹੋਂਦ ਸਿੱਖ ਸਿਮਰਤੀ ਵਿੱਚ ਕੇਵਲ ਇੱਕ ਸ਼ਹਿਰ ਵਜੋਂ ਨਹੀਂ ਸਗੋਂ ਧਰਮ ਅਤੇ ਕਰਮ ਦੇ ਆਸਰੇ ਵਾਲੀ ਥਾਂ ਹੈ, ਜਿੱਥੇ ਸੱਚੀ-ਸੁੱਚੀ, ਅਣਖੀ ਅਤੇ ਸਦਾਚਾਰਕਤਾ ਵਾਲੀ ਜ਼ਿੰਦਗੀ ਦਾ ਸੁਨੇਹਾ ਮਿਲਦਾ ਹੈ। ਗੁਰੂ ਸਾਹਿਬ ਨੇ ਖ਼ਾਲਸਾ ਪੰਥ ਸਾਜ਼ ਕੇ, ਚਿੜੀਆਂ ਤੋਂ ਬਾਜ਼ ਤੁੜਾਉਣ ਦੇ ਸੁਪਨੇ ਦਾ ਆਰੰਭ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹੀ ਦੇਖਿਆ ਗਿਆ। ਸਿੱਖ ਸਿਮਰਤੀ ਵਿੱਚ ਚਿੜੀਆਂ ਤੇ ਬਾਜ ਜੁਲਮ ਵਿਰੁੱਧ ਇੱਕ-ਜੁੱਟ ਹੋ ਕੇ ਲੜਨ ਦੇ ਪ੍ਰਤੀਕ ਹਨ। ਮਜ਼ਲੂਮ ਲੋਕ ਜਾਲਮ ਨੂੰ

---

[45] ਗੁਰਭਜਨ ਸਿੰਘ ਗਿੱਲ (2016) "ਅਨੰਦਪੁਰ ਕੋਈ ਸ਼ਹਿਰ ਨਹੀਂ ਹੈ" *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 31.

ਮਾਤ ਦੇ ਸਕਦੇ ਹਨ। ਕਵੀ ਸਿਮਰਤੀ ਰਾਹੀਂ ਦ੍ਰਿੜਤਾ ਨਾਲ ਬਿਆਨ ਕਰਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਠੰਢੀ ਛਾਂ ਵਰਗੀ ਧਰਤ 'ਤੇ ਵਰਣ ਜਾਤ ਦੇ ਕੋਹੜ ਦਾ ਅੰਤ ਕੀਤਾ ਗਿਆ ਹੈ।

ਜਦ ਨੌਵੇਂ ਗੁਰਾਂ ਦਾ ਕੱਟਿਆ ਸੀਸ
ਰਾਜਧਾਨੀ ਤੋਂ ਆਇਆ ਸੀ
ਪੱਤਾ ਪੱਤਾ ਜ਼ਰਾ ਜ਼ਰਾ ਗੁਰਧਾਨੀ ਦਾ
ਸ਼ਹੀਦੀ ਗੂੰਜ ਨਾਲ ਥਰਥਰਾਇਆ ਸੀ
ਸਬਰ ਤੇ ਸ਼ੁਕਰ ਦੀ ਦੇਗ ਵਰਤਦੀ ਸੀ
ਗੁਰੂ ਦੀ ਮਿਹਰ ਵਾਲੀ ਤੇਗ਼ ਲਿਸ਼ਕਦੀ ਸੀ
ਦਇਆ ਦੇ ਰਸਤੇ ਚੱਲ ਕੇ ਧਰਮ ਆਉਂਦਾ.......
................ ਗਗਨੀਂ ਸਾਂਝੀਵਾਲਤਾ ਦੇ...[46]

ਸਿਮਰਤੀ ਦੇ ਵਿਸ਼ੇਸ਼ ਲੱਛਣ ਤ੍ਰੈ-ਕਾਲੀ ਸਿਮਰਤੀ ਰਾਹੀਂ ਕਵੀ ਜਸਵੰਤ ਸਿੰਘ ਜ਼ਫਰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਪ੍ਰਮੁੱਖ ਘਟਨਾਵਾਂ ਬਾਰੇ ਜ਼ਿਕਰ ਕਰਦਾ ਹੈ ਜਿਵੇਂ ਕਿ ਕਵਿਤਾ ਦਾ ਆਰੰਭ ਗੁਰੂ ਕਾਲ ਤੋਂ ਗੁਰੂ ਤੇਗ਼ ਬਹਾਦਰ ਜੀ ਸ਼ਹਾਦਤ ਨਾਲ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਪੰਥ ਵਿੱਚ ਅਜੋਕੇ ਸਮੇਂ ਆਏ ਬਦਲਾਅ ਦਾ ਜ਼ਿਕਰ ਵੀ ਕੀਤਾ ਗਿਆ ਹੈ। ਪਹਿਲੀਆਂ ਸਤਰਾਂ ਹੀ ਪਾਠਕ ਦੀ ਸਿਮਰਤੀ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਉਹਨਾਂ ਦਾ ਸੀਸ, ਲੈ ਕੇ ਭਾਈ ਜੈਤਾ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਦੇ ਬਿਰਤਾਂਤ ਨਾਲ ਜੋੜ ਦਿੰਦੀ ਹੈ।

ਕਵਿਤਾ ਵਿੱਚ ਕਵੀ ਪੰਜਾਂ ਪਿਆਰਿਆਂ ਦੇ ਨਾਮ ਦੀ ਅਧਿਆਤਮਕਤਾ ਦਾ ਜ਼ਿਕਰ ਕਰਦਾ ਹੈ। ਸੂਰਮੇ ਬਚਿੱਤਰ ਸਿੰਘ ਅਤੇ ਮਸਤ ਹਾਥੀ ਦੇ ਯੁੱਧ ਦਾ ਪ੍ਰਤੀਕ ਮਈ ਝਲਕਾਰਾ ਸਿਮਰਤੀ ਵਿੱਚ ਦੇਖਣ ਨੂੰ ਮਿਲਦਾ ਹੈ। ਭਾਈ ਘਨੱਈਆ ਜੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕੀਤੀ ਮਾਨਵ ਸੇਵਾ ਦਾ ਜ਼ਿਕਰ ਵੀ ਆਉਂਦਾ ਹੈ ਉਪਰੋਕਤ ਤੱਥਾਂ ਦੀ ਹੋਂਦ ਹੀ ਕਵਿਤਾ ਦਾ ਸੰਬੰਧ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਸਿਮਰਤੀ ਨਾਲ ਜੋੜਦੀ ਹੈ। ਭਾਈ ਬਚਿੱਤਰ ਸਿੰਘ ਦੀ ਸੂਰਮਗਤੀ ਅਤੇ ਭਾਈ ਘਨੱਈਆ ਜੀ ਦੀ ਸੇਵਾ ਤੇ ਸਾਂਝੀਵਾਲਤਾ ਸਿੱਖ ਸਿਮਰਤੀ ਦੇ ਅਹਿਮ ਪੱਖ ਹਨ।

---

[46] ਜਸਵੰਤ ਸਿੰਘ ਜ਼ਫ਼ਰ (2016) "ਗੁਰਧਾਨੀ" *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 39-40.

ਅਨੰਦਪੁਰ ਵਿਖੇ ਵਸਾਖੀ ਤੇ
ਇਕ ਕੌਤਕ ਅਜਬ ਰਚਾਇਆ ਸੀ
ਸੁੱਤੀ ਹੋਈ ਖ਼ਲਕਤ ਦੇ ਧੜ ਤੋਂ
ਸਿਰ ਕੱਟ ਕੇ ਸੀਸ ਸਜਾਇਆ ਸੀ
ਖੰਡੇ ਬਾਟੇ ਦੇ ਅੰਮ੍ਰਿਤ ਦਾ ਫਿਰ ਹੱਥੀਂ ਜਾਮ ਪਿਲਾਇਆ ਸੀ
ਇੰਜ ਸਾਜ਼ ਕੇ ਪੰਜ ਪਿਆਰੇ ਤੂੰ
ਇਕ ਖ਼ਾਲਸ ਪੰਥ ਚਲਾਇਆ ਸੀ
ਚਿੜੀਆਂ ਤੋਂ ਬਾਜ਼ ਤੁੜਾਏ ਜਦ
ਗਿੱਦੜਾਂ ਤੋਂ ਸਿੰਘ ਬਣਾਏ ਜਦ
ਮੁਗ਼ਲਾਂ ਨੂੰ ਭਾਜਾਂ ਪੈ ਗਈਆਂ
ਨੀਲੇ ਦੇ ਸ਼ਾਹ ਅਸਵਾਰ ਗੁਰੂ
ਗੋਬਿੰਦ ਗੁਰੂ, ਦਾਤਾਰ ਗੁਰੂ.......[47]

ਸ੍ਰੀ ਅਨੰਦਪੁਰ ਸਾਹਿਬ ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਜਾਏ ਖ਼ਾਲਸੇ ਪੰਥ ਦਾ ਜ਼ਿਕਰ ਕਰਦਾ ਹੈ ਕਿ ਸੁੱਤੀ ਹੋਈ ਖ਼ਲਕਤ ਦਾ ਜੋ ਕੱਟਿਆ ਉਹ ਸਿਰ ਸੀ ਅਤੇ ਸਿਰ ਕੱਟ ਕੇ ਗੁਰੂ ਸਾਹਿਬ ਨੇ ਸੀਸ ਸਜਾ ਦਿੱਤਾ। ਕਵੀ ਤਿੰਨ ਪੱਖ ਉਭਾਰਦਾ ਹੈ ਪਹਿਲਾ ਸਵੈ-ਮਾਣ ਵਾਲਾ ਜੀਵਨ, ਦੂਜਾ ਇਸ ਤਰ੍ਹਾਂ ਦਾ ਜੀਵਨ ਜਿਉਂਣ ਲਈ ਖ਼ਾਲਸਾ ਪੰਥ ਦੀ ਸਾਜਨਾ, ਤੀਸਰਾ ਖ਼ਾਲਸਾ ਪੰਥ ਨੇ ਕਿਵੇਂ ਗਿੱਦੜਾਂ ਨੂੰ ਸ਼ੇਰ ਬਣਾਇਆ ਅਤੇ ਜਾਲਮ ਮੁਗਲਾਂ ਨੂੰ ਭਾਜੜਾਂ ਪਾਈਆਂ।

ਸਦੀਆਂ ਤੋਂ ਗੁਲਾਮਾਂ ਵਾਲਾ ਜੀਵਨ ਜਿਉਂਦੇ ਦੱਬੇ-ਕੁਚਲੇ ਲੋਕਾਂ ਵਿੱਚ ਖ਼ਾਲਸਾ ਪੰਥ ਦੀ ਸਾਜਨਾ ਨਾਲ ਸਵੈ-ਮਾਣ ਵਾਲਾ ਜੀਵਨ ਜਿਉਣ ਦੀ ਤਾਂਘ ਪੈਦਾ ਹੋਈ। ਗੁਰੂ ਕਿਰਪਾ ਨਾਲ ਚਿੜੀਆਂ ਵਿੱਚ ਬਾਜ਼ਾਂ ਦਾ ਮੁਕਾਬਲਾ ਕਰਨ ਵਾਲੀ ਹਿੰਮਤ ਆ ਗਈ ਅਤੇ ਗਿੱਦੜ ਸ਼ੇਰ ਬਣ ਗਏ। ਮੁਗਲਾਂ ਦੀ ਤਾਕਤਵਰ ਫੌਜ਼ ਨੂੰ ਮੁੱਠੀ ਭਰ ਖ਼ਾਲਸੇ ਨੇ ਜੰਗ ਦੇ ਮੈਦਾਨ ਵਿੱਚੋਂ ਪਛਾੜ ਦਿੱਤਾ। ਕਵੀ ਲਿਖਦਾ ਹੈ, ਕਿ ਗੁਰੂ ਸਾਹਿਬ ਦੇ ਇਸ ਅਜਬ ਕੌਤਕ ਨੂੰ ਦੇਖ ਕੇ ਮੁਗ਼ਲਾਂ ਵਿੱਚ ਭਾਜੜਾਂ ਪੈ ਗਈਆਂ ਸਨ। ਉਪਰੋਕਤ ਰਚਨਾ ਵਿੱਚ ਕਵੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ’ਤੇ ਸਾਜੇ ਖ਼ਾਲਸਾ ਪੰਥ ਨੂੰ ਸਿਮਰਤੀ ਰਾਹੀਂ ਤਰੋ-ਤਾਜ਼ਾ ਕਰਦਾ ਹੈ।

---

[47] ਸੁਖਵੰਤ ਸਿੰਘ (2016) *ਤੇਰੇ ਦਰ ‘ਤੇ ਵਗਦੀ ਕਾਵਿ-ਨਦੀ (42 ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 45.

ਕਵਿਤਾ 'ਪੰਥ ਖ਼ਾਲਸਾ' ਵਿੱਚ ਕਵੀ ਖ਼ਾਲਸਾ ਦੀ ਮਹਿਮਾ ਕਰਦਿਆਂ ਸਿਮਰਤੀ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨਾਲ ਜਾ ਜੋੜਿਆ:-

ਬਾਜ਼ਾਂ ਵਾਲੇ ਪਾਤਸ਼ਾਹ ਨੇ, ਅੰਮ੍ਰਿਤ ਤਿਆਰ ਕਰ,
ਪੰਜਾਂ ਨੂੰ ਛਕਾ ਕੇ ਸੀ, ਸਜਾਇਆ ਪੰਥ ਖ਼ਾਲਸਾ
ਪੰਜਾਂ ਕੋਲੋਂ ਛਕਿਆ ਸੀ, ਆਪ ਗੁਰੂ ਪਾਤਸ਼ਾਹ ਨੇ,
ਆਪੇ ਗੁਰ ਚੇਲਾ ਸੀ, ਬਣਾਇਆ ਪੰਥ ਖ਼ਾਲਸਾ
ਅੰਮ੍ਰਿਤ ਦੇ ਜੌਹਰ ਸੀ, ਦਿਖਾਏ ਸਿੰਘਾਂ ਸਮੇਂ ਸਮੇਂ,
ਜ਼ਾਲਮਾਂ ਦੇ ਨਾਲ, ਟਕਰਾਇਆ ਪੰਥ ਖ਼ਾਲਸਾ
ਭੁੱਖੇ ਭਾਣੇ ਪੈ ਗਏ ਸਿੰਘ, ਧਰਤੀ ਤੇ ਠੰਡੀ ਠਾਰ,
ਉੱਥੇ ਮੇਰੇ ਸਤਿਗੁਰਾਂ, ਵਡਿਆਇਆ ਪੰਥ ਖ਼ਾਲਸਾ।[48]

ਆਰੰਭ ਵਿੱਚ ਕਵੀ ਖ਼ਾਲਸਾ ਸਾਜਨਾ ਦਾ ਜ਼ਿਕਰ ਕਰਦਾ ਹੈ, ਕਿ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਅਤੇ ਗੁਰੂ ਸਾਹਿਬ ਨੇ ਆਪ ਉਨ੍ਹਾਂ ਕੋਲੋਂ ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਅੰਮ੍ਰਿਤ ਦੀ ਦੈਵੀ ਸ਼ਕਤੀ ਸਦਕਾ ਹੀ ਖ਼ਾਲਸਾ ਪੰਥ ਜ਼ੁਲਮ ਨੂੰ ਮਿਟਾਉਣ ਲਈ ਮਜਲੂਮਾਂ ਦਾ ਰਾਖਾ ਬਣ ਕੇ ਪੈਦਾ ਹੋਇਆ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਘੇਰੇ ਦਾ ਜ਼ਿਕਰ ਕੀਤਾ ਗਿਆ ਕਿ ਖ਼ਾਲਸੇ ਨੇ ਭੁੱਖਾ ਤਿਹਾਇਆ ਰਹਿ ਕੇ ਵੀ ਹੌਂਸਲਾ ਨਹੀਂ ਛੱਡਿਆ। ਕਵੀ ਆਪਣੀ ਸਿਮਰਤੀ ਰਾਹੀਂ ਉਸ ਸਮੇਂ ਦੇ ਪਲ-ਪਲ ਨੂੰ ਯਾਦ ਕਰਕੇ ਮਾਣ ਮਹਿਸੂਸ ਕਰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡ ਕੇ ਚਮਕੌਰ ਦੀ ਗੜ੍ਹੀ ਤੱਕ ਖ਼ਾਲਸੇ ਦੇ ਜਾਣ ਦਾ ਜ਼ਿਕਰ ਕੀਤਾ ਗਿਆ ਹੈ। ਉਪਰੋਕਤ ਰਚਨਾ ਵਿੱਚ ਖ਼ਾਲਸਾ ਪੰਥ ਦੇ ਵੱਖ ਵੱਖ ਪਹਿਲੂਆਂ ਨੂੰ ਤ੍ਰੈ-ਕਾਲੀ ਸਿਮਰਤੀ ਦੇ ਲੱਛਣਾਂ ਰਾਹੀਂ ਯਾਦ ਕੀਤਾ ਗਿਆ ਹੈ।

ਇੰਦਰ ਮੋਹਨ ਸਿੰਘ 'ਸ੍ਰੀ ਗੁਰੂ ਗੋਬਿੰਦ ਸਿੰਘ ਮਹਿਮਾ (ਦੋਹਾਵਲੀ)' ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਿਤ ਭਾਵਾਂ ਨੂੰ ਆਪਣੀ ਸਿਮਰਤੀ ਰਾਹੀਂ ਹੇਠ ਲਿਖੇ ਅਨੁਸਾਰ ਪੇਸ਼ ਕਰਦਾ ਹੈ:-

ਬਰਸੇ ਪੁਰ ਆਨੰਦ ਮੇਂ, ਨਿਤ ਅਮੰਦ ਆਨੰਦ।
ਸ੍ਵਰਗ ਪੁਰੀ ਕੀ ਸਭਾ ਭੀ, ਇਸ ਕੇ ਆਗੇ ਮੰਦ॥[49]

---

[48] ਦਰਸ਼ਨ ਸਿੰਘ ਬੁੱਟਰ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 60.

[49] ਇੰਦ੍ਰ ਮੋਹਨ ਸਿੰਘ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 63.

ਸ੍ਰੀ ਅਨੰਦਪੁਰ ਸਾਹਿਬ ਦੀ ਮਹਿਮਾ ਨੂੰ ਪੇਸ਼ ਕਰਦਾ ਕਵੀ ਸਿਮਰਤੀ ਦੇ ਗਤੀਸ਼ੀਲ ਪੱਖ ਦੀ ਜਾਣਕਾਰੀ ਦਿੰਦਾ ਹੈ। ਕਵੀ ਸੋਚਦਾ ਹੈ, ਕਿ ਸ੍ਰੀ ਅਨੰਦਪੁਰ ਸਾਹਿਬ ਵਿੱਚ ਅਨੰਤ ਸਦੀਵੀ ਅਨੰਦ ਬਰਸ ਰਿਹਾ ਹੈ ਜਿਸ ਦਾ ਮੁਕਾਬਲਾ ਸਵਰਗ ਪੁਰੀ ਦੀ ਸਭਾ ਵੀ ਨਹੀਂ ਕਰ ਸਕਦੀ। ਸਵਰਗ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਤੁਲਨਾ ਕਰਨਾ ਆਪਣੇ ਆਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਸਥਾਨ ਦੀ ਉੱਤਮ ਵਡਿਆਈ ਹੈ। ਸਿੱਖਾਂ ਦੀ ਸਿਮਰਤੀ ’ਤੇ ਸ੍ਰੀ ਅਨੰਦਪੁਰ ਸਾਹਿਬ ਦੇ ਪਏ ਪ੍ਰਭਾਵਾਂ ਦਾ ਪ੍ਰਗਟਾਵਾ ਸਹਿਜ ਸੁਭਾ ਹੁੰਦਾ ਹੈ। ਕਵੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਵਰਗਾਂ ਦੀ ਪੁਰੀ ਤੋਂ ਵੀ ਉੱਤਮ ਥਾਂ ਮਹਿਸੂਸ ਕਰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਕਵਿਤਾ ‘ਬਸ ਮੈਂ ਇਤਨਾ ਕਹ ਪਾਊਂਗਾ’ ਵਿੱਚ ਗੁਰੂ ਸਾਹਿਬ ਨਾਲ ਸੰਬੰਧਤ ਨਗਰਾਂ ਦਾ ਯਾਦ ਕਰਦਿਆਂ ਚੱਕ ਨਾਨਕੀ ਦਾ ਜ਼ਿਕਰ ਵੀ ਕਰਦਾ ਹੈ:-

ਮੇਰੀ ਆਂਖੋਂ ਮੇਂ ਅਕਸਰ ਹੀ
ਯਾਦੋਂ ਮੇਂ ਫਿਰ ਛਾ ਜਾਤੇ ਹੈਂ
ਕਿਤਨੇ ਸ਼ਹਰ ਗੁਰੂ ਕੇ ਨਯਾਰੇ
ਅਭੀ ਤੋ ਗੂੰਜਾ ਪਟਨਾ ਸਾਹਿਬ
ਅਭੀ ਦਿਖਾ ਥਾ ਚੱਕ ਨਾਨਕੀ
ਯੇ ਹੈ ਮੇਰਾ ਪੌਂਟਾ ਸਾਹਿਬ
ਯੇ ਮੇਰਾ ਦਿਲ ਮਾਛੀਵਾੜਾ
ਫਿਰ ਨਾਦੌਣ ਭੰਗਾਣੀ ਸੇ ਭੀ
ਮੇਰੇ ਕਾਨੋਂ ਮੇਂ ਪੜਤੀ ਹੈ
ਏਕ ਆਵਾਜ਼ ਜੋ ਹਮ ਸਬ ਕੀ ਹੈ।[50]

ਕਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਸਥਾਨਾਂ ਦੀ ਵਡਿਆਈ ਕਰਦਾ ਹੋਇਆ ਚੱਕ ਨਾਨਕੀ ਦਾ ਜ਼ਿਕਰ ਕਰਦਾ ਹੈ ਜੋ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਪੁਰਾਤਨ ਨਾਮ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਤ ਪਵਿੱਤਰ ਅਸਥਾਨਾਂ ਪ੍ਰਤੀ ਵਲਵਲੇ ਅਤੇ ਜਜ਼ਬੇ ਹਨ ਜੋ ਹਰੇਕ ਸਿੱਖ ਹਿਰਦੇ ਨੂੰ ਟੁੰਬਦੇ ਹਨ। ਇਹਨਾਂ ਸਥਾਨਾਂ ਦੀ ਵਿਚਾਰਧਾਰਾ ਪਿੱਛੇ ਸਿਮਰਤੀ ਦਾ ਅਨੰਦਮਈ ਅਤੇ ਭਾਵੁਕ ਪ੍ਰਗਟਾਵਾ ਹੁੰਦਾ ਹੈ। ਕਵੀ

---

50 ਨਵਨੀਤ ਸ਼ਰਮਾ (2016) *ਤੇਰੇ ਦਰ ‘ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 67.

ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਸਥਾਨ ਭੰਗਾਣੀ, ਨਾਦੌਣ, ਪਟਨਾ ਆਦਿ ਦੀ ਯਾਦ ਦਾ ਜ਼ਿਕਰ ਵੀ ਕਰਦਾ ਹੈ ਜੋ ਉਸ ਦੀ ਸਿਮਰਤੀ ਦਾ ਹਿੱਸਾ ਹਨ ਕਿਉਂਕਿ ਕਵੀ ਇਨ੍ਹਾਂ ਸਥਾਨਾਂ ਨੂੰ ਆਪਣੀ ਸਿਮਰਤੀ ਰਾਹੀਂ ਪ੍ਰਤੱਖ ਰੂਪ ਵਿੱਚ ਮਹਿਸੂਸ ਕਰਦਾ ਹੈ।

ਕਵੀ ਮਨਮੋਹਨ ਸਿੰਘ ਦਾਊਂ ਕਵਿਤਾ 'ਅਦੁੱਤੀ ਸਾਜਨਾ' ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਪਵਿੱਤਰ ਸਥਾਨ 'ਤੇ ਸਾਜੇ ਖ਼ਾਲਸਾ ਪੰਥ ਦੇ ਦ੍ਰਿਸ਼ ਨੂੰ ਵਰਣਨ ਕਰਦਾ ਹੈ:-

ਅਨੰਦਪੁਰ ਦੀ ਧਰਤ 'ਤੇ ਜੁੜੀ ਸੰਗਤ ਸੀ
ਗੁਰੂ ਦਸਮੇਸ਼ ਦਾ ਦਰਬਾਰ ਸੀ
ਸੰਗਤ ਕਈ ਹਜ਼ਾਰ ਸੀ....
ਵਿਸਾਖ ਸੁਹਾਵਾ ਦਿਵਸ ਸੀ....... ।[51]

'ਅਦੁੱਤੀ ਸਾਜਨਾ' ਕਵਿਤਾ ਵਿੱਚ ਕਵੀ ਨੇ ਖ਼ਾਲਸਾ ਪੰਥ ਦੀ ਸਾਜਨਾ ਦਾ ਵਰਣਨ ਕੀਤਾ ਹੈ। ਕਵੀ ਖ਼ਾਲਸਾ ਸਾਜਨਾ ਤੋਂ ਪਹਿਲਾਂ ਦੇ ਹਾਲਾਤ ਦਾ ਵਰਣਨ ਵੀ ਕਰਦਾ ਹੈ। ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੀਸ ਦੀ ਮੰਗ ਅਤੇ ਪੰਜਾਂ ਪਿਆਰਿਆਂ ਵੱਲੋਂ ਸੀਸ ਭੇਟ ਕਰਨ ਦੇ ਵਰਤਾਰੇ ਨੂੰ ਬਹੁਤ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਕਵੀ ਨੇ ਆਪਣੇ ਅੰਦਾਜ਼ ਵਿੱਚ ਦੱਸਿਆ ਕਿ ਤੰਬੂ ਦੇ ਅੰਦਰ ਅੰਮ੍ਰਿਤ ਵਰ੍ਹਿਆ ਸੀ, ਜਿਸ ਨਾਲ ਸਧਾਰਨ ਮਨੁੱਖ ਪਿਆਰੇ ਬਣ ਕੇ ਸਾਹਮਣੇ ਆਏ। ਸਿਰ ਭੇਟ ਕਰਨਾ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਹੈ। ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਨੇ ਆਪਣੇ ਮਾਰਗ 'ਤੇ ਚੱਲਣ ਵਾਲਿਆਂ ਨੂੰ ਕਿਹਾ ਸੀ ਕਿ ਉਹ ਪੂਰਨ ਤੌਰ ਤੇ ਸਮਰਪਿਤ ਹੋਣ। ਇਸ ਤਰ੍ਹਾਂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ 'ਪਹਿਲਾ ਮਰਣੁ ਕਬੂਲਿ' ਰਾਹੀਂ ਸਿੱਖੀ ਅਤੇ ਸਮਰਪਿਤ ਨੂੰ ਇੱਕ ਦੂਜੇ ਦੇ ਪੂਰਕ ਦੱਸਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜ ਕੇ ਜਾਤ-ਪਾਤ, ਊਚ-ਨੀਚ, ਭਰਮ-ਭੈ, ਮੋਹ-ਮੌਤ ਦੇ ਭਾਵਾਂ ਨੂੰ ਖ਼ਤਮ ਕਰਕੇ ਸਧਾਰਨ ਮਨੁੱਖ ਨੂੰ ਖ਼ਾਲਸ ਮਨੁੱਖ ਵਿੱਚ ਬਦਲ ਦਿੱਤਾ। ਉਸ ਵਰਤਾਰੇ ਤੋਂ ਬਾਅਦ ਖ਼ਾਲਸੇ ਦਾ ਕਾਫ਼ਲਾ ਜਬਰ-ਜ਼ੁਲਮ ਨੂੰ ਰੋਕਣ ਲਈ ਚੱਲ ਪਿਆ ਸੀ। ਗੁਰੂ ਸਾਹਿਬ ਦਾ ਸਾਜਿਆ ਇਕੱਲਾ-

---

[51] ਮਨਮੋਹਨ ਸਿੰਘ ਦਾਊਂ (2016) "ਅਦੁੱਤੀ ਸਾਜਨਾ" *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ- ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 85-88.

ਇਕੱਲਾ ਸਿੰਘ ਸਵਾ-ਸਵਾ ਲੱਖ ਨਾਲ ਲੜਿਆ ਅਤੇ ਕਲਗ਼ੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਵਾਰ ਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ।

ਕਵਿਤਾ ਵਿੱਚ ਤੰਬੂ ਅੰਦਰ ਵਾਪਰੇ ਵਰਤਾਰੇ ਬਾਰੇ ਜ਼ਿਕਰ ਕੀਤਾ ਗਿਆ ਹੈ। ਇਸ ਘਟਨਾ ਨੂੰ ਤਰਕਵਾਦੀ ਨਜ਼ਰੀਏ ਤੋਂ ਨਹੀਂ ਸਮਝਿਆ ਜਾ ਸਕਦਾ ਕਿ ਤੰਬੂ ਵਿੱਚ ਕੀ ਵਰਤਾਰਾ ਵਾਪਰਿਆ ਸੀ? ਕਵੀ ਨੇ ਇਸ ਘਟਨਾ ਨੂੰ ਆਪਣੀ ਸੰਵੇਦਨਾ ਰਾਹੀਂ ਸਮਝਿਆ ਹੈ ਕਿ 'ਤੰਬੂ ਅੰਦਰ ਅੰਮ੍ਰਿਤ ਵਰ੍ਹਿਆ'। "ਅਫ਼ਸੋਸ ਹੈ ਕਿ ਅਸੀਂ ਖੰਡੇ ਦੇ ਅੰਮ੍ਰਿਤ ਦੀ ਅਸਲੀ ਕਰਾਮਾਤ ਨੂੰ ਵਿਸਾਰ ਕੇ ਅੱਜ-ਕੱਲ੍ਹ ਇਸ ਬੇਸੂਦ ਬਹਿਸ ਵਿੱਚ ਉਲਝ ਰਹੇਂ ਹਾਂ ਕਿ ਕਲਗੀਆਂ ਵਾਲੇ ਪਾਤਸ਼ਾਹ ਨੇ ਬੰਦੇ ਝਟਕਾਏ ਕਿ ਬੱਕਰੇ? ਯਾਦ ਰੱਖੋ ਸਚੇ ਪਾਤਸ਼ਾਹ ਦਾ ਪ੍ਰੀਖਿਆ ਲਈ ਰਚਿਆ ਇਹ ਇਕ ਮਹਾਨ ਤੇ ਗੁਹਜ਼ ਨਾਟਕ ਸੀ। ਜੋ ਕੁਝ ਤੰਬੂ ਦੇ ਪਰਦੇ ਵਿੱਚ ਹੋਇਆ, ਉਹ ਪਰਦੇ ਦੀ ਗੱਲ ਹੀ ਰਹਿਣੀ ਉਚਿਤ ਹੈ। ਇਤਿਹਾਸ ਇਕ ਗੱਲ ਦੀ ਸ਼ਾਹਦੀ ਭਰਦਾ ਹੈ ਅਤੇ ਜਜਬਾਤ ਦੂਜੇ ਪਾਸੇ ਦੀ ਗੱਲ ਕਰਦਾ ਹੈ। ਗੱਲ ਸਿੱਖਾਂ ਦੇ ਸਿਦਕ ਪਰਖਣ ਦੀ ਹੈ ਉਹ ਇਸ ਪਰਚੇ ਵਿੱਚ ਸੌ ਫੀਸਦੀ ਸਫਲ ਹੋਏ।"[52] ਸੱਚਾ ਸਿੱਖ ਗੁਰੂ ਦੇ ਹੁਕਮ ਨੂੰ ਪੂਰਾ ਕਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਸਿੱਖ ਸਿਮਰਤੀ ਵਿੱਚ ਇਸ ਗੱਲ ਦੀ ਮਹੱਤਤਾ ਹੈ ਕਿ ਗੁਰੂ ਦਾ ਉਪਦੇਸ਼ ਅਤੇ ਵਿਹਾਰ ਸੱਚ ਅਤੇ ਸਰਬੱਤ ਦੇ ਭਲੇ ਲਈ ਹੈ।

ਖ਼ਾਲਸਾ ਸਾਜਨਾ ਸਮੇਂ ਤੰਬੂ ਅੰਦਰ ਵਾਪਰੇ ਵਰਤਾਰੇ ਦਾ ਗਿਆਤਾ ਦਸਮ ਪਿਤਾ ਆਪ ਹੈ, ਇਹ ਰਹੱਸ ਹੈ। ਜੋ ਕੁਝ ਵੀ ਧਰਤੀ 'ਤੇ ਅਨੋਖਾ ਵਾਪਰਦਾ ਹੈ, ਉਸ ਵਰਤਾਰੇ ਨੂੰ ਸਧਾਰਨ ਨੰਗੀ ਅੱਖ ਨਾਲ ਨਹੀਂ ਦੇਖਿਆ ਜਾ ਸਕਦਾ। ਖ਼ਾਲਸਾ ਸਾਜਨਾ ਵਰਗੇ ਅਦੁੱਤੀ ਨਜ਼ਾਰੇ ਨੂੰ ਸਧਾਰਨ ਅੱਖ ਨਹੀਂ ਤੱਕ ਸਕਦੀ ਸੀ, ਇਸ ਲਈ ਤੰਬੂ ਦਾ ਪਰਦਾ ਰਹੱਸ ਨੂੰ ਪ੍ਰਤੀਕਮਈ ਅਰਥ ਪ੍ਰਦਾਨ ਕਰਦਾ ਹੈ। ਤੰਬੂ ਅੰਦਰ ਵਾਪਰੇ ਵਰਤਾਰੇ ਕਾਰਨ ਹੀ ਖ਼ਾਲਸਾ ਪੰਥ ਹੋਂਦ ਵਿੱਚ ਆਇਆ, ਖ਼ਾਲਸੇ ਦੀ ਤਾਕਤ ਵੀ ਰਹੱਸਮਈ ਹੈ, ਜਿਸ ਦਾ ਬੋਲ-ਬਾਲਾ ਰਹਿੰਦੀ ਦੁਨੀਆਂ ਤੱਕ ਰਹੇਗਾ। "ਲੋਕਾਂ ਨੇ ਤੰਬੂ ਵਿੱਚੋਂ ਖ਼ੂਨ ਦੀ ਧਾਰ ਬਾਹਰ ਵੱਲ ਵਹਿੰਦੀ ਜ਼ਰੂਰ ਦੇਖੀ। ਇਥੇ ਇਤਨਾ ਹੀ ਕਹਿਣਾ ਕਾਫੀ ਹੈ ਕਿ ਕੋਈ ਪ੍ਰੀਖਿਆਕਾਰ ਆਪਣਾ ਪਰਚਾ ਪਹਿਲਾਂ ਨਹੀਂ ਦੱਸ ਦਿੰਦਾ, ਉਸ ਦਿਨ ਪ੍ਰੀਖਿਆ ਕਰਕੇ ਪਿਆਰੇ ਚੁਣੇ ਜਾ ਰਹੇ ਸਨ ਸੋ ਇਹ ਬਹਿਸ ਹੀ ਫਜ਼ੂਲ ਹੈ ਕਿ ਬੱਕਰੇ ਝਟਕਾਏ ਗਏ

[52] ਹਰਿਭਜਨ ਸਿੰਘ (2001) *ਗੁਰਮਤਿ ਵਿਆਖਿਆਨ*, ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. ੮੫.

ਸਨ ਜਾਂ ਨਹੀਂ, ਗੁਰੂ ਗੋਬਿੰਦ ਸਿੰਘ ਜੀ ਪੰਜਾਂ ਨੂੰ ਨਵੇਂ ਪੌਸ਼ਾਕੇ ਪਹਿਨਾ ਸੰਗਤਾਂ ਵਿਚ ਲਿਆਏ ਤੇ ਉਹਨਾਂ ਨੂੰ ਪਿਆਰੇ ਕਿਹਾ।"[53] ਕਵੀ ਆਪਣੀ ਸਿਮਰਤੀ ਵਿੱਚੋਂ ਭਾਵਾਂ ਦਾ ਪ੍ਰਗਟਾਵਾ ਕਰਦਾ ਹੈ, ਜਿਸ ਨਾਲ ਕਵੀ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਦਾ ਰੂਪ ਪ੍ਰਗਟ ਹੁੰਦਾ ਹੈ।

ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ਉੱਤੇ ਵਿਸਾਖੀ ਵਾਲੇ ਦਿਨ ਤੰਬੂ ਵਿੱਚ ਵਾਪਰੇ ਬਿਰਤਾਂਤ ਨੂੰ ਹਰਿੰਦਰ ਸਿੰਘ ਮਹਿਬੂਬ ਖ਼ੂਬਸੂਰਤ ਢੰਗ ਨਾਲ ਪ੍ਰਗਟ ਕਰਦੇ ਹਨ:-

ਕੇਸਗੜ੍ਹ ਦੇ ਸਿਖਰ 'ਤੇ ਤੰਬੂ, ਮੰਜ਼ਰ ਨਵਾਂ ਨਿਆਰਾ,
ਪੈਂਦਾ ਕਵਨ ਰਾਜ਼ ਦਾ ਭਾਰੀ, ਰੂਹਾਂ 'ਤੇ ਲਿਸ਼ਕਾਰਾ?[54]

ਉਕਤ ਰਚਨਾ ਵਿੱਚ ਖ਼ਾਲਸਾ ਪੰਥ ਦੀ ਸਥਾਪਨਾ ਵਾਲੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਜੋ ਵਰਤਾਰਾ ਤੰਬੂ ਦੇ ਅੰਦਰ ਵਾਪਰਿਆ, ਉਸ ਨੂੰ ਕਵੀ ਨੇ ਆਪਣੀ ਸਿਮਰਤੀ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖ਼ਾਲਸਾ ਸਿਰਜਨਾ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਰੂਹਾਨੀ ਅਤੇ ਜੋਸ਼ੀਲੇ ਢੰਗ ਨਾਲ ਪੰਜ ਸਿਰਾਂ ਦੀ ਮੰਗ ਕੀਤੀ ਹੈ। ਇਹ ਅੰਮ੍ਰਿਤ ਦੀ ਸਾਜਨਾ ਦੇ ਵਰਤਾਰੇ ਨਾਲ ਸੰਬੰਧਤ ਭਾਵਪੂਰਤ ਕਵਿਤਾ ਹੈ ਜੋ ਖ਼ਾਲਸੇ ਦੀ ਅਗੰਮੀ, ਰੂਹਾਨੀ ਅਤੇ ਵਿਲੱਖਣ ਪਛਾਣ ਨੂੰ ਬਿਆਨ ਕਰਦੀ ਹੈ। ਲੇਖਕ ਦੀ ਸਿਮਰਤੀ ਵਿੱਚ ਖ਼ਾਲਸਾ ਪੰਥ ਨਵਾਂ ਅਤੇ ਨਿਰਾਲਾ ਪੰਥ ਹੈ। ਇਸ ਲਈ ਅੰਮ੍ਰਿਤ ਦੀ ਗੈਬੀ ਸ਼ਕਤੀ ਅਤੇ ਵਿਹਾਰਕ ਪ੍ਰਭਾਵਾਂ ਨੂੰ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਬਣਾਉਣ ਦਾ ਪ੍ਰਤੀਕ ਹੈ।

ਰੁਖ਼ਸਾਨਾ ਬੇਗਮ ਨੇ ਕਵਿਤਾ 'ਜੇ ਗੋਬਿੰਦ ਅਵਤਾਰ ਨ ਹੁੰਦਾ' ਵਿੱਚ ਗੁਰੂ ਸਾਹਿਬ ਵੱਲੋਂ ਬਖ਼ਸ਼ੀ ਸਰਦਾਰੀ ਦੇ ਮਹੱਤਵ ਨੂੰ ਪ੍ਰਗਟ ਕੀਤਾ ਹੈ:-

ਦੇਸ਼ ਕੌਮ ਤੇ ਕੀਤਾ ਵੇਖੋ, ਇਹ ਉਪਕਾਰ ਗੋਬਿੰਦ ਗੁਰੂ ਨੇ
ਬਾਪ ਦੀ ਢਾਲ ਬਣਾ ਕੇ ਮੋੜੀ, ਸੀ ਤਲਵਾਰ ਗੋਬਿੰਦ ਗੁਰੂ ਨੇ
ਸਰਸਾ ਕੰਢੇ ਵੰਡ ਦਿੱਤਾ ਸੀ, ਸਭ ਪਰਿਵਾਰ ਗੋਬਿੰਦ ਗੁਰੂ ਨੇ
ਖੰਡੇ ਧਾਰ ਤੋਂ ਪੈਦਾ ਕੀਤੇ, ਸਿੰਘ ਸਰਦਾਰ ਗੋਬਿੰਦ ਗੁਰੂ ਨੇ।[55]

---

53 ਸਤਿਬੀਰ ਸਿੰਘ (1994) *ਖ਼ਾਲਸੇ ਦੀ ਵਾਸੀ,* ਨਿਊ ਬੁੱਕ ਕੰਪਨੀ, ਜਲੰਧਰ, ਪੰ. 140.

54 ਹਰਿੰਦਰ ਸਿੰਘ ਮਹਿਬੂਬ (2007) *ਇਲਾਹੀ ਨਦਰ ਦੇ ਪੈਂਡੇ (ਗੁਰੂ ਗੋਬਿੰਦ ਸਿੰਘ ਸਾਹਿਬ), ਜਿਲਦ ਚੌਥੀ,* ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰ. 178.

55 ਰੁਖ਼ਸਾਨਾ ਬੇਗਮ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ),* ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 90.

ਉਪਰੋਕਤ ਰਚਨਾ ਦਾ ਸੰਬੰਧ ਸਿਮਰਤੀ ਦੇ ਰੁਪਾਂਤਰਤ ਨਾਲ ਹੈ। ਭੂਤ ਨੂੰ ਵਰਤਮਾਨ ਨਾਲ ਜੋੜਦੀ ਇਸ ਕਵਿਤਾ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਦਾ ਉਦੇਸ਼ ਸਪੱਸ਼ਟ ਹੁੰਦਾ ਹੈ। ਜਿਸ ਖੰਡੇ ਧਾਰ ਦਾ ਜ਼ਿਕਰ ਕਵਿਤਾ ਵਿੱਚ ਹੋਇਆ, ਉਹ ਸ੍ਰੀ ਅਨੰਦਪੁਰ ਸਾਹਿਬ ਦੇ ਸ੍ਰੀ ਕੇਸਗੜ੍ਹ ਸਾਹਿਬ ਸਥਾਨ ’ਤੇ ਖ਼ਾਲਸਾ ਸਾਜਨਾ ਸਮੇਂ ਵਰਤਿਆ ਗਿਆ ਸੀ ਅਤੇ ਹੁਣ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ’ਤੇ ਸੁਸ਼ੋਭਿਤ ਹੈ, ਜਿਸ ਦੇ ਦਰਸ਼ਨ ਕਰਕੇ ਸੰਗਤਾਂ ਅਦੁੱਤੀ ਸਾਜਨਾ ਨੂੰ ਸਿਮਰਤੀ ਰਾਹੀਂ ਯਾਦ ਕਰਦੀਆਂ ਹਨ। ਗੁਰੂ ਅਵਤਾਰ ਨਹੀਂ ਹੋ ਸਕਦਾ ਪਰ ਗੀਤਾਂ ਜਾਂ ਕਵਿਤਾਵਾਂ ਰਾਹੀਂ ਸਰੋਤੇ ਗੁਰੂ ਦਰਬਾਰ ਵਿੱਚ ਪਹੁੰਚ ਜਾਂਦੇ ਹਨ। ਇਸ ਲਈ ਲੇਖਕ ਭਾਵੁਕਤਾ ਨਾਲ ਅਜਿਹੇ ਦ੍ਰਿਸ਼ ਬਣਾ ਕੇ ਪੇਸ਼ ਕਰਦੇ ਹਨ। ਗੁਰੂ ਸਾਹਿਬ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਪੈਦਾ ਕੀਤੇ ਸਰਦਾਰਾਂ ਦੀ ਮਹਿਮਾ ਬਾਖ਼ੂਬੀ ਢੰਗ ਨਾਲ ਪੇਸ਼ ਕੀਤੀ ਗਈ ਹੈ। ਜਿਹੜੀ ਸਿੱਖ ਸਿਮਰਤੀ ਨੂੰ ਆਪਣੇ ਆਪ ਇੱਕ ਮਹਾਨ ਸਮਰੱਥਾ ਮਹਿਸੂਸ ਕਰਵਾਉਂਦੀ ਹੈ।

ਅਮਰਜੀਤ ਸਿੰਘ ਅਮਰ ਨੇ ‘ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ’ ਸਿਰਲੇਖ ਹੇਠ ਕਈ ਛੋਟੇ ਬੰਦਾਂ ਦੀਆਂ ਕਵਿਤਾਵਾਂ ਦੀ ਰਚਨਾ ਕੀਤੀ ਹੈ ਜਿਸ ਵਿੱਚੋਂ ‘ਕਸ਼ਮੀਰੀ ਪੰਡਤ ਸ੍ਰੀ ਅਨੰਦਪੁਰ ਸਾਹਿਬ ਵਿੱਚ’ ਛੇ ਪੰਕਤੀਆਂ ਦੀ ਕਵਿਤਾ ਹੈ ਜਿਸ ਦਾ ਸੰਬੰਧ ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਨਾਲ ਜੁੜਦਾ ਹੈ:-

> ਕਿਹਾ ਪੰਡਤਾਂ ਨੇ, “ਨੌਵੇਂ ਪਾਤਸ਼ਾਹ! ਜੰਞੂ ਲਹਿਣ ਦਾ ਡਰ ਹੈ, ਹੋਰ ਕੋਈ ਨਹੀਂ।
> ਸਾਡੀ ਕਾਸ਼ੀ ਬਨਾਰਸ ਨਾ ਬਾਂਹ ਪਕੜੀ, ਹੁਣ ਤਾਂ ਤੁਸਾਂ ਦਾ ਦਰ ਹੈ, ਹੋਰ ਕਈ ਨਹੀਂ।”
> ਨੌਂ ਸਾਲਾਂ ਦੀ ਇਕ ਆਵਾਜ਼ ਬੋਲੀ, ਏਹੋ ਮੁਕਤੀ ਦਾ ਸਰ ਹੈ, ਹੋਰ ਕੋਈ ਨਹੀਂ।
> ਸਿਰ ਦੇ ਕੇ ਧਰਮ ਬਚਾਣ ਵਾਲਾ, ਇੱਕੋ ਨਾਨਕ ਦਾ ਦਰ ਘਰ ਹੈ, ਹੋਰ ਕੋਈ ਨਹੀਂ।..[56]

ਇਹ ਸੱਚ ਹੈ ਕਿ ਕਸ਼ਮੀਰੀ ਪੰਡਤ ਫਰਿਆਦੀ ਬਣ ਕੇ ਸ੍ਰੀ ਅਨੰਦਪੁਰ ਸਾਹਿਬ ਆਏ ਸਨ। ਕਵੀ ਨੇ ਉਪਰੋਕਤ ਪੰਕਤੀਆਂ ਵਿੱਚ ਕਸ਼ਮੀਰੀ ਪੰਡਤਾਂ ਦੇ ਸ੍ਰੀ ਅਨੰਦਪੁਰ ਸਾਹਿਬ ਆ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਪਾਸ ਫ਼ਰਿਆਦ ਕਰਨ ਦੇ ਪ੍ਰਸੰਗ ਨੂੰ ਸਮੂਹਕ ਸਿਮਰਤੀ ਦੀ ਵਿਸ਼ੇਸ਼ਤਾਈ ਰਾਹੀਂ ਬਿਆਨ ਕੀਤਾ ਹੈ ਕਿ ਜਦੋਂ ਔਰੰਗਜ਼ੇਬ ਧੱਕੇ ਨਾਲ ਹਿੰਦੂਆਂ ਦੇ ਜੰਞੂ ਲਾਹ ਕੇ ਧਰਮ ਪਰਿਵਰਤਨ ਕਰ ਰਿਹਾ ਸੀ, ਤਾਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਉਸ ਸਮੇਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਪੰਡਤਾਂ ਦੀ ਬਾਂਹ ਫੜੀ ਸੀ।

---

[56] ਅਮਰਜੀਤ ਸਿੰਘ ਅਮਰ (2016) “ਕਸ਼ਮੀਰੀ ਪੰਡਤ ਸ੍ਰੀ ਅਨੰਦਪੁਰ ਸਾਹਿਬ ਵਿੱਚ” *ਤੇਰੇ ਦਰ ‘ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 91.

ਕਵੀ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਪੂਰੀ ਦੁਨੀਆਂ ਵਿੱਚ ਕੋਈ ਵੀ ਦੂਜਾ ਨਹੀਂ, ਜਿਸ ਨੇ ਨੌਂ ਸਾਲ ਦੀ ਛੋਟੀ ਉਮਰ ਵਿੱਚ ਆਪਣੇ ਪਿਤਾ ਨੂੰ ਕਿਸੇ ਹੋਰ ਦੇ ਧਰਮ ਦੀ ਰੱਖਿਆ ਲਈ ਤੋਰਿਆ ਹੋਵੇ। ਕਵੀ ਗੁਰੂ ਨਾਨਕ ਜੀ ਦੇ ਦਰ-ਘਰ ਦੀ ਸਿਫ਼ਤ ਕਰਦਾ ਹੈ ਕਿ ਪੂਰੀ ਦੁਨੀਆਂ ਵਿੱਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਘਰ ਅਜਿਹਾ ਹੈ, ਜਿੱਥੇ ਸਿਰ ਦੇ ਕੇ ਧਰਮ ਦੀ ਰੱਖਿਆ ਕੀਤੀ ਗਈ।

ਫ਼ਕੀਰ ਚੰਦ ਤੁਲੀ (ਆਪਣੀ ਕਵਿਤਾ 'ਅਬੁਲਤਰਾਨੀ ਅਤੇ ਵਿਸਾਖੀ 1699' ਦੇ ਸ਼ੁਰੂ ਵਿੱਚ ਲਿਖਦਾ ਹੈ, ਸ੍ਰੀ ਅਨੰਦਪੁਰ ਸਾਹਿਬ ਵਿਖੇ ਔਰੰਗਜ਼ੇਬ ਦਾ ਜਾਸੂਸ, ਔਰੰਗਜ਼ੇਬ ਨੂੰ ਹਰ ਰੋਜ਼ ਸ੍ਰੀ ਅਨੰਦਪੁਰ ਸਾਹਿਬ ਦੀ ਰਿਪੋਰਟ ਭੇਜਦਾ ਸੀ):-

ਲਿਸ਼ਕਦੀ ਤੇਗ਼ ਵਿਸਾਖੀ ਨੂੰ ਹੋਏ ਕੌਤਕ....।
ਅੱਜ ਤੋਂ ਤੇਰਾ ਮੇਰਾ ਖਾਤਾ ਖ਼ਤਮ ਸ਼ਾਹਾ,
ਅੱਜ ਤੋਂ ਗੁਰੂ ਗੋਬਿੰਦ ਸਿੰਘ ਗੁਰੂ ਮੇਰਾ,
ਅੱਜ ਤੋਂ ਤੇਰਾ ਮੇਰਾ ਖਾਤਾ ਖ਼ਤਮ ਸ਼ਾਹਾ।[57]

ਕਵੀ ਫ਼ਕੀਰ ਚੰਦ ਤੁਲੀ ਨੇ ਕਵਿਤਾ ਦੇ ਆਰੰਭ ਵਿੱਚ ਹੀ ਦੱਸ ਦਿੱਤਾ ਹੈ ਕਿ ਅਬੁਲਤਰਾਨੀ ਔਰੰਗਜ਼ੇਬ ਦਾ ਇੱਕ ਜਾਸੂਸ ਸੀ ਜੋ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਹਰ ਰੋਜ਼ ਰਿਪੋਰਟ ਲਿਖ ਕੇ ਬਾਦਸ਼ਾਹ ਤੱਕ ਭੇਜਦਾ ਸੀ। ਅਬੁਲਤਰਾਨੀ ਔਰੰਗਜ਼ੇਬ ਨੂੰ ਖ਼ਾਲਸਾ ਸਿਰਜਨਾ ਸਮੇਂ ਦੇ ਬਿਰਤਾਂਤ ਬਾਰੇ ਖ਼ਤ ਲਿਖਦਾ ਹੈ। ਅਬੁਲਤਰਾਨੀ ਖ਼ਾਲਸਾ ਸਾਜਨਾ ਦਾ ਚਸ਼ਮਦੀਦ ਗਵਾਹ ਸੀ, ਜਿਸ ਨੇ ਆਖ਼ਰੀ ਚਿੱਠੀ ਔਰੰਗਜ਼ੇਬ ਨੂੰ ਲਿਖੀ ਉਸਦੀ ਚਿੱਠੀ  ਵਿੱਚੋਂ ਜੋ ਜਾਣਕਾਰੀ ਮਿਲਦੀ ਹੈ ਉਸ ਦੇ ਅਧਾਰ 'ਤੇ ਕਵਿਤਾ ਲਿਖੀ ਗਈ ਹੈ। ਕਵੀ ਅਬੁਲਤਰਾਨੀ ਦੀ ਗਵਾਹੀ ਦੇ ਆਧਾਰ 'ਤੇ ਸਿਮਰਤੀ ਰਾਹੀਂ ਕਵਿਤਾ ਵਿੱਚ ਵਿਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਵਾਪਰੇ ਕੌਤਕ ਨੂੰ ਬਿਆਨ ਕਰਦਾ ਹੈ। ਅਬੁਲਤਰਾਨੀ ਨੇ ਗੁਰੂ ਸਾਹਿਬ ਦੀ ਤੇਗ਼ ਦੀ ਸਿਫ਼ਤ ਬਹੁਤ ਅਨੋਖੇ ਢੰਗ ਨਾਲ ਕੀਤੀ ਹੈ। ਅਬੁਲਤਰਾਨੀ ਔਰੰਗਜ਼ੇਬ ਨੂੰ ਲਿਖੇ ਖ਼ਤ ਵਿੱਚ ਜ਼ਿਕਰ ਕਰਦਾ ਹੈ ਕਿ ਗੁਰੂ ਸਾਹਿਬ ਦੀ ਤੇਗ਼ ਦਾ ਆਕਾਰ ਆਕਾਸ਼ ਅਤੇ ਸਾਰੇ ਬ੍ਰਹਿਮੰਡ ਤੋਂ ਵੀ ਵੱਡਾ ਹੈ।

---

[57] ਫ਼ਕੀਰ ਚੰਦ ਤੁਲੀ (2016) "ਖ਼ਾਲਸਾ ਸਿਰਜਣਾ ਦਾ ਚਸ਼ਮਦੀਦ ਗਵਾਹ" *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 102-5.

ਅਬੁਲਤਰਾਨੀ ਕਵਿਤਾ ਦੇ ਪਹਿਲੇ ਹੀ ਬੰਦ ਵਿੱਚ ਔਰੰਗਜ਼ੇਬ ਨੂੰ ਆਖ਼ਰੀ ਚਿੱਠੀ ਪਾਉਣ ਬਾਰੇ ਸੂਚਿਤ ਕਰਦਾ ਹੋਇਆ ਉਸ ਨੂੰ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਉਣ ਲਈ ਕਹਿੰਦਾ ਹੈ। ਅਬੁਲਤਰਾਨੀ ਇਸ ਆਖ਼ਰੀ ਚਿੱਠੀ ਰਾਹੀਂ ਵਿਸਾਖੀ ਵਾਲੇ ਦਿਨ ਵਾਪਰੇ ਘਟਨਾ-ਕ੍ਰਮ ਦਾ ਸਾਰਾ ਨਜ਼ਾਰਾ ਔਰੰਗਜ਼ੇਬ ਤੱਕ ਪਹੁੰਚਾ ਦੇਣਾ ਚਾਹੁੰਦਾ ਹੈ। ਪੰਜਾਂ ਪਿਆਰਿਆਂ ਦੀ ਹਿੰਮਤ ਅਤੇ ਖ਼ਾਲਸਾ ਸਿਰਜਣ ਦੇ ਢੰਗ ਨੂੰ ਬਹੁਤ ਨਿਰਾਲੇ ਤਰੀਕੇ ਨਾਲ ਪੇਸ਼ ਕਰਦਾ ਹੈ। ਅਬੁਲਤਰਾਨੀ ਪੰਜਾਂ ਪਿਆਰਿਆਂ ਦੀ ਸਿਫ਼ਤ ਪੰਜ ਤੱਤਾਂ ਨਾਲ ਕਰਦਾ ਹੋਇਆ ਪੰਜ ਇੰਦਰੀਆਂ ਦੇ ਇੱਕ ਹੋ ਜਾਣ ਦੀ ਗੱਲ ਕਰਦਾ ਹੈ।

ਅਬੁਲਤਰਾਨੀ ਔਰੰਗਜ਼ੇਬ ਨੂੰ ਸੂਚਿਤ ਕਰਦਾ ਹੈ ਕਿ ਉਸ ਨੇ ਵੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਲਿਆ ਹੈ ਅਤੇ ਹੁਣ ਉਹ ਅਜਮੇਰ ਸਿੰਘ ਹੋ ਗਿਆ ਹੈ। ਉਹ ਔਰੰਗਜ਼ੇਬ ਨੂੰ ਦੱਸਦਾ ਹੈ ਕਿ ਉਸ ਨੇ ਆਪਣਾ ਅੱਲ੍ਹਾ ਅਤੇ ਕੁਰਾਨ ਸਭ ਗੁਰੂ ਗੋਬਿੰਦ ਸਿੰਘ ਨੂੰ ਮੰਨ ਲਿਆ ਹੈ ਅਤੇ ਅੱਜ ਤੋਂ ਬਾਅਦ ਉਸ ਦਾ ਔਰੰਗਜ਼ੇਬ ਨਾਲ ਕੋਈ ਸੰਬੰਧ ਨਹੀਂ ਰਿਹਾ। ਉਸ ਸਮੇਂ ਦੇ ਬਿਰਤਾਂਤ ਨੂੰ ਪੇਸ਼ ਕਰਦਾ ਹੋਇਆ ਆਪਣੇ ਆਪ ਨੂੰ ਖ਼ਾਲਸਾ ਸਿਰਜਨਾ ਦੇ ਮਹਾਨ ਕੌਤਕ ਦਾ ਚਸ਼ਮਦੀਦ ਗਵਾਹ ਮੰਨਦਾ ਹੈ।

ਕੇਸਗੜ੍ਹ 'ਤੇ ਬਖ਼ਸ਼ ਕੇ ਦਾਤ ਅੰਮ੍ਰਿਤ,
ਸਾਨੂੰ ਸਿੰਘ ਸਜਾਇਆ ਸੀ ਪਾਤਸ਼ਾਹ ਨੇ।
ਦਾਤ ਅੰਮ੍ਰਿਤ ਦੀ ਮੰਗ ਫਿਰ ਚੇਲਿਆਂ ਤੋਂ,
ਆਪਣਾ ਗੁਰੂ ਬਣਾਇਆ ਸੀ ਪਾਤਸ਼ਾਹ ਨੇ।
ਆਪਣੇ ਪੁੱਤਰਾਂ ਤੋਂ ਪਿਆਰੇ ਖ਼ਾਲਸੇ ਤੋਂ,
ਖ਼ਾਨਦਾਨ ਲੁਟਾਇਆ ਸੀ ਪਾਤਸ਼ਾਹ ਨੇ।
ਜੋ ਕੁਝ ਕੋਈ ਨਹੀਂ ਦੁਨੀਆਂ 'ਚ ਕਰ ਸਕਿਆ,
ਉਹ ਕਰ ਵਿਖਾਇਆ ਸੀ ਪਾਤਸ਼ਾਹ ਨੇ।[58]

ਕਵੀ ਅਨੁਸਾਰ ਗੁਰੂ ਜੀ ਨੇ ਨਿਆਰਾ ਪੰਥ ਖ਼ਾਲਸਾ ਸਾਜਿਆ ਹੈ ਜਿਸ ਦੇ ਸਿਰ 'ਤੇ ਦਸਤਾਰ ਹੈ ਉਹ ਸਾਬਤ ਸੂਰਤ ਹੈ। ਕਲਗ਼ੀਧਰ ਜੀ ਦੀਆਂ ਅੱਖਾਂ ਦਾ ਤਾਰਾ ਪੰਥ ਖ਼ਾਲਸਾ ਗੁਰੂ ਸਾਹਿਬ ਨੇ ਕੇਸਗੜ੍ਹ ਦੇ ਸਥਾਨ 'ਤੇ ਆਪ ਸਜਾਇਆ ਹੈ। ਖ਼ਾਲਸਾ ਸੱਜਣਾਂ ਲਈ ਠੰਢੀ ਬਰਫ਼ ਦੇ ਵਾਂਗ ਅਤੇ ਦੁਸ਼ਮਣਾਂ ਲਈ ਅੱਗ ਦੇ

---

[58] ਹਰੀ ਸਿੰਘ ਜਾਚਕ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 115.

ਅੰਗਿਆਰੇ ਵਰਗਾ ਹੈ। ਇੱਥੇ ਸਿੱਖਾਂ ਦੀ ਸਿਮਰਤੀ ਅੰਦਰ ਜ਼ੁਲਮ ਪ੍ਰਤੀ ਜ਼ਾਲਮ ਨਾਲ ਪੇਸ਼ ਆਉਣ ਦਾ ਕਵੀ ਵਿਲੱਖਣ ਨਮੂਨਾ ਪੇਸ਼ ਕਰਦਾ ਹੈ ਕਿ ਉਹ ਜ਼ੁਲਮ ਪ੍ਰਤੀ ਅੱਗ ਦੇ ਅੰਗਿਆਰਿਆਂ ਵਾਂਗ ਜ਼ਾਲਮ ਤੇ ਟੁੱਟ ਪੈਂਦੇ ਹਨ। ਗੁਰੂ ਸਾਹਿਬ ਨੇ ਕੇਸਗੜ੍ਹ ਦੇ ਸਥਾਨ ’ਤੇ ਖ਼ਾਲਸਾ ਪੰਥ ਸਾਜਿਆ ਤਾਂ ਆਪਣੇ ਚੇਲਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਆਪੇ ਗੁਰ ਚੇਲਾ ਹੋਣ ਦਾ ਪ੍ਰਮਾਣ ਪੇਸ਼ ਕੀਤਾ।

ਭਾਈ ਗੁਰਦਾਸ ਦੂਜੇ ਦੀ ਵਾਰ ਵਿੱਚ ਖਾਲਸੇ ਦੇ ਆਦਰਸ਼ ਅਤੇ ਇਸ ਉੱਪਰ ਗੁਰੂ ਬਖ਼ਸ਼ਿਸ਼ ਦਾ ਜ਼ਿਕਰ ਕਰਨ ਤੋਂ ਇਲਾਵਾ ਗੁਰਮਤਿ ਸਿਧਾਂਤ ਦੀ ਪ੍ਰਸਤੁਤੀ ਵੀ ਕੀਤੀ ਹੈ।

ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥[59]

ਗੁਰੂ ਸਾਹਿਬ ਦਾ ਪੰਥ ਖ਼ਾਲਸੇ ਨਾਲ ਪਿਆਰ ਦਾ ਜ਼ਿਕਰ ਕਰਦਿਆਂ ਕਵੀ ਦੱਸਦਾ ਹੈ ਕਿ ਆਪਣੇ ਪਿਆਰੇ ਖ਼ਾਲਸੇ ਤੋਂ ਗੁਰੂ ਜੀ ਨੇ ਆਪਣਾ ਸਾਰਾ ਸਰਬੰਸ ਵਾਰ ਦਿੱਤਾ ਹੈ। ਇਸ ਵਾਰ ਨੂੰ ਸਿੱਖ ਸੰਗਤ ਪ੍ਰਭਾਤ ਫੇਰੀ ਦੌਰਾਨ ਗਾਉਂਦੀ ਹੈ। ਕਵੀ ਸਿਮਰਤੀ ਰਾਹੀਂ ਆਪਣੇ ਆਪ ਨੂੰ ਉੱਥੇ ਹਾਜ਼ਰ ਮੰਨਦਾ ਹੈ। ਸਿੱਖ ਸੰਗਤ ਵਿੱਚ ਗਾਈ ਜਾਣ ਵਾਲੀ ਇਹ ਕਵਿਤਾ ਸਿੱਖ ਸੰਗਤ ਨੂੰ ਕਾਲ ਦੀਆਂ ਸੀਮਾਵਾਂ ਤੋਂ ਪਾਰ ਸਿਮਰਤੀ ਨਾਲ ਜੋੜਦੀ ਹੈ।

ਜਗਜੀਤ ਕੌਰ ਗੁਰੂ ਸਾਹਿਬ ਵੱਲੋਂ ਖ਼ਾਲਸਾ ਸਾਜਨਾ ਸਮੇਂ ਛਕਾਏ ਅੰਮ੍ਰਿਤ ਦੀ ਸ਼ਕਤੀ ਦਾ ਜ਼ਿਕਰ ਕਵਿਤਾ ‘ਅੰਮ੍ਰਿਤ ਦੀ ਸ਼ਕਤੀ’ ਵਿੱਚ ਨਿਮਨ ਲਿਖਤ ਅਨੁਸਾਰ ਕਰਦੀ ਹੈ:-

ਕਲਗੀਧਰ ਲੱਖ ਦਾਤਾਂ ਵੰਡੀਆਂ,
ਸਭ ਤੋਂ ਦਾਤ ਮਹਾਨ ਹੈ ਅੰਮ੍ਰਿਤ।
ਚਿੜੀਆਂ, ਬਾਜ਼ਾਂ ਨੂੰ ਲਲਕਾਰਨ,
ਨਵੀਂ ਫੂਕਦਾ ਜਾਨ ਹੈ ਅੰਮ੍ਰਿਤ।
..ਪਰ ਚੋਜੀ ਦੇ ਚੋਜ ਨਿਆਰੇ......,
.......ਸਾਡੀ ਜਿੰਦ ਤੇ ਜਾਨ ਹੈ ਅੰਮ੍ਰਿਤ।
ਨਵੀਂ ਫੂਕਦਾ ਜਾਨ ਹੈ ਅੰਮ੍ਰਿਤ।[60]

---

[59] ਗਿਆਨੀ ਹਜ਼ਾਰਾ ਸਿੰਘ (2012) *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਅਰਥਾਤ ਵਾਰਾਂ ਭਾਈ ਗੁਰਦਾਸ*, ਭਾਈ ਵੀਰ ਸਿੰਘ, ਸੰਪਾ., ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰ. 637.

[60] ਜਗਜੀਤ ਕੌਰ ਭੋਲੀ (2010) *ਸਿੱਖ ਰੀਤ ਦੇ ਗੀਤ ਮੈਂ ਗਾਵਾਂ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰਨੇ. 57-9.

ਕਵੀ ਨੇ ਅੰਮ੍ਰਿਤ ਦੀ ਰੂਹਾਨੀ ਸ਼ਕਤੀ ਨੂੰ ਬਿਆਨ ਕਰਦਿਆਂ ਅੰਮ੍ਰਿਤ ਨੂੰ ਸਭ ਤੋਂ ਮਹਾਨ ਦਾਤ ਦੱਸਿਆ ਹੈ। ਅੰਮ੍ਰਿਤ ਛਕਾਉਣ ਸਮੇਂ ਦੀ ਪ੍ਰਕਿਰਿਆ ਅਤੇ ਇਸ ਦੇ ਨਿਆਰੇਪਣ ਨੂੰ ਪੇਸ਼ ਕਰਕੇ ਅੰਮ੍ਰਿਤ ਦੀ ਸਿੱਖ ਸਿਮਰਤੀ ਵਿੱਚ ਮਹਾਨਤਾ ਨੂੰ ਦਰਸਾਇਆ ਗਿਆ ਹੈ। ਇਸ ਬਿਰਤਾਂਤ ਨੂੰ ਵਰਤਮਾਨ ਨਾਲ ਜੋੜਦਿਆਂ ਕਵੀ ਨੇ ਸਿੱਖੀ ਤੋਂ ਬੇਮੁੱਖ ਹੋ ਰਹੇ ਨੌਜਵਾਨਾਂ ਨੂੰ ਹਲੂਣਾ ਦਿੱਤਾ ਹੈ, ਕਿ ਉਹ ਕੇਸਾਂ ਦਾ ਸਨਮਾਨ ਭੁੱਲ ਗਏ ਹਨ ਅਤੇ ਦਸਤਾਰ ਲਾਹ ਕੇ ਟੋਪੀਆਂ ਪਾ ਰਹੇ ਹਨ। ਇਹ ਹਲੂਣਾ ਉਹਨਾਂ ਭਟਕੇ ਹੋਏ ਨੌਜਵਾਨਾਂ ਨੂੰ ਦੁਬਾਰਾ ਗੁਰੂ ਦੇ ਲੜ ਲੱਗਣ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਸਿਮਰਤੀ ਵਿੱਚ ਗੁਰੂ ਉਪਦੇਸ਼ ਨੂੰ ਜਗਾਉਂਦਾ ਹੈ।

.......ਧੰਨ ਪਿਤਾ ਦਸਮੇਸ਼ ਤੂੰ,
ਤੇਰੀ ਮਿਹਰ ਦੀ ਨਜ਼ਰ ਕਿ ਪਤਝੜਾਂ ਵੀ ਮੌਲੀਆਂ।
ਕੇਸਗੜ੍ਹ ਦੇ ਵਿਚ ਦੀਵਾਨ, ਲਾਇਆ ਸਤਿਗੁਰੂ ਮਹਾਨ,
ਸੀਸ ਦੀ ਅਜੀਬ ਮੰਗ, ਸੁਣ ਜ਼ਮਾਨਾ ਹੋਇਆ ਦੰਗ,
ਧੰਨ ਨੇ ਪੰਜ ਜਿਨ੍ਹਾਂ ਨੇ, ਸਤਿਗੁਰੂ ਤੋਂ ਜਿੰਦਾਂ ਘੋਲੀਆਂ।[61]

ਉਕਤ ਰਚਨਾ ਰਾਹੀਂ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ਦੀ ਮਹਿਮਾ ਨੂੰ ਯਾਦ ਕੀਤਾ ਹੈ। ਪੰਜਾਂ ਪਿਆਰਿਆਂ ਵੱਲੋਂ ਸੀਸ ਭੇਂਟ ਕਰਨ ਦੇ ਬਿਰਤਾਂਤ ਨੂੰ ਦਰਸਾਇਆ ਗਿਆ ਹੈ। ਸਿੱਖ ਸਿਮਰਤੀ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਸੀਸ ਦੀ ਮੰਗ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਇਸ ਲਈ ਸਿੱਖ ਆਪਣੇ ਆਪ ਨੂੰ ਉੱਥੇ ਹੀ ਹਾਜ਼ਰ ਮਹਿਸੂਸ ਕਰਦਾ ਹੈ, ਜਦੋਂ ਗੁਰੂ ਸਾਹਿਬ ਨੇ ਕੇਸਗੜ੍ਹ ਦੇ ਸਥਾਨ ’ਤੇ ਖ਼ਾਲਸਾ ਸਿਰਜਨਾ ਕੀਤੀ।

ਸਿੱਖ ਸਿਮਰਤੀ ਵਿੱਚ ਮੌਤ ਵਿੱਚੋਂ ਜਿੰਦਗੀ ਦੀ ਪਹਿਚਾਣ ਤੋਂ ਭਾਵ ਆਪਣੇ-ਆਪ ਨੂੰ ਗੁਰੂ ਪ੍ਰਤੀ ਸਮਰਪਿਤ ਹੋਣ ਤੋਂ ਹੈ। ਜਦੋਂ ਸਿੱਖ ਪੂਰਨ ਤੌਰ ਤੇ ਸਮਰਪਿਤ ਹੁੰਦਾ ਹੈ, ਤਾਂ ਗੁਰੂ ਵੱਲੋ ਰਹਿਮਤਾਂ ਵਰਸਦੀਆਂ ਹਨ।

ਕੌਮੀ ਆਨ-ਬਾਨ ਤੋਂ ਨਿਸਾਰ ਹੋਇਆ ਖ਼ਾਲਸਾ,
ਰੂਪ ਦਸਮੇਸ਼ ਦਾ ਤਿਆਰ ਹੋਇਆ ਖ਼ਾਲਸਾ,
ਖਿੜਕੇ ਗੁਲਾਬ ਹੋਇਆ, ਚੌਗੁਣਾ ਸ਼ਬਾਬ ਹੋਇਆ,

---

[61] ਜਗਜੀਤ ਕੌਰ ਭੋਲੀ (2010) *ਸਿੱਖ ਰੀਤ ਦੇ ਗੀਤ ਮੈਂ ਗਾਵਾਂ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, ਪੰਨੇ. 60-61.

ਨਵਾਂ ਇਕ ਸੂਰਜ ਕੇਸਗੜ੍ਹੋਂ ਚਾੜ੍ਹਿਆ,
ਪੰਥ ਕੀ ਜੀਤ-ਬੋਲ ਪਿਆਰਿਆ।[62]

ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੌਤ ਵਿੱਚੋਂ ਜ਼ਿੰਦਗੀ ਦੀ ਪਛਾਣ ਕਰਵਾਈ। ਸਦੀਆਂ ਤੋਂ ਗੁਲਾਮਾਂ ਵਾਲਾ ਡਰਪੋਕ ਜੀਵਨ ਬਤੀਤ ਕਰ ਰਹੇ ਲੋਕਾਂ ਦੇ ਸਵੈ-ਮਾਣ ਨੂੰ ਉੱਚਾ ਚੁੱਕਿਆ। ਖ਼ਾਲਸਾ ਸਾਜਨਾ ਨਾਲ ਲੋਕਾਂ ਵਿੱਚ ਨਵੀਂ ਚੇਤਨਾ ਆਈ। ਕਵੀ ਅਨੁਸਾਰ ਸ੍ਰੀ ਕੇਸਗੜ੍ਹ ਸਾਹਿਬ ਤੋਂ ਇੱਕ ਨਵੇਂ ਸੂਰਜ ਦਾ ਚਾੜ੍ਹਨ ਤੋਂ ਭਾਵ ਇੱਕ ਵਿਲੱਖਣ ਕਿਸਮ ਦੇ ਪੰਥ ਦੀ ਹੋਂਦ ਕਾਇਮ ਕਰਨ ਤੋਂ ਹੈ। ਕਵੀ ਤਿੰਨ ਕਾਲਾਂ ਦੀ ਗੱਲ ਕਰਦਾ ਹੈ, ਕਿ ਇੱਥੋਂ ਇੱਕ ਵਿਲੱਖਣ ਕੌਮ ਦੀ ਸਿਰਜਨਾ ਹੋਈ। ਇਨ੍ਹਾਂ ਸਤਰ੍ਹਾਂ ਵਿੱਚ ਕਵੀ ਨੇ ਸਿਮਰਤੀ ਵਿੱਚ ਆਏ ਭਾਵਾਂ ਨੂੰ ਸਾਹਿਤਕ ਰੂਪ ਵਿੱਚ ਪ੍ਰਗਟ ਕਰਨ ਦਾ ਯਤਨ ਕੀਤਾ ਹੈ।

ਗੁਰਸ਼ਰਨ ਸਿੰਘ ਪਰਵਾਨਾ ਗੁਰੂ ਜੀ ਵੱਲੋਂ ਸਾਜੇ ਖ਼ਾਲਸੇ ਪੰਥ ਨੂੰ 'ਨਿਆਰੇ ਪੰਥ' ਵਜੋਂ ਦੇਖਦਾ ਹੈ:-

ਕਲਗ਼ੀਧਰ ਤੇਰੀ ਰਹਿਮਤ ਨੇ, ਗਿੱਦੜਾਂ ਨੂੰ ਸ਼ੇਰ ਬਣਾ ਦਿੱਤਾ।
ਤੇਰੇ ਅੰਮ੍ਰਿਤ ਦੀ ਸ਼ਕਤੀ ਨੇ, ਚਿੜੀਆਂ ਤੋਂ ਬਾਜ਼ ਤੁੜਾ ਦਿੱਤਾ।..[63]

ਕਵੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਾਵਨ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਸਾਜੇ ਖ਼ਾਲਸਾ ਪੰਥ ਨੂੰ ਨਿਆਰਾ ਪੰਥ ਕਹਿ ਕੇ ਸੰਬੋਧਨ ਕੀਤਾ ਹੈ। ਸਿੱਖ ਵਿਲੱਖਣਤਾ ਦਾ ਅਹਿਸਾਸ ਕਰਵਾਉਂਦੀ ਇਹ ਕਵਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੂਰੇ ਕੀਤੇ ਮਿਸ਼ਨ ਦੀ ਪੂਰਤੀ ਨੂੰ ਸਿੱਖ ਸਿਮਰਤੀ ਵਿੱਚ ਲੈ ਕੇ ਆਉਂਦੀ ਹੈ। ਜਿਸ ਰਾਹੀਂ ਹਰੇਕ 'ਖ਼ਾਲਸਾ' ਆਪਣੇ ਆਪ ਨੂੰ ਬਾਕੀਆਂ ਨਾਲੋਂ ਵੱਖਰੇ ਹੋਣ ਦਾ ਮਾਣ ਮਹਿਸੂਸ ਕਰਦਾ ਹੈ।

ਖ਼ਾਲਸੇ ਦੀ ਸਿਰਜਨਾ ਜ਼ੁਲਮ ਖਿਲਾਫ਼ ਇਕ ਜੰਗੀ ਐਲਾਨ ਸੀ ਜਿਸ ਬਾਰੇ ਡਾ. ਸ਼ੇਰ ਸਿੰਘ ਲਿਖਦੇ ਹਨ, "ਇਹ ਸਿਰ-ਲੱਥ ਸੂਰਬੀਰਾਂ ਦੀ ਜਥੇਬੰਦੀ ਜੋ ਖਾਲਸਾ ਪੰਥ ਦੇ ਨਾਉਂ ਨਾਲ ਪ੍ਰਸਿੱਧ ਹੋਈ। ਇਸ ਅੰਮ੍ਰਿਤ ਨੇ ਸਿੰਘਾਂ ਦਾ ਹੁਲੀਆ ਅੰਦਰੋਂ ਮਨ ਦਾ ਅਤੇ ਬਾਹਰੋਂ ਸਰੀਰ ਦਾ ਬਿਲਕੁਲ ਬਦਲ ਦਿੱਤਾ। ਉਨ੍ਹਾਂ ਦਾ ਨਵਾਂ ਜਨਮ ਹੋਇਆ ਕਾਇਰਤਾ ਭਰਮਾਂ-ਵਹਿਮਾਂ ਤੇ ਨਿਰਾਸ਼ਤਾ ਭਰਿਆ ਜੀਵਨ ਖਤਮ ਕੀਤਾ ਤੇ ਨਵਾਂ ਜੀਵਨ

---

62 ਉਹੀ, ਪੰ. 63.

63 ਗੁਰਸਰਨ ਸਿੰਘ ਪਰਵਾਨਾ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 122-23.

ਨਵੇਂ ਸੁਪਨੇ ਨਵੇਂ ਨਿਸ਼ਾਨ ਤੇ ਨਵੇਂ ਸਰੂਪ ਨਾਲ ਹੀ ਆ ਗਏ। ਗਿੱਦੜਾਂ ਤੋਂ ਸ਼ੇਰ ਬਣ ਗਏ ਚਿੜੀਆਂ ਬਾਜਾਂ ਵਿਚ ਬਦਲ ਗਈਆਂ।"[64] ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਸਿਧਾਂਤਕ ਅਗਵਾਈ ਪ੍ਰਾਪਤ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਦਾ ਵਿਹਾਰ ਅਤੇ ਕਿਰਦਾਰ ਸੰਵਾਰਨ ਦੇ ਨਾਲ-ਨਾਲ ਸੂਰਬੀਰਤਾ ਦੇ ਧਾਰਨੀ ਹੋਣ ਲਈ ਖੰਡੇ ਬਾਟੇ ਦੀ ਪਾਹੁਲ ਤਿਆਰ ਕਰਕੇ ਅੰਮ੍ਰਿਤ ਛਕਾਉਣ ਦੀ ਪ੍ਰਥਾ ਚਲਾਈ ਜਿਸਦਾ ਉਦੇਸ਼ ਆਪਣੇ ਕਿਰਦਾਰ ਨੂੰ ਉੱਚਾ-ਸੁੱਚਾ ਰੱਖਦੇ ਹੋਏ ਜਬਰ-ਜੁਲਮ ਦੇ ਖਿਲਾਫ ਡਟ ਕੇ ਖੜਨ ਦੀ ਦ੍ਰਿੜਤਾ ਪ੍ਰਾਪਤ ਹੋਵੇ। ਇਹ ਦ੍ਰਿੜਤਾ ਸਿੱਖ ਸਿਮਰਤੀ ਦਾ ਮਹੱਤਵਪੂਰਨ ਹਿੱਸਾ ਹੈ।

ਕਵੀ ਅੰਮ੍ਰਿਤ ਦੀ ਸ਼ਕਤੀ ਨੂੰ ਬਿਆਨ ਕਰਦਾ ਹੈ ਕਿ ਖ਼ਾਲਸੇ ਦੇ ਅੰਮ੍ਰਿਤ ਨੇ ਗਿੱਦੜਾਂ ਨੂੰ ਸ਼ੇਰ ਬਣਾ ਦਿੱਤਾ ਅਤੇ ਚਿੜੀਆਂ ਵਿੱਚ ਬਾਜ਼ਾਂ ਦਾ ਮੁਕਾਬਲਾ ਕਰਨ ਦੀ ਤਾਕਤ ਅਤੇ ਜੋਸ਼ ਪੈਦਾ ਕੀਤਾ। ਅੱਜ ਵੀ ਅੰਮ੍ਰਿਤ ਛੱਕਣ ਸਮੇਂ ਸਿੰਘ ਆਪਣੀ ਸਿਮਰਤੀ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਸਜਾਏ ਖ਼ਾਲਸਾ ਪੰਥ ਵਾਂਗ ਆਪਣੀ ਸਿਮਰਤੀ ਵਿੱਚ ਯਾਦ ਕਰਦਾ ਹੋਇਆ 1699 ਈ. ਦੀ ਵਿਸਾਖੀ ਮੌਕੇ ਸਜਾਏ ਸਿੰਘਾਂ ਨਾਲ ਦੀਵਾਨ ਵਿੱਚ ਹਾਜ਼ਰ ਹੋਇਆ ਮਹਿਸੂਸ ਕਰਦਾ ਹੈ। ਉਹ ਆਪਣੀ ਤ੍ਰੈ-ਕਾਲੀ ਸਿਮਰਤੀ ਰਾਹੀਂ ਲਗਭਗ ਚਾਰ ਸਦੀਆਂ ਪਹਿਲਾਂ ਦੇ ਵਰਤਾਰੇ ਦਾ ਆਨੰਦ ਮਾਣਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਖ਼ਾਲਸਾ ਸਾਜ਼ ਕੇ ਗੁਰੂ ਜੀ ਨੇ ਲੋਕਾਂ ਦੀ ਗੁਲਾਮ ਮਾਨਸਿਕਤਾ ਨੂੰ ਬਦਲਿਆ ਹੈ। ਸਦੀਆਂ ਤੋਂ ਗੁਲਾਮੀ ਵਾਲਾ ਜੀਵਨ ਬਤੀਤ ਕਰਨ ਵਾਲੇ ਲੋਕ ਹੁਣ ਜ਼ੁਲਮ ਅਤੇ ਸਮਾਜਕ ਅਨਿਆ ਵਿਰੁੱਧ ਲੜਨ ਲਈ ਤਿਆਰ ਹੋ ਗਏ ਸਨ। ਕਵੀ ਸਿਮਰਤੀ ਰਾਹੀਂ ਅੰਮ੍ਰਿਤ ਦੇ ਪ੍ਰਭਾਵ ਦੀ ਗੱਲ ਕਰਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਕਦੇ ਕੋਈ ਹਥਿਆਰ ਹੱਥਾਂ ਵਿੱਚ ਨਹੀਂ ਫੜ ਕੇ ਦੇਖਿਆ ਉਹਨਾਂ ਨੇ ਮੈਦਾਨ ਏ ਜੰਗ ਵਿੱਚ ਖੰਡਾ ਖੜਕਾ ਦਿੱਤਾ।

ਪੰਥ ਖ਼ਾਲਸਾ ਸਾਜੂੰ ਬਾਗੀ ਬੱਬਰ ਸ਼ੇਰਾਂ ਦਾ...
ਜੂਝਦਿਆਂ ਜੰਗ ਨਿਸ਼ਚੇ ਕਰਕੇ ਆਪਣੀ ਜੀਤ ਕਰੂੰ...
ਬਰਫਾਂ ਦੇ ਸੀਨਿਆਂ ਵਿਚ ਅੱਗ ਦੇ ਭਾਂਬੜ ਬਾਲ ਦਊਂ...
ਬੱਦਲ ਬਰੂਦ ਬਣਾਦੂੰ ਪਾਰਸ ਰੂੰਅ ਦੇ ਢੇਰਾਂ ਦਾ...
ਪੰਥ ਖ਼ਾਲਸਾ ਸਾਜੂੰ ਬਾਗੀ ਬੱਬਰ ਸ਼ੇਰਾਂ ਦਾ...[65]

---

[64] ਸ਼ੇਰ ਸਿੰਘ (2010) *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 70.

[65] ਤਲਵਿੰਦਰ ਸਿੰਘ ਬੁੱਟਰ (2019) *ਸੋ ਕਹੀਅਤ ਹੈ ਸੂਰਾ,* ਅਪ੍ਰੈਲ, ਮੋਹਾਲੀ, ਪੰ. 11.

ਭਾਰਤ ਵਿੱਚ ਵਰਨ ਅਤੇ ਜਾਤ ਅਧਾਰਤ ਵੰਡ ਨੇ ਸਮਾਜਕ ਨਾ-ਬਰਾਬਰੀ ਪੈਦਾ ਕੀਤੀ ਹੋਈ ਸੀ। ਜਾਤ-ਪਾਤ ਦੇ ਵਖਰੇਵੇ ਦੀਆਂ ਕੰਧਾਂ ਬਹੁਤ ਮਜਬੂਤ ਸਨ ਜਿਨ੍ਹਾਂ ਨੂੰ ਤੋੜਨਾ ਮੁਸ਼ਕਿਲ ਕਾਰਜ ਸੀ। ਖ਼ਾਲਸੇ ਨੇ ਜਾਤੀ-ਬੰਧਨ ਤੋੜ ਦਿੱਤੇ। ਗੁਰੂ ਸਾਹਿਬ ਦਾ ਸਾਜਿਆ ਖ਼ਾਲਸਾ ਜਾਤ-ਪਾਤ ਵਰਗੇ ਬੰਧਨਾਂ ਤੋਂ ਉੱਚਾ ਹੈ ਅਤੇ ਹਰ ਸਮੇਂ ਧਰਮ ਦੀ ਖ਼ਾਤਰ ਜਿੰਦ ਵਾਰਨ ਲਈ ਤਿਆਰ ਬਰ ਤਿਆਰ ਰਹਿੰਦਾ ਹੈ।

ਕਵੀ ਸ਼ੇਰ ਸਿੰਘ ਕੰਵਲ ਦੀ ਪੁਸਤਕ 'ਕੇਸਗੜ੍ਹ ਦੇ ਕਿੰਗਰੇ' ਵਿੱਚ ਸਿੱਖ ਸਿਮਰਤੀ ਦੀ ਪੇਸ਼ਕਾਰੀ ਕੀਤੀ ਗਈ ਹੈ। ਇਹ ਸਮੁੱਚੀ ਪੁਸਤਕ ਸ੍ਰੀ ਕੇਸਗੜ੍ਹ ਸਾਹਿਬ ਦੇ ਪਾਵਨ ਸਥਾਨ ਤੋਂ ਪ੍ਰਗਟੇ ਖ਼ਾਲਸਾ ਪੰਥ ਸੰਬੰਧੀ ਤੱਥ ਪੇਸ਼ ਕਰਦੀ ਹੈ। ਇਸ ਪੁਸਤਕ ਦੀ ਪਹਿਲੀ ਕਵਿਤਾ 'ਆਨੰਦਪੁਰ ਬਨਾਮ ਦਿੱਲੀ' ਵਿੱਚ ਕਵੀ ਨੇ ਸ੍ਰੀ ਅਨੰਦਪੁਰ ਸਾਹਿਬ ਅਤੇ ਦਿੱਲੀ ਦੇ ਵਖਰੇਵੇਂ ਨੂੰ ਸਮਕਾਲੀ ਪ੍ਰਸੰਗਿਕਤਾ ਅਨੁਸਾਰ ਪ੍ਰਤੀਕਾਂ ਰਾਹੀਂ ਦਰਸਾਇਆ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਅੱਜ ਵੀ ਉਨੀ ਹੀ ਮਜ਼ਬੂਤ ਹੈ, ਜਿੰਨੀ ਗੁਰੂ ਕਾਲ ਮੌਕੇ ਸੀ। ਹੇਠ ਲਿਖੇ ਅਨੁਸਾਰ :-

> ਦਿੱਲੀ ਦੇ ਦਿਲ 'ਚ ਖੜਕੀ ਹੈ, ਆਨੰਦਪੁਰ ਬਹੁਤ ਅੱਥਰਾ ਹੈ
> ਇਹਦੇ ਗੁਸਤਾਖ਼ ਬੋਲਾਂ ਨੇ, ਤਖ਼ਤ ਦਾ ਚੈਨ ਖੋਇਆ ਹੈ।
> ਆਨੰਦਪੁਰ ਕੌਣ ਹੁੰਦਾ ਹੈ, ਜੋ ਇਸ ਤੋਂ ਹਿਚਕਚਾਉਂਦਾ ਹੈ?
> ਤੇ ਫਿਰ ਇਕ ਸੋਚ ਦੇ ਅੰਦਰ, ਆਨੰਦਪੁਰ ਸ਼ਹਿਰ ਖੜ੍ਹਦਾ ਹੈ.....
> ...ਦਿੱਲੀ ਦੇ ਸ਼ਹਿਰ ਸੰਗ ਸਿੱਧਾ, ਆਨੰਦਪੁਰ ਸ਼ਹਿਰ ਭਿੜਦਾ ਹੈ।
> ਜ਼ੁਲਮ ਨੂੰ ਮਾਰਦਾ ਦਿੱਲੀਏ, ਦਿੱਲੀਏ ਜ਼ੁਲਮ ਦੇ ਕਿੰਗਰੇ
> ਆਨੰਦਪੁਰ ਤੋੜਦਾ ਰਹਿਸੀ, ਜ਼ੁਲਮ ਦੀ ਧਾਰ ਨੂੰ ਦਿੱਲੀਏ
> ਆਨੰਦਪੁਰ ਮੋੜਦਾ ਰਹਿਸੀ।[66]

ਸ਼ੇਰ ਸਿੰਘ ਕੰਵਲ ਨੇ ਦਿੱਲੀ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਟੱਕਰ ਦਾ ਬਿਰਤਾਂਤ ਸਿਰਜਿਆ ਹੈ। ਕਵੀ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸ ਨੂੰ ਵਰਤਮਾਨ ਨਾਲ ਜੋੜ ਕੇ ਤ੍ਰੈ-ਕਾਲੀ ਸਿਮਰਤੀ ਦੀ ਪ੍ਰਸਤੁਤੀ ਕੀਤੀ ਹੈ। ਇਹ ਕਵਿਤਾ ਸਮਕਾਲੀਨ ਪ੍ਰਸੰਗ ਵਿੱਚ ਵੀ ਉੱਨੀ ਹੀ ਮਹੱਤਵਪੂਰਨ ਹੈ ਜਿੰਨਾ ਕਿ ਕਵੀ ਦੁਆਰਾ ਪੁਰਾਤਨ ਸ੍ਰੀ ਅਨੰਦਪੁਰ ਸਾਹਿਬ ਦਾ ਦ੍ਰਿਸ਼ ਉਲੀਕਿਆ ਗਿਆ ਹੈ।

---

[66] ਸ਼ੇਰ ਸਿੰਘ ਕੰਵਲ (2011) *ਕੇਸਗੜ੍ਹ ਦੇ ਕਿੰਗਰੇ,* ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, ਪੰਨੇ. 9-17.

ਅਜੋਕੇ ਸਮੇਂ ਵਿੱਚ ਸਿੱਖ ਹੋਂਦ ਅਤੇ ਪਛਾਣ ਦੇ ਮਸਲੇ, ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ, ਹਕੂਮਤਾਂ ਵੱਲੋਂ ਕੀਤੇ ਜਾਂਦੇ ਜਬਰ ਜ਼ੁਲਮ ਸਿੱਖ ਸਿਮਰਤੀ ਨੂੰ ਹਰ ਸਮੇਂ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਕ ਜਾਗ੍ਰਿਤੀ ਨਾਲ ਜੋੜਦੇ ਪ੍ਰਤੀਤ ਹੁੰਦੇ ਹਨ। ਕਵੀ ਸ਼ੁਰੂ ਵਿੱਚ ਜ਼ੁਲਮ ਦੀ ਪ੍ਰਤੀਕ ਦਿੱਲੀ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਟੱਕਰ ਪੇਸ਼ ਕਰਦਾ ਹੈ। 'ਦਿੱਲੀ ਦੇ ਦਿਲ 'ਚ ਖੜਕੀ ਹੈ, ਆਨੰਦਪੁਰ ਬਹੁਤ ਅੱਥਰਾ ਹੈ, ਇਹਦੇ ਗੁਸਤਾਖ਼ ਬੋਲਾਂ ਨੇ ਤਖ਼ਤ ਦਾ ਚੈਨ ਖੋਹਿਆ ਹੈ' ਕਵੀ ਸ੍ਰੀ ਅਨੰਦਪੁਰ ਸਾਹਿਬ ਦੀ ਉਸ ਸਮੇਂ ਦੀ ਸਥਿਤੀ ਨੂੰ ਬਿਆਨ ਕਰਦਾ ਹੈ ਜਦੋਂ ਦਿੱਲੀ ਦੇ ਤਖ਼ਤ ਉਤੇ ਬੈਠੇ ਜ਼ਾਲਮ ਸਰਕਾਰ ਪਾਸੋਂ ਸ੍ਰੀ ਅਨੰਦਪੁਰ ਸਾਹਿਬ ਦੀ ਪ੍ਰਸਿੱਧੀ ਸਹਾਰੀ ਨਾ ਗਈ ਕਿਉਂਕਿ ਉਸ ਸਮੇਂ ਦਿੱਲੀ ਦੇ ਸ਼ਾਹੀ ਫ਼ੁਰਮਾਨ ਦੇ ਮੂਹਰੇ ਸਾਰਾ ਮੁਲਕ ਸਿਰ ਝੁਕਾਉਂਦਾ ਸੀ ਪਰੰਤੂ ਇੱਕ ਸ੍ਰੀ ਅਨੰਦਪੁਰ ਸਾਹਿਬ ਹੀ ਨਿਰਭੈ ਹੋ ਕੇ ਖ਼ੁਦਮੁਖਤਿਆਰੀ ਦਾ ਦਾਅਵਾ ਪੇਸ਼ ਕਰਦਾ ਹੈ ਇਸ ਗੱਲੋਂ ਦਿੱਲੀ ਦੇ ਤਖ਼ਤ ਦਾ ਚੈਨ ਖੋਇਆ ਗਿਆ ਹੈ।

ਇਸ ਕਵਿਤਾ ਵਿੱਚ ਵਾਰ-ਵਾਰ ਚੰਨ ਅਤੇ ਸੂਰਜ ਦੋ ਪ੍ਰਤੀਕ ਵਰਤੇ ਹਨ, ਕਵੀ ਮੁਤਾਬਕ ਚੰਨ (ਸ੍ਰੀ ਗੁਰੂ ਤੇਗ ਬਹਾਦਰ ਜੀ) ਅਤੇ ਸੂਰਜ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) 'ਸੂਰਜ ਦੀ ਜੀਭ ਨਿੱਕੀ ਤੋਂ.....ਪੀੜ ਪੁਣਦੇ ਨੇ' ਵਿੱਚ ਕਵੀ ਉਸ ਸਮੇਂ ਦੇ ਹਲਾਤਾਂ ਨੂੰ ਦਰਸਾਉਂਦਾ ਹੈ ਜਦੋਂ ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਪਣੀ ਫਰਿਆਦ ਲੈ ਕੇ ਆਏ ਸਨ। ਇਸ ਤੋਂ ਅਗਲੇ ਬੰਦ ਵਿੱਚ 'ਤੇ ਫਿਰ ਉਹ ਰੋਜ਼ ਆਉਂਦਾ ਹੈ......ਆਨੰਦਪੁਰ ਸ਼ਹਿਰ ਭਿੜਦਾ ਹੈ।' ਵਿੱਚ ਉਸ ਸਮੇਂ ਦਾ ਦ੍ਰਿਸ਼ ਪੇਸ਼ ਹੈ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਿੱਲੀ ਦੇ ਚਾਂਦਨੀ ਚੌਕ ਵਿੱਚ ਆਪਣੀ ਸ਼ਹਾਦਤ ਦਿੰਦੇ ਹਨ। ਜਿਸ ਬਾਰੇ ਕਵੀ ਬਿਆਨ ਕਰਦਾ ਹੈ ਕਿ ਦਿੱਲੀ ਦੇ ਸ਼ਹਿਰ ਸੰਗ ਸਿੱਧਾ ਅਨੰਦਪੁਰ ਸ਼ਹਿਰ ਭਿੜਦਾ ਹੈ।

ਕਵਿਤਾ ਦੇ ਅੰਤਲੇ ਤਿੰਨ ਬੰਦਾਂ ਵਿੱਚ ਕਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਨਤੀਜੇ ਅਤੇ ਜਾਬਰ ਦਿੱਲੀ ਖਿਲਾਫ਼ ਸ੍ਰੀ ਅਨੰਦਪੁਰ ਸਾਹਿਬ ਦੀ ਲਲਕਾਰ ਦਾ ਜ਼ਿਕਰ ਕਰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸਿਮਰਤੀ ਰਾਹੀਂ ਵਰਣਨ ਕੀਤਾ ਗਿਆ ਹੈ, ਜਿਸ ਵਿੱਚ ਦਸਮ ਪਾਤਸ਼ਾਹ ਦਿੱਲੀ ਨੂੰ ਵੰਗਾਰਦੇ ਹਨ ਕਿ ਆਨੰਦਪੁਰ ਜਾਗਦਾ ਦਿੱਲੀਏ ਆਨੰਦਪੁਰ ਜਾਗਦੇ ਰਹਿਣਾ। ਸ੍ਰੀ ਅਨੰਦਪੁਰ ਸਾਹਿਬ ਦੇ ਜਾਗਦੇ ਰਹਿਣ ਦਾ ਮਤਲਬ ਸਿੱਖ ਸਿਮਰਤੀ ਦੀਆਂ ਭਵਿੱਖਮੁਖੀ ਸੰਭਾਵਨਾਵਾਂ ਨੂੰ ਤਲਾਸ਼ਣਾ ਹੈ। ਸ੍ਰੀ ਅਨੰਦਪੁਰ ਸਾਹਿਬ ਕਾਲ ਦੀਆਂ ਸੀਮਾਵਾਂ ਵਿੱਚ ਬੱਝਾ ਹੋਇਆ ਨਹੀਂ ਹੈ। ਜ਼ੁਲਮ ਨੂੰ ਮਾਰਨ ਅਤੇ ਨੀਚ

ਨੂੰ ਸਤਿਕਾਰ ਦੇਣ ਵਾਲਾ ਸ੍ਰੀ ਅਨੰਦਪੁਰ ਸਾਹਿਬ ਸਦੀਵੀ ਰਹੇਗਾ। ਸਿੱਖਾਂ ਦੀ ਹਰ ਪੀੜ੍ਹੀ ਇਸਦੇ ਮਹੱਤਵ ਨੂੰ ਸਿਮਰਤੀ ਵਿੱਚ ਵਸਾ ਕੇ ਰੱਖਦੀ ਹੈ।

ਆਨੰਦਪੁਰ ਬਨਾਮ ਦਿੱਲੀ ਕਵਿਤਾ ਦੇ ਅੰਤ ਵਿੱਚ ਕਵੀ ਦਿੱਲੀ ਹਕੂਮਤ ਨੂੰ ਸੰਬੋਧਨ ਕਰਦਾ ਹੈ ਕਿ "ਦਿੱਲੀਏ ਜ਼ੁਲਮ ਦੇ ਕਿੰਗਰੇ ਆਨੰਦਪੁਰ ਤੋੜਦਾ ਰਹਿਸੀ, ਜ਼ੁਲਮ ਦੀ ਧਾਰ ਨੂੰ ਦਿੱਲੀਏ ਆਨੰਦਪੁਰ ਮੋੜਦਾ ਰਹਿਸੀ।"[67] ਉਹੀ, ਕਵੀ ਦੀ ਸਿਮਰਤੀ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਇਹ ਮਹਿਸੂਸ ਕਰਦੀ ਹੈ ਕਿ ਇੱਥੇ ਦੀ ਧਰਤੀ ਤੋਂ ਉਪਜਿਆ ਖ਼ਾਲਸਾ ਪੰਥ ਜ਼ੁਲਮ ਦੇ ਕਿੰਗਰੇ ਹਮੇਸ਼ਾਂ ਤੋੜਦਾ ਰਹੇਗਾ ਅਤੇ ਕਦੇ ਵੀ ਕਿਸੇ ਦੀ ਈਨ ਨਹੀਂ ਕਬੂਲ ਕਰੇਗਾ। ਪੁਸਤਕ ਕੇਸਗੜ੍ਹ ਦੇ ਕਿੰਗਰੇ ਵਿਚਲੀ ਅਗਲੀ ਕਵਿਤਾ 'ਵੰਗਾਰ' ਕਵੀ ਵੱਲੋਂ ਅੱਜ ਦੇ ਸਮਾਜ ਲਈ ਵੰਗਾਰ ਹੈ ਜੋ ਕਿ ਗੁਰੂ ਸਾਹਿਬਾਨ ਦੇ ਦਰਸਾਏ ਸੱਚੇ ਮਾਰਗ ਤੋਂ ਭਟਕ ਗਿਆ ਹੈ:-

ਅੰਮ੍ਰਿਤ ਦੀ ਦੇ ਕੇ ਦਾਤ ਫਿਰ ਉਹ ਸ਼ਹਿਨਸ਼ਾਹ ਸੀ ਬੋਲਿਆ:
ਹੈ ਗੁਰੂ ਮੇਰਾ ਖ਼ਾਲਸਾ ਮੈਂ ਖ਼ਾਲਸੇ ਤੋਂ ਘੋਲਿਆ।
ਹੈ ਰੂਪ ਮੇਰਾ ਖ਼ਾਲਸਾ ਤੇ ਇਸ 'ਚ ਮੇਰਾ ਵਾਸ ਹੈ।
ਹੈ ਕੇਸਗੜ ਦਾ ਵਾਸਤਾ ਸੁਣਿਓ ਐ ਕੇਸਾਂ ਵਾਲਿਓ।
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ ਸੰਭਾਲਿਓ।[68]

ਦਸਮੇਸ਼ ਦੀ ਦਾਤ ਨੂੰ ਸੰਭਾਲਣ ਲਈ ਕਵੀ ਦਾ ਵਾਸਤਾ ਇਹ ਦਸਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਹੈ। ਜੀਵੰਤ ਸਿਮਰਤੀ ਦੇ ਵਿਸ਼ੇਸ਼ ਸੰਦਰਭ ਵਿੱਚ ਵੰਗਾਰ ਕਵਿਤਾ ਸਿੱਖ ਸਿਮਰਤੀ ਦੇ ਪੱਖ ਤੋਂ ਵੀ ਅਹਿਮੀਅਤ ਰੱਖਦੀ ਹੈ ਕਿਉਂਕਿ ਇਸ ਵਿੱਚ ਅਮੀਰ ਵਿਰਾਸਤ ਦੀ ਯਾਦ ਅਤੇ ਸਿੱਖ ਸਮਾਜ ਦੀ ਅਜੋਕੀ ਸਥਿਤੀ ਲਈ ਵੰਗਾਰ ਪਾਈ ਗਈ ਹੈ। ਕਵੀ ਦਸਮ ਪਿਤਾ ਵੱਲੋਂ ਸਾਜੇ ਖ਼ਾਲਸੇ ਪੰਥ ਦੀ ਮਹਿਮਾ ਕਰਦਾ ਹੈ। ਕਵੀ ਅਜੋਕੇ ਸਮੇਂ ਲੋਕਾਂ ਨੂੰ ਵੰਗਾਰ ਪਾਉਂਦਾ ਹੈ ਕਿ ਅਸੀਂ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਕੀਤੇ ਕਿਰਦਾਰ ਅਤੇ ਕਕਾਰ ਕਿੰਨੇ ਕੁ ਸਾਂਭੇ ਹਨ? ਕੇਸਗੜ੍ਹ ਦਾ ਵਾਸਤਾ ਪਾ ਕੇ ਕਵੀ ਕੇਸਾਂ ਦੀ ਅਹਿਮੀਅਤ ਦੱਸਦਾ ਹੋਇਆ ਗੁਰੂ ਦੀ ਇਸ ਅਣਮੁੱਲੀ ਦਾਤ ਨੂੰ ਸਾਂਭਣ ਲਈ ਪ੍ਰੇਰਿਤ ਕਰਦਾ ਹੈ। ਇੱਥੇ ਲੇਖਕ ਦੀ ਸਿਮਰਤੀ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਤੋਂ ਕਿੰਨੀ ਪ੍ਰਭਾਵਿਤ ਹੁੰਦੀ ਹੈ, ਇਸਦਾ

---

[67] ਸ਼ੇਰ ਸਿੰਘ ਕੰਵਲ (2011) *ਕੇਸਗੜ੍ਹ ਦੇ ਕਿੰਗਰੇ,* ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, ਪੰਨੇ. 9-17.

[68] ਸ਼ੇਰ ਸਿੰਘ ਕੰਵਲ (2011) *ਕੇਸਗੜ੍ਹ ਦੇ ਕਿੰਗਰੇ,* ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, ਪੰਨੇ. 18-21.

ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਹੋਰ ਵੀ ਕਿੰਨੇ ਸਿੱਖ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਆਪਣੀ ਭਾਵਨਾ ਸਿਮਰਤੀ ਵਿੱਚ ਸਮੋਈ ਬੈਠੇ ਹਨ।

'ਕੇਸਗੜ੍ਹ ਦੇ ਕਿੰਗਰੇ' ਪੁਸਤਕ ਵਿਚਲੀ ਕਵਿਤਾ ਖ਼ਾਲਸੇ ਦਾ ਰਾਜ (ਭਾਈ ਬੋਤਾ ਸਿੰਘ – ਗਰਜਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ) ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਦੋਵੇ ਅਜਿਹੇ ਨਾਇਕ ਹਨ ਜਿਨ੍ਹਾਂ ਨੇ ਹਕੂਮਤ ਨੂੰ ਇਹ ਦੱਸਣ ਲਈ ਰਾਹ ’ਤੇ ਨਾਕਾ ਲਗਾਇਆ ਕਿ ਸਿੱਖ ਜਿੰਦਾ ਹਨ। ਸਿੱਖ ਸਿਮਰਤੀ ਲਈ ਮੈਦਾਨ-ਏ-ਜੰਗ ਵਿੱਚ ਲੜਨਾ ਅਤੇ ਸ਼ਹੀਦ ਹੋਣਾ ਸਿੱਖ ਵਿਰਾਸਤ ਦਾ ਹਿੱਸਾ ਹੈ। ਕਵੀ ਸ੍ਰੀ ਅਨੰਦਪੁਰ ਸਾਹਿਬ ਨਾਲ ਜੁੜੀ ਤ੍ਰੈ-ਕਾਲੀ ਸਿਮਰਤੀ ਦੇ ਹਵਾਲੇ ਨਾਲ ਨਿਮਨ ਲਿਖੇ ਅਨੁਸਾਰ ਜ਼ਿਕਰ ਕਰਦਾ ਹੈ:-

ਇਹ ਧਰਤੀ ਬਣੀ ਆਨੰਦਪੁਰੀ ਗੁਰ-ਨੂਰੀ ਹੜ੍ਹ ਕੇ,
ਇਹ ਧਰਤੀ ਹੈ ਖ਼ਾਲਸਾ ਇਹ ਸਿੱਖਾਂ ਕੇਰੀ।
ਪੁਰਜ਼ਾ ਪੁਰਜ਼ਾ ਕੱਟਣਗੇ ਸਿੱਖ ਇਸ ਲਈ ਲੜ ਕੇ,
ਇਸ ਤੇ ਚੜ੍ਹਿਆ ਹੋਏਗਾ ਮਿੱਟੀ ਦੀ ਢੇਰੀ।
ਜਦ ਵੀ ਕਦੇ ਪੰਜਾਬ ਨੂੰ ਵਾਅ ਲੱਗੀ ਤੱਤੀ,
ਜਦ ਵੀ ਹੋਏ ਪੰਥ ’ਤੇ ਦੁਸ਼ਮਣ ਦੇ ਹੱਲੇ।
ਰਾਜ ਲੈਣ ਲਈ ਪਾਉਣਗੇ ਇੱਕੀ ਦੀ ’ਕੱਤੀ,
ਸਵਾ ਲੱਖ ਨਾਲ ਲੜਨਗੇ ਸਿੰਘ ’ਕੱਲੇ ’ਕੱਲੇ।[69]

ਕਵੀ ਗੁਰੂ ਸਾਹਿਬ ਦੇ ਨੂਰ ਨਾਲ ਵਰਸੋਈ ਪਾਵਨ ਧਰਤੀ ਸ੍ਰੀ ਅਨੰਦਪੁਰ ਸਾਹਿਬ ਨੂੰ ਯਾਦ ਕਰਦਾ ਹੈ ਕਿ ਜਦੋਂ ਕਦੇ ਵੀ ਪੰਜਾਬ ਦੀ ਧਰਤੀ ਨੂੰ ਤੱਤੀ ਹਵਾ ਲੱਗੇਗੀ ਤਾਂ ਇਸ ਧਰਤੀ ਤੋਂ ਪ੍ਰਗਟਿਆ ਖ਼ਾਲਸਾ ਸਵਾ ਲੱਖ ਨਾਲ ਇਕੱਲਾ ਵੀ ਲੜ ਪਵੇਗਾ। ਕਿਉਂਕਿ ਹਰ ਖਾਲਸੇ ਦੀ ਸਿਮਰਤੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਦੇ ਹਰ ਸਮੇਂ ਸਹਾਈ ਹੁੰਦੇ ਹਨ।

ਸ਼ੇਰ ਸਿੰਘ ਕੰਵਲ ਆਪਣੀ ਕਵਿਤਾ ‘ਚਾਨਣ ਦੇ ਵਣਜਾਰੇ’ ਉਹਨਾਂ ਸੂਰਮੇ ਸਿੰਘਾਂ-ਸਰਦਾਰਾਂ ਨੂੰ ਸਮਰਪਿਤ ਕਰਦਾ ਹੈ ਜੋ ਕਿ 1978 ਈ. ਦੀ ਵਿਸਾਖੀ ਨੂੰ ਸ਼ਹਾਦਤ ਦਾ ਜਾਮ ਪੀ ਗਏ ਸਨ। ਚਾਨਣ ਦੇ ਵਣਜਾਰੇ ਕਵਿਤਾ ਦੇ ਦੋ ਮੁੱਢਲੇ ਬੰਦਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਅਤੇ ਜਲ੍ਹਿਆਂ ਵਾਲੇ ਬਾਗ ਦੀ ਵਿਸਾਖੀ ਨੂੰ ਯਾਦ ਕੀਤਾ ਗਿਆ ਹੈ:-

---

[69] ਸ਼ੇਰ ਸਿੰਘ ਕੰਵਲ (2011) *ਕੇਸਗੜ੍ਹ ਦੇ ਕਿੰਗਰੇ,* ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, ਪੰ. 33.

ਇਕ ਵਿਸਾਖੀ ਆਨੰਦਪੁਰ ਸੀ ਜਾਗਿਆ,
ਕਿੰਨੀਆਂ ਪੀੜਾਂ ਨੂੰ ਸੀ ਸਿਰ ਤੇ ਝਾਗਿਆ।
ਇਕ ਵਿਸਾਖੀ ਜਲ੍ਹਿਆਂ ਵਾਲਾ ਰੋਇਆ ਸੀ,
ਇਸ ਸਾਕੇ 'ਚੋਂ ਵੀ ਪਰ ਚਾਨਣ ਹੋਇਆ ਸੀ।[70]

ਇਸ ਕਵਿਤਾ ਵਿੱਚ ਸਿਮਰਤੀ ਰਾਹੀਂ ਜਲ੍ਹਿਆਂ ਵਾਲਾ ਬਾਗ ਦੇ ਖੂਨੀ ਸਾਕੇ ਨੂੰ ਯਾਦ ਕੀਤਾ ਗਿਆ ਹੈ। ਵਿਸਾਖੀ ਵਾਲੇ ਦਿਨ ਅਨੰਦਪੁਰ ਜਾਗਿਆ ਸੀ ਤੋਂ ਭਾਵ ਕਿ ਗੁਰੂ ਸਾਹਿਬ ਨੇ ਲੋਕਾਂ ਦੀ ਸੁੱਤੀ ਮਾਨਸਿਕਤਾ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਜਗਾਇਆ ਸੀ। ਕਵੀ ਨੇ ਆਪਣੀਆਂ ਰਚਨਾਵਾਂ ਰਾਹੀਂ ਇਹ ਦਰਸਾਉਣ ਦਾ ਯਤਨ ਕੀਤਾ ਹੈ ਕਿ ਸ੍ਰੀ ਕੇਸਗੜ੍ਹ ਸਾਹਿਬ ਕਿਲ੍ਹੇ ਦੇ ਕਿੰਗਰੇ ਰੂਪੀ ਖ਼ਾਲਸਾ ਪੰਥ ਹਮੇਸ਼ਾ ਚੜ੍ਹਦੀਕਲਾ ਦਾ ਪ੍ਰਤੀਕ ਰਹੇਗਾ। ਨਿਮਨਲਿਖਤ ਕਵਿਤਾ ਖ਼ਾਲਸਾ ਪੰਥ ਦੀ ਆਨ ਸ਼ਾਨ ਨੂੰ ਸਮਰਪਿਤ ਹੈ:-

ਜੰਮਿਆ ਹੈ ਖ਼ਾਲਸਾ ਖੰਡੇ ਦੀ ਧਾਰ 'ਚੋਂ
ਜ਼ੁਲਮ ਮਿਟਾਉਣਾ ਜੀਹਨੇ ਸੰਸਾਰ 'ਚੋਂ।
ਗਾਤਰੇ 'ਚ ਤਾਹੀਏਂ ਤਲਵਾਰ ਰੱਖਦਾ
ਖ਼ਾਲਸਾ ਨਾ ਕਦੇ ਵੀ ਉਧਾਰ ਰੱਖਦਾ।
ਜਿਉਂਦੇ ਤਾਹੀਏਂ ਮੌਤ ਨਾਲ ਪਿਆਰ ਰੱਖਦਾ
ਖ਼ਾਲਸਾ ਨਾ ਕਦੇ ਵੀ ਉਧਾਰ ਰੱਖਦਾ।
ਆਰੇ ਨਾਲ ਚੀਰ ਕੇ ਨਾ ਸੀ ਬੋਲਦਾ,
ਮੁੱਲ ਪੈਣ ਸਿਰਾਂ ਦੇ ..............
...........ਅੱਜ ਛਾਤੀ ਚੜ੍ਹ ਬੁਕਿਆ
ਅਟਕੇ ਅਟਕ ਕਾਫ਼ਲਾ ਨਾ ਰੁਕਦਾ।
ਝੁਕਦੇ ਝੱਖੜ ਪਰ ਇਹ ਨਾ ਝੁਕਦਾ।[71]

ਸ਼ੇਰ ਸਿੰਘ ਦੀ ਕਵਿਤਾ ਦੇ ਵਿਭਿੰਨ ਪੱਖਾਂ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਸਿੱਖ ਸਿਮਰਤੀ ਦੇ ਵਿਭਿੰਨ ਪੱਖਾਂ ਨੂੰ ਜਿਵੇਂ, ਨਿਡਰਤਾ, ਚੜ੍ਹਦੀਕਲਾ ਵਜੋਂ ਪੇਸ਼ ਕਰਦੀ ਹੈ ਕਿਉਂਕਿ ਕਵੀ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਉਪਜਿਆ ਖ਼ਾਲਸਾ ਪੰਥ ਕਦੇ ਵੀ

---

[70] ਸ਼ੇਰ ਸਿੰਘ ਕੰਵਲ (2011) *ਕੇਸਗੜ੍ਹ ਦੇ ਕਿੰਗਰੇ,* ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, ਪੰ. 42.

[71] ਸ਼ੇਰ ਸਿੰਘ ਕੰਵਲ (2011) *ਕੇਸਗੜ੍ਹ ਦੇ ਕਿੰਗਰੇ,* ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, ਪੰ. 43.

ਕਿਸੇ ਦੀ ਈਨ ਨਹੀਂ ਮੰਨਦਾ। ਇਹ ਕਵਿਤਾ ਸਿੱਖ ਸਿਮਰਤੀ ਦੇ ਇਤਿਹਾਸਕ, ਸਾਹਿਤਕ, ਸੱਭਿਆਚਾਰਕ ਅਤੇ ਰਾਜਨੀਤਕ ਪਹਿਲੂਆਂ ਨੂੰ ਪੇਸ਼ ਕਰਦੀ ਹੈ। ਇਸ ਵਿੱਚ ਮਜ਼ਲੂਮਾਂ ਦੀ ਰੱਖਿਆ, ਇਸਤਰੀ ਦਾ ਸਤਿਕਾਰ, ਜ਼ੁਲਮਾਂ ਨਾਲ ਲੜਨ ਦੀ ਸਿੱਖਿਆ, ਹਕੂਮਤਾਂ ਨਾਲ ਟਾਕਰਾ ਕਰਨ ਲਈ ਬਲ ਦੀ ਪ੍ਰਾਪਤੀ ਦੇ ਅਹਿਸਾਸ ਨੂੰ ਬਿਆਨ ਕੀਤਾ ਗਿਆ ਹੈ।

ਕਵੀ ਚੈਨ ਸਿੰਘ ਚੱਕਰਵਰਤੀ ਆਪਣੀ ਕਵਿਤਾ 'ਗੁਜਰੀ ਦਾ ਅਣਖੀਲਾ ਸ਼ੇਰ' ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਨੂੰ ਸਿਮਰਤੀ ਰਾਹੀਂ ਯਾਦ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਵਿੱਚ ਸਾਜੇ ਖ਼ਾਲਸਾ ਪੰਥ ਦਾ ਜ਼ਿਕਰ ਕਰਦਾ ਹੈ:-

ਕਲਗ਼ੀਧਰ ਦਸਮੇਸ਼ ਪਿਤਾ ਦੀ, ਕਰਨ ਲੱਗਾ ਮੈਂ ਕਥਾ ਬਿਆਨ।
ਜਿਨ੍ਹਾਂ ਪਿਤਾ ਦਾ ਸੀਸ ਵਾਰ ਕੇ, ਪਾਈ ਸੀ ਜੰਞੂਆਂ ਵਿੱਚ ਜਾਨ।
ਮੁਗ਼ਲ ਹਾਕਮਾਂ ਅੱਤ ਮਚਾਈ, ਹਰ ਪਾਸੇ ਪੈ ਗਿਆ ਹਨੇਰ।
ਜਬਰ ਨਾਲ ਗੁਰਾਂ ਲੈ ਕੇ ਟੱਕਰ, ਸਬਰ ਸਿਦਕ ਦੇ ਪੂਰਨੇ ਪਾਏ।
ਕਲਗ਼ੀਧਰ ਨੇ ਦੇਸ਼ ਮੇਰੇ ਦਾ, ਨਕਸ਼ਾ ਬਦਲ.......
..................ਜੋ ਗੁਜਰੀ ਦਾ ਲਾਲ ਕਰ ਗਿਆ।[72]

ਕਵਿਤਾ ਦਾ ਸਿਰਲੇਖ ਹੀ ਸਪੱਸ਼ਟ ਕਰ ਦਿੰਦਾ ਹੈ ਕਿ ਕਵੀ ਦੀ ਸਿਮਰਤੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਇੱਕ ਮਹਾਂ ਨਾਇਕ ਵਜੋਂ ਉੱਭਰ ਕੇ ਸਾਹਮਣੇ ਆਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਵਾਰ ਕੇ ਜੁਲਮਾਂ ਦੀ ਹਨੇਰੀ ਨੂੰ ਠੱਲਿਆ ਹੈ। ਕਵੀ ਨੇ ਸਮੇਂ-ਸਮੇਂ 'ਤੇ ਹੋਈਆਂ ਸ਼ਹਾਦਤਾਂ ਦੇ ਅਨੁਭਵ ਨੂੰ ਮਹਿਸੂਸ ਕੀਤਾ ਹੈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਸੂਰਬੀਰਤਾ ਭਰੇ ਗੁਣ ਸਿੱਖ ਸਿਮਰਤੀ ਰਾਹੀਂ ਪੇਸ਼ ਕੀਤੇ ਗਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਜਾਏ ਖ਼ਾਲਸੇ ਨੂੰ ਸਰਬ-ਸ਼ਕਤੀਮਾਨ ਦੱਸਦਿਆਂ ਕਵੀ ਆਪਣੀ ਰਚਨਾ ਵਿੱਚ ਖ਼ਾਲਸੇ ਨੂੰ ਮਸਤ ਹਾਥੀਆਂ ਦੀ ਮਸਤੀ ਲਾਹੁਣ, ਚਿੜੀਆਂ ਤੋਂ ਬਾਜ਼ ਤੁੜਾਉਣ ਦੇ ਬਿਰਤਾਂਤ ਨੂੰ ਸ਼ਕਤੀ ਦੇ ਸੋਮੇ ਵਜੋਂ ਅੰਮ੍ਰਿਤ ਦੀ ਦਾਤ ਨੂੰ ਮੰਨਦਾ ਹੈ। ਭਾਈ ਬਚਿੱਤਰ ਸਿੰਘ ਦੀ ਬਹਾਦਰੀ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਹੈ। ਜਦੋਂ ਮਸਤ ਹਾਥੀ ਜਾਂ ਜ਼ੁਲਮ ਕਰਨ ਦੀ ਘਟਨਾ ਦਾ ਜ਼ਿਕਰ ਆਉਂਦਾ ਹੈ ਤਾਂ ਭਾਈ ਬਚਿੱਤਰ ਸਿੰਘ ਦੇ ਬਰਛੇ ਅਤੇ ਦਸ਼ਮੇਸ਼ ਪਿਤਾ ਦੇ ਸਿੰਘ ਦੀ ਸੂਰਮਗਤੀ ਆਪਣੇ ਆਪ ਹੀ ਚੇਤੇ ਆ ਜਾਂਦੀ

[72] ਚੈਨ ਸਿੰਘ ਚੱਕਰਵਰਤੀ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 124-25.

ਹੈ। ਇਸ ਤਰ੍ਹਾਂ ਹੀ ਚਿੜੀਆਂ ਤੋਂ ਬਾਜ਼ ਤੁੜਾਉਣ ਦਾ ਇਤਿਹਾਸਕ ਪ੍ਰਤੀਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜਿਆ ਹੋਇਆ ਹੈ। ਅੱਜ ਵੀ ਜਦੋਂ ਕੋਈ ਚਿੜੀਆਂ ਤੋਂ ਬਾਜ਼ ਤੁੜਵਾਉਣ ਦੀ ਗੱਲ ਕਰਦਾ ਹੈ ਤਾਂ ਸ੍ਰੋਤਾ ਸਿਮਰਤੀ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਦਾ ਹੈ। ਗੁਰੂ ਸਾਹਿਬ ਨੇ ਅਜਿਹੇ ਖ਼ਾਲਸੇ ਦੀ ਸਾਜਨਾ ਕੀਤੀ, ਜਿਸ ਦਾ ਇਕੱਲਾ-ਇਕੱਲਾ ਸਿੰਘ ਸਵਾ-ਸਵਾ ਲੱਖ ਨਾਲ ਲੜਦਾ ਹੈ। ਗੁਰੂ ਸਾਹਿਬ ਵੱਲੋਂ ਤਲਵਾਰ ਉਠਾਉਣ ਦਾ ਮੰਤਵ ਜ਼ੁਲਮ ਦੀ ਜੜ੍ਹ ਪੁੱਟਣਾ ਦੱਸਦਾ ਹੈ। ਕਵੀ ਤ੍ਰੈ-ਕਾਲੀ ਸਿਮਰਤੀ ਦੀਆਂ ਵਿਸ਼ੇਸ਼ਤਾਈਆਂ ਦੇ ਪ੍ਰਭਾਵ ਹੇਠ ਇਹ ਸਾਹਿਤਕ ਰਚਨਾ ਕਰਦਾ ਹੈ।

ਕਵੀ ਹਰਵਿੰਦਰ ਸਿੰਘ ਵੀਰ ਕਵਿਤਾ "ਮੈਂ ਨਿਉਂ ਨਿਉਂ ਕੇ ਪ੍ਰਣਾਮ ਕਰਾਂ ਮਰਦ ਲਾਸਾਨੀ ਨੂੰ" ਵਿੱਚ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਆਪਸੀ ਸੰਬੰਧ ਬਿਆਨ ਕਰਦਾ ਹੈ, ਜਿਹੜੇ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਤਸਵੀਰ ਪੇਸ਼ ਕਰਦੇ ਹਨ:-

ਅਨੰਦਪੁਰੀ ਵਿੱਚ ਪੁੱਜੇ ਲਗਦਾ ਦਰਦ ਵੰਡਾਉਣ ਲਈ
ਜ਼ੁਲਮ ਹਨੇਰੀ ਠਲ੍ਹਣ ਦੇ ਲਈ ਮਨ ਵਿੱਚ ਠਾਨੀ ਨੂੰ,
ਮੈਂ ਨਿਉਂ ਨਿਉਂ ਕੇ ਪ੍ਰਣਾਮ ਕਰਾਂ ਮਰਦ ਲਾਸਾਨੀ ਨੂੰ।
ਕੇਸਗੜ੍ਹ ਦੇ ਵਿੱਚ ਬਖ਼ਸ਼ਿਆ ਬਾਣਾ ਪੰਜ ਕਕਾਰੀ ਏ
ਨਿਵੇਕਲੀ ਕੌਮ ਸਜਾ ਗੁਰਾਂ, ਦਿੱਤੀ ਸਰਦਾਰੀ ਏ
ਅੰਮ੍ਰਿਤ ਦੇ ਉਸ ਦਾਤੇ ਨੂੰ ਤੇ ਪੰਥ ਦੇ ਬਾਨੀ ਨੂੰ,
ਮੈਂ ਨਿਉਂ ਨਿਉਂ ਕੇ ਪ੍ਰਣਾਮ ਕਰਾਂ ਮਰਦ ਲਾਸਾਨੀ ਨੂੰ।[73]

ਗੁਰੂ ਸਾਹਿਬ ਨੇ ਪੰਥ ਖਾਲਸਾ ਸਾਜਨ ਦੇ ਨਾਲ-ਨਾਲ ਪੰਜ ਕਕਾਰੀ ਬਾਣਾ ਬਖ਼ਸ਼ ਕੇ ਕੌਮ ਨੂੰ ਸਰਦਾਰੀ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਿਤਾ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹਾਦਤ ਦੇਣ ਦੇ ਬਿਰਤਾਂਤ ਨੂੰ ਕਵੀ ਸਿਮਰਤੀ ਰਾਹੀਂ ਕਵਿਤਾ ਵਿੱਚ ਬਿਆਨ ਕਰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਜ਼ੁਲਮ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਪਹੁੰਚੇ ਸਨ।

ਇਸ ਕਵਿਤਾ ਰਾਹੀਂ ਦਿੱਲੀ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਹੋਣ ਅਤੇ ਉਸ ਦੇ ਪ੍ਰਭਾਵਾਂ ਦਾ ਜ਼ਿਕਰ ਕਰਕੇ ਨਿਵੇਕਲੀ ਕੌਮ ਦੀ ਸਿਰਜਨਾ ਦਾ ਪ੍ਰਗਟਾਵਾ ਕੀਤਾ ਹੈ, ਜਿਹੜਾ ਕਿ ਸਿੱਖਾਂ ਨੂੰ

---

[73] ਹਰਵਿੰਦਰ ਸਿੰਘ ਵੀਰ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 126-27.

ਨਿਆਰੇ ਹੋਣ ਦਾ ਮਾਣ ਮਹਿਸੂਸ ਕਰਾਉਂਦਾ ਹੈ। ਕਵੀ ਅੰਤ ਵਿੱਚ ਅਜਿਹੇ ਮਰਦ ਲਾਸਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿਮਰਤੀ ਵਿੱਚ ਯਾਦ ਕਰਕੇ ਨਿਉਂ-ਨਿਉਂ ਕੇ ਪ੍ਰਣਾਮ ਕਰਨ ਦੀ ਗੱਲ ਕਰਦਾ ਹੈ। ਸਿੱਖ ਅਰਦਾਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰਕੇ ਸਭ ਥਾਈਂ ਹੋਇ ਸਹਾਇ ਦੀ ਅਰਦਾਸ ਕਰਦੇ ਹਨ।

ਹਿੰਦੂ ਸੰਸਕ੍ਰਿਤੀ ਵਿੱਚ ਅਵਤਾਰਵਾਦ ਦਾ ਲੋਕ ਮਨਾਂ ਉੱਪਰ ਗਹਿਰਾ ਪ੍ਰਭਾਵ ਹੈ, ਪਰ ਸਿੱਖ ਧਰਮ ਵਿੱਚ ਅਵਤਾਰਵਾਦ ਦਾ ਕੋਈ ਥਾਂ ਨਹੀਂ ਕਿਉਂਕਿ ਗੁਰੂ ਸਾਹਿਬਾਨ ਨੇ ਪਹਿਲਾਂ ਸਥਾਪਤ ਹੋ ਚੁੱਕੇ ਧਰਮਾਂ ਦੇ ਬਾਵਜੂਦ ਇੱਕ ਵਿਲੱਖਣ ਧਰਮ ਨੂੰ ਪੈਦਾ ਕਰਕੇ ਬਾਕੀ ਧਰਮਾਂ ਦੀਆਂ ਪਰੰਪਰਾਵਾਂ ਤੋਂ ਨਿਖੇੜ ਕੇ ਰੱਖਿਆ ਹੈ ਅਤੇ ਕੇਵਲ ਇੱਕ ਅਕਾਲ ਪੁਰਖ ਨਾਲ ਜੁੜਨ ਲਈ ਪ੍ਰੇਰਨਾ ਦਿੱਤੀ, ਪਰ ਫਿਰ ਵੀ ਲੋਕ ਮਨਾਂ ਵਿਚ ਅਵਤਾਰਵਾਦ ਦੇ ਪਏ ਪ੍ਰਭਾਵ ਕਾਰਨ ਲੋਕ ਗੁਰੂਆਂ ਨੂੰ ਉੱਤਮ ਦਰਸਾਉਣ ਲਈ ਅਵਤਾਰ ਰੂਪ ਮੰਨਦੇ ਹਨ ਹੋਏ ਆਪਣੀ ਭਾਵਨਾ ਨੂੰ ਸਿਮਰਤੀ ਰਾਹੀਂ ਵਿਅਕਤ ਕਰਦੇ ਹਨ। ਅਜਿਹੀ ਭਾਵਨਾ ਅਧੀਨ ਸੁਰਜੀਤ ਸਿੰਘ ਆਰਟਿਸਟ ਆਪਣੀ ਕਵਿਤਾ 'ਮੁੜ ਕੋਈ ਅਵਤਾਰ ਨਹੀਂ ਹੋਇਆ' ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਅਵਤਾਰ ਰੂਪ ਵਿੱਚ ਕਰਦਾ ਹੈ:-

ਧਰਮ ਦੇ ਨਾਲ ਅਧਰਮ ਦਾ ਬੰਦੇ
ਅੱਜ ਕੋਈ ਇਕਰਾਰ ਨਹੀਂ ਹੋਣਾ।
.......ਆਨੰਦਪੁਰ ਦੀ ਏਸ ਧਰਤੀ ਉੱਤੋਂ,
ਸਤਿਯੁੱਗ ਕਦੇ ਵੀ ਬਾਹਰ ਨਹੀਂ ਹੋਣਾ।
......ਆਪੇ ਗੁਰੂ ਤੇ ਚੇਲਾ ਵੀ ਆਪੇ
ਏਸ ਦੁਨੀਆਂ ਤੇ ਗੋਬਿੰਦ ਸਿੰਘ ਜੈਸਾ,
ਮੁੜ ਕੋਈ ਅਵਤਾਰ ਨਹੀਂ ਹੋਣਾ॥[74]

ਇਸ ਕਵਿਤਾ ਵਿੱਚ ਕਵੀ ਗੱਲ ਕਰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਕਿਰਦਾਰ ਦਾ ਮਾਲਕ ਉਹਨਾਂ ਤੋਂ ਬਾਅਦ ਇਸ ਧਰਤੀ 'ਤੇ ਪੈਦਾ ਨਹੀਂ ਹੋਣਾ ਕਿਉਂਕਿ ਗੁਰੂ ਜੋਤਿ ਇੱਕ ਹੈ। ਲੇਖਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਰੱਬੀ ਰੂਪ ਅਵਤਾਰ ਵਜੋਂ ਪੇਸ਼ ਕਰ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬੀਤੇ ਸਤਿਯੁਗ ਦੀ ਗੱਲ ਵੀ ਕਵੀ ਆਪਣੀ ਸਿਮਰਤੀ ਨੂੰ ਅਧਾਰ ਬਣਾ ਕੇ ਕਰਦਾ ਹੈ ਕਿ ਜੋ ਕੌਤਕ ਇਸ

[74] ਸੁਰਜੀਤ ਸਿੰਘ ਆਰਟਿਸਟ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 129-30.

ਧਰਤੀ ’ਤੇ ਵਾਪਰਿਆ, ਉਹ ਕਿਤੇ ਹੋਰ ਨਹੀਂ ਵਾਪਰਿਆ ਹੋਣਾ। ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ’ਤੇ ਅੰਮ੍ਰਿਤ ਦੀ ਵਰਖਾ ਦਾ ਨਜ਼ਾਰਾ ਹਰੇਕ ਸਿੱਖ ਅੱਜ ਵੀ ਆਪਣੀ ਸਿਮਰਤੀ ਵਿੱਚ ਸਮੋਈ ਬੈਠਾ ਹੈ। ਇਹ ਕਵਿਤਾ ਸ੍ਰੀ ਅਨੰਦਪੁਰ ਸਾਹਿਬ ਦੇ ਇਕਰਾਰ, ਦੀਦਾਰ, ਸਤਯੁਗੀ ਬਹਾਰ, ਅੰਮ੍ਰਿਤਮਈ ਵਰਖਾ, ਦਇਆ, ਧਰਮ, ਹਿੰਮਤ, ਮੋਹਕਮ, ਸਾਹਿਬ ਜਿਹੇ ਗੁਰੂ ਪਿਆਰਿਆਂ ਦੀ ਨੁਹਾਰ ਦਾ ਪ੍ਰਗਟਾਵਾ ਤ੍ਰੈ-ਕਾਲੀ ਸਿਮਰਤੀ ਦੀ ਵਿਸ਼ੇਸ਼ਤਾ ਰਾਹੀਂ ਕਰਦੀ ਹੈ। ਇਸ ਕਵਿਤਾ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਸਿਮਰਤੀ ਕਾਵਿ ਸੰਵੇਦਨਾ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਗੁਰਮਤਿ ਅਵਤਾਰੀ ਧਰਮ ਨਹੀਂ ਫਿਰ ਵੀ ਕਵੀ ਪਿਛੋਕੜ ਵਿਚੋਂ ਅਵਤਾਰ ਨੂੰ ਮਹਾਂ-ਨਾਇਕ ਵਜੋਂ ਪੇਸ਼ ਕਰਦਾ ਹੈ।

ਹਰਿੰਦਰ ਸਿੰਘ ਮਹਿਬੂਬ ਪੁਸਤਕ 'ਇਲਾਹੀ ਨਦਰ ਦੇ ਪੈਂਡੇ (ਜਿਲਦ ਚੌਥੀ)' ਵਿੱਚ ‘ਅਨੰਦਪੁਰ ਦੀ ਅਨੂਪ ਘਾੜਤ ਵੇਦਨਾ ਦੇ ਪੰਧ ਅਤੇ ਦਸਵਾਂ ਗੁਰੂ’ ਕਵਿਤਾ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਫ਼ਤ ਨਿਮਨਲਿਖਤ ਅਨੁਸਾਰ ਕਰਦੇ ਹਨ:-

ਅੰਮ੍ਰਿਤ ਵੇਲੇ ਅਮਰ ਵੇਦਨਾ, ਪੁਰੀ ਅਨੰਦ ’ਚ ਥਰਕੇ,
ਨਜ਼ਰ ਮਸੀਹਾ ਸਾਵ੍ਹੇਂ ਖੁੱਲੇ, ਪਾਵਨ ਬੀੜ ਦੇ ਵਰਕੇ
ਨਾਦ ਇਲਾਹੀ ਜ਼ਫ਼ਰਨਾਮਾ, ਸੁਣੇ ਨੰਦੇੜਾਂ ਤੀਕਣ,
ਪੱਤਣ ਦੇਖ ਰਿਹਾ ਇਕ ਖੇਵਟ, ਚੜ੍ਹੇ ਸਮੁੰਦਰ ਤਰਕੇ।[75]

ਉਪਰੋਕਤ ਕਵਿਤਾ ਵਿੱਚ ਕਵੀ ਸਤਲੁਜ ਦੇ ਪੱਤਣ, ਵਿਛੜਨ ਪਏ ਮਸੀਹਾ ਆਦਿ ਪ੍ਰਤੀਕਾਂ ਦੇ ਸਹਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਬਿਤਾਏ ਪਲਾਂ ਨੂੰ ਸਿਮਰਤੀ ਰਾਹੀਂ ਤਰੋ-ਤਾਜ਼ਾ ਕਰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿੱਚ ਮੁੜ ਪ੍ਰਵੇਸ਼: ਮਹਾਂ ਜਾਗ, ਸਿਦਕ ਸੱਚ ਦੇ ਕਿਲ੍ਹੇ, ਭਾਈ ਨੰਦ ਲਾਲ ਗੋਯਾ ਦੀ ਨਿਗਾਹ-ਉਡਾਣ: ਅਨੰਦਪੁਰ ਦੀ ਇਕ ਰਾਤ, ਧਰਤੀ ਉੱਤੇ ਰੂਹਾਨੀ ਹਕੀਕਤ ਦੀਆਂ ਕੰਨਸੋਆਂ (ਖ਼ਾਲਸਾ ਪੰਥ ਦੀ ਮਹਾਂ ਪਰਵਾਜ਼ ਤੋਂ ਪਹਿਲਾਂ), ਸ੍ਰੀ ਅਨੰਦਪੁਰ ਸਾਹਿਬ ਦੇ ਆਖ਼ਰੀ ਯੁੱਧ ਤੋਂ ਪਹਿਲਾਂ ਸਤਲੁਜ ਉੱਤੇ ਉੱਡਦੇ ਇੱਕ ਹੱਸਦੇ ਜ਼ਜ਼ਬਾਤ ਆਦਿ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਸਿੱਖ ਸਿਮਰਤੀ ਨਾਲ ਸੰਬੰਧਤ ਵੱਖ-ਵੱਖ ਪਹਿਲੂਆਂ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਦਰਸਾਇਆ ਗਿਆ ਹੈ।

---

[75] ਹਰਿੰਦਰ ਸਿੰਘ ਮਹਿਬੂਬ (2007) *ਇਲਾਹੀ ਨਦਰ ਦੇ ਪੈਂਡੇ (ਗੁਰੂ ਗੋਬਿੰਦ ਸਿੰਘ ਸਾਹਿਬ), ਜਿਲਦ ਚੌਥੀ,* ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰਨੇ. 107-8.

ਹਰਿੰਦਰ ਸਿੰਘ ਮਹਿਬੂਬ ਨੇ 'ਕਲਗੀਧਰ ਅਤੇ ਪੰਜ ਪਿਆਰਿਆਂ ਦਾ ਪ੍ਰਵੇਸ਼' ਕਵਿਤਾ ਵਿੱਚ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਦੇ ਬਿਰਤਾਂਤ ਨੂੰ ਨਿਮਨਲਿਖਤ ਅਨੁਸਾਰ ਬਿਆਨ ਕੀਤਾ ਹੈ:-

ਲੈ ਕੇ ਰਾਜ ਅਨਾਹਿਤ ਪੰਜੇ, ਤੰਬੂ 'ਚੋਂ ਪ੍ਰਕਾਸ਼ੇ
ਨਾਲ ਸਤਿਗੁਰੂ, ਨਜ਼ਰਾਂ ਵਿੱਚੋਂ, ਰਮਜ਼ ਅਨੀਲ ਵਿਗਾਸੇ
ਦੂਰ ਅਛੂਹ ਫ਼ਜਰ ਦੇ ਪੰਛੀ, ਦੇਣ ਪੰਜ ਸੰਦੇਸ਼ੇ
ਤਨ ਮਨ ਰੂਹ ਖਿੜਨ ਹੋ ਪੂਰਨ, ਕਿਸ ਘਰ ਵਿਚ, ਕਿਸ ਪਾਸੇ?
ਲਹਿ ਅਪਣੱਤ ਫ਼ਜਰ ਦੀ ਸਗਲੀ, ਛੁਹੇ ਪੰਜ ਦਸਤਾਰਾਂ
ਕਿਹੜੀ ਧੁੱਪ ਮਸਤਕਾਂ ਅੰਦਰ, ਸਿਰਜੇ ਖੰਭ ਪਿਆਸੇ।..[76]

ਕਵਿਤਾ ਵਿੱਚ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਸਾਜੇ ਖ਼ਾਲਸਾ ਪੰਥ ਦੀ ਉੱਤਪਤੀ ਦੇ ਦ੍ਰਿਸ਼ ਨੂੰ ਤਿੰਨੇ ਕਾਲਾਂ ਦੀ ਗੱਲ ਕਰਦਿਆਂ ਸਿਮਰਤੀ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਪੰਜ ਪਿਆਰੇ ਸੰਸਥਾ ਦੀ ਮਹਾਨਤਾ ਨੂੰ ਦਰਸਾ ਕੇ ਸਿੱਖ ਸਿਮਰਤੀ ਲਈ ਚੜ੍ਹਦੀਕਲਾ ਵਾਲਾ ਮਾਰਗ ਬਣਾਉਣ ਦਾ ਮਹਾਨ ਯਤਨ ਪ੍ਰਗਟਾਇਆ ਗਿਆ ਹੈ।

ਲਾਲਾ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਖ਼ਾਲਸੇ ਦੀ ਪਹਿਲੀ ਵਿਸਾਖੀ' ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖ਼ਾਲਸਾ ਪੰਥ ਦੇ ਸਮੇਂ ਵਾਪਰੇ ਦ੍ਰਿਸ਼ ਨੂੰ ਸਿਮਰਤੀ ਰਾਹੀਂ ਇੱਕ ਲੜੀ ਵਿੱਚ ਪਰੋ ਕੇ ਉਜਾਗਰ ਕੀਤਾ ਹੈ:-

........ ਸਿਰ ਭੀ ਮੰਗਦੀ, ਇਹ ਲਹੂ ਭਰੀ ਤਲਵਾਰ ਹੈ।
ਇਸ ਲਹੂ ਭਰੀ ਤਲਵਾਰ 'ਚੋਂ, ਅੰਮ੍ਰਿਤ ਟਪਕਾਣਾ ਲੋੜ ਹੈ।
ਸੰਗਤ ਦੇ ਸਿਦਕ ਪਿਆਰ ਦਾ, ਰਸ ਲੀਤਾ ਗੁਰੂ ਨਿਚੋੜ ਹੈ॥[77]

ਉਪਰੋਕਤ ਕਵਿਤਾ ਵਿੱਚ ਪੰਜ ਸਿਰਾਂ ਦੀ ਮੰਗ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਗੁਰੂ ਸਾਹਿਬ ਦੀ ਇਸ ਅਨੋਖੇ ਕਾਜ ਲਈ ਸਿਰਾਂ ਦੀ ਮੰਗ ਕੀਤੀ ਸੀ ਇਸ ਲਈ ਗੁਰੂ ਪਿਆਰੇ ਆਪਣੀਆਂ ਜਾਨਾਂ ਨਿਛਾਵਰ ਕਰ ਗਏ, ਪਰੰਤੂ ਸਿੱਦਕੋਂ ਨਹੀਂ ਡੋਲੇ। ਗੁਰੂ ਸਾਹਿਬ ਦੇ ਇਸ ਨਿਰਾਲੇ ਕੌਤਕ ਨੂੰ ਕੋਈ ਵਿਰਲਾ ਹੀ

---

[76] ਹਰਿੰਦਰ ਸਿੰਘ ਮਹਿਬੂਬ (2007) *ਇਲਾਹੀ ਨਦਰ ਦੇ ਪੈਂਡੇ (ਗੁਰੂ ਗੋਬਿੰਦ ਸਿੰਘ ਸਾਹਿਬ), ਜਿਲਦ ਚੌਥੀ*, ਸਿੰਘ ਬ੍ਰਦਰਜ, ਅੰਮ੍ਰਿਤਸਰ, ਪੰਨੇ. 181-82.

[77] ਲਾਲਾ ਧਨੀ ਰਾਮ ਚਾਤ੍ਰਿਕ (2010) *ਧਰਮਬੀਰ: ਵਾਰਾਂ ਧਰਮੀ ਸ਼ਹੀਦਾਂ ਦੀਆਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 11-12.

ਸਮਝ ਸਕਦਾ ਹੈ। ਖ਼ਾਲਸਾ ਸਿਰਜਣਾ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੂਰੀ ਜਲਵੇ ਦਾ ਦ੍ਰਿਸ਼ ਚਿਤਰਣ ਕੀਤਾ ਗਿਆ ਹੈ। ਉਸ ਸਮੇਂ ਉਨ੍ਹਾਂ ਦੇ ਨੂਰਾਨੀ ਚਿਹਰੇ ਦੀ ਰੌਣਕ ਅਤੇ ਅਲੌਕਿਕ ਵਰਤਾਰਾ ਵਰਤਾਉਣ ਦੀ ਰੁਮਕ ਅਤੇ ਜਲੌਅ ਨੂੰ ਸਿਮਰਤੀ ਦੇ ਸਹਾਰੇ ਪ੍ਰਗਟਾਇਆ ਗਿਆ ਹੈ।

ਖ਼ਾਲਸੇ ਦੀ ਉੱਚੀ ਰਹਿਣੀ-ਬਹਿਣੀ ਦੇ ਸਿਦਕ ਸੰਬੰਧੀ ਕਵਿਤਾ 'ਦਸਮੇਸ਼ ਲੀਲ੍ਹਾ' ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿੱਚ ਰਚਾਏ ਕੌਤਕਾਂ ਨੂੰ ਸਿਮਰਤੀ ਦਾ ਅਧਾਰ ਬਣਾ ਕੇ ਜ਼ਿਕਰ ਕਰਦਾ ਹੈ:-

ਪੰਜ ਸਾਲ ਪਟਨੇ ਦੇ ਵਿੱਚ ਰਹਿ ਕੇ ਗੁਰੂ ਜੀ ਨੇ,
ਸੰਗਤਾਂ ਨੂੰ ਸਬਕ ਅਜ਼ਾਦੀ ਦਾ ਸਿਖਾਇਆ ਸੀ।
ਛੋਟੀ ਜਿਹੀ ਉਮਰ ਵਿੱਚ ਲੜੇ ਕਈ ਧਰਮ ਯੁੱਧ,
ਵੱਡੇ ਵੱਡੇ ਜ਼ਾਲਮਾਂ ਨੂੰ ਚੁਣ-ਚੁਣ ਮਾਰਿਆ।
ਹੋ ਕੇ ਮਜਬੂਰ ਜਦੋਂ ਛੱਡਿਆ ਅਨੰਦਪੁਰ,
ਧੋਖਾ ਦਿੱਤਾ ਵੈਰੀਆਂ ਨੇ ਪਿੱਛੋਂ .......[78]

ਕਵੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਪ੍ਰਮੁੱਖ ਘਟਨਾਵਾਂ ਨੂੰ ਸ਼ਾਮਿਲ ਕੀਤਾ ਹੈ ਪਰੰਤੂ ਅਸੀਂ ਕੇਵਲ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਸਿਮਰਤੀ ਦੇ ਸੰਦਰਭ ਵਿੱਚ ਵਿਸ਼ੇ ਨੂੰ ਲਿਆ ਹੈ। ਕਵਿਤਾ ਦਾ ਆਰੰਭ ਸ੍ਰੀ ਪਟਨਾ ਸਾਹਿਬ ਵਿੱਚ ਗੁਰੂ ਸਾਹਿਬ ਦੇ ਜਨਮ ਦਿਵਸ ਨਾਲ ਆਰੰਭ ਹੁੰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਘਟਨਾਵਾਂ ਨੂੰ ਸਿਮਰਤੀ ਰਾਹੀਂ ਪ੍ਰਗਟਾਉਂਦਿਆਂ ਦੁਖੀ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਦਾ ਜ਼ਿਕਰ ਅਤੇ ਨੌਵੇਂ ਪਾਤਸ਼ਾਹ ਦਾ ਦਿੱਲੀ ਜਾ ਕੇ ਸ਼ਹਾਦਤ ਦੇਣ ਦੇ ਬਿਰਤਾਂਤ ਨੂੰ ਦਰਸਾਇਆ ਗਿਆ ਹੈ। 1699 ਈ. ਦੀ ਵਿਸਾਖੀ ਦੇ ਅੰਮ੍ਰਿਤ ਨੇ ਮੁਰਦਿਆਂ ਵਿੱਚ ਜਾਨ ਪਾਈ ਅਤੇ ਖੰਡੇ ਬਾਟੇ ਦੀ ਪਹੁਲ਼ ਨਾਲ ਨਿਮਾਣਿਆਂ ਨੂੰ ਮਾਣ ਬਖ਼ਸ਼ਿਸ਼ ਕੀਤਾ। ਕਵੀ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਛੱਡਣ ਦੇ ਦ੍ਰਿਸ਼ ਪੇਸ਼ ਕੀਤਾ ਹੈ। ਸਿੱਖਾਂ ਵਿੱਚ ਧਰਮ-ਯੁੱਧ ਦੇ ਚਾਅ ਪੈਦਾ ਕੀਤੇ ਅਤੇ ਵਿਗਾਸ ਨਾਲ ਸੰਬੰਧਤ ਹੈ। ਖ਼ਾਲਸੇ ਨੇ ਇਸ ਨੂੰ ਆਪਣੀ ਸਿਮਰਤੀ ਵਿੱਚ ਢਾਲਿਆ ਅਤੇ ਉਸਦੇ ਬਹਾਦਰੀ ਭਰੇ ਨਤੀਜੇ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ।

---

[78] ਸਤਬੀਰ ਸਿੰਘ ਸ਼ਾਨ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 133-34.

"ਧਰਤ ਅਨੰਦਪੁਰ ਦੀ..." ਕਵਿਤਾ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਸਿੱਖ ਸਿਮਰਤੀ ਦਾ ਪ੍ਰਗਟਾਵਾ ਹੈ, ਇਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ-ਵੱਖ ਅਹਿਮ ਪਹਿਲੂਆਂ ਨੂੰ ਵਰਤਮਾਨ ਦੇ ਸੰਦਰਭ ਵਿੱਚ ਜੋੜ ਕੇ ਦਰਸਾਇਆ ਗਿਆ ਹੈ:-

ਅੱਜ ਧਰਤ ਅਨੰਦਪੁਰ ਦੀ ਪ੍ਰੀਤਮਾ ਤੈਨੂੰ ਪਈ ਪੁਕਾਰੇ,
ਤੇਰੇ ਪੰਥ ਲਾਡਲੇ ਦੇ ਮੈਥੋਂ ਦਰਦ ਨਾ ਜਾਣ ਸਹਾਰੇ।
ਛੋਹੇ ਤੇਰੇ ਚਰਨਾਂ ਦੀ ਨਾਲ ਮੈਂ ਧੰਨ-ਧੰਨ ਸਾਂ ਹੋਈ,
ਅੱਜ ਧਰਤ ਅਨੰਦਪੁਰ ਦੀ ਪ੍ਰੀਤਮਾ ਤੈਨੂੰ ਪਈ ਪੁਕਾਰੇ...।
ਆ ਗਈ ਵਿਸਾਖੀ ਆ ਤੂੰ ਵੀ ਦੀਵਾਨ ਸਜ਼ਾ ਲੈ,
ਗੱਲ ਪੰਜ ਦੀ ਕੀ ਕਰਨੀ ਲੱਖ-ਕਰੋੜਾਂ ਨੂੰ ਅਜ਼ਮਾ ਲੈ।
ਤੇਰੇ ਪੰਥ ਖ਼ਾਲਸੇ ਦੇ ਮੈਥੋਂ ਦਰਦ ਨਾ ਜਾਣ ਸਹਾਰੇ...[79]

ਉਪਰੋਕਤ ਕਵਿਤਾ ਵਿੱਚ ਕਵੀ ਅੱਜ ਦੇ ਹਲਾਤ ਦਾ ਹਵਾਲਾ ਦੇ ਕੇ ਗੁਰੂ ਸਾਹਿਬ ਨੂੰ ਆਉਣ ਬਾਰੇ ਪੁਕਾਰ ਕਰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਮਿਲੇ ਸਿੱਖੀ ਦੇ ਉੱਚੇ-ਸੁੱਚੇ ਸੁਨੇਹੇ ਨੂੰ ਨਿਰੰਤਰ ਮਨ ਵਿੱਚ ਵਸਾਉਣ ਦੀ ਭਾਵਪੂਰਤ ਜੋਦੜੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਰੀ ਗਈ ਸਿੱਖੀ ਦੀ ਭਾਵਨਾ ਨੂੰ ਹਲੂਣਾ ਦਿੱਤਾ ਗਿਆ ਹੈ ਤਾਂ ਜੋ ਸਿੱਖ ਆਪਣੀ ਸਿਮਰਤੀ ਵਿੱਚੋਂ ਇਸ ਦੇ ਵੱਡਮੁੱਲੇ ਯੋਗਦਾਨ ਨੂੰ ਕਦੇ ਨਾ ਭੁਲਾ ਸਕਣ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਬੀਤ ਚੁੱਕੇ ਸਮੇਂ ਨੂੰ ਸਿਮਰਤੀ ਵਿੱਚ ਯਾਦ ਕਰਕੇ ਗੁਰੂ ਸਾਹਿਬ ਨੂੰ ਪੁਕਾਰ ਕਰਦੀ ਹੈ ਕਿ ਵਿਸਾਖੀ ਨੂੰ ਦੀਵਾਨ ਸਜਾ ਲਓ ਤਾਂ ਸੀਸਾਂ ਦਾ ਹੜ੍ਹ ਆਪ ਦੇ ਇੱਕ ਇਸ਼ਾਰੇ 'ਤੇ ਆ ਜਾਵੇਗਾ। ਲੇਖਕ ਅੱਜ ਦੇ ਹਲਾਤਾ 'ਤੇ ਵੀ ਵਿਅੰਗ ਕਰਦੀ ਹੈ ਅਤੇ ਬਿਖਰੇ ਪਏ ਪੰਥ ਨੂੰ ਇੱਕਜੁੱਟ ਕਰਨ ਲਈ ਗੁਰੂ ਸਾਹਿਬ ਅੱਗੇ ਅਰਜੋਈ ਵੀ ਕਰਦੀ ਹੈ। ਸਿੱਖ ਸਿਮਰਤੀ ਵਿੱਚ ਗੁਰੂ ਸਾਹਿਬ ਅੱਜ ਵੀ ਉਹ ਸਮਰੱਥ ਸ਼ਕਤੀ ਹਨ, ਜਿਹੜੀ ਪੰਥ ਨੂੰ ਬਲ ਬਖਸ਼ਿਸ਼ ਕਰ ਸਕਦੀ ਹੈ। ਇਸ ਕਵਿਤਾ ਦਾ ਸਬੰਧ ਜੀਵੰਤ ਸਿਮਰਤੀ ਦੇ ਲੱਛਣਾਂ ਨਾਲ ਜੁੜਦਾ ਹੈ, ਜਿਸ ਦਾ ਹਵਾਲਾ ਦੇ ਕੇ ਲੇਖਕ ਅਜੋਕੇ ਸਮੇਂ ਸੰਗਤ ਨੂੰ ਗੁਰੂ ਸਾਹਿਬ ਨਾਲ ਜੁੜਨ ਲਈ ਪ੍ਰੇਰਨਾ ਦਿੰਦੀ ਹੈ। ਕਵਿਤਾ "ਹੋਲਾ ਮਹੱਲਾ ਅਨੰਦਪੁਰ ਦਾ" ਵਿੱਚ ਖ਼ਾਲਸੇ ਦੇ ਪ੍ਰਸਿੱਧ ਤਿਉਹਾਰ ਹੋਲੇ-ਮਹੱਲੇ ਦਾ ਦ੍ਰਿਸ਼ ਬਿਆਨ ਕੀਤਾ ਗਿਆ ਹੈ। ਹੋਲਾ ਮਹੱਲਾ ਸਿੱਖਾਂ ਨੂੰ ਸਿੱਖ ਸਿਮਰਤੀ ਨਾਲ ਜੋੜਦਾ ਹੈ। ਹਰ ਸਾਲ ਇਸ ਜੋੜ ਮੇਲੇ 'ਤੇ ਲੱਖਾਂ ਸਿੱਖ ਇਕੱਤਰ ਹੁੰਦੇ ਹਨ।

---

[79] ਪਰਮਜੀਤ ਕੌਰ ਸਰਹੰਦੀ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸੁਰਜੀਤ ਸਿੰਘ ਪਾਤਰ, ਸੰਪਾ., ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 141-42.

ਹੋਲਾ ਖੇਡਦਾ ਅਨੰਦਪੁਰ ਖ਼ਾਲਸਾ ਜਾ, ਜਾਪੇ ਗੁਰੂ ਦਸਮੇਸ਼ ਜੀ ਨਾਲ ਖੇਡੇ।
ਚੋਟਾਂ ਲੱਗਦੀਆਂ ਜਦੋਂ ਨਗਾਰਿਆਂ 'ਤੇ, ਜਜ਼ਬਾ ਸਿੰਘਾਂ ਦਾ ਬੇਮਿਸਾਲ ਖੇਡੇ।
ਹਾਥੀ ਝੂਮ ਖੁਮਾਰੀਆਂ ਸਣੇ ਤੁਰਦੇ, ਵੇਖੋ ਘੋੜ-ਅਸਵਾਰਾਂ ਦੀ ਤਾਲ ਖੇਡੇ।
ਅੰਬਰ ਗੂੰਜ ਜੈਕਾਰਿਆਂ ਨਾਲ ਉੱਠੇ, ਹੋਲਾ ਬਜ਼ੁਰਗ ਜਵਾਨ ਤੇ ਬਾਲ ਖੇਡੇ।
ਸਿੰਘ ਯੋਧਾ ਚਮਕੌਰ ਦੀ ਗੜ੍ਹੀ ਦੇ ਵਿੱਚ, ਕਲ੍ਹਾ-ਕਲ੍ਹਾ ਜਿਉਂ ਲੱਖਾਂ ਦੇ ਨਾਲ ਖੇਡੇ।[80]

ਕਵੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਵੀ ਸੰਗਤ ਦੇ ਨਾਲ ਹੋਲਾ ਮਹੱਲਾ ਖੇਡ ਰਹੇ ਹਨ। ਹੋਲੇ ਮਹੱਲੇ ਦਾ ਆਰੰਭ ਹੋਲਗੜ੍ਹ ਕਿਲ੍ਹੇ ਦੇ ਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤਾ ਗਿਆ। ਅਸੀਂ ਖੁਦ ਅਨੁਭਵ ਕੀਤਾ ਹੈ ਕਿ ਅਜੋਕੇ ਸਮੇਂ ਵਿੱਚ ਖ਼ਾਲਸਾ ਨਗਾਰਿਆਂ 'ਤੇ ਚੋਟਾਂ ਲਗਾ ਕੇ ਬੜੇ ਜਜ਼ਬੇ ਨਾਲ ਗੁਲਾਲ ਖੇਡਦਾ ਹੈ। ਹੋਲੇ-ਮਹੱਲੇ ਵਾਲੇ ਦਿਨ ਖ਼ਾਲਸੇ ਵੱਲੋਂ ਗਜਾਏ ਜੈਕਾਰਿਆਂ ਨਾਲ ਅੰਬਰ ਵੀ ਗੂੰਜ ਉੱਠਦਾ ਹੈ। ਸਿੰਘ ਹੋਲੇ ਮਹੱਲੇ ਵਾਲੇ ਦਿਨ ਇਸ ਤਰ੍ਹਾਂ ਜੰਗੀ ਖੇਡਾਂ ਖੇਡਦੇ ਹਨ, ਜਿਵੇਂ ਚਮਕੌਰ ਦੀ ਗੜ੍ਹੀ ਵਿੱਚ ਇੱਕ-ਇੱਕ ਸਿੰਘ ਨੇ ਲੱਖ-ਲੱਖ ਵੈਰੀ ਨੂੰ ਭਾਜੜਾਂ ਪਾਈਆਂ ਸਨ। ਚਮਕੌਰ ਦੀ ਗੜ੍ਹੀ ਦੇ ਜੰਗ ਨੂੰ ਸਿਮਰਤੀ ਵਿੱਚ ਯਾਦ ਕਰਨਾ ਸਿੱਧੇ ਤੌਰ 'ਤੇ ਸਮੂਹ ਸਿੱਖਾਂ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਅਤੇ ਗੁਰੂ ਕਾਲ ਦੀਆਂ ਘਟਨਾਵਾਂ ਪ੍ਰਤੱਖ ਰੂਪ ਵਿੱਚ ਤਰੋ-ਤਾਜ਼ਾ ਹੋ ਜਾਂਦੀਆਂ ਹਨ।

ਹੋਲੇ ਮਹੱਲੇ ਨਾਲ ਸੰਬੰਧਤ ਨਿਰਮਲੇ ਸੰਤ ਨਿਹਾਲ ਸਿੰਘ ਬੁੰਗਾ ਸੋਹਿਲਾ ਨੇ ਉਪਮਾ ਦੇ ਛੰਦ ਰਚੇ ਹਨ ਉਹ ਹੋਲਗੜ੍ਹ ਦੇ ਸਥਾਨ 'ਤੇ ਖੇਡੇ ਗਏ ਹੋਲੇ ਮਹੱਲੇ ਦੇ ਬਿਰਤਾਂਤ ਨੂੰ ਆਪਣੀ ਸਿਮਰਤੀ ਵਿੱਚ ਤਾਜ਼ਾ ਕਰਦੇ ਹਨ:-

ਕੀਜੈਂਗੇ ਬਿਬਿਧ ਰਾਗ ਰੰਗ ਕੇ ਬਿਲਾਸ ਹਾਸ ਕੇਸਰ ਗੁਲਾਬ ਔ ਗੁਲਾਬ ਕੋ ਉਛਾਵੈਂਗੇ।
ਰਾਧਿਕਾ ਰਮਨ ਕੋ ਪ੍ਰਸੰਗ ਲਯਾਇ ਰਾਗੀ ਸਿੰਘ ਰਾਗਨ ਮੈਂ ਸਾਜਨ ਮੈਂ ਭੜੂਆ ਸੁਨਾਵੈਂਗੇ।
ਉਡੈਗਾ ਅੰਬੀਰ ਆਛੋ ਅਲਤਾ ਦੀਵਾਨ ਪਰ ਗਹਿ ਕੈ ਭਿਗੋਵੈਂ ਗੇ, ਨ ਭਾਜ ਕੋਊ ਬਚੈਗਾ।
ਬੈਠੇ ਹੈਂ ਅਨੰਦਪੁਰ ਕਹਯੋ ਸ੍ਰੀ ਗੋਬਿੰਦ ਸਿੰਘ ਸੁਨਹੁ ਪੁੱਤ੍ਰ ਖ਼ਾਲਸਾ ਜੀ! ਹੋਲਾ ਕਾਲ ਮਚੈਗਾ।[81]

---

[80] ਬਲਵੀਰ ਸਿੰਘ (ਮਾਰਚ 2011) "ਹੋਲਾ ਮਹੱਲਾ ਅਨੰਦਪੁਰ ਦਾ" *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ.106.

[81] ਨਿਹਾਲ ਸਿੰਘ (ਮਾਰਚ 2004) "ਹੋਲਾ ਮਹੱਲਾ" *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨੇ. 19-20.

ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੰਘਾਂ ਨੂੰ ਆਉਣ ਵਾਲੇ ਸਮੇਂ ਵਿੱਚ ਹੋਲਾ ਮਨਾਉਣ ਲਈ ਹੁਕਮ ਕਰਦੇ ਹੋਏ ਦੱਸਦੇ ਹਨ ਕਿ ਹੋਲੇ-ਮਹੱਲੇ ਦੇ ਦਿਨ ਕੇਸਰ ਅਤੇ ਗੁਲਾਬ ਉਡਾਇਆ ਜਾਵੇਗਾ ਅਤੇ ਰਾਗੀ ਸਿੰਘ ਸਾਜਾਂ ਨਾਲ ਪ੍ਰਸੰਗ ਵੀ ਸੁਣਾਉਣਗੇ। ਗੁਰੂ ਜੀ ਖ਼ਾਲਸੇ ਨੂੰ ਆਪਣਾ ਪੁੱਤਰ ਕਹਿ ਕੇ ਸੰਬੋਧਨ ਕਰਦੇ ਹਨ, ਜਿਸ ਤੋਂ ਗੁਰੂ ਸਾਹਿਬ ਦਾ ਖ਼ਾਲਸੇ ਪ੍ਰਤੀ ਸਨੇਹ ਭਾਵ ਪ੍ਰਗਟ ਹੁੰਦਾ ਹੈ। ਸਿੱਖ ਸਿਮਰਤੀ ਵਿੱਚ ਗੁਰੂ ਅਤੇ ਖ਼ਾਲਸੇ ਦਾ ਦੁਵੱਲਾ ਸੰਬੰਧ ਹੈ ਕਿ ਸਾਰੇ ਸਿੱਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਪਿਤਾ ਅਤੇ ਮਾਤਾ ਸਾਹਿਬ ਕੌਰ ਨੂੰ ਮਾਤਾ ਮੰਨਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀ ਹੋਣ ਦਾ ਮਾਣ ਮਹਿਸੂਸ ਕਰਦੇ ਹਨ। ਕਵਿਤਾ 'ਹੋਲੇ ਮਹੱਲੇ ਦੀ ਯਾਦ ਮਨਾਉਣ ਆਈਆਂ' ਵਿੱਚ ਕਵੀ ਬਲਵੰਤ ਸਿੰਘ ਸਨੇਹੀ ਨੇ ਹਰ ਸਾਲ ਸੰਗਤ ਦਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ ਮਹੱਲਾ ਮਨਾਉਣ ਆਉਣ ਦੇ ਵੱਖ-ਵੱਖ ਦ੍ਰਿਸ਼ਾਂ ਨੂੰ ਸਿਮਰਤੀ ਰਾਹੀਂ ਬਿਆਨ ਕੀਤਾ ਹੈ:-

> ਪੈਂਡਾ ਮਾਰ ਕੇ ਦੂਰ ਦੁਰਾਡਿਆਂ ਤੋਂ, ਸੰਗਤਾਂ ਤੇਰੇ ਦਰ ਸੀਸ ਨਿਵਾਉਣ ਆਈਆਂ।
> ਇਕੱਠੇ ਹੋਕੇ ਅਨੰਦਪੁਰ ਸਾਹਿਬ ਅੰਦਰ, ਹੋਲੇ ਮਹੱਲੇ ਦੀ ਯਾਦ ਮਨਾਉਣ
> ਆਈਆਂ।...[82]

ਕਵੀ ਅਨੁਸਾਰ ਸਿੱਖ ਆਪਣੇ ਅਤੀਤ ਨੂੰ ਯਾਦ ਕਰਦਾ ਹੋਇਆ ਗੁਰੂ ਸਾਹਿਬਾਨ ਦੇ ਵਰੋਸਾਏ ਪਾਵਨ ਨਗਰ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਨੂੰ ਆਪਣੀ ਸਿਮਰਤੀ ਵਿੱਚ ਸਮੋਈ ਰੱਖਦਾ ਹੈ। ਲੇਖਕ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਕੇ ਗੁਰੂ ਸਾਹਿਬ ਦੀ ਯਾਦ ਨੂੰ ਆਪਣੇ ਮਨ ਵਿੱਚ ਵਸਾਉਣਾ ਚਾਹੁੰਦਾ ਹੈ। ਅਜੋਕੇ ਸਮੇਂ ਵਿੱਚ ਹੋਲੇ-ਮਹੱਲੇ ਨੂੰ ਮਨਾਉਣ ਦੇ ਉਤਸ਼ਾਹ ਨਾਲ ਭਰਪੂਰ ਇਹ ਕਵਿਤਾ ਵਿੱਚ ਸਿੱਖ ਸਿਮਰਤੀ ਵਿੱਚ ਉੱਘੜਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖ਼ਾਲਸਾ ਪੰਥ ਦੇ ਨਿਆਰੇ ਸੰਕਲਪ ਨੂੰ 'ਖ਼ਾਲਸਾ' ਕਵਿਤਾ ਦੇ ਸਿਰਲੇਖ ਹੇਠ ਲੇਖਕ ਨਿਸ਼ਾਨ ਸਿੰਘ ਨੇ ਨਿਮਨ ਲਿਖਤ ਅਨੁਸਾਰ ਪੇਸ਼ ਕੀਤਾ ਹੈ:-

> ਕੇਸਗੜ੍ਹ ਦੇ ਖੁੱਲੇ ਮੈਦਾਨ ਅੰਦਰ, ਮੇਰੇ ਪ੍ਰੀਤਮ ਦੀ ਸੁਹਣੀ ਸ਼ਮਸ਼ੀਰ ਚਮਕੀ।
> ਕਾਲੀ ਬਦਲੀ 'ਚੋਂ, ਕਾਲੀ ਰਾਤ ਅੰਦਰ, ਜਿਵੇਂ ਰੋਸ਼ਨੀ ਦੀ ਇਕ ਲਕੀਰ ਚਮਕੀ।

---

[82] ਬਲਵੰਤ ਸਿੰਘ (ਮਾਰਚ 2018) "ਹੋਲੇ ਮਹੱਲੇ ਦੀ ਯਾਦ ਮਨਾਉਣ ਆਈਆਂ", *ਸਿੱਖ ਫੁਲਵਾੜੀ*, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, ਪੰ. 24.

ਚਮਕੀ ਖੂਨ ਭਿੱਜੀ, ਲਾਲੋ ਲਾਲ ਹੋਈ, ਮੁਰਦਾ ਭਾਰਤ ਦੀ ਮਾਨੋ ਤਕਦੀਰ ਚਮਕੀ।
ਸ਼ਕਤੀ ਏਸ ਵਿਚ ਅੰਮ੍ਰਿਤ ਦੀ ਭਰੀ ਹੋਈ ਏ, ਅਤੇ ਮਿਹਰ ਮੇਰੇ ਕਲਗੀਧਾਰ ਦੀ ਏ।[83]

ਇਸ ਕਵਿਤਾ ਵਿੱਚ ਖ਼ਾਲਸੇ ਦੇ ਉਦੇਸ਼ ਅਤੇ ਜੀਵਨ ਆਦਰਸ਼ ਨਾਲ ਸੰਬੰਧਤ ਬਿਰਤਾਂਤ ਨੂੰ ਪੇਸ਼ ਕੀਤਾ ਹੈ। "ਖ਼ਾਲਸਾ ਉਸ ਆਦਰਸ਼ ਨੂੰ ਜਿਉਂਦਿਆਂ ਰੱਖਣ ਲਈ ਹੈ, ਜੋ ਸਤਿਗੁਰਾਂ ਨੇ ਮਨੁੱਖ ਜਾਤੀ ਦੇ ਸਾਹਮਣੇ ਰੱਖੇ।"[84] ਖ਼ਾਲਸਾ ਪੰਥ ਨਾਲ ਜੁੜੇ ਵਿਭਿੰਨ ਪੱਖਾਂ ਵਿਸ਼ੇਸ ਕਰਕੇ ਆਦਰਸ਼ ਨੂੰ ਯਾਦ ਕਰਦਿਆਂ ਕਵੀ ਨੇ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਵਾਪਰੀ ਇਸ ਅਦੁੱਤੀ ਘਟਨਾ ਨੂੰ ਉਸੇ ਤਰ੍ਹਾਂ ਪੇਸ਼ ਕਰਨ ਦਾ ਯਤਨ ਕੀਤਾ, ਜਿਵੇਂ ਉਹ ਆਪ ਉੱਥੇ ਮੌਜੂਦ ਹੋ ਕੇ ਅੱਖੀਂ ਸਾਰੇ ਬਿਰਤਾਂਤ ਨੂੰ ਦੇਖਦਾ ਹੋਵੇ। ਇਸ ਕਵਿਤਾ ਤੋਂ ਪਤਾ ਲੱਗਦਾ ਹੈ ਕਿ ਸਿਮਰਤੀ ਕਾਲ ਦੀਆਂ ਸੀਮਾਵਾਂ ਨੂੰ ਪਾਰ ਕਰਕੇ ਲਗਾਤਾਰ ਰੂਪਾਂਤਰਿਤ ਹੁੰਦੀ ਰਹਿੰਦੀ ਹੈ।

ਕਵੀ ਦਲਬਾਰ ਸਿੰਘ ਨੇ ਕਵਿਤਾ 'ਪੰਜ ਪਿਆਰਿਆਂ ਦੀ ਚੋਣ' ਵਿੱਚ ਖ਼ਾਲਸਾ ਸਾਜਨਾ ਸਮੇਂ ਪੰਜਾਂ ਪਿਆਰਿਆਂ ਤੋਂ ਸੀਸ ਦੀ ਭੇਟਾ ਲੈਣ ਦੇ ਬਿਰਤਾਂਤ ਨੂੰ ਨਿਮਨਲਿਖਤ ਅਨੁਸਾਰ ਪ੍ਰਗਟ ਕੀਤਾ ਹੈ:-

ਸੋਲ੍ਹਾਂ ਸੌ ਨੜ੍ਹਿਨਵੇਂ ਦੇ ਵਿੱਚ, ਜਦੋਂ ਵਿਸਾਖੀ ਆਈ।
ਚਿੱਠੀਆਂ ਪਾ ਕੇ ਦੂਰ-ਦੂਰ ਤੋਂ, ਸੰਗਤ ਗੁਰਾਂ ਬਲਾਈ।
ਕਈ ਲੱਖ ਦਾ ਇਕੱਠ ਹੋ ਗਿਆ, ਅਨੰਦਪੁਰ ਦੇ ਵਿੱਚ ਭਾਈ।
ਵਿੱਚ ਦੀਵਾਨ ਦੇ ਗੋਬਿੰਦ ਸਿੰਘ ਨੇ, ਹੱਥ ਵਿੱਚ ਤੇਗ਼ ਉਠਾਈ।
...........ਵਾਰੀ ਵਾਰੀ ਨਾਲ ਤੇਗ਼ ਦੇ, ਛਾਂਟੇ ਪੰਜ ਪਿਆਰੇ।[85]

ਬਹੁਤੇ ਕਵੀਆਂ ਨੇ ਸੀਸ ਭੇਟ ਕਰਨ ਦੇ ਬਿਰਤਾਂਤ ਨੂੰ ਆਪਣੇ ਢੰਗ ਨਾਲ ਪ੍ਰਸਤੁਤ ਕੀਤਾ ਹੈ। ਜਦੋਂ ਗੁਰੂ ਸਾਹਿਬ ਜੀ ਨੇ 1699 ਈ. ਦੀ ਵਿਸਾਖੀ ਨੂੰ ਦੂਰੋਂ-ਦੂਰੋਂ ਸੰਗਤ ਨੂੰ ਬੁਲਵਾਇਆ ਸੀ ਅਤੇ ਖ਼ਾਲਸੇ ਦੀ ਚੋਣ ਲਈ ਦੀਵਾਨ ਸਜਾਏ ਸਨ। ਕਵੀ ਨੇ ਕ੍ਰਮਵਾਰ ਢੰਗ ਨਾਲ ਪੰਜਾਂ ਪਿਆਰਿਆਂ ਦੇ ਸੀਸ ਭੇਟ ਕਰਨ ਦੀ ਪ੍ਰਕਿਰਿਆ ਨੂੰ ਪੇਸ਼ ਕੀਤਾ ਹੈ। ਸਿੱਖ ਸਿਮਰਤੀ ਵਿੱਚ 'ਪੰਚ ਪ੍ਰਧਾਨੀ ਸਮਾਜ ਦੀ ਮਹੱਤਤਾ ਨੂੰ ਦਰਸਾਉਂਦੀ

---

83 ਨਿਸ਼ਾਨ ਸਿੰਘ (ਅਪ੍ਰੈਲ 2018) "ਖ਼ਾਲਸਾ" *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 62.

84 ਭਾਈ ਜੋਧ ਸਿੰਘ (1975) *ਗੁਰਮਤਿ ਨਿਰਣੈ (ਹਿੰਦੀ),* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 277.

85 ਦਲਬਾਰ ਸਿੰਘ (ਅਪ੍ਰੈਲ 2000) "ਪੰਜ ਪਿਆਰਿਆਂ ਦੀ ਚੋਣ"*ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 143.

ਇਹ ਕਵਿਤਾ ਸਿੱਖ ਮਨਾਂ ਵਿੱਚ ਨਿਆਰੇਪਣ ਦਾ ਅਹਿਸਾਸ ਪੈਦਾ ਕਰਦੀ ਹੈ। ਕਵਿਤਾ ਵਿੱਚ ਪੰਜ ਪਿਆਰਿਆਂ ਦੀ ਸਿਰਜਨਾ ਦੀ ਪ੍ਰਕਿਰਿਆ ਉਤਸ਼ਾਹਪੂਰਵਕ ਦੱਸੀ ਗਈ ਹੈ।

ਸ੍ਰੀ ਅਨੰਦਪੁਰ ਸਾਹਿਬ ਲੋਕ ਸਿਮਰਤੀ ਅਤੇ ਲੋਕ ਚੇਤਨਾ ਦਾ ਅਟੁੱਟ ਹਿੱਸਾ ਹੈ। ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਹੱਕ ਅਤੇ ਨਿਆਂ ਲਈ ਜਦੋਜਹਿਦ ਕਰਨ ਲਈ ਪ੍ਰੇਰਨਾ ਦਾ ਸ੍ਰੋਤ ਹੈ। ਕਵਿਤਾ 'ਮੇਰਿਓ ਲੋਕੋ' ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਆਪਣੀ ਸਿਮਰਤੀ ਦਾ ਪ੍ਰਗਟਾਵਾ ਨਿਮਨਲਿਖਤ ਅਨੁਸਾਰ ਕਰਦਾ ਹੈ:-

ਸਾਣ ਲੱਗੀ ਸੰਗੀਨ ਦੇ ਮੂਹਰੇ, ਅਰਥ ਕੀ ਤਣਿਆਂ ਮੁੱਕਿਆਂ ਦਾ?
ਤੁਸੀਂ ਨਹੀਂ ਜੇ ਜੰਗਲ ਲੱਖੀ ਦਾ, ਅਰਥ ਕੀ ਸਿੰਘਾਂ ਲੁਕਿਆਂ ਦਾ?
ਬੇਸ਼ੱਕ ਕਿਲ੍ਹਾ ਅਨੰਦਪੁਰ ਛੱਡਿਆ, (ਪਰ) ਖ਼ਦਰਾਣੇ ਦੀ ਢਾਬ ਦਿਓ।
ਮੇਰਿਓ ਲੋਕੋ! ਵੇ ਇਕ ਗੱਲ ਦਾ, ਮੈਨੂੰ ਤੁਰੰਤ ਜਵਾਬ ਦਿਓ।
ਅੱਜ ਤੱਕ ਨੁੱਚੜੇ ਸੁਰਖ਼ ਲਹੂ ਦਾ, ਨਹੀਂ ਤਾਂ ਤੁਰੰਤ ਹਿਸਾਬ ਦਿਓ।[86]

ਪੰਜਾਬੀ ਦੇ ਇਨਕਲਾਬੀ ਕਵੀ ਦਾ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡਣ ਅਤੇ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ ਹਿਸਾਬ ਮੰਗਣਾ ਆਪਣੇ ਆਪ ਵਿੱਚ ਗਹਿਰਾ ਮਹੱਤਵ ਰੱਖਦਾ ਹੈ ਕਿਉਂਕਿ ਉਸਦੀ ਸਿਮਰਤੀ ਅਨੁਸਾਰ ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਛੱਡਣ ਦੇ ਦਰਦ ਨੂੰ ਕੌਮ ਆਪਣੇ ਸੀਨੇ ਵਿੱਚ ਦੱਬੀ ਬੈਠੀ ਹੈ। 'ਬੇਸ਼ੱਕ ਕਿਲ੍ਹਾ ਅਨੰਦਪੁਰ ਛੱਡਿਆ, (ਪਰ) ਖ਼ਦਰਾਣੇ ਦੀ ਢਾਬ ਦਿਓ' ਪੰਕਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਤੋਂ ਮੁਕਤਸਰ ਸਾਹਿਬ ਤੱਕ ਦੇ ਇਤਿਹਾਸ ਦੀ ਯਾਦ ਨੂੰ ਸਿਮਰਤੀ ਰਾਹੀਂ ਤਾਜ਼ਾ ਕਰਵਾ ਦਿੰਦੀ ਹੈ।

ਕਵੀ ਵੱਲੋਂ ਗੁਰੂ ਅਰਜਨ ਦੇਵ ਜੀ ਉਦਾਰਤਾ, ਗੁਰੂ ਨਾਨਕ ਤੇ ਅੱਜ, ਗੁਰੂ ਗੋਬਿੰਦ ਸਿੰਘ ਜੀ ਦਾ ਲੋਕਾਂ ਦੇ ਨਾਂ ਅੰਤਿਮ ਸੁਨੇਹਾ, ਗੁਰੂ ਗੋਬਿੰਦ ਸਿੰਘ ਜੀ, ਵੱਲੋਂ ਮਾਧੋ ਦਾਸ ਬੈਰਾਗੀ ਨੂੰ ਬੰਦਾ ਬਹਾਦਰ ਬਣਾ ਕੇ ਪੰਜਾਬ ਵੱਲ ਭੇਜਣਾ, ਆਪਣੇ ਪੋਤਿਆਂ ਨਾਲ ਕੈਦ ਮਾਤਾ ਗੁਜਰੀ, ਹਰਿਮੰਦਰ ਦੀ ਨੀਂਹ, ਰੰਘਰੇਟਾ ਗੁਰੂ ਕਾ

86 ਸੰਤ ਰਾਮ ਉਦਾਸੀ (2016) *ਉਦਾਸੀ ਕਾਵਿ ਸੰਤ ਰਾਮ ਉਦਾਸੀ ਦੀਆਂ ਸੰਪੂਰਨ ਕਵਿਤਾਵਾਂ ਅਤੇ ਗੀਤਾਂ ਦਾ ਸੰਗ੍ਰਹਿ,* ਅਮੋਲਕ ਸਿੰਘ, ਸੰਪਾ., ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, ਪੰ. 106.

ਬੇਟਾ, ਭਾਈ ਘਨੱਈਏ ਦੀ ਪੇਸ਼ੀ ਆਦਿ ਸਿਰਲੇਖਾਂ ਹੇਠ ਕਵਿਤਾਵਾਂ ਦੀ ਰਚਨਾ ਕਰਨਾ ਪੰਜਾਬੀ ਇਨਕਲਾਬ ਅੰਦਰ ਸਿੱਖ ਕੌਮ ਦੀ ਸਿਮਰਤੀ ਦੇ ਗੁਣਾਂ ਨੂੰ ਉਜਾਗਰ ਕਰਦਾ ਹੈ।

ਕਾਵਿ ਰੂਪਾਂ ਦੇ ਪ੍ਰਗਟਾਵੇ ਦਾ ਨਮੂਨਾ ਪੇਸ਼ ਕਰਦੀਆਂ ਕਵਿਤਾਵਾਂ ਸਿੱਖ ਸਿਮਰਤੀ ਨਾਲ ਜੁੜੇ ਸ੍ਰੀ ਅਨੰਦਪੁਰ ਸਾਹਿਬ ਦੇ ਨਿਆਰੇਪਣ ਦੇ ਅਹਿਸਾਸ ਨੂੰ ਮੁੜ ਤਾਜ਼ਾ ਕਰਦੀਆਂ ਹਨ। ਇਸ ਤੋਂ ਸਹਿਜੇ ਹੀ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਨੂੰ ਸਮਝਿਆ ਜਾ ਸਕਦਾ ਹੈ ਕਿ ਕਿਵੇਂ ਧਾਰਮਕ ਬਿਰਤੀਆਂ ਦੇ ਨਾਲ-ਨਾਲ ਗੈਰ ਧਾਰਮਕ ਲੋਕਾਂ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਆਪਣੀ ਵੇਦਨਾ, ਆਪਣਾ ਦਰਦ ਸਮੋਇਆ ਹੋਇਆ ਹੈ ਅਤੇ ਉਹ ਉੱਥੋਂ ਦੀ ਵਿਚਾਰਧਾਰਾ ਦੇ ਹਾਮੀ ਹਨ।

## 7. ਪ੍ਰਗੀਤ ਵਿੱਚ ਸ੍ਰੀ ਅਨੰਦਪੁਰ ਸਾਹਿਬ

ਗਾਈ ਜਾਣ ਵਾਲੀ ਕਿਸੇ ਸਾਜ਼, ਭਾਵ ਸੰਗੀਤਕ ਕਾਵਿ ਨੂੰ ਪ੍ਰਗੀਤ ਕਿਹਾ ਜਾਂਦਾ ਹੈ। ਕਿਸੇ ਵੀ ਸੱਭਿਆਚਾਰ ਵਿੱਚ ਗੀਤ ਅਹਿਮ ਹੁੰਦੇ ਹਨ, ਇਹਨਾਂ ਰਾਹੀਂ ਉਸ ਸਮਾਜ ਦੇ ਜੋ ਅੰਤਰ ਭਾਵ ਪ੍ਰਗਟ ਹੁੰਦੇ ਹਨ ਜਿਸ ਨਾਲ ਸੱਭਿਆਚਾਰ ਅਤੇ ਸਾਹਿਤ ਨੂੰ ਇਕ ਵੱਖਰੀ ਪਛਾਣ ਮਿਲਦੀ ਹੈ। ਗੀਤ ਮਾਨਸਿਕਤਾ ਵਿੱਚੋਂ ਉਪਜੀ ਸਿਮਰਤੀ ਦਾ ਹਿੱਸਾ ਹੁੰਦੇ ਹਨ ਜੋ ਕਿ ਬੀਤੇ ਕੱਲ੍ਹ ਦੀ ਯਾਦ ਨੂੰ ਤਰੋਤਾਜ਼ਾ ਕਰਦੇ ਹਨ। ਸਿੱਖ ਵਿਰਾਸਤ ਵਿੱਚ ਗੀਤਾਂ ਦਾ ਮਹੱਤਵ ਇਸ ਕਰਕੇ ਹੈ ਕਿ ਸਿੱਖ ਪੁਰਬਾਂ, ਗੁਰ ਪੁਰਬਾਂ ਮੌਕੇ ਸਟੇਜਾਂ ਤੋਂ ਕਵਿਤਾਵਾਂ ਗਾਈਆਂ ਜਾਂਦੀਆਂ ਹਨ। ਸਟੇਜੀ ਕਵਿਤਾ ਸਿੱਖ ਸੰਗਤ ਦੇ ਮਨ ’ਤੇ ਪ੍ਰਭਾਵ ਪਾਉਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਗੀਤ ਦੇ ਅਰਥ “ਗਾਉਣ ਯੋਗਯ ਛੰਦ ਅਥਵਾ ਵਾਕ”[87] ਕੀਤੇ ਹਨ। ਕਿਸੇ ਵੀ ਧਾਰਮਕ ਗੀਤ ਜਾਂ ਗੈਰ ਧਾਰਮਕ ਵਿੱਚ ਜਦੋਂ ਪੰਥ ਖ਼ਾਲਸਾ, ਜਾਂ ਅੰਮ੍ਰਿਤ ਦੀ ਗੱਲ ਹੁੰਦੀ ਹੈ ਤਾਂ ਸੁਣਨ ਅਤੇ ਗਾਉਣ ਵਾਲੇ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਤਸਵੀਰ ਸਾਹਮਣੇ ਆ ਜਾਂਦੀ ਹੈ। ਗੀਤ ਅਸਲ ਵਿੱਚ ਲੋਕ ਮਨਾਂ ਦੇ ਅੰਦਰੂਨੀ ਵਲਵਲਿਆਂ ਦਾ ਬਾਹਰੀ ਮੌਖਿਕ ਪ੍ਰਗਟਾਵਾ ਹੁੰਦੇ ਹਨ। ਗਾਇਕ ਨੰਦ ਲਾਲ ਨੂਰਪੁਰੀ ਦਾ ਇਕ ਗੀਤ ਆਮ ਲੋਕਾਂ ਦੀ ਜ਼ੁਬਾਨ ’ਤੇ ਅੱਜ ਵੀ ਮਕਬੂਲ ਹੈ:-

ਵਸਦੇ ਅਨੰਦਪੁਰ ਨੂੰ ਛੱਡ ਚਲਿਆ ਕਲਗੀਆਂ ਵਾਲਾ

---

[87] ਭਾਈ ਕਾਨ੍ਹ ਸਿੰਘ ਨਾਭਾ (1974) *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ. 1469.

ਹਿੰਦ ਉਤੋਂ ਹੀਰੇ ਵਾਰ ਕੇ ਉਹ ਜੋ ਜਾਂਦਾ ਹਿੰਦ ਦਾ ਰਖਵਾਲਾ।[88]

ਗੀਤ ਦੀਆਂ ਸਤਰਾਂ ਰਾਂਹੀ ਲੇਖਕ ਦੀ ਸਿਮਰਤੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਿੰਦ ਦੇ ਰਖਵਾਲੇ ਵਜੋਂ ਇੱਕ ਮਹਾਂ ਨਾਇਕ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਗੀਤਕਾਰ ਰਣਬੀਰ ਰਾਣਾ ਦਾ ਲਿਖਿਆ ਗੀਤ 'ਹੋਲਾ ਮਹੱਲਾ ਆ ਗਿਆ' ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਕਈ ਪੱਖਾਂ ਤੋਂ ਉਜਾਗਰ ਕਰਦਾ ਹੈ;

ਹੋਲਾ ਮਹੱਲਾ ਅਨੰਦਪੁਰ ਆ ਗਿਆ ਬਈ ਬਾਜ਼ਾਂ ਵਾਲੇ ਦਾ,
ਸਾਰੀਆਂ ਸੰਗਤਾਂ ਨੂੰ ਹੋਣ ਲੱਖ-ਲੱਖ ਵਧਾਈਆਂ,
ਕਲਗ਼ੀਧਰ ਦਸਮੇਸ਼ ਪਿਤਾ ਨੇ ਚਿੱਠੀਆਂ ਘੱਲੀਆਂ ਜੀ,
ਸੰਗਤਾਂ ਦੂਰੋਂ-ਦੂਰੋਂ ਸ੍ਰੀ ਅਨੰਦਪੁਰ ਸਾਹਿਬ ਆਈਆਂ।[89]

ਉਪਰੋਕਤ ਗੀਤ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਤ੍ਰੈ-ਕਾਲੀ ਸਿਮਰਤੀ ਦਾ ਵਿਸ਼ੇਸ਼ ਲੱਛਣ ਪ੍ਰਗਟ ਹੁੰਦਾ ਹੈ ਕਿਉਂਕਿ ਲੇਖਕ ਅੱਜ ਵੀ ਪਿਛਲੇ ਗੁਰੂ ਕਾਲ ਸਮੇਂ ਅਨੁਸਾਰ ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੋਲੇ ਮਹੱਲੇ ਦੇ ਤਿਉਹਾਰ 'ਤੇ ਸ੍ਰੀ ਅਨੰਦਪੁਰ ਸਾਹਿਬ ਆਉਣ ਲਈ ਚਿੱਠੀ ਭੇਜੀ ਮੰਨਦਾ ਹੈ। ਚਿੱਠੀ ਰਾਹੀਂ ਆਏ ਸੁਨੇਹੇ ਨੂੰ ਯਾਦ ਵਿੱਚ ਸਾਂਭ ਕੇ ਰੱਖਣਾ ਅਤੇ ਫਿਰ ਉੱਥੇ ਜਾਣਾ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ।

ਨੀਲੀਆਂ ਪੀਲੀਆਂ ਪੱਗਾਂ ਬੰਨ੍ਹ ਕੇ ਸਿੰਘ ਦਸਮੇਸ਼ ਦੇ,
ਖੇਡਣ ਹੋਲਾ ਅਨੰਦਪੁਰ ਸਾਬ 'ਚ ਆਉਂਦੇ,
ਖੇਡਣ ਗਤਕਾ ਘੋੜਿਆਂ 'ਤੇ ਬਹਿ ਕੇ ਬਈ,
ਆਈਆਂ ਸੰਗਤਾਂ ਨੂੰ ਫਿਰ ਆਪਣੇ ਜੌਹਰ ਦਿਖਾਉਂਦੇ,
ਮੇਰੇ ਬਾਜ਼ਾਂ ਵਾਲੇ ਮਾਹੀ ਆ ਕੇ ਅਨੰਦਪੁਰ 'ਚ,
ਆਪਣੇ ਹੱਥੀ ਸੰਗਤਾਂ 'ਤੇ ਰੰਗ ਵਰਸਾਉਂਦੇ।[90]

ਇਨ੍ਹਾਂ ਸਤਰਾਂ ਵਿੱਚ ਲੇਖਕ ਜੀਵੰਤ ਸਿਮਰਤੀ ਵਾਲੀ ਵਿਸ਼ੇਸ਼ਤਾ ਅਨੁਸਾਰ ਕਹਿਣਾ ਚਾਹੁੰਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਆਉਣ ਵਾਲੇ ਸਿੰਘਾਂ ਦੇ ਸਿਰਾਂ 'ਤੇ ਦਸਤਾਰਾਂ ਦੇ ਰੰਗਾਂ ਅਤੇ ਉਹਨਾਂ ਦੇ ਘੋੜਿਆਂ 'ਤੇ

---

88 ਜਿੰਦਰ (ਐਤਵਾਰ, 16 ਜੂਨ, 2019) "ਨੰਦ ਲਾਲ ਨੂਰਪੁਰੀ ਜੀਵਨ ਅਤੇ ਰਚਨਾ" *ਪੰਜਾਬੀ ਟ੍ਰਿਬਿਊਨ*, ਪੰ. 7.

89 www.Youtube/ *Hola Mohalla A Gaya By Deepak Mann,* 8 may 2013.

90 www.Youtube/ *Hola Mohalla A Gaya By Deepak Mann,* 8 may 2013.

ਬਹਿ ਕੇ ਗੱਤਕਾ ਖੇਡਣ ਵਰਗੇ ਜੌਹਰ ਦਿਖਾਉਣ ਦੇ ਨਾਲ-ਨਾਲ ਸੰਗਤ ਖੁਦ ਬਾਜਾਂ ਵਾਲੇ ਦੀ ਹਾਜ਼ਰੀ ਦਾ ਅਨੁਭਵ ਕਰਦੀ ਹੈ। ਉਸ ਸਮੇਂ ਹਾਜ਼ਰ ਸੰਗਤ ਗੁਰੂ ਨਾਲ ਆਪਣੀ ਸਾਂਝ ਪਾਉਂਦੀ ਹੈ, ਗੁਰੂ ਦਰਸ਼ਨ ਸਿੱਖ ਸੰਗਤ ਨੂੰ ਤਾਜ਼ਗੀ ਬਖਸ਼ਦਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਹਾਜ਼ਰ ਹੋ ਕੇ ਆਪ ਮਿਹਰ ਭਰੇ ਰੰਗਾਂ ਦੀ ਖ਼ੁਸ਼ਬੋ ਬਿਖੇਰਦੇ ਹਨ। ਗੀਤਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੇ ਦ੍ਰਿਸ਼ ਨੂੰ ਮੁੱਢ ਤੋਂ ਲੈ ਕੇ ਅਜੋਕੇ ਸਮੇਂ ਤੱਕ ਦੇ ਪ੍ਰਸੰਗ ਨੂੰ ਪੇਸ਼ ਕੀਤਾ ਹੈ, ਜਿਵੇਂ ਗੀਤਕਾਰ ਹੋਲੇ-ਮਹੱਲੇ ਵਾਲੀ ਥਾਂ ’ਤੇ ਆਪ ਖੜ੍ਹ ਕੇ ਸਾਰਾ ਕੁੱਝ ਦੇਖ ਕੇ ਬਿਆਨ ਕਰ ਰਿਹਾ ਹੈ, ਇਹੋ ਹੀ ਸਿਮਰਤੀ ਦਾ ਹਿੱਸਾ ਹੈ। ਇਸ ਲਈ ਹਰ ਸਿੱਖ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਦੀ ਖਿੱਚ ਬਣੀ ਰਹਿੰਦੀ ਹੈ।

ਗੀਤ ਸ੍ਰੋਤਿਆਂ ਨੂੰ ਆਪਣੇ ਨਾਲ ਜੋੜਦੇ ਹਨ ਪਰੰਤੂ ਸ੍ਰੀ ਅਨੰਦਪੁਰ ਸਾਹਿਬ ਦੀ ਸਿਫ਼ਤ ਵਿੱਚ ਲਿਖੇ ਗੀਤ ਸ੍ਰੋਤਿਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਨਾਲ ਜੋੜਦੇ ਹਨ। ਸਿੱਖ ਸਿਮਰਤੀ ਸ੍ਰੀ ਅਨੰਦਪੁਰ ਸਾਹਿਬ ਆਦਿ-ਅੰਤ ਤੋਂ ਵਸਦਾ ਅਤੇ ਖ਼ੁਸ਼ਹਾਲੀ ਵਿੱਚ ਵੱਸਦਾ ਰਹਿਣ ਵਾਲਾ ਨਗਰ ਹੈ। ਲੇਖਕ ਇਸ ਦੀ ਸਿਫ਼ਤ ਕੌਮ ਦੇ ਗਹਿਣੇ ਵਜੋਂ ਕਰਦਾ ਹੈ।

ਇਹ ਆਦਿ ਅੰਤ ਤੋਂ ਵਸਦੀ ਏ, ਰੰਗਾਂ ਵਿਚ ਵਸਦੀ ਰਹਿਣਾ ਏਂ।
ਕੀ ਕਰਾਂ ਮੈਂ ਸਿਫ਼ਤ ਅਨੰਦ ਪੁਰੀ ਦੀ, ਇਹ ਕੌਮ ਦਾ ਕੀਮਤੀ ਗਹਿਣਾ ਏਂ।[91]

ਇਸੇ ਤਰ੍ਹਾਂ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਸਿੱਖ ਕੌਮ ਦੇ ਕੀਮਤੀ ਗਹਿਣੇ ਵਜੋਂ ਸੰਭਾਲ ਕੇ ਰੱਖਣ ਵਾਲੀ ਨਿਆਮਤ ਹੈ।

ਜਦੋਂ ਇੱਥੇ ਕਲਗੀਆਂ ਵਾਲੇ ਨੇ, ਸਾਜਿਆ ਪੰਥ ਪਿਆਰਾ ਏਂ।
ਦੱਸ ਦਿੱਤਾ ਆਪਣੇ ਖ਼ਾਲਸੇ ਨੂੰ, ਨਾ ਕਰਨਾ ਜ਼ੁਲਮ ਨਾ ਸਹਿਣਾ ਏਂ।
ਕੀ ਕਰਾਂ ਮੈਂ ਸਿਫ਼ਤ ਅਨੰਦ ਪੁਰੀ ਦੀ, ਇਹ ਕੌਮ ਦਾ ਕੀਮਤੀ ਗਹਿਣਾ ਏਂ।[92]

ਲੋਕ ਪਵਿੱਤਰ ਸਮੇਂ ਅਤੇ ਸਥਾਨ ਵਿੱਚ ਰਹਿਣਾ ਪਸੰਦ ਕਰਦੇ ਹਨ। ਕਵੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਿੱਖ ਕੌਮ ਦਾ ਕੀਮਤੀ ਗਹਿਣਾ ਕਹਿ ਕੇ ਮਾਣ ਸਤਿਕਾਰ ਦਿੰਦਾ ਹੋਇਆ ਸਵਰਗਾਂ ਤੋਂ ਵੀ ਸੋਹਣੀ ਪਵਿੱਤਰ ਥਾਂ ਦੱਸਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਾਵਨ ਸਥਾਨ ’ਤੇ ਖ਼ਾਲਸਾ ਪੰਥ ਦੀ ਸਾਜਨਾ

---

[91] ਲਾਭ ਸਿੰਘ ਚਤਾਮਲੀ (2013) *ਸਿੱਖੀ ਨਾਲ ਪਿਆਰ*, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, ਪੰ. 57.

[92] --ਉਹੀ---

ਕਰਕੇ ਖ਼ਾਲਸੇ ਨੂੰ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਕੀਤਾ ਹੈ। ਸਿੱਖ ਸਿਮਰਤੀ ਇਸ ਗੱਲ ਤੋਂ ਸ੍ਰੀ ਅਨੰਦਪੁਰ ਸਾਹਿਬ ਵਿੱਚ ਦ੍ਰਿੜ ਵਿਸ਼ਵਾਸ਼ ਰੱਖਦੀ ਹੈ ਕਿ ਇੱਥੋਂ ਦੀ ਵਿਚਾਰਧਾਰਾ ਨੇ ਨਾ ਕਦੇ ਜ਼ੁਲਮ ਕਰਨਾ ਹੈ ਅਤੇ ਨਾ ਹੀ ਕਦੇ ਸਹਿਣਾ ਹੈ। ਸਿੱਖ ਸਿਮਰਤੀ ਸਿੱਖੀ ਦੇ ਵਿਕਾਸ, ਪ੍ਰਚਾਰ, ਪ੍ਰਸਾਰ ਤੇ ਪਿਆਰ ਵਿੱਚੋਂ ਨਿਕਲੀ ਜੀਵਨ ਜੁਗਤੀ ਹੈ ਅਤੇ ਲੇਖਕ ਦੀ ਸਿਮਰਤੀ ਅਧਿਐਨ, ਤਜ਼ਰਬਿਆਂ ਅਤੇ ਵੱਖੋ-ਵੱਖਰੇ ਸਰੋਤਾਂ ਤੋਂ ਇਕੱਠੀ ਕੀਤੀ ਗਈ ਹੁੰਦੀ ਹੈ। ਲੇਖਕ ਦੀ ਸਿਮਰਤੀ ਵਿਅਕਤੀਗਤ ਹੁੰਦੀ ਹੈ ਜਦੋਂ ਕਿ ਸਿੱਖ ਸਿਮਰਤੀ ਸਮੁੱਚਤਾ ਦਾ ਪ੍ਰਤੀਕ ਹੈ। ਕਵਿਤਾ ਨਿੱਜੀ ਹੁੰਦੀ ਹੈ। ਕਵਿਤਾ ਤੋਂ ਗੀਤ ਇਸ ਕਰਕੇ ਵੀ ਵੱਖਰੇ ਹੁੰਦੇ ਹਨ ਕਿ ਇਨ੍ਹਾਂ ਵਿੱਚ ਸ੍ਰੋਤਿਆਂ ਦੀ ਭਾਗੀਦਾਰੀ ਇਨ੍ਹਾਂ ਨੂੰ ਸਮੂਹਿਕ ਬਣਾਉਂਦੀ ਹੈ।

ਇਹ ਗੱਲ ਸਿੱਖ ਸਿਮਰਤੀ ਵਿੱਚ ਘਰ ਕਰ ਗਈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਨੇ ਲੋਕ-ਹਿੱਤਾਂ ਦੀ ਰਾਖੀ ਲਈ ਜਾਬਰ ਅਤੇ ਜ਼ੁਲਮ ਵਿਰੁੱਧ ਸੰਘਰਸ਼ ਕੀਤਾ ਹੈ। ਜੰਗਾਂ ਦੇ ਅਭਿਆਸ ਵਿੱਚ ਸਿੱਖਾਂ ਦੇ ਇਰਾਦੇ ਇਸ ਕਾਰਨ ਦ੍ਰਿੜ ਸਨ ਕਿਉਂਕਿ ਇਨ੍ਹਾਂ ਨੂੰ ਗੁਰੂ ‘ਤੇ ਭਰੋਸਾ ਸੀ। ਗੁਰੂ ਆਸਰੇ ਸਿੱਖ ਹਰ ਜੰਗ ਜਿੱਤ ਕੇ ਮੁੜਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਵਿਚਾਰਧਾਰਕ ਸਿਧਾਂਤ ਦੇ ਵਿਹਾਰ ਨੇ ਸਿੱਖ ਸਿਮਰਤੀ ਨੂੰ ਮਹਾਨ ਸਦਗੁਣ ਦਿੱਤੇ, ਜਿਨ੍ਹਾਂ ਨਾਲ ਜ਼ਬਰ-ਜ਼ੁਲਮ ਦੇ ਖਿਲਾਫ ਲੜਨ ਵਾਲੇ ਯੁੱਧ ਨੂੰ ਆਖਰੀ ਵਸੀਲੇ ਦੇ ਤੌਰ ’ਤੇ ਚਾਅ ਨਾਲ ਸਵੀਕਾਰ ਕਰਨਾ ਸਿਖਾਇਆ।

ਗੀਤ ‘ਪੰਜ ਸੂਰਮੇ’ ਵਿੱਚ ਗੀਤਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਖ਼ਾਲਸਾ ਸਾਜਨਾ ਸਮੇਂ ਗੁਰੂ ਸਾਹਿਬ ਵੱਲੋਂ ਪੰਜ ਸਿਰਾਂ ਦੀ ਮੰਗ ਦੇ ਬਿਰਤਾਂਤ ਨੂੰ ਪੇਸ਼ ਕੀਤਾ ਹੈ:-

> ਹੱਥ ਨੰਗੀ ਤਲਵਾਰ ਕਰੇ ਗੁਰੂ ਜੀ ਪੁਕਾਰ, ਭਾਗਾਂ ਵਾਲਾ ਹੈ ਵਿਸਾਖੀ ਦਾ ਦਿਹਾੜਾ ਅੱਜ,
> ਮੁੜਕੇ ਨਾ ਆਉਣਾ ਸੰਗਤੇ ਐਡੇ ’ਕੱਠ ਵਿੱਚੋਂ ਉੱਠੋ ਪੰਜ ਸੂਰਮੇ ਪੰਥ ਮੈਂ ਸਜਾਉਣਾ ਸੰਗਤੇ।
> ........ ਸਦਾ ਚੜ੍ਹਦੀ ਕਲਾ ਦੇ ਵਿਚ ਰਹੂਗਾ ਲੋਹਾ ਜ਼ਾਲਮਾਂ ਦੇ ਨਾਲ ਸਦਾ ਲਊਗਾ।
> ‘ਲਾਭ’ ਬਾਜਾਂ ਵਾਲਾ ਗੁਰੂ ਆਖੇ ਚਿੜੀਆਂ ਤੋਂ ਬਾਜਾਂ ਨੂੰ ਤੜਾਉਣਾ ਸੰਗਤੇ।
> ਐਡੇ ’ਕੱਠ ਵਿੱਚੋਂ ਉੱਠੋ ਪੰਜ ਸੂਰਮੇ ਪੰਥ ਮੈਂ ਸਜਾਉਣਾ ਸੰਗਤੇ।[93]

ਗੀਤਕਾਰ ਉਸ ਸਮੇਂ ਦਾ ਵਰਣਨ ਕਰਦਾ ਹੈ ਜਦੋਂ ਗੁਰੂ ਸਾਹਿਬ ਨੇ ਖ਼ਾਲਸਾ ਸਾਜਨਾ ਲਈ ਵੱਡੇ ਇੱਕਠ ਵਿੱਚੋਂ ਪੰਜ ਸੂਰਮਿਆਂ ਦੇ ਸੀਸ ਮੰਗੇ ਸਨ। ‘ਪੰਜ ਸੂਰਮੇ’ ਗੀਤ ਸ਼ਰਧਾ, ਪ੍ਰੇਮ ਨਾਲ ਭਰਿਆ ਹੋਇਆ

[93] ਲਾਭ ਸਿੰਘ ਚਤਾਮਲੀ (2013) *ਸਿੱਖੀ ਨਾਲ ਪਿਆਰ*, ਰਘਬੀਰ ਸਿੰਘ ਪ੍ਰਕਾਸ਼ਨ, ਚੰਡੀਗੜ੍ਹ, ਪੰ. 36.

ਇਹ ਗੀਤ ਸਿੱਖ ਸਿਮਰਤੀ ਨੂੰ ਅਜੋਕੇ ਦੌਰ ਵਿੱਚ ਨਵੇਂ ਸਿਰਿਓ, ਜ਼ਮਾਨੇ ਦੀ ਰੌਂ ਵਿੱਚ ਪੇਸ਼ ਕਰਕੇ ਮਨ 'ਤੇ ਪ੍ਰਭਾਵ ਪਾਉਂਦਾ ਹੈ। ਖ਼ਾਲਸਾ ਸਾਜਨਾ ਵੇਲੇ ਦੇ ਬਿਰਤਾਂਤ ਨੂੰ ਉਪਰੋਕਤ ਗੀਤ ਸਿਮਰਤੀ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਮੋਹਨ ਸਿੰਘ ਨੰਗਲਾਂ ਦੇ ਲਿਖੇ ਗੀਤ 'ਸ੍ਰੀ ਅਨੰਦਪੁਰ ਸਾਹਿਬ' ਵਿੱਚ ਸੰਗਤ ਨੂੰ ਸ੍ਰੀ ਅਨੰਦਪੁਰ ਸਾਹਿਬ ਵੱਲ ਜਾਂਦੇ ਹੋਏ ਦਿਖਾਇਆ ਹੈ:-

ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡ ਹੋ ਗਏ,
ਚੱਲ ਪਈਆਂ ਗੱਡੀਆਂ ਸਵਾਰ ਸਾਰੇ ਹੋ ਗਏ,
ਚਾਲੇ ਕੇਸਗੜ੍ਹ ਸਾਬ ਵੱਲ ਪਾਈਏ,
ਅਨੰਦਪੁਰ ਸਾਬ ਆ ਗਿਆ ਚੱਲੋ ਸੰਗਤੋਂ ਸੀਸ ਝੁਕਾਈਏ।
...ਦੂਰ ਦੂਰ ਜਾ ਕੇ ਵਸੇ ਜੋ ਆਪਣੀ ਲੈਂਡ ਤੋਂ,
ਉਹ ਵੀ ਚੱਲ ਆ ਗਏ, ਅਮਰੀਕਾ ਇੰਗਲੈਂਡ ਤੋਂ
ਗੱਲ 'ਨੰਗਲਾਂ' ਵਾਲੇ ਦੀ ਅਜ਼ਮਾਈਏ,
ਅਨੰਦਪੁਰ ਸਾਬ ਆ ਗਿਆ ਚੱਲੋ ਸੰਗਤੋਂ ਸੀਸ ਝੁਕਾਈਏ।[94]

ਗੀਤ ਵਿੱਚ ਸ਼ਰਧਾਲੂਆਂ ਨੂੰ ਤਿਆਰ-ਬਰ-ਤਿਆਰ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਹੋਲੇ-ਮਹੱਲੇ ਦੇ ਮੇਲੇ 'ਤੇ ਜਾਂਦੇ ਹੋਏ ਦਿਖਾਇਆ ਗਿਆ ਹੈ। ਗੀਤਕਾਰ ਨੇ ਸੰਗਤ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਬੜੀ ਸ਼ਰਧਾ ਭਾਵਨਾ ਨਾਲ ਸੀਸ ਝੁਕਾਉਣ ਭਾਵ ਸਮਰਪਿਤ ਹੋਣ ਲਈ ਕਹਿੰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਮੱਹਲੇ 'ਤੇ ਜਾ ਕੇ ਸੰਗਤਾਂ ਗੁਰੂ ਸਾਹਿਬ ਵੱਲੋਂ ਹੋਲੀ ਦੀ ਥਾਂ ਹੋਲੇ ਦੀ ਰੀਤ ਨੂੰ ਸਿਮਰਤੀ ਵਿੱਚ ਤਰੋ-ਤਾਜ਼ਾ ਕਰਦੀਆਂ ਹਨ। ਅਜੋਕੇ ਸਮੇਂ ਵਿੱਚ ਸੰਗਤ ਦੇ ਆਪਣੇ ਹੀ ਵੱਖੋ-ਵੱਖਰੇ ਤਰੀਕਿਆਂ ਨਾਲ ਸ਼ਰਧਾ ਅਤੇ ਉਤਸ਼ਾਹ ਨੂੰ ਪ੍ਰਗਟ ਕਰਨ ਵਾਲੇ ਦ੍ਰਿਸ਼ਾਂ ਦਾ ਵਰਣਨ ਕੀਤਾ ਗਿਆ ਹੈ ਕਿ ਲੋਕ ਆਪੋ-ਆਪਣੇ ਸਾਧਨਾਂ, ਸ਼ਰਧਾ ਮੁਤਾਬਿਕ ਸੇਵਾ ਅਤੇ ਚਾਅ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਨਮਸ਼ਕਾਰ ਕਰਨ ਜਾਂਦੇ ਹਨ। ਦੇਸ਼ਾਂ-ਵਿਦੇਸ਼ਾਂ ਤੋਂ ਆਉਂਦੀ ਸੰਗਤ ਦੇ ਉਤਸ਼ਾਹ ਨੂੰ ਵੀ ਪ੍ਰਗਟ ਕੀਤਾ ਗਿਆ ਹੈ, "ਸਿੱਖ ਦੁਨੀਆਂ ਦੇ ਵਿਚ ਰਹਿੰਦੇ ਨੇ, ਓਸ ਲਿਵ ਦੇ ਵਿਚ ਜਿਉਂਦੇ ਹਨ, ਜਿਸ ਵਿਚ ਦਸਮ ਪਾਤਸ਼ਾਹ ਨੇ ਅਨੰਦਪੁਰ ਦੇ ਵਿਚ

[94] www.Youtube/ANANDPUR SAHIB-DILRAJ/NEW PUNJABI SONG, 2016.

ਪਹਿਲੀ ਵਾਰ ਤੇਗ ਖਿੱਚ ਕੇ ਸੀਸ ਮੰਗਿਆ ਸੀ।"[95] ਵਿਦੇਸ਼ ਵਿੱਚ ਬੈਠੇ ਸਿੱਖ ਅੰਮ੍ਰਿਤ ਛਕਣ ਤੋਂ ਬਾਅਦ 'ਵਾਸੀ ਅਨੰਦਪੁਰ ਦੇ' ਕਹਾਉਂਦੇ ਹਨ ਅਤੇ ਉਨ੍ਹਾਂ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਕਾਸ਼ ਰੂਪ ਵਿਖਾਈ ਦਿੰਦਾ ਹੈ।

ਗੀਤ ਦੇ ਅੰਤ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਜੋ ਆਪਣੀ ਧਰਤੀ ਤੋਂ ਦੂਰ ਵਿਦੇਸ਼ਾਂ ਵਿੱਚ ਜਾ ਕੇ ਵਸ ਗਏ ਹਨ, ਉਹ ਵੀ ਹੋਲੇ ਮਹੱਲੇ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਨਤਮਸਤਕ ਹੋਣ ਲਈ ਆਉਂਦੇ ਹਨ ਕਿਉਂਕਿ ਅੱਜ ਵੀ ਉਹਨਾਂ ਦੀ ਸਿਮਰਤੀ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਨਾਲ ਜੁੜੀ ਹੋਈ ਹੈ। ਵਿਦੇਸ਼ਾਂ ਵਿੱਚ ਵਸੇ ਸਿੰਘ ਜਦੋਂ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਦੀ ਹਾਜ਼ਰੀ ਭਰਦੇ ਹਨ ਤਾਂ ਸਿਮਰਤੀ ਰਾਹੀਂ ਆਪਣੇ ਪਿਛੋਕੜ ਨਾਲ ਜੁੜਿਆ ਮਹਿਸੂਸ ਕਰਦੇ ਹਨ, ਜੋ ਕਿ ਪੀੜ੍ਹੀ ਦਰ ਪੀੜ੍ਹੀ ਸਿਮਰਤੀ ਦੇ ਰੁਪਾਤਰਿਤ ਹੋਣ ਦੀ ਉਦਾਹਰਨ ਹੈ।

ਪਾਲ ਦਾ ਲਿਖਿਆ ਗੀਤ 'ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦੇ ਸਿੰਘ' ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਪੱਖ ਜਿਵੇਂ ਗੁਰੂ ਤੇਗ਼ ਬਹਾਦਰ ਜੀ ਵੱਲੋਂ ਹਿੰਦੂ ਧਰਮ ਦੀ ਰੱਖਿਆ, ਖ਼ਾਲਸਾ ਸਾਜਨਾ ਆਦਿ ਨੂੰ ਸਿਮਰਤੀ ਰਾਹੀਂ ਉਜਾਗਰ ਕਰਦਾ ਹੈ:-

ਇਸ ਜੱਗ ਤੇ ਸ੍ਰੀ ਦਸਮੇਸ਼ ਵਰਗੀ ਕਰ ਸਕਦਾ ਘਾਲ ਕੋਈ ਨਹੀਂ,
ਜਿਹੜਾ ਬਾਲ ਵਾਰੇ ਐਸਾ ਪਿਤਾ ਕੋਈ ਨਹੀਂ,
ਜਿਹੜਾ ਪਿਤਾ ਵਾਰੇ ਐਸਾ ਬਾਲ ਕੋਈ ਨਹੀਂ,
........ਇਸੇ ਹੀ ਧਰਤੀ ਤੇ ਖ਼ਾਲਸੇ ਜੌਹਰ ਦਿਖਾਏ ਸੀ,
ਉਹਨਾਂ ਦੀ ਕੁਰਬਾਨੀ ਤਾਈ ਆਪਣਾ ਸੀਸ ਝੁਕਾਇਓ,
ਚੜ੍ਹਦੀਕਲਾ ਸਦਾ ਪੰਥ ਦੀ ਹੋਵੇ ਇਹ ਜੈਕਾਰੇ ਲਾਇਓ,
ਤੁਰੇ ਜਾਊ ਉਹਨਾਂ ਲੀਹਾਂ ਤੇ ਜੋ ਦਸਮੇਸ਼ ਨੇ ਪਾਈਆਂ ਨੇ,
ਉਸ ਦੇ ਸਦਕਾ ਸਿੱਖ ਕੌਮ ਨੂੰ ਜੱਗ ਦਿੱਤੀਆਂ ਵਡਿਆਈਆਂ ਨੇ। [96]

ਗੁਰੂ ਗੋਬਿੰਦ ਸਿੰਘ ਸਾਹਿਬ ਵਰਗਾ ਹੋਰ ਕੋਈ ਵੀ ਦੁਨੀਆਂ ਦੇ ਇਤਿਹਾਸ ਵਿੱਚ ਨਹੀਂ ਜਿਸ ਨੇ ਆਪਣਾ ਪਿਤਾ ਅਤੇ ਆਪਣੇ ਬੱਚੇ ਧਰਮ ਲਈ ਵਾਰੇ ਹੋਣ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦਾ ਸਾਹਿਤਕ

---

95 ਹਰਿੰਦਰ ਸਿੰਘ ਮਹਿਬੂਬ (2018) *ਸਿੱਖ ਸੁਰਤਿ ਦੀ ਪਰਵਾਜ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 148.

96 www.Youtube/ Anandpur Sahib Nu Jande Singh (Full song) Gaddi Chali Sachkhand Nu, 21 May, 2011.

ਸਿਮਰਤੀ ਵਿੱਚ ਮਹੱਤਵ ਪ੍ਰਗਟ ਕਰਦਾ ਹੋਇਆ ਗੀਤਕਾਰ ਸੰਗਤ ਨੂੰ ਪੰਥ ਦੀ ਚੜ੍ਹਦੀਕਲਾ ਦੇ ਗੀਤ ਗਾਉਣ ਲਈ ਕਹਿੰਦਾ ਹੈ। ਇਸ ਗੀਤ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਰੂਹਾਨੀ ਯਾਤਰਾ ਇਥੋਂ ਦੇ ਅਨੰਦਮਈ ਵਾਤਾਵਰਣ ਨੂੰ ਸਿਜਦਾ ਕਰਨ ਦੀ ਤਾਂਘ ਹੈ।

ਗਾਇਕ ਰਣਜੀਤ ਬਾਵਾ ਵੱਲੋਂ ਗਾਇਆ 'ਮੁੰਡਾ ਸਰਦਾਰਾਂ ਦਾ' ਗੀਤ ਵਿੱਚ ਲੇਖਕ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਤਸਵੀਰ ਅਤੇ ਉਸ ਦੇ ਮਹੱਤਵ ਨੂੰ ਉੱਘਾੜਦਾ ਹੈ:-

ਮੁੰਡਾ ਸਰਦਾਰਾਂ ਦਾ ਸਿਰ ਦਸਤਾਰ, ਗੱਲੇ ਵਿੱਚ ਖੰਡਾ,
ਅਨੰਦਪੁਰ ਨੂੰ ਜਾਂਦਾ ਏ, ਲਾ ਕੇ ਬੁਲਟ ਤੇ ਕੇਸਰੀ ਝੰਡਾ,
ਅਜੇ ਤਕ ਵੀ ਭੁੱਲਿਆ ਨਹੀਂ ਕੀਤੀ ਸਿੰਘਾਂ ਜੋ ਕੁਰਬਾਨੀ,
ਨਾਲੇ ਸਾਕੇ ਯਾਦ ਕਰੇ, ਨਾਲੇ ਪੜਦਾ ਏ ਗੁਰਬਾਣੀ,
ਨਾਲੇ ਚੇਤੇ ਕਰਦਾ ਏ, ਇਕ ਦੀਵਾਰ, ਇਕ ਬੁਰਜ ਠੰਢਾ,
ਮੁੰਡਾ ਸਰਦਾਰਾਂ ਦਾ ਸਿਰ ਦਸਤਾਰ, ਗੱਲੇ ਵਿੱਚ ਖੰਡਾ,
ਗੱਲ ਅਣਖਾਂ ਤੇ ਆਵੇ ਰਣ ਵਿੱਚ ਖੜਕਾਉਂਦਾ ਖੰਡਾ,
ਅਨੰਦਪੁਰ ਨੂੰ ਜਾਂਦਾ ਏ, ਲਾ ਕੇ ਬੁਲਟ ਤੇ ਕੇਸਰੀ ਝੰਡਾ।[97]

ਇਸ ਗੀਤ ਵਿੱਚ ਸ੍ਰੀ ਅਨੰਦਪੁਰ ਸਾਹਿਬ, ਬੁਲਟ ਅਤੇ ਕੇਸਰੀ ਝੰਡਾ ਜਿੱਥੇ ਸਿਮਰਤੀ ਨੂੰ ਕਾਲ ਦੀਆਂ ਸੀਮਾਵਾਂ ਤੋਂ ਪਾਰ ਜਾਣ ਦੇ ਪ੍ਰਤੀਕ ਹਨ ਉੱਥੇ ਇਸ ਗੀਤ ਵਿੱਚ ਸਿੱਖ ਸ਼ਹਾਦਤ ਦੀ ਯਾਦ ਤਾਜ਼ਾ ਕੀਤੀ ਗਈ ਹੈ ਅਤੇ ਨਾਲ ਹੀ ਰਣ ਵਿੱਚ, ਖੰਡਾ ਖੜਕਾਉਣਾ ਖ਼ਾਲਸੇ ਦਾ ਧਰਮ ਹੈ। ਉਪਰੋਕਤ ਬਿਰਤਾਂਤਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਅਤੇ ਇੱਥੇ ਪੈਦਾ ਹੋਇਆ ਖ਼ਾਲਸੇ ਦਾ ਇਤਿਹਾਸਕ ਮਹੱਤਵ ਅਤੇ ਵਿਰਾਸਤ ਦੀ ਅਮੀਰੀ ਨੂੰ ਮੰਨਿਆ ਗਿਆ ਹੈ। ਇੱਥੋਂ ਇਸ ਨਗਰ ਅਤੇ ਖ਼ਾਲਸੇ ਦਾ ਮਹੱਤਵ ਇਸ ਕਰਕੇ ਵੀ ਹੈ ਕਿ ਇਹ ਸਖਸ਼ੀਅਤ ਦੇ ਨਿਰਮਾਣ ਲਈ ਪ੍ਰੇਰਕ ਸ਼ਕਤੀ ਹੈ।

ਗੀਤਕਾਰ ਜ਼ੈਲਦਾਰ ਪ੍ਰਗਟ ਸਿੰਘ ਗੀਤ ਦੇ ਮੁੱਖ ਕਿਰਦਾਰ ਨੂੰ ਆਪਣੇ ਸਹੀ ਰਸਤੇ ਤੋਂ ਭਟਕ ਕੇ ਲੁੱਟਾਂ ਖੋਹਾਂ ਅਤੇ ਨਸ਼ੇ ਵੇਚਣ ਦੇ ਮੰਦੇ ਕਾਰੋਬਾਰ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਇੱਕ ਖ਼ਾਲਸੇ ਨੂੰ ਮਿਲਣ ਉਪਰੰਤ ਉਸ ਦੇ ਜੀਵਨ ਵਿੱਚ ਆਏ ਬਦਲਾਅ ਬਾਰੇ ਗੱਲ ਕਰਦਾ ਹੈ। ਨਸ਼ਾ ਪੁਰਾਣੀ ਸਮੱਸਿਆ ਹੈ, ਜਿਸਦਾ

---

[97] www.Youtube/ Munda Sardara Da- Ranjit Bawa Feat. Harnav Bir Singh, Panjaab Records, 7 jun 2014.

ਹੱਲ ਧਰਮ ਦੀਆਂ ਭੌਤਿਕ ਕਦਰਾਂ-ਕੀਮਤਾਂ ਵਿੱਚੋਂ ਲੱਭਿਆ ਜਾ ਸਕਦਾ ਹੈ। ਉਹ ਆਪਣੇ ਨਵੇਂ ਜੀਵਨ ਦੀ ਸ਼ੁਰੂਆਤ ਲਈ ਬੁਲਟ ਮੋਟਰ ਸਾਈਕਲ ਉੱਤੇ ਝੰਡਾ ਲਾ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਨੂੰ ਜਾਂਦਾ ਹੈ। ਬੀਰ ਸਿੰਘ ਦੇ ਬੋਲ 'ਚੱਲ ਉੱਠ ਵੀਰਿਆ ਅਨੰਦਪੁਰ ਚੱਲੀਏ, ਪਾਪੀ ਜਰਵਾਣੇ ਫੇਰ ਨਰਕਾਂ ਨੂੰ ਘੱਲੀਏ' ਸੁਣ ਕੇ ਮੁੱਖ ਕਿਰਦਾਰ ਜ਼ੁਲਮ ਖ਼ਿਲਾਫ਼ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਡਟ ਕੇ ਖੜ ਜਾਂਦਾ ਹੈ। ਇਸ ਗੀਤ ਨਾਲ ਲੋਕ-ਮਾਨਸਿਕਤਾ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਸਿਮਰਤੀ ਦਾ ਸੰਬੰਧ ਪਤਾ ਲੱਗਦਾ ਹੈ ਕਿਉਂਕਿ ਪਹਿਲਾਂ ਬੁਰੇ ਕੰਮਾਂ ਵਿੱਚ ਫਸਿਆ ਵਿਅਕਤੀ ਜਦੋਂ ਆਪਣੇ ਆਪ ਨੂੰ ਬਦਲਣਾ ਚਾਹੇ ਜਾਂ ਸਿੱਧੇ ਰਸਤੇ 'ਤੇ ਚੱਲਣਾ ਚਾਹੁੰਦਾ ਹੈ ਤਾਂ ਉਹ ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਜਾਣ ਦੀ ਹੀ ਗੱਲ ਕਰਦਾ ਹੈ ਕਿਉਂਕਿ ਗੁਰੂ ਸਾਹਿਬ ਨੇ ਇੱਥੇ ਹੀ ਸਧਾਰਨ ਅਤੇ ਲਤਾੜੇ ਹੋਏ ਮਨੁੱਖਾਂ ਨੂੰ ਅਣਖ ਅਤੇ ਗ਼ੈਰਤ ਨਾਲ ਜਿਉਣ ਲਈ ਨਵਾਂ ਜਨਮ ਦਿੱਤਾ ਹੈ।

ਜਦੋਂ ਕਦੇ ਵੀ ਸਿੱਖ ਕੌਮ ਜਾਂ ਸਿੱਖਾਂ 'ਤੇ ਕੋਈ ਸੰਕਟ ਬਣਿਆ ਤਾਂ ਉਹਨਾਂ ਦੇ ਮੁੱਖ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਵੱਲ ਨੂੰ ਹੋਏ ਭਾਵ ਕਿ ਆਪਣੇ ਮੂਲ ਜਨਮ ਸਥਾਨ ਤੋਂ ਸੇਧ ਪ੍ਰਾਪਤ ਕਰਕੇ ਆਪਣੀਆਂ ਸਮਸਿਆਵਾਂ ਅਤੇ ਚੁਣੌਤੀਆਂ ਦਾ ਮੁਕਾਬਲਾ ਕਰਦੇ ਹਨ। ਗੀਤ ਤੋਂ ਪਤਾ ਲੱਗਦਾ ਹੈ ਕਿ ਅੱਜ ਦਾ ਸਿੱਖ ਨੌਜਵਾਨ ਜਿੱਥੇ ਕਈ ਤਰ੍ਹਾਂ ਦੇ ਨਸ਼ਿਆਂ ਅਤੇ ਪੱਛਮੀ ਪ੍ਰਭਾਵਾਂ ਵਿੱਚ ਆਪਣੀ ਪਛਾਣ ਗਵਾ ਚੁੱਕਾ ਹੈ। ਉੱਥੇ ਅੱਜ ਦੇ ਨੌਜਵਾਨਾਂ ਵਿੱਚ ਫਿਰ ਵੀ ਕਿਤੇ ਨਾ ਕਿਤੇ ਸਿੱਖ ਸਿਮਰਤੀ ਦੇ ਵਡਮੁੱਲੇ ਵਿਰਸੇ ਦੀ ਜਾਗ ਹੈ। ਉਹ ਆਪੋ-ਆਪਣੇ ਸਾਧਨਾਂ 'ਤੇ ਕੇਸਰੀ ਝੰਡੇ ਲਾ ਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦੇ ਹਨ। ਨੌਜਵਾਨਾਂ ਦਾ ਇਹ ਉਤਸ਼ਾਹ ਸਿਮਰਤੀ ਵਿੱਚ ਆਪਣੇ ਇਤਿਹਾਸ ਦਾ ਪੁਨਰ ਨਿਰਮਾਣ ਕਰਨ ਅਤੇ ਸਰਦਾਰੀਆਂ ਕਾਇਮ ਕਰਨ ਵਿੱਚ ਵੱਡੀ ਭੂਮਿਕਾ ਨਿਭਾ ਰਿਹਾ ਹੈ। ਸਿਰਫ਼ ਲੋੜ ਹੈ ਭੁੱਲੇ-ਭਟਕੇ ਨੌਜਵਾਨਾਂ ਨੂੰ ਉਹਨਾਂ ਦੀ ਸਿਮਰਤੀ ਵਿੱਚ ਪਈ ਅਣਖ, ਗੈਰਤ ਨੂੰ ਪੁਨਰ ਜਾਗ੍ਰਿਤ ਕਰਨ ਦੀ। ਇੱਥੋਂ ਸਿੱਖਾਂ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਬਾਰੇ ਇਹ ਸਪੱਸ਼ਟ ਹੈ ਕਿ ਜੇਕਰ ਕੋਈ ਆਪਣੀਆਂ ਭੁੱਲਾਂ ਬਖ਼ਸ਼ਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਆ ਜਾਵੇ ਤਾਂ ਗੁਰੂ ਉਹਨਾਂ ਨੂੰ ਚਰਨੀ ਲਾਉਂਦਾ ਹੈ। ਇਸ ਗੀਤ ਵਿੱਚੋਂ ਜੀਵੰਤ ਸਿਮਰਤੀ ਦੀ ਪੇਸ਼ਕਾਰੀ ਹੁੰਦੀ ਹੈ। ਸਿੱਖਾਂ ਦੇ ਮਨਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਸ਼ਰਧਾ ਅਤੇ ਸਤਿਕਾਰ ਹੈ ਜੋ ਹਮੇਸ਼ਾ ਕਾਇਮ ਰਹਿਣਾ ਹੈ।

ਲੋਕ ਮਨ ਦੀ ਅਵਸਥਾ ਨੂੰ ਬਿਆਨ ਕਰਦਾ ਗੀਤ 'ਕਿਤਾਬਾਂ ਵਾਲਾ ਰੱਖਣਾ' ਗੀਤ ਦਾ ਵਿਸ਼ਾ 1984 ਦੇ ਵਿੱਚ ਹੋਏ ਸਿੱਖ ਨਸ਼ਲਕੁਸ਼ੀ ਦੇ ਨਾਲ ਸੰਬੰਧਤ ਹੈ। ਗੀਤ ਦੀ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਜਦੋਂ ਉਸ ਭਿਆਨਕ ਦੌਰ ਵਿੱਚ ਪੰਜਾਬ ਦੇ ਬੇਕਸੂਰ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਕਿਵੇਂ ਮਾਰਿਆ ਗਿਆ ਪ੍ਰੰਤੂ ਇਸ ਗੀਤ ਦੇ ਅੰਤਲੇ ਬੰਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਜ਼ਿਕਰ ਹੈ। ਇਸ ਤੋਂ ਇਹ ਪਤਾ ਚੱਲਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਸਿੱਖ ਸਿਮਰਤੀ ਦਾ ਅਟੁੱਟ ਅੰਗ ਹੈ ਅਤੇ ਸਿੱਖ ਆਪਣੀਆਂ ਸਮਸਿਆਵਾਂ ਵਿੱਚੋਂ ਨਿਕਲਣ ਲਈ ਸ੍ਰੀ ਅਨੰਦਪੁਰ ਸਾਹਿਬ ਵੱਲ ਮੁਖ ਕਰਦੇ ਹਨ। ਇਸ ਪ੍ਰਕਾਰ ਸ੍ਰੀ ਅਨੰਦਪੁਰ ਸਾਹਿਬ ਵਰਤਮਾਨ ਤੋਂ ਵਿਰਾਸਤ ਵੱਲ ਮੁੜਨ ਦਾ ਪ੍ਰਤੀਕ ਵੀ ਹੈ।

ਭਟਕ ਗਏ ਨੇ ਭਾਵੇਂ ਗੱਭਰੂ, ਇਕ ਦਿਨ ਘਰ ਆਉਣਗੇ
ਮੁੱਖ ਹੋਣੇ ਆਨੰਦਪੁਰ ਵੱਲ ਨੂੰ, ਚੜ੍ਹਦੀ ਕਲਾ ਦੇ ਗੀਤ ਗਾਉਣਗੇ
ਜਿੰਨੀ ਜਿੰਨੀ ਵੈਰੀ ਅੱਤ ਚੁੱਕਣੀ, ਉੱਨਾ ਉੱਨਾ ਸਿਦਕਾਂ ਨੇ ਪੱਕਣਾ।[98]

ਗੀਤਕਾਰ ਲੋਕਾਂ ਦੀ ਮਾਨਸਿਕਤਾ ਦੇ ਲੱਛਣਾਂ ਨੂੰ ਬਿਆਨ ਕਰਦਾ ਹੈ ਕਿ ਅੱਜ ਕੱਲ੍ਹ ਦੇ ਗੱਭਰੂ ਭਾਵੇਂ ਆਪਣੇ ਰਾਹਾਂ ਤੋਂ ਭਟਕ ਗਏ ਭਾਵ ਆਪਣੀ ਮੂਲ ਵਿਚਾਰਧਾਰਾ ਨਾਲੋਂ ਟੁੱਟ ਗਏ ਹਨ ਪਰੰਤੂ ਇੱਕ ਦਿਨ ਅਜਿਹਾ ਆਵੇਗਾ ਜਦੋਂ ਉਹ ਆਪਣੇ ਮੂਲ ਸ੍ਰੀ ਅਨੰਦਪੁਰ ਸਾਹਿਬ ਨਾਲ ਜੁੜ ਜਾਣਗੇ ਅਤੇ ਚੜ੍ਹਦੀ ਕਲਾ ਦੇ ਗੀਤ ਗਾਉਣਗੇ। ਜਿੰਨਾ ਵੈਰੀ ਦਾ ਜ਼ੁਲਮ ਵਧੇਗਾ, ਉਸ ਦੇ ਸਾਹਮਣੇ ਸਿੱਖਾਂ ਦੇ ਸਿਦਕ ਹੋਰ ਵੀ ਪਰਪੱਕ ਹੋਣਗੇ। ਇਸ ਗੀਤ ਵਿੱਚ ਮੁੱਖ ਸ੍ਰੀ ਅਨੰਦਪੁਰ ਸਾਹਿਬ ਵੱਲ ਹੋਣ ਤੋਂ ਭਾਵ ਹੈ ਕਿ ਹਰੇਕ ਸਿੱਖ ਦੀ ਸਿਮਰਤੀ ਜਾਂ ਮਾਨਸਿਕਤਾ ਵਿੱਚ ਸ੍ਰੀ ਅਨੰਦਪੁਰ ਸਾਹਿਬ ਵੱਸਦਾ ਹੈ, ਜਦੋਂ ਕਦੇ ਵੀ ਭੀੜ ਪਈ ਤਾਂ ਉਹ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਦੇ ਹਾਮੀਂ ਬਣ ਕੇ ਜ਼ੁਲਮ ਖਿਲਾਫ਼ ਉੱਠ ਖੜਨਗੇ ਅਤੇ ਆਪਣੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਦਾ ਧਿਆਨ ਧਰ ਕੇ ਹੀ ਫੈਸਲੇ ਲੈਣਗੇ। ਸਿੱਖ ਕੌਮ ਉੱਤੇ ਸਮੇਂ ਦੀਆਂ ਸਰਕਾਰਾਂ ਨੇ ਭਾਵੇਂ ਬਹੁਤ ਜ਼ੁਲਮ ਕੀਤੇ ਪਰੰਤੂ ਸਦਾ ਚੜ੍ਹਦੀਕਲਾ ਵਿੱਚ ਰਹਿਣ ਵਾਲੀ ਕੌਮ ਔਖੇ ਸਮੇਂ ਵਿੱਚ ਆਪਣੀ ਸਿਮਰਤੀ ਰਾਹੀਂ ਗੁਰੂ ਦੀ ਯਾਦ ਵਿੱਚ ਭਰੋਸਾ ਕਰਦੀ ਹੋਈ ਬੇਨਤੀ ਕਰਦੀ ਹੈ। ਪੰਜਾਬ ਦੇ

---

[98] www.Youtube/ Kitaba Wala Rakhna/Manpreet/Harmanjeet/Rani Tatt/4, jun 2018.

ਬਹੁਤੇ ਗੀਤਕਾਰ ਖਾਸ ਕਰਕੇ ਢਾਡੀ ਅਤੇ ਕਵੀਸ਼ਰ ਜਦੋਂ ਕੋਈ ਜੋਸ਼ੀਲਾ ਗੀਤ ਗਾਉਂਦੇ ਹਨ ਤਾਂ ਗੀਤ ਦੇ ਸ਼ੁਰੂ ਵਿੱਚ ਇਹ ਸ਼ੇਅਰ ਜ਼ਰੂਰ ਗਾਉਂਦੇ ਹਨ।

ਤੇਰੇ ਖੰਡੇ ਨੇ ਜਿਨ੍ਹਾਂ ਦੇ ਮੂੰਹ ਮੋੜੇ, ਓ ਫੇਰ ਸਾਨੂੰ ਲਲਕਾਰਦੇ ਨੇ,
ਬਾਜ਼ਾਂ ਵਾਲਿਆਂ ਭੇਜ ਬਾਜ਼ ਮੁੜਕੇ, ਤਿੱਤਰ ਫੇਰ ਉਡਾਰੀਆਂ ਮਾਰਦੇ ਨੇ,[99]

ਇਸ ਰਾਹੀਂ ਬਾਜਾਂ ਵਾਲੇ ਗੁਰੂ ਗੋਬਿੰਦ ਸਿੰਘ ਨੂੰ ਯਾਦ ਕੀਤਾ ਜਾਂਦਾ ਹੈ ਕਿ ਜ਼ੁਲਮ ਦਾ ਖਾਤਮਾ ਕਰਨ ਲਈ ਉਹ ਆਪਣੇ ਬਾਜ ਨੂੰ ਮੁੜ ਭੇਜਣ। ਲੋਕ-ਕਾਵਿ ਦੀ ਇਹ ਮਿਸਾਲ ਅਜੋਕੇ ਦੌਰ ਵਿੱਚ ਹੋਰਾਂ ਸਿੱਖਾਂ ਨਾਲ ਜਬਰ ਜ਼ੁਲਮ ਦੀ ਦਾਸਤਾਨ ਪੇਸ਼ ਕਰਕੇ ਚੇਤੰਨ ਹੋਣ ਲਈ ਹਲੂਣਾ ਦਿੰਦੀ ਹੈ, ਜਿਹੜੀ ਕਿ ਲੋਕਾਂ ਦੀ ਸਮੂਹਕ ਸਿਮਰਤੀ ਦੀ ਵਿਸ਼ੇਸ਼ਤਾ ਦਾ ਪ੍ਰਗਟਾਵਾ ਕਰਦੀ ਹੈ।

ਗੀਤ 'ਅਨੰਦਪੁਰ ਨੂੰ ਜਾਣਾ?' ਵਿੱਚ ਵੈਰਾਗਮਈ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ ਕਿਉਂਕਿ ਹਰੇਕ ਜਗਿਆਸੂ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਂਭਣ ਦੇ ਨਾਲ-ਨਾਲ ਵੱਡੇ ਅਤੇ ਛੋਟੇ ਸਾਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੇ ਇੱਕ ਨਿਵੇਕਲੀ ਥਾਂ ਬਣਾਈ ਹੋਈ ਹੈ। ਜਿਸ ਨੂੰ ਯਾਦ ਕਰਕੇ ਉਹ ਵੈਰਾਗ ਵਿੱਚ ਆਉਂਦੇ ਹਨ ਅਤੇ ਸ਼ਹੀਦਾਂ ਦੀ ਸ਼ਹਾਦਤ ਉੱਤੇ ਮਾਣ ਵੀ ਮਹਿਸੂਸ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਸਿੱਖ ਅਵਚੇਤਨ ਦਾ ਹਿੱਸਾ ਹਨ ਜਿਨ੍ਹਾਂ ਨੂੰ ਸਿੱਖ ਯਾਦ ਰੁਪਾਂਤਰਤਿ ਕਰਦੀ ਰਹਿੰਦੀ ਹੈ।

ਰਾਤ ਹਨੇਰੀ ਬਿਜਲੀ ਕੜਕਦੀ ਗੁਰੂ ਗੋਬਿੰਦ ਦੇ ਲਾਲ
ਬੁੱਢੀ ਦਾਦੀ ਨੂੰ ਕਰਨ ਸਵਾਲ ਜੀ ਤੋਤਲੇ ਜਹੇ ਬੋਲਾ ਨਾਲ,
ਅਨੰਦਪੁਰ ਨੂੰ ਜਾਣਾ ਏ? ਜਾਂ ਅੰਮ੍ਰਿਤਸਰ ਨੂੰ ਜਾਣਾ ਏ?
ਸਾਨੂੰ ਵੀ ਦੱਸੋ ਦਾਦੀ ਜੀ ਕਿਹਦੇ ਘਰ ਨੂੰ ਜਾਣਾ ਏ?
ਅਨੰਦਪੁਰ ਨੂੰ ਜਾਣਾ ਏ? ਜਾਂ ਅੰਮ੍ਰਿਤਸਰ ਨੂੰ ਜਾਣਾ ਏ?
....ਅਨੰਦਪੁਰ ਨੂੰ ਨਹੀਂ ਜਾਣਾ, ਨਾ ਅੰਮ੍ਰਿਤਸਰ ਨੂੰ ਜਾਣਾ ਏ,
ਤਿੱਖੀ ਤਲਵਾਰ 'ਤੇ ਤੁਰ ਕੇ ਸਿੱਖੀ ਦੇ ਘਰ ਨੂੰ ਜਾਣਾ ਏ।[100]

---

[99] www.Youtube/Baja Walia Baz Nu Bhej Mud kae titer fir udaria mardae nae/ *satnam waheguru dharmik video status/* 3 oct, 2018.

[100] www.Youtube/ Anandpur Nu Jana/ Ravinder Grewal/ Sikh Devotional Songh/ Tedi Pag Recoeds, 20 Dec, 2015.

ਇਸ ਗੀਤ ਵਿੱਚ ਪਰਿਵਾਰ ਵਿਛੋੜਾ, ਗੰਗੂ ਦੀ ਗਦਾਰੀ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਆਦਿ ਵਿਸ਼ੇ ਨੂੰ ਪੇਸ਼ ਕੀਤਾ ਹੈ ਜਦੋਂ ਗੁਰੂ ਪਰਿਵਾਰ ਨੇ ਸਿੰਘਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡਿਆ ਤਾਂ ਉਸ ਸਮੇਂ ਸਰਸਾ ਨਦੀ ਦੇ ਕਿਨਾਰੇ ’ਤੇ ਪਰਿਵਾਰ ਦਾ ਵਿਛੋੜਾ ਪੈ ਗਿਆ। ਉਸ ਸਮੇਂ ਸਾਹਿਬਜ਼ਾਦਿਆਂ ਨੇ ਮਾਤਾ ਗੁਜਰੀ ਜੀ ਨੂੰ ਸਵਾਲ ਕੀਤਾ ਸੀ ਕਿ ਹੁਣ ਅਸੀਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾ ਰਹੇ ਹਾਂ ਜਾਂ ਅੰਮ੍ਰਿਤਸਰ ਵੱਲ ਨੂੰ ਜਾਣਾ ਹੈ, ਛੋਟੇ ਸਾਹਿਬਜ਼ਾਦੇ ਆਪਣੇ ਵੱਡੇ ਭਰਾਵਾਂ ਨੂੰ ਵੀ ਯਾਦ ਕਰਦੇ ਹੋਏ ਵਾਰ-ਵਾਰ ਆਪਣੀ ਦਾਦੀ ਮਾਤਾ ਨੂੰ ਇਹੀ ਸਵਾਲ ਦੁਹਰਾ ਰਹੇ ਸਨ ਕਿ ਅਸੀਂ ਹੁਣ ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਜਾ ਰਹੇ ਹਾਂ ਜਾਂ ਅੰਮ੍ਰਿਤਸਰ ਵੱਲ ਨੂੰ ਜਾਣਾ ਹੈ। ਲੇਖਕ ਦੀ ਸਿਮਰਤੀ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੋਵੇਂ ਸਥਾਨ ਅਕਾਲ ਪੁਰਖ ਦੇ ਹਨ ਕਿਉਂਕਿ ਸਾਹਿਬਜ਼ਾਦਿਆਂ ਨੇ ਸ਼ਹਾਦਤ ਉਪਰੰਤ ਉੱਥੇ ਹੀ ਜਾਣਾ ਹੈ।

ਗੀਤ ਦੇ ਅੰਤਲੇ ਭਾਗ ਬਹੁਤ ਹੀ ਭਾਵਨਾਤਮਕ ਦ੍ਰਿਸ਼ ਪੇਸ਼ ਕਰਦੇ ਹਨ, ਜਦੋਂ ਦਾਦੀ ਮਾਂ ਬੱਚਿਆਂ ਨੂੰ ਦੱਸਦੀ ਹੈ ਕਿ ਪੰਥ ਨੂੰ ਸਾਡੀ ਲੋੜ ਹੈ ਹੁਣ ਅਸੀਂ ਤਿੱਖੀ ਤਲਵਾਰ ’ਤੇ ਚੱਲ ਕੇ ਸਿੱਖੀ ਦੇ ਘਰ ਨੂੰ ਜਾ ਰਹੇ ਹਾਂ। ਇਸ ਗੀਤ ਨੂੰ ਸੁਣ ਕੇ ਉਸ ਸਮੇਂ ਦੇ ਹਲਾਤ ਨੂੰ ਸਿਮਰਤੀ ਰਾਹੀਂ ਪ੍ਰਗਟ ਕਰਕੇ ਵੈਰਾਗਮਈ ਦ੍ਰਿਸ਼ ਪੇਸ਼ ਹੁੰਦਾ ਹੈ। ਅਜਿਹੀ ਅਵਸਥਾ ਵਿੱਚ ਸਿਮਰਤੀ ਰਾਹੀਂ ਜਗਿਆਸੂ ਆਪਣੇ ਆਪ ਨੂੰ ਉਸ ਸਮੇਂ ਦਾ ਹਾਣੀ ਮੰਨਦਾ ਹੋਇਆ, ਆਪਣਾ ਸੀਸ ਗਰੂ ਦੇ ਲਾਲਾਂ ਦੇ ਚਰਨਾਂ ਵਿੱਚ ਝੁਕਾਉਂਦਾ ਹੈ। ਗੀਤਕਾਰ ਵੀ ਆਪਣੇ ਭਾਵਾਂ ਨੂੰ ਪ੍ਰਗਟ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਮਾਣ-ਮੱਤਾ ਇਤਿਹਾਸ ਲਿਖਣ ਜਾ ਰਹੇ ਹਨ ਜਿਹੜਾ ਆਪਣੇ ਆਪ ਵਿੱਚ ਇੱਕ ਵਿੱਲਖਣ ਅਤੇ ਨਿਵੇਕਲੀ ਕਿਸਮ ਦਾ ਹੋਵੇਗਾ।

ਸਿੰਮੀ ਸਿਮਰਨ ਦਾ ਗਾਇਆ ਗੀਤ ‘ਹੋਲਾ ਮਹੱਲਾ ਬਾਜ਼ਾਂ ਵਾਲੇ ਦਾ’ ਵਿੱਚ ਹੋਲੇ-ਮਹੱਲੇ ਦੇ ਵਿਸ਼ੇ ਨੂੰ ਮੁੱਖ ਰੱਖਿਆ ਗਿਆ ਹੈ, ਹੋਲੇ ਮਹੱਲੇ ਦੀ ਆਮਦ ਨਾਲ ਨਿਹੰਗ ਸਿੰਘ ਆਪਣੇ ਘੋੜੇ ਅਤੇ ਸ਼ਸਤਰ ਸਜਾ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਨੂੰ ਜਾਂਦੇ ਹਨ। ਹੋਲੇ ਮਹੱਲੇ ਦੇ ਦਿਨ ਸੰਗਤ ਰੰਗ ਬਰੰਗੀਆਂ ਦਸਤਾਰਾਂ ਸਜਾ ਕੇ ਵੱਡੇ ਇੱਕਠ ਦੇ ਰੂਪ ਵਿੱਚ ਗੁਰੂ ਦੀ ਪਾਵਨ ਨਗਰੀ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੀਆਂ ਹਨ। ਸਮੂਹ ਖ਼ਾਲਸੇ ਪੰਥ ਨੂੰ ਹੋਲੇ ਦੇ ਪਵਿੱਤਰ ਅਵਸਰ ’ਤੇ ਵਧਾਈਆਂ ਦੇਣ ਦੀ ਗੱਲ ਗੀਤਕਾਰ ਆਪਣੇ ਗੀਤ ਵਿੱਚ ਕਰਦਾ ਹੈ:-

ਹੋਲਾ ਖੇਡਣ ਨਿਹੰਗ ਸਿੰਘ ਆਉਂਦੇ ਨੇ,
ਚੜ ਘੋੜਿਆਂ 'ਤੇ ਜੌਹਰ ਦਿਖਾਉਂਦੇ ਨੇ,
.....ਹੋਲਾ ਮਹੱਲਾ ਅਨੰਦਪੁਰ ਦਾ ਜੀ ਸਭ ਸੰਗਤਾਂ ਨੂੰ ਹੋਣ ਵਧਾਈਆਂ,
ਪੱਗਾਂ ਪੀਲੀਆਂ ਤੇ ਨੀਲੀਆਂ ਸਜਾਈਆਂ ਨੇ,
ਭਰ ਭਰ ਗੱਡੀਆਂ ਟਰਾਲੀਆਂ ਵੀ ਆਈਆਂ ਨੇ,
ਜਦੋਂ ਖੇਡਦੇ ਗੁਲਾਲ ਫੇਰ ਬੋਲੇ ਸੋ ਨਿਹਾਲ,
ਲਿਖ 'ਨਾਨਕਪੁਰੀ' ਨੇ ਸੱਚ ਗਾਈਆਂ,
ਹੋਲਾ ਮਹੱਲਾ ਅਨੰਦਪੁਰ ਦਾ ਜੀ ਸਭ ਸੰਗਤਾਂ ਨੂੰ ਹੋਣ ਵਧਾਈਆਂ।[101]

ਗਾਇਕ ਜਸਬੀਰ ਸਿੰਘ ਵੱਲੋਂ ਗਾਇਆ ਗੀਤ 'ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ' ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੇ ਦ੍ਰਿਸ਼ ਨੂੰ ਜੀਵੰਤ ਸਿਮਰਤੀ ਵਿੱਚ ਪੇਸ਼ ਕਰਦੇ ਹੋਏ ਸਿੰਘਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਵੱਲ ਜਾਣ ਲਈ ਪ੍ਰੇਰਿਤ ਕੀਤਾ ਗਿਆ ਹੈ:-

ਚੱਲ ਪੈ ਅਨੰਦਪੁਰ ਵੱਲ, ਸਿੰਘਾਂ ਸੋਹਣਿਆਂ ਚੱਲ ਪੈ ਅਨੰਦਪੁਰ ਵੱਲ,
ਹੋਲਾ ਮਹੱਲਾ ਦੇਖੀ ਨਾਲੇ ਸਿੱਖੀ ਦਾ ਮਹੱਲ,
......ਵੈਰੀ ਨੂੰ ਕਾਬੂ ਰੱਖਣ ਦਾ 'ਚੀਮੇ' ਇਹੀਓ ਹੱਲ,
ਚੱਲ ਪੈ ਅਨੰਦਪੁਰ ਵੱਲ, ਸਿੰਘਾਂ ਸੋਹਣਿਆਂ ਚੱਲ ਪੈ ਅਨੰਦਪੁਰ ਵੱਲ।[102]

ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਦੀ ਸਿੱਖ ਸਿਮਰਤੀ ਵਿੱਚ ਮਹੱਤਵਪੂਰਨ ਭੂਮਿਕਾ ਨੂੰ ਨਿਮਨ ਲਿਖਤ ਅਨੁਸਾਰ ਪੇਸ਼ ਕੀਤਾ ਗਿਆ ਹੈ।

ਇੱਕ੍ਹੀਆਂ ਦੀ ਇਕੱਤੀ ਭਾਜੀ ਮੋੜ ਵਜੀਦੇ ਨੂੰ,
ਸਰਹੰਦ 'ਤੇ ਕਬਜ਼ਾ ਕਰ ਲਿਆ ਸੋਧ ਵਜੀਦੇ ਨੂੰ,
ਦਸਮ ਪਿਤਾ ਨਾਲ ਕੀਤੇ ਬਚਨ ਪੁਗਾਉਣੇ ਬੰਦੇ ਨੇ,
ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਕੇ ਆਉਣੇ ਬੰਦੇ ਨੇ।
.........ਨਾਲ ਖ਼ੂਨ ਦੇ ਲਿਖਿਆ ਏ ਇਤਿਹਾਸ ਖ਼ਾਲਸੇ ਦਾ,
'ਉਪਲਾ' ਦਾ ਕਰਨੈਲ ਸਦਾ ਲਈ ਦਾਸ ਖ਼ਾਲਸੇ ਦਾ,
ਖ਼ਾਲਸਿਆਂ ਦੇ ਦੁਸ਼ਮਣ ਮਾਰ ਮੁਕਾਉਣੇ ਬੰਦੇ ਨੇ,
ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਕੇ ਆਉਣੇ ਬੰਦੇ ਨੇ।[103]

---

101 www.Youtube/ Hola Mohalla Baajaan Wale Da (Full Song) Virasat-E-Khalsa, 13 April, 2012.

102 www.Youtube/ Hola Mohalla Anandpur Sahib/ Jasbir Cheema/ New Song 2018/ Global Punjab Tv, 21 Feb, 2018.

103 www.Youtube/ Anandpur Sahib De Daeshan by Kuldeep Manak (full Song) Khalse De Goonje Jaikare, 28 Nov, 2012.

ਸਿੱਖ ਸਿਮਰਤੀ ਵਿੱਚ ਜ਼ੁਲਮ ਖ਼ਿਲਾਫ ਲੜਨ ਲਈ ਗੁਰੂ ਸਾਹਿਬ ਪਾਸੋਂ ਪ੍ਰੇਰਨਾ ਅਤੇ ਆਸ਼ੀਰਵਾਦ ਲੈਣ ਦੀ ਪਰੰਪਰਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਥਾਪੜਾ ਲੈ ਕੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਹੈ। ਗੀਤਕਾਰ ਕਰਨੈਲ ਸਿਵੀਆ ਨੇ ਉਸ ਸਮੇਂ ਨੂੰ ਵਰਣਨ ਕੀਤਾ ਹੈ, ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ 'ਤੇ ਕਬਜ਼ਾ ਕੀਤਾ, ਸਰਹੰਦ 'ਤੇ ਕਬਜ਼ਾ ਕਰਨ ਤੋਂ ਬਾਅਦ ਅਤੇ ਵਜੀਦੇ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ ਬਾਬਾ ਬੰਦਾ ਸਿੰਘ ਬਹਾਦਰ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਲਈ ਤਾਂਘ ਰੱਖਦਾ ਹੈ। ਇਸ ਗੀਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸੂਰਮਗਤੀ ਦਾ ਬਿਆਨ ਕਰ ਕੇ, ਉਸ ਦੀਆਂ ਜਿੱਤਾਂ ਦਾ ਵਰਣਨ ਕਰਕੇ, ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਦੀ ਤਾਂਘ ਨੂੰ ਦਰਸਾਇਆ ਗਿਆ ਹੈ। ਇਸ ਤੋਂ ਸਾਬਿਤ ਹੁੰਦਾ ਹੈ ਕਿ ਗੁਰੂ ਦੇ ਅਤਿ ਪਿਆਰੇ ਸਿੱਖ ਕਿਵੇਂ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਆਪਣੀ ਸਿਮਰਤੀ ਨਾਲ ਧੁਰ ਅੰਦਰੋਂ ਜੁੜੇ ਹੋਏ ਹਨ।

ਸ੍ਰੀ ਅਨੰਦਪੁਰ ਸਾਹਿਬ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਸਿਮਰਤੀ ਇਸ ਤਰ੍ਹਾਂ ਜੁੜੀ ਸੀ ਕਿ ਉਹ ਮਸੂਮਾਂ ਉੱਤੇ ਜ਼ੁਲਮ ਕਰਨ ਵਾਲੇ ਦੋਸ਼ੀਆਂ ਨੂੰ ਸਬਕ ਸਿਖਾਉਣ ਤੋਂ ਬਾਅਦ ਗੁਰੂ ਕੀ ਨਗਰੀ ਦੇ ਦਰਸ਼ਨਾਂ ਲਈ ਜਾਣਾ ਚਾਹੁੰਦਾ ਹੈ। ਗੀਤਕਾਰ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਜਾ ਕੇ ਪੰਥ ਦੀ ਚੜ੍ਹਦੀਕਲਾ ਲਈ ਅਰਦਾਸਾ ਸੋਧਣਾ ਹੈ। ਗੀਤ ਦੇ ਅੰਤ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਿੰਘਾਂ ਦੀ ਯੋਗ ਅਗਵਾਈ ਕਰਨ ਅਤੇ ਖ਼ੂਨ ਦੇ ਕਤਰੇ-ਕਤਰੇ ਕੌਮ ਲੇਖੇ ਲਾਉਣ ਦੀ ਗੱਲ ਬਿਆਨ ਕਰਦਾ ਹੈ। ਗੀਤਕਾਰ ਭੂਤ ਨੂੰ ਵਰਤਮਾਨ ਨਾਲ ਜੋੜਦਾ ਹੈ। ਅਜੋਕੇ ਸਮੇਂ ਦੇ ਨਾਲ-ਨਾਲ ਪੁਰਾਤਨ ਸਿੱਖ ਅਤੇ ਸਮੂਹ ਖ਼ਾਲਸਾ ਵੀ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਆਪਣੀ ਸਿਮਰਤੀ ਦੇ ਰਾਹੀਂ ਜੁੜਿਆ ਰਹਿੰਦਾ ਹੈ।

ਗਾਇਕ ਅਤੇ ਗੀਤਕਾਰ ਵਿਨੋਦ ਫ਼ਕੀਰਾਂ ਨੇ ਗੀਤ 'ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ' ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਇਤਿਹਾਸ ਦੇ ਹਵਾਲੇ ਤੋਂ ਗੱਲ ਕਰਦਿਆਂ ਇੱਥੋਂ ਦੇ ਮਹੱਤਵ ਨੂੰ ਬਿਆਨ ਕੀਤਾ ਹੈ:-

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਮੇਰੇ ਸਤਿਗੁਰਾਂ ਭਾਗ ਲੱਗਾ ਦਿੱਤੇ।
ਭਾਗਾਂ ਭਰੀ ਵਿਸਾਖੀ ਨੂੰ ਪੰਜੇ ਸਿੰਘ ਸਜਾ ਦਿੱਤੇ,

ਪੰਥ ਖ਼ਾਲਸਾ ਸਾਜਣ ਲਈ ਮੇਰੇ ਗੁਰਾਂ ਦੀਵਾਨ ਸਜਾਇਆ,

ਇਕ ਸੀਸ ਦੀ ਲੋੜ ਹੈ ਮੈਨੂੰ ਮੁੱਖੋਂ ਫ਼ਰਮਾਇਆ,

ਇਕ ਇਕ ਕਰਕੇ ਪੰਜਾਂ ਦੇ ਗੱਲ ਹਾਰ ਫੁੱਲਾਂ ਦੇ ਪਾ ਦਿੱਤੇ।[104]

ਗੀਤ 'ਅਨੰਦਪੁਰ ਦੀ ਧਰਤੀ' ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਪੰਜ ਪਿਆਰੇ ਸਾਜਣ ਦੇ ਦ੍ਰਿਸ਼ ਨੂੰ ਸਿਮਰਤੀ ਦਾ ਅਧਾਰ ਬਣਾ ਕੇ ਪੇਸ਼ ਕੀਤਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਗੁਰੂ ਸਾਹਿਬ ਨੇ ਅਜਿਹਾ ਖ਼ਾਲਸਾ ਪੰਥ ਸਜਾਇਆ ਜਿਹੜਾ *'ਨਿਸਚੈ ਕਰ ਅਪਨੀ ਜੀਤ ਕਰੋ'* ਦੇ ਸੰਦੇਸ਼ ਨੂੰ ਪ੍ਰਗਟ ਕਰਦਾ ਹੈ। ਗੁਰੂ ਸਾਹਿਬ ਨੇ ਸੀਸ ਭੇਂਟ ਲੈ ਕੇ ਸ਼ਹਾਦਤ ਦੇ ਸਫ਼ਰ ਨੂੰ ਅਕਾਲ ਪੁਰਖ ਦੀ ਨਿਸ਼ਚੈ ਫਤਹਿ ਨਾਲ ਜੋੜਿਆ।

ਅਨੰਦਪੁਰ ਦੀ ਧਰਤੀ ਤੇ ਗੁਰੂ ਨੇ ਸਾਜੇ ਪੰਜ ਪਿਆਰੇ,
ਉਹਦੇ ਮੁੱਖ 'ਤੇ ਤੇਜ਼ ਬੜਾ, ਹੱਥ ਤਲਵਾਰ ਮੁੱਖ 'ਤੇ ਲਾਲੀ,
ਇੱਕ ਸੀਸ ਚਾਹੀਦਾ ਐ ਜੋ ਸਿੱਖ ਦੇਸ ਕੌਮ ਤੋਂ ਵਾਰੇ,
ਅਨੰਦਪੁਰ ਦੀ ਧਰਤੀ ਤੇ ਗੁਰੂ ਨੇ ਸਾਜੇ ਪੰਜ ਪਿਆਰੇ।
ਮੇਰਾ ਮੁਝ ਕੇ ਕੁਛ ਨਹੀਂ ਸਤਿਗੁਰੂ ਜੋ ਕਿਛੁ ਹੈ ਸੋ ਤੇਰਾ।[105]

ਗਾਇਕ ਕੇ. ਐੱਸ. ਮੱਖਣ, ਙਲਮਨ ਸਿੰਘ ਦੇ ਲਿਖੇ 'ਅਨੰਦਪੁਰ' ਗੀਤ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਪ੍ਰਾਪਤ ਦਾਤਾਂ ਨੂੰ ਬਿਆਨ ਕਰਕੇ ਲੱਖ-ਲੱਖ ਪ੍ਰਣਾਮ ਕਰਦਾ ਹੈ:-

ਰਹੇ ਵੱਸਦੀ ਗੁਰਾਂ ਦੀ ਨਗਰੀ, ਹੱਥ ਜੋੜ ਜੋੜ ਅਰਦਾਸ ਕਰਾਂ,
ਅਨੰਦਪੁਰ ਦੀ ਸੋਹਣੀ ਧਰਤੀ ਨੂੰ ਲੱਖ ਲੱਖ ਵਾਰੀ ਪ੍ਰਣਾਮ ਮੇਰਾ।
ਇੱਥੇ ਦਿਲ ਦੀਆਂ ਕਲੀਆਂ ਖਿਲਦੀਆਂ ਨੇ, ਮੋਇਆ ਨੂੰ ਜ਼ਿੰਦਗੀਆਂ ਮਿਲਦੀਆਂ ਨੇ,
ਆਸਾਂ ਪੂਰੀਆਂ ਹੁੰਦੀਆਂ ਦਿਲ ਦੀਆਂ ਨੇ, ਸਦਾ ਵੱਸਦਾ ਰਹੇ ਗੁਰਧਾਮ ਮੇਰਾ,
.....ਇਹਨੇ ਕੀਤੀ ਰਹਿਮਤ ਭਾਰੀ ਏ, ਸਾਨੂੰ ਮਿਲੀ ਇਥੋਂ ਸਰਦਾਰੀ ਏ।[106]

---

104 www.Youtube/Anandpur Sahib Di Dharti/ Azad Entertainer/ DD Punjabi/ Vasiakhi Programe, 14 jan, 2016.

105 www.Youtube/ANANDPUR DI DHARTI BY AMRINDER BOBBY/QURBQNI/19 DEC, 2015.

106 www.Youtube/Anandpur- K. S. Makhan/ 1 June, 2013.

ਇਸ ਗੀਤ ਵਿੱਚ ਲੇਖਕ ਸਿੱਖਾਂ ਦੀ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਸਮੂਹਕ ਸਿਮਰਤੀ ਦਾ ਜ਼ਿਕਰ ਕਰਦਾ ਹੈ, ਕਿਉਂਕਿ ਇੱਥੇ ਲੋਕਾਂ ਦੀ ਇਨਕਲਾਬੀ ਚੇਤਨਾ ਵਿੱਚ ਹੱਕ-ਸੱਚ, ਇਨਸਾਫ਼, ਉੱਚੀਆਂ-ਸੁੱਚੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦਿੰਦਿਆਂ ਆਪਸੀ ਪ੍ਰੇਮ ਭਾਵਨਾ ਕਾਇਮ ਰੱਖਣ ਲਈ ਪ੍ਰੇਰਿਤ ਕਰਦੀ ਹੈ। ਜ਼ੁਲਮ ਅਤੇ ਅੱਤਿਆਚਾਰ ਦੇ ਨਾਲ-ਨਾਲ ਬੇਇਨਸਾਫੀ ਵਰਗੀਆਂ ਤਾਕਤਾਂ ਦੇ ਨਾਲ ਸੰਘਰਸ਼ ਕਰਨਾ ਸਿਖਾਉਂਦੀ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਸਿੱਖ ਕੌਮ ਨੂੰ ਸਰਦਾਰੀਆਂ ਦੀ ਬਖ਼ਸ਼ਿਸ਼ ਹੋਈ ਹੈ। ਸਿੱਖ ਹਰ ਜਿੱਤ ਜਾਂ ਪ੍ਰਾਪਤੀ ਗੁਰੂ ਆਸਰੇ ਹਾਸਲ ਕਰਦੇ ਹਨ। ਸਿੱਖ ਸਿਮਰਤੀ ਵਿੱਚ ਗੁਰੂ ਅੰਗ-ਸੰਗ ਸਹਾਈ ਹੁੰਦਾ ਹੈ।

ਲਾਭ ਚਤਾਮਲੀ ਨੇ ਆਪਣੇ ਗੀਤ 'ਗੁਰੂ ਜੀ ਨਾ ਜਾਵੋ' ਵਿੱਚ ਉਸ ਸਮੇਂ ਨੂੰ ਪੇਸ਼ ਕੀਤਾ ਹੈ ਜਦੋਂ ਗੁਰੂ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਛੱਡ ਕੇ ਜਾ ਰਹੇ ਸਨ:-

ਮੇਰਾ ਜ਼ਰਰਾ ਜ਼ਰਰਾ ਕੂਕਦਾ ਏ, ਵਿਛੋੜਾ ਨਾ ਪਾਵੋ, ਨਾ ਪਾਵੋ।
ਕਹਿੰਦੀ ਧਰਤੀ ਆਨੰਦ ਪੁਰ ਦੀ, ਗੁਰੂ ਜੀ ਨਾ ਜਾਵੋ, ਨਾ ਜਾਵੋ।
ਤੇਰੇ ਨਾਲੇ ਦਾਤਾ ਜੀ ਰੌਣਕ, ਖੰਭ ਲਾਕੇ ਉਡ ਜਾਣੀ।
ਤੇਰੇ ਨੂਰੀ ਮੁਖੜੇ ਦੇ, ਦਰਸ਼ਨ ਕਰੂਗੀ ਕਿਵੇਂ ਨਿਮਾਣੀ।
.......'ਕੱਲੀ ਧਰਤੀ ਰੋਂਦੀ ਨਾ, ਕਹਿੰਦਾ 'ਲਾਭ ਚਤਾਮਲੀ ਵਾਲਾ'।
ਵੇਖੋ ਰੋਂਦੇ ਪੰਛੀਆਂ ਦੇ, ਹੌਸਲੇ ਨਾ ਢਾਹਵੋ।
ਕਹਿੰਦੀ ਧਰਤੀ ਆਨੰਦ ਪੁਰ ਦੀ, ਗੁਰੂ ਜੀ ਨਾ ਜਾਵੋ, ਨਾ ਜਾਵੋ।[107]

ਗੀਤਕਾਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਹਰੇਕ ਜ਼ਰਰਾ-ਜ਼ਰਰਾ, ਪੌਣ-ਪਾਣੀ, ਪੰਛੀ ਆਦਿ ਗੁਰੂ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਨਾ ਛੱਡ ਕੇ ਜਾਣ ਲਈ ਬੇਨਤੀ ਕਰਦੇ ਹਨ। ਸ੍ਰੀ ਅਨੰਦਪੁਰ ਸਾਹਿਬ ਛੱਡਣ ਵੇਲੇ ਗੁਰੂ ਪਿਆਰਿਆਂ ਦੇ ਮਨਾਂ ਵਿੱਚ ਵੈਰਾਗ ਅਤੇ ਵਿਛੋੜੇ ਦੀ ਦਸ਼ਾ ਦਾ ਬਿਰਤਾਂਤ ਹੈ। ਜਿਹੜਾ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਉਪਜੇ ਸਨੇਹ ਨੂੰ ਪ੍ਰਗਟ ਕਰਦਾ ਹੈ।

ਲਾਭ ਚਤਾਮਲੀ ਵਾਲੇ ਨੇ ਆਪਣੇ ਗੀਤ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਸਾਰੇ ਸੰਸਾਰ ਵਿੱਚੋਂ ਜਿਆਦਾ ਸਤਿਕਾਰਯੋਗ ਮੰਨਦਾ ਹੈ। ਸਿੱਖਾਂ ਦੀ ਜੀਵੰਤ ਸਿਮਰਤੀ ਦਾ ਹਿੱਸਾ ਹੈ:-

---

[107] ਲਾਭ ਸਿੰਘ ਚਤਾਮਲੀ (2013) *ਸਿੱਖੀ ਨਾਲ ਪਿਆਰ*, ਰਘਬੀਰ ਸਿੰਘ ਪ੍ਰਕਾਸ਼ਨ, ਚੰਡੀਗੜ੍ਹ, ਪੰ. 114.

ਸਤਿਕਾਰ ਆਨੰਦਪੁਰ ਸਾਹਿਬ ਦਾ ਹੈ ਜੀ, ਕੁੱਲ ਦੁਨੀਆਂ ਵਿਚ ਭਾਰੀ।
ਵਿਰਾਸਤ-ਏ-ਖ਼ਾਲਸਾ ਕੇਂਦਰ ਦੀ ਜਦ, ਹੋ ਗਈ ਇੱਥੇ ਉਸਾਰੀ।
ਜੱਗ 'ਚ ਹੋ ਗਈ ਚਰਚਾ ਬਣ ਗਿਆ, ਲੋਕੋ ਹੋਰ ਮਹਾਨ।
........'ਲਾਭ ਚਤਾਮਲੀ' ਤੋਂ ਨਾ ਹੋਵੇ, ਮਹਿਮਾ ਇਹਦੀ ਬਿਆਨ।[108]

ਗੀਤਕਾਰ 'ਵਿਰਾਸਤ ਏ ਖ਼ਾਲਸਾ' ਦਾ ਜ਼ਿਕਰ ਕਰਦਾ ਹੈ ਕਿ ਇਹ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸ਼ੋਭਨੀਕ ਹੈ। ਗੀਤ ਵਿੱਚ ਵਿਰਾਸਤ ਏ ਖ਼ਾਲਸਾ ਦੇ ਪੱਖ ਨੂੰ ਉਜਾਗਰ ਕਰਦਿਆਂ ਇਸ ਦੀ ਮਹਿਮਾ ਬਿਆਨ ਕੀਤੀ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲਾਂ ਹੀ ਵਧੇਰੇ ਮਹਾਨਤਾ ਹੈ ਅਤੇ ਵਿਰਾਸਤ ਏ ਖ਼ਾਲਸਾ ਨਾਲ ਇਸ ਪਾਵਨ ਨਗਰ ਦੀ ਮਹਾਨਤਾ ਵਿੱਚ ਹੋਰ ਵੀ ਵਾਧਾ ਹੋਇਆ ਹੈ। ਵਿਰਾਸਤ ਏ ਖ਼ਾਲਸਾ ਵਿੱਚ ਇਤਿਹਾਸ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਇਆ ਹੋਣ ਕਰਕੇ ਇਹ ਪੀੜ੍ਹੀ ਦਰ ਪੀੜ੍ਹੀ ਸਿਮਰਤੀ ਦੀ ਵਿਸ਼ੇਸ਼ਤਾ ਨੂੰ ਪ੍ਰਗਟ ਕਰਦਾ ਹੈ।

ਵਿਸਾਖੀ ਵਾਲਾ ਦਿਨ ਸੰਗਤੇ ਮੱਥਾ ਟੇਕ ਲੈ ਅਨੰਦਪੁਰ ਜਾ ਕੇ
ਓ ਦਰਸ਼ਨ ਅੱਜ ਵੀ ਹੁੰਦੇ ਬੈਠ ਮਨ ਨੂੰ ਤੂੰ ਜਰਾ ਧਿਆ ਕੇ॥
..... ਪੰਜਾਂ ਵਿੱਚ ਅੱਜ ਤੋਂ ਦੀਦਾਰੇ ਮੇਰੇ ਹੋਣਗੇ
ਪੰਜੇ ਇਹ ਅੱਜ ਤੋਂ ਪਿਆਰੇ ਮੇਰੇ ਹੋਣਗੇ।
ਓ ਹੁਕਮ ਸੁਣਾਇਆ ਗੁਰੂ ਜੀ ਪੰਜਾਂ ਪਿਆਰਿਆਂ ਨੂੰ ਸਾਹਮਣੇ ਖੜ੍ਹਾ ਕੇ
ਵਿਸਾਖੀ ਵਾਲਾ ਦਿਨ ਸੰਗਤੇ ਮੱਥਾ ਟੇਕ ਲੈ ਅਨੰਦਪੁਰ ਜਾ ਕੇ
ਓ ਦਰਸ਼ਨ ਅੱਜ ਵੀ ਹੁੰਦੇ ਬੈਠ ਮਨ ਨੂੰ ਤੂੰ ਜਰਾ ਧਿਆ ਕੇ॥[109]

ਗੀਤ ਵਿੱਚ ਸਿਮਰਤੀ ਨਾਲ ਜੁੜਿਆ ਪੱਖ ਉੱਘੜ ਕੇ ਸਾਹਮਣੇ ਆਉਂਦਾ ਹੈ ਕਿਉਂਕਿ ਇਸ ਗੀਤ ਵਿੱਚ ਗਾਇਕ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਆਪਣੀ ਸਿਮਰਤੀ ਵਿੱਚ ਦਸਮ ਪਾਤਸ਼ਾਹ ਨੂੰ ਯਾਦ ਕਰਨ ਦੇ ਨਾਲ-ਨਾਲ ਉਹਨਾਂ ਦੇ ਪ੍ਰਤੱਖ ਦਰਸ਼ਨ ਕਰਨ ਦੀ ਗੱਲ ਕਰਦਾ ਹੈ। ਗੀਤ ਵਿੱਚ ਸੰਗਤ ਇਕਾਗਰ ਚਿੱਤ ਹੋ ਕੇ ਸਮੂਹਿਕ ਸਿਮਰਤੀ ਰਾਂਹੀ ਪੰਜ ਪਿਆਰਿਆਂ ਦੀ ਅਦੁੱਤੀ ਸਾਜਨਾ ਨੂੰ ਵੀ ਯਾਦ ਕਰਦੀ ਹੈ।

---

[108] ਲਾਭ ਸਿੰਘ ਚਤਾਮਲੀ (2013) *ਸਿੱਖੀ ਨਾਲ ਪਿਆਰ*, ਰਘਬੀਰ ਸਿੰਘ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ. 115-6.

[109] www.Youtube/ BAISAKHI WALE DIN/ T-Series, 13 April, 2017

ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਦੇ ਸੰਦਰਭ ਵਿੱਚ ਦੋਗਾਣਾ 'ਸਾਰਾ ਪੰਜਾਬ ਆ ਗਿਆ' ਵਿੱਚ ਸਮੂਹਕ ਸਿਮਰਤੀ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ, ਕਿਉਂਕਿ ਹੋਲੇ ਮਹੱਲੇ ਵਾਲੇ ਦਿਨ ਸੰਗਤਾਂ ਸਮੂਹਕ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਨੂੰ ਆਉਂਦੀਆਂ ਹਨ:-

ਹੋ ਕੇ ਨੀਲੇ 'ਤੇ ਸਵਾਰ, ਆਈ ਸੱਚੀ ਸਰਕਾਰ,
ਅਨੰਦਪੁਰ ਦੀਆਂ ਰੌਣਕਾਂ ਨੂੰ ਭਾਗ ਲਾਉਣਗੇ,
ਹੋਲਾ ਖੇਡਣ ਨੂੰ ਬਾਜ਼ਾਂ ਵਾਲੇ ਆਪ ਆਉਣਗੇ,
ਸਿੰਘੋ ਲਾ ਦਿਓ ਜੈਕਾਰੇ ਹੁੰਦੀ ਜੈ ਜੈ ਕਾਰ ਸਾਰੇ,
..... ਹਰ ਕੋਈ ਪਿਆਸਾ ਬਾਜ਼ਾਂ ਵਾਲੇ ਦੇ ਦੀਦਾਰ ਦਾ,
ਲੱਗੇ ਲੰਗਰਾਂ ਦੀ ਸੇਵਾ ਸੇਵਕ ਕਮਾਉਣਗੇ,
ਹੋਲਾ ਖੇਡਣੇ ਨੂੰ ਬਾਜ਼ਾਂ ਵਾਲੇ ਆਪ ਆਉਣਗੇ,
ਦਿਨ 1699 ਦਾ ਯਾਦ ਆ ਗਿਆ,
ਹੋਲਾ ਦੇਖਣੇ ਨੂੰ ਸਾਰਾ ਹੀ ਪੰਜਾਬ ਆ ਗਿਆ।[110]

ਗੀਤ ਦੀਆਂ ਸਤਰਾਂ ਵਿੱਚ 1699 ਈ. ਦੀ ਵਿਸਾਖੀ ਨੂੰ ਯਾਦ ਕੀਤਾ ਜਾਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਜਾ ਕੇ ਬੀਤ ਚੁੱਕੇ ਸਮੇਂ ਨੂੰ ਯਾਦ ਕਰਨ ਦੇ ਨਾਲ-ਨਾਲ ਆਪਣੀ ਸਿਮਰਤੀ ਵਿੱਚ ਗੁਰੂ ਸਾਹਿਬ ਵੱਲੋਂ ਸਾਜੇ ਖ਼ਾਲਸੇ ਦੇ ਦਰਸ਼ਨ ਕਰਦੇ ਹਨ। ਇਸ ਗੀਤ ਵਿੱਚ ਅਜੋਕੇ ਸਮੇਂ ਵਿੱਚ ਸਿੱਖ ਸਿਮਰਤੀ ਦੇ ਰੂਪ ਵਿੱਚ ਹੋਲੇ-ਮਹੱਲੇ ਪ੍ਰਤੀ ਸਿੱਖਾਂ ਦੇ ਪਿਆਰ ਨੂੰ ਦਰਸਾਇਆ ਗਿਆ ਹੈ। ਤ੍ਰੈ-ਕਾਲੀ ਸਿਮਰਤੀ ਨਾਲ ਜੁੜੇ ਵਿਸ਼ੇ ਦਾ ਜ਼ਿਕਰ ਹਰਜੀਤ ਹਰਮਨ ਦੇ ਗਾਏ ਗੀਤ 'ਪੰਜਾਬ ਉਜਾੜਨ ਵਾਲੇ' ਵਿੱਚ ਪ੍ਰਾਪਤ ਹੁੰਦਾ ਹੈ:-

ਪੰਜਾਬ ਉਜਾੜਨ ਵਾਲੇ ਖ਼ੁਦ ਹੀ ਉੱਜੜ ਗਏ,
ਪੰਜਾਬ ਗੁਰਾਂ ਦੀ ਕਿਰਪਾ ਦੇ ਨਾਲ ਵੱਸਦਾ ਏ,
ਵੰਡਣ ਵਾਲੇ ਵੰਡ ਗਏ ਪੰਜ ਦਰਿਆਵਾਂ ਨੂੰ,
ਪਾਣੀ ਅੱਜ ਵੀ ਇੱਕੋ ਲਹਿ ਵਿੱਚ ਵਗਦਾ ਏ,
ਪੰਜਾਬ ਗੁਰਾਂ ਦੀ ਕਿਰਪਾ ਦੇ ਨਾਲ ਵੱਸਦਾ ਏ
ਕਈ ਹਕੂਮਤਾਂ ਜ਼ੋਰ ਲਾਇਆਂ ਨਾਂ ਖ਼ਤਮ ਹੋਏ,
ਸਿੱਖ ਕੌਮ ਤੇ ਹੱਥ ਵਾਹਿਗੁਰੂ ਰੱਖਦਾ ਏ,
ਬਾਈਧਾਰ ਦੇ ਰਾਜੇ ਕਦੋਂ ਦੇ ਖ਼ਤਮ ਹੋਏ,

---

110 www.Youtube/Saara Punjab Aa Gaya/Hola Mahaala Anadpur Da/ 10 may, 2011.

ਅੱਜ ਵੀ ਅਨੰਦਪੁਰ ਵਿੱਚ ਨਗਾਰਾ ਵੱਜਦਾ ਏ।[111]

ਗੀਤਕਾਰ ਜ਼ਿਕਰ ਕਰਦਾ ਹੈ ਕਿ ਸਿੱਖ ਕੌਮ ਅਤੇ ਪੰਜਾਬ 'ਤੇ ਬਹੁਤ ਜ਼ੁਲਮੀ ਝੱਖੜ ਝੁੱਲੇ ਪਰੰਤੂ ਪੰਜਾਬ ਦੇਸ ਗੁਰਾਂ ਦੀ ਕਿਰਪਾ ਨਾਲ ਵੱਸਦਾ ਏ। ਇਸ ਗੀਤ ਵਿੱਚ ਜ਼ਿਕਰ ਆਉਂਦਾ ਹੈ ਕਿ ਬਾਈਧਾਰ ਦੇ ਰਾਜੇ ਤਾਂ ਕਦੋਂ ਦੇ ਖ਼ਤਮ ਹੋ ਗਏ ਪਰੰਤੂ ਸ੍ਰੀ ਅਨੰਦਪੁਰ ਸਾਹਿਬ ਵਿੱਚ ਰਣਜੀਤ ਨਗਾਰਾ ਅੱਜ ਵੀ ਉਸੇ ਤਰ੍ਹਾਂ ਵੱਜਦਾ ਏ। ਸ੍ਰੀ ਅਨੰਦਪੁਰ ਸਾਹਿਬ ਵਿੱਚ ਅਜੋਕੇ ਸਮੇਂ ਵੱਜਦੇ ਰਣਜੀਤ ਨਗਾਰੇ ਦੀ ਗੜ੍ਹਕ ਸ੍ਰੀ ਅਨੰਦਪੁਰ ਸਾਹਿਬ ਦੇ ਸੰਬੰਧ ਵਿੱਚ ਹਰੇਕ ਸਿੱਖ ਦੀ ਸਿਮਰਤੀ ਨਾਲ ਜੁੜੀ ਹੋਈ ਅਹਿਮ ਤਰਜ਼ ਹੈ। ਇਹ ਤਰਜ਼ ਸਿੱਖਾਂ ਦੀ ਹੋਂਦ ਅਤੇ ਹਸਤੀ ਕਾਇਮ ਰਹਿਣ ਨਾਲ ਸੰਬੰਧਤ ਹੈ ਜਿਸ ਤੋਂ ਨਵ-ਚੇਤਨਾ ਵਾਲੀ ਸਿੱਖ ਸਿਮਰਤੀ ਉੱਭਰਦੀ ਹੈ।

ਭਾਈ ਤਾਰੂ ਸਿੰਘ ਦੀ ਸ਼ਹਾਦਤ ਨਾਲ ਸੰਬੰਧਤ ਗੀਤ 'ਖੋਪੜ' ਜਿਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਉਹਨਾਂ ਦੀ ਸਿਮਰਤੀ ਦਾ ਪ੍ਰਗਟਾਵਾ ਹੈ। ਗੀਤਕਾਰ ਭਾਈ ਤਾਰੂ ਸਿੰਘ ਦੀ ਸਿਮਰਤੀ ਵਿੱਚ ਵਸਦੇ ਸ੍ਰੀ ਅਨੰਦਪੁਰ ਸਾਹਿਬ ਦਾ ਜ਼ਿਕਰ ਕਰਦਾ ਹੈ।

ਵੇਲਾ ਹੋਇਆ, ਟੱਲ ਖੜਕਿਆ, ਮਿਟ ਗਏ ਨਾਂ-ਸਿਰਨਾਵੇਂ,
ਹਰ ਸ਼ੈਅ ਵਿੱਚੋਂ ਨਜ਼ਰੀ ਆਏ ਗੋਬਿੰਦ ਦੇ ਪਰਛਾਵੇਂ
ਨਵੇਂ ਸਿਰੇ ਤੋਂ ਸ਼ਸਤਰ ਵਾਹੇ, ਟੱਕ ਸਮੇਂ 'ਤੇ ਲਾਇਆ,
ਸਾਧ-ਜਨਾਂ ਦਾ ਆਸਣ ਬਣਗੀ, ਤੇਗ਼ ਦੀ ਸੁੱਚੀ ਕਾਇਆ
ਧੰਨ ਕਿਰਪਾਨਾਂ, ਧੰਨ ਮਸਕੀਨੀ, ਧੰਨ ਗੁਰ-ਸੰਤ ਸਿਪਾਹੀ,
ਬੱਝ ਨਾ ਸਕੇ ਸਰੀਰਾਂ ਅੰਦਰ ਇਸ਼ਕ ਦੇ ਵੇਗ ਇਲਾਹੀ
...ਜਿਹੜਾ ਵੱਸਦੈ ਤਾਰਿਓਂ ਪਾਰ ਖੋਪੜ, ਉਹਨੂੰ ਵੱਢ ਕੇ ਕਿਥੇ ਲੈ ਜਾਉਗੇ ਵੇ?[112]

ਇਸ ਗੀਤ ਵਿੱਚ ਲੇਖਕ ਵੱਲੋਂ ਉਸ ਸਮੇਂ ਦੇ ਦ੍ਰਿਸ਼ ਨੂੰ ਬਿਆਨ ਕੀਤਾ ਹੈ ਜਦੋਂ ਭਾਈ ਤਾਰੂ ਸਿੰਘ ਨੂੰ ਜ਼ਾਲਮ ਸ਼ਹੀਦ ਕਰ ਰਹੇ ਸਨ ਤਾਂ ਉਸ ਸਮੇਂ ਭਾਈ ਤਾਰੂ ਸਿੰਘ ਅਤੇ ਜਲਾਦ ਵਿੱਚਕਾਰ ਹੋਈ ਵਾਰਤਾਲਾਪ ਨੂੰ ਗੀਤ ਰਾਹੀਂ ਪੇਸ਼ ਕੀਤਾ ਹੈ। ਭਾਈ ਤਾਰੂ ਸਿੰਘ ਜ਼ਲਾਦ ਨੂੰ ਅਗਾਹ ਕਰਦੇ ਹਨ ਕਿ ਬਾਹਰੀ ਖੋਪੜ ਨੂੰ ਤਾਂ

111 www.Youtube/Punjab Ujaran Wale/ Shaan-E-Qaum/ Harjeet Harman/ 23 jun, 2012.

112 www.Youtube/Khopad/Dego Tego Fateh/ Manpreet/Harmanjeet/Gurmoh/ White Note Enterratinment/19 Dec, 2019.

ਨੁਕਸਾਨ ਪਹੁੰਚਾ ਸਕਦੇ ਹੋ ਪਰੰਤੂ ਜਿਹੜਾ ਖੋਪੜ ਤਾਰਿਓਂ ਪਾਰ ਵੱਸਦਾ ਹੈ ਉਸ ਨੂੰ ਕਿਵੇਂ ਨੁਕਸਾਨ ਪਹੁੰਚਾਉਗੇ ਭਾਵ ਕਿ ਸੁਰਤ ਨੂੰ ਕਿਵੇਂ ਨੁਕਸਾਨ ਪਹੁੰਚਾਉਗੇ?

ਭਾਈ ਤਾਰੂ ਸਿੰਘ ਆਪਣੀ ਸੁਰਤ ਵਿੱਚ ਵਸੇ ਸ੍ਰੀ ਅਨੰਦਪੁਰ ਸਾਹਿਬ ਦਾ ਜ਼ਿਕਰ ਕਰਦੇ ਹੋਏ ਜਲਾਦ ਨੂੰ ਸਵਾਲ ਕਰਦੇ ਹਨ ਕਿ ਸਾਡੀ ਸੁਰਤ 'ਚ ਉਸਰੇ ਅਨੰਦਪੁਰ ਨੂੰ ਕਿਹੜੀ ਤੋਪ ਨਾਲ ਨੁਕਸਾਨ ਪਹੁੰਚਾਉਗੇ, ਭਾਵ ਕਿ ਜੋ ਸੋਚ ਅਤੇ ਵਿਚਾਰਧਾਰਾ ਅਸੀਂ ਸ੍ਰੀ ਅਨੰਦਪੁਰ ਸਾਹਿਬ ਤੋਂ ਪ੍ਰਾਪਤ ਕੀਤੀ ਹੈ ਉਸ ਨੂੰ ਕਿਵੇਂ ਖ਼ਤਮ ਕਰੋਗੇਂ? ਕਿਉਂਕਿ "ਸਿੱਖ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਿਕ ਜੀਵਨ ਹੈ। ਧਰਮ ਖਾਤਰ ਸਿੱਖ ਸਭ ਕੁਝ ਵਾਰ ਸਕਦਾ ਹੈ। ਜਾਨ, ਮਾਲ, ਇੱਜ਼ਤ-ਆਬਰੋ ਅਤੇ ਆਪਣਾ ਸਭ ਕੁਝ ਧਰਮ ਖਾਤਰ ਵਾਰਨ ਨੂੰ ਸਿੱਖ ਆਪਣੇ ਧੰਨਭਾਗ ਸਮਝਦਾ ਹੈ।"[113] ਜਦੋਂ ਸਿੱਖ ਆਪਣੀ ਸਿਮਰਤੀ ਰਾਹੀਂ ਉਸ ਧੁਰੇ ਨਾਲ ਜੁੜਦਾ ਹੈ ਜਿੱਥੋਂ ਉਸਨੂੰ ਅਧਿਆਤਮਕ ਬਲ ਅਤੇ ਦ੍ਰਿੜਤਾ ਪ੍ਰਾਪਤ ਹੁੰਦੀ ਹੈ ਤਾਂ ਉਸਦੀ ਸੁਰਤ ਇੰਨੀ ਬਲਵਾਨ ਅਤੇ ਉੱਚੀ ਹੋ ਜਾਂਦੀ ਹੈ ਕਿ ਉਹ ਨਾ ਤਾਂ ਕਿਸੇ ਤੋਂ ਡਰਦਾ ਹੈ ਨਾ ਹੀ ਡਰਾਉਂਦਾ ਹੈ। ਜਾਲਮ ਭਾਵੇਂ ਉਸਨੂੰ ਖੋਪੜ ਲਾਹੁਣ ਜਾਂ ਅਕਹਿ ਤਸੀਹਿਆਂ ਦਾ ਡਰਾਵਾ ਦੇਵੇ ਪਰ ਉਹ ਸਿੱਖ ਆਪਣੇ ਸਿਦਕ ਵਿੱਚ ਪੱਕਾ ਰਹਿ ਕੇ ਸੂਰਬੀਰਤਾ ਭਰੀ ਸ਼ਹਾਦਤ ਦੇ ਜਾਂਦਾ ਹੈ। ਸਿੱਖੀ ਦਾ ਧੁਰਾ ਧਰਮ ਅਸਥਾਨ ਅਤੇ ਗੁਰੂ ਹੁੰਦਾ ਹੈ ਜਿਸ ਤੋਂ ਸਿੱਖ ਨਾ ਤਾਂ ਬੇਮੁੱਖ ਹੁੰਦਾ ਹੈ ਨਾ ਹੀ ਉਸ ਦੀ ਬੇਅਦਬੀ ਸਹਿਨ ਕਰਦਾ ਹੈ। ਸਿੱਖ ਸਿਮਰਤੀ ਆਪਣੇ ਕੇਂਦਰੀ ਧੁਰੇ ਨਾਲ ਜੁੜਨ ਦਾ ਸਾਰਥਕ ਮਾਧਿਅਮ ਹੁੰਦੀ ਹੈ। ਸਿੱਖ ਸਿਮਰਤੀ ਨਾਲ ਜੁੜੇ ਗੀਤ ਤੋਂ ਸਾਬਤ ਹੁੰਦਾ ਹੈ ਕਿ ਮਰਜੀਵੜੇ ਸਿੰਘਾਂ ਦੀਆਂ ਸੁਰਤਾਂ ਵਿੱਚ ਸ਼ਹਾਦਤਾਂ ਸਮੇਂ ਵੀ ਸ੍ਰੀ ਅਨੰਦਪੁਰ ਸਾਹਿਬ ਦਾ ਅਕਸ ਉੱਕਰਿਆ ਹੋਇਆ ਸਾਹਮਣੇ ਆਉਂਦਾ ਹੈ। ਇਸ ਗੀਤ ਵਿੱਚ ਭਾਈ ਤਾਰੂ ਸਿੰਘ ਵਰਗੇ ਮਹਾਨ ਗੁਰਸਿੱਖਾਂ ਦੇ ਸਿਰੜ ਦੀ ਉਦਾਹਰਨ ਦੇ ਕੇ ਸਦੀਵੀ ਸਿੱਖੀ ਦੀ ਤਸਵੀਰ ਉਘਾੜੀ ਗਈ ਹੈ।

ਜ਼ੁਲਮ ਅਤੇ ਤਸੀਹੇ ਕਦੇ ਕਿਸੇ ਦੇ ਅੰਦਰਲੀ ਚੇਤਨਾ ਦਾ ਵਿਨਾਸ਼ ਨਹੀਂ ਕਰ ਸਕਦੇ ਅਤੇ ਇਹ ਚੇਤਨਾ ਸ੍ਰੀ ਅਨੰਦਪੁਰ ਸਾਹਿਬ ਤੋਂ ਸਿੱਖ ਸਿਮਰਤੀ ਵਿੱਚ ਪੈਦਾ ਹੁੰਦੀ ਹੈ। "ਭਾਈ ਤਾਰੂ ਸਿੰਘ ਨੇ ਆਪਣਾ ਧਰਮ ਛੱਡਣ ਤੋਂ ਇਨਕਾਰ ਕੀਤਾ ਤੇ ਦ੍ਰਿੜ੍ਹਤਾ ਨਾਲ ਆਖਿਆ, 'ਕੇਸ, ਸੀਸ, ਖੋਪਰ ਤੇ ਖਲੜੀ ਇਕਮਿਕ ਹਨ। ਜੇ ਤੁਹਾਨੂੰ ਕੇਸ ਚਾਹੀਦੇ ਹਨ ਤਾਂ ਖੋਪਰੀ ਸਮੇਤ ਉਤਾਰ ਲਓ।' ਇਸ ਉੱਤੇ ਰੰਬੀ ਨਾਲ ਖੋਪਰੀ ਸਮੇਤ

---

113 ਕਰਮ ਸਿੰਘ ਹਿਸਟੋਰੀਅਨ (ਮਿਤੀਹੀਨ) *ਅਮਰ ਖਾਲਸਾ,* ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰ. 28.

ਕੇਸ ਉਤਾਰੇ ਗਏ। ਭਾਈ ਤਾਰੂ ਸਿੰਘ ਨੇ ਖਿੜੇ ਮੱਥੇ ਧਰਮ ਤੋਂ ਆਪਣੀ ਜਾਨ ਵਾਰ ਦਿੱਤੀ।"[114] ਭਾਈ ਤਾਰੂ ਸਿੰਘ ਜੀ ਦਾ ਇਹ ਬਿਰਤਾਂਤ ਸਿੱਖ ਸਿਮਰਤੀ ਵਿੱਚ ਉਸ ਮਹੌਲ ਨੂੰ ਸਿਰਜਦਾ ਹੈ ਜਿੱਥੋਂ ਸੂਰਬੀਰਤਾ ਭਰੀ ਸ਼ਹਾਦਤ ਦੀ ਅਗਵਾਈ ਪ੍ਰਾਪਤ ਹੁੰਦੀ ਹੈ ਭਾਵੇਂ ਇਸ ਬਿਰਤਾਂਤ ਨੂੰ ਬੀਤੇ ਕਈ ਦਹਾਕੇ ਹੋ ਗਏ ਪਰ ਸ਼ਹਾਦਤ ਲਈ ਦ੍ਰਿੜਤਾ ਅਤੇ ਅਕਾਲ ਪੁਰਖ ਨਾਲ ਜੁੜਨ ਦੀ ਪ੍ਰੇਰਨਾ ਨਵੀਂ ਨਰੋਈ ਸਿੱਖ ਸਿਮਰਤੀ ਵਿੱਚ ਉਸੇ ਤਰ੍ਹਾਂ ਵਿਦਵਾਨ ਹੈ, ਜਿਸ ਨੂੰ ਸਿੱਖ ਆਪਣੇ ਅਨੁਭਵ ਰਾਹੀਂ ਮਾਣਦਾ ਹੈ। ਇਸੇ ਲਈ ਭਾਈ ਤਾਰੂ ਸਿੰਘ ਵਰਗੇ ਮਹਾਨ ਸ਼ਹੀਦਾਂ ਦੇ ਜੀਵਨ ਪ੍ਰਸੰਗਾਂ ਨੂੰ ਗੀਤਾਂ ਰਾਹੀਂ ਗਾ ਕੇ ਮਾਣਿਆ ਜਾਂਦਾ ਹੈ। ਭਾਈ ਤਾਰੂ ਸਿੰਘ ਦੇ ਸਿਦਕ ਬਾਰੇ ਰਤਨ ਸਿੰਘ ਭੰਗੂ ਲਿਖਦੇ ਹਨ,

> ਤਬ ਸਿੰਘ ਜੀ ਬਚਨ ਉਚਾਰੈ। ਸੋ ਦੇਹੁ ਹਮ ਜੋ ਲਗੈ ਪਿਆਰੋ।
> ਤੂੰ ਜੇ ਹਮ ਪੈ ਹੈ ਮਿਹਰਬਾਨ। ਆਖ ਮੁੜੈ ਨਾ ਹੋਹੁ ਮੁਸਲਮਾਨ।
> ਤੂੰ ਸਦ ਹਮੈਂ ਕਛੁ ਐਸੇ ਰਾਹੁ। ਕੇਸੀ ਸਾਸੀਂ ਹੋਈ ਨਿਰਬਾਹੁ।
> ਤਬ ਨਵਾਬ ਬਹੁ ਗੁੱਸਾ ਖਾਯਾ। ਮੁਖ ਤੇ ਖੋਟਾ ਬਚਨ ਸੁਨਾਯਾ।......
> ਅਬ ਲਯਾਵੋ ਮੋਚੀ ਚਾਰ। ਖੋਪਰੀ ਸਾਥ ਦਿਹੁ ਬਾਲ ਉਤਾਰ।
> ਤਬ ਸਿੰਘ ਜੀ ਬਹੁ ਭਲੀ ਮਨਾਈ। ਸਾਥ ਕੇਸਨ ਕੇ ਖੋਪਰੀ ਜਾਈ।[115]

ਕਾਵਿ-ਰੂਪ, ਢਾਡੀ ਵਾਰਾਂ, ਕਵੀਸ਼ਰੀ ਅਤੇ ਗੀਤਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਸਿੱਖਾਂ ਦੀ ਸਿਮਰਤੀ ਵਿੱਚ ਨਿਆਰੇ, ਅਲੌਕਿਕ ਅਤੇ ਵਿਲੱਖਣ ਰੂਪ ਵਿੱਚ ਉੱਘੜਦਾ ਹੈ। ਲੋਕ ਮਨਾਂ ਵਿੱਚ ਇਸ ਨਾਲ ਜੁੜੀ ਹੋਈ ਵਚਨਬੱਧਤਾ, ਪ੍ਰਤੀਬੱਧਤਾ ਇਸ ਦਾ ਪ੍ਰਤੀਕ ਹੈ ਕਿ ਸਿੱਖ ਆਪਣੀ ਮਹਾਨ ਇਤਿਹਾਸਕ, ਸਾਹਿਤਕ ਸਿਮਰਤੀ ਨਾਲ ਧੁਰ ਅੰਦਰੋਂ ਜੁੜੇ ਹੋਏ ਹਨ।

ਸ੍ਰੀ ਅਨੰਦਪੁਰ ਸਾਹਿਬ ਦੀ ਵਿਰਾਸਤ ਦਾ ਸੰਬੰਧ ਸ੍ਰੀ ਫ਼ਤਿਹਗੜ੍ਹ ਸਾਹਿਬ ਨਾਲ ਜੁੜਿਆ ਹੋਇਆ ਹੈ। ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਸਥਾਨ 'ਤੇ ਜਾ ਕੇ ਹਰੇਕ ਸ਼ਰਧਾਲੂ ਦਾ ਸਿਰ 'ਨਿੱਕੀਆਂ ਜ਼ਿੰਦਾ ਵੱਡੇ ਸਾਕੇ' ਦੀ ਕੁਰਬਾਨੀ ਅੱਗੇ ਆਪ ਮੁਹਾਰੇ ਹੀ ਝੁਕ ਜਾਂਦਾ ਹੈ। ਇਸ ਸਾਕੇ ਦੀ ਸਿਮਰਤੀ ਨੂੰ ਨਰਿੰਦਰ ਬੀਬਾ ਨੇ

---

[114] ਲਾਲ ਸਿੰਘ (1971) *ਪੰਜਾਬ ਦੀ ਵੀਰ ਪਰੰਪਰਾ ਆਦਿ ਕਾਲ ਤੋਂ ਅਧੁਨਿਕ ਕਾਲ ਤੱਕ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 117.

[115] ਰਤਨ ਸਿੰਘ ਭੰਗੂ (2000) *ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ,* ਬਾਬਾ ਸੰਤਾ ਸਿੰਘ, ਟੀਕਾਕਾਰ, ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਪੰਜਾਬ, ਪੰਨੇ. 225-226.

ਸਾਕਾ ਸਰਹੰਦ ਦੇ ਸਿਰਲੇਖ ਹੇਠ ਗਾਇਆ ਜਿਸ ਦਾ ਹਰੇਕ ਬੋਲ ਸਿੱਖਾਂ ਨੂੰ ਗੁਰੂ ਸਾਹਿਬ ਦੇ ਪਰਿਵਾਰ ਦੀ ਸ਼ਹਾਦਤ ਦੀ ਯਾਦ ਦਿਵਾਉਂਦਾ ਹੈ। ਚਰਨ ਸਿੰਘ ਸਫ਼ਰੀ ਵੱਲੋਂ ਲਿਖੇ 'ਸਾਕਾ ਸਰਹੰਦ' ਦੇ ਸਿਰਲੇਖ ਹੇਠ ਜਿਸ ਨੂੰ ਨਰਿੰਦਰ ਬੀਬਾ ਨੇ ਉਸ ਸਮੇਂ ਦੇ ਦ੍ਰਿਸ਼ ਨੂੰ ਦਰਜ਼ ਕੀਤਾ ਹੈ ਜਦੋਂ ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਸ਼ਹੀਦੀ ਪ੍ਰਾਪਤ ਕਰ ਰਹੇ ਸਨ;

ਉਸਰ ਰਹੀ ਖ਼ੂਨੀ ਦੀਵਾਰ, ਲਾਲ ਖੜੇ ਦੋ ਨੀਂਹ ਵਿਚਕਾਰ
ਹੋ ਰਹਿਆ ਏ ਮਾਸੂਮਾਂ ਉਤੇ ਇਹ ਸਿੱਖੀ ਦਾ ਮਹਿਲ ਤਿਆਰ
ਉਸਰ ਰਹੀ ਖ਼ੂਨੀ ਦੀਵਾਰ, ਲਾਲ ਖੜੇ ਦੋ ਨੀਂਹ ਵਿਚਕਾਰ
ਅੰਬਰ ਰੋਇਆ ਧਰਤੀ ਰੋਈ ਇਹ ਅਣਹੋਣੀ ਗੱਲ ਕਿਉਂ ਹੋਈ
ਹਿੰਦੂ ਰੋਏ ਮੁਸਲਿਮ ਰੋਏ ਸਾਰੇ ਮੱਚ ਗਈ ਹਾਹਾਕਾਰ
ਉਸਰ ਰਹੀ ਖ਼ੂਨੀ ਦੀਵਾਰ, ਲਾਲ ਖੜੇ ਦੋ ਨੀਂਹ ਵਿਚਕਾਰ....।[116]

ਨਰਿੰਦਰ ਬੀਬਾ ਸਾਕੇ ਸਰਹੰਦ ਵਿੱਚ ਉਸ ਸਮੇਂ ਦੇ ਦ੍ਰਿਸ਼ ਨੂੰ ਸਾਹਿਬਜ਼ਾਦਿਆਂ ਦੀ ਗਿਰਫਤਾਰੀ ਤੋਂ ਲੈ ਕੇ ਸ਼ਹਾਦਤ ਤੱਕ ਦੇ ਸਫ਼ਰ ਨਾਲ-ਨਾਲ ਸ਼ਹਾਦਤ ਦੇ ਪ੍ਰਭਾਵ ਪੇਸ਼ ਕੀਤੇ ਗਏ ਹਨ। ਗੀਤਕਾਰ ਅਨੁਸਾਰ ਖ਼ੂਨੀ ਦੀਵਾਰ ਵਿੱਚ ਖੜੇ ਦੋ ਲਾਲ ਦਰਅਸਲ ਸਿੱਖੀ ਦੇ ਮਹਿਲ ਦੀਆਂ ਨੀਹਾਂ ਬਣੇ ਇਸ ਜ਼ੁਲਮ ਨੂੰ ਵੇਖ ਕੇ ਧਰਤੀ ਅਤੇ ਅੰਬਰ ਦੋਵੇਂ ਰੋ ਪੈਂਦੇ ਹਨ ਕਿਉਂਕਿ ਇਹ ਅਣਹੋਣੀ ਸੀ। ਸਾਕਾ ਸਰਹੰਦ ਵਿੱਚ ਵਾਪਰੇ ਇਸ ਘਟਨਾ ਕ੍ਰਮ ਦੀ ਕਾਵਿਕ ਪੇਸ਼ਕਾਰੀ ਸਰੋਤਿਆਂ ਨੂੰ ਤਿੰਨ ਸਦੀਆਂ ਪਹਿਲੇ ਵਾਪਰੇ ਜ਼ੁਲਮ ਦੀ ਯਾਦ ਤਾਜ਼ਾ ਕਰਵਾਉਂਦੀ ਹੈ। ਜਦੋਂ ਜਲਾਦ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣ ਰਹੇ ਸਨ। ਉਸ ਸਮੇਂ ਦੇ ਬਿਰਤਾਂਤ ਸਿੱਖ ਸਿਮਰਤੀ ਦਾ ਹਿੱਸਾ ਬਣਦੇ ਹਨ ਕਿ ਉਹ ਅਜਿਹਾ ਭਿਆਨਕ ਦ੍ਰਿਸ਼ ਸੀ ਕਿ ਅੱਜ ਵੀ ਸੁਣਨ ਵਾਲਿਆਂ ਦੀ ਅੱਖ ਨਮ ਹੋ ਜਾਂਦੀ ਹੈ। ਹਿੰਦੂ, ਮੁਸਲਿਮ ਸਰਬ ਧਰਮ ਦੇ ਲੋਕ ਇਸ ਗੱਲ ਦਾ ਸੋਗ ਮਨਾ ਰਹੇ ਹਨ। ਗਾਇਕਾ ਵੱਲੋਂ ਸਾਕੇ ਸਰਹੰਦ ਵਰਗਾ ਸੱਭਿਆਚਾਰਕ ਸਾਹਿਤ ਸਿੱਖ ਸਿਮਰਤੀ ਵਿੱਚ ਸਿੱਖਾਂ ਦੇ ਸ਼ਹਾਦਤਾਂ ਭਰੇ ਇਤਿਹਾਸ ਨੂੰ ਉਜਾਗਰ ਕਰਦਾ ਹੈ।

---

[116] www.Youtube/Saka Sirhind/Narinder Biba/Sewa Sikh/18 Aug, 2017.

ਉਪਰੋਕਤ ਗੀਤਾਂ ਤੋਂ ਇਲਾਵਾ ਵੀ ਸ੍ਰੀ ਅਨੰਦਪੁਰ ਸਾਹਿਬ ਦੇ ਸੰਦਰਭ ਵਿੱਚ ਬਹੁਤ ਸਾਰੇ ਗੀਤ ਮਿਲਦੇ ਹਨ। ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਗੀਤਾਂ ਵਿੱਚ ਗੁਰੂ ਸਾਹਿਬ ਵੱਲੋਂ ਸਾਜੇ ਖ਼ਾਲਸਾ ਪੰਥ ਦੀ ਮਹਿਮਾ ਅਤੇ ਹੋਲੇ ਮਹੱਲੇ ਦੇ ਦ੍ਰਿਸ਼ ਨੂੰ ਵੱਧ ਕੇਂਦਰਿਤ ਕੀਤਾ ਗਿਆ ਹੈ। ਪੰਜਾਬ ਦੇ ਗੀਤਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਲ ਸੰਬੰਧਤ ਵਿਸ਼ੇ ਦਾ ਹੋਣਾ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਨੂੰ ਅਹਿਮੀਅਤ ਦੀ ਦਰਸਾਉਂਦਾ ਹੈ।

# ਅਧਿਆਇ ਚੌਥਾ

# ਸਿੱਖ ਸਿਮਰਤੀ ਵਿੱਚ ਸਾਹਿਤ ਅਤੇ ਇਤਿਹਾਸ : ਅੰਤਰ-ਸੰਬੰਧ

ਪਹਿਲੇ ਅਧਿਆਇ ਵਿੱਚ ਸਿੱਖ ਸਿਮਰਤੀ ਨੂੰ ਸਮਝਣ ਲਈ ਤਿਆਰ ਕੀਤੇ ਸਿਧਾਂਤਕ ਚੌਖਟੇ ਦੇ ਤਹਿਤ ਸਿੱਖ ਸਿਮਰਤੀ ਦਾ ਸਾਹਿਤ ਅਤੇ ਇਤਿਹਾਸ ਦੇ ਹਵਾਲੇ ਨਾਲ ਵਿਸ਼ਲੇਸ਼ਣ ਕਰਨ ਤੋਂ ਪਿਛੋਂ ਦੋਵਾਂ ਦੇ ਅੰਤਰ-ਸੰਬੰਧਾਂ ਦਾ ਅਧਿਐਨ ਕਰਨ ਲਈ ਅਸੀਂ ਸਿਮਰਤੀ ਦੀਆਂ ਵਿਸ਼ੇਸਤਾਈਆਂ ’ਤੇ ਕੇਂਦਰਤ ਰਹਿਣ ਦਾ ਯਤਨ ਕੀਤਾ ਹੈ। ਸਿੱਖ ਸਿਮਰਤੀ ਵਿੱਚ ਸ਼ਖ਼ਸੀਅਤ ਦੀ ਪਵਿੱਤਰਤਾ, ਚੜ੍ਹਦੀਕਲਾ, ਸੂਰਬੀਰਤਾ, ਅਤੇ ਹਰ ਮੈਦਾਨ ਫਤਿਹ ਦੇ ਰਹੱਸ ਨੂੰ ਸਮਝਣ ਲਈ ਸਿੱਖ ਸਾਹਿਤ ਅਤੇ ਸਿੱਖ ਇਤਿਹਾਸ ਅੰਤਰ-ਸੰਬੰਧਾਂ ਦਾ ਅਧਿਐਨ ਕਰਨਾ ਜਰੂਰੀ ਬਣ ਜਾਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧ ਸਾਹਿਤਕ ਅਤੇ ਇਤਿਹਾਸਕ ਅੰਕੜੇ ਸਿੱਖ ਸਿਮਰਤੀ ਦੇ ਸਰੂਪ ਨੂੰ ਸਮਝਣ ਲਈ ਅਧਾਰ ਬਣਾਏ ਹਨ। ਇਸ ਭਾਗ ਵਿੱਚ ਅਸੀਂ ਸਿੱਖ ਸਾਹਿਤ ਅਤੇ ਇਤਿਹਾਸ ਦੇ ਅੰਤਰ-ਸੰਬੰਧਾਂ ਨੂੰ ਜਾਣਨ ਦਾ ਯਤਨ ਕਰਾਂਗੇ।

ਕਿਸੇ ਵੀ ਸਮਾਜ ਦੀ ਤਸਵੀਰ ਨੂੰ ਉਸ ਦੇ ਇਤਿਹਾਸਕ, ਸਾਹਿਤਕ ਅਤੇ ਸੱਭਿਆਚਾਰ ਦੇ ਰੂਪਾਂ ਵਿੱਚੋਂ ਵੇਖਿਆ ਜਾ ਸਕਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸਕ ਪਿਛੋਕੜ ਦੀ ਰੋਸ਼ਨੀ ਵਿੱਚ ਸਿਮਰਤੀ ਨਾਲ ਸੰਬੰਧਤ ਸਾਹਿਤਕ ਅਤੇ ਸਿੱਖ ਸਿਮਰਤੀ ਨਾਲ ਸੰਬੰਧਤ ਕਾਫੀ ਮਹੱਤਵਪੂਰਨ ਤੱਥ ਮਿਲਦੇ ਹਨ। ਸਿਮਰਤੀ ਸਿੱਖ ਮਨ ਵਿੱਚ ਯਾਦ ਦੇ ਰੂਪ ਵਿੱਚ ਉੱਭਰਦੀ ਹੈ ਅਤੇ ਭਵਿੱਖਮੁਖੀ ਦਿਸ਼ਾ ਨਿਰਦੇਸ਼ ਦੇ ਰੂਪ ਵਿੱਚ ਪ੍ਰੇਰਨਾਦਾਇਕ ਬਣਦੀ ਹੈ। ਸਿਮਰਤੀ ਮਨ ਦੇ ਵਿੱਚ ਗ੍ਰਹਿਣ ਕੀਤੇ ਸੱਚ ਦਾ ਭਾਵਕ ਰੂਪ ਬਿੰਬ ਪੇਸ਼ ਕਰਦੀ ਹੈ, ਜਿਸ ਦੌਰਾਨ ਕੌਮ ਨਾਲ ਭੂਤਕਾਲ ਦੌਰਾਨ ਵਾਪਰੇ ਦੁਖਾਂਤ ਅਤੇ ਸੁਖਾਂਤ ਦੋਵਾਂ ਦਾ ਪ੍ਰਗਟਾਅ ਹੁੰਦਾ ਹੈ। ਸਾਹਿਤ ਭਾਵੇਂ ਸਾਹਿਤਕਾਰ ਦੀ ਆਪਣੀ ਸੋਚ/ਕਲਪਨਾ ਹੁੰਦੀ ਹੈ ਫਿਰ ਵੀ ਸਾਹਿਤ ਵਿੱਚੋਂ ਅਸੀਂ ਸਮਾਜ ਦੀ ਤਸਵੀਰ ਦੇਖ ਸਕਦੇ ਹਾਂ ਅਤੇ ਇਹ ਤਸਵੀਰ ਉਸ ਸਮੇਂ ਦੇ ਇਤਿਹਾਸ ਦਾ ਅਨਿੱਖੜਵਾਂ ਅੰਗ ਹੁੰਦੀ ਹੈ। ਇਸ ਕਰਕੇ ਸਾਹਿਤ ਅਤੇ ਇਤਿਹਾਸ ਦਾ ਆਪਸ ਵਿੱਚ ਗੂੜ੍ਹਾ ਸੰਬੰਧ ਬਣਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸ ਬਾਰੇ ਖੋਜਾਰਥੀ ਨੇ ਖ਼ੁਦ ਇਤਿਹਾਸਕ ਤੱਥਾਂ ਦਾ ਅਧਿਐਨ ਅਤੇ ਨਿਰੀਖਣ ਕੀਤਾ ਹੈ। ਇਨ੍ਹਾਂ ਦਾ ਇਤਿਹਾਸਕ ਤੱਥਾਂ ਦੀ ਜਾਣਕਾਰੀ ਨੂੰ ਇੱਕ ਸਾਹਿਤਕਾਰ ਆਪਣੀ

ਲਿਖਤ ਵਿਚ ਦਰਜ਼ ਕਰਕੇ ਆਮ ਲੋਕਾਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਦਾ ਯਤਨ ਕਰਦਾ ਹੈ ਤਾਂ ਉਦੋਂ ਸਿੱਖ ਸਿਮਰਤੀ ਦੀ ਨਿਰੰਤਰਤਾ ਬਣੀ ਰਹਿੰਦੀ ਹੈ। ਸਿੱਖ ਇਤਿਹਾਸ ਦੇ ਮੁਢਲੇ ਸ੍ਰੋਤ ਮੁਖ ਰੂਪ ਵਿੱਚ ਕਾਵਿਕ ਹਨ। ਇਨ੍ਹਾਂ ਸ੍ਰੋਤਾਂ ਦੇ ਅਧਾਰ ਤੇ ਸਿੱਖ ਇਤਿਹਾਸ ਬਣਿਆ ਹੈ। ਇਸ ਲਈ ਸਾਹਿਤ ਤੋਂ ਬਿਨਾਂ ਸਿੱਖ ਇਤਿਹਾਸ ਲਿਖਿਆ ਨਹੀਂ ਜਾ ਸਕਦਾ ਸੀ। "ਇਤਿਹਾਸ ਸਾਨੂੰ ਪ੍ਰਬੰਧ ਅਤੇ ਤੱਥਾਂ ਦੇ ਸੰਗਠਨ ਪ੍ਰਦਾਨ ਕਰਦਾ ਹੈ।"[1] ਇਤਿਹਾਸ ਅਤੇ ਸਾਹਿਤ ਦੀ ਸੁਮੇਲਤਾ ਸਿਮਰਤੀ ਦੀ ਸਿਰਜਕ ਬਣਦੀ ਹੈ। "ਸਾਹਿਤ ਆਮ ਲੋਕਾਂ ਦੇ ਸਮੂਹ ਅਤੇ ਰਹਿਣ-ਸਹਿਣ ਦੀਆਂ ਭਾਵਨਾਵਾਂ ਅਤੇ ਭਾਵਕੁਤਾ ਨੂੰ ਪ੍ਰਸਤੁਤ ਕਰਦਾ ਹੈ।"[2] ਸਾਹਿਤ ਵਿੱਚ ਕਿਸੇ ਵੀ ਸਾਹਿਤਕਾਰ ਨਾਲ ਸੰਬੰਧਿਤ ਜਾਣਕਾਰੀ ਤੇ ਜੀਵਨ ਬਿਉਰਾ ਸਾਨੂੰ ਇਤਿਹਾਸ ਵਿੱਚੋਂ ਪ੍ਰਾਪਤ ਹੁੰਦਾ ਹੈ। ਸਾਹਿਤ ਦੇ ਵਰਤਮਾਨ ਵਿੱਚੋਂ ਅਸੀਂ ਇਤਿਹਾਸ ਨੂੰ ਵੇਖ ਸਕਦੇ ਹਾਂ। ਇਤਿਹਾਸ ਅਤੇ ਸਾਹਿਤ ਨੂੰ ਵੱਖ-ਵੱਖ ਦੇਖਣ ਤੇ ਕੋਈ ਸਪੱਸ਼ਟ ਰੂਪ ਸਾਹਮਣੇ ਨਹੀਂ ਆਏਗਾ।

ਇਤਿਹਾਸਕਾਰ ਤੱਥਾਂ ਦੀ ਖੋਜ ਕਰਦੇ ਹਨ ਅਤੇ ਸਾਹਿਤ ਇਤਿਹਾਸਕ ਤੱਥ ਹੁੰਦਾ ਹੈ ਜਦੋਂ ਕਿ ਸਾਹਿਤਕਾਰ ਸਿਮਰਤੀ ਦੇ ਸਹਾਰੇ ਸੰਬੰਧਤ ਸਥਾਨ ਬਾਰੇ ਆਪਣੀ ਰਚਨਾ ਵਿੱਚ ਜਾਣਕਾਰੀ ਦਰਜ ਕਰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਸਿਰਜਣਾ ਦੇ ਇਤਿਹਾਸਕ ਘਟਨਾਕ੍ਰਮ ਕਰਕੇ ਇਤਿਹਾਸਕਾਰਾਂ ਲਈ ਵਿਸ਼ੇਸ ਖਿੱਚ ਦਾ ਕੇਂਦਰ ਬਣ ਜਾਂਦਾ ਹੈ। ਮਨੁੱਖ ਦੀ ਸਿਮਰਤੀ ਅਤੇ ਬੁੱਧੀ ਦੀ ਪੁਨਰ ਘਾੜਤ ਦੇ ਰੂਪ ਵਿੱਚ ਧਰਤੀ 'ਤੇ ਨਿਵੇਕਲਾ ਇਤਿਹਾਸ ਸਿਰਜਦੀ ਹੈ। ਜਿਵੇਂ ਦਾ ਮਨੁੱਖ ਚਿੰਤਨ ਕਰਦਾ ਹੈ ਉਹੋ ਜਿਹੀ ਬੁੱਧੀ ਦੀ ਘਾੜਤ ਹੋਣ ਲੱਗ ਪੈਂਦੀ ਹੈ। ਚਿੰਤਨ ਦਾ ਸਿੱਧਾ ਸੰਬੰਧ ਸਿਮਰਤੀ ਨਾਲ ਹੈ।

ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ॥[3]

ਇਸ ਇਤਿਹਾਸਕ ਸਿਮਰਤੀ ਦਾ ਹਰੇਕ ਪਾਤਰ ਹੱਕ-ਸੱਚ ਲਈ ਕੁਰਬਾਨ ਹੋਣ ਤੋਂ ਸੰਕੋਚ ਨਹੀਂ ਕਰਦਾ ਕਿਉਂਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਜ਼ੁਲਮ ਦੀ ਸਤਾਈ

---

1 Dr. C L Narang, *History of Punjabi Litrature,* National Book Shop, Delhi, p.3.

2 Dr. C L Narang, *History of Punjabi Litrature,* National Book Shop, Delhi, p. 4.

3 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਚੌਥੀ* (2010) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 1245.

ਮਨੁੱਖਤਾ ਦੇ ਕਲਿਆਣ ਲਈ ਦਿੱਲੀ ਜਾ ਕੇ ਸ਼ਹਾਦਤ ਦੇਣ ਦਾ ਫੈਸਲਾ ਲਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਮਨੁੱਖੀ ਅਜ਼ਾਦੀ ਲਈ ਸੰਘਰਸ਼ਸ਼ੀਲ ਰਹਿਣ ਦੀ ਜਾਚ ਸਿਖਾਈ, ਜਿਸ ਰਾਹੀਂ ਵਿਲੱਖਣ ਇਤਿਹਾਸ ਅਤੇ ਸਾਹਿਤ ਸਿਰਜਿਆ ਗਿਆ ਜਿਹੜਾ ਵਰਤਮਾਨ ਤੇ ਭਵਿੱਖ ਵਿੱਚ ਵੀ ਜਗਿਆਸੂਆਂ ਦੀ ਸਿਮਰਤੀ ਵਿੱਚ ਤਰੋਤਾਜ਼ਾ ਰਹੇਗਾ। ਸਿੱਖ ਇਤਿਹਾਸ ਅਤੇ ਸਾਹਿਤ ਆਤਮਕ, ਧਾਰਮਕ, ਰਾਜਨੀਤਕ, ਸਮਾਜਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਨਵਾਂ ਐਲਾਨਨਾਮਾ ਹੈ ਜਿਸਦਾ ਆਧਾਰ ਹੈ ਕਿ ਇੱਕਠੇ ਹੋ ਕੇ ਜ਼ੁਲਮ ਵਿਰੁੱਧ ਡਟੋ ਅਤੇ 'ਸਚਿਆਰ' ਪਦ ਦੀ ਪ੍ਰਾਪਤੀ ਕਰੋ। "ਸਿੱਖ ਧਰਮ ਦਾ ਮੁੱਢਲਾ ਨਿਸ਼ਾਨਾ ਜਿੱਥੇ ਰੱਬੀ ਏਕਤਾ ਸੀ, ਉੱਥੇ ਮਨੁੱਖੀ ਏਕਤਾ ਅਤੇ ਕੌਮਾਂਤਰੀ ਭਾਈਚਾਰਾ ਵੀ ਉਸਦੇ ਮੂਲ ਸਰੋਕਾਰਾਂ ਵਿਚ ਸ਼ਾਮਲ ਹੈ।"[4] ਜ਼ਬਰ ਦੇ ਖਿਲਾਫ ਡਟਣ ਦਾ ਸਿੱਖ ਇਤਿਹਾਸ ਅਤੇ ਸਾਹਿਤ ਸਿੱਖ ਸਿਮਰਤੀ ਨੂੰ ਮੁਕੱਦਸ ਬਣਾਉਂਦਾ ਹੈ, ਇਹ ਹੰਕਾਰੀ ਨਹੀਂ ਹੋਣ ਦਿੰਦਾ ਸਗੋਂ 'ਸਰਬੱਤ ਦੇ ਭਲੇ' ਦੀ ਅਸੀਸ ਮਨੁੱਖਤਾ ਦੀ ਝੋਲੀ ਪਾਉਂਦਾ ਹੈ। ਅਕਾਲ ਪੁਰਖ ਤੋਂ ਅਸੀਸ ਦੀ ਪ੍ਰਾਪਤੀ ਲਈ ਸਿੱਖ ਗੁਰੂ ਦੀ ਸ਼ਰਨ ਆਉਂਦਾ ਹੈ।

ਇਤਿਹਾਸਕ ਤੱਥਾਂ ਦੀ ਜਾਣਕਾਰੀ ਨੂੰ ਇੱਕ ਸਾਹਿਤਕਾਰ ਆਪਣੀ ਲਿਖਤ ਵਿਚ ਦਰਜ਼ ਕਰਕੇ ਆਮ ਲੋਕਾਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਂਣ ਦਾ ਯਤਨ ਕਰਦਾ ਹੈ ਤਾਂ ਜਿਸ ਨਾਲ ਸਿਮਰਤੀ ਦੀ ਨਿਰੰਤਰਤਾ ਬਣੀ ਰਹਿੰਦੀ ਹੈ। ਇਸ ਲਈ ਇਤਿਹਾਸ ਤੋਂ ਬਿਨਾਂ ਸਾਹਿਤ ਸਾਰਥਕ ਨਹੀਂ ਹੁੰਦਾ। ਇਤਿਹਾਸ ਅਤੇ ਸਾਹਿਤ ਦੀ ਸੁਮੇਲਤਾ ਸਿਮਰਤੀ ਦੀ ਸਿਰਜਕ ਬਣਦੀ ਹੈ। ਸਿੱਖ ਸਾਹਿਤ ਅਤੇ ਸਿੱਖ ਇਤਿਹਾਸ ਦੇ ਆਪਸੀ ਅੰਤਰ ਸੰਬੰਧ ਦਾ ਕੇਂਦਰ ਬਿੰਦੂ 'ਅਕਾਲ ਪੁਰਖ' ਅਤੇ 'ਗੁਰੂ' ਹੈ।

ਸਿੱਖ ਸਿਮਰਤੀ ਦਾ ਸਮੁੱਚਾ ਸਾਹਿਤ, ਇਤਿਹਾਸ ਪਰਮਸੱਤਾ ਪਰਮਾਤਮਾ ਸੰਬੰਧੀ ਗੁਰਸਿੱਖ ਦਾ ਨਿਰੰਤਰ ਮਾਰਗ ਦਰਸ਼ਨ ਕਰਕੇ 'ਸਚਿਆਰ' ਦੀ ਪਦਵੀ ਤੱਕ ਪਹੁੰਚਾਉਂਦਾ ਹੈ।

ਜਦੋਂ ਇੱਕ ਸਿੱਖ ਪ੍ਰਭੂ ਨਾਮ ਸਿਮਰਨ ਵਿੱਚ ਲੀਨ ਹੁੰਦਾ ਹੈ ਤਾਂ ਉਸ ਦੀ ਸਿਮਰਤੀ ਕੇਵਲ ਤੇ ਕੇਵਲ ਇੱਕ ਅਕਾਲ ਪੁਰਖ ਦੇ ਵਿਸਮਾਦ ਵਿੱਚ ਅਨੰਦਿਤ ਹੋ ਜਾਂਦੀ ਹੈ, ਉਹ ਕਿਸੇ ਹੋਰ ਦੇਵੀ-ਦੇਵਤੇ ਜਾਂ ਕਿਸੇ ਦੈਵੀ ਸ਼ਕਤੀ ਉੱਪਰ ਵਿਸ਼ਵਾਸ ਨਹੀਂ ਕਰਦੀ। ਸਿੱਖ ਸਿਮਰਤੀ ਦੇ ਬਾਹਰੀ ਅਤੇ ਅੰਦਰੂਨੀ ਚਿੰਤਨ ਵਿੱਚ

---

[4] ਸਰਬਜਿੰਦਰ ਸਿੰਘ (ਦਸੰਬਰ 1999) "ਗੁਰੂ ਨਾਨਕ ਚਿੰਤਨ ਦਾ ਅੰਮ੍ਰਿਤ ਫ਼ਲ: ਪੰਜ ਪਿਆਰੇ" *ਨਾਨਕ ਪ੍ਰਕਾਸ਼ ਪ੍ਰਤਿਕਾ, ਖ਼ਾਲਸਾ ਸਥਾਪਨਾ ਵਿਸੇਸ਼ ਅੰਕ,* ਗੁਰਨਾਮ ਕੌਰ, ਸੰਪਾ., ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 85.

ਅਕਾਲ ਪੁਰਖ ਕੇਵਲ ਇੱਕ ਹਸਤੀ ਹੀ ਨਹੀਂ ਸਗੋਂ ਸਿੱਖ ਦੀ ਸਮੁੱਚੀ ਹੋਂਦ ਦਾ ਪ੍ਰਗਟਾਵਾ ਹੈ। ਇੱਕ ਅਕਾਲ ਪੁਰਖ ਦਾ ਉਪਾਸਕ ਸਿੱਖ ਜਨਮ ਅਤੇ ਮੌਤ ਦੇ ਚੱਕਰ ਤੋਂ ਭੈ-ਹੀਨ ਹੋ ਕੇ ਚੜ੍ਹਦੀਕਲਾ ਵਿੱਚ ਵਿਚਰਦਾ ਹੈ। ਅਕਾਲ ਪੁਰਖ ਦਾ ਸਰੂਪ, ਹੋਂਦ ਤੇ ਹਸਤੀ, ਸਮੁੱਚਤਾ ਦੇ ਸਿਰਜਕ ਅਤੇ ਸਮੇਂ ਦੀ ਹੱਦਬੰਦੀਆਂ ਤੋਂ ਪਰੇ ਦਾ ਸਿਮਰਤੀ ਪੱਖ ਹਰੇਕ ਸਿੱਖ ਦੇ ਹਿਰਦੇ ਵਿੱਚ ਜਜ਼ਬ ਹੋ ਜਾਂਦਾ ਹੈ। ਇਸੇ ਲਈ ਅਕਾਲ ਪੁਰਖ ਦੀ ਨੇੜਤਾ ਹਰ ਸਮੇਂ ਅਨੁਭਵ ਹੁੰਦੀ ਹੈ;

ਮਨ ਮੇਰੇ ਸਦਾ ਹਰਿ ਵੇਖੁ ਹਦੂਰਿ॥[5]

ਅਕਾਲ ਪੁਰਖ ਦੀ ਸਮੀਪਤਾ ਦਾ ਵਿਸਮਾਦੀ ਅਨੁਭਵ ਵਿਹਾਰਕ ਅਤੇ ਰੂਹਾਨੀ ਅਨੰਦ ਦਾ ਸਿਖਰ ਹੈ। ਮਨੁੱਖੀ ਚਿੰਤਨ ਦਾ ਪੱਧਰ ਗੁਰੂ ਨੂੰ ਅਗਵਾਈ ਦੇਣ ਵਾਲਾ ਰੂਪ ਪ੍ਰਦਾਨ ਕਰਦਾ ਹੈ। ਵਿਸ਼ੇਸ਼ ਕਰਕੇ ਭਾਰਤੀ ਚਿੰਤਨ ਵਿੱਚ 'ਗੁਰੂ' ਨੂੰ ਵਧੇਰੇ ਮਹੱਤਵ ਪ੍ਰਾਪਤ ਹੈ। ਸਿੱਖ ਚਿੰਤਨ ਵਿੱਚ ਗੁਰੂ ਸਿੱਖ ਸਿਮਰਤੀ ਦਾ ਅਧਾਰ ਹੈ। ਸਿੱਖ ਦੀ ਸਿਮਰਤੀ ਗੁਰੂ ਤੋਂ ਹਰ ਸਮੇ ਮਾਰਗ ਦਰਸ਼ਨ ਦੀ ਸੂਚਕ ਹੈ।

ਸਿਮਰਤੀ ਦਾ ਰੂਹਾਨੀ ਮਾਰਗ ਗੁਰੂ ਦੁਆਰਾ ਦਿੱਤੀ ਗਿਆਨ ਦੀ ਅਗਵਾਹੀ ਵਿੱਚੋਂ ਹੁੰਦਾ ਹੈ। ਗੁਰੂ ਗਿਆਨ ਦਾ ਸੋਮਾ ਹੈ। ਗੁਰੂ ਅਕਾਲ ਪੁਰਖ ਨਾਲ ਜੁੜਨ ਦਾ ਰਸਤਾ ਦੱਸਦਾ ਹੈ। ਅਕਾਲ ਪੁਰਖ ਨਾਲ ਸਾਂਝ ਗੁਰੂ ਦੀ ਮਹਾਨ ਸਿਮਰਤੀ ਰਾਹੀਂ ਸਿੱਖ ਦੀ ਸਿਮਰਤੀ ਦੀ ਸਿਰਜਨਾ ਕਰਦੀ ਹੈ। ਇੱਥੇ ਸਿਮਰਤੀ ਕੇਵਲ ਭਾਵਨਾਵਾਂ ਤੱਕ ਸੀਮਤ ਨਹੀਂ ਸਗੋਂ 'ਸੱਚ ਦੀ ਸੋਝੀ' ਅਤੇ 'ਰੱਬੀ ਪ੍ਰੇਮ' ਹੈ। ਗੁਰੂ ਜਦੋਂ ਸਿੱਖ ਦੀ ਸਿਮਰਤੀ ਵਿੱਚ ਰੱਬੀ ਪ੍ਰੇਮ ਦੀ ਜਾਗ ਲਾਉਂਦਾ ਹੈ ਤਾਂ ਸਮੁੱਚਾ ਜੀਵਨ ਸਦੀਵੀ ਅਨੰਦ ਅਤੇ ਜੀਵਨ ਮੁਕਤੀ ਦੀ ਸਿਖਰ ਤੇ ਪਹੁੰਚਦਾ ਅਨੁਭਵ ਹੁੰਦਾ ਹੈ। ਗੁਰਬਾਣੀ ਦੀ ਲੋਅ ਵਿੱਚ ਸਿਮਰਤੀ ਦੇ ਪੱਖ ਨੂੰ ਗੁਰੂ ਦੇ ਸੰਕਲਪ ਬਾਰੇ ਕੁਝ ਅਹਿਮ ਪੱਖਾਂ ਤੋਂ ਦ੍ਰਿਸ਼ਟੀਗੋਚਰ ਕੀਤਾ ਜਾ ਸਕਦਾ ਹੈ। ਗੁਰਫੁਰਮਾਨ ਹੈ;

ਸਰਬ ਉਪਾਇ ਗੁਰੂ ਸਿਰਿ ਮੋਰੁ॥
ਭਗਤਿ ਕਰਉ ਪਗ ਲਾਗਉ ਤੋਰ॥[6]

---

5 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਪਹਿਲੀ* (2010) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 34.

6 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਚੌਥੀ* (2010) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 1187.

ਸਿੱਖ ਸਾਹਿਤ, ਇਤਿਹਾਸ ਅਤੇ ਸਿਮਰਤੀ ਚਿੰਤਨ ਨੂੰ ਜਦੋਂ ਅਕਾਲ ਪੁਰਖ ਦੀ ਗੁਰੂ ਰਾਹੀਂ ਪ੍ਰਾਪਤੀ ਹੁੰਦੀ ਹੈ ਤਾਂ ਉਸਦਾ ਮੁੱਢ ਸਤਿਸੰਗਤ ਤੋਂ ਬੱਝਦਾ ਹੈ। ਸਤਿਸੰਗਤ ਦੀ ਇੱਛਾ ਅਕਾਲ ਪੁਰਖ ਦੀ ਇੱਛਾ ਹੁੰਦੀ ਹੈ,"ਗੁਰਮੁਖ ਅਕਾਲ ਪੁਰਖ ਦੇ ਅਧੀਨ ਹੈ ਅਤੇ ਅਕਾਲ ਪੁਰਖ ਦੀ ਅਵਾਜ਼ ਸੰਗਤ ਹੈ ਇਸ ਲਈ ਸੰਗਤ ਹੀ ਅਕਾਲ ਪੁਰਖ ਦਾ ਬੁਨਿਆਦੀ ਰੂਪ ਹੈ"[7] ਸਿੱਖ ਜਦੋਂ ਗੁਰੂ ਜਾਂ ਅਕਾਲ ਪੁਰਖ ਬਾਰੇ ਦੂਸਰੇ ਸਿੱਖ ਨਾਲ ਸਾਂਝ ਪਾਉਂਦਾ ਹੈ ਜਾਂ ਉਸ ਦੀ ਸਿਮਰਤੀ ਦੂਸਰੇ ਗੁਰਸਿੱਖਾਂ ਨੂੰ ਮਿਲ ਕੇ ਅਨੰਦਿਤ ਹੁੰਦੀ ਹੈ ਤਾਂ ਆਪ ਮੁਹਾਰੇ ਹੀ ਸਤਿਸੰਗਤ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਸਿਮਰਤੀ ਦੀ ਬੁਨਿਆਦ ਸਤਿਸੰਗਤ ਦੇ ਆਸਰੇ ਮਹਾਨ ਦਿਸਹੱਦਿਆਂ ਨੂੰ ਸਿਰਜਦੀ ਗਈ। ਇਸ ਸਿਰਜਨਾ ਦਾ ਪ੍ਰਗਟਾਵਾ ਸਿੱਖ ਸਾਹਿਤ ਅਤੇ ਅਮੀਰ ਇਤਿਹਾਸ ਤੋਂ ਅਜੋਕੇ ਸਮੇਂ ਤੱਕ ਸਹਿਜੇ ਵੇਖਿਆ ਜਾ ਸਕਦਾ ਹੈ।

ਸਤਿਸੰਗਤ ਸਿਮਰਤੀ ਨੂੰ ਨਿਰਮਲ ਕਰਦੀ ਹੈ। ਸੰਗਤ ਰਾਹੀਂ ਕੁ-ਬਿਰਤੀਆਂ ਨੂੰ ਸੁ-ਬਿਰਤੀਆਂ ਵਿੱਚ ਪਰਿਵਰਤਿਤ ਕੀਤਾ ਜਾ ਸਕਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਸਿਮਰਤੀ ਵਿੱਚ ਖ਼ਾਲਸਾ ਸਿਰਜਨਾ ਦਾ ਇਹ ਰੂਪ ਪ੍ਰਗਟ ਹੁੰਦਾ ਹੈ। 'ਸ਼ਬਦ ਗੁਰੂ' ਦਾ ਸਦੀਵੀ ਰੂਪ ਜੋ ਸਿੱਖਾਂ ਨੂੰ ਦਿੱਤਾ ਗਿਆ ਉਸ ਦੀ ਮਹਾਨ ਸਿਮਰਤੀ ਹਰੇਕ ਸਿੱਖ ਦੇ ਹਿਰਦੇ ਵਿੱਚ ਕਾਇਮ ਹੈ।

ਸਾਹਿਤ ਅਤੇ ਇਤਿਹਾਸ ਦੇ ਆਪਸੀ ਸੰਬੰਧਾਂ ਤੋਂ ਸਿਮਰਤੀ ਦੇ ਬਹੁ-ਰੂਪੀ ਪੱਖਾਂ ਦਾ ਉਲੇਖ ਹੁੰਦਾ ਹੈ। ਜਦੋਂ ਸਿਮਰਤੀ ਸਾਹਿਤ ਅਤੇ ਇਤਿਹਾਸਕ ਸੰਦਰਭ ਰਾਹੀਂ ਧਰਮ ਨਾਲ ਜੁੜ ਜਾਂਦੀ ਹੈ ਤਾਂ ਇਸ ਦਾ ਮਨੁੱਖੀ ਚੇਤਨਾ 'ਤੇ ਹੋਰ ਡੂੰਘਾ ਪ੍ਰਭਾਵ ਪੈਦਾ ਹੈ ਕਿਉਂਕਿ ਧਰਮ ਅਤੇ ਸਾਹਿਤ ਮਨੁੱਖੀ ਚੇਤਨਾ ਦੀਆਂ ਦੋ ਮਹੱਤਵਪੂਰਨ ਉਪਜਾਂ ਹਨ। ਜੋ ਮਨੁੱਖੀ ਵਿਕਾਸ ਦੇ ਦੌਰਾਨ ਹੋਂਦ ਵਿੱਚ ਆਈਆਂ ਅਤੇ ਆਪਣੇ ਵਿਕਾਸ ਦੇ ਵੱਖ-ਵੱਖ ਪੜਾਵਾਂ ਤੇ ਵੱਖ-ਵੱਖ ਰੂਪਾਂ ਵਿਚ ਅੰਤਰ-ਸੰਬੰਧਤ ਰਹੀਆਂ, ਜਿਸਦੇ ਫਲਸਰੂਪ ਵਿਭਿੰਨ ਗਿਆਨ ਸੰਚਾਰ ਹੋਂਦ ਵਿੱਚ ਆਏ। ਇਸ ਤਰ੍ਹਾਂ "Religion was born out of the realization of the human being according to which he considered a power superior to himself and had a

---

7 ਸੁਖਦਿਆਲ ਸਿੰਘ (1988) *ਖ਼ਾਲਸਾ ਰਾਜ ਦਾ ਸੰਕਲਪ,* ਫੋਰਸਟਰ ਪ੍ਰਿੰਟਿਰਜ਼, ਪਟਿਆਲਾ, ਪੰ. 81.

feeling of being weak in front of him and looking for his support."[8] ਭਾਵ ਕਿ ਧਰਮ ਦਾ ਜਨਮ ਮਨੁੱਖ ਦੇ ਉਸ ਅਹਿਸਾਸ ਵਿੱਚੋਂ ਹੋਇਆ ਜਿਸ ਅਨੁਸਾਰ ਉਹ ਕਿਸੇ ਸ਼ਕਤੀ ਨੂੰ ਆਪਣੇ ਤੋਂ ਉੱਤਮ ਮੰਨਦਾ ਸੀ ਅਤੇ ਉਸ ਦੇ ਸਨਮੁਖ ਆਪਣੇ ਕਮਜ਼ੋਰ ਹੋਣ ਦੀ ਤੇ ਉਸ ਦਾ ਆਸਰਾ ਤੱਕਣ ਦੀ ਭਾਵਨਾ ਰੱਖਦਾ ਸੀ। ਧਰਮ ਦੀ ਸ਼ਰਨ ਵਿੱਚ ਆ ਕੇ ਸਮਾਜਕ ਸਿਮਰਤੀ ਕਈ ਵਿਸ਼ਵਾਸਾਂ ਅਤੇ ਪ੍ਰੰਪਰਾਵਾਂ ਨਾਲ ਜੁੜ ਜਾਂਦੀ ਹੈ। ਇਸ ਸਿਮਰਤੀ ਵਿੱਚ ਮਨੁੱਖੀ ਸਵੈ-ਸੰਪੂਰਨਤਾ ਦੀ ਲਗਨ ਵੀ ਮੌਜੂਦ ਹੈ। ਇਸੇ ਤੋਂ ਹੀ ਹੌਲੀ-ਹੌਲੀ ਇਤਿਹਾਸ ਸਿਰਜਿਆ ਗਿਆ। ਇਸ ਤੋਂ ਪ੍ਰਤੱਖ ਹੈ ਕਿ ਧਰਮ ਦੀ ਸਥਾਪਨਾ ਅਤੇ ਪਸਾਰ ਵਿੱਚ ਸਾਹਿਤ ਅਤੇ ਇਤਿਹਾਸ ਦੀ ਵਿਸ਼ੇਸ਼ ਭੂਮਿਕਾ ਰਹੀ ਹੈ ਅਤੇ ਧਰਮ ਨੇ ਸਾਹਿਤ ਦਾ ਪ੍ਰੇਰਣਾ-ਸ੍ਰੋਤ ਬਣ ਕੇ ਆਧਾਰ ਸਮੱਗਰੀ ਦੇ ਰੂਪ ਰਾਹੀਂ ਇਸਦੀ ਪ੍ਰਫੁਲਤਾ ਵਿੱਚ ਆਪਣਾ ਯੋਗਦਾਨ ਪਾਇਆ ਹੈ। ਸਿਮਰਤੀ ਦੇ ਅਨੁਭਵ ਅਤੇ ਵਿਚਾਰ ਪ੍ਰਕਿਰਤੀ ਜਾਂ ਸਮਾਜਿਕ ਜੀਵਨ ਨਾਲ ਸੰਬੰਧਤ ਅਨੁਭਵ ਅਤੇ ਵਿਚਾਰਾਂ ਵਾਂਗ ਹੁੰਦੇ ਹਨ। ਸਿਮਰਤੀ ਨੂੰ ਧਰਮ ਦੀ ਬੁਨਿਆਦ ਉੱਤੇ ਆਧਾਰ ਸਮੱਗਰੀ ਬਣਾ ਕੇ ਰਚੇ ਗਏ ਸਾਹਿਤ ਦੀਆਂ ਅਨੇਕਾਂ ਵੰਨਗੀਆਂ ਉਪਲਬਧ ਹਨ। ਪ੍ਰਸਿੱਧ ਦਾਰਸ਼ਨਿਕ ਟੀ. ਐਸ. ਇਲੀਅਟ (Thomas Stearns Eliot) ਨੇ ਅਜਿਹੀਆਂ ਤਿੰਨ ਵੰਨਗੀਆਂ ਦਾ ਜ਼ਿਕਰ ਕੀਤਾ ਹੈ;

ੳ) ਧਾਰਮਕ ਸਾਹਿਤ

ਅ) ਸ਼ਰਧਾ/ਭਗਤੀ ਸਾਹਿਤ

ੲ) ਪ੍ਰਚਾਰ ਸਾਹਿਤ

ਪਹਿਲੀ ਵੰਨਗੀ ਵਿੱਚ ਮਨੁੱਖੀ ਸਿਮਰਤੀ ਨਾਲ ਸੰਬੰਧਤ ਉਹ ਰਚਨਾਵਾਂ ਹਨ, ਜਿਨ੍ਹਾਂ ਨੂੰ ਰੱਬੀ ਜਾਂ ਦੈਵੀ ਸਾਹਿਤ ਕਿਹਾ ਜਾਂਦਾ ਹੈ ਤੇ 'ਇਲਹਾਮ' ਦਾ ਦਰਜਾ ਪ੍ਰਾਪਤ ਹੈ। ਅਜਿਹਾ ਸਾਹਿਤ ਸਿਮਰਤੀ ਦਾ ਅੰਸ਼ ਬਣ ਕੇ ਜੀਵਨ ਦੇ ਨਾਲ ਹੀ ਤੁਰਦਾ ਜਾਂਦਾ ਹੈ। ਇਹ ਦੈਵੀ ਸਾਹਿਤ ਧਰਮ ਗ੍ਰੰਥਾਂ ਵਜੋਂ ਜਾਣਿਆ ਜਾਂਦਾ ਹੈ ਅਤੇ ਇਸ ਦਾ ਇੱਕ-ਇੱਕ ਸ਼ਬਦ ਮਹਾਨ ਅਤੇ ਪਾਵਨ ਮੰਨਿਆ ਜਾਂਦਾ ਹੈ, ਭਾਵੇਂ ਇਹ ਮਹਾਨ ਦੈਵੀ ਸਾਹਿਤ ਮਨੁੱਖੀ ਰਚਨਾ ਹੁੰਦਾ ਹੈ ਪਰ ਇਹਨਾਂ ਵਿੱਚ ਅਭਿਵਿਅਕਤ ਸੰਦੇਸ਼ ਧੁਰੋਂ ਭਾਵ ਪਰਮਸੱਤਾ ਤੋਂ ਪ੍ਰਾਪਤ ਹੋਇਆ ਮੰਨਿਆ ਜਾਂਦਾ ਹੈ, ਜਿਸਨੂੰ ਮਨੁੱਖੀ ਜਾਮੇ ਵਿੱਚ ਆਏ ਪੈਗੰਬਰਾਂ/ਗੁਰੂਆਂ/ਮਹਾਤਮਾਵਾਂ ਨੇ ਉਸ ਸੱਤਾ ਨਾਲ

[8] J.G Frazer (1911) *The Golden Bough,* Vol.1, Macmillan and Com, London, p. 240.

ਆਪਣੀ ਇਕਰੂਪਤਾ ਸਦਕਾ ਪ੍ਰਾਪਤ ਕੀਤਾ ਹੁੰਦਾ ਹੈ ਅਤੇ ਉਸ ਦੇ ਦੂਤ ਬਣ ਕੇ ਉਹ ਇਸ ਸੰਦੇਸ਼ ਨੂੰ ਮਨੁੱਖੀ ਕਲਿਆਣ ਲਈ ਪ੍ਰਸਾਰਿਤ ਕਰਦੇ ਹਨ। ਇਸ ਬਾਰੇ ਪ੍ਰਸਿੱਧ ਚਿੰਤਕ ਨਾਰਥਰਾਪ-ਫਰਾਇ (Northrop Frye) ਲਿਖਦਾ ਹੈ, "ਇਹ ਪ੍ਰਕਾਸ਼ਿਤ ਬਾਣੀ, ਜਿਸ ਵਿੱਚ ਕਰਤਾ (ਸਾਹਿਤਕਾਰ) ਦੀ ਭੂਮਿਕਾ ਕੇਵਲ ਪ੍ਰਕਾਸ਼ਨ ਵਜੋਂ ਹੀ ਸਵੀਕਾਰ ਕੀਤੀ ਜਾਂਦੀ ਹੈ। ਇਸ ਪ੍ਰਕਾਰ ਅਜਿਹਾ ਸਾਹਿਤ ਕੇਵਲ ਪ੍ਰਗਟਾਵਾ ਹੀ ਨਹੀਂ ਸਗੋਂ ਪ੍ਰਕਾਸ਼ ਵੀ ਹੈ।"[9] ਪ੍ਰਕਾਸ਼ਿਤ ਸਾਹਿਤ ਸਿੱਖ ਸਿਮਰਤੀ ਦਾ ਵੱਡਾ ਹਿੱਸਾ ਹੈ, ਜਿਸ ਦੀ ਸਰਵੋਤਮ ਉਦਾਹਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਇਸ ਬਾਣੀ ਦੇ ਪ੍ਰਕਾਸ਼ ਵਿੱਚੋਂ ਸ੍ਰੀ ਅਨੰਦਪੁਰ ਸਾਹਿਬ ਦੀ ਮਹਾਨ ਵਿਚਾਰਧਾਰਾ ਪੈਦਾ ਹੋਈ। ਸਾਹਿਤ ਦੀਆਂ ਸ਼ਰਧਾ ਪੂਰਵਕ ਵੰਨਗੀਆਂ ਅਤੇ ਪ੍ਰਚਾਰ ਸਾਹਿਤ ਦੀਆਂ ਅਨੇਕਾਂ ਵੰਨਗੀਆਂ ਦੀ ਪੜਚੋਲ ਜੋ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਹਨ, ਉਹਨਾਂ ਤੋਂ ਇਹ ਆਪ ਮੁਹਾਰੇ ਹੀ ਪ੍ਰਗਟ ਹੋ ਜਾਂਦਾ ਹੈ। ਜਿਵੇਂ; ਕਵੀ ਸੁਰਜੀਤ ਪਾਤਰ ਦੇ ਬੋਲ ਹਨ,

ਜਿੰਦੇ ਨੀ ਚੱਲ ਆਨੰਦਪੁਰ ਵਸੀਏ,
ਜਿੱਥੇ ਰਹਿੰਦੇ ਨੇ ਗੁਰਾਂ ਦੇ ਰੰਗ ਰਸੀਏ।[10]

ਅਜਿਹੇ ਕਾਵਿਕ ਉਲੇਖ ਤੋਂ ਸਾਹਿਤਕਾਰੀ, ਇਤਿਹਾਸਕਾਰੀ ਅਤੇ ਮਾਨਵੀ ਸਿਮਰਤੀ ਦੇ ਪੱਖ ਉੱਘੜਦੇ ਹਨ। ਧਾਰਮਕ ਮੁੱਲ ਦ੍ਰਿਸ਼ਟੀ ਲਈ ਸਾਹਿਤਕ ਰਚਨਾਵਾਂ ਦਾ ਆਧਾਰ ਬਣਾਇਆ ਜਾਂਦਾ ਰਿਹਾ ਹੈ। ਜੇਕਰ ਧਾਰਮਕ ਮੁੱਲ ਅਤੇ ਸਾਹਿਤਕ ਮੁੱਲ ਨੂੰ ਸਿਮਰਤੀ ਨਾਲ ਜੋੜ ਕੇ ਪਰਖ ਲਿਆ ਜਾਵੇ ਤਾਂ ਇਸ ਵਿੱਚੋਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦਾ ਹੱਲ ਸੰਭਵ ਹੈ। ਸਾਹਿਤ ਸਿਰਜਣਾ ਵਿਚਲੇ ਸਾਹਿਤ ਦੀ ਸਮੱਗਰੀ ਅਤੇ ਉਸ ਕਾਲ ਦੇ ਸੁਭਾਅ, ਚਰਿੱਤਰ ਦੀ ਪਛਾਣ ਕਰਕੇ ਇਤਿਹਾਸਕਾਰੀ ਕਰਨੀ ਹੁੰਦੀ ਹੈ। ਨਿਰਸੰਦੇਹ ਇਤਿਹਾਸ ਦਾ ਸੰਬੰਧ ਮਨੁੱਖੀ ਜੀਵਨ ਦੀਆਂ ਘਟਨਾਵਾਂ ਨਾਲ ਹੁੰਦਾ ਹੈ, ਜਦੋਂ ਕਿ ਸਾਹਿਤ ਦਾ ਇਤਿਹਾਸ ਸਾਹਿਤਕ ਕਿਰਤਾਂ ਨੂੰ ਅਧਿਐਨ ਲਈ ਕੇਂਦਰ ਬਿੰਦੂ ਬਣਾਉਂਦਾ ਹੈ।

ਇਤਿਹਾਸਕ ਸ੍ਰੋਤਾਂ ਤੋਂ ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸਕ ਪਿਛੋਕੜ, ਨਾਮਕਰਨ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਸ਼ਹੀਦੀ ਤੋਂ ਬਾਅਦ ਇੱਥੇ ਵਾਪਰੀਆਂ ਘਟਨਾਵਾਂ ਦੇ ਨਾਲ-ਨਾਲ

---

9 ਉਦਰਿਤ ਹਰਿਭਜਨ ਸਿੰਘ, ਸੰਪਾ. (1971) *ਧਰਮ ਅਤੇ ਧਾਰਮਿਕ ਕਾਵਿ,* ਨੈਸ਼ਨਲ ਬੁਕ ਸ਼ਾਪ, ਦਿੱਲੀ, ਪੰ. 11.

10 ਸੁਰਜੀਤ ਪਾਤਰ, ਸੰਪਾ. (2016) *ਤੇਰੇ ਦਰ ਤੇ ਵਗਦੀ ਕਾਵਿ ਨਦੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 29.

ਖ਼ਾਲਸਾ ਸਿਰਜਨਾ ਦਾ ਮਹੱਤਵ ਪ੍ਰਗਟ ਹੁੰਦਾ ਹੈ। ਕਵੀ ਸੰਤੋਖ ਸਿੰਘ, ਕੇਸਰ ਸਿੰਘ ਛਿੱਬਰ, ਗਿਆਨੀ ਗਿਆਨ ਸਿੰਘ ਆਦਿ ਇਤਿਹਾਸਕਾਰਾਂ ਦੁਆਰਾ ਦਿੱਤੇ ਹਵਾਲੇ ਸਪੱਸ਼ਟ ਕਰਦੇ ਹਨ ਕਿ ਸ੍ਰੀ ਅਨੰਦਪੁਰ ਸਾਹਿਬ ਸਿੱਖ ਸਿਮਰਤੀ ਦਾ ਮੁੱਢ ਤੋਂ ਹੀ ਅਨਿੱਖੜਵਾਂ ਅੰਗ ਰਿਹਾ ਹੈ ਜੋ ਕਿ ਕਦੇ ਵੀ ਸਿੱਖ ਰੂਹਾਨੀ ਸਿਮਰਤੀ ਤੋਂ ਵੱਖ ਨਹੀਂ ਹੋ ਸਕਦਾ। ਇਸ ਸੰਬੰਧੀ ਦੂਸਰੇ ਅਧਿਆਇ ਵਿੱਚ ਵਿਸਥਾਰ ਰੂਪ ਵਿੱਚ ਜ਼ਿਕਰ ਕਰ ਆਏ ਹਾਂ। ਦੁਨੀਆਂ ਦੇ ਹਰੇਕ ਕੋਨੇ ਵਿੱਚ ਬੈਠਾ ਸਿੱਖ ਸਦੀਵੀ ਤੌਰ ’ਤੇ ਆਪਣੀ ਸਿਮਰਤੀ ਨੂੰ ਸਿੱਖੀ ਨਾਲ ਜੋੜੀ ਰੱਖਣ ਲਈ ਜੇ ਦ੍ਰਿੜ ਹੈ ਤਾਂ ਸ੍ਰੀ ਅਨੰਦਪੁਰ ਸਾਹਿਬ ਨੂੰ ਕਦੇ ਵੀ ਆਪਣੀ ਸਿਮਰਤੀ ਵਿੱਚੋਂ ਮਨਫੀ ਨਹੀਂ ਕਰ ਸਕਦਾ।

ਕਿਸੇ ਕੌਮ ਦੇ ਸੱਭਿਆਚਾਰ ਦੀ ਉਸਾਰੀ ਪਹਿਲਾਂ ਸਿਮਰਤੀ ਵਿੱਚ ਆਉਂਦੀ ਹੈ, ਫਿਰ ਵਿਹਾਰਕ ਰੂਪ ਧਾਰਨ ਕਰਦੀ ਹੈ। ਇਹ ਸਿਮਰਤੀ ਇਤਿਹਾਸ ਅਤੇ ਸਾਹਿਤ ਦਾ ਵਾਹਕ ਬਣਦੀ ਹੈ। ਜਨਮ ਸਾਖੀ ਸਾਹਿਤ ਸਿੱਖ ਸੱਭਿਆਚਾਰ ਨਿਵੇਕਲਾ ਹੈ, ਇੱਥੇ ਮਨੁੱਖੀ ਭਾਈਚਾਰੇ ਦੀ ਉਸਾਰੀ ਹੁੰਦੀ ਹੈ। ਸਿੱਖਾਂ ਦੀ ਸਾਹਿਤਕ ਸਿਮਰਤੀ ਵੀ ਗੁਰੂ-ਸਾਹਿਬਾਨ ਦੁਆਰਾ ਦਿੱਤੇ ਸਿਧਾਂਤਾ ਨਾਲ ਪੂਰੀ ਤਰ੍ਹਾਂ ਸਰੋਸ਼ਾਰ ਹੈ। ਇਸ ਸਿਮਰਤੀ ਵਿੱਚੋਂ ਸਿੱਖ-ਸੱਭਿਆਚਾਰ ਦੇ ਵਿਭਿੰਨ ਪਹਿਲੂ ਸਿਰਜੇ ਹਨ, ਜਿਨ੍ਹਾਂ ਨੇ ਜਬਰ-ਜ਼ੁਲਮ ਦਾ ਟਾਕਰਾ ਕਰਨ ਦਾ ਤਰੀਕਾ ਵੀ ਸਿੱਖਿਆ ਅਤੇ ਸੁਹਜਮਈ ਤਰੀਕੇ ਨਾਲ ਕਲਮ ਦਾ ਹੁਨਰ ਵੀ ਸਿੱਖਿਆ, ਜਿਸ ਕਾਰਨ ਸਿੱਖ ਸਮਾਜ ਦੀ ਵਿਸ਼ਵ ਦੇ ਨਕਸ਼ੇ ’ਤੇ ਵਿਸ਼ੇਸ਼ ਤੇ ਵਿਲੱਖਣ ਪਛਾਣ ਬਣੀ।

- **ਤ੍ਰੈ-ਕਾਲੀ ਸਿਮਰਤੀ: ਇਤਿਹਾਸਕ ਅਤੇ ਸਾਹਿਤਕ ਅੰਤਰ ਸੰਬੰਧ**

ਸਾਹਿਤਕ ਅਤੇ ਇਤਿਹਾਸਕ ਅਧਿਐਨ ਤੋਂ ਤੱਥ ਸਾਹਮਣੇ ਆਉਂਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਸਿੱਖ ਪੰਥ ਨੂੰ ਵਿਲੱਖਣਤਾ ਬਖਸ਼ੀ, ਜਿਸ ਨਾਲ ਸਿੱਖਾਂ ਦੇ ਮਨਾਂ ਵਿੱਚ ਇਹ ਅਹਿਮ ਸਥਾਨ ਬਣਾ ਚੁੱਕਾ ਹੈ, ਸ੍ਰੀ ਅਨੰਦਪੁਰ ਸਾਹਿਬ ਦੇ ਜ਼ਿਕਰ ਮਾਤਰ ਨਾਲ ਹੀ ਸਿੰਘਾਂ ਦੇ ਚਿਹਰੇ ਰੂਹਾਨੀ ਨੂਰ ਨਾਲ ਭਰ ਜਾਂਦੇ ਹਨ। ਸਿੱਖ ਮਾਨਸਿਕਤਾ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਉਪਮਾ ਅਜਿਹਾ ਘਰ ਕਰ ਚੁੱਕੀ ਹੈ ਕਿ ਲੋਕ ਕਾਵਿ ਅਤੇ ਲੋਕ ਗੀਤਾਂ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਦਾ ਜ਼ਿਕਰ ਸਿੱਖ ਦੀ ਜੁਬਾਨ ਉੱਤੇ ਸਹਿਜੇ ਹੀ ਮਿਲ ਜਾਂਦਾ ਹੈ ਜਿਵੇਂ:-

> ਪਿਤਾ ਹੋਵੇ ਗੁਰੂ ਦਸਮੇਸ਼ ਜੈਸਾ।
> ਮਾਤਾ ਹੋਵੇ ਸਾਹਿਬ ਕੌਰ ਮਾਤਾ ਜੈਸੀ।

ਉਹਨੇਂ ਹੋਰ ਕੀ ਲੈਣਾ ਦੁਨੀਆਂ ਤੋਂ
ਜਿਸ ਨੂੰ ਥਾਂ ਮਿਲਜੇ ਅਨੰਦਪੁਰ ਥਾਂ ਜੈਸੀ।[11]

ਉਪਰੋਕਤ ਲੋਕ ਕਾਵਿ ਦੀ ਉਦਾਹਰਣ ਸਿੱਖ ਸਿਮਰਤੀ ਵਿੱਚ ਸਥਾਪਿਤ ਹੋ ਚੁੱਕੀਆਂ ਪਰੰਪਰਾਵਾਂ ਜਿਵੇਂ: ਗੁਰੂ ਗੋਬਿੰਦ ਸਿੰਘ ਜੀ ਨੂੰ ਪਿਤਾ ਅਤੇ ਮਾਤਾ ਸਾਹਿਬ ਕੌਰ ਨੂੰ ਮਾਤਾ ਦਾ ਦਰਜਾ ਦੇਣਾ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਖ਼ਾਲਸੇ ਦੀ ਜਨਮ ਭੂਮੀ ਵਜੋਂ ਮੰਨਣ ਦੀ ਛਾਪ ਸਿੱਖਾਂ ਦੇ ਮਨ ਉੱਤੇ ਗਹਿਰੇ ਰੂਪ ਵਿੱਚ ਉੱਕਰੀ ਹੈ ਜਿਸ ਤੋਂ ਵਰਤਮਾਨ ਵਿੱਚ ਸਮਾਜਕ, ਧਾਰਮਕ ਸਮਝ ਅਤੇ ਜੀਵਨ ਨੂੰ ਸੇਧ ਦੇਣ ਦੀ ਅਗਵਾਈ ਪ੍ਰਾਪਤ ਹੁੰਦੀ ਹੈ। ਉਕਤ ਰਚਨਾ ਤ੍ਰੈ-ਕਾਲੀ ਸਿਮਰਤੀ ਦੇ ਪ੍ਰਭਾਵ ਹੇਠ ਰਚੀ ਗਈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਪਿਤਾ ਮੰਨਣਾ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਖ਼ਾਲਸੇ ਦੀ ਜਨਮ ਭੂਮੀ ਮੰਨਣਾ ਭੂਤਕਾਲ, ਵਰਤਮਾਨ ਅਤੇ ਭਵਿੱਖ ਵਿੱਚ ਤਿੰਨੋ ਕਾਲਾਂ ਵਿੱਚ ਧਾਰਨਾ ਦੇ ਰੂਪ ਵਿੱਚ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਸਿੱਖ ਸਾਹਿਤ ਨੇ ਸਿਮਰਤੀ ਨੂੰ ਲਿਖਤੀ ਰੂਪ ਵਿੱਚ ਸੰਭਾਲਿਆ ਹੈ, ਵਿਸਾਖੀ ਦੇ ਦਿਹਾੜੇ ਪੰਜ ਪਿਆਰਿਆਂ ਦੀ ਸਾਜਨਾ ਅੱਜ ਵੀ ਹਰੇਕ ਸਿੱਖ ਦੇ ਮਨ ਅੰਦਰ ਸਮੋਈ ਹੋਈ ਪਵਿੱਤਰ ਯਾਦ ਹੈ ਜੋ ਭਵਿੱਖ ਵਿੱਚ ਵੀ ਸਮੋਈ ਰਹੇਗੀ। ਵਿਸਾਖੀ ਦੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਫੌਲਾਦੀ ਧਾਰ ਵਿੱਚੋਂ ਖ਼ਾਲਸਾ ਪੈਦਾ ਕੀਤਾ ਜਿਸਦਾ ਜਨਮ ਵਿਸਾਖੀ ਨੂੰ ਮਨਾਇਆ ਜਾਂਦਾ ਹੈ। ਖ਼ਾਲਸੇ ਦੀ ਉਤਪਤੀ ਦਾ ਅਧਾਰ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤਾ ਮਿਸ਼ਨ ਸੀ। ਗੁਰੂ ਨਾਨਕ ਦੇਵ ਜੀ ਨੇ ਨਿਆਰੀ ਪਛਾਣ ਕਾਇਮ ਕਰਨ ਲਈ ਇਸਦੀ ਬੁਨਿਆਦ ਰੱਖ ਦਿੱਤੀ ਸੀ। "ਜਿਹੜੇ ਲੋਕੀਂ ਨਾ ਕੋ ਹਿੰਦੂ ਨ ਮੁਸਲਮਾਨ ਦੇ ਨਾਅਰੇ ਦੁਆਲੇ ਇਕੱਠੇ ਹੋਣੇ ਸ਼ੁਰੂ ਹੋ ਗਏ ਉਹ ਸਿੱਖ ਅਖਵਾਏ। ਸਿੱਖਾਂ ਨੂੰ ਜੱਥੇਬੰਦ ਕਰਨ ਲਈ ਕੌਮੀ ਪੱਧਰ ਤੇ ਲਿਆਣਾ ਸੀ, ਸੰਤਾਂ ਦੀ ਜਮਾਤ ਹੀ ਸਿਪਾਹੀਆਂ ਵਿਚ ਬਦਲਨੀ ਸੀ, ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਇਹ ਉਸਾਰੀ ਹੁੰਦੀ ਰਹੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਪੂਰਨਤਾ ਤੀਕਰ ਪੁਚਾਉਣ ਲਈ ਕੇਸਗੜ੍ਹ ਦਾ ਐਲਾਨ ਕੀਤਾ। ਇਹ ਸਿੱਖ ਇਤਿਹਾਸ ਦਾ ਦੂਜਾ ਸੀਸ ਭੇਟ ਦਾ ਐਲਾਨ ਸੀ।"[12] ਸਿੱਖ ਸਿਮਰਤੀ ਵਿੱਚ ਸੀਸ ਭੇਂਟ ਤੋਂ ਭਾਵ ਗੁਰੂ ਦੇ ਹਰ ਬਚਨ ਨੂੰ ਪੁਗਾਉਣਾ ਹੈ।

---

11 *ਲੋਕ ਕਾਵਿ ਦੀ ਉਦਾਹਰਣ.*

12 ਗਿ. ਅਜਮੇਰ ਸਿੰਘ ਪਾਲ (ਮਾਰਚ 1978) 'ਕੇਸਗੜ੍ਹ ਦਾ ਐਲਾਨ ਤੇ ਵੈਸਾਖੀ', ਗਿ. ਮਹਿੰਦਰ ਸਿੰਘ, ਸੰਪਾ., *ਗੁਰਦੁਆਰਾ ਗਜ਼ਟ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰ. 60.

- **ਪੁਨਰ-ਯਾਦ ਅਤੇ ਸਮੂਹਿਕ ਸਿਮਰਤੀ**

ਇਤਿਹਾਸਕ ਅਤੇ ਸਾਹਿਤਕ ਲਿਖਤਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਜ਼ੁਲਮ ਖਿਲਾਫ ਜੰਗ ਛੇੜਨ ਵਾਲਾ ਅਜਿਹਾ ਨਗਰ ਹੈ ਜੋ ਸਦੀਵੀ ਤੌਰ 'ਤੇ ਸੱਚ ਦੇ ਹੱਕ ਵਿੱਚ ਖੜ੍ਹਾ ਹੈ। ਇਹੋ ਸਚਾਈ ਸਿੱਖਾਂ ਦੀ ਸਮੂਹਿਕ ਸਿਮਰਤੀ ਵਿੱਚ ਪਵਿੱਤਰ ਨਗਰ ਸੰਬੰਧੀ ਸੱਚੀ-ਸੁੱਚੀ ਭਾਵਨਾ ਪੈਦਾ ਕਰਦੀ ਹੈ ਜਿਹੜੀ ਧਰਮ ਲਈ ਜੂਝ ਮਰਨ ਦਾ ਚਾਅ ਪੈਦਾ ਕਰਦੀ ਹੈ। "ਧਰਮ ਯੁੱਧ ਦੀ ਅਧਿਆਤਮਿਕ ਤੇ ਸਮਾਜਕ ਏਕਤਾ ਦਰਸਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਸੱਚ ਤੇ ਨਿਆਂ ਲਈ ਮੌਤ ਨੂੰ ਵੀ ਮਖੌਲ ਕਰਨ ਦੀ ਇਕ ਅਦੁੱਤੀ ਅਤੇ ਨਿਡਰ ਕ੍ਰਿਆ ਨੂੰ ਜਨਮ ਦਿੱਤਾ ਹੈ, ਉਥੇ ਉਹਨਾਂ ਨੇ ਜੀਵਨ ਦੇ ਹਰ ਮੈਦਾਨ ਵਿਚ ਪ੍ਰਮੇਸ਼ਰ-ਸ਼ਕਤੀ ਨਾਲ ਜੁੜੇ ਰਹਿਣ ਦਾ ਆਦੇਸ਼ ਦੇ ਕੇ ਇਹ ਵੀ ਸਮਝਾਇਆ ਹੈ ਕਿ ਜੇ 'ਆਦਰਸ਼-ਭਾਵਨਾ' ਕਬੁਧਿ, ਦੁਰਮਤਿ ਤੇ ਦੁਸ਼ਟ-ਦੋਖੀਆਂ ਨੂੰ ਪਛਾੜਨ ਵਾਲੀ ਹੈ, ਕਿਸੇ ਤਰ੍ਹਾਂ ਦਾ ਕਬਜ਼ਾ ਜਾਂ ਮੈਂ-ਮੇਰੀ ਦਾ ਪ੍ਰਗਟਾ ਕਰਨ ਵਾਲੀ ਨਹੀਂ ਤਾਂ ਨਿਸਚੇ ਹੀ ਪ੍ਰਭੂ-ਪ੍ਰਮੇਸ਼ਰ ਫ਼ਤਹਿ ਪ੍ਰਦਾਨ ਕਰੇਗਾ।"[13] ਕਵੀ ਸ਼ੇਰ ਸਿੰਘ ਕੰਵਲ ਨੇ ਆਪਣੀ ਪੁਸਤਕ 'ਕੇਸਗੜ੍ਹ ਦੇ ਕਿੰਗਰੇ' ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਤਖ਼ਤ ਅਤੇ ਦਿੱਲੀ ਦੇ ਤਖ਼ਤ ਦੀ ਤੁਲਨਾ, ਸੱਚ ਅਤੇ ਝੂਠ, ਸਬਰ ਅਤੇ ਜ਼ਬਰ ਦੇ ਰੂਪ ਵਿੱਚ ਕਰਦਿਆਂ ਪ੍ਰਗਟ ਕਰਦੇ ਹਨ ਕਿ ਦਿੱਲੀ ਦਾ ਤਖ਼ਤ ਬੇਗੈਰਤੀ ਹੈ ਕਿਉਂਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਉਪਜੀ ਲਹਿਰ ਦੁਨੀਆਵੀ ਤਖਤਾਂ ਨੂੰ ਪ੍ਰਵਾਨ ਨਹੀਂ ਕਰਦੀ;

> ਦਿੱਲੀ ਦੇ ਦਿਲ 'ਚ ਖੜਕੀ ਹੈ, ਆਨੰਦਪੁਰ ਬਹੁਤ ਅੱਥਰਾ ਹੈ
> ਇਹਦੇ ਗੁਸਤਾਖ਼ ਬੋਲਾਂ ਨੇ, ਤਖ਼ਤ ਦਾ ਚੈਨ ਖੋਇਆ ਹੈ।
> ਆਨੰਦਪੁਰ ਕੌਣ ਹੁੰਦਾ ਹੈ, ਜੋ ਇਸ ਤੋਂ ਹਿਚਕਚਾਉਂਦਾ ਹੈ?
> ਤੇ ਫਿਰ ਇਕ ਸੋਚ ਦੇ ਅੰਦਰ, ਆਨੰਦਪੁਰ ਸ਼ਹਿਰ ਖੜ੍ਹਦਾ ਹੈ.....
> ...ਦਿੱਲੀ ਦੇ ਸ਼ਹਿਰ ਸੰਗ ਸਿੱਧਾ, ਆਨੰਦਪੁਰ ਸ਼ਹਿਰ ਭਿੜਦਾ ਹੈ।
> ਜ਼ੁਲਮ ਨੂੰ ਮਾਰਦਾ ਦਿੱਲੀਏ, ਦਿੱਲੀਏ ਜ਼ੁਲਮ ਦੇ ਕਿੰਗਰੇ
> ਆਨੰਦਪੁਰ ਤੋੜਦਾ ਰਹਿਸੀ, ਜ਼ੁਲਮ ਦੀ ਧਾਰ ਨੂੰ ਦਿੱਲੀਏ
> ਆਨੰਦਪੁਰ ਮੋੜਦਾ ਰਹਿਸੀ।[14]

---

13 ਜੋਗਿੰਦਰ ਸਿੰਘ (1991) *ਗੁਰੂ ਜੋਤਿ ਪ੍ਰਕਾਸ਼: ਧਰਮ ਤੋਂ ਤਖ਼ਤ ਤਕ,* ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ, ਪੰ. 209.

14 ਸ਼ੇਰ ਸਿੰਘ ਕੰਵਲ (2011) *ਕੇਸਗੜ੍ਹ ਦੇ ਕਿੰਗਰੇ,* ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, ਪੰਨੇ. 9-17.

ਬੀਤੀ ਹੋਈ ਘਟਨਾ ਨੂੰ ਸਿਮਰਤੀ ਵਿੱਚ ਵਸਾਉਣਾ, ਦੁਹਰਾਉਣਾ, ਮਨ ਨੂੰ ਕੇਂਦਰਿਤ ਕਰਕੇ ਵਿਚਾਰਾਂ ਵਿੱਚ ਪੁਨਰ ਨਿਰਮਾਣ ਕਰਨਾ ਹੀ ਪੁਨਰ ਯਾਦ ਸਿਮਰਤੀ ਹੈ। ਇਹ ਸਾਨੂੰ ਬੀਤੇ ਤੋਂ ਸਿਖਾਉਂਦੀ ਹੈ, ਵਰਤਮਾਨ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਭਵਿੱਖ ਲਈ ਚੇਤੰਨ ਕਰਦੀ ਹੈ। ਇਸ ਕਵਿਤਾ ਵਿੱਚ ਦਿੱਲੀ ਦੇ ਕੀਤੇ ਜ਼ੁਲਮਾਂ ਨੂੰ ਪੁਨਰ-ਯਾਦ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਦੀ ਅਡੋਲਤਾ ਨੂੰ ਦਰਸਾਇਆ ਗਿਆ ਹੈ। ਭਵਿੱਖ ਲਈ ਦਿੱਲੀ ਨੂੰ ਚੇਤੰਨ ਕਰਦੇ ਬੋਲ ਦਿੱਲੀ ਦੇ ਜ਼ੁਲਮ ਦੇ ਕਿੰਗਰੇ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਤੋੜਨ ਦੀ ਗੱਲ ਚੇਤੇ ਕਰਵਾਈ ਗਈ ਹੈ।

ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਸਾਹਿਤ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਸਾਹਿਤਕਾਰ ਸਿਮਰਤੀ ਤੋਂ ਪ੍ਰਭਾਵਿਤ ਹੁੰਦੇ ਹਨ। ਸੰਤ ਰਾਮ ਉਦਾਸੀ ਵਰਗਾ ਇਨਕਲਾਬੀ ਕਵੀ ਚਮਕੌਰ ਦੀ ਗੜ੍ਹੀ ਦੇ ਦ੍ਰਿਸ਼ਾਂਟ ਦੇ ਕੇ ਸਿੱਖ ਸਿਮਰਤੀ ਨੂੰ ਮੁੜ ਤਾਜਾ ਕਰਦਾ ਹੈ। ਇਨਕਲਾਬੀ ਮਾਰਕਸਵਾਦੀ ਕਵੀ ਦਾ ਗੁਰੂ ਸਾਹਿਬ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡਣ ਅਤੇ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ ਹਿਸਾਬ ਮੰਗਣਾ ਆਪਣੇ ਆਪ ਵਿੱਚ ਬਹੁਤ ਗਹਿਰਾ ਮਹੱਤਵ ਰੱਖਦਾ ਹੈ। ਆਮ ਤੌਰ ’ਤੇ ਪੰਜਾਬ ਦੇ ਮਾਰਕਸਵਾਦੀ ਸਿੱਖ ਚਿੰਨਾਂ ਤੋਂ ਨਿਰਪੱਖ ਰਹਿੰਦੇ ਹਨ ਪਰੰਤੂ ਕਵੀ ਸੰਤ ਰਾਮ ਉਦਾਸੀ ਆਪਣੀਆਂ ਕਵਿਤਾਵਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਦਾ ਜ਼ਿਕਰ ਕਰਦਾ ਹੈ, ਪਰੰਤੂ ਇਹ ਕਿਲ੍ਹਾ ਮਹਿਜ ਇੱਕ ਕੰਧਾਂ ਵਿੱਚ ਘਿਰੀ ਜਗਾ ਜਾਂ ਇਮਾਰਤ ਨਹੀਂ ਸਗੋਂ ਇਹ ਗੁਰੂ ਮਹਾਰਾਜ ਵੱਲੋਂ ਹੱਕ, ਸੱਚ ਅਤੇ ਇਨਸਾਫ਼ ਲਈ ਜੰਗ ਦਾ ਪ੍ਰਤੀਕ ਹੈ;

ਸਾਣ ਲੱਗੀ ਸੰਗੀਨ ਦੇ ਮੂਹਰੇ, ਅਰਥ ਕੀ ਤਣਿਆਂ ਮੁੱਕਿਆਂ ਦਾ?
ਤੁਸੀਂ ਨਹੀਂ ਜੇ ਜੰਗਲ ਲੱਖੀ ਦਾ, ਅਰਥ ਕੀ ਸਿੰਘਾਂ ਲੁਕਿਆਂ ਦਾ?
ਬੇਸ਼ੱਕ ਕਿਲ੍ਹਾ ਅਨੰਦਪੁਰ ਛੱਡਿਆ, (ਪਰ) ਖ਼ਦਰਾਣੇ ਦੀ ਢਾਬ ਦਿਓ।
ਮੇਰੀਓ ਲੋਕੋ! ਵੇ ਇਕ ਗੱਲ ਦਾ, ਮੈਨੂੰ ਤੁਰੰਤ ਜਵਾਬ ਦਿਓ।
ਅੱਜ ਤੱਕ ਨੁੱਚੜੇ ਸੁਰਖ਼ ਲਹੂ ਦਾ, ਨਹੀਂ ਤਾਂ ਤੁਰੰਤ ਹਿਸਾਬ ਦਿਓ।[15]

ਉਪਰੋਕਤ ਕਵਿਤਾ ਵਿੱਚ ਕਵੀ ਸ੍ਰੀ ਅਨੰਦਪੁਰ ਸਾਹਿਬ ਦੀ ਇਤਿਹਾਸਕ ਘਟਨਾ ਕਿਲ੍ਹਾ ਛੱਡਣ ਦੇ ਨਾਲ-ਨਾਲ ਮੁਕਤਸਰ ਦੀ ਖ਼ਦਰਾਣੇ ਦੀ ਢਾਬ ਦੇ ਇਤਿਹਾਸਕ ਪਲਾਂ ਨੂੰ ਸਿਮਰਤੀ ਰਾਹੀਂ ਪੁਨਰ ਸੁਰਜੀਤ

---

[15] ਸੰਤ ਰਾਮ ਉਦਾਸੀ (2016) *ਉਦਾਸੀ ਕਾਵਿ ਸੰਤ ਰਾਮ ਉਦਾਸੀ ਦੀਆਂ ਸੰਪੂਰਨ ਕਵਿਤਾਵਾਂ ਅਤੇ ਗੀਤਾਂ ਦਾ ਸੰਗ੍ਰਹਿ,* ਅਮੋਲਕ ਸਿੰਘ, ਸੰਪਾ., ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, ਪੰ. 106.

ਕਰਨ ਦਾ ਯਤਨ ਕਰਦਾ ਹੈ। ਮੁਕਤਸਰ ਚਾਲੀ ਮੁਕਤਿਆਂ ਵੱਲੋਂ ਜੰਗ ਵਿੱਚ ਸ਼ਹੀਦ ਹੋਣ ਦੀ ਕਹਾਣੀ ਬਿਆਨ ਕਰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇ ਕੇ ਆਏ ਸਿੰਘ ਮਾਈ ਭਾਗੋ ਦੀ ਅਗਵਾਈ ਹੇਠ ਫੈਸਲਾਕੁੰਨ ਜੰਗ ਲੜਦੇ ਹਨ। ਗੁਰੂ ਗੋਬਿੰਦ ਸਿੰਘ ਜੀ ਮਹਾਂ ਸਿੰਘ ਜੋ ਜ਼ਖਮੀ ਹੋ ਚੁੱਕਾ ਸੀ ਆਪਣੀ ਅੰਤਿਮ ਖ਼ਾਹਿਸ਼ ਕੇਵਲ ਬੇਦਾਵਾ ਵਾਪਸ ਕਰਨ ਦੀ ਬੇਨਤੀ ਕਰਦਾ ਹੈ। ਮਹਾਂ ਸਿੰਘ ਦੀ ਬੇਨਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਤੋਂ ਮੁਕਤਸਰ ਸਾਹਿਬ ਤੱਕ ਦਾ ਇਤਿਹਾਸਕ ਸਫ਼ਰ ਸਿੱਖ ਸਿਮਰਤੀ ਦਾ ਹਿੱਸਾ ਬਣ ਜਾਂਦਾ ਹੈ, ਖ਼ਾਲਸਾ ਹਰ ਮੈਦਾਨ ਫਤਹਿ ਹੁੰਦਾ ਹੈ।

ਪੰਜਾਬ ਦੀ ਲੋਕਧਾਰਾ ਵਿੱਚ ਖ਼ਾਲਸਾ ਜਿਉਂਦਾ ਹੈ। ਸਾਹਿਤ ਵਿੱਚ ਖਾਲਸੇ ਦੀ ਪ੍ਰਤੀਬੱਧਤਾ ਦੀ ਗੱਲ ਵੱਖ-ਵੱਖ ਹਵਾਲਿਆਂ ਤੋਂ ਕੀਤੀ ਗਈ ਹੈ ਕਿਉਂਕਿ "ਖਾਲਸਾ ਜੀ ਕੇ ਬੋਲ-ਬਾਲੇ ਵੀ ਖਾਲਸ ਰਾਜ ਦੇ ਆਸ਼ਿਆਂ ਵਿਚ ਸ਼ਾਮਲ ਹਨ। ਇਸ ਦਾ ਅਰਥ ਹੈ ਕਿ ਖਾਲਸੇ ਦੇ ਬੋਲਾਂ (ਹੁਕਮ) ਵਿਚ ਸ਼ਕਤੀ ਹੈ, ਦ੍ਰਿੜਤਾ ਹੈ ਅਤੇ ਪਰਤੀਬਧਤਾ ਹੈ। ਸ਼ਕਤੀ ਤੋਂ ਭਾਵ ਹੈ, ਕਿ ਇਨ੍ਹਾਂ ਹੁਕਮਾਂ ਨੂੰ ਕੋਈ ਚੈਲਿੰਜ ਨਹੀਂ ਕਰ ਸਕਦਾ, ਇਹ ਪ੍ਰਭੂਸੱਤਾ ਸੰਪੰਨ ਹਨ, ਇਹ ਕਿਸੇ ਦੇ ਅਧੀਨ ਨਹੀਂ ਹਨ ਅਤੇ ਖਾਲਸੇ ਕੋਲ ਆਪਣੇ ਆਪ ਹੁਕਮ ਲਾਗੂ ਕਰਾਏ ਜਾਣ ਦੀ ਸ਼ਕਤੀ ਹੈ। ਦ੍ਰਿੜਤਾ ਤੋਂ ਭਾਵ ਹੈ ਕਿ ਖਾਲਸਾ ਆਪਣੇ ਨਿਸ਼ਾਨੇ ਨੂੰ ਪੂਰਾ ਕਰਨ ਲਈ ਦ੍ਰਿੜ ਹੈ ਅਤੇ ਪ੍ਰਤੀਬਧਤਾ ਤੋਂ ਮਤਲਬ ਹੈ ਕਿ ਖਾਲਸੇ ਨੇ ਸਮਾਜਿਕ ਅਤੇ ਆਰਥਿਕ ਸਮਾਨਤਾ ਦਾ ਜੋ ਲਕਸ਼ ਮਿਥਿਆ ਹੈ ਉਸ ਨੂੰ ਪੂਰਾ ਕਰਨ ਲਈ ਉਹ ਪੂਰਨ ਬਚਨਬਧ ਹੈ।"[16] ਸਿੱਖ ਸਿਮਰਤੀ ਵਿੱਚ ਗੁਰੂ ਦੇ ਹੁਕਮ ਤੋਂ ਬਿਨਾਂ ਹੋਰ ਕੋਈ ਹੁਕਮ ਮਾਇਨੇ ਨਹੀਂ ਰੱਖਦਾ।

ਸਾਹਿਤ ਮੂਲ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਸਿਮਰਤੀ ਦੇ ਵੱਖ-ਵੱਖ ਪਹਿਲੂਆਂ ਨੂੰ ਸਮੋਈ ਬੈਠਾ ਹੈ ਜਿਵੇਂ ਕਿ ਕਵੀ ਨੰਦ ਲਾਲ ਨੂਰਪੁਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਛੱਡਣ ਦੇ ਦਰਦ ਨੂੰ ਆਪਣੀ ਸਿਮਰਤੀ ਰਾਹੀਂ ਤਾਜ਼ਾ ਕਰਦਾ ਹੈ। ਕਵੀ ਆਪਣੀਆਂ ਲਿਖਤਾਂ ਰਾਹੀਂ ਬਿਆਨ ਕਰਦਾ ਹੈ, ਕਿਵੇਂ ਗੁਰੂ ਸਾਹਿਬ ਸੁੱਖ-ਸਹੂਲਤਾਂ ਵਾਲੇ ਜੀਵਨ ਨੂੰ ਛੱਡ ਕੇ ਪਰਿਵਾਰ ਨੂੰ ਕੁਰਬਾਨ ਕਰਨ ਲਈ ਤਿਆਰ ਹੋ ਗਏ;

[16] ਸੁਖਦਿਆਲ ਸਿੰਘ (1988) *ਖਾਲਸਾ ਰਾਜ ਦਾ ਸੰਕਲਪ ਅਰਥਾਤ ਸਿੱਖ ਧਰਮ ਦੀ ਰਾਜਨੀਤਕ ਵਿਚਾਰਧਾਰਾ*, ਪੰਜਾਬੀ ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 124.

ਵਸਦੇ ਅਨੰਦਪੁਰ ਨੂੰ ਛੱਡ ਚਲਿਆ ਕਲਗੀਆਂ ਵਾਲਾ
ਹਿੰਦ ਉਤੋਂ ਹੀਰੇ ਵਾਰ ਕੇ ਉਹ ਜੋ ਜਾਂਦਾ ਹਿੰਦ ਦਾ ਰਖਵਾਲਾ।[17]

ਸ੍ਰੀ ਅਨੰਦਪੁਰ ਸਾਹਿਬ ਨੂੰ ਧਾਰਮਕ ਸੁੰਤਤਰਤਾ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਵੱਖ-ਵੱਖ ਕਵੀਆਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। *'ਦੀਦਾਰ'* ਕਵਿਤਾ ਵਿੱਚ ਸ੍ਰੀ ਅਨੰਦਪੁਰ ਸਾਹਿਬ ਤੋਂ 'ਤਿਲਕ ਜੰਞੂ' ਦੀ ਰਾਖੀ ਕਰਨ ਦੀ ਆਵਾਜ਼ ਉੱਠਣ ਦਾ ਜ਼ਿਕਰ ਕੀਤਾ ਹੈ ਕਿ ਕਿਵੇਂ ਇਸ ਧਰਤੀ ਨੇ ਹਿੰਦ ਦੀ ਰਖਵਾਲੀ ਕੀਤੀ ਅਤੇ ਭਾਰਤ ਦੀ ਧਰਤੀ ਉੱਤੇ ਮਹਾਨ ਉਪਕਾਰ ਕੀਤੇ ਜਿਨ੍ਹਾਂ ਨੂੰ ਅੱਜ ਕੇਵਲ ਸਿੱਖ ਹੀ ਨਹੀਂ ਸਗੋਂ ਸਮੁੱਚਾ ਦੇਸ਼ ਆਪਣੀ ਸਿਮਰਤੀ ਵਿੱਚ ਸਮੋਈ ਬੈਠਾ ਹੈ।

ਰਾਬਿੰਦਰ ਸਿੰਘ ਮਸਰੂਰ ਦੀ ਕਵਿਤਾ 'ਦੀਦਾਰ' ਦੇ ਦਸਵੇਂ ਬੰਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਪ੍ਰਸੰਗ ਆਉਂਦਾ ਹੈ ਕਿ ਧਾਰਮਕ ਅਜ਼ਾਦੀ ਕੇਵਲ ਸ਼ਾਂਤੀ ਪੂਰਕ ਤਰੀਕੇ ਨਾਲ ਬਹਾਲ ਨਹੀਂ ਕੀਤੀ ਜਾ ਸਕਦੀ। ਜਦੋਂ ਹੀਲੇ ਖ਼ਤਮ ਹੋ ਜਾਣ ਤਾਂ ਤਲਵਾਰ ਉਠਾਉਣੀ ਪੈਂਦੀ ਹੈ।

ਤਿਲਕ ਜਦ ਮੱਥੇ ਮੇਰੇ ਤੋਂ ਤਿਲ੍ਹਕਿਆ
ਮੈਂ ਤੇਰੇ ਚਰਨਾਂ ਦੀ ਧੂੜੀ ਲਾ ਲਈ।
ਜ਼ੁਲਮ ਨੇ ਜੰਞੂ ਮੇਰਾ ਜਦ ਖੋਹ ਲਿਆ
ਮੈਂ ਤੇਰੀ ਕਿਰਪਾਨ ਗਲ ਵਿੱਚ ਪਾ ਲਈ[18]

ਉਪਰੋਕਤ ਕਵਿਤਾ ਵਿੱਚ ਕਵੀ ਨੇ ਸਿਮਰਤੀ ਰਾਹੀਂ ਇਤਿਹਾਸਕ ਬਿਰਤਾਂਤ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ, ਉਸਨੇ ਇਸ ਕਵਿਤਾ ਵਿੱਚ ਰੁਪਾਂਤਰਨ ਨੂੰ ਪੇਸ਼ ਕੀਤਾ ਹੈ ਕਿ ਤਿਲਕ ਜੰਞੂ ਲਾਹੇ ਜਾਣ ਤੋਂ ਬਾਅਦ ਪੰਡਤਾਂ ਨੇ ਤਿਲਕ ਦੀ ਥਾਂ ਦੁਮਾਲੇ ਅਤੇ ਜੰਞੂ ਦੀ ਥਾਂ ਕਿਰਪਾਨ ਧਾਰਨ ਕਰ ਲਈ ਹੈ। ਅਜਿਹਾ ਹੀ ਬਿਰਤਾਂਤ ਵਰਤਮਾਨ ਸਮੇਂ ਵਿੱਚ ਮਿਲਦਾ ਹੈ, ਅਨੇਕਾਂ ਹੀ ਹੋਰ ਧਰਮਾਂ ਨਾਲ ਸੰਬੰਧਤ ਜਗਿਆਸੂ ਸਿੱਖ ਧਰਮ ਦੇ ਸਿਧਾਤਾਂ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਸਰੂਪ ਧਾਰਨ ਕਰ ਰਹੇ ਹਨ। ਉਦਾਹਰਨ ਵਜੋਂ ਬਾਲੀਵੁੱਡ

---

17 ਜਿੰਦਰ (ਐਤਵਾਰ, 16 ਜੂਨ, 2019) "ਨੰਦ ਲਾਲ ਨੂਰਪੁਰੀ ਜੀਵਨ ਅਤੇ ਰਚਨਾ" *ਪੰਜਾਬੀ ਟ੍ਰਿਬਿਊਨ,* ਚੰਡੀਗੜ੍ਹ ਪੰ. 7.

18 ਡਾ. ਰਾਬਿੰਦਰ ਸਿੰਘ ਮਸਰੂਰ (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ),* ਸੁਰਜੀਤ ਸਿੰਘ ਪਾਤਰ (ਸੰਪਾ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 29.

ਅਭਿਨੇਤਾ ਰਣਦੀਪ ਹੁੱਡਾ ਸਿੱਖੀ ਸਰੂਪ ਧਾਰਨ ਕਰਕੇ ਖ਼ਾਲਸਾ ਏਡ ਨਾਲ ਸੇਵਾ ਨਿਭਾਅ ਰਿਹਾ ਹੈ।[19] ਇਤਿਹਾਸਕ ਅਤੇ ਵਰਤਮਾਨ ਘਟਨਾਵਾਂ ਦਾ ਸੁਮੇਲ ਸਾਹਿਤਕਾਰ ਦੀ ਸਿਮਰਤੀ ਨੂੰ ਪ੍ਰਭਾਵਿਤ ਕਰਦਾ ਹੈ।

ਢਾਡੀ ਵਾਰਾਂ ਬੀਰ ਰਸ ਦਾ ਪ੍ਰਤੀਕ ਹਨ, ਨਿਰਸੰਦੇਹ ਵਾਰਾਂ ਵਿੱਚ ਜਜ਼ਬਿਆਂ ਨੂੰ ਹਲੂਣਾ ਵਧੇਰੇ ਜੋਸ਼ ਨਾਲ ਦਿੱਤਾ ਜਾਂਦਾ ਹੈ, ਜਿਵੇਂ ਸਾਧੂ ਸਿੰਘ ਚੌਹਾਨ '*ਗੋਬਿੰਦ ਦਰਪਣ*' ਪੁਸਤਕ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਟਨਾ ਛੱਡਣ ਅਤੇ ਸ੍ਰੀ ਅਨੰਦਪੁਰ ਸਾਹਿਬ ਆਉਣ ਦਾ ਚਿੱਤਰ ਪੇਸ਼ ਕਰਦਾ ਹੈ ਕਿ ਜਿੱਥੇ ਪਟਨਾ ਵਾਸੀ ਗੁਰੂ ਸਾਹਿਬ ਦੇ ਪਟਨਾ ਛੱਡਣ ਤੇ ਹਉਂਕੇ ਭਰ-ਭਰ ਰੋਏ। ਉੱਥੇ ਨਾਲ ਹੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਖੁਸ਼ੀਆਂ ਦੀ ਲਹਿਰ ਆ ਗਈ, ਇਹ ਖੁਸ਼ੀਆਂ ਅਤੇ ਅਨੰਦ ਦੀ ਪਹਿਲੀ ਅਜਿਹੀ ਸਿਮਰਤੀ ਸੀ ਜੋ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਸਿਮਰਤੀ ਦਾ ਰੂਪ ਧਾਰਨ ਕਰ ਗਈ ਕਿਉਂਕਿ ਸੰਗਤ ਗੁਰੂ ਸਾਹਿਬ ਦੀ ਆਮਦ 'ਤੇ ਪ੍ਰਸੰਨ ਹੁੰਦੀ ਹੈ।

ਗੀਤਾਂ ਵਿੱਚ ਸਿੱਖ ਮਾਨਸਿਕਤਾ ਨੇ ਆਪਣੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੂੰ ਸਮੋਇਆ ਹੈ ਜਿਸ ਕਾਰਨ ਇਹ ਪ੍ਰਤੱਖ ਹੈ ਕਿ ਲੋਕ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਨਿਵੇਕਲੀ ਥਾਂ ਹੈ। ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਗੀਤਾਂ ਵਿੱਚ ਗੁਰੂ ਸਾਹਿਬ ਵੱਲੋਂ ਸਾਜੇ ਖ਼ਾਲਸਾ ਪੰਥ ਦੀ ਮਹਿਮਾ ਅਤੇ ਹੋਲੇ ਮਹੱਲੇ ਦੇ ਦ੍ਰਿਸ਼ 'ਤੇ ਕੇਂਦਰਤ ਕੀਤਾ ਗਿਆ ਹੈ। ਪੰਜਾਬ ਦੇ ਗੀਤਾਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਲ ਸੰਬੰਧਤ ਵਿਸ਼ੇ ਦਾ ਹੋਣਾ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਦੀ ਅਹਿਮੀਅਤ ਦਰਸਾਉਂਦਾ ਹੈ। ਪੰਜਾਬੀ ਗੀਤਕਾਰਾਂ ਨੇ ਪੰਜਾਬ ਦੇ ਲੋਕਾਂ ਨੂੰ ਜੋ ਵਿਸ਼ਵ ਵਿੱਚ ਕਿਤੇ ਵੀ ਬੈਠੇ ਹੋਣ ਉਹਨਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ। ਸਾਹਿਤਕ ਸੱਭਿਆਚਾਰ ਦੇ ਇਹਨਾਂ ਵੱਖ-ਵੱਖ ਰੂਪਾਂ ਰਾਹੀਂ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਕਿਸੇ ਨਾ ਕਿਸੇ ਪ੍ਰਸਥਿਤੀ ਵਿੱਚ ਆਪਣੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਨੂੰ ਸਮਾਈ ਬੈਠੇ ਹਨ ਜੋ ਕਿ ਅਮਨ, ਸ਼ਾਂਤੀ ਅਤੇ ਖੁਸ਼ਹਾਲੀ ਦੇ ਅਨੰਦ ਦਾ ਪ੍ਰਤੀਕ ਹੈ। ਗੀਤਕਾਰਾਂ ਦੀਆਂ ਰਚਨਾਵਾਂ ਵਿੱਚ ਸਿੱਖ ਸਿਮਰਤੀ ਦਾ ਬਹੁਮੁੱਲਾ ਪੱਖ ਆਪਣੇ ਆਪ ਵਿੱਚ ਨਿਰਾਲਾ ਹੈ।

---

19 www. Youtube.com/ Randeep Hooda Joins Khalsa Aid To serve Kerala Flood Victims, Wins Hearts, ABP News, 24 Aug, 2018.

ਗੀਤਕਾਰ ਨੇ ਸਿੱਖੀ ਸਿਧਾਂਤਾਂ ਨੂੰ ਗੀਤ 'ਸ੍ਰੀ ਅਨੰਦਪੁਰ ਸਾਹਿਬ' ਰਾਹੀਂ ਪੇਸ਼ ਕੀਤਾ ਹੈ। ਜਿਸ ਵਿੱਚ ਵਰਤਮਾਨ ਸਮੇਂ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੇ ਸ੍ਰੀ ਅਨੰਦਪੁਰ ਸਾਹਿਬ ਆਉਣ ਅਤੇ ਸਮੇਂ ਅਨੁਸਾਰ ਆਵਾਜਾਈ ਦੇ ਸਾਧਨ ਨੀਲੇ ਫੋਰਡ (ਟਰੈਕਟਰ) ਆਦਿ ਦਾ ਜ਼ਿਕਰ ਕੀਤਾ, ਜਦਕਿ ਇਤਿਹਾਸ ਵਿੱਚ ਵਿਦੇਸ਼ ਰਹਿੰਦੇ ਸਿੱਖਾਂ ਅਤੇ ਨੀਲੇ ਫੋਰਡ ਆਦਿ ਦਾ ਜ਼ਿਕਰ ਨਹੀਂ ਹੈ ਪਰੰਤੂ ਸਾਹਿਤਕਾਰ ਵਿਦੇਸ਼ਾਂ ਤੋਂ ਸਿੱਖਾਂ ਦੇ ਆਪਣੇ ਮੂਲ ਸ੍ਰੀ ਅਨੰਦਪੁਰ ਸਾਹਿਬ ਆਉਣ ਦੀ ਗੱਲ ਕਰਦਾ ਹੈ। ਸਾਹਿਤਕਾਰ ਵਿਦੇਸ਼ ਵੱਸਦੇ ਸਿੱਖਾਂ ਦੀ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਪ੍ਰਗਟਾਵਾ ਕਰਦਾ ਹੈ ਕਿ "ਸਿੱਖ ਦੁਨੀਆਂ ਦੇ ਵਿੱਚ ਰਹਿੰਦੇ ਨੇ, ਓਸ ਲਿਵ ਦੇ ਵਿੱਚ ਜਿਉਂਦੇ ਨੇ, ਜਿਸ ਵਿਚ ਦਸ਼ਮ ਪਾਤਸ਼ਾਹ ਨੇ ਅਨੰਦਪੁਰ ਦੇ ਵਿਚ ਪਹਿਲੀ ਵਾਰ ਤੇਗ ਖਿੱਚ ਕੇ ਸੀਸ ਮੰਗਿਆ ਸੀ।"[20] ਗੀਤਕਾਰ ਤ੍ਰੈਕਾਲੀ ਸਿਮਰਤੀ ਦੀ ਵਿਸ਼ੇਸਤਾਈ ਰਾਹੀਂ ਆਪਣੀ ਰਚਨਾ ਵਿੱਚ ਭੂਤਕਾਲ ਦੇ ਨਾਲ-ਨਾਲ ਵਰਤਮਾਨ ਤੇ ਭਵਿੱਖ ਦੀ ਗੱਲ ਕਰਦੇ ਹਨ।

ਕੇਸਰੀ ਸਜਾਏ ਝੰਡੇ ਨਵੇਂ ਨੀਲੇ ਫੋਰਡ ਤੇ,
ਹੋਲੀ ਚੱਲੋ ਖ਼ਾਲਸਾ ਜੀ ਰਸ ਬੜਾ ਰੋੜ ਤੇ,
ਆਪ ਬਚੀਏ ਤੇ ਹੋਰਾਂ ਨੂੰ ਬਚਾਈਏ,
ਅਨੰਦਪੁਰ ਸਾਬ ਆ ਗਿਆ ਚੱਲੋ ਸੰਗਤੋਂ ਸੀਸ ਝੁਕਾਈਏ।
.......ਦੂਰ ਦੂਰ ਜਾ ਕੇ ਵਸੇ ਜੋ ਆਪਣੇ ਲੈਂਡ ਤੋਂ,
ਉਹ ਵੀ ਚੱਲ ਆ ਗਏ, ਅਮਰੀਕਾ ਇੰਗਲੈਂਡ ਤੋਂ
ਗੱਲ 'ਨੰਗਲਾਂ' ਵਾਲੇ ਦੀ ਅਜ਼ਮਾਈਏ,
ਅਨੰਦਪੁਰ ਸਾਬ ਆ ਗਿਆ ਚੱਲੋ ਸੰਗਤੋਂ ਸੀਸ ਝੁਕਾਈਏ।[21]

'ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ' ਗੀਤ ਵਿੱਚ ਗੀਤਕਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਅਤੇ ਵਜੀਦ ਖਾਂ ਨੂੰ ਕੀਤੇ ਜੁਲਮਾਂ ਦੀ ਸਜ਼ਾ ਦੇ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਦੀ ਤਾਂਘ ਰੱਖਦਾ ਹੈ। ਇਸ ਗੀਤ ਅੰਦਾਜ਼ਾ ਸੁਭਾਵਿਕ ਹੀ ਲੱਗਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਨਾਲ ਸਿੱਖਾਂ ਦੀ ਸਿਮਰਤੀ ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਪਰਿਪੱਕ ਰੂਪ ਵਿੱਚ ਜੁੜੀ ਹੋਈ ਹੈ ਤੇ ਭਵਿੱਖ ਵਿੱਚ ਵੀ ਜੁੜੀ ਰਹੇਗੀ।

---

[20] ਹਰਿੰਦਰ ਸਿੰਘ ਮਹਿਬੂਬ (2018) *ਸਿੱਖ ਸੁਰਤਿ ਦੀ ਪਰਵਾਜ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 148.

[21] www.Youtube/ANANDPUR SAHIB-DILRAJ/NEW PUNJABI SONG, 2016.

ਇੱਕ੍ਹੀਆਂ ਦੀ ਇਕੱਤੀ ਭਾਜੀ ਮੋੜ ਵਜੀਦੇ ਨੂੰ,
ਸਰਹੰਦ 'ਤੇ ਕਬਜ਼ਾ ਕਰ ਲਿਆ ਸੋਧ ਵਜੀਦੇ ਨੂੰ,
ਦਸਮ ਪਿਤਾ ਨਾਲ ਕੀਤੇ ਬਚਨ ਪੁਗਾਉਣੇ ਬੰਦੇ ਨੇ,
ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਕੇ ਆਉਣੇ ਬੰਦੇ ਨੇ।[22]

ਗੀਤਕਾਰ ਦੀ ਸਿਮਰਤੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਵੱਲੋਂ ਸਰਹਿੰਦ ਦੇ ਵਜ਼ੀਦ ਖਾਂ ਨੂੰ ਉਸਦੇ ਕੀਤੇ ਜ਼ੁਲਮਾਂ ਦੀ ਸਜਾ ਦੇਣ ਉਪਰੰਤ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਦਾ ਜ਼ਿਕਰ ਕੀਤਾ ਹੈ, ਪਰੰਤੂ ਇਤਿਹਾਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਸ੍ਰੀ ਅਨੰਦਪੁਰ ਸਾਹਿਬ ਜਾਣ ਬਾਰੇ ਜ਼ਿਕਰ ਨਹੀਂ ਮਿਲਦਾ। ਗੀਤਕਾਰ ਦੀ ਸਿਮਰਤੀ ਮਨ ਦੇ ਭਾਵਾਂ ਨੂੰ ਪ੍ਰਗਟਾਉਂਦੀ ਹੈ ਜਦਕਿ ਇਤਿਹਾਸਕਾਰ ਤੱਥ ਆਧਾਰਿਤ ਗੱਲ ਕਰਦਾ ਹੈ।

ਭਾਈ ਤਾਰੂ ਸਿੰਘ ਦੀ ਸ਼ਹਾਦਤ ਸੰਬੰਧੀ ਇਤਿਹਾਸ ਅਤੇ ਗੀਤਾਂ ਵਿੱਚ ਜਾਣਕਾਰੀ ਪ੍ਰਾਪਤ ਹੁੰਦੀ ਹੈ। ਰਤਨ ਸਿੰਘ ਭੰਗੂ ਅਨੁਸਾਰ;

ਤਬ ਸਿੰਘ ਜੀ ਬਚਨ ਉਚਾਰੈ। ਸੋ ਦੇਹੁ ਹਮ ਜੋ ਲਗੈ ਪਿਆਰੋ।
ਤੂੰ ਜੇ ਹਮ ਪੈ ਹੈ ਮਿਹਰਬਾਨ। ਆਖ ਮੁਝੈ ਨਾ ਹੋਹੁ ਮੁਸਲਮਾਨ।
ਤੂੰ ਸਦ ਹਮੈਂ ਕਛੁ ਐਸੇ ਰਾਹੁ। ਕੇਸੀ ਸਾਸੀਂ ਹੋਈ ਨਿਰਬਾਹੁ।
........ ਤਬ ਸਿੰਘ ਜੀ ਬਹੁ ਭਲੀ ਮਨਾਈ। ਸਾਥ ਕੇਸਨ ਕੇ ਖੋਪਰੀ ਜਾਈ।[23]

ਗੀਤ 'ਖੋਪੜ' ਵਿੱਚ ਗੀਤਕਾਰ ਭਾਈ ਤਾਰੂ ਸਿੰਘ ਦੀ ਸਿਮਰਤੀ ਵਿੱਚ ਸਿੱਖੀ ਸਿਧਾਤਾਂ ਪ੍ਰਤੀ ਅਡੋਲਤਾ ਨਾਲ ਪਹਿਰਾ ਦੇਣ ਦਾ ਜ਼ਿਕਰ ਕਰਦਾ ਹੈ।

ਧੰਨ ਕਿਰਪਾਨਾਂ, ਧੰਨ ਮਸਕੀਨੀ, ਧੰਨ ਗੁਰ-ਸੰਤ ਸਿਪਾਹੀ,
ਬੱਝ ਨਾ ਸਕੇ ਸਰੀਰਾਂ ਅੰਦਰ ਇਸ਼ਕ ਦੇ ਵੇਗ ਇਲਾਹੀ
...ਜਿਹੜਾ ਵੱਸਦੈ ਤਾਰਿਓਂ ਪਾਰ ਖੋਪੜ, ਉਹਨੂੰ ਵੱਢ ਕੇ ਕਿਥੇ ਲੈ ਜਾਉਗੇ ਵੇ?[24]

---

22 www.Youtube/ Anandpur Sahib De Daeshan by Kuldeep Manak (full Song) Khalse De Goonje Jaikare, 28 Nov, 2012.

23 ਰਤਨ ਸਿੰਘ ਭੰਗੂ (2000) *ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ,* ਬਾਬਾ ਸੰਤਾ ਸਿੰਘ, ਟੀਕਾਕਾਰ, ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਪੰਜਾਬ, ਪੰਨੇ. 225-226.

24 www.Youtube/Khopad/DegoTegoFateh/Manpreet/Harmanjeet/Gurmoh/WhiteNote Enterratinment/19 Dec, 2019.

ਗੀਤ ਭਾਵੇਂ ਇਤਿਹਾਸਕ ਨਹੀਂ ਹੁੰਦੇ ਪਰ ਸਮਾਜ ਦੀ ਤਸਵੀਰ ਨੂੰ ਪੇਸ਼ ਕਰਦੇ ਹਨ। ਇਤਿਹਾਸਕ ਹਵਾਲੇ ਅਤੇ ਗੀਤ ਦੀਆਂ ਸਤਰ੍ਹਾਂ ਵਿੱਚ ਭਾਈ ਤਾਰੂ ਸਿੰਘ ਜੀ ਵੱਲੋਂ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭ ਜਾਣ 'ਤੇ ਭਲਾ ਮਨਾਇਆ ਗਿਆ ਕਿਉਂਕਿ ਉਨ੍ਹਾਂ ਨੂੰ ਸਰੀਰਕ ਕਸ਼ਟ ਇਸ ਲਈ ਮਹਿਸੂਸ ਨਹੀਂ ਹੁੰਦਾ ਕਿ ਉਨ੍ਹਾਂ ਦੀ ਸੁਰਤ ਵਿੱਚ ਖੋਪੜ ਤਾਰਿਓ ਪਾਰ ਵੱਸਦਾ ਹੈ। ਭਾਵ ਕਿ ਭਾਈ ਤਾਰੂ ਸਿੰਘ ਦੀ ਸੁਰਤ ਵਿੱਚ ਗੁਰੂ ਦਾ ਉਪਦੇਸ਼ ਸਮੋਇਆ ਹੋਇਆ ਹੈ। ਗੁਰੂ ਦੇ ਉਪਦੇਸ਼ ਅਤੇ ਸੋਚ ਨੂੰ ਸਰੀਰਾਂ ਅੰਦਰ ਕੈਦ ਨਹੀਂ ਕੀਤਾ ਜਾ ਸਕਦਾ। ਇਸ ਲਈ ਇਤਿਹਾਸ ਅਤੇ ਸਾਹਿਤ ਵਿੱਚ ਕੁਝ ਸਾਂਝੇ ਤੱਥ ਪਾਏ ਜਾਂਦੇ ਹਨ ਜਿਹੜੇ ਭਵਿੱਖ ਵਿੱਚ ਜਗਿਆਸੂਆਂ ਦੀ ਸਿਮਰਤੀ ਨੂੰ ਪ੍ਰਭਾਵਿਤ ਕਰਦੇ ਹਨ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਸਿੱਖ ਪਛਾਣ ਦੀ ਸੰਪੂਰਨਤਾ ਹੋਈ ਹੈ। ਸਿੱਖ ਪਛਾਣ ਦਾ ਵਿਸ਼ਵ ਉੱਪਰ ਰਾਜਨੀਤਕ, ਸਮਾਜਕ ਅਤੇ ਅਧਿਆਤਮਕ ਸਭ ਪੱਖਾਂ ਤੋਂ ਪ੍ਰਭਾਵ ਪਿਆ। ਗੁਰੂ ਸਾਹਿਬਾਨ ਵੱਲੋਂ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ, ਸਰਬੱਤ ਦੇ ਭਲੇ ਦਾ ਜੋ ਉਪਦੇਸ਼ ਦਿੱਤਾ ਗਿਆ ਸੀ, ਉਹ ਨਾਮ ਬਾਣੀ ਦਾ ਓਟ ਆਸਰਾ ਲੈ ਕੇ ਵਿਹਾਰਕ ਰੂਪ ਦਿੱਤਾ ਹੈ। ਇਸ ਸਾਹਿਤਕ ਅਤੇ ਇਤਿਹਾਸਕ ਅੰਤਰ ਸੰਬੰਧਾਂ ਦੇ ਪੜਚੋਲ ਦਾ ਆਧਾਰ ਇੱਕ ਪਰਮਾਤਮਾ ਨੂੰ ਮੰਨ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੀ ਦ੍ਰਿੜਤਾ ਨਾਲ ਮਜ਼ਬੂਤ ਅਧਾਰ ਤੇ ਉਸਰੀ ਸਿੱਖ ਸਿਮਰਤੀ ਵਿੱਚੋਂ ਇਹ ਆਵਾਜ਼ ਆਈ, ਏਕੋ ਹੈ ਭਾਈ ਏਕੋ ਹੈ॥'[25] ਇਸ ਇੱਕ ਦਾ ਹੋਕਾ ਸਮੁੱਚਤਾ ਦੀ ਹੋਂਦ ਦਾ ਪ੍ਰਗਟਾਵਾ ਹੈ "ਇਕ ਦਾ ਇਹ ਅੰਕੜਾ ਇਕਾਈ (unity) ਦਾ ਲਖਾਇਕ ਵੀ ਹੈ। ਅਦੁੱਤੀਮਨ (unicity) ਦਾ ਲਖਾਇਕ ਵੀ ਹੈ; ਅਖੰਡਤਾ (indivisibility) ਦਾ ਵੀ, ਸੰਪੂਰਨਤਾ ਦਾ ਵੀ; ਸਦੀਵਤਾ (eternity) ਦਾ ਲਖਾਇਕ ਵੀ ਹੈ; ਅਪਰਿਵਰਤਨਸ਼ੀਲਤ (imitability) ਦਾ ਵੀ; ਇਕੋ ਇਕ ਪੂਜਨਯੋਗ ਦਈਵ (The one worshipful deity) ਵੀ ਹੈ ਅਤੇ ਇਕੋ-ਇਕ ਸਰਬ-ਸਾਂਝਾ (universal) ਰੱਬ ਵੀ। ਹਰ ਸੂਰਤ, ਇਹ ਉਸ ਵਾਹਦਹੂ ਲਾਸ਼ਰੀਕ ਇਕੀਸ਼ਵਰ ਵਲ ਸੰਕੇਤ ਕਰਦਾ ਹੈ। ਜੋ ਕਿਸੇ ਇਕ ਸੰਪ੍ਰਦਾਇ ਵਿਸ਼ੇਸ਼ ਦਾ ਰਾਖਵਾਂ ਰੱਬ ਨਹੀਂ। ਜੋ ਸਾਰੇ ਵਿਸ਼ਵ ਦਾ ਰੱਬ ਹੈ। ਸਭ ਦਾ ਸਾਂਝਾ ਹੈ।"[26] ਇਸੇ ਏਕਤਾ ਵਿੱਚ ਸਿੱਖ ਸਿਮਰਤੀ ਵਿੱਚ ਪਿਆਰਵਾਨ ਰੱਬ ਦੀ ਭਾਵਨਾ ਪ੍ਰਗਟ ਹੋਈ। ਆਪਸੀ ਪਿਆਰ ਦੀ

---

[25] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 350.

[26] ਸਤਿੰਦਰ ਸਿੰਘ ਨੂਰ (2000) *ਗੁਰੂ ਗੋਬਿੰਦ ਸਿੰਘ ਦਾ ਸੰਚਾਰ ਸਭਿਆਚਾਰ,* ਸਾਹਿਤ ਅਕਾਦਮੀ, ਨਵੀਂ ਦਿੱਲੀ, ਪੰ. 57.

ਨਿਰਮਲ ਧਾਰਨਾ ਸਿੱਖ ਸਿਮਰਤੀ ਵਿੱਚ ਸਮੋ ਗਈ। ਇਥੋਂ ਹੀ ਆਜ਼ਾਦੀ ਹਾਸਲ ਕਰਨ ਦਾ ਹੱਲ ਵੀ ਪ੍ਰਾਪਤ ਹੋਇਆ।

ਇਤਿਹਾਸ ਅਤੇ ਸਾਹਿਤ ਸਿਮਰਤੀ ਨਾਲ ਅਚੇਤ ਜਾਂ ਸੁਚੇਤ ਤੌਰ ’ਤੇ ਵਿਸ਼ੇਸ ਸੰਬੰਧ ਰੱਖਦੇ ਹਨ। ਸਾਹਿਤ ਦੀ ਰਚਨਾ ਕਰਨ ਵੇਲੇ ਸਾਹਿਤਕਾਰ ਲੋਕ-ਮਨ ਦੀ ਗੱਲ ਨੂੰ ਸੁਹਜਮਈ ਅਤੇ ਸਲੀਕੇ ਨਾਲ ਪੇਸ਼ ਕਰਦਾ ਹੈ, ਕਿਉਂਕਿ ਸਿਮਰਤੀ ਦੇ ਪੱਖ ਤੇ ਸਾਹਿਤਕਾਰ ਦੀ ਰਚਨਾ ਤੋਂ ਪਾਠਕ ਪ੍ਰਭਾਵਿਤ ਹੁੰਦੇ ਹਨ, ਕਿ ਜਿਵੇਂ ਉਹ ਕਹਿੰਦਾ ਹੈ ਉਸੇ ਤਰ੍ਹਾਂ ਅਸੀਂ ਆਪ ਵੀ ਕਹਿਣਾ ਚਾਹੁੰਦੇ ਹਾਂ। ਇਤਿਹਾਸਕਾਰ ਅਤੇ ਸਾਹਿਤਕਾਰਾਂ ਨੇ ਸਿਮਰਤੀ ਸੰਬੰਧੀ ਵਿਚਾਰਾਂ ਦਾ ਪ੍ਰਭਾਵ ਸਿੱਖ ਇਤਿਹਾਸ ਅਤੇ ਸਿੱਖ ਸਾਹਿਤਕ ਰਚਨਾਵਾਂ ਨੇ ਕਬੂਲਿਆ ਹੈ। ਇਤਿਹਾਸ ਦੇ ਗਿਆਨ ਤੋਂ ਬਿਨਾਂ ਆਪਣੇ ਮੂਲ ਨੂੰ ਸਮਝਣਾ ਸੰਭਵ ਨਹੀਂ ਹੈ ਕਿਉਂਕਿ ਵਰਤਮਾਨ ਦਾ ਸੰਬੰਧ ਭੂਤਕਾਲ ਨਾਲ ਹੁੰਦਾ ਹੈ। ਸਾਹਿਤ ਸਿਮਰਤੀ ਦੇ ਖ਼ੁਸੀ ਅਤੇ ਗਮੀ ਆਦਿ ਦੇ ਅਹਿਸਾਸ ਨੂੰ ਪੇਸ਼ ਕਰਦਾ ਹੈ। ਹਰ ਸੁੱਖ-ਦੁੱਖ ਦਾ ਸੰਬੰਧ ਭਾਵਾਂ ਨਾਲ ਹੁੰਦਾ ਹੈ, ਭਾਵਾਂ ਦੀ ਉਪਜ ਸਿਮਰਤੀ ਹੁੰਦੀ ਹੈ।

## ਸਿੱਖ ਸਿਮਰਤੀ ਅਤੇ ਸਿੱਖਾਂ ਦਾ ਭਵਿੱਖ

ਸਿਮਰਤੀ ਸਿੱਖ ਮਨਾਂ ਲਈ ਭਵਿੱਖ-ਮੁਖੀ ਦਿਸ਼ਾ ਨਿਰਦੇਸ਼ ਦੇ ਰੂਪ ਵਿੱਚ ਪ੍ਰੇਰਨਾਦਾਇਕ ਬਣਦੀ ਹੈ। ਇਤਿਹਾਸਕ, ਸਾਹਿਤਕ ਅਤੇ ਸੱਭਿਆਚਾਰਕ ਸਾਹਿਤ ਦੇ ਤੁਲਨਾਤਮਕ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਕੌਮ ਦੇ ਅੰਤਰ-ਮਨ ਉੱਪਰ ਉੱਕਰੀਆਂ ਸਿੱਖੀ ਦੀਆਂ ਅਮਿੱਟ ਸਿਧਾਂਤਕ ਅਤੇ ਵਿਹਾਰਕ ਛਾਪਾਂ, ਸਿੱਖ ਸਿਮਰਤੀ ਨੂੰ ਅਡੋਲ ਅਤੇ ਦ੍ਰਿੜ ਕਰਦੀਆਂ ਹਨ। ਸਿੱਖ, ਪਵਿੱਤਰ ਨਗਰੀ ‘ਸ੍ਰੀ ਅਨੰਦਪੁਰ ਸਾਹਿਬ’ ਦੀ ਸਿਮਰਤੀ ਨਾਲ ਲਬਰੇਜ਼ ਹੋ ਕੇ ਹਰ ਮੈਦਾਨ ਫਤਹਿ ਪ੍ਰਾਪਤ ਕਰਨ ਦੇ ਸਮਰੱਥ ਹੋ ਸਕਦਾ ਹੈ। ਇਹ ਮਹਾਨ ਸਿੱਖ ਵਿਰਾਸਤੀ ਨਕਸ਼ਾ ਹੈ ਜੋ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਬਣਿਆ ਰਿਹਾ ਹੈ, ਬਣਿਆ ਹੋਇਆ ਹੈ ਅਤੇ ਸਦੀਵੀ ਬਣਿਆ ਰਹੇਗਾ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਜੋ ਵਿਸ਼ਵਵਿਆਪੀ ਵਿਚਾਰਧਾਰਾ ਉਤਪੰਨ ਹੋਈ ਉਸ ਦਾ ਪ੍ਰਭਾਵ ਇਤਿਹਾਸ, ਸਾਹਿਤ ਅਤੇ ਸੱਭਿਆਚਾਰ ਵਿੱਚ ਸਿੱਖ ਸਿਮਰਤੀ ਦੇ ਹਵਾਲੇ ਨਾਲ ਦੇਖਿਆ ਜਾ ਸਕਦਾ ਹੈ। ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਲੱਖਣ ਸਥਾਨ ਰੱਖਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਖ਼ਾਲਸਾ ਸਾਜਨਾ ਦੇ ਰੂਪ ਵਿੱਚ ਜੋ ਐਲਾਨਨਾਮਾ ਕੀਤਾ, ਉਸਦੇ ਸਾਹਮਣੇ

ਅਜੋਕੇ ਸਮੇਂ ਚੁਣੌਤੀਆਂ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਪਿਛੋਕੜ, ਇਤਿਹਾਸਕ, ਸਾਹਿਤਕ, ਦਾਰਸ਼ਨਿਕ, ਸੱਭਿਆਚਾਰਕ ਅਤੇ ਵਿਹਾਰਕ ਪੱਖਾਂ ਨੂੰ ਵਾਚ ਕੇ ਹੀ ਇਹਨਾਂ ਚੁਣੌਤੀਆਂ ਦਾ ਹੱਲ ਕੱਢਿਆ ਜਾ ਸਕਦਾ ਹੈ।

ਇਸ ਦੇ ਪਰਿਪੂਰਵ ਸਮਾਜੀਕਰਣ ਦੀ ਬੁਨਿਆਦ ਨੂੰ ਆਧਾਰ ਮੰਨ ਕੇ ਖ਼ਾਲਸੇ ਦੇ ਰੂਪ ਵਿੱਚ 'ਸਚਿਆਰ' ਦਾ ਉਹ ਤਸੱਵੁਰ ਪੇਸ਼ ਕੀਤਾ ਗਿਆ ਹੈ, ਜਿਸ ਦਾ ਨਮੂਨਾ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਬਣਾਇਆ ਗਿਆ ਸੀ। ਇਹ ਸਿਮਰਤੀ 'ਨਿੱਜ' ਤੋਂ 'ਪਰ' ਤੱਕ ਦਾ ਸਫ਼ਰ ਹੈ ਜੋ ਗੁਰੂ-ਘਰ ਦੇ ਨਾਮ ਦੀ ਰੰਗਤ ਵਿੱਚ ਰੰਗਿਆ ਹੋਇਆ ਹੈ। ਇੱਥੇ ਨਿਸਤਾਰਾ ਜਾਂ ਪਾਰ-ਉਤਾਰਾ ਹੈ, ਸੁਆਸ-ਸੁਆਸ ਨਾਮ ਦੀ ਅਰਾਧਣਾ ਹੈ;

ਸੰਤਹੁ ਰਾਮ ਨਾਮਿ ਨਿਸਤਰੀਐ॥[27]

ਇੱਥੇ ਸਿੱਖ ਸਿਮਰਤੀ ਸਦੀਵ ਆਨੰਦ ਵਿੱਚ ਆਨੰਦਿਤ ਹੁੰਦੀ ਹੈ, ਮਾਨਸਿਕ ਤ੍ਰਿਪਤੀ ਹੁੰਦੀ ਹੈ। ਹੁਕਮ ਦੀ ਪਾਲਣਾ ਕਰਦੀ ਹੈ, ਭਾਣੇ ਨੂੰ ਮੰਨਦੀ ਹੈ ਅਤੇ ਸਦੀਵੀ ਤ੍ਰਿਪਤੀ ਦੇ ਨਾਲ ਅਧਿਆਤਮਕ ਰਹੱਸ ਦੀ ਸਿਖਰ ਤੱਕ ਪਹੁੰਚਦੀ ਹੈ;

ਪ੍ਰਭ ਮਿਲਣੈ ਕੀ ਏਹ ਨੀਸਾਣੀ॥
ਮਨਿ ਇਕੋ ਸਚਾ ਹੁਕਮੁ ਪਛਾਣੀ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥[28]

ਸਦੀਵ ਸੁਖ, ਸਹਿਜ, ਨਿਡਰਤਾ, ਅਣਖ ਅਤੇ ਗੈਰਤ ਦਾ ਸਬਰ ਸਿੱਖ ਸਿਮਰਤੀ ਦੇ ਸਾਹਿਤਕ ਸ੍ਰੋਤਾਂ ਅਤੇ ਇਤਿਹਾਸਕ ਸ੍ਰੋਤਾਂ ਤੋਂ ਭਲੀ-ਭਾਂਤ ਦ੍ਰਿਸ਼ਟਗੋਚਰ ਹੁੰਦਾ ਹੈ ਜੋ ਜੀਵਨਮਈ ਸਿਮਰਤੀ ਦਾ ਅਮੁੱਲ ਪ੍ਰਗਟਾਵਾ ਹੈ। ਇਤਿਹਾਸਕ ਘਟਨਾਵਾਂ ਸਾਹਿਤਕ ਵੰਨਗੀਆਂ ਰਾਹੀਂ ਸਿੱਖ ਸਿਮਰਤੀ ਦਾ ਅਟੁੱਟ ਹਿੱਸਾ ਬਣ ਗਈਆਂ ਹਨ। ਇਤਿਹਾਸ ਅਤੇ ਸਾਹਿਤ ਤੋਂ ਪ੍ਰਾਪਤ ਸੁਨੇਹੇ ਸਿੱਖ ਸਿਮਰਤੀ ਨੂੰ ਵਿਸਮਾਦੀ ਵਿਸ਼ਵ ਵਿਵਸਥਾ ਦੀ ਸਥਾਪਨਾ ਲਈ ਵਚਨਬੱਧ ਕਰਦੇ ਹਨ ਕਿਉਂਕਿ ਸਿਮਰਤੀ ਦਾ ਉਭਾਰ ਬੀਤ ਚੁੱਕੇ ਨੂੰ ਮਨਾਂ ਵਿੱਚ ਸਮੋ ਕੇ ਉਸ ਨੂੰ ਅੱਗੇ ਉਸੇ ਰੂਪ ਵਿੱਚ ਕਾਇਮ ਰੱਖਦਾ ਹੈ। ਸ੍ਰੀ ਅਨੰਦਪੁਰ ਸਾਹਿਬ ਇਹਨਾਂ ਇਤਿਹਾਸਕ ਅਤੇ

---

[27] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (2010) ਪੋਥੀ ਦੂਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 622.

[28] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 106.

ਸਾਹਿਤਕ ਵੰਨਗੀਆਂ ਦੇ ਸੁਮੇਲ ਵਿੱਚ ਪਵਿੱਤਰ ਨਗਰ ਹੀ ਨਹੀਂ, ਸਗੋਂ ਸਿੱਖ ਦਾਰਸ਼ਨਿਕ ਅਤੇ ਵਿਹਾਰਕ ਪੰਥਕ ਦਿਸ਼੍ਟੀਆਂ ਨੂੰ ਗੁਰੂ ਸਾਹਿਬ ਦੀ ਸੋਚ ਨਾਲ ਇਕਸੁਰ ਕਰਨ ਦਾ ਸਥਾਨ ਹੈ। ਜੋ ਸਮੁੱਚੀ ਮਾਨਵ ਜਾਤੀ ਨੂੰ ਭਾਈਚਾਰੇ, ਨਿਡਰਤਾ ਅਤੇ ਸੁਤੰਤਰਤਾ ਦਾ ਪੈਗਾਮ ਦਿੰਦਾ ਹੈ।

ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਨਾਲ ਸਿੱਖ ਮਨਾਂ ਵਿਚਲਾ ਅੰਤਾਂ ਦਾ ਮੋਹ ਸਾਹਿਤ ਦੀ ਸਿਰਜਨਾ ਨਾਲ ਜਾ ਜੁੜਦਾ ਹੈ। ਸ੍ਰੀ ਅਨੰਦਪੁਰ ਸਾਹਿਬ ਸੰਬੰਧੀ ਲਿਖੇ ਅਜੋਕੇ ਗੀਤ ਜਿਨ੍ਹਾਂ ਦਾ ਪਿਛਲੇ ਅਧਿਆਇ ਵਿੱਚ ਜ਼ਿਕਰ ਹੋ ਚੁੱਕਾ ਹੈ, ਹੌਲੀ-ਹੌਲੀ ਲੋਕ ਮਨਾਂ ਦਾ ਹਿੱਸਾ ਹੀ ਨਹੀਂ ਬਣ ਰਹੇ ਸਗੋਂ ਸਾਹਿਤ ਦਾ ਇੱਕ ਵਡਮੁੱਲਾ ਅੰਸ਼ ਬਣਦੇ ਜਾ ਰਹੇ ਹਨ। ਇਤਿਹਾਸ, ਸਾਹਿਤ ਅਤੇ ਸੱਭਿਆਚਾਰ ਤੇ ਸਿਮਰਤੀ ਦਾ ਅਨਿੱਖੜਵਾਂ ਸੰਬੰਧ ਜੋ ਸਮੁੱਚੇ ਅਧਿਆਇ ਵਿੱਚ ਸ਼ਾਮਲ ਕੀਤਾ ਗਿਆ ਹੈ, ਉਸ ਰਾਹੀਂ ਇਸ ਗੱਲ ਦਾ ਪ੍ਰਗਟਾਵਾ ਹੋ ਜਾਂਦਾ ਹੈ ਕਿ ਸਿੱਖ ਮਨਾਂ ਤੇ ਅਮਿੱਟ ਛਾਪ ਉੱਕਰੀ ਹੋਈ ਹੈ- ਸਿਮਰਤੀ ਦੇ ਜਹਾਨ ਦੀ, ਜੋ ਵਿਸ਼ਵੀ ਹੀ ਨਹੀਂ ਸਗੋਂ ਬ੍ਰਹਿਮੰਡੀ ਰੂਪ ਵਿੱਚ ਸਿੱਖ ਸਿਮਰਤੀ ਦੇ ਵਡੇਰੇ ਪੱਖ ਨੂੰ ਦਰਸਾਉਂਦੀ ਹੈ। ਜਨ ਸਾਧਾਰਨ ਨੂੰ ਅਣਖ, ਗੈਰਤ ਅਤੇ ਪ੍ਰੇਰਨਾ ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਤੋਂ ਮਿਲਦੀ ਹੈ ਅਤੇ ਇਹ ਅਧਿਆਤਮਵਾਦ ਦੇ ਜਗਤ ਵਿੱਚ ਹਰ ਸਿੱਖ ਨੂੰ ਪ੍ਰਵੇਸ਼ ਕਰਵਾ ਦਿੰਦੀ ਹੈ।

ਰੂਹਾਨੀ ਸੱਭਿਆਚਾਰ ਤੇ ਸਾਹਿਤ ਦੀ ਸਿਰਜਨਾ ਆਮ ਸਾਹਿਤ ਦਾ ਹਿੱਸਾ ਨਹੀਂ ਸਗੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਰਚਿਆ ਸਾਹਿਤ ਅਜੋਕੇ ਸਾਹਿਤ ਅਤੇ ਸਾਹਿਤਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਹੈ। ਇਸ ਤੋਂ ਅਜੋਕੇ ਸੱਭਿਆਚਾਰ ਦੀ ਝਲਕ ਤਾਂ ਮਿਲਦੀ ਹੀ ਹੈ ਪਰ ਨਾਲ ਹੀ ਸਿੱਖ ਸੱਭਿਆਚਾਰ ਦੇ ਮਹਾਨ ਸਿਮਰਤੀ ਪੱਖਾਂ ਦਾ ਵੀ ਪ੍ਰਗਟਾਵਾ ਹੁੰਦਾ ਹੈ।

ਸਾਹਿਤਕ ਸਿਰਜਨਾ, ਸੱਭਿਆਚਾਰਕ ਅਤੇ ਇੱਕ ਚੰਗੇ ਸਮਾਜ ਦੀ ਸਿਰਜਨਾ ਦਾ ਸੰਦੇਸ਼ ਇਸ ਮਹਾਨ ਸਿਮਰਤੀ ਤੋਂ ਮਿਲਦਾ ਹੈ। ਲੋਕ ਗੀਤਾਂ, ਢਾਡੀਵਾਰਾਂ, ਕਵੀਸ਼ਰੀਆਂ ਅਤੇ ਅਨੇਕਾਂ ਹੀ ਕਵਿਤਾਵਾਂ ਜੋ ਅੱਜ ਸਿੱਖ ਸਿਮਰਤੀ ਵਿੱਚੋਂ ਸਿਰਜੀਆਂ ਗਈਆਂ ਹਨ। ਉਹ ਸਿੱਖ ਸਿਮਰਤੀ ਦੇ ਧੁਰੇ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਵੱਖ-ਵੱਖ ਸਾਧਨਾਂ ਜਿਵੇਂ ਟਰੱਕਾਂ, ਟਰਾਲੀਆਂ, ਬੱਸਾਂ, ਕਾਰਾਂ ਅਤੇ ਮੋਟਰਸਾਇਕਲਾਂ ਆਦਿ ਰਾਹੀਂ ਲੱਖਾਂ ਹੀ

ਸ਼ਰਧਾਲੂ ਨਤਮਸਤਕ ਹੁੰਦੇ ਹਨ ਤੇ ਉਨ੍ਹਾਂ ਦੇ ਵਾਹਨਾਂ ਉੱਤੇ ਵੱਜਦੇ ਲੋਕ-ਗੀਤਾਂ, ਢਾਡੀ ਵਾਰਾਂ ਆਦਿ ਸਿੱਖ ਸੱਭਿਆਚਾਰ ਨਾਲ ਲੋਕ ਮਨਾਂ ਦੀ ਡੂੰਘੀ ਸਾਂਝ ਨੂੰ ਪ੍ਰਗਟ ਕਰਦੇ ਵਿਖਾਈ ਦਿੰਦੇ ਹਨ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਪੈਦਾ ਹੋਏ ਸੰਕਲਪ ਗੁਰੂ-ਚੇਲਾ, ਫਤਹਿ, ਜੈਕਾਰਾ, ਚੜ੍ਹਦੀਕਲਾ, ਪੰਚ-ਪ੍ਰਧਾਨੀ ਸਮਾਜ ਅਤੇ ‘ਸਰਬੱਤ ਦੇ ਭਲੇ’ ਵਾਲੀ ਸੋਚ ਮਾਨਵਤਾਵਾਦ ਦਾ ਸੰਦੇਸ਼ ਦਿੰਦੇ ਹਨ। ਇਸ ਸਿਮਰਤੀ ਦੇ ਮਹਾਨ ਸੋਮੇ ਤੋਂ ਪੈਦਾ ਹੋਏ ਸੰਕਲਪਾਂ ਵਿੱਚ ਕਿਸੇ ਹੋਰ ਦਾ ਨੁਕਸਾਨ ਨਹੀਂ ਕਰਦੀ, ਅਣਖੀਲਾ ਜੋਸ਼ ਚੇਤਨਾ ਨੂੰ ਹਲੂਣਾ ਦਿੰਦਾ ਹੈ ਅਤੇ ਚੜ੍ਹਦੀਕਲਾ ਨਾਕਾਰਤਮਕ ਸੋਚ ਤੋਂ ਬਾਹਰ ਕੱਢਦੀ ਹੈ। ਸਮੁੱਚਤਾ ਨੂੰ ਇੱਕ ਹੀ ਸਾਕਾਰ ਅਤੇ ਵਿਸ਼ਾਲ ਸੋਚ ਨਾਲ ਜੋੜਦੀ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਸਾਹਿਤ ਅਤੇ ਸੱਭਿਆਚਾਰ ਦੀ ਸਿਮਰਤੀ ਦੇ ਨਵੇਂ ਦਿਸਹੱਦਿਆਂ ਦੀ ਉਸਾਰੀ ਕਰਦੀ ਹੈ। ਜਿਵੇਂ:-

- **ਜਬਰ ਅਤੇ ਜੁਲਮ ਦਾ ਟਾਕਰਾ ਕਰਨਾ**

ਸਿੱਖ ਸਿਮਰਤੀ ਵਿੱਚ ਮੁੱਢ ਤੋਂ ਭਗਤੀ ਅਤੇ ਸ਼ਕਤੀ ਦਾ ਸੰਕਲਪ ਰਿਹਾ ਹੈ। ਇਹ ਸ਼ਕਤੀ ਜਬਰ ਲਈ ਨਹੀਂ ਸਗੋਂ ਅਨੈਤਿਕ ਅਤੇ ਜਨ-ਦੋਖਿਆਂ ਦਾ ਮੁਕਾਬਲਾ ਕਰਨ ਲਈ ਹੈ। ਨਿਰਭਉ ਨਿਰਵੈਰ ਖ਼ਾਲਸੇ ਦੀ ਸਿਰਜਣਾ ਲਈ ਅਤੇ ਜਬਰ-ਜ਼ੁਲਮ ਦੇ ਵਿਰੁੱਧ ਲੜਨ ਵਾਲੀ ਖ਼ਾਲਸਾ ਫ਼ੌਜ ਦਾ ਨਿਰਮਾਣ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਨੂੰ ਚੁਣਿਆ ਜਿੱਥੇ ਖ਼ਾਲਸਾ ਪੰਥ ਨੂੰ ਸਾਜ ਕੇ ਸਰਬ-ਗੁਣ ਸੰਪੰਨ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਲੇਰੀ ਦਾ ਥਾਪੜਾ ਪ੍ਰਾਪਤ ਕਰਕੇ ਸਿੱਖ ਕੌਮ ਜਬਰ ਜ਼ੁਲਮ ਦੇ ਵਿਰੁੱਧ ਡਟ ਗਈ। ਸਿੱਖ ਧਰਮ ਦੇ ਇਤਿਹਾਸ ਵਿੱਚ ਖ਼ਾਲਸੇ ਨੇ ਜਬਰ ਜ਼ੁਲਮ ਦੇ ਖ਼ਾਤਮੇ ਲਈ ਅਨੇਕਾਂ ਜੰਗ ਲੜੇ, ਖ਼ਾਲਸੇ ਨੇ ਇਹ ਸਾਰੇ ਜੰਗ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਬਖ਼ਸ਼ਿਸ਼ ਕੀਤੀ ਤੇਗ਼ ਦੀ ਕਰਾਮਾਤ ਅਤੇ ਬੀਰਤਾ ਨਾਲ ਹੀ ਫ਼ਤਿਹ ਕੀਤੇ। ਜਬਰ ਵਿਰੋਧੀ ਭਾਵਨਾ ਨਾਲ ਸ੍ਰੀ ਅਨੰਦਪੁਰ ਸਾਹਿਬ ਦਾ ਡੂੰਘਾ ਰਿਸ਼ਤਾ ਹੈ ਕਿਉਂਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਸਾਜਿਆ ਨਿਡਰ ਖ਼ਾਲਸਾ ਹਮੇਸ਼ਾ ਜਬਰ-ਜ਼ੁਲਮ ਦਾ ਖਾਤਮਾ ਕਰਨ ਲਈ ਤਿਆਰ ਬਰ ਤਿਆਰ ਰਹਿੰਦਾ ਹੈ।

- **ਪਰਉਪਕਾਰੀ ਜੀਵੜੇ ਬਣਾਉਣਾ**

ਨੈਤਿਕ ਸਿਧਾਂਤ ਵਿੱਚ ਪਰਉਪਕਾਰ ਦਾ ਆਪਣਾ ਵੱਖਰਾ ਮਹੱਤਵ ਹੈ ਉਪਕਾਰ ਅਤੇ ਪਰਉਪਕਾਰ ਭਾਵੇਂ ਇੱਕੋਂ ਵਰਗੇ ਸ਼ਬਦ ਹਨ ਪਰੰਤੂ ਦੋਵਾਂ ਵਿੱਚ ਥੋੜਾ ਅੰਤਰ ਹੈ। ਉਪਕਾਰ ਦਾ ਅਰਥ ਸਹਾਇਤਾ ਅਤੇ

ਪਰਉਪਕਾਰ ਦਾ ਅਰਥ ਹੈ ਦੂਜੇ ਜਾਂ ਪਰਾਏ ਲਈ ਕੀਤਾ ਗਿਆ ਉਪਕਾਰ ਹੁੰਦਾ ਹੈ। ਸਿੱਖ ਧਰਮ ਦਰਸ਼ਨ ਦਾ ਟੀਚਾ ਆਪਣੇ ਨਿੱਜ ਦੇ ਨਾਲ-ਨਾਲ ਸਾਰੀ ਮਨੁੱਖਤਾ ਦਾ ਭਲਾ ਕਰਨਾ ਹੈ,। ਸ੍ਰੀ ਅਨੰਦਪੁਰ ਸਾਹਿਬ ਵਿੱਚ ਖ਼ਾਲਸਾ ਸਾਜਨਾ ਗੁਰੂ ਗੋਬਿੰਦ ਸਿੰਘ ਜੀ ਦੇ ਬਹੁਤ ਗੰਭੀਰ ਆਤਮਕ ਅਨੁਭਵ ਵਿਚੋਂ ਉਪਜੀ ਸੀ ਪਰ ਇਸ ਦੇ ਬੜੇ ਹੀ ਦੂਰਗਾਮੀ ਪ੍ਰਭਾਵ ਪਏ। ਗੁਰੂ ਗੋਬਿੰਦ ਸਿੰਘ ਜੀ ਦੇ ਇਖ਼ਲਾਕੀ ਅਨੁਭਵ ਵਿਚੋਂ ਉਪਜੇ ਖ਼ਾਲਸੇ ਦਾ ਮੁੱਖ ਉਦੇਸ਼ ਮਾਨਵਤਾ ਦੀ ਖ਼ਾਤਰ ਹੱਕ, ਸੱਚ, ਨੇਕੀ, ਇਨਸਾਫ਼, ਪਰਉਪਕਾਰ ਆਦਿ ਵਰਗੀਆਂ ਉੱਚੀਆਂ ਕੀਮਤਾਂ ਉਪਰ ਪਹਿਰਾ ਦੇਣ ਦੇ ਨਾਲ ਨਾਲ ਜ਼ੁਲਮ, ਅੱਤਿਆਚਾਰ ਅਤੇ ਸ਼ੋਸ਼ਣ ਦੀਆਂ ਤਾਕਤਾਂ ਨਾਲ ਸਮਝੌਤਾ ਕਰਨ ਦੀ ਬਜਾਏ ਸੰਘਰਸ਼ ਕਰਨਾ ਸੀ ਅਤੇ ਹਮੇਸ਼ਾ ਰਹੇਗਾ। 'ਸਰਬੱਤ ਦੇ ਭਲੇ ਦਾ ਸਿਧਾਂਤ' ਪਰਉਪਕਾਰ ਦੀ ਮੰਗ ਦਾ ਲਾਇਖ ਹੈ ਕਿਉਂਕਿ ਹਰੇਕ ਸਿੱਖ ਆਪਣੇ ਭਲੇ ਦੇ ਨਾਲ-ਨਾਲ ਸਰਬੱਤ ਦੇ ਭਲੇ ਦੀ ਮੰਗ ਕਰਦਾ ਹੈ। ਸਿੱਖਾਂ ਦੀ ਸਿਮਰਤੀ ਵਿੱਚ ਗੁਰੂ ਸਾਹਿਬਾਨ ਦੇ ਸਿਰਜੇ ਸਿਧਾਂਤ ਅਜਿਹੇ ਰੂਪ ਵਿੱਚ ਉਕਰੇ ਹੋਏ ਹਨ ਜੋ ਉਨ੍ਹਾਂ ਨੂੰ ਪਰਉਪਕਾਰੀ ਜੀਵੜੇ ਬਣਾਉਂਦੀ ਹੈ।

- **ਸੰਤ ਅਤੇ ਸਿਪਾਹੀ ਦੀ ਸਿਰਜਨਾ**

ਸ੍ਰੀ ਅਨੰਦਪੁਰ ਸਾਹਿਬ ਵਿੱਚ ਗੁਰੂ ਸਾਹਿਬ ਦੀ ਨਿਵੇਕਲੀ ਸੋਚ ਦੇ ਪ੍ਰਮਾਣ ਵਜੋਂ ਸੰਤ-ਸਿਪਾਹੀ ਦੇ ਰੂਪ ਵਿੱਚ ਉੱਭਰੀ ਸਿੱਖ ਸੈਨਿਕ ਸ਼ਕਤੀ ਨਾਲ ਇਤਿਹਾਸ ਦੇ ਵਿੱਚ ਨਵਾਂ ਮੋੜ ਆਇਆ। ਸੰਤ-ਸਿਪਾਹੀ ਦੇ ਸੰਕਲਪ ਦਾ ਸਿੱਖ ਸਿਮਰਤੀ 'ਤੇ ਡੂੰਘਾ ਪ੍ਰਭਾਵ ਪਿਆ, ਜਿਸ ਦਾ ਮੂਲ ਆਧਾਰ ਭਗਤੀ ਦੇ ਰੂਪ ਵਿੱਚ ਸੰਤ ਹੈ ਅਤੇ ਪ੍ਰਸਥਿਤੀ ਅਨੁਸਾਰ ਉਸ ਦੀ ਸੁਰੱਖਿਆ ਲਈ ਸ਼ਕਤੀ ਹੀ ਅਸਲ ਵਿੱਚ ਸਿਪਾਹੀ ਹੈ। ਭਗਤੀ ਸ਼ਕਤੀ ਨੂੰ ਲੋੜ ਅਨੁਸਾਰ ਸਿਰਜਦੀ ਹੈ। ਸਿਪਾਹੀ ਲੋੜ ਅਨੁਸਾਰ ਭਗਤੀ ਵਿੱਚੋਂ ਪੈਦਾ ਹੋ ਕੇ ਫਿਰ ਇਸੇ ਵਿੱਚ ਸਮਾ ਜਾਂਦਾ ਹੈ।

ਵਿਕਸਤ ਹੋਇਆ ਸੰਤ ਸਿਪਾਹੀ ਦਾ ਸੰਕਲਪ ਜੀਵ-ਪਰਮਾਤਮਾ ਦੇ ਆਪਸੀ ਰਿਸ਼ਤਿਆਂ ਨੂੰ ਨਵੀਂ ਸੇਧ ਪ੍ਰਦਾਨ ਕਰਦਾ ਹੈ। ਅਜਿਹਾ ਸੰਕਲਪ ਸਿੱਖ ਧਰਮ ਦੀ ਵਿਲੱਖਣਤਾ ਦਾ ਪ੍ਰਤੀਕ ਹੈ। ਭਗਤੀ ਅਤੇ ਸ਼ਕਤੀ ਦੋਵਾਂ ਦਾ ਸੰਤੁਲਨ ਵਿਅਕਤੀ ਨੂੰ ਪਰਮਪਦ ਦੀ ਅਵਸਥਾ ਦੇ ਅਨੰਦ ਵਿੱਚ ਪਹੁੰਚਾਉਂਦਾ ਹੈ, ਜਿਸਦਾ ਪ੍ਰਗਟਾਵਾ ਸੰਤ-ਸਿਪਾਹੀ ਭਾਵ 'ਖ਼ਾਲਸਾ' ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਭਾਈ ਬਚਿੱਤਰ ਸਿੰਘ ਦੇ ਹੱਥ ਨਾਗਣੀ ਬਰਛਾ ਅਤੇ ਭਾਈ ਘਨੱਈਆ ਜੀ ਦੇ ਹੱਥ ਪਾਣੀ ਅਤੇ

ਮੱਲਮ ਪੱਟੀ ਦੇ ਕੇ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਪ੍ਰਮਾਣ ਵਜੋਂ ਪੇਸ਼ ਕੀਤਾ। ਸਿੱਖ ਆਪਣੀ ਸਿਮਰਤੀ ਵਿੱਚ ਸੰਤ-ਸਿਪਾਹੀ ਦੇ ਸੁਮੇਲ ਨੂੰ ਵਸਾ ਕੇ ਅਲੌਕਿਕ ਅਨੰਦ ਮਾਣਦਾ ਹੈ।

- **ਸ਼ਹਾਦਤ ਦਾ ਅਨੁਭਵ**

ਸਿੱਖ ਸ਼ਹਾਦਤ ਦਾ ਸੰਕਲਪ ਵਿਸ਼ਵ ਇਤਿਹਾਸ ਵਿੱਚ ਵਿਲੱਖਣ ਸਥਾਨ ਰੱਖਦਾ ਹੈ। ਸਿੱਖ ਇਤਿਹਾਸ ਵਿੱਚ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹਾਦਤ ਸਬਰ ਅਤੇ ਸੰਜਮ ਦਾ ਲਖਾਇਕ ਹੋ ਗਈ, ਜਿਸ ਤੋਂ ਬਾਅਦ ਸ਼ਹਾਦਤਾਂ ਦੀ ਲੰਬੀ ਲੜੀ ਦਾ ਆਰੰਭ ਹੋਇਆ। ਸਿੱਖ ਧਰਮ ਵਿੱਚ ਹੱਕ ਸੱਚ ਦੀ ਰੱਖਿਆ ਲਈ ਅਨੇਕਾਂ ਹੀ ਸਿੰਘਾਂ ਸਿੰਘਣੀਆਂ ਨੇ ਆਪਣੀ ਸ਼ਹਾਦਤ ਦਿੱਤੀ। ਸ੍ਰੀ ਅਨੰਦਪੁਰ ਸਾਹਿਬ ਤੋਂ ਹੀ ਗੁਰੂ ਤੇਗ਼ ਬਹਾਦਰ ਜੀ ਨੇ ਦੂਜੇ ਧਰਮ ਦੀ ਰੱਖਿਆ ਅਤੇ ਧਰਮ ਦੀ ਸੁਤੰਤਰਤਾ ਲਈ ਸ਼ਹਾਦਤ ਦੇ ਕੇ ਇੱਕ ਅਦੁੱਤੀ ਮਿਸਾਲ ਕਾਇਮ ਕੀਤੀ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਪਹਿਲੀ ਆਵਾਜ਼ ਸਿੱਖ ਸਿਮਰਤੀ ਵਿਚੋਂ ਪੈਦਾ ਹੋਈ ਅਤੇ ਇਸ ਦਾ ਅਟੁੱਟ ਹਿੱਸਾ ਬਣ ਗਈ। ਇਹੀ ਕਾਰਨ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਪਰਿਵਾਰ ਦੀ ਸ਼ਹਾਦਤ, ਉਨ੍ਹਾਂ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਨਿਰੰਤਰਤਾ ਨਾਲ ਮਨੁੱਖੀ ਹਿੱਤਾਂ ਦੀ ਰਾਖੀ ਕਰਦੀ ਗਈ ਜਿਸ ਨਾਲ ਮਨੁੱਖੀ ਸਿਮਰਤੀ ਵਿੱਚ ਨਵੇਂ ਆਦਰਸ਼ਕ ਮਨੁੱਖ ਦੀ ਹੋਂਦ ਵਾਲੀ ਸਿਮਰਤੀ ਦੀ ਸਿਰਜਨਾ ਹੋਈ। ਅਜਿਹੇ ਜੀਵਨਮਈ ਦਿਸਹੱਦੇ ਇਸ ਰੂਹਾਨੀ ਸਿਮਰਤੀ ਦੇ ਸਿਖਰ ਹਨ ਜੋ ਜੀਵਨ ਜਿਉਂਦਿਆਂ ਹੀ ਮੁਕਤੀ ਦੇ ਦਰ ਤੱਕ ਲੈ ਜਾਂਦੇ ਹਨ। ਗੁਰਫ਼ੁਰਮਾਨ ਹੈ:-

ਜੀਵਨ ਮੁਕਤਿ ਜਿਸ ਰਿਦੈ ਭਗਵੰਤੁ॥[29]

ਇਸ ਮਹਾਨ ਧਰਤ ਉੱਤੇ ਭੈਅ ਮੁਕਤ ਜੀਵਨ ਦੀ ਨੀਂਹ ਰੱਖੀ ਗਈ। ਅਜਿਹਾ ਪਵਿੱਤਰ ਰੂਹਾਨੀ ਸਾਹਿਤ ਅਤੇ ਸੱਭਿਆਚਾਰ ਸਿਰਜਿਆ ਗਿਆ, ਜਿਸ ਦੀ ਮਿਸਾਲ ਕਿਧਰੇ ਹੋਰ ਨਹੀਂ ਮਿਲਦੀ। ਮਰਜੀਵੜਿਆਂ ਦੀ ਕੌਮ-ਸਿੱਖ ਕੌਮ ਦਾ ਰੁਤਬਾ ਸਿੱਖ ਸਿਮਰਤੀ ਦੇ ਇਸ ਮਹਾਨ ਅੰਸ਼ ਵਿੱਚੋਂ ਹੀ ਪ੍ਰਤੱਖ ਹੋਇਆ ਹੈ। ਸਿੱਖ ਸਾਹਿਤ, ਸੱਭਿਆਚਾਰ ਅਤੇ ਸਿੱਖ ਧਾਰਮਕ ਪ੍ਰਗਟਾਵਿਆਂ, ਵਿਸ਼ਵਾਸਾਂ ਅਤੇ ਪਰੰਪਰਾਵਾਂ

---

[29] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (2010) ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰ. 294.

ਇਸ ਦੀਆਂ ਗਵਾਹ ਹਨ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਜੋ ਆਦਰਸ਼ਕ ਮਨੁੱਖ ਦੀ ਸਿਰਜਨਾ ਹੋਈ, ਉਹ ਵਿਸ਼ਵ ਇਤਿਹਾਸ ਦਾ ਅਲੌਕਿਕ ਵਰਤਾਰਾ ਹੈ।

ਸਿੱਖ ਸਿਮਰਤੀ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਸਿਰਜਤ ਹੋਈ ਮਹਾਨ ਸੱਭਿਆਚਾਰਕ ਤੇ ਸਾਹਿਤਕ ਸਿਮਰਤੀ ਦਾ ਰੂਹਾਨੀ ਪਰਿਵਰਤਨ ਸਿੱਖਾਂ ਨੂੰ ਇੱਕ ਵਿਲੱਖਣ ਪਛਾਣ ਪ੍ਰਦਾਨ ਕਰਦਾ ਹੈ। ਇਸ ਪਛਾਣ ਨਾਲ ਸਿਮਰਤੀ ਦੇ ਪ੍ਰਗਟਾਵੇ ਸਿੱਖ ਜਜ਼ਬਿਆਂ ਦੇ ਬਾਹਰੀ ਅਤੇ ਅੰਤਰੀਵੀ ਪੱਖਾਂ ਨਾਲ ਜ਼ਜ਼ਬ ਹੋਏ ਦ੍ਰਿਸ਼ਟੀਗੋਚਰ ਹੁੰਦੇ ਹਨ। ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਜਿੱਥੇ ਸਮੁੱਚੀ ਸਿੱਖ ਸਿਮਰਤੀ ਅਕਾਲ ਪੁਰਖ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਸਰਦਾਰੀਆਂ ਵੰਡਦੇ ਅਤੇ ਬਖ਼ਸ਼ਿਸਾਂ ਕਰਦੇ ਹੋਏ ਦੇਖਦੀ ਹੈ। ਇਹੀ ਸਥਾਨ ਨਿਧਰਿਆਂ ਦੀ ਧਿਰ ਬਣ ਕੇ ਮਜ਼ਲੂਮਾਂ ਦੇ ਹੱਕ ਵਿੱਚ ਖੜਦਾ ਹੈ। ਵਿਸ਼ਵ ਦੇ ਮਜ਼ਲੂਮ ਆਸਾਂ ਨਾਲ ਇੱਥੋਂ ਸਿਰਜੇ ਖ਼ਾਲਸੇ ਨੂੰ ਪਾਤਸ਼ਾਹੀ ਅੰਦਾਜ਼ ਵਿੱਚ ਦੌਲਤਾਂ ਵੰਡਦੇ ਹੋਏ ਦੇਖਦੇ ਹਨ। ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਪੂਰੇ ਵਿਸ਼ਵ ਭਰ ਵਿੱਚ ਇਲਾਹੀ ਬਰਕਤਾਂ ਵੰਡਦਾ ਖ਼ਾਲਸਾ ਗੁਰ ਉਪਦੇਸ਼ਾਂ ’ਤੇ ਪਹਿਰਾ ਦੇ ਰਿਹਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਵਿਰਾਸਤ ਬਹੁ-ਮੁੱਲੀ ਅਤੇ ਵਿਸ਼ੇਸ਼ ਹੈ, ਜਿਸ ਕਾਰਨ ਇਸ ਸਥਾਨ ਦੀ ਪਵਿੱਤਰਤਾ ਹਮੇਸ਼ਾਂ ਸਿੱਖ ਸਿਮਰਤੀ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੋਈ ਭਵਿੱਖ ਲਈ ਮਾਰਗ ਦਰਸ਼ਨ ਕਰਦੀ ਹੈ।

# ਅਧਿਆਇ ਪੰਜਵਾਂ

# ਸਾਰ ਅਤੇ ਖੋਜ ਲੱਭਤਾਂ

ਇਸ ਖੋਜ ਪ੍ਰਬੰਧ ਵਿੱਚ ਮੁੱਖ ਤੌਰ ’ਤੇ ਸਿੱਖ ਸਿਮਰਤੀ ਦੇ ਸੰਦਰਭ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਮਹੱਤਵ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਕਾਰਜ ਨੂੰ ਕਰਦਿਆਂ ਨਿਵੇਕਲੇ ਪੱਖ ਉੱਘੜ ਕੇ ਸਾਹਮਣੇ ਆਏ ਹਨ, ਜਿਵੇਂ- ਸਿੱਖ ਸਿਮਰਤੀ ਦਾ ਜੋ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਕੀਤਾ ਗਿਆ ਹੈ, ਉਸ ਨੂੰ ਮੁਕੰਮਲ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤਾ ਗਿਆ। ਸਿਮਰਤੀ ਦਾ ਉਭਾਰ ਬੀਤ ਚੁੱਕੇ ਨੂੰ ਮਨਾਂ ਵਿੱਚ ਸਮੋ ਕੇ ਉਸ ਨੂੰ ਅੱਗੇ ਉਸੇ ਰੂਪ ਵਿੱਚ ਕਾਇਮ ਰੱਖਣ ਨਾਲ ਹੁੰਦਾ ਹੈ।

ਪਹਿਲੇ ਅਧਿਆਇ ਵਿੱਚ ਸਿਮਰਤੀ ਅਧਿਐਨ ਨੂੰ ਮੁੱਖ ਵਿਸ਼ੇ ਦੇ ਰੂਪ ਵਿੱਚ ਸਿਮਰਤੀ ਦੇ ਅਰਥ ਸਰੂਪ ਅਤੇ ਸਿਧਾਂਤ ਨੂੰ ਵੱਖ-ਵੱਖ ਵਿਦਵਾਨਾਂ ਦੇ ਨਜ਼ਰੀਏ ਨਾਲ ਸਮਝਿਆ ਗਿਆ ਹੈ। ਵੱਖ-ਵੱਖ ਪਰਿਭਾਸ਼ਾਵਾਂ ਦੇ ਹਵਾਲਿਆਂ ਨਾਲ ਸਿਮਰਤੀ ਅਤੇ ਸਿੱਖ ਸਿਮਰਤੀ ਦੇ ਸਿਧਾਂਤਕ ਪੱਖ ਨੂੰ ਸਮਝਦੇ ਹੋਏ ਤੱਥ ਸਾਹਮਣੇ ਆਏ ਹਨ ਕਿ ਮਨੁੱਖੀ ਜੀਵਨ ਨਾਲ ਸੰਬੰਧਤ ਪੱਖਾਂ ਨੂੰ ਸਿਮਰਤੀ ਪ੍ਰਭਾਵਿਤ ਕਰਦੀ ਹੈ। ਇਸ ਪ੍ਰਭਾਵ ਨੂੰ ਸਮਾਜਕਤਾ ਉੱਪਰ ਸਾਕਾਰ ਕਰਨ ਲਈ ਖ਼ਾਸ ਨੁਕਤਿਆਂ ਨੂੰ ਵਿਚਾਰਨ ਦੀ ਲੋੜ ਹੁੰਦੀ ਹੈ, ਉਹਨਾਂ ਨੁਕਤਿਆਂ ਨੂੰ ਸਾਹਿਤਕ, ਇਤਿਹਾਸਕ ਅਤੇ ਬਿਰਤਾਂਤਕ ਹਵਾਲਿਆਂ ਨਾਲ ਸਿਮਰਤੀ ਅਤੇ ਧਰਮ, ਸਿੱਖ ਸਿਮਰਤੀ ਵਿੱਚ ਗੁਰੂ ਦੇ ਸਥਾਨ ਨੂੰ ਮਨੋਵਿਗਿਆਨਕ ਵਿਸ਼ਲੇਸ਼ਣ ਅਧੀਨ ਸ਼ਾਮਿਲ ਕੀਤਾ ਗਿਆ ਹੈ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਧਰਮ ਵਿੱਚ ਮਨੁੱਖੀ ਵਿਸ਼ਵਾਸ ਜਦੋਂ ਵੀ ਪ੍ਰਪੱਕ ਹੁੰਦਾ ਹੈ ਤਾਂ ਸੱਭਿਆਚਾਰ, ਸੱਭਿਆਤਾਵਾਂ ਅਤੇ ਸਮਾਜਕ ਪ੍ਰੰਪਰਾਵਾਂ ਅਮੀਰ ਹੁੰਦੀਆਂ ਹਨ ਅਤੇ ਜਦੋਂ ਇਹ ਮਨਫੀ ਹੁੰਦਾ ਹੈ ਤਾਂ ਸਮਾਜਕ ਖੇਤਰ ਵਿੱਚ ਪਤਨ ਆ ਜਾਂਦਾ ਹੈ। ਜੀਵਨਮਈ (ਜੀਵੰਤ) ਸਿਮਰਤੀ ਸਿਰਜੀ ਜਾਂਦੀ ਹੈ, ਜੋ ਅਨੇਕਾਂ ਸੰਘਰਸ਼ਾਂ ਵਿੱਚੋਂ ਤਾਂ ਜ਼ਰੂਰ ਗੁਜ਼ਰਦੀ ਹੈ ਪਰ ਨਿਰੰਤਰਤਾ ਦੇ ਸਮਰਪਣ ਰਾਹੀਂ ਸਦੀਵੀ ਹੋ ਨਿਬੜਦੀ ਹੈ। ਸਿੱਖ ਸਿਮਰਤੀ ਵਿੱਚ ਸੰਸਥਾਵਾਂ ਦੇ ਮਹੱਤਵ ਨੂੰ ਸਮਝਦੇ ਹੋਏ, ਇਹਨਾਂ ਦੇ ਸਿਮਰਤੀ ਨਾਲ ਸੰਬੰਧ ਉਜਾਗਰ

ਹੁੰਦੇ ਹਨ ਕਿ ਕਿਵੇਂ ਦੁਨਿਆਵੀ ਰਿਸ਼ਤਿਆਂ ਦੇ ਮੁਕਾਬਲੇ ਗੁਰਬਾਣੀ ਅਤੇ ਸੰਸਥਾਵਾਂ ਦਾ ਸਿਮਰਤੀ ਨਾਲ ਰਿਸ਼ਤਾ ਪਵਿੱਤਰ ਅਤੇ ਅਨੰਦਮਈ ਅਵਸਥਾ ਨੂੰ ਮਾਨਣ ਵਾਲਾ ਹੈ।

ਸਿੱਖ ਸਿਮਰਤੀ ਦੇ ਗਿਆਨ ਅਵਸਥਾ ਅਤੇ ਪ੍ਰਤੱਖ ਗਿਆਨ ਅਤੇ ਕਲਪਨਾ ਦੇ ਮਨੋਵਿਗਿਆਨਕ ਹਵਾਲਿਆਂ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਸਿਮਰਤੀ ਦਾ ਸਿੱਖ ਮਨਾਂ ਨਾਲ ਸੰਬੰਧ ਹਮੇਸ਼ਾ ਕਾਇਮ ਰਹਿੰਦਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣ ਜਗ੍ਹਾ ਹੈ। ਜਿਸ ਵਿੱਚੋਂ ਚੜ੍ਹਦੀਕਲਾ, ਬੀਰਤਾ, ਨਿਡਰਤਾ, ਨਿਰਵੈਰਤਾ ਵਰਗੇ ਨੈਤਿਕ ਤੱਤ ਉਪਜਦੇ ਹਨ।

ਦੂਜੇ ਅਧਿਆਇ ਵਿੱਚ ਸਿੱਖ ਸਿਮਰਤੀ ਦੇ ਇਤਿਹਾਸ ਨਾਲ ਸੰਬੰਧਤ ਪਹਿਲੂਆਂ ਵਿੱਚੋਂ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਨੂੰ ਵਾਚਿਆ ਗਿਆ ਹੈ, ਜਿਸ ਤੋਂ ਸਿੱਟੇ ਪ੍ਰਾਪਤ ਹੁੰਦੇ ਹਨ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਖ਼ਾਲਸਾ ਸਿਰਜਣਾ ਨਾਲ ਜੋ ਸਿਮਰਤੀ ਸਿਰਜੀ ਗਈ ਉਹ ਮਨੁੱਖਤਾ ਲਈ ਬਰਾਬਰਤਾ ਅਤੇ ਭਾਈਚਾਰਕ ਸਾਂਝ ਦੀ ਪ੍ਰਤੀਕ ਹੈ। ਸਿੱਖ ਸਿਮਰਤੀ ਦੇ ਹਵਾਲੇ ਨਾਲ ਸ੍ਰੀ ਅਨੰਦਪੁਰ ਸਾਹਿਬ ਦਾ ਪਿਛੋਕੜ: ਸਰੂਪ ਅਤੇ ਸਿਧਾਂਤ, ਨਾਮਕਰਣ, ਰਹੱਸਾਤਮਕਤਾ, ਧਾਰਮਕ ਆਜ਼ਾਦੀ ਅਤੇ ਮਨੁੱਖੀ ਅਧਿਕਾਰ, ਲੋਕਤੰਤਰੀ ਪ੍ਰਬੰਧ, ਸੰਤ-ਸਿਪਾਹੀ, ਚੜ੍ਹਦੀਕਲਾ ਆਦਿ ਵਿਭਿੰਨ ਪਹਿਲੂਆਂ ਤੋਂ ਪੜਚੋਲ ਕਰਦਿਆਂ ਧਾਰਮਕ ਵਿਲੱਖਣਤਾ ਦੇ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ।

ਸਿੱਖਾਂ ਨੂੰ ਨਿਰੰਤਰ ਸੰਘਰਸ਼ਮਈ ਜੀਵਨ ਵਿੱਚੋਂ ਲੰਘਣਾ ਪਿਆ ਹੈ, ਜਿਸ ਕਰਕੇ ਬਹਾਦਰੀ, ਅਣਖ ਅਤੇ ਗੈਰਤ ਦਾ ਸਬਕ ਬਾਕੀ ਕੌਮਾਂ ਤੋਂ ਵੱਧ ਸਿੱਖ ਕੌਮ ਦੇ ਹਿੱਸੇ ਆਇਆ। ਸੰਤ-ਸਿਪਾਹੀ, ਭਗਤੀ ਅਤੇ ਸ਼ਕਤੀ ਦੇ ਆਪਸੀ ਸੰਬੰਧ ਨੂੰ ਸਿੱਖ ਸਿਮਰਤੀ ਦੇ ਹਵਾਲੇ ਨਾਲ ਜੋੜ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਦਾਰਸ਼ਨਿਕ ਅਤੇ ਅਧਿਆਤਮਕ ਸੰਕਲਪ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਦੇ ਰੂਪ ਵਿੱਚ ਸਿੱਖ ਸਿਮਰਤੀ ਦੇ ਅਟੁੱਟ ਅੰਗ ਵਜੋਂ ਪੇਸ਼ ਕੀਤਾ ਹੈ। ਸ੍ਰੀ ਅਨੰਦਪੁਰ ਸਾਹਿਬ ਮੌਜੂਦਾ ਦੌਰ ਵਿੱਚ ਸਿੱਖ ਪਛਾਣ ਦੇ ਨਵੇਂ ਯੁੱਗ ਦੀ ਸਿੱਖ ਸਿਮਰਤੀ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਸੱਚੇ-ਸੁੱਚੇ ਲੋਕਰਾਜ, ਲੋਕਤੰਤਰੀ ਰਾਜ ਦੀ ਉਪਜ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਸਿਮਰਤੀ ਦੇ ਰੂਪ ਵਿੱਚ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਦਰਸਾਇਆ ਗਿਆ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਇਸ ਧਰਤੀ ਤੋਂ ਮਨੁੱਖੀ ਕਲਿਆਣ ਦੇ ਨਿਵੇਕਲੇ ਸਿਧਾਂਤ ਪ੍ਰਗਟ ਹੋਏ। ਸਿੱਖ ਸਿਮਰਤੀ ਦੀ ਪਛਾਣ, ਹੋਂਦ ਅਤੇ

ਹਸਤੀ ਦਾ ਇੱਕ ਅਨੂਠਾ ਸੰਗਮ ਸ੍ਰੀ ਅਨੰਦਪੁਰ ਸਾਹਿਬ ਦੇ ਪਿਛੋਕੜ, ਆਰੰਭ ਅਤੇ ਵਿਕਾਸ ਦੇ ਨਾਲ-ਨਾਲ ਇਤਿਹਾਸਕਤਾ ਦੀ ਪੜਚੋਲ ਰਾਹੀਂ ਸਹਿਜੇ ਹੀ ਦ੍ਰਿਸ਼ਟੀਗੋਚਰ ਹੋਇਆ ਅਨੁਭਵ ਹੁੰਦਾ ਹੈ।

ਤੀਜੇ ਅਧਿਆਇ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਸਾਹਿਤਕ ਅਤੇ ਸੱਭਿਆਚਾਰਕ ਸਿਮਰਤੀ ਵਿੱਚੋਂ ਮਹੱਤਵਪੂਰਨ ਤੱਥ ਲੱਭੇ ਗਏ ਹਨ, ਜਿਨ੍ਹਾਂ ਵਿੱਚੋਂ ਸਿੱਟੇ ਪ੍ਰਾਪਤ ਹੁੰਦੇ ਹਨ ਕਿ ਸਿੱਖ ਸੱਭਿਆਚਾਰਕ ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ ਦਾ ਸੁਮੇਲ ਸਾਹਿਤ ਅਤੇ ਸੰਘਰਸ਼ ਦਾ ਪ੍ਰਗਟਾਅ ਹੈ। ਸਾਹਿਤਕ ਵੰਨਗੀਆਂ ਢਾਡੀ ਵਾਰਾਂ, ਕਵਿਤਾਵਾਂ, ਗੀਤ ਆਦਿ ਦੇ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਸਿੱਖ ਸਿਮਰਤੀ ਕਾਵਿਕ ਜਜ਼ਬੇ ਅਣਖੀ ਭਾਵਾਂ ਨਾਲ ਭਰੀ ਹੋਈ ਹੈ। ਜਿਸ ਵਿੱਚੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਜ਼ਬਰ/ਜ਼ੁਲਮ ਦੀ ਟੱਕਰ ਦੇ ਵਿਰੁੱਧ ਪੈਦਾ ਹੋਈ ਆਵਾਜ਼ ਦੀ ਗੂੰਜ ਸੁਣਾਈ ਦਿੰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਨੂੰ ਸਾਹਿਤਕ ਸਿਮਰਤੀ ਦੇ ਹਵਾਲੇ ਨਾਲ ਵਾਚਦਿਆਂ ਸਿਮਰਤੀ ਅਤੇ ਸਾਹਿਤ, ਸਿਮਰਤੀ ਅਤੇ ਸੱਭਿਆਚਾਰ ਦੇ ਆਪਸੀ ਸੰਬੰਧ ਲੱਭੇ ਗਏ ਹਨ। ਸਿੱਖ ਸਿਮਰਤੀ ਵਿੱਚ ਰਹਿਤਨਾਮਿਆਂ ਅਤੇ ਹੁਕਮਨਾਮਿਆਂ ਦੇ ਮਹੱਤਵ ਨੂੰ ਪੇਸ਼ ਕੀਤਾ ਗਿਆ ਹੈ। ਸੱਭਿਆਚਾਰਕ ਸਾਹਿਤਕ ਰਚਨਾਵਾਂ ਤੋਂ ਪਤਾ ਲੱਗਦਾ ਹੈ ਕਿ ਸਿੱਖ ਸੱਭਿਆਚਾਰ ਦੇ ਵਿਕਾਸ ਲਈ ਸਿੱਖ ਸਿਧਾਂਤ, ਸਥਾਨ ਅਤੇ ਸੰਸਥਾਵਾਂ ਦਾ ਵਿਕਾਸ ਹੋਇਆ। ਇਸੇ ਲੜੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸਥਾਪਨਾ ਹੋਈ ਜੋ ਕਿ ਸਿੱਖ ਸਿਮਰਤੀ ਦੀ ਸੁਹਜਮਈ ਅਗਵਾਹੀ ਕਰਦਾ ਹੈ। ਸਾਹਿਤ ਮਨੋਭਾਵਾਂ ਦਾ ਦਰਪਣ ਹੈ ਅਤੇ ਇਸ ਰਾਹੀਂ ਉਹ ਸਭ ਕੁਝ ਸਹਿਜੇ ਹੀ ਪ੍ਰਗਟਾਇਆ ਜਾ ਸਕਦਾ ਹੈ ਜੋ ਮੌਖਿਕ ਰੂਪ ਵਿੱਚ ਕਹਿਣਾ ਮੁਸ਼ਕਲ ਹੁੰਦਾ ਹੈ। ਸਾਹਿਤ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਅਜੋਕੇ ਸਮੇਂ ਵਿੱਚ ਸਿੱਖ ਸਿਮਰਤੀ 'ਤੇ ਪ੍ਰਭਾਵ ਸਪੱਸ਼ਟ ਹੁੰਦੇ ਹਨ।

ਸਾਹਿਤਕ ਅਤੇ ਸੱਭਿਆਚਾਰਕ ਖ਼ਾਲਸਾਈ ਰਵਾਇਤਾਂ ਦੀ ਰੰਗਤ ਲੋਕ-ਕਾਵਿ ਰੂਪਾਂ ਦੇ ਨਾਲ-ਨਾਲ ਇਤਿਹਾਸਕ ਹਵਾਲਿਆਂ ਰਾਹੀਂ ਸਿੱਖ ਸਿਮਰਤੀ ਦੇ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਦੇ ਮਹੱਤਵ ਨੂੰ ਪ੍ਰਗਟਾਇਆ ਗਿਆ ਹੈ। ਸਿੱਖ ਸਿਮਰਤੀ ਨੂੰ ਸਮਾਜ 'ਤੇ ਨਸ਼ਿਆਂ ਦੇ ਮਾਰੂ ਪ੍ਰਭਾਵ, ਰਾਜਨੀਤਕ ਕੂਟਨੀਤੀ ਦੇ ਨਾਲ-ਨਾਲ ਵੱਖਰੀ ਹੋਂਦ ਅਤੇ ਸਿੱਖ ਹਸਤੀ ਉੱਪਰ ਹੋ ਰਹੇ ਹਮਲੇ ਅਤੇ ਇਖਲਾਕੀ ਕਦਰਾਂ-ਕੀਮਤਾਂ ਦੀ ਘਾਟ ਨੂੰ ਹਲੂਣਾ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਸਾਹਿਤਕ ਅਤੇ ਸਭਿਆਚਾਰਕ ਪ੍ਰਮਾਣਾਂ ਤੋਂ ਮਿਲਦਾ ਹੈ।

ਚੌਥੇ ਅਧਿਆਇ ਵਿੱਚ ਸਿੱਖ ਸਿਮਰਤੀ ਵਿੱਚ ਸਾਹਿਤ ਅਤੇ ਇਤਿਹਾਸ ਦਾ ਅੰਤਰ ਸੰਬੰਧ ਲੱਭਿਆ ਗਿਆ ਹੈ ਕਿ ਸਿੱਖ ਸਿਮਰਤੀ ਵਿੱਚ ਗੁਰੂ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਖ਼ਾਲਸੇ ਦੇ ਸਿਦਕ ਦਾ ਮੁੱਖ ਪ੍ਰੇਰਨਾ ਸ੍ਰੋਤ ਹੈ। ਸਿੱਖ ਸਿਮਰਤੀ ਵਿੱਚ 'ਰਾਜ ਕਰੇਗਾ ਖ਼ਾਲਸਾ' ਦਾ ਸਿਧਾਂਤ ਬਹੁਤ ਮਹੱਤਵਪੂਰਨ ਹੈ, ਇਸ ਸਿਧਾਂਤ ਦੀ ਨੀਂਹ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੀ ਰੱਖੀ ਗਈ। ਸਾਹਿਤ ਵਿੱਚ ਕਿਸੇ ਸਮੇਂ ਦੀ ਤਸਵੀਰ ਉਸ ਸਮੇਂ ਦੇ ਇਤਿਹਾਸ ਦਾ ਅਨਿੱਖੜਵਾਂ ਅੰਗ ਹੁੰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਸਿਮਰਤੀ ਦੇ ਨਵੇਂ ਸੰਦਰਭਾਂ ਅਤੇ ਸਿੱਖ ਪਰੰਪਰਾਵਾਂ ਦੀ ਸਿਖਰਲੀ ਮਾਰਗ ਦਰਸ਼ਕਤਾ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਸਿੱਖ ਮਨਾਂ ਵਿੱਚ ਇੱਕ ਯਾਦ ਦੇ ਰੂਪ ਵਿੱਚ ਉੱਭਰਦੀ ਹੈ ਅਤੇ ਭਵਿੱਖਮੁਖੀ ਦਿਸ਼ਾ ਨਿਰਦੇਸ਼ ਦੇ ਰੂਪ ਵਿੱਚ ਪ੍ਰੇਰਨਾਦਾਇਕ ਬਣਦੀ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਰਚੇ ਇਤਿਹਾਸ ਅਤੇ ਸਾਹਿਤ ਨੇ ਸਿੱਖ ਗਿਆਨ ਪਰੰਪਰਾ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਖ਼ਾਲਸਾ ਪੰਥ ਸਾਜ ਕੇ ਪੰਚ ਪ੍ਰਧਾਨੀ ਪੰਥ ਦੀ ਸਥਾਪਨਾ ਕੀਤੀ, ਗੁਰੂ ਸਾਹਿਬ ਵੱਲੋਂ ਪੰਥ ਦੇ ਸ਼ੁਰੂਆਤੀ ਰੂਪ ਵਿੱਚ ਪੰਜ ਪਿਆਰੇ ਸਾਜੇ ਜਿਨ੍ਹਾਂ ਨੇ ਕਈ ਮਹੱਤਵਪੂਰਨ ਇਤਿਹਾਸਕ ਪੜਾਵਾਂ 'ਤੇ ਸਿੱਖ ਪੰਥ ਦੀ ਅਗਵਾਈ ਕੀਤੀ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਹਰੇਕ ਸਮਾਗਮ ਵਿੱਚ ਖ਼ਾਲਸਾ ਪੰਥ ਦੀ ਅਗਵਾਈ ਪੰਜ ਪਿਆਰੇ ਕਰਦੇ ਹਨ, ਪੰਜ ਪਿਆਰਿਆਂ ਵੱਲੋਂ ਪੰਥ ਦੀ ਅਗਵਾਈ ਕਰਨਾ ਸਿੱਖ ਸਿਮਰਤੀ ਦਾ ਅਹਿਮ ਹਿੱਸਾ ਹੈ। ਸਿੱਖ ਸਭਿਆਚਾਰਕ ਪੱਖ ਤੋਂ ਰਚੇ ਸਾਹਿਤ (ਕਵਿਤਾਵਾਂ, ਢਾਡੀ ਵਾਰਾਂ, ਗੀਤਾਂ) ਆਦਿ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਕੁਦਰਤੀ ਨੁਹਾਰ ਪ੍ਰਤੀ ਮੋਹ ਅਤੇ ਖਿੱਚ ਦੀ ਭਾਵਨਾ ਨਾਲ ਸਿੱਖ ਸਿਮਰਤੀ ਉੱਤੇ ਡੂੰਘਾ ਪ੍ਰਭਾਵ ਪੈਂਦਾ ਹੈ, ਅਜਿਹੇ ਪ੍ਰਭਾਵ ਸਿੱਖ ਇਤਿਹਾਸਕ ਸਰੋਤਾਂ ਵਿੱਚੋਂ ਵੀ ਪ੍ਰਾਪਤ ਹੁੰਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦਾ ਜ਼ਿਕਰ ਆਉਂਦਿਆਂ ਹੀ ਸਿੱਖ ਸਿਮਰਤੀ ਵਿੱਚ "ਅਨੰਦਾਂ ਦੀ ਪੁਰੀ" ਦਾ ਸਿਧਾਂਤਕ ਬਿੰਬ ਅਤੇ ਕ੍ਰਾਂਤੀਕਾਰੀ ਫ਼ਲਸਫ਼ਾ ਪ੍ਰਗਟ ਹੋ ਜਾਂਦਾ ਹੈ। ਇਸ ਪਵਿੱਤਰ ਨਗਰ ਦੀ ਸਥਾਪਨਾ ਦਾ ਮੂਲ ਮਕਸਦ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਸਿੱਖ ਸਿਮਰਤੀ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਕਰਕੇ ਹਰੇਕ ਸਿੱਖ ਅੱਜ ਵੀ ਆਪਣੀ ਸਿਮਰਤੀ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਤੋਂ ਸੇਧ ਲੈ ਕੇ ਅਧਿਆਤਮਕ ਗੁਣਾਂ ਨੂੰ ਵਿਹਾਰਕ ਰੂਪ ਦੇਣ ਦਾ ਯਤਨ ਕਰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਵਿਰਾਸਤ ਬਹੁ-ਮੁੱਲੀ ਅਤੇ

ਵਿਸ਼ੇਸ਼ ਹੈ ਜਿਸ ਕਾਰਨ ਇਸ ਸਥਾਨ ਦੀ ਪਵਿੱਤਰਤਾ ਜਗਿਆਸੂਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰਤਾ, ਇਤਿਹਾਸਕ ਅਤੇ ਸਾਹਿਤਕ ਪਰੰਪਰਾ ਸਿੱਖ ਸਿਮਰਤੀ ਨੂੰ ਵਿਭਿੰਨ ਪੱਖਾਂ ਤੋਂ ਪ੍ਰਭਾਵਿਤ ਕਰ ਰਹੀ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਵਿੱਚ ਹੀ ਇਸ ਸਥਾਨ ਦੀ ਮਹਾਨ ਸਥਾਪਤੀ ਦਾ ਭਾਵ ਅਤੇ ਉਦੇਸ਼ ਪ੍ਰਗਟ ਹੁੰਦਾ ਹੈ ਭਾਵ ਕਿ ਸ੍ਰੀ ਅਨੰਦਪੁਰ ਸਾਹਿਬ ਅਜਿਹਾ ਨਗਰ ਹੈ ਜੋ ਹਰ ਕਿਸਮ ਦੀ ਬੁਰਿਆਈ ਤੋਂ ਪਾਕ-ਪਵਿੱਤਰ, ਖ਼ੁਸ਼ੀਆਂ/ਖੇੜ੍ਹਿਆਂ ਅਤੇ ਅਨੰਦ ਨਾਲ ਭਰਪੂਰ ਹੈ। ਸ੍ਰੀ ਅਨੰਦਪੁਰ ਸਾਹਿਬ ਮਾਨਵ-ਮਨ ਦੀ ਵਿਭੌਰ ਅਵਸਥਾ ਦਾ ਅਨੰਦ, “ਮਾਨਵ ਤੇ ਦੇਵਤੇ ਕੀਏ” ਦਾ ਗੁਰ ਪਰਸਾਦੀ ਅਸਚਰਜ ਜਲੌਅ ਅਤੇ ਮਾਨਵੀ ਬਿਰਤੀਆਂ ਦੀ ਮਹਾਨ ‘ਅਨੰਦਪੁਰੀ’ ਹੈ।

ਸ੍ਰੀ ਅਨੰਦਪੁਰ ਸਾਹਿਬ ਅਨੰਦੀ ਵਰਤਾਰਿਆਂ ਦਾ ਸਥਾਨ ਹੈ, ਗੁਰਮਤਿ ਵਿਚਾਰਧਾਰਾ ਵਿੱਚ ਅਨੰਦ ਦੀ ਅਨੁਭੂਤੀ ਅੰਦਰੂਨੀ ਹੈ, ਜਿਸ ਦੀ ਸਿਰਜਨਾ ਦਾ ਬਾਹਰੀ ਅਤੇ ਅੰਤਰੀਵੀ ਭਾਵ ਸ੍ਰੀ ਅਨੰਦਪੁਰ ਸਾਹਿਬ ਤੋਂ ਸਹਿਜੇ ਹੀ ਪ੍ਰਤੀਤ ਹੋ ਜਾਂਦਾ ਹੈ। ਇੱਥੇ ਨਵੇਂ ਫ਼ਲਸਫ਼ੇ, ਨਵੇਂ ਮਨੁੱਖ ਦੀ ਸਿਰਜਣਾ ਹੋਈ ਜਿਸ ਦੇ ਆਗਮਨ ਨਾਲ ਜ਼ੁਲਮੀ ਅਤੇ ਕੱਟੜਵਾਦੀ ਰਾਜ ਪ੍ਰਬੰਧ ਦਾ ਅੰਤ ਹੋਇਆ। ਸ੍ਰੀ ਅਨੰਦਪੁਰ ਸਾਹਿਬ ਉਹ ਪਵਿੱਤਰ ਸਥਾਨ ਹੈ, ਜਿਸ ਦਾ ਚੱਪਾ-ਚੱਪਾ ਜ਼ਬਰ ਜ਼ੁਲਮ ਦੇ ਵਿਰੁੱਧ ਲੜਦੇ ਹੋਏ ਸ਼ਹੀਦ ਸਿੰਘਾਂ ਦੇ ਪਵਿੱਤਰ ਖ਼ੂਨ ਨਾਲ ਰੰਗਿਆ ਹੋਇਆ ਹੈ।

ਸਿੱਖ ਕੌਮ ਨੂੰ ਖੰਡੇ ਦੇ ਪਵਿੱਤਰ ਚਿੰਨ੍ਹ ਦੀ ਪ੍ਰਾਪਤੀ ਵੀ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਤੋਂ ਪ੍ਰਾਪਤ ਹੋਈ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਨੂੰ ਦੋਧਾਰੇ ਖੰਡੇ ਨਾਲ ਮੌਤ ਦਾ ਭੈਅ ਖ਼ਤਮ ਕਰਨ ਵਾਲਾ ਅੰਮ੍ਰਿਤ ਬਖਸ਼ਿਸ਼ ਕੀਤਾ। ਸ੍ਰੀ ਅਨੰਦਪੁਰ ਸਾਹਿਬ ਦਾ ਧਾਰਮਕ, ਸੱਭਿਆਚਾਰਕ, ਦਾਰਸ਼ਨਕ ਅਤੇ ਸਮਾਜਕ ਮਹੱਤਵ ਨਿਸ਼ਚੇ ਹੀ ਸਮੁੱਚੀ ਸਿੱਖ ਕੌਮ ਲਈ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਕਦਮ ਰੱਖਦਿਆਂ ਹੀ ਸਿੱਖ ਸਿਮਰਤੀ ਨਾਲ ਜੁੜੀਆਂ ਘਟਨਾਵਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਕਸ਼ਮੀਰੀ ਪੰਡਤਾਂ ਦੀ ਆਮਦ ’ਤੇ ਧਰਮ ਰੱਖਿਆ ਲਈ ਪੁਕਾਰ ਅਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਵੱਲੋਂ ਧਰਮ-ਹੇਤ ਸੀਸ ਦੇਣ ਦੇ ਸਾਕੇ ਦਾ ਇਤਿਹਾਸ ਨਿਵੇਕਲਾ ਪ੍ਰਸੰਗ ਹੈ। ਜ਼ੁਲਮ ਵਿਰੁੱਧ ਸੀਸ ਦੇ ਗਏ ਗੁਰੂ ਤੇਗ ਬਹਾਦਰ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਪਹੁੰਚਦਾ ਹੈ। ਇਸ ਧਰਤੀ ‘ਤੇ

ਦਸਵੇਂ ਪਾਤਸ਼ਾਹ 1699 ਈ. ਦੀ ਵਿਸਾਖੀ ਨੂੰ ਵਿਸ਼ਾਲ ਇਕੱਠ ਵਿੱਚੋਂ ਸਿਰਾਂ ਦੀ ਮੰਗ ਕਰਦੇ ਹਨ। ਸਿਰ ਦੇਣ ਤੋਂ ਭਾਵ ਸਮਰਪਨ ਦਾ ਸੰਬੰਧ ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਦੇ ਨਾਲ ਜੁੜਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਗੁਰੂ ਸਾਹਿਬ ਵੱਲੋਂ ਵਰੋਸਾਈ ਨਿਹੰਗ ਸਿੰਘ ਜਥੇਬੰਦੀ ਦਾ ਇਤਿਹਾਸ, ਖ਼ਾਲਸਾ ਸਾਜਨਾ ਤੋਂ ਪਿੱਛੋਂ ਸਿੱਖ ਪੰਥ ਦੀ ਮੁੱਖ ਧਾਰਾ ਦਾ ਇਤਿਹਾਸ ਹੈ। ਨਿਹੰਗ ਸਿੰਘਾਂ ਦਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨਾਲ ਨਹੁੰ ਮਾਸ ਦਾ ਰਿਸ਼ਤਾ ਹੈ ਕਿਉਂਕਿ ਨਿਹੰਗ ਸਿੰਘਾਂ ਦਾ ਜਨਮ ਸਥਾਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਹੈ।

ਸ੍ਰੀ ਅਨੰਦਪੁਰ ਸਾਹਿਬ ਸਿੱਖਾਂ ਲਈ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਦਾ ਕੇਂਦਰ ਰਿਹਾ ਹੈ, ਕਿਉਂਕਿ ਤਵਾਰੀਖ਼ ਗਵਾਹ ਹੈ ਕਿ ਇਸ ਧਰਤੀ ’ਤੇ ਗੁਰਬਾਣੀ ਅਤੇ ਕੁਰਬਾਨੀ, ਸੰਤ ਅਤੇ ਸਿਪਾਹੀ, ਕਲਮ ਅਤੇ ਸ਼ਸਤਰ, ਜੁਝਾਰੂ ਯੋਧੇ ਅਤੇ ਕਲਮ ਦੇ ਧਨੀ ਕਵੀ ਇੱਕੋ ਵੇਲੇ ਗੁਰੂ ਦਰਬਾਰ ਦਾ ਸ਼ਿੰਗਾਰ ਬਣੇ ਹਨ। ਖ਼ਾਲਸਾ ਪੰਥ ਦੀ ਸਿਰਜਣਾ ਦੇ ਅਦੁੱਤੀ ਕੌਤਕ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਸਾਖਸ਼ਾਤ ਰੂਪ ਵਿੱਚ ਸ਼ਸਤਰ ਅਤੇ ਸ਼ਾਸਤਰ ਦੇ ਅਦਭੁਤ ਸੁਮੇਲ ਨੂੰ ਵੇਖਿਆ ਹੈ, ਜੋ ਅੱਜ ਵੀ ਸਿੱਖ ਸਿਮਰਤੀ ਨੂੰ ਪ੍ਰਭਾਵਿਤ ਕਰਦੀ ਹੈ। ਇਹ ਪਾਵਨ ਸਥਾਨ ਸਮੁੱਚੀ ਸਿੱਖ ਕੌਮ ਦਾ ਪ੍ਰਗਟ ਸਥਾਨ ਹੈ ਕਿਉਂਕਿ ਸੰਸਾਰ ਦੇ ਹੋਰ ਧਰਮਾਂ ਦੇ ਬਾਨੀਆਂ ਦੇ ਜਨਮ ਸਥਾਨ ਅਤੇ ਜੋਤੀ ਜੋਤਿ ਸਮਾਉਣ ਦੇ ਸਥਾਨ ਤਾਂ ਹਨ ਪਰ ਕਿਸੇ ਸਮੁੱਚੀ ਕੌਮ ਦਾ ਪ੍ਰਗਟ ਸਥਾਨ ਨਹੀਂ ਹੈ।

ਸਿੱਖ ਭਾਵੇਂ ਸੰਸਾਰ ਦੇ ਕਿਸੇ ਵੀ ਕੋਨੇ ਵਿੱਚੋਂ ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋਵੇ ਭਾਵ ਕਿ ਅੰਮ੍ਰਿਤ ਪਾਨ ਕਰੇ, ਗੁਰੂ ਜੀ ਦੇ ਸਾਜੇ ਪੰਜ ਪਿਆਰੇ ਉਸ ਨੂੰ ਇਹੀ ਹੁਕਮ ਦਿੰਦੇ ਹਨ ਕਿ ਅੱਜ ਤੋਂ ਬਾਅਦ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ ਜੀ, ਵਾਸੀ ਸ੍ਰੀ ਅਨੰਦਪੁਰ ਸਾਹਿਬ ਅਤੇ ਜਨਮ ਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਹੈ। ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ’ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਸਰਬ ਸਾਂਝੇ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਸਮੁੱਚੀ ਮਾਨਵਤਾ ਨੂੰ ‘ਏਕ ਪਿਤਾ ਏਕਸ ਕੇ ਹਮ ਬਾਰਿਕ’ ਹੋਣ ਦਾ ਮਾਣ ਬਖ਼ਸ਼ਿਆ। ਇਸ ਵਰਤਾਰੇ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੀਚਾਂ ਨੂੰ ਊਚ ਕਰਨ ਵਾਲੀ/ਬਰਾਬਰਤਾ ਦਾ ਅਧਿਕਾਰ ਬਖ਼ਸ਼ਣ ਵਾਲੀ ਧਰਤੀ ਬਣ ਗਈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਜ਼ੁਲਮੀ ਰਾਜ ਦਾ ਖ਼ਾਤਮਾ ਕਰਨ ਲਈ ਧਰਮ ਯੁੱਧ ਆਰੰਭ ਹੋਇਆ ਕਿਉਂਕਿ ਗੁਰੂ ਜੀ ਦੇ ਦੈਵੀ ਪ੍ਰਭਾਵ

ਹੇਠ ਅਜਿਹੇ ਮਨੁੱਖ ਵੀ ਰਣ ਖੇਤਰ ਦੇ ਸੂਰਮੇ ਹੋ ਨਿੱਬੜੇ ਜਿਨ੍ਹਾਂ ਨੇ ਕਦੀ ਤਲਵਾਰ ਨੂੰ ਹੱਥ ਵੀ ਨਹੀਂ ਸੀ ਲਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਛਕਾਏ ਖੰਡੇ ਬਾਟੇ ਦੇ ਅੰਮ੍ਰਿਤ ਦੀ ਤਾਕਤ ਹੀ ਸੀ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਐਸਾ ਇਨਕਲਾਬ ਲਿਆਂਦਾ ਅਤੇ ਐਸੇ ਬਹਾਦਰ ਯੋਧੇ ਪੈਦਾ ਕੀਤੇ ਜਿਨ੍ਹਾਂ ਦੇ ਸਾਹਮਣੇ ਵੱਡੀਆਂ-ਵੱਡੀਆਂ ਧਾੜਵੀ ਸੈਨਾਵਾਂ ਨੂੰ ਭਾਜੜਾਂ ਪੈ ਗਈਆਂ।

ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀਆਂ ਯਾਦਾਂ, ਸਿੱਖਾਂ ਦੇ ਮਨ ਵਿੱਚ ਸਦਾ ਵਾਂਗ ਟਿਕੀਆਂ ਹੋਈਆਂ ਹਨ। ਜਿਸ ਤਰ੍ਹਾਂ ਸੰਗਤ ਨੂੰ ਖ਼ਾਲਸਾ ਰੂਪ ਵਿੱਚ ਪਰਿਵਰਤਿਤ ਕਰਨ ਦਾ ਆਰੰਭ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ, ਉਹ ਅਸਚਰਜ ਮਈ ਵਰਤਾਰਾ ਸਿੱਖ ਸਿਮਰਤੀ ਦਾ ਹਿੱਸਾ ਬਣ ਗਿਆ। ਸ੍ਰੀ ਅਨੰਦਪੁਰ ਸਾਹਿਬ ਮਾਨਵੀ ਮਾਪਦੰਡ ਅਨੁਸਾਰ ਕੇਵਲ ਇੱਕ ਨਗਰ ਹੀ ਨਹੀਂ ਸਗੋਂ ਇਹ ਨਿਰਮਲ ਜੀਵਨ ਦੀ ਘਾੜਤ, ਖਾਲਸੇ ਦੀ ਟਕਸਾਲ ਅਤੇ ਧਰਮ ਦੀ ਕਰਮ ਭੂਮੀ ਹੈ।

ਸ੍ਰੀ ਅਨੰਦਪੁਰ ਸਾਹਿਬ 'ਸ਼ੁਭ ਕਰਮਨ ਤੇ ਕਬਹੂੰ ਨ ਟਰੋਂ' ਦੇ ਅਦਰਸ਼ਮਈ ਵਿਸਮਾਦੀ ਸ਼ਬਦਾਂ ਨਾਲ ਪ੍ਰਣ ਨਿਭਾਉਣ ਅਤੇ ਚੜ੍ਹਦੀਕਲਾ ਵਿੱਚ ਜਿਊਣ ਦਾ ਪੈਗ਼ਾਮ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਨਾਲ ਹੀ ਰਣਜੀਤ ਨਗਾਰਾ ਤਿਆਰ ਕਰਵਾਇਆ ਜੋ ਕਿ ਸੁਤੰਤਰਤਾ ਅਤੇ ਨਿਰਭੈਤਾ ਦਾ ਪ੍ਰਤੀਕ ਹੈ। ਰਣਜੀਤ ਨਗਾਰੇ ਦੀ ਗੂੰਜ ਮੈਦਾਨ-ਏ- ਜੰਗ ਵਿੱਚ ਜਬਰ ਜ਼ੁਲਮ ਢਾਹੁਣ ਵਾਲਿਆਂ ਦੇ ਸਿਰ ਕਾਲ ਬਣ ਕੇ ਗਰਜਣ ਦੀ ਗਵਾਹੀ ਹੈ। ਸ੍ਰੀ ਅਨੰਦਪੁਰ ਸਾਹਿਬ ਦੀਆਂ ਵਾਦੀਆਂ ਵਿੱਚ ਰਣਜੀਤ ਨਗਾਰੇ ਦੀ ਧਮਕ ਕਿਸੇ ਧਰਤੀ ਦੇ ਕੋਨੇ 'ਤੇ ਕਬਜ਼ਾ ਕਰਨ ਦੀ ਬਿਰਤੀ ਨਹੀਂ ਸਗੋਂ ਨਿਰਭੈ ਹੋ ਕੇ ਅਨੰਦਮਈ ਜੀਵਨ ਜੀਉਂਣ ਲਈ ਪ੍ਰੇਰਿਤ ਕਰਦੀ ਵਿਸਮਾਦੀ ਧੁਨ ਦਾ ਵਾਤਾਵਰਣ ਸਿਰਜਦੀ ਹੈ।

ਸ੍ਰੀ ਅਨੰਦਪੁਰ ਸਾਹਿਬ ਦਾ ਪੈਗ਼ਾਮ ਜੋ ਸਿੱਖ ਸੱਭਿਆਚਾਰਕ ਸਿਮਰਤੀ ਰਾਹੀਂ ਖ਼ਾਲਸੇ ਦੇ ਮਨ ਅੰਦਰ ਵਸਿਆ ਹੈ, ਪੰਜਾਬੀ ਲੋਕਧਾਰਾ ਇਸ ਦੀ ਗਵਾਹੀ ਭਰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਉਪਜੇ ਖ਼ਾਲਸਾ ਪੰਥ ਦੀ ਗੱਲ ਸੁਭਾਵਕ ਹੀ ਹਰ ਇਕ ਦੀ ਸਿਮਰਤੀ ਵਿੱਚ ਆਵੇਗੀ ਕਿਉਂਕਿ ਖ਼ਾਲਸਾ ਪੰਥ ਅੱਜ ਵਿਸ਼ਵ ਪੱਧਰ ਉੱਤੇ ਮਾਨਵ ਏਕਤਾ, ਆਜ਼ਾਦੀ, ਮਨੁੱਖੀ ਗੌਰਵ ਅਤੇ ਜ਼ਬਰ-ਜ਼ੁਲਮ ਦੇ ਵਿਰੁੱਧ ਸੰਘਰਸ਼ ਦਾ ਪ੍ਰਤੀਕ ਬਣ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈਚਾਰਕ ਸਾਂਝ ਅਤੇ ਸੁਰੱਖਿਆ ਦਾ ਜਿਹੜਾ

ਸਭਿਆਚਾਰ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਜਿਆ, ਉਸ ਵਿੱਚ ਵਿਭਿੰਨ ਧਰਮਾਂ ਅਤੇ ਵਿਸ਼ਵਾਸਾਂ ਦੇ ਲੋਕ ਸ਼ਾਮਿਲ ਹੋਏ। ਇਸੇ ਲਈ ਸ੍ਰੀ ਅਨੰਦਪੁਰ ਸਾਹਿਬ ਇੱਕ ਵਿਲੱਖਣ ਸਭਿਆਚਾਰਕ ਸਾਂਝ ਅਤੇ ਸੰਘਰਸ਼ ਦਾ ਪ੍ਰਤੀਕ ਬਣ ਕੇ ਉਜਾਗਰ ਹੋਇਆ।

ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ਉੱਤੇ ਖ਼ਾਲਸਾ ਸਿਰਜਨਾ ਅਜਿਹੀ ਮਨੁੱਖੀ ਸੁਤੰਤਰਤਾ ਦਾ ਐਲਾਨ ਸੀ, ਜਿਸ ਨੇ ਸਦੀਆਂ ਤੋਂ ਚੱਲੀ ਆ ਰਹੀ ਮਾਨਸਿਕ ਅਤੇ ਸਮਾਜਕ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਦਿੱਤਾ। ਨਗਾਰਾ, ਨਿਸ਼ਾਨ, ਤਖ਼ਤ, ਚੌਰ ਅਤੇ ਚੰਦੋਆ ਇਹ ਪੰਜ ਚੀਜ਼ਾਂ ਸੁਤੰਤਰ ਬਾਦਸ਼ਾਹੀਅਤ ਦੀਆਂ ਨਿਸ਼ਾਨੀਆਂ ਹਨ। ਸਮੁੱਚੀ ਸਿੱਖ ਕੌਮ ਨੂੰ ਨਿਰਭੈਤਾ ਅਤੇ ਸੁਤੰਤਰਤਾ ਦੀ ਦਾਤ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਪ੍ਰਾਪਤ ਹੋਈ। ਸਿੱਖ ਕੌਮ ਵਿੱਚ ਆਪੇ ਗੁਰ ਚੇਲਾ ਦਾ ਸਿਧਾਂਤ ਵੀ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੋਂ ਪੈਦਾ ਹੋਇਆ, ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਅਤੇ ਪਿੱਛੋਂ ਆਪ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਰੱਖਿਆਤਮਕ ਯੁੱਧ ਕਲਾ ਦਾ ਨਮੂਨਾ ਪੇਸ਼ ਕੀਤਾ, ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਜਿੰਨੇ ਵੀ ਯੁੱਧ ਹੋਏ ਇਹਨਾਂ ਯੁੱਧਾਂ ਵਿੱਚ ਗੁਰੂ ਸਾਹਿਬ ਦੀ ਲਾਡਲੀ ਖ਼ਾਲਸਾ ਫ਼ੌਜ ਨੇ ਪਹਿਲਾਂ ਕਿਸੇ ਉੱਪਰ ਜਾਂ ਨਿਹੱਥੇ, ਮਜ਼ਬੂਰ ਉੱਤੇ ਹਮਲਾ ਨਹੀਂ ਕੀਤਾ। ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਮੁਗ਼ਲ ਜਰਵਾਣਿਆਂ ਅਤੇ ਪਹਾੜੀ ਰਾਜਿਆਂ ਨੇ ਆਪਣੀ ਹਾਰ ਦੀ, ਨਮੋਸ਼ੀ ਨੂੰ ਛਪਾਉਣ ਲਈ ਆਪਣਾ ਧਰਮ ਵੀ ਦਾਅ ਉੱਤੇ ਲਾਅ ਦਿੱਤਾ ਅਤੇ ਝੂਠੀਆਂ ਕਸਮਾਂ ਖਾ ਕੇ ਖ਼ਾਲਸਾ ਫ਼ੌਜਾਂ ਦੀ ਪਿੱਠ ਪਿੱਛੇ ਹਮਲਾ ਕੀਤਾ ਪਰੰਤੂ ਖ਼ਾਲਸਾ ਫ਼ੌਜ ਨੇ ਅੱਜ ਤੱਕ ਦੇ ਇਤਿਹਾਸ ਵਿੱਚ ਕਿਤੇ ਵੀ ਪਿੱਠ ਪਿੱਛੇ ਵਾਰ ਨਹੀਂ ਕੀਤਾ ਸਗੋਂ ਰੱਖਿਆਤਮਕ ਯੁੱਧ ਕਲਾ ਵਿੱਚ ਹੀ ਵਿਸ਼ਵਾਸ ਕੀਤਾ ਹੈ। ਜਿੱਥੇ ਆਤਮਿਕ ਤੌਰ ਉੱਤੇ ਸ੍ਰੀ ਅਨੰਦਪੁਰ ਸਾਹਿਬ ਦੀ ਆਪਣੀ ਮਹੱਤਤਾ ਹੈ, ਉੱਥੇ ਨਾਲ ਹੀ ਰਾਜਨੀਤਕ ਗਤੀਵਿਧੀਆਂ ਦਾ ਧੁਰਾ ਵੀ ਰਿਹਾ ਕਿਉਂਕਿ ਮੁਗ਼ਲ ਸਮਰਾਜ ਨੇ ਛੋਟੇ-ਵੱਡੇ ਪਹਾੜੀ ਰਾਜਿਆਂ ਨੂੰ ਹਰਾ ਕੇ ਜਾਂ ਸੰਧੀ ਕਰਕੇ ਉਹਨਾਂ ਨੂੰ ਮੁਗ਼ਲ ਸਲਤਨਤ ਦਾ ਹਿੱਸਾ ਬਣਾ ਲਿਆ ਸੀ। ਇਸ ਜ਼ੁਲਮੀ ਸਮਰਾਜ ਨੂੰ ਉਸ ਵੇਲੇ ਟੱਕਰ ਕੇਵਲ ਖ਼ਾਲਸਾ ਪੰਥ ਨੇ ਦਿੱਤੀ ਜੋ ਕਿ ਉਸ ਸਮੇਂ ਦੀ ਰਾਜਨੀਤੀ ਵਿੱਚ ਵੱਡਾ ਮੀਲ ਪੱਥਰ ਸਾਬਿਤ ਹੋਈ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦਾ ਸਿੱਖ ਧਾਰਮਕ ਸਥਾਨਾਂ ਦੀ ਸੂਚੀ ਵਿੱਚ ਵਿਸ਼ੇਸ਼ ਸਥਾਨ ਹੈ। ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਵਿਲੱਖਣ ਰੂਪ ਹੈ, ਜਿੱਥੋਂ ਧਰਮ ਲਈ ਸ਼ਹਾਦਤ, ਜ਼ੁਲਮ ਵਿਰੁੱਧ ਲੜਨ ਲਈ ਹੌਸਲਾ, ਹਿੰਮਤ, ਦਲੇਰੀ ਅਤੇ ਅਣਖ ਲਈ ਜ਼ਜਬਾ ਪੈਦਾ ਹੁੰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਵਿੱਲਖਣ ਸਰੂਪ ਮਨੁੱਖ ਨੂੰ ਰੂਹਾਨੀ ਸਮਰੱਥਾ ਪ੍ਰਦਾਨ ਕਰਦਾ ਹੈ। ਦੂਜੇ ਪਾਸੇ ਸਰਬੱਤ ਦੇ ਭਲੇ ਅਤੇ ਸਮਾਜਕ ਸੇਵਾ ਲਈ ਕਾਰਜ ਕਰਨ ਦਾ ਉਪਦੇਸ਼ ਦਿੰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਨੇ ਉਸਾਰੂ ਕਦਰਾਂ ਕੀਮਤਾਂ ਅਤੇ ਸਦਾਚਾਰਕ ਦ੍ਰਿਸ਼ਟੀ ਨਾਲ ਸਦਾਚਾਰਕ ਮਨੁੱਖ ਬਣਨ ਵੱਲ ਇੱਕ ਅਹਿਮ ਰੋਲ ਅਦਾ ਕੀਤਾ ਹੈ।

ਇਸ ਖੋਜ ਕਾਰਜ ਦਾ ਮੁੱਖ ਨਤੀਜਾ ਇਹ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰਤਾ ਵਿਸ਼ਵਾਸੀਆਂ ਨੂੰ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਤੋਂ ਪਾਰ ਲੈ ਜਾਂਦੀ ਹੈ, ਜਿਸ ਨਾਲ ਸ਼ਰਧਾਲੂ ਪਵਿੱਤਰ ਅਤੇ ਆਨੰਦਮਈ, ਰੂਹਾਨੀ ਯਾਦ ਵਿੱਚ ਗੁਰੂ ਨਾਲ ਜਾ ਜੁੜਦਾ ਹੈ। ਸਿਮਰਤੀ ਦੀ ਤ੍ਰੈਕਾਲੀ, ਸਮੂਹਿਕਤਾ ਪੀੜ੍ਹੀ ਦਰ ਪੀੜ੍ਹੀ ਰੂਪਤਾਂਰਣ ਦਰਸਾਉਂਦਾ ਹੈ ਕਿ ਸਿਮਰਤੀ ਦਾ ਸਿਧਾਂਤਕ ਪੱਖ ਮਨੁੱਖ ਦੇ ਕਾਰਜਾਂ ਵਿੱਚ ਨਿਪੁੰਨਤਾ ਲਿਆਉਂਦਾ ਹੈ। ਇਹ ਜੀਵਨ ਵਕਫੇ ਵਿੱਚ ਤਰੋ-ਤਾਜ਼ਾ ਅਤੇ ਅਧਿਆਤਮਕ ਅਨੰਦ ਦਿੰਦੀ ਹੈ ਜਿਸ ਦਾ ਪ੍ਰਗਟਾਵਾ ਸ੍ਰੀ ਅਨੰਦਪੁਰ ਸਾਹਿਬ ਦੀ ਰੂਹਾਨੀ ਸਿਧਾਂਤਕਤਾ ਦਾ ਪ੍ਰਗਟਾਵਾ ਕਰਕੇ ਵਿਚਾਰਿਆ ਗਿਆ ਹੈ। ਇਸ ਪੱਖ ਤੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਸਿਰਜਤ ਸਿੱਖ ਸਿਮਰਤੀ ਨਿਰੰਤਰ ਚੜ੍ਹਦੀਕਲਾ ਦਾ ਪ੍ਰਤੀਕ ਬਣ ਕੇ ਉੱਭਰੀ ਹੈ। ਇਸ ਦੇ ਉੱਭਾਰ ਨਾਲ ਜੀਵਨ ਨੂੰ ਅਗਵਾਈ ਪ੍ਰਾਪਤ ਹੋਈ ਹੈ ਉਹ ਅਗਵਾਈ ਚਾਹੇ ਰਾਜਨੀਤਕ, ਸਮਾਜਕ, ਆਰਥਕ, ਸੱਭਿਆਚਾਰਕ ਜਾਂ ਰੂਹਾਨੀ ਹੋਵੇ। 'ਸਰਬੱਤ ਦੇ ਭਲੇ' ਨਾਲ ਜੁੜੀ ਦੈਵੀ ਸੱਤਾ ਅਕਾਲ ਪੁਰਖ ਦੇ ਅਧੀਨ ਸਿੱਖ ਸਿਮਰਤੀ ਕਿਸੇ ਦੀ ਗੁਲਾਮੀ ਨਹੀਂ ਮੰਨਦੀ।

ਇਸ ਖੋਜ ਪ੍ਰਬੰਧ ਦੀ ਦੂਜੀ ਲੱਭਤ ਇਹ ਹੈ ਕਿ ਸਿੱਖ ਇਤਿਹਾਸ, ਸਿਮਰਤੀ ਸਾਹਿਤ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਸਿੱਖ ਭਾਈਚਾਰੇ ਦੀ ਸਿਮਰਤੀ ਆਦਿ ਜੁਗਾਦੀ ਸੱਚ ਦੇ ਰੂਪ ਵਿੱਚ ਪ੍ਰਗਟ ਕੀਤੀ ਗਈ ਹੈ। ਇਤਿਹਾਸਕ ਸੰਦਰਭ ਤੋਂ ਸਿੱਖ ਇਤਿਹਾਸ ਦੇ ਬਹੁ-ਪੱਖੀ ਵਿਚਾਰਾਂ ਨੂੰ ਸਮਝ ਕੇ, ਪ੍ਰਗਟਾ ਕੇ ਪਵਿੱਤਰਤਾ ਦਾ ਸੰਬੰਧ ਅੰਤਰੀਵ ਭਾਵਨਾਵਾਂ ਨਾਲ ਜੋੜ ਕੇ ਬੌਧਿਕ, ਨੈਤਿਕ, ਸਮਾਜਿਕ ਅਤੇ ਧਾਰਮਕ ਅਵਸਥਾ ਦਾ ਇੱਕ ਸੰਪੂਰਨ ਚਿੱਤਰ ਸਾਹਮਣੇ ਲਿਆਂਦਾ ਗਿਆ ਹੈ। ਇਸ ਪਵਿੱਤਰ ਧਰਤੀ ਉੱਪਰ ਵਾਪਰੀਆਂ ਘਟਨਾਵਾਂ ਸਹਿਜ ਘਟਨਾਵਾਂ ਨਹੀਂ, ਸਗੋਂ ਸਿੱਖ ਸਿਮਰਤੀ ਵਿੱਚ ਸੰਭਾਲੀਆਂ ਹੋਈਆਂ ਹਨ।

ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸਕ ਪਿਛੋਕੜ ਦੇ ਆਰੰਭ ਅਤੇ ਵਿਕਾਸ ਦੀ ਨਿਰੰਤਰਤਾ ਨੂੰ ਅਨੇਕਾਂ ਮਨੁੱਖੀ ਸਰੋਕਾਰਾਂ ਜਿਵੇਂ ਸੱਚ, ਅਣਖ, ਨਿਰਭੈਤਾ ਨਾਲ ਜੋੜ ਕੇ 'ਸੱਚੇ ਮਾਰਗ ਦੇ ਪਾਂਧੀ' ਬਣਾਇਆ ਗਿਆ ਹੈ। ਗੁਰੂ ਸਾਹਿਬਾਨ ਦੇ ਦੈਵੀ ਅਨੁਭਵਾਂ ਦੀਆਂ ਯਾਦਾਂ ਦਾ ਅੱਜ ਜੋ ਰੂਪ ਸਿੱਖ ਸਿਮਰਤੀ ਵਿੱਚ ਉਜਾਗਰ ਹੁੰਦਾ ਹੈ ਉਸ ਦਾ ਉੱਭਾਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਹੀ ਹੋਇਆ ਹੈ।

ਕਿਸੇ ਧਰਮ ਵਿਸ਼ਵਾਸ ਦੀ ਸੁਤੰਤਰਤਾ ਦੀ ਰਾਖੀ ਲਈ ਸ਼ਹਾਦਤ ਦੀ ਮਨੁੱਖੀ ਮਿਸਾਲ ਜੋ ਇਸ ਪਵਿੱਤਰ ਧਰਤੀ ਤੇ ਹੈ ਤਾਂ ਉਹ ਗੁਰੂ ਤੇਗ਼ ਬਹਾਦਰ ਜੀ ਦੁਆਰਾ ਕੀਤੀ ਗਈ, ਉਹ ਅਤਿ ਮਹਾਨ ਹੈ। ਇਸੇ ਲਈ ਸ਼ਾਇਦ ਸਦੀਵੀ ਅਨੰਦ ਦੀ ਪ੍ਰਾਪਤੀ ਲਈ ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਹੋਣਾ ਸਿੱਖ ਸਿਮਰਤੀ ਵਿੱਚ ਸਦਾ ਲਈ ਸਮੋ ਗਿਆ ਹੈ।

ਲੋਕ ਮਨਾਂ ਦੀ ਇਸ ਨਾਲ ਜੁੜੀ ਵਚਨਬੱਧਤਾ, ਪ੍ਰਤੀਬੱਧਤਾ ਇਸ ਦਾ ਪ੍ਰਤੀਕ ਹੈ ਕਿ ਸਿੱਖ ਆਪ ਵੀ ਮਹਾਨ ਇਤਿਹਾਸਕ ਅਤੇ ਸਾਹਿਤਕ ਸਿਮਰਤੀ ਨਾਲ ਵਕਤੀ ਮਜ਼ਬੂਰੀ ਦੇ ਰੂਪ ਵਿੱਚ ਨਹੀਂ ਸਗੋਂ ਧੁਰ ਅੰਦਰੋਂ ਜੁੜੇ ਹੋਏ ਹਨ। ਇਸ ਵਿੱਚ ਸਾਹਿਤਕ ਅਤੇ ਸੱਭਿਆਚਰਕ ਖ਼ਾਲਸਈ ਰਵਾਇਤਾਂ ਦੀ ਰੰਗਤ ਲੋਕ ਕਾਵਿ-ਰੂਪਾਂ ਦੇ ਨਾਲ-ਨਾਲ ਇਤਿਹਾਸਕ ਹਵਾਲਿਆਂ ਨਾਲ ਸਿੱਖ ਸਿਮਰਤੀ ਦੇ ਰੂਪ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਦੇ ਮਹੱਤਵ ਨੂੰ ਪ੍ਰਗਟਾਇਆ ਜਾ ਸਕੇ।

ਅੰਤ ਵਿੱਚ ਖੋਜ-ਪ੍ਰਬੰਧ ਦੀਆਂ ਲੱਭਤਾਂ (Findings) ਅਤੇ ਸੁਝਾਅ (Suggestion) ਸੰਖੇਪ ਰੂਪ ਵਿੱਚ ਪੇਸ਼ ਹਨ।

ੳ) ਲੱਭਤਾਂ (Findings)

ਅ) ਸੁਝਾਅ (Suggestion)

**(ੳ) ਲੱਭਤਾਂ:-** ਇਸ ਖੋਜ ਕਾਰਜ ਦੀਆਂ ਲੱਭਤਾਂ ਸੰਖੇਪ ਰੂਪ ਵਿੱਚ ਪੇਸ਼ ਹਨ:-

1. ਸਿੱਖ ਸਿਮਰਤੀ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨਾਲ ਸਿਰਜੀ ਗਈ ਹੈ ਅਤੇ ਦਸ ਗੁਰੂ ਸਾਹਿਬਾਨ ਨੇ ਜੋ ਸਿੱਖ ਧਰਮ ਦਾ ਸਰੂਪ ਸਿਰਜਿਆ ਉਸ ਦੀ ਸੰਪੂਰਨਤਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਿੱਖ ਸਿਮਰਤੀ ਦੀ ਪ੍ਰਤੀਨਿਧਤਾ ਕਰ ਰਿਹਾ ਹੈ।

2. ਸਿੱਖ ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਯਾਦ ਹਰੇਕ ਸਿੱਖ ਲਈ ਮਾਰਗ ਦਰਸ਼ਕ ਹੈ। ਇਹ ਮਾਰਗ ਬਦੀ ਤੋਂ ਨੇਕੀ ਵੱਲ ਜਾਣ ਦਾ ਅਤੇ ਦੁਨਿਆਵੀ ਜ਼ਿੰਮੇਵਾਰੀਆਂ ਨਿਭਾਉਂਦਿਆਂ ਅਕਾਲ ਪੁਰਖ ਨਾਲ ਇਕਮਿਕ ਹੋਣ ਦਾ ਹੈ, ਜਿਸ ਰਾਹੀਂ ਸਮੁੱਚੇ ਜੀਵਨ ਦੇ ਉਦੇਸ਼ਾਂ ਦੀ ਪੂਰਤੀ ਹੋ ਸਕੇ।
3. ਸ੍ਰੀ ਅਨੰਦਪੁਰ ਸਾਹਿਬ ਦੀ ਇਤਿਹਾਸਕ ਸਿਮਰਤੀ ਸਮਾਜਕ ਭਲਾਈ ਦੇ ਨਾਲ-ਨਾਲ ਸਰਬ-ਸਾਂਝੀ ਅਤੇ ਭਵਿੱਖਮੁਖੀ ਹੈ। ਪੁਨਰ-ਸੁਰਜੀਤੀ ਇਸਦਾ ਸੁਭਾਅ ਹੈ ਜਿਸ ਕਰਕੇ ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖ ਚੇਤਨਾ ਵਿਚ ਸਦੀਵੀ ਮਹੱਤਵ ਹੈ। ਅੱਜ ਵੀ ਓਨਾ ਹੀ ਮਹੱਤਵਪੂਰਨ ਹੈ।
4. ਸ੍ਰੀ ਅਨੰਦਪੁਰ ਸਾਹਿਬ ਤੋਂ ਆਦਰਸ਼ਕ ਮਨੁੱਖ ਦੀ ਸਿਰਜਨਾ ਅਤੇ ਆਦਰਸ਼ਕ ਸਮਾਜ ਦੀ ਸਿਰਜਨਾ ਕਰਨ ਲਈ ਸਿੱਖ ਸਿਮਰਤੀ ਨੂੰ ਸੱਚੀ-ਸੁੱਚੀ ਵਿਵਹਾਰਕ ਅਤੇ ਸਿਧਾਂਤਕ ਪ੍ਰੇਰਨਾ ਪ੍ਰਾਪਤ ਹੁੰਦੀ ਹੈ।
5. ਸਿੱਖ ਸਿਮਰਤੀ ਨੂੰ ਆਧੁਨਿਕ ਪਰਿਪੇਖ ਤੋਂ ਸਿਮਰਤੀ ਦੇ ਵੱਖੋ-ਵੱਖਰੇ ਸਿਧਾਂਤਾਂ ਨੂੰ ਆਧਾਰ ਬਣਾ ਕੇ ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖ ਸਿਮਰਤੀ ਵਿੱਚ ਪ੍ਰਭਾਵ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਕਾਵਿ ਰੂਪ, ਗੀਤਾਂ ਅਤੇ ਸਾਹਿਤਕ ਸਿਮਰਤੀ ਵਿਚੋਂ ਸਿਮਰਤੀ ਦੇ ਜਿਆਦਾਤਰ ਤ੍ਰੈਕਾਲੀ, ਪੀੜ੍ਹੀ ਦਰ ਪੀੜ੍ਹੀ ਰੂਪਾਂਤਰਣ ਅਤੇ ਸਮੂਹਿਕਤਾ ਸਿਮਰਤੀ ਦੇ ਪੱਖ ਵਧੇਰੇ ਉਜਾਗਰ ਹੁੰਦੇ ਹਨ।

**(ਅ) ਸੁਝਾਅ**

ਖੋਜ ਪ੍ਰਬੰਧ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਅਮੀਰ ਵਿਰਾਸਤ ਸਿੱਖ ਕੌਮ ਦੇ ਜੀਵਨ ਪ੍ਰਸੰਗਕੀ ਹਾਲਤਾਂ ਵਿੱਚ ਇਸ ਵਿਰਾਸਤੀ ਨਗਰ ਦੀ ਮਹਾਨਤਾ ਨੂੰ ਸਮਝਿਆ ਗਿਆ ਹੈ। ਹੇਠ-ਲਿਖੇ ਕੁਝ ਸੁਝਾਅ ਭਵਿੱਖਤ ਖੋਜ ਕਾਰਜਾਂ ਦੇ ਅਧਿਐਨ ਖੇਤਰ ਵਿੱਚ ਸਾਰਥਿਕਤਾ ਲਈ ਪ੍ਰਮਾਣ ਪੇਸ਼ ਕਰਦੇ ਹਨ; ਜਿਵੇਂ ਇਸ ਖੋਜ ਕਾਰਜ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖ ਸਿਮਰਤੀ ਦੇ ਹਵਾਲੇ ਤੋਂ ਅਧਿਐਨ ਕੀਤਾ ਗਿਆ ਹੈ, ਉਸੇ ਤਰ੍ਹਾਂ ਸਿੱਖ ਧਰਮ ਦੇ ਹੋਰ ਵੀ ਧਾਰਮਕ, ਇਤਿਹਾਸਕ ਸਥਾਨਾਂ ਨਾਲ ਸੰਬੰਧਿਤ ਅਜਿਹੇ ਕਾਰਜ ਹੋ ਸਕਦੇ ਹਨ।

ਇਹ ਖੋਜ ਕਾਰਜ ਆਉਣ ਵਾਲੇ ਖੋਜਾਰਥੀਆਂ ਲਈ ਸਿੱਖ ਸਿਮਰਤੀ ਦੇ ਅਧਿਐਨ ਲਈ ਅਧਾਰ ਬਣ ਸਕਦਾ ਹੈ। ਇਹ ਅਜਿਹਾ ਸਿਧਾਂਤਕ ਪੱਧਰ ਹੈ ਜੋ ਵਿਹਾਰਕ ਸਿੱਖ ਸਿਮਰਤੀ ਨੂੰ ਸਮਝਣ ਦਾ ਯਤਨ ਹੈ। ਉੱਭਰ ਰਹੇ ਇਸ ਨਵੇਂ ਵਿਸ਼ੇ ਨਾਲ ਸੰਬੰਧਤ ਹੋਰ ਖੋਜ ਕਾਰਜ ਕਰਨ ਦੀਆਂ ਬਹੁਤ ਸੰਭਾਵਨਾਵਾਂ ਪੈਦਾ ਹੋਣਗੀਆਂ।

# ਪੁਸਤਕ ਸੂਚੀ

## ਪੁਸਤਕਾਂ

ਅਕਾਲੀ, ਸੰਤਾ ਸਿੰਘ (2000) *ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ ਸ਼ਹੀਦ ਭਾਈ ਰਤਨ ਸਿੰਘ ਭੰਗੂ ਵਾਲਾ,* ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ, ਚਲਦਾ ਵਹੀਰ ਪੰਜਾਬ।

ਅਜਮੇਰ ਸਿੰਘ (ਸੰਪਾ.) (2019) *ਸਿੱਖ ਦ੍ਰਿਸ਼ਟੀ ਦਾ ਗੌਰਵ: ਪੱਛਮੀ, ਇਸਲਾਮੀ ਤੇ ਬ੍ਰਾਹਮਣੀ ਚਿੰਤਨ ਦੇ ਸਨਮੁੱਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਅਨੂਪ ਸਿੰਘ, (1999) *ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ,* ਪ੍ਰੇਰਣਾ ਪ੍ਰਕਾਸ਼ਨ, ਪਟਿਆਲਾ।

ਅਮਰ ਸਿੰਘ (2014) *ਸਿੱਖ ਇਤਿਹਾਸ,* ਅਰਥਾਤ ਸਿੱਖ ਪੰਥ ਕਿੱਥੋਂ ਤੇ ਕਿੱਥੇ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

ਅਮੋਲਕ ਸਿੰਘ (ਸੰਪਾ.) (2016) *ਉਦਾਸੀ ਕਾਵਿ ਸੰਤ ਰਾਮ ਉਦਾਸੀ ਦੀਆਂ ਸੰਪੂਰਨ ਕਵਿਤਾਵਾਂ ਅਤੇ ਗੀਤਾਂ ਦਾ ਸੰਗ੍ਰਹਿ,* ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।

ਔਲਖ, ਅਜੀਤ ਸਿੰਘ (2011) *ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਸਟੀਕ,* ਜਿਲਦ ਅੱਠਵੀਂ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

ਅਸ਼ੋਕ, ਸ਼ਮਸ਼ੇਰ ਸਿੰਘ (1999) *ਗੁਰਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਇਕਬਾਲ ਸਿੰਘ (1989) *ਗੁਰਮਤਿ ਮੰਥਨ,* ਨੈਸ਼ਨਲ ਬੁੱਕ ਸ਼ਾਪ, ਦਿੱਲੀ।

ਸਾਹਿਬ ਸਿੰਘ (ਪ੍ਰੋ.) (1970) *ਜੀਵਨ ਬਿਰਤਾਂਤ ਗੁਰੂ ਗੋਬਿੰਦ ਸਿੰਘ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਸਾਹਿਬ ਸਿੰਘ (ਪ੍ਰੋ.) (2006) *ਗੁਰਬਾਣੀ ਤੇ ਇਤਿਹਾਸ ਬਾਰੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਸਾਹਿਬ ਸਿੰਘ (ਪ੍ਰੋ.) (2009) *ਬੁਰਾਈ ਦਾ ਟਾਕਰਾ,* ਸਿੰਘ ਬ੍ਰਰਦਰਜ਼, ਅੰਮ੍ਰਿਤਸਰ।

ਸਾਹਿਬ ਸਿੰਘ (ਪ੍ਰੋ.) (2011) *ਗੁਰ ਇਤਿਹਾਸ ਪਾਤਸ਼ਾਹੀ ੨ ਤੋਂ ੯,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਸੁਖਦਿਆਲ ਸਿੰਘ (1984) *ਖ਼ਾਲਸਾ-ਪ੍ਰਭੂਸਤਾ ਸਿਧਾਂਤ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸੁਖਦਿਆਲ ਸਿੰਘ (1988) ਖ਼ਾਲਸਾ ਰਾਜ ਦਾ ਸੰਕਲਪ ਅਰਥਾਤ ਸਿਖ ਧਰਮ ਦੀ ਰਾਜਨੀਤਿਕ ਵਿਚਾਰਧਾਰਾ, ਫੋਰ ਸਟਾਰ ਪਰਿੰਟਰਜ਼, ਪਟਿਆਲਾ।

ਸੁਖਦਿਆਲ ਸਿੰਘ (1996) *ਗੁਰਮਤਿ ਵਿੱਚ ਤਖਤਾਂ ਦੀ ਮਹਾਨਤਾ*, ਗੁਰੂ ਨਾਨਕ ਮਿਸ਼ਨ, ਪਟਿਆਲਾ।

ਸੁਖਦਿਆਲ ਸਿੰਘ (1998) *ਖਾਲਸੇ ਦੀ ਜਨਮ ਭੂਮੀ ਸਿਰੀ ਅਨੰਦ ਪੁਰ ਸਾਹਿਬ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸੁਖਦਿਆਲ ਸਿੰਘ (2002) *ਖ਼ਾਲਸਾ ਪੰਥ ਦੇ ਪੰਜ ਤਖਤ (ਇਤਿਹਾਸਕ ਵਿਸ਼ਲੇਸ਼ਣ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸੁਖਦਿਆਲ ਸਿੰਘ (2012) *ਗੁਰੂ ਗੋਬਿੰਦ ਸਿੰਘ ਜੀਵਨ, ਯੁੱਧ ਅਤੇ ਯਾਤਰਾਵਾਂ*, ਸੰਗਮ ਪਬਲੀਕੇਸ਼ਨਜ਼, ਸਮਾਣਾ।

ਸੁਖਬੀਰ ਸਿੰਘ (1981) *ਤੇਜ ਧਾਰਕ ਗੁਰੂ ਖ਼ਾਲਸਾ ਪੰਥ*, ਗੁਰਦੀਪ ਪ੍ਰਕਾਸ਼ਨ, ਪਟਿਆਲਾ।

ਸੋਢੀ, ਤੇਜਾ ਸਿੰਘ (ਟੀਕਾਕਾਰ) (2006) *ਸ੍ਰੀ ਦਸ਼ਮ ਗੁਰੂ ਚਮਤਕਾਰ ਰਚਿਤ ਕ੍ਰਿਤ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

ਸਤਿਬੀਰ ਸਿੰਘ (1966) *ਤਲਵੰਡੀ ਤੋਂ ਅਨੰਦਪੁਰ*, ਨਿਊ ਬੁੱਕ ਕੰਪਨੀ, ਜਲੰਧਰ.

ਸਤਿਬੀਰ ਸਿੰਘ (1993) *ਰਬਾਬ ਤੋਂ ਨਗਾਰਾ*, ਨਿਊ ਬੁੱਕ ਕੰਪਨੀ, ਜਲੰਧਰ.

ਸਤਿਬੀਰ ਸਿੰਘ (1994) *ਖਾਲਸੇ ਦੀ ਵਾਸੀ*, ਨਿਊ ਬੁੱਕ ਕੰਪਨੀ, ਜਲੰਧਰ।

ਸਤਿਬੀਰ ਸਿੰਘ (1999) *ਸਾਡਾ ਇਤਿਹਾਸ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.

ਸਤਿਬੀਰ ਸਿੰਘ (2005) *ਆਦਿ ਸਿੱਖ ਤੇ ਆਦਿ ਸਾਖੀਆਂ*, ਨਿਊ ਬੁੱਕ ਕੰਪਨੀ, ਜਲੰਧਰ।

ਸਤਿਬੀਰ ਸਿੰਘ (2008) *ਕਥਾ ਪੁਰਾਤਨ ਇਉਂ ਸੁਣੀ*, ਭਾਗ 2, ਨਿਊ ਬੁੱਕ ਕੰਪਨੀ, ਜਲੰਧਰ.

ਸੀਤਲ, ਸੋਹਣ ਸਿੰਘ (1975) *ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ*, ਲਾਹੌਰ ਬੁਕ ਸ਼ਾਪ, ਲੁਧਿਆਣਾ।

ਸੀਤਲ, ਸੋਹਣ ਸਿੰਘ (2000) *ਮਨੁੱਖਤਾ ਦੇ ਗੁਰੂ ਗੁਰੂ ਗੋਬਿੰਦ ਸਿੰਘ ਜੀ*, ਲਾਹੌਰ ਬੁਕ ਸ਼ਾਪ, ਲੁਧਿਆਣਾ।

ਸੀਤਲ, ਸੋਹਣ ਸਿੰਘ (2004) *ਸਿੱਖ ਇਤਿਹਾਸ ਦੇ ਸੋਮੇ*, ਲਾਹੌਰ ਬੁਕ ਸ਼ਾਪ, ਲੁਧਿਆਣਾ।

ਸੀਤਲ, ਸੋਹਣ ਸਿੰਘ (2005) *ਮੇਰੇ ਇਤਿਹਾਸਕ ਲੈਕਚਰ*, ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।

ਸੀਤਲ, ਸੋਹਣ ਸਿੰਘ (2011) *ਗੁਰ ਇਤਿਹਾਸ ਦਸ ਪਾਤਸ਼ਾਹੀਆਂ*, ਲਾਹੌਰ ਬੁਕ ਸ਼ਾਪ, ਲੁਧਿਆਣਾ।

ਸੀਤਲ, ਜੀਤ ਸਿੰਘ (ਸੰਪਾ.)(2005) *ਸ੍ਰੀ ਗੁਰ ਪੰਥ ਪ੍ਰਕਾਸ਼ ਕ੍ਰਿਤ: ਭਾਈ ਰਤਨ ਸਿੰਘ ਭੰਗੂ ਸ਼ਹੀਦ (ਖਾਲਸੇ ਜੀ ਕੀ ਉਤਪਤੀ ਤੇ ਪੁਰਾਤਨ ਇਤਿਹਾਸ)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸਿੱਧੂ, ਗੁਰਮੀਤ ਸਿੰਘ (2008) *ਸਿੱਖ ਪਛਾਣ ਵਿਚ ਕੇਸਾਂ ਦਾ ਮਹੱਤਵ*, ਅਦਬ ਪ੍ਰਕਾਸ਼ਨ, ਪਟਿਆਲਾ।

ਸਿੱਧੂ, ਗੁਰਮੀਤ ਸਿੰਘ (2014) *ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ।

ਸਿੱਧੂ, ਗੁਰਮੀਤ ਸਿੰਘ (2015) *ਸਿੱਖੀ ਅਤੇ ਸਿੱਖਾਂ ਦਾ ਭਵਿੱਖ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਸਿੱਧੂ, ਗੁਰਮੀਤ ਸਿੰਘ (2018.) *ਬ੍ਰਾਹਮਣਵਾਦ ਤੋਂ ਹਿੰਦੂਵਾਦ ਵਰਣ, ਜਾਤ, ਧਰਮ ਅਤੇ ਰਾਸ਼ਟਰਵਾਦ*, ਗੁਰਗਿਆਨ ਬੁਕਸ, ਪਟਿਆਲਾ।

ਸਿੱਧੂ, ਲਖਵਿੰਦਰ ਸਿੰਘ (2017) *ਪੰਜਾਬ ਦੀ ਰਾਜਨੀਤੀ*, S L M ਪਬਲੀਕੇਸ਼ਨ, ਪਟਿਆਲਾ।

ਸਿਮਰਜੀਤ ਸਿੰਘ (ਸੰਪਾ.) (2010) *ਗੁਰਮਤਿ-ਦਰਸ਼ਨ ਅਤੇ ਸਿੱਖ-ਸੱਭਿਆਚਾਰ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸਰਹੱਦੀ, ਸੁਲੱਖਣ ਸਿੰਘ (2005) *ਆਨੰਦਪੁਰ ਤੋਂ ਲਾਹੌਰ ਤੱਕ*, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਸੁਰਜੀਤ ਸਿੰਘ (1986) *ਪੰਜਾਬ ਦੇ ਸ਼ਹਿਰਾਂ ਦਾ ਵਿਕਾਸ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।

ਸੁਰਜੀਤ ਸਿੰਘ (ਸੰਪਾ.) (1991) *ਸੁ ਅਮ੍ਰਿੰਤ ਗੁਰ ਤੇ ਪਾਇਆ*, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ।

ਸੁਰਜੀਤ ਸਿੰਘ (ਪ੍ਰਿੰ.) (2016) *ਗੁਰਬਾਣੀ ਦਾ ਵਿਰਸਾ ਜ਼ਮੀਰ ਦੀ ਆਜ਼ਾਦੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸਿਰਦਾਰ ਕਪੂਰ ਸਿੰਘ, ਗੁਰਮੁਖ ਸਿੰਘ (ਸੰਪਾ.) (2009) *ਗੁਰੂ ਗੋਬਿੰਦ ਸਿੰਘ ਜੀ ਦੀ ਵਿਸਾਖੀ*, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ।

ਸੇਵਾ ਸਿੰਘ (2015) *ਧਰਤ ਅਨੰਦਪੁਰ ਦੀ*, ਪ੍ਰਕਾਸ਼ਨ ਸੰਤ ਸੇਵਾ ਸਿੰਘ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ, ਹੁਸ਼ਿਆਰਪੁਰ।

ਸੇਵਾ ਸਿੰਘ, ਗੁਰਸਾਗਰ ਸਿੰਘ (ਸੰਪਾ.) (1986) *ਸਿੱਖ: ਇੱਕ ਵੱਖਰੀ ਕੌਮ*, ਪ੍ਰਕਾਸ਼ਕ ਸੂਰਾ ਮਾਸਕ ਪੱਤਰ, ਸ੍ਰੀ ਅਨੰਦਪੁਰ ਸਾਹਿਬ।

ਸਵਰਾਜ ਸਿੰਘ (2006) *ਸਿੱਖ ਇਨਕਲਾਬ, ਕਮਿਊਨਿਸਟ ਇਨਕਲਾਬ ਤੇ ਇਨਕਲਾਬੀ ਮਨੁੱਖ ਦੀ ਸਿਰਜਣਾ*, ਪੰਥ ਖ਼ਾਲਸਾ ਪ੍ਰਕਾਸ਼ਨ, ਜਲੰਧਰ।

ਸ਼ਮਸ਼ੇਰ ਸਿੰਘ (1989) *ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਹਮਦਰਦ, ਸਾਧੂ ਸਿੰਘ (2004) *ਯਾਦ ਬਣੀ ਇਤਿਹਾਸ*, ਅਜੀਤ ਪ੍ਰਕਾਸ਼ਨ, ਜਲੰਧਰ।

ਹਰਿਸਿਮਰਨ ਸਿੰਘ (2011) *ਤੀਸਰੇ ਬਦਲ ਦਾ ਸੱਚ ਅਕਾਲ ਤਖ਼ਤ ਸਾਹਿਬ ਦੀ ਗਲੋਬਲ ਦ੍ਰਿਸ਼ਟੀ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।

ਹਰਿਬੰਸ ਸਿੰਘ (2010), *ਅਨੰਦ ਪਰਮਾਰਥ: ਇਕ ਅਧਿਆਤਮਿਕ ਅਧਿਐਨ*, ਸੁੰਦਰ ਬੁਕ ਡਿਪੋ, ਜਲੰਧਰ।

ਹਰਿਭਜਨ ਸਿੰਘ (1979) *ਦਸਗੁਰ ਰਤਲਾਵਲੀ*, ਖ਼ਾਲਸਾ ਬ੍ਰਦਰਜ਼, ਅੰਮ੍ਰਿਤਸਰ।

ਹਰਿਭਜਨ ਸਿੰਘ (2001) *ਗੁਰਮਤਿ ਵਿਆਖਿਆਨ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਕਪੂਰ ਸਿੰਘ , ਗੁਰਮੁਖ ਸਿੰਘ (ਸੰਪਾ.) (2014) *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ*, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ।

ਕੁਇਰ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.) (1999) *ਗੁਰਬਿਲਾਸ ਪਾਤਸ਼ਾਹੀ ਦਸਵੀਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਕਸੇਲ, ਕ੍ਰਿਪਾਲ ਸਿੰਘ (ਅਨੁ.) ਪ੍ਰੋ. ਪੂਰਨ ਸਿੰਘ (1995) *ਸਿਖੀ ਦੀ ਆਤਮਾ*, ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਕਸੇਲ, ਕ੍ਰਿਪਾਲ ਸਿੰਘ (ਅਨੁ.) (2010) *ਪੰਜਾਬ ਜੀਉਂਦਾ ਗੁਰੂ ਦੇ ਨਾਂ 'ਤੇ: ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਕਵਿਤਾ ਦਾ ਸਿੱਖ ਅਧਿਆਤਮਿਕ ਕਾਵਿ-ਸੰਗ੍ਰਹਿ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਕੰਗ, ਗੁਲਜ਼ਾਰ ਸਿੰਘ (2014) *ਸ਼ਬਦ: ਅਨੁਭਵ ਤੇ ਦਰਸ਼ਨ,* ਨਾਦ ਪ੍ਰਗਾਸ, ਸ੍ਰੀ ਅੰਮ੍ਰਿਤਸਰ।

ਕਪੂਰ ਸਿੰਘ (2001) *ਬਿਖੁ ਮਹਿ ਅੰਮ੍ਰਿਤ,* ਪ੍ਰਕਾਸ਼ਕ ਬਲਦੇਵ ਸਿੰਘ, ਗੋਇੰਦਵਾਲ ਸਾਹਿਬ।

ਕਪੂਰ ਸਿੰਘ, ਗੁਰਮੁਖ ਸਿੰਘ (ਸੰਪਾ.) (2013) *ਰਾਜ ਕਰੇਗਾ ਖ਼ਾਲਸਾ ਤੇ ਹੋਰ ਨਿਬੰਧ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਕਪੂਰ ਸਿੰਘ, ਜੈਤੇਗ ਸਿੰਘ ਅਨੰਤ (ਸੰਪਾ.) (2009) *ਪੰਚਨਦ,* ਹਰਿਦਰਸ਼ਨ ਪ੍ਰਕਾਸ਼ਨ, ਚੰਡੀਗੜ੍ਹ।

ਕਿਰਪਾਲ ਸਿੰਘ (1995) *ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਕੈਰੋਂ, ਜੋਗਿੰਦਰ ਸਿੰਘ (1999) *ਖ਼ਾਲਸਾ ਮੇਰੋ ਰੂਪ ਹੈ,* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ।

ਕੰਵਲ, ਸ਼ੇਰ ਸਿੰਘ (2011) *ਕੇਸਗੜ੍ਹ ਦੇ ਕਿੰਗਰੇ,* ਤਰਲੋਚਨ ਪਬਲਿਸ਼ਰਜ਼,. ਚੰਡੀਗੜ੍ਹ।

ਕੌਸ਼ਿਸ਼, ਸਰੂਪ ਸਿੰਘ, ਪਿਆਰਾ ਸਿੰਘ ਪਦਮ (ਸੰਪਾ.) 1986 *ਗੁਰੂ ਕੀਆਂ ਸਾਖੀਆਂ,* ਕਲਮ ਮੰਦਿਰ, ਪਟਿਆਲਾ।

ਖੁਸ਼ਵੰਤ ਸਿੰਘ, ਪਿਆਰ ਸਿੰਘ (ਅਨੁ.) (2003) *ਸਿੱਖ ਹਿਸਟਰੀ,* ਨਵਯੁੱਗ ਪ੍ਰਕਾਸ਼ਨ, ਨਵੀਂ ਦਿੱਲੀ।

ਗਿਆਨ ਸਿੰਘ (1999, ਚੌਥੀਂ ਵਾਰ) ਤਵਾਰੀਖ਼ ਗੁਰੂ ਖ਼ਾਲਸਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਗਿਆਨ ਸਿੰਘ, ਕੇ. ਐਸ. ਰਾਜੂ (ਸੰਪਾ.) (1999) *ਤਵਾਰੀਖ ਗੁਰੂ ਖ਼ਾਲਸਾ,* (ਦੋ ਭਾਗ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਗੁਆਰਾ, ਮਲਕੀਤ ਸਿੰਘ (2006) *ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ,* ਪ੍ਰੀਤ ਪ੍ਰਕਾਸ਼ਨ ਗੁਆਰਾ, ਸੰਗਰੂਰ।

ਗੋਕਲ ਚੰਦ ਨਾਰੰਗ, ਗੁਰਚਰਨ ਸਿੰਘ (ਅਨੁ.) (1973) *ਸਿੱਖ ਮਤ ਦਾ ਪਰਿਵਰਤਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗੰਗਾ ਸਿੰਘ (2011) *ਪੂਰਨ ਮਨੁੱਖ*, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਗੰਗਾ ਸਿੰਘ (2013) *ਸਿੱਖ ਧਰਮ ਫਿਲਾਸਫੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਗੰਗਾ ਸਿੰਘ *ਪ੍ਰੀਤਿ-ਰੀਤਿ (ਜ਼ਿੰਦਗੀਨਾਮਾ) ਗਜ਼ਲਾਂ ਭਾਈ ਨੰਦ ਲਾਲ ਜੀ ਸਟੀਕ*, ਜਵਾਹਰ ਪਬਲਿਸ਼ਰਜ਼, ਅੰਮ੍ਰਿਤਸਰ।

ਗੰਡਾ ਸਿੰਘ (ਸੰਪਾ.) (1988) *ਕਵੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗੋਪਾਲ ਸਿੰਘ (2002) *ਗੁਰੂ ਗੋਬਿੰਦ ਸਿੰਘ*, ਨੈਸ਼ਨਲ ਬੁਕ ਟਰੱਸਟ ਇੰਡੀਆ, ਨਵੀਂ ਦਿੱਲੀ।

ਗੁਰਜੀਤ ਸਿੰਘ (2009) *ਸੱਭਿਆਚਾਰ ਦਾ ਫਲਸਫਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗੁਰਦਿਤ ਸਿੰਘ, ਗਿਆਨੀ, (ਸੰਪਾ.) (1995) *ਸਿੱਖ ਧਰਮ ਉਦਯ ਅਤੇ ਹੋਰ ਸਰਵੋਤਮ ਲੇਖ,* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ, ਚੰਡੀਗੜ੍ਹ।

ਗੁਰਨਾਮ ਕੌਰ (ਸੰਪਾ.) (2000) *ਗੁਰੂ ਖ਼ਾਲਸਾ ਪੰਥ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗੁਰਭਗਤ ਸਿੰਘ (2010) *ਵਿਸਮਾਦੀ ਪੂੰਜੀ: ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਗਿੱਲ, ਤ੍ਰਿਲੋਚਨ ਸਿੰਘ (1998) *ਸਿੱਖ ਇਤਿਹਾਸ,* ਵੈਲਵਿਸ਼ ਪਬਲਿਸ਼ਰਜ਼, ਦਿੱਲੀ।

ਚੌਹਾਨ, ਸਾਧੂ ਸਿੰਘ (2011) *ਗੋਬਿੰਦ ਦਰਪਣ,* ਪੰਜ ਆਬ ਪ੍ਰਕਾਸ਼ਨ, ਜਲੰਧਰ।

ਛਿੱਬਰ, ਕੇਸਰ ਸਿੰਘ, ਜਸਬੀਰ ਸਿੰਘ ਰਾਏ (ਸੰਪਾ.) (2001) *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਜਸਪਾਲ ਸਿੰਘ (2009) *ਸਿੱਖ ਧਰਮ ਤੇ ਰਾਜਨੀਤੀ,* ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ।

ਜਸਪਾਲ ਸਿੰਘ (2010) *ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ*, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ।

ਜਸਬੀਰ ਸਿੰਘ ਸਰਨਾ (2009) *ਮੌਲਿਕ ਪੈੜਾਂ ਸਿਰਜਦਾ ਸਿੱਖ ਇਤਿਹਾਸ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।

ਜਗਜੀਤ ਸਿੰਘ (1982) *ਸਿੱਖ ਇਨਕਲਾਬ,* ਨਵਯੁਗ ਪ੍ਰਕਾਸ਼ਨ, ਨਵੀਂ ਦਿੱਲੀ।

ਜਗਜੀਤ ਕੌਰ (2010) *ਸਿੱਖ ਰੀਤ ਦੇ ਗੀਤ ਮੈਂ ਗਾਵਾਂ,* ਨੈਸ਼ਨਲ ਬੁਕ ਸ਼ਾਪ, ਦਿੱਲੀ।

ਜਗਬੀਰ ਸਿੰਘ (1999) *ਸਿੱਖ ਚਿੰਤਨ: ਦਾਰਸ਼ਨਿਕ ਅਤੇ ਸੰਸਥਾਤਮਕ ਵਿਕਾਸ*, ਹਮਦਰਦ ਪ੍ਰੈਸ, ਜਲੰਧਰ।

ਜਗਬੀਰ ਸਿੰਘ (2006) *ਗੁਰੂ ਗ੍ਰੰਥ ਸਾਹਿਬ: ਮਾਨਵ-ਸ਼ਕਤੀ ਤੇ ਦਲਿਤ ਚੇਤਨਾ ਦਾ ਪ੍ਰਵਚਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਜਗਬੀਰ ਸਿੰਘ (2012) *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਜੱਗੀ, ਗੁਰਸ਼ਰਨ ਕੌਰ (2013) *ਬਚਿੱਤ੍ਰ ਨਾਟਕ ਸਟੀਕ*, ਗੁਰਮਤਿ ਪ੍ਰਕਾਸ਼ਨ, ਪਟਿਆਲਾ।

ਜੋਗਿੰਦਰ ਸਿੰਘ (1978) *ਸ਼ਬਦ-ਗੁਰੂ ਤੇ ਸ਼ਹੀਦ*, ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ।

ਜੋਗਿੰਦਰ ਸਿੰਘ (1986) *ਜਿਨ੍ਹਾਂ ਧਰਮ ਨਹੀਂ ਹਾਰਿਆ*, ਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ।

ਜੋਗਿੰਦਰ ਸਿੰਘ (1998) *ਖਾਲਸੇ ਦੀ ਜੋਤਿ ਤੇ ਜੁਗਤਿ*, ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ।

ਜਤਿੰਦਰਪਾਲ ਕੌਰ (1989) *ਗੁਰਮਤਿ ਚਿੰਤਨ ਤੇ ਅਨੰਦੁ ਸਾਹਿਬ*, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।

ਜਮਸ਼ੀਦ ਅਲੀ ਖਾਨ (2005) *ਪੰਜਾਬ ਦੀ ਰਾਜਨੀਤੀ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।

ਜੀਵਨ ਸਿੰਘ (1973) *ਗੁਰਮੁਖ ਜਮਹੂਰੀਅਤ*, ਅਕਾਡਮੀ ਪ੍ਰੈਸ, ਪਟਿਆਲਾ।

ਢਿੱਲੋਂ, ਬਲਵੰਤ ਸਿੰਘ (ਸੰਪਾ.) (2007) *ਸ੍ਰੀ ਗੁਰੂ ਪੰਥ ਪ੍ਰਕਾਸ਼ ਕ੍ਰਿਤ ਸ. ਰਤਨ ਸਿੰਘ ਭੰਗੂ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਤੇਜਾ ਸਿੰਘ (2010) *ਸਿੱਖ ਸਭਿਆਚਾਰ ਅਤ ਹੋਰ ਧਾਰਮਿਕ ਲੇਖ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਤੇਜਾ ਸਿੰਘ, ਭਗਤ ਸਿੰਘ (ਅਨੁ.) (2016), *ਸਿੱਖ ਇਤਿਹਾਸ (1469-1765)*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਤਾਰਨ ਸਿੰਘ (1963) *ਸਹਜ ਤੇ ਅਨੰਦ*, ਫ਼ਕੀਰ ਚੰਦ ਐਂਡ ਸੰਨਜ਼, ਅੰਮ੍ਰਿਤਸਰ।

ਤਾਰਨ ਸਿੰਘ (1963) *ਸਿੱਖ, ਸਿੱਖੀ ਅਤੇ ਸਿਧਾਂਤ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਤਾਰਨ ਸਿੰਘ (1966) *ਗੁਰੂ ਗੋਬਿੰਦ ਸਿੰਘ ਦਸਵੀਂ ਨਾਨਕ ਜੋਤਿ*, ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ, ਚੰਡੀਗੜ੍ਹ।

ਤਾਰਨ ਸਿੰਘ (1980) *ਅਨੰਦ: ਜੋਤਿ ਤੇ ਜੁਗਤਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਤਾਰਨ ਸਿੰਘ (1996) *ਭਗਤੀ ਤੇ ਸ਼ਕਤੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਤਾਰਨ ਸਿੰਘ, ਸਤਬੀਰ ਸਿੰਘ (ਸੰਪਾ.) (2007) *ਸਿੱਖ ਸਿੱਖੀ ਅਤੇ ਸਿਧਾਂਤ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਤੁਲਸੀ, ਬਲਜੀਤ ਕੌਰ, *ਸ਼ਹੀਦੀ ਵਾਰਾਂ,* ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀ ਹੀਣ.

ਤਿਵਾੜੀ, ਵਿਸ਼ਵਨਾਥ, ਸੁਰਿੰਦਰ ਸਿੰਘ ਕੋਹਲੀ (ਅਨੁ.) (1976) *ਗੁਰੂ ਤੇਗ਼ ਬਹਾਦਰ ਜੀਵਨ: ਸਮਾਂ ਅਤੇ ਰਚਨਾ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਦੁੱਗਲ, ਦੇਵਿੰਦਰ ਸਿੰਘ (2015) *ਸਿੱਖ ਇਕ ਵੱਖਰੀ ਕੌਮ ਦਾ ਸੰਕਲਪ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਦਰਦ, ਹੀਰਾ ਸਿੰਘ (ਸੰਪਾ.) (1960) *ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ.

ਦਿਲਗੀਰ, ਹਰਜਿੰਦਰ ਸਿੰਘ (2000) *ਅਨੰਦਪੁਰ ਸਾਹਿਬ (ਨਾਟਕ)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਦਿਲਗੀਰ, ਹਰਜਿੰਦਰ ਸਿੰਘ (2000) *ਸਿੱਖ ਤੇ ਸਿੱਖੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਦਿਲਗੀਰ, ਹਰਜਿੰਦਰ ਸਿੰਘ (2003) *ਅਨੰਦਪੁਰ ਸਾਹਿਬ*, ਸਿੱਖ ਯੂਨੀਵਰਸਿਟੀ ਸੈਂਟਰ, ਬੈਲਜੀਅਮ।

ਦਿਲਗੀਰ, ਹਰਜਿੰਦਰ ਸਿੰਘ (2007) *ਸਿੱਖ ਫ਼ਿਲਾਸਫੀ ਕੀ ਹੈ ਅਤੇ ਹੋਰ ਲੇਖ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

*ਦੌਲਤ ਰਾਏ ਦੀਆਂ ਨਜ਼ਰਾਂ ਵਿਚ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ*, ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ, ਅੰਮ੍ਰਿਤਸਰ, 2014.

ਦੇਵਿੰਦਰ ਸਿੰਘ (2008) *ਗੁਰਮਤਿ ਕਾਵਿ: ਪ੍ਰਵਚਨ ਤੇ ਸੰਰਚਨਾ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।

ਨਾਹਰ ਸਿੰਘ (1967) *ਗੁਰੂ ਗੋਬਿੰਦ ਸਿੰਘ ਜੀ ਤੇ ਪੰਥ ਖ਼ਾਲਸਾ*, ਨਾਹਰ ਸਿੰਘ ਗਿਆਨੀ, ਗੁੱਜਰਵਾਲ ਜ਼ਿਲ੍ਹਾ ਲੁਧਿਆਣਾ।

ਨੇਕੀ, ਜਸਵੰਤ ਸਿੰਘ (1989) *ਅਰਦਾਸ: ਦਰਸ਼ਨ ਰੂਪ ਅਭਿਆਸ*, ਸਿੰਘ ਬ੍ਰਦਰਜ਼, ਅੰਮ੍ਰਿਰਤਸਰ।

ਨਵਰਤਨ ਕਪੂਰ (2015) *ਸ੍ਰੀ ਅਨੰਦਪੁਰ ਸਾਹਿਬ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਨਰੈਣ ਸਿੰਘ (2006) *ਖ਼ਾਲਸਾ ਨਿਰੂਪਣ*, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ।

ਨਰੈਣ ਸਿੰਘ (2015) *ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਪਵਿਤ੍ਰ ਬਾਣੀ ਬਚਿੱਤ੍ਰ ਨਾਟਕ ਸਟੀਕ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

ਨੂਰ, ਸਤਿੰਦਰ ਸਿੰਘ (ਸੰਪਾ.) (1999) *ਸੰਕਲਪ ਖ਼ਾਲਸਾ*, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ।

ਨੂਰ, ਸੁਤਿੰਦਰ ਸਿੰਘ (2000) *ਗੁਰੂ ਗੋਬਿੰਦ ਸਿੰਘ ਦਾ ਸੰਚਾਰ ਸਭਿਆਚਾਰ*, ਸਾਹਿਤ ਅਕਾਦਮੀ, ਨਵੀਂ ਦਿੱਲੀ।

ਪਾਤਰ, ਸੁਰਜੀਤ ਸਿੰਘ (ਸੰਪਾ.) (2016) *ਤੇਰੇ ਦਰ 'ਤੇ ਵਗਦੀ ਕਾਵਿ-ਨਦੀ (੫੨ ਕਾਵਿ-ਰਚਨਾਵਾਂ)*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਪਦਮ, ਪਿਆਰਾ ਸਿੰਘ (1989) *ਸਾਡੇ ਗੁਰਦੇਵ*, ਕਲਮ ਮੰਦਿਰ, ਪਟਿਆਲਾ।

ਪਦਮ, ਪਿਆਰਾ ਸਿੰਘ (1996) *ਗੁਰੂ ਘਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਪਦਮ, ਪਿਆਰਾ ਸਿੰਘ (1999) *ਪੰਥ ਤੇ ਪੰਥ ਦਾ ਵਾਲੀ*, ਕਲਮ ਮੰਦਿਰ, ਪਟਿਆਲਾ।

ਪਦਮ, ਪਿਆਰਾ ਸਿੰਘ (2000) *ਗੋਬਿੰਦ ਸਾਗਰ*, ਕਲਮ ਮੰਦਿਰ, ਪਟਿਆਲਾ।

ਪਦਮ, ਪਿਆਰਾ ਸਿੰਘ (2000) *ਗੋਬਿੰਦ ਸਾਗਰ ਸ੍ਰੀ ਦਸ਼ਮੇਸ ਜੀ ਦੀ ਸ਼ਖਸ਼ੀਅਤ ਤੇ ਸਿੱਖਿਆ ਦਾ ਸਰਬੰਗੀ ਅਧਿਐਨ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਪਦਮ, ਪਿਆਰਾ ਸਿੰਘ (2000) *ਪੰਜਾਬ ਦੀ ਗੌਰਵ ਗਾਥਾ*, ਕਲਮ ਮੰਦਿਰ, ਪਟਿਆਲਾ।

ਪਦਮ ਪਿਆਰਾ ਸਿੰਘ (ਸੰਪਾ.) (2005) *ਭਾਈ ਕੇਸਰ ਸਿੰਘ ਛਿੱਬਰ ਕ੍ਰਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਪਿੰਦਰਪਾਲ ਸਿੰਘ (2014) *ਖਾਲਸੇ ਦੇ ਪੰਜ ਤਖਤ*, ਲਾਹੌਰ ਬੁਕ ਸ਼ਾਪ, ਲੁਧਿਆਣਾ।

ਪੰਦੋਹਲ, ਗੁਰਦੇਵ ਸਿੰਘ (ਅਨੁ.) (2012) *ਗੰਜਿ ਸ਼ਹੀਦਾਂ ਅਤੇ ਸ਼ਹੀਦਾਨਿ ਵਫਾ ਹਕੀਮ ਅੱਲ੍ਹਾ ਯਾਰ ਖਾਂ ਜੋਗੀ*, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਪੰਨਵਾ, ਗੁਰਬਚਨ ਸਿੰਘ (2013) *ਅਕਾਲ ਪੁਰਖ ਦਾ ਸੰਕਲਪ*, ਗੁਰਬਚਨ ਸਿੰਘ ਦੁੱਗਰੀ, ਲੁਧਿਆਣਾ।

ਪ੍ਰੀਤਮ ਸਿੰਘ (1977) *ਸਿੱਖ ਵਿਚਾਰਧਾਰਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਪ੍ਰੀਤਮ ਸਿੰਘ (1999) *ਦਸਵਾਂ ਗੁਰੂ ਨਾਨਕ ਤੇ ਹੋਰ ਲੇਖ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਪੂਰਨ ਸਿੰਘ, ਕਿਰਪਾਲ ਸਿੰਘ ਕਸੇਲ (ਅਨੁ.) (1972) *ਦਸ ਗੁਰ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੂਰਨ ਸਿੰਘ, ਕਿਰਪਾਲ ਸਿੰਘ ਕਸੇਲ (ਅਨੁ.) (2002) *ਸਿੱਖੀ ਦੀ ਆਤਮਾ*, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਪੂਰਨ ਸਿੰਘ, ਡਾ. ਕਰਮ ਸਿੰਘ ਕਪੂਰ (ਅਨੁ.) (1980) *ਜਿਨ ਕੇ ਚੋਲੇ ਰੱਤੜੇ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪ੍ਰਵਾਨਾ, ਜਸਵੰਤ ਸਿੰਘ (2007) *ਗੁਣੀ ਨਿਧਾਨੁ ਖ਼ਾਲਸਾ*, ਨਿਊ ਬੁੱਕ ਕੰਪਨੀ, ਜਲੰਧਰ।

ਬਹਿਣੀਵਾਲ, ਚੇਤਨ ਸਿੰਘ (2017) *ਖ਼ਾਲਸਾ ਪੰਥ ਦੀ ਉਤਪਤੀ ਤੇ ਇਤਿਹਾਸ*, ਚੇਤਨ ਸਿੰਘ ਬਹਿਣੀਵਾਲ, ਪਟਿਆਲਾ।

ਬਡੂੰਗਰ, ਕ੍ਰਿਪਾਲ ਸਿੰਘ (2006) *ਗੁਰਮਤਿ ਵਿਚਾਰ ਤੇ ਸਿੱਖੀ ਜੀਵਨ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਬਡੂੰਗਰ, ਕ੍ਰਿਪਾਲ ਸਿੰਘ (2015) *ਗੁਰਮਤਿ ਸੱਭਿਆਚਾਰ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਬੇਦੀ, ਦਿਲਜੀਤ ਸਿੰਘ (ਸੰਪਾ.) (2015) *ਸ੍ਰੀ ਅਨੰਦਪੁਰ ਸਾਹਿਬ ਬਹੁਪੱਖੀ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਬੇਦੀ, ਦਿਲਜੀਤ ਸਿੰਘ (ਸੰਪਾ.) (2017) *ਦਸਮ ਪਾਤਸ਼ਾਹ ਦਾ ਵਿਸ਼ਵ-ਦ੍ਰਿਸ਼ਟੀਕੋਣ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਬੀਰਇੰਦਰ ਸਿੰਘ (ਸੰਪਾ.) (1967) ਗੁਰੂ ਗੋਬਿੰਦ ਸਿੰਘ ਸਮਰਪਣ ਗ੍ਰੰਥ, ਆਲ ਇੰਡੀਆ ਸਿੱਖ ਯੂਥ ਫੈਡਰੇਸ਼ਨ, ਅੰਮ੍ਰਿਤਸਰ।

ਬਲਕਾਰ ਸਿੰਘ (ਸੰਪਾ.) (1998) *ਅਰਦਾਸ ਦਾ ਸਿੱਖ ਪ੍ਰਸੰਗ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਬਲਕਾਰ ਸਿੰਘ (2012) *ਸ਼ਬਦ-ਗੁਰੂ ਦਾ ਸਿੱਖ ਸਿਧਾਂਤ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਬਲਵਿੰਦਰ ਪਾਲ ਸਿੰਘ (2011) *ਸਿੱਖ ਨੈਤਿਕਤਚਾਰ ਅਤੇ ਸਮਾਜਿਕ-ਆਰਥਿਕ ਵਿਕਾਸ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਭੱਲਾ, ਸਰੂਪ ਦਾਸ, ਉੱਤਮ ਸਿੰਘ ਭਾਟੀਆ (ਸੰਪਾ.) (1999) *ਮਹਿਮਾ ਪ੍ਰਕਾਸ਼*, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਮਸਕੀਨ, ਸੰਤ ਸਿੰਘ (1985 ਤੀਜੀ ਵਾਰ) *ਗੁਰੂ ਜੋਤਿ*, ਪ੍ਰਕਾਸ਼ਨ ਸੰਤ ਸਿੰਘ ਮਸਕੀਨ, ਅਲਵਰ (ਰਾਜਸਥਾਨ)।

ਮਹਿਬੂਬ, ਹਰਿੰਦਰ ਸਿੰਘ (1988) *ਸਹਿਜੇ ਰਚਿਓ ਖ਼ਾਲਸਾ,* ਜੈਮ ਪ੍ਰਿੰਟਰਜ਼, ਜਲੰਧਰ।

ਮਹਿਬੂਬ, ਹਰਿੰਦਰ ਸਿੰਘ (2007) *ਇਲਾਹੀ ਨਦਰ ਦੇ ਪੈਂਡੇ (ਗੁਰੂ ਗੋਬਿੰਦ ਸਿੰਘ ਸਾਹਿਬ)*, ਜਿਲਦ ਚੌਥੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਮਹਿਬੂਬ, ਹਰਿੰਦਰ ਸਿੰਘ (2018) *ਸਿੱਖ ਸੁਰਤਿ ਦੀ ਪਰਵਾਜ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ.

ਮੈਕਸ ਆਰਥਰ ਮੈਕਾਲਿਫ, ਗੁਰਚਰਨ ਸਿੰਘ ਔਲਖ (ਅਨੁ.) (2002) *ਸਿੱਖ ਇਤਿਹਾਸ (ਭਾਗ ਤੀਜਾ): ਜੀਵਨ ਬਿਰਤਾਂਤ ਛੇਵੀਂ ਪਾਤਸ਼ਾਹੀ ਤੋਂ ਲੈ ਕੇ ਭਗਤ ਸਹਿਬਾਨ ਤੱਕ*, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਮੁਕਤਸਰ, ਗੁਰਨਾਮ ਸਿੰਘ (2014) *ਇਨਹੀਂ ਕੋ ਸਰਦਾਰ ਬਨਾਊਂ (ਗੁਰੂ ਗੋਬਿੰਦ ਸਿੰਘ)*, ਬਹੁਜਨ ਸਮਾਜ ਪ੍ਰਕਾਸ਼ਨ, ਮੁਕਤਸਰ ਸਾਹਿਬ।

ਮਨਜਿੰਦਰ ਸਿੰਘ (ਸੰਪਾ.) (2011) *ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ (ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਲੈਕਚਰ),* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

ਮਰਵਾਹ, ਜਸਵੰਤ ਸਿੰਘ (ਕਰਨਲ) (1991) *ਸਿੱਖੀ ਕੀ ਹੈ?*, ਨਵੀਂ ਦਿੱਲੀ।

ਮੱਲ ਸਿੰਘ (2016) *ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

ਰਣਧੀਰ ਸਿੰਘ (2006 ਸਤਵੀਂ ਵਾਰ) *ਗੁਰਮਤਿ ਬਿਬੇਕ*, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ਲੁਧਿਆਣਾ।

ਰੂਪ ਸਿੰਘ (2003) *ਸੋ ਥਾਨੁ ਸੁਹਾਵਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਰੂਪ ਸਿੰਘ (ਸੰਪਾ.) (2012) *ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ...,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਰੂਪ ਸਿੰਘ (2012) *ਸਿੱਖ ਸਰੋਕਾਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਲਾਲਾ ਦੌਲਤ ਰਾਏ (2007) *ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ ਸਵਾਨੀ ਉਮਰੇ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

ਲਾਲਾ ਧਨੀ ਰਾਮ ਚਾਤ੍ਰਿਕ (2010) *ਧਰਮਬੀਰ ਵਾਰਾਂ ਧਰਮੀ ਸ਼ਹੀਦਾਂ ਦੀਆਂ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਵੀਰ ਸਿੰਘ (ਭਾਈ) (1958) *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਾਲਮ ਸਾਖੀਆਂ*, ਖ਼ਾਲਸਾ ਸਮਾਚਾਰ, ਅੰਮ੍ਰਿਤਸਰ।

ਵੀਰ ਸਿੰਘ (ਭਾਈ) (2008) *ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਸ਼ਹੀਦ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ।

ਵੀਰ ਸਿੰਘ (ਭਾਈ) (2010) *ਸ੍ਰੀ ਗੁਰੂ ਗੋਬਿੰਦ ਜੀ ਦੀਆਂ ਗੁਰ ਬਾਲਮ ਸਾਖੀਆਂ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ।

ਵੀਰ ਸਿੰਘ (ਭਾਈ)( 2012) *ਸ੍ਰੀ ਕਲਗੀਧਰ ਚਮਤਕਾਰ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ।

ਵਜ਼ੀਰ ਸਿੰਘ (1990) *ਨੈਤਿਕ ਨਿਯਮ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਵਜ਼ੀਰ ਸਿੰਘ (1995) *ਸਿੱਖ ਦਰਸ਼ਨਧਾਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਅੰਗਰੇਜ਼ੀ

Avtar Singh (1970) *Ethics of the Sikhs*, Punjabi University, Patiala.

Batra, Ravi (Col.) (1997) *Leadership in its finest mould Guru Gobind Singh*, S.G.P.C, Sri Amritsar.

Balbir Singh, Mohinder Kaur (Ed.) (1997) *Message of Guru Gobind Singh and other essays*, Punjabi University, Patiala.

Benerjee (1962) Indu Bhushan: Evolution of the Khalsa, vol 2, Calcutta.

Dharam Singh (1998) *Dynamics of the Social Thought of Guru Gobind Singh*, Punjabi University, Patiala.

Fauja Singh (1969) *Sikhism*, Punjabi University, Patiala.

G.S Dhillon (1989) *Researcher in Sikh Religion and History*, Sumeet Prakashan, Chandigarh.

Gupta, Hari Ram (1973) *History of Sikh Gurus,* U.C Kapur and Sons, New Delhi.

Gurbhagat Singh (1999) *Sikhism and Postmodern Thought*, Ajanta Books International, Delhi.

Gurbhagat Singh Deepinder jeet Randhawa (2009) *The Sikh Memory: Its Distinction and Contribution to Humankind,* Singh Brothers, Amritsar.

Harbans Singh (1986) *Degh Tegh Fateh: Socio-Economic & Religion-Political Fundamentals of Sikhism,* Plam Publishing House, Chandigarh.

Jasbir Singh Ahluwalia (1987) *Sikhism The Crisis Today within and without*, Guru Gobind Singh Foundation, Chandigarh.

Jodh Singh (1999) *Sikh Religion and human Civilization*, Punjabi University, Patiala.

J.S Grewal (2009) *The Sikhs Ideology, Institutions and Identity,* Oxford University Press, New Delhi.

Kapur Singh, Piar Singh Madanjit Kaur (Ed.) (2001) *Parasaraprasna: The Baisakhi of Guru Gobind Singh,* Guru Nank Dev University, Amritsar.

Kedar Nath Tiwari (1983) *Comparative Religion*, Motilal Banarsi Dass, Delhi.

Kharak Singh (Ed.) (1996) *Current Thoughts on Sikhism*, Institute of Sikh Studies, Chandigarh.

Mohinder Singh (2002) *Anandpur: The City of Bliss*, U B S Publishers, New Delhi.

Puran Singh (1978) *Spirit of The Sikh (Meditations on Religion and the Spiritual Experience*, Punjabi University, Patiala.

Puran Singh (1981) *The Book of Ten Masters*, Punjabi University, Patiala.

Randhir Singh (1968) *The Sikh Way of Life*, India publishers, New Delhi.

Sharma, J.B, S.P Sharma (Ed.) (1999) *The Glory of Sikhism*, Sublime Publications, jaipur.

Teja Singh (1970) *Sikhism: Its Ideals and Institutions*, Khalsa Brothers, Amritsar.

Vijay N. Shankar & Harminder Kaur (2002) *Haven of Bliss: Anandpur Sahib A Miracle of The Human Spirit*, Lahore books, Ludhiana.

Wallace, Paul, Pashaura Singh (Ed.) (2011) *Sikhism in Global Context*, Oxford University Press, New Delhi.

Wazir Singh (2003) *Focus on Religion and Sikh Thought*, National Book Shop, Delhi.

## ਹਵਾਲਾ ਗ੍ਰੰਥ

ਸਾਹਿਬ ਸਿੰਘ (1964-72) *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, 10 ਭਾਗ, ਰਾਜ ਪਬਲਿਸ਼ਰਜ਼, ਜਲੰਧਰ.

ਸੁਰਿੰਦਰ ਸਿੰਘ ਕੋਹਲੀ (ਸੰਪਾ.) (2000) *ਪੰਜਾਬੀ ਸਾਹਿਤ ਕੋਸ਼*, ਪਹਿਲੇ ਦੋ ਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਚਾਰ ਪੋਥੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.

ਕੇਸਰ ਸਿੰਘ ਕੇਸਰ (ਸੰਪਾਦਕ) (1992) *ਪੰਜਾਬੀ ਸਾਹਿਤ ਕੋਸ਼*, ਤੀਜਾ ਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

ਕਾਨ੍ਹ ਸਿੰਘ ਨਾਭਾ (ਭਾਈ) (1974 ਤੀਜੀ ਵਾਰ) *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਧੰਨਵਤ ਕੌਰ (ਮੁਖ ਸੰਪਾਦਕ) (2009) *ਬਾਲ ਵਿਸ਼ਵਕੋਸ਼ (ਭਾਸ਼ਾ, ਸਾਹਿਤ ਅਤੇ ਸੱਭਿਆਚਾਰ)*, 2 ਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਰਣਧੀਰ ਸਿੰਘ (ਸੰਪਾ). (1975) *ਸ਼ਬਦਾਰਥ ਦਸਮ ਗ੍ਰੰਥ ਸਾਹਿਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਰਤਨ ਸਿੰਘ ਜੱਗੀ (1994) *ਪੰਜਾਬੀ ਸਾਹਿਤ ਸੰਦਰਭ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਰਤਨ ਸਿੰਘ ਜੱਗੀ (ਸੰਪਾਦਕ) (2001) *ਸਾਹਿੱਤ ਕੋਸ਼: ਪਾਰਿਭਾਸਿਕ ਸ਼ਬਦਾਵਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਰਤਨ ਸਿੰਘ ਜੱਗੀ (2002) *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ-2, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Gurbachan Singh Makin (2003) *The Essence of Sri Guru Granth Sahib: Translation in English,* Vol. 5, Guru Teg Bahadur Education Centre, Chandigarh.

Harbans Singh (ed.) (2002) *The Encyclopaedia of Sikhism*, Vol.4, Punjabi University, Patiala.

Kartar Singh Duggal (2004) *Sri Guru Granth Sahib*, Vol. 4, Hemkunt Publishers, New Delhi.

Manmohan Singh (1993) *Sri Guru Granth Sahib: English and Punjabi Translation*, Vol. 8, S.G.P.C, Amritsar.

## ਪਤ੍ਰਿਕਾਵਾਂ

*ਸੋ ਕਹੀਅਤ ਹੈ ਸੂਰਾ,* (ਅਪ੍ਰੈਲ 2019) ਮੋਹਾਲੀ।

*ਸਿੱਖ ਫੁਲਵਾੜੀ*, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ.

*ਸਿੰਘ ਸਭਾ ਪਤ੍ਰਿਕਾ*, ਅੰਮ੍ਰਿਤਸਰ/ਚੰਡੀਗੜ੍ਹ, ਸਤੰਬਰ 1973 ਤੋਂ ਵਰਤਮਾਨ.

*ਖੋਜ ਪਤ੍ਰਿਕਾ,* ਅੰਕ 48, ਪ੍ਰਗਟਯੋ ਖਾਸਲਾ ਵਿਸ਼ੇਸ਼ ਅੰਕ,  ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1998.

*ਗੁਰਦੁਆਰਾ ਗਜ਼ਟ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ.

*ਗੁਰਮਤਿ ਪ੍ਰਕਾਸ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ.

ਨਾਨਕ ਪ੍ਰਕਾਸ਼ ਪਤ੍ਰਿਕਾ, ਅੰਕ ਦੂਜਾ, *ਸ੍ਰੀ ਗੁਰੂ ਗੋਬਿੰਦ ਸਿੰਘ ਵਿਸ਼ੇਸ਼ ਅੰਕ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2007.

ਨਾਨਕ ਪ੍ਰਕਾਸ ਪਤ੍ਰਿਕਾ, ਅੰਕ ਦੂਜਾ, *ਗੋਲਡਨ ਜੁਬਲੀ ਵਿਸ਼ੇਸ਼ ਅੰਕ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 2012.

# ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ
# (ਇਤਿਹਾਸ ਅਤੇ ਸਾਹਿਤ ਦੇ ਹਵਾਲੇ ਵਿੱਚ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜਕ ਵਿਗਿਆਨਾਂ ਦੀ

ਫ਼ੈਕਲਟੀ ਅਧੀਨ ਧਰਮ ਅਧਿਐਨ ਵਿਸ਼ੇ ਵਿਚ

ਪੀਐਚ.ਡੀ. ਦੀ ਉਪਾਧੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

**2021**


**ਨਿਗਰਾਨ:**
ਗੁਰਮੀਤ ਸਿੰਘ ਸਿੱਧੂ (ਡਾ.)
ਪ੍ਰੋਫ਼ੈਸਰ

**ਖੋਜਾਰਥੀ:**
ਪਰਮਜੀਤ ਸਿੰਘ


PUNJABI UNIVERSITY PATIALA

(Established Under Punjab Act No. 35 of 1961)


**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਅਧਿਆਇ ਪੰਜਵਾਂ

# ਸਾਰ ਅਤੇ ਖੋਜ ਲੱਭਤਾਂ

ਇਸ ਖੋਜ ਪ੍ਰਬੰਧ ਵਿੱਚ ਮੁੱਖ ਤੌਰ ’ਤੇ ਸਿੱਖ ਸਿਮਰਤੀ ਦੇ ਸੰਦਰਭ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਮਹੱਤਵ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਕਾਰਜ ਨੂੰ ਕਰਦਿਆਂ ਨਿਵੇਕਲੇ ਪੱਖ ਉੱਘੜ ਕੇ ਸਾਹਮਣੇ ਆਏ ਹਨ, ਜਿਵੇਂ- ਸਿੱਖ ਸਿਮਰਤੀ ਦਾ ਜੋ ਆਰੰਭ ਗੁਰੂ ਨਾਨਕ ਦੇਵ ਜੀ ਦੁਆਰਾ ਕੀਤਾ ਗਿਆ ਹੈ, ਉਸ ਨੂੰ ਮੁਕੰਮਲ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤਾ ਗਿਆ। ਸਿਮਰਤੀ ਦਾ ਉਭਾਰ ਬੀਤ ਚੁੱਕੇ ਨੂੰ ਮਨਾਂ ਵਿੱਚ ਸਮੋ ਕੇ ਉਸ ਨੂੰ ਅੱਗੇ ਉਸੇ ਰੂਪ ਵਿੱਚ ਕਾਇਮ ਰੱਖਣ ਨਾਲ ਹੁੰਦਾ ਹੈ।

ਪਹਿਲੇ ਅਧਿਆਇ ਵਿੱਚ ਸਿਮਰਤੀ ਅਧਿਐਨ ਨੂੰ ਮੁੱਖ ਵਿਸ਼ੇ ਦੇ ਰੂਪ ਵਿੱਚ ਸਿਮਰਤੀ ਦੇ ਅਰਥ ਸਰੂਪ ਅਤੇ ਸਿਧਾਂਤ ਨੂੰ ਵੱਖ-ਵੱਖ ਵਿਦਵਾਨਾਂ ਦੇ ਨਜ਼ਰੀਏ ਨਾਲ ਸਮਝਿਆ ਗਿਆ ਹੈ। ਵੱਖ-ਵੱਖ ਪਰਿਭਾਸ਼ਾਵਾਂ ਦੇ ਹਵਾਲਿਆਂ ਨਾਲ ਸਿਮਰਤੀ ਅਤੇ ਸਿੱਖ ਸਿਮਰਤੀ ਦੇ ਸਿਧਾਂਤਕ ਪੱਖ ਨੂੰ ਸਮਝਦੇ ਹੋਏ ਤੱਥ ਸਾਹਮਣੇ ਆਏ ਹਨ ਕਿ ਮਨੁੱਖੀ ਜੀਵਨ ਨਾਲ ਸੰਬੰਧਤ ਪੱਖਾਂ ਨੂੰ ਸਿਮਰਤੀ ਪ੍ਰਭਾਵਿਤ ਕਰਦੀ ਹੈ। ਇਸ ਪ੍ਰਭਾਵ ਨੂੰ ਸਮਾਜਕਤਾ ਉੱਪਰ ਸਾਕਾਰ ਕਰਨ ਲਈ ਖ਼ਾਸ ਨੁਕਤਿਆਂ ਨੂੰ ਵਿਚਾਰਨ ਦੀ ਲੋੜ ਹੁੰਦੀ ਹੈ, ਉਹਨਾਂ ਨੁਕਤਿਆਂ ਨੂੰ ਸਾਹਿਤਕ, ਇਤਿਹਾਸਕ ਅਤੇ ਬਿਰਤਾਂਤਕ ਹਵਾਲਿਆਂ ਨਾਲ ਸਿਮਰਤੀ ਅਤੇ ਧਰਮ, ਸਿੱਖ ਸਿਮਰਤੀ ਵਿੱਚ ਗੁਰੂ ਦੇ ਸਥਾਨ ਨੂੰ ਮਨੋਵਿਗਿਆਨਕ ਵਿਸ਼ਲੇਸ਼ਣ ਅਧੀਨ ਸ਼ਾਮਿਲ ਕੀਤਾ ਗਿਆ ਹੈ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਧਰਮ ਵਿੱਚ ਮਨੁੱਖੀ ਵਿਸ਼ਵਾਸ ਜਦੋਂ ਵੀ ਪ੍ਰਪੱਕ ਹੁੰਦਾ ਹੈ ਤਾਂ ਸੱਭਿਆਚਾਰ, ਸੱਭਿਆਤਾਵਾਂ ਅਤੇ ਸਮਾਜਕ ਪ੍ਰੰਪਰਾਵਾਂ ਅਮੀਰ ਹੁੰਦੀਆਂ ਹਨ ਅਤੇ ਜਦੋਂ ਇਹ ਮਨਫ਼ੀ ਹੁੰਦਾ ਹੈ ਤਾਂ ਸਮਾਜਕ ਖੇਤਰ ਵਿੱਚ ਪਤਨ ਆ ਜਾਂਦਾ ਹੈ। ਜੀਵਨਮਈ (ਜੀਵੰਤ) ਸਿਮਰਤੀ ਸਿਰਜੀ ਜਾਂਦੀ ਹੈ, ਜੋ ਅਨੇਕਾਂ ਸੰਘਰਸ਼ਾਂ ਵਿੱਚੋਂ ਤਾਂ ਜ਼ਰੂਰ ਗੁਜ਼ਰਦੀ ਹੈ ਪਰ ਨਿਰੰਤਰਤਾ ਦੇ ਸਮਰਪਣ ਰਾਹੀਂ ਸਦੀਵੀ ਹੋ ਨਿਬੜਦੀ ਹੈ। ਸਿੱਖ ਸਿਮਰਤੀ ਵਿੱਚ ਸੰਸਥਾਵਾਂ ਦੇ ਮਹੱਤਵ ਨੂੰ ਸਮਝਦੇ ਹੋਏ, ਇਹਨਾਂ ਦੇ ਸਿਮਰਤੀ ਨਾਲ ਸੰਬੰਧ ਉਜਾਗਰ

ਹੁੰਦੇ ਹਨ ਕਿ ਕਿਵੇਂ ਦੁਨਿਆਵੀ ਰਿਸ਼ਤਿਆਂ ਦੇ ਮੁਕਾਬਲੇ ਗੁਰਬਾਣੀ ਅਤੇ ਸੰਸਥਾਵਾਂ ਦਾ ਸਿਮਰਤੀ ਨਾਲ ਰਿਸ਼ਤਾ ਪਵਿੱਤਰ ਅਤੇ ਅਨੰਦਮਈ ਅਵਸਥਾ ਨੂੰ ਮਾਨਣ ਵਾਲਾ ਹੈ।

ਸਿੱਖ ਸਿਮਰਤੀ ਦੇ ਗਿਆਨ ਅਵਸਥਾ ਅਤੇ ਪ੍ਰਤੱਖ ਗਿਆਨ ਅਤੇ ਕਲਪਨਾ ਦੇ ਮਨੋਵਿਗਿਆਨਕ ਹਵਾਲਿਆਂ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਸਿਮਰਤੀ ਦਾ ਸਿੱਖ ਮਨਾਂ ਨਾਲ ਸੰਬੰਧ ਹਮੇਸ਼ਾ ਕਾਇਮ ਰਹਿੰਦਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣ ਜਗ੍ਹਾ ਹੈ। ਜਿਸ ਵਿੱਚੋਂ ਚੜ੍ਹਦੀਕਲਾ, ਬੀਰਤਾ, ਨਿਡਰਤਾ, ਨਿਰਵੈਰਤਾ ਵਰਗੇ ਨੈਤਿਕ ਤੱਤ ਉਪਜਦੇ ਹਨ।

ਦੂਜੇ ਅਧਿਆਇ ਵਿੱਚ ਸਿੱਖ ਸਿਮਰਤੀ ਦੇ ਇਤਿਹਾਸ ਨਾਲ ਸੰਬੰਧਤ ਪਹਿਲੂਆਂ ਵਿੱਚੋਂ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਨੂੰ ਵਾਚਿਆ ਗਿਆ ਹੈ, ਜਿਸ ਤੋਂ ਸਿੱਟੇ ਪ੍ਰਾਪਤ ਹੁੰਦੇ ਹਨ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖ਼ਾਲਸਾ ਸਿਰਜਣਾ ਨਾਲ ਜੋ ਸਿਮਰਤੀ ਸਿਰਜੀ ਗਈ ਉਹ ਮਨੁੱਖਤਾ ਲਈ ਬਰਾਬਰਤਾ ਅਤੇ ਭਾਈਚਾਰਕ ਸਾਂਝ ਦੀ ਪ੍ਰਤੀਕ ਹੈ। ਸਿੱਖ ਸਿਮਰਤੀ ਦੇ ਹਵਾਲੇ ਨਾਲ ਸ੍ਰੀ ਅਨੰਦਪੁਰ ਸਾਹਿਬ ਦਾ ਪਿਛੋਕੜ: ਸਰੂਪ ਅਤੇ ਸਿਧਾਂਤ, ਨਾਮਕਰਣ, ਰਹੱਸਾਤਮਕਤਾ, ਧਾਰਮਕ ਆਜ਼ਾਦੀ ਅਤੇ ਮਨੁੱਖੀ ਅਧਿਕਾਰ, ਲੋਕਤੰਤਰੀ ਪ੍ਰਬੰਧ, ਸੰਤ-ਸਿਪਾਹੀ, ਚੜ੍ਹਦੀਕਲਾ ਆਦਿ ਵਿਭਿੰਨ ਪਹਿਲੂਆਂ ਤੋਂ ਪੜਚੋਲ ਕਰਦਿਆਂ ਧਾਰਮਕ ਵਿਲੱਖਣਤਾ ਦੇ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ।

ਸਿੱਖਾਂ ਨੂੰ ਨਿਰੰਤਰ ਸੰਘਰਸ਼ਮਈ ਜੀਵਨ ਵਿੱਚੋਂ ਲੰਘਣਾ ਪਿਆ ਹੈ, ਜਿਸ ਕਰਕੇ ਬਹਾਦਰੀ, ਅਣਖ ਅਤੇ ਗੈਰਤ ਦਾ ਸਬਕ ਬਾਕੀ ਕੌਮਾਂ ਤੋਂ ਵੱਧ ਸਿੱਖ ਕੌਮ ਦੇ ਹਿੱਸੇ ਆਇਆ। ਸੰਤ-ਸਿਪਾਹੀ, ਭਗਤੀ ਅਤੇ ਸ਼ਕਤੀ ਦੇ ਆਪਸੀ ਸੰਬੰਧ ਨੂੰ ਸਿੱਖ ਸਿਮਰਤੀ ਦੇ ਹਵਾਲੇ ਨਾਲ ਜੋੜ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਦਾਰਸ਼ਨਿਕ ਅਤੇ ਅਧਿਆਤਮਕ ਸੰਕਲਪ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਦੇ ਰੂਪ ਵਿੱਚ ਸਿੱਖ ਸਿਮਰਤੀ ਦੇ ਅਟੁੱਟ ਅੰਗ ਵਜੋਂ ਪੇਸ਼ ਕੀਤਾ ਹੈ। ਸ੍ਰੀ ਅਨੰਦਪੁਰ ਸਾਹਿਬ ਮੌਜੂਦਾ ਦੌਰ ਵਿੱਚ ਸਿੱਖ ਪਛਾਣ ਦੇ ਨਵੇਂ ਯੁੱਗ ਦੀ ਸਿੱਖ ਸਿਮਰਤੀ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਸੱਚੇ-ਸੁੱਚੇ ਲੋਕਰਾਜ, ਲੋਕਤੰਤਰੀ ਰਾਜ ਦੀ ਉਪਜ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਸਿਮਰਤੀ ਦੇ ਰੂਪ ਵਿੱਚ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਦਰਸਾਇਆ ਗਿਆ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਇਸ ਧਰਤੀ ਤੋਂ ਮਨੁੱਖੀ ਕਲਿਆਣ ਦੇ ਨਿਵੇਕਲੇ ਸਿਧਾਂਤ ਪ੍ਰਗਟ ਹੋਏ। ਸਿੱਖ ਸਿਮਰਤੀ ਦੀ ਪਛਾਣ, ਹੋਂਦ ਅਤੇ

ਹਸਤੀ ਦਾ ਇੱਕ ਅਨੂਠਾ ਸੰਗਮ ਸ੍ਰੀ ਅਨੰਦਪੁਰ ਸਾਹਿਬ ਦੇ ਪਿਛੋਕੜ, ਆਰੰਭ ਅਤੇ ਵਿਕਾਸ ਦੇ ਨਾਲ-ਨਾਲ ਇਤਿਹਾਸਕਤਾ ਦੀ ਪੜਚੋਲ ਰਾਹੀਂ ਸਹਿਜੇ ਹੀ ਦ੍ਰਿਸ਼ਟੀਗੋਚਰ ਹੋਇਆ ਅਨੁਭਵ ਹੁੰਦਾ ਹੈ।

ਤੀਜੇ ਅਧਿਆਇ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਸਾਹਿਤਕ ਅਤੇ ਸੱਭਿਆਚਾਰਕ ਸਿਮਰਤੀ ਵਿੱਚੋਂ ਮਹੱਤਵਪੂਰਨ ਤੱਥ ਲੱਭੇ ਗਏ ਹਨ, ਜਿਨ੍ਹਾਂ ਵਿੱਚੋਂ ਸਿੱਟੇ ਪ੍ਰਾਪਤ ਹੁੰਦੇ ਹਨ ਕਿ ਸਿੱਖ ਸੱਭਿਆਚਾਰਕ ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ ਦਾ ਸੁਮੇਲ ਸਾਹਿਤ ਅਤੇ ਸੰਘਰਸ਼ ਦਾ ਪ੍ਰਗਟਾਅ ਹੈ। ਸਾਹਿਤਕ ਵੰਨਗੀਆਂ ਢਾਡੀ ਵਾਰਾਂ, ਕਵਿਤਾਵਾਂ, ਗੀਤ ਆਦਿ ਦੇ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਸਿੱਖ ਸਿਮਰਤੀ ਕਾਵਿਕ ਜਜ਼ਬੇ ਅਣਖੀ ਭਾਵਾਂ ਨਾਲ ਭਰੀ ਹੋਈ ਹੈ। ਜਿਸ ਵਿੱਚੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਜ਼ਬਰ/ਜੁਲਮ ਦੀ ਟੱਕਰ ਦੇ ਵਿਰੁੱਧ ਪੈਦਾ ਹੋਈ ਆਵਾਜ਼ ਦੀ ਗੂੰਜ ਸੁਣਾਈ ਦਿੰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਨੂੰ ਸਾਹਿਤਕ ਸਿਮਰਤੀ ਦੇ ਹਵਾਲੇ ਨਾਲ ਵਾਚਦਿਆਂ ਸਿਮਰਤੀ ਅਤੇ ਸਾਹਿਤ, ਸਿਮਰਤੀ ਅਤੇ ਸੱਭਿਆਚਾਰ ਦੇ ਆਪਸੀ ਸੰਬੰਧ ਲੱਭੇ ਗਏ ਹਨ। ਸਿੱਖ ਸਿਮਰਤੀ ਵਿੱਚ ਰਹਿਤਨਾਮਿਆਂ ਅਤੇ ਹੁਕਮਨਾਮਿਆਂ ਦੇ ਮਹੱਤਵ ਨੂੰ ਪੇਸ਼ ਕੀਤਾ ਗਿਆ ਹੈ। ਸੱਭਿਆਚਾਰਕ ਸਾਹਿਤਕ ਰਚਨਾਵਾਂ ਤੋਂ ਪਤਾ ਲੱਗਦਾ ਹੈ ਕਿ ਸਿੱਖ ਸੱਭਿਆਚਾਰ ਦੇ ਵਿਕਾਸ ਲਈ ਸਿੱਖ ਸਿਧਾਂਤ, ਸਥਾਨ ਅਤੇ ਸੰਸਥਾਵਾਂ ਦਾ ਵਿਕਾਸ ਹੋਇਆ। ਇਸੇ ਲੜੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਸਥਾਪਨਾ ਹੋਈ ਜੋ ਕਿ ਸਿੱਖ ਸਿਮਰਤੀ ਦੀ ਸੁਹਜਮਈ ਅਗਵਾਹੀ ਕਰਦਾ ਹੈ। ਸਾਹਿਤ ਮਨੋਭਾਵਾਂ ਦਾ ਦਰਪਣ ਹੈ ਅਤੇ ਇਸ ਰਾਹੀਂ ਉਹ ਸਭ ਕੁਝ ਸਹਿਜੇ ਹੀ ਪ੍ਰਗਟਾਇਆ ਜਾ ਸਕਦਾ ਹੈ ਜੋ ਮੌਖਿਕ ਰੂਪ ਵਿੱਚ ਕਹਿਣਾ ਮੁਸ਼ਕਲ ਹੁੰਦਾ ਹੈ। ਸਾਹਿਤ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਪ੍ਰਤੀ ਅਜੋਕੇ ਸਮੇਂ ਵਿੱਚ ਸਿੱਖ ਸਿਮਰਤੀ ’ਤੇ ਪ੍ਰਭਾਵ ਸਪੱਸ਼ਟ ਹੁੰਦੇ ਹਨ।

ਸਾਹਿਤਕ ਅਤੇ ਸੱਭਿਆਚਾਰਕ ਖ਼ਾਲਸਾਈ ਰਵਾਇਤਾਂ ਦੀ ਰੰਗਤ ਲੋਕ-ਕਾਵਿ ਰੂਪਾਂ ਦੇ ਨਾਲ-ਨਾਲ ਇਤਿਹਾਸਕ ਹਵਾਲਿਆਂ ਰਾਹੀਂ ਸਿੱਖ ਸਿਮਰਤੀ ਦੇ ਰੂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਦੇ ਮਹੱਤਵ ਨੂੰ ਪ੍ਰਗਟਾਇਆ ਗਿਆ ਹੈ। ਸਿੱਖ ਸਿਮਰਤੀ ਨੂੰ ਸਮਾਜ ’ਤੇ ਨਸ਼ਿਆਂ ਦੇ ਮਾਰੂ ਪ੍ਰਭਾਵ, ਰਾਜਨੀਤਕ ਕੂਟਨੀਤੀ ਦੇ ਨਾਲ-ਨਾਲ ਵੱਖਰੀ ਹੋਂਦ ਅਤੇ ਸਿੱਖ ਹਸਤੀ ਉੱਪਰ ਹੋ ਰਹੇ ਹਮਲੇ ਅਤੇ ਇਖਲਾਕੀ ਕਦਰਾਂ-ਕੀਮਤਾਂ ਦੀ ਘਾਟ ਨੂੰ ਹਲੂਣਾ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਬੰਧਤ ਸਾਹਿਤਕ ਅਤੇ ਸਭਿਆਚਾਰਕ ਪ੍ਰਮਾਣਾਂ ਤੋਂ ਮਿਲਦਾ ਹੈ।

ਚੌਥੇ ਅਧਿਆਇ ਵਿੱਚ ਸਿੱਖ ਸਿਮਰਤੀ ਵਿੱਚ ਸਾਹਿਤ ਅਤੇ ਇਤਿਹਾਸ ਦਾ ਅੰਤਰ ਸੰਬੰਧ ਲੱਭਿਆ ਗਿਆ ਹੈ ਕਿ ਸਿੱਖ ਸਿਮਰਤੀ ਵਿੱਚ ਗੁਰੂ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਖ਼ਾਲਸੇ ਦੇ ਸਿਦਕ ਦਾ ਮੁੱਖ ਪ੍ਰੇਰਨਾ ਸ੍ਰੋਤ ਹੈ। ਸਿੱਖ ਸਿਮਰਤੀ ਵਿੱਚ 'ਰਾਜ ਕਰੇਗਾ ਖ਼ਾਲਸਾ' ਦਾ ਸਿਧਾਂਤ ਬਹੁਤ ਮਹੱਤਵਪੂਰਨ ਹੈ, ਇਸ ਸਿਧਾਂਤ ਦੀ ਨੀਂਹ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੀ ਰੱਖੀ ਗਈ। ਸਾਹਿਤ ਵਿੱਚ ਕਿਸੇ ਸਮੇਂ ਦੀ ਤਸਵੀਰ ਉਸ ਸਮੇਂ ਦੇ ਇਤਿਹਾਸ ਦਾ ਅਨਿੱਖੜਵਾਂ ਅੰਗ ਹੁੰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਸਿਮਰਤੀ ਦੇ ਨਵੇਂ ਸੰਦਰਭਾਂ ਅਤੇ ਸਿੱਖ ਪਰੰਪਰਾਵਾਂ ਦੀ ਸਿਖਰਲੀ ਮਾਰਗ ਦਰਸ਼ਕਤਾ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਸਿੱਖ ਮਨਾਂ ਵਿੱਚ ਇੱਕ ਯਾਦ ਦੇ ਰੂਪ ਵਿੱਚ ਉੱਭਰਦੀ ਹੈ ਅਤੇ ਭਵਿੱਖਮੁਖੀ ਦਿਸ਼ਾ ਨਿਰਦੇਸ਼ ਦੇ ਰੂਪ ਵਿੱਚ ਪ੍ਰੇਰਨਾਦਾਇਕ ਬਣਦੀ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਰਚੇ ਇਤਿਹਾਸ ਅਤੇ ਸਾਹਿਤ ਨੇ ਸਿੱਖ ਗਿਆਨ ਪਰੰਪਰਾ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ 'ਤੇ ਖ਼ਾਲਸਾ ਪੰਥ ਸਾਜ ਕੇ ਪੰਚ ਪ੍ਰਧਾਨੀ ਪੰਥ ਦੀ ਸਥਾਪਨਾ ਕੀਤੀ, ਗੁਰੂ ਸਾਹਿਬ ਵੱਲੋਂ ਪੰਥ ਦੇ ਸ਼ੁਰੂਆਤੀ ਰੂਪ ਵਿੱਚ ਪੰਜ ਪਿਆਰੇ ਸਾਜੇ ਜਿਨ੍ਹਾਂ ਨੇ ਕਈ ਮਹੱਤਵਪੂਰਨ ਇਤਿਹਾਸਕ ਪੜਾਵਾਂ 'ਤੇ ਸਿੱਖ ਪੰਥ ਦੀ ਅਗਵਾਈ ਕੀਤੀ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਹਰੇਕ ਸਮਾਗਮ ਵਿੱਚ ਖ਼ਾਲਸਾ ਪੰਥ ਦੀ ਅਗਵਾਈ ਪੰਜ ਪਿਆਰੇ ਕਰਦੇ ਹਨ, ਪੰਜ ਪਿਆਰਿਆਂ ਵੱਲੋਂ ਪੰਥ ਦੀ ਅਗਵਾਈ ਕਰਨਾ ਸਿੱਖ ਸਿਮਰਤੀ ਦਾ ਅਹਿਮ ਹਿੱਸਾ ਹੈ। ਸਿੱਖ ਸਭਿਆਚਾਰਕ ਪੱਖ ਤੋਂ ਰਚੇ ਸਾਹਿਤ (ਕਵਿਤਾਵਾਂ, ਢਾਡੀ ਵਾਰਾਂ, ਗੀਤਾਂ) ਆਦਿ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਕੁਦਰਤੀ ਨੁਹਾਰ ਪ੍ਰਤੀ ਮੋਹ ਅਤੇ ਖਿੱਚ ਦੀ ਭਾਵਨਾ ਨਾਲ ਸਿੱਖ ਸਿਮਰਤੀ ਉੱਤੇ ਡੂੰਘਾ ਪ੍ਰਭਾਵ ਪੈਂਦਾ ਹੈ, ਅਜਿਹੇ ਪ੍ਰਭਾਵ ਸਿੱਖ ਇਤਿਹਾਸਕ ਸਰੋਤਾਂ ਵਿੱਚੋਂ ਵੀ ਪ੍ਰਾਪਤ ਹੁੰਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦਾ ਜ਼ਿਕਰ ਆਉਂਦਿਆਂ ਹੀ ਸਿੱਖ ਸਿਮਰਤੀ ਵਿੱਚ "ਅਨੰਦਾਂ ਦੀ ਪੁਰੀ" ਦਾ ਸਿਧਾਂਤਕ ਬਿੰਬ ਅਤੇ ਕ੍ਰਾਂਤੀਕਾਰੀ ਫ਼ਲਸਫ਼ਾ ਪ੍ਰਗਟ ਹੋ ਜਾਂਦਾ ਹੈ। ਇਸ ਪਵਿੱਤਰ ਨਗਰ ਦੀ ਸਥਾਪਨਾ ਦਾ ਮੂਲ ਮਕਸਦ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਸਿੱਖ ਸਿਮਰਤੀ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਕਰਕੇ ਹਰੇਕ ਸਿੱਖ ਅੱਜ ਵੀ ਆਪਣੀ ਸਿਮਰਤੀ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਤੋਂ ਸੇਧ ਲੈ ਕੇ ਅਧਿਆਤਮਕ ਗੁਣਾਂ ਨੂੰ ਵਿਹਾਰਕ ਰੂਪ ਦੇਣ ਦਾ ਯਤਨ ਕਰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਵਿਰਾਸਤ ਬਹੁ-ਮੁੱਲੀ ਅਤੇ

ਵਿਸ਼ੇਸ਼ ਹੈ ਜਿਸ ਕਾਰਨ ਇਸ ਸਥਾਨ ਦੀ ਪਵਿੱਤਰਤਾ ਜਗਿਆਸੂਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰਤਾ, ਇਤਿਹਾਸਕ ਅਤੇ ਸਾਹਿਤਕ ਪਰੰਪਰਾ ਸਿੱਖ ਸਿਮਰਤੀ ਨੂੰ ਵਿਭਿੰਨ ਪੱਖਾਂ ਤੋਂ ਪ੍ਰਭਾਵਿਤ ਕਰ ਰਹੀ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਵਿੱਚ ਹੀ ਇਸ ਸਥਾਨ ਦੀ ਮਹਾਨ ਸਥਾਪਤੀ ਦਾ ਭਾਵ ਅਤੇ ਉਦੇਸ਼ ਪ੍ਰਗਟ ਹੁੰਦਾ ਹੈ ਭਾਵ ਕਿ ਸ੍ਰੀ ਅਨੰਦਪੁਰ ਸਾਹਿਬ ਅਜਿਹਾ ਨਗਰ ਹੈ ਜੋ ਹਰ ਕਿਸਮ ਦੀ ਬੁਰਿਆਈ ਤੋਂ ਪਾਕ-ਪਵਿੱਤਰ, ਖ਼ੁਸ਼ੀਆਂ/ਖੇੜ੍ਹਿਆਂ ਅਤੇ ਅਨੰਦ ਨਾਲ ਭਰਪੂਰ ਹੈ। ਸ੍ਰੀ ਅਨੰਦਪੁਰ ਸਾਹਿਬ ਮਾਨਵ-ਮਨ ਦੀ ਵਿਭੌਰ ਅਵਸਥਾ ਦਾ ਅਨੰਦ, “ਮਾਨਵ ਤੇ ਦੇਵਤੇ ਕੀਏ” ਦਾ ਗੁਰ ਪਰਸਾਦੀ ਅਸਚਰਜ ਜਲੌਅ ਅਤੇ ਮਾਨਵੀ ਬਿਰਤੀਆਂ ਦੀ ਮਹਾਨ ‘ਅਨੰਦਪੁਰੀ’ ਹੈ।

ਸ੍ਰੀ ਅਨੰਦਪੁਰ ਸਾਹਿਬ ਅਨੰਦੀ ਵਰਤਾਰਿਆਂ ਦਾ ਸਥਾਨ ਹੈ, ਗੁਰਮਤਿ ਵਿਚਾਰਧਾਰਾ ਵਿੱਚ ਅਨੰਦ ਦੀ ਅਨੁਭੂਤੀ ਅੰਦਰੂਨੀ ਹੈ, ਜਿਸ ਦੀ ਸਿਰਜਨਾ ਦਾ ਬਾਹਰੀ ਅਤੇ ਅੰਤਰੀਵੀ ਭਾਵ ਸ੍ਰੀ ਅਨੰਦਪੁਰ ਸਾਹਿਬ ਤੋਂ ਸਹਿਜੇ ਹੀ ਪ੍ਰਤੀਤ ਹੋ ਜਾਂਦਾ ਹੈ। ਇੱਥੇ ਨਵੇਂ ਫ਼ਲਸਫ਼ੇ, ਨਵੇਂ ਮਨੁੱਖ ਦੀ ਸਿਰਜਣਾ ਹੋਈ ਜਿਸ ਦੇ ਆਗਮਨ ਨਾਲ ਜ਼ੁਲਮੀ ਅਤੇ ਕੱਟੜਵਾਦੀ ਰਾਜ ਪ੍ਰਬੰਧ ਦਾ ਅੰਤ ਹੋਇਆ। ਸ੍ਰੀ ਅਨੰਦਪੁਰ ਸਾਹਿਬ ਉਹ ਪਵਿੱਤਰ ਸਥਾਨ ਹੈ, ਜਿਸ ਦਾ ਚੱਪਾ-ਚੱਪਾ ਜ਼ਬਰ ਜ਼ੁਲਮ ਦੇ ਵਿਰੁੱਧ ਲੜਦੇ ਹੋਏ ਸ਼ਹੀਦ ਸਿੰਘਾਂ ਦੇ ਪਵਿੱਤਰ ਖ਼ੂਨ ਨਾਲ ਰੰਗਿਆ ਹੋਇਆ ਹੈ।

ਸਿੱਖ ਕੌਮ ਨੂੰ ਖੰਡੇ ਦੇ ਪਵਿੱਤਰ ਚਿੰਨ੍ਹ ਦੀ ਪ੍ਰਾਪਤੀ ਵੀ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ਤੋਂ ਪ੍ਰਾਪਤ ਹੋਈ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਨੂੰ ਦੋਧਾਰੇ ਖੰਡੇ ਨਾਲ ਮੌਤ ਦਾ ਭੈਅ ਖ਼ਤਮ ਕਰਨ ਵਾਲਾ ਅੰਮ੍ਰਿਤ ਬਖਸ਼ਿਸ਼ ਕੀਤਾ। ਸ੍ਰੀ ਅਨੰਦਪੁਰ ਸਾਹਿਬ ਦਾ ਧਾਰਮਕ, ਸੱਭਿਆਚਾਰਕ, ਦਾਰਸ਼ਨਕ ਅਤੇ ਸਮਾਜਕ ਮਹੱਤਵ ਨਿਸ਼ਚੇ ਹੀ ਸਮੁੱਚੀ ਸਿੱਖ ਕੌਮ ਲਈ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਕਦਮ ਰੱਖਦਿਆਂ ਹੀ ਸਿੱਖ ਸਿਮਰਤੀ ਨਾਲ ਜੁੜੀਆਂ ਘਟਨਾਵਾਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਕਸ਼ਮੀਰੀ ਪੰਡਤਾਂ ਦੀ ਆਮਦ ’ਤੇ ਧਰਮ ਰੱਖਿਆ ਲਈ ਪੁਕਾਰ ਅਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਵੱਲੋਂ ਧਰਮ-ਹੇਤ ਸੀਸ ਦੇਣ ਦੇ ਸਾਕੇ ਦਾ ਇਤਿਹਾਸ ਨਿਵੇਕਲਾ ਪ੍ਰਸੰਗ ਹੈ। ਜ਼ੁਲਮ ਵਿਰੁੱਧ ਸੀਸ ਦੇ ਗਏ ਗੁਰੂ ਤੇਗ ਬਹਾਦਰ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਪਹੁੰਚਦਾ ਹੈ। ਇਸ ਧਰਤੀ ‘ਤੇ

ਦਸਵੇਂ ਪਾਤਸ਼ਾਹ 1699 ਈ. ਦੀ ਵਿਸਾਖੀ ਨੂੰ ਵਿਸ਼ਾਲ ਇਕੱਠ ਵਿੱਚੋਂ ਸਿਰਾਂ ਦੀ ਮੰਗ ਕਰਦੇ ਹਨ। ਸਿਰ ਦੇਣ ਤੋਂ ਭਾਵ ਸਮਰਪਨ ਦਾ ਸੰਬੰਧ ਸ੍ਰੀ ਅਨੰਦਪੁਰ ਸਾਹਿਬ ਦੀ ਸਿਮਰਤੀ ਦੇ ਨਾਲ ਜੁੜਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਗੁਰੂ ਸਾਹਿਬ ਵੱਲੋਂ ਵਰੋਸਾਈ ਨਿਹੰਗ ਸਿੰਘ ਜਥੇਬੰਦੀ ਦਾ ਇਤਿਹਾਸ, ਖ਼ਾਲਸਾ ਸਾਜਨਾ ਤੋਂ ਪਿੱਛੋਂ ਸਿੱਖ ਪੰਥ ਦੀ ਮੁੱਖ ਧਾਰਾ ਦਾ ਇਤਿਹਾਸ ਹੈ। ਨਿਹੰਗ ਸਿੰਘਾਂ ਦਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨਾਲ ਨਹੁੰ ਮਾਸ ਦਾ ਰਿਸ਼ਤਾ ਹੈ ਕਿਉਂਕਿ ਨਿਹੰਗ ਸਿੰਘਾਂ ਦਾ ਜਨਮ ਸਥਾਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਹੈ।

ਸ੍ਰੀ ਅਨੰਦਪੁਰ ਸਾਹਿਬ ਸਿੱਖਾਂ ਲਈ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਦਾ ਕੇਂਦਰ ਰਿਹਾ ਹੈ, ਕਿਉਂਕਿ ਤਵਾਰੀਖ਼ ਗਵਾਹ ਹੈ ਕਿ ਇਸ ਧਰਤੀ ’ਤੇ ਗੁਰਬਾਣੀ ਅਤੇ ਕੁਰਬਾਨੀ, ਸੰਤ ਅਤੇ ਸਿਪਾਹੀ, ਕਲਮ ਅਤੇ ਸ਼ਸਤਰ, ਜੁਝਾਰੂ ਯੋਧੇ ਅਤੇ ਕਲਮ ਦੇ ਧਨੀ ਕਵੀ ਇੱਕੋ ਵੇਲੇ ਗੁਰੂ ਦਰਬਾਰ ਦਾ ਸ਼ਿੰਗਾਰ ਬਣੇ ਹਨ। ਖ਼ਾਲਸਾ ਪੰਥ ਦੀ ਸਿਰਜਣਾ ਦੇ ਅਦੁੱਤੀ ਕੌਤਕ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਸਾਖਸ਼ਾਤ ਰੂਪ ਵਿੱਚ ਸ਼ਸਤਰ ਅਤੇ ਸ਼ਾਸਤਰ ਦੇ ਅਦਭੁਤ ਸੁਮੇਲ ਨੂੰ ਵੇਖਿਆ ਹੈ, ਜੋ ਅੱਜ ਵੀ ਸਿੱਖ ਸਿਮਰਤੀ ਨੂੰ ਪ੍ਰਭਾਵਿਤ ਕਰਦੀ ਹੈ। ਇਹ ਪਾਵਨ ਸਥਾਨ ਸਮੁੱਚੀ ਸਿੱਖ ਕੌਮ ਦਾ ਪ੍ਰਗਟ ਸਥਾਨ ਹੈ ਕਿਉਂਕਿ ਸੰਸਾਰ ਦੇ ਹੋਰ ਧਰਮਾਂ ਦੇ ਬਾਨੀਆਂ ਦੇ ਜਨਮ ਸਥਾਨ ਅਤੇ ਜੋਤੀ ਜੋਤਿ ਸਮਾਉਣ ਦੇ ਸਥਾਨ ਤਾਂ ਹਨ ਪਰ ਕਿਸੇ ਸਮੁੱਚੀ ਕੌਮ ਦਾ ਪ੍ਰਗਟ ਸਥਾਨ ਨਹੀਂ ਹੈ।

ਸਿੱਖ ਭਾਵੇਂ ਸੰਸਾਰ ਦੇ ਕਿਸੇ ਵੀ ਕੋਨੇ ਵਿੱਚੋਂ ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋਵੇ ਭਾਵ ਕਿ ਅੰਮ੍ਰਿਤ ਪਾਨ ਕਰੇ, ਗੁਰੂ ਜੀ ਦੇ ਸਾਜੇ ਪੰਜ ਪਿਆਰੇ ਉਸ ਨੂੰ ਇਹੀ ਹੁਕਮ ਦਿੰਦੇ ਹਨ ਕਿ ਅੱਜ ਤੋਂ ਬਾਅਦ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ ਜੀ, ਵਾਸੀ ਸ੍ਰੀ ਅਨੰਦਪੁਰ ਸਾਹਿਬ ਅਤੇ ਜਨਮ ਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਹੈ। ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ’ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਸਰਬ ਸਾਂਝੇ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਸਮੁੱਚੀ ਮਾਨਵਤਾ ਨੂੰ ‘ਏਕ ਪਿਤਾ ਏਕਸ ਕੇ ਹਮ ਬਾਰਿਕ’ ਹੋਣ ਦਾ ਮਾਣ ਬਖ਼ਸ਼ਿਆ। ਇਸ ਵਰਤਾਰੇ ਨਾਲ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੀਚਾਂ ਨੂੰ ਊਚ ਕਰਨ ਵਾਲੀ/ਬਰਾਬਰਤਾ ਦਾ ਅਧਿਕਾਰ ਬਖ਼ਸ਼ਣ ਵਾਲੀ ਧਰਤੀ ਬਣ ਗਈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਜ਼ੁਲਮੀ ਰਾਜ ਦਾ ਖ਼ਾਤਮਾ ਕਰਨ ਲਈ ਧਰਮ ਯੁੱਧ ਆਰੰਭ ਹੋਇਆ ਕਿਉਂਕਿ ਗੁਰੂ ਜੀ ਦੇ ਦੈਵੀ ਪ੍ਰਭਾਵ

ਹੇਠ ਅਜਿਹੇ ਮਨੁੱਖ ਵੀ ਰਣ ਖੇਤਰ ਦੇ ਸੂਰਮੇ ਹੋ ਨਿੱਬੜੇ ਜਿਨ੍ਹਾਂ ਨੇ ਕਦੀ ਤਲਵਾਰ ਨੂੰ ਹੱਥ ਵੀ ਨਹੀਂ ਸੀ ਲਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਛਕਾਏ ਖੰਡੇ ਬਾਟੇ ਦੇ ਅੰਮ੍ਰਿਤ ਦੀ ਤਾਕਤ ਹੀ ਸੀ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਐਸਾ ਇਨਕਲਾਬ ਲਿਆਂਦਾ ਅਤੇ ਐਸੇ ਬਹਾਦਰ ਯੋਧੇ ਪੈਦਾ ਕੀਤੇ ਜਿਨ੍ਹਾਂ ਦੇ ਸਾਹਮਣੇ ਵੱਡੀਆਂ-ਵੱਡੀਆਂ ਧਾੜਵੀ ਸੈਨਾਵਾਂ ਨੂੰ ਭਾਜੜਾਂ ਪੈ ਗਈਆਂ।

ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀਆਂ ਯਾਦਾਂ, ਸਿੱਖਾਂ ਦੇ ਮਨ ਵਿੱਚ ਸਦਾ ਵਾਂਗ ਟਿਕੀਆਂ ਹੋਈਆਂ ਹਨ। ਜਿਸ ਤਰ੍ਹਾਂ ਸੰਗਤ ਨੂੰ ਖ਼ਾਲਸਾ ਰੂਪ ਵਿੱਚ ਪਰਿਵਰਤਿਤ ਕਰਨ ਦਾ ਆਰੰਭ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ, ਉਹ ਅਸਚਰਜ ਮਈ ਵਰਤਾਰਾ ਸਿੱਖ ਸਿਮਰਤੀ ਦਾ ਹਿੱਸਾ ਬਣ ਗਿਆ। ਸ੍ਰੀ ਅਨੰਦਪੁਰ ਸਾਹਿਬ ਮਾਨਵੀ ਮਾਪਦੰਡ ਅਨੁਸਾਰ ਕੇਵਲ ਇੱਕ ਨਗਰ ਹੀ ਨਹੀਂ ਸਗੋਂ ਇਹ ਨਿਰਮਲ ਜੀਵਨ ਦੀ ਘਾੜਤ, ਖਾਲਸੇ ਦੀ ਟਕਸਾਲ ਅਤੇ ਧਰਮ ਦੀ ਕਰਮ ਭੂਮੀ ਹੈ।

ਸ੍ਰੀ ਅਨੰਦਪੁਰ ਸਾਹਿਬ 'ਸ਼ੁਭ ਕਰਮਨ ਤੇ ਕਬਹੂੰ ਨ ਟਰੋਂ' ਦੇ ਅਦਰਸ਼ਮਈ ਵਿਸਮਾਦੀ ਸ਼ਬਦਾਂ ਨਾਲ ਪ੍ਰਣ ਨਿਭਾਉਣ ਅਤੇ ਚੜ੍ਹਦੀਕਲਾ ਵਿੱਚ ਜਿਊਣ ਦਾ ਪੈਗ਼ਾਮ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਨਾਲ ਹੀ ਰਣਜੀਤ ਨਗਾਰਾ ਤਿਆਰ ਕਰਵਾਇਆ ਜੋ ਕਿ ਸੁਤੰਤਰਤਾ ਅਤੇ ਨਿਰਭੈਤਾ ਦਾ ਪ੍ਰਤੀਕ ਹੈ। ਰਣਜੀਤ ਨਗਾਰੇ ਦੀ ਗੂੰਜ ਮੈਦਾਨ-ਏ- ਜੰਗ ਵਿੱਚ ਜਬਰ ਜ਼ੁਲਮ ਢਾਹੁਣ ਵਾਲਿਆਂ ਦੇ ਸਿਰ ਕਾਲ ਬਣ ਕੇ ਗਰਜਣ ਦੀ ਗਵਾਹੀ ਹੈ। ਸ੍ਰੀ ਅਨੰਦਪੁਰ ਸਾਹਿਬ ਦੀਆਂ ਵਾਦੀਆਂ ਵਿੱਚ ਰਣਜੀਤ ਨਗਾਰੇ ਦੀ ਧਮਕ ਕਿਸੇ ਧਰਤੀ ਦੇ ਕੋਨੇ 'ਤੇ ਕਬਜ਼ਾ ਕਰਨ ਦੀ ਬਿਰਤੀ ਨਹੀਂ ਸਗੋਂ ਨਿਰਭੈ ਹੋ ਕੇ ਅਨੰਦਮਈ ਜੀਵਨ ਜੀਉਂਣ ਲਈ ਪ੍ਰੇਰਿਤ ਕਰਦੀ ਵਿਸਮਾਦੀ ਧੁਨ ਦਾ ਵਾਤਾਵਰਣ ਸਿਰਜਦੀ ਹੈ।

ਸ੍ਰੀ ਅਨੰਦਪੁਰ ਸਾਹਿਬ ਦਾ ਪੈਗ਼ਾਮ ਜੋ ਸਿੱਖ ਸੱਭਿਆਚਾਰਕ ਸਿਮਰਤੀ ਰਾਹੀਂ ਖ਼ਾਲਸੇ ਦੇ ਮਨ ਅੰਦਰ ਵਸਿਆ ਹੈ, ਪੰਜਾਬੀ ਲੋਕਧਾਰਾ ਇਸ ਦੀ ਗਵਾਹੀ ਭਰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਉਪਜੇ ਖ਼ਾਲਸਾ ਪੰਥ ਦੀ ਗੱਲ ਸੁਭਾਵਕ ਹੀ ਹਰ ਇਕ ਦੀ ਸਿਮਰਤੀ ਵਿੱਚ ਆਵੇਗੀ ਕਿਉਂਕਿ ਖ਼ਾਲਸਾ ਪੰਥ ਅੱਜ ਵਿਸ਼ਵ ਪੱਧਰ ਉੱਤੇ ਮਾਨਵ ਏਕਤਾ, ਆਜ਼ਾਦੀ, ਮਨੁੱਖੀ ਗੌਰਵ ਅਤੇ ਜ਼ਬਰ-ਜ਼ੁਲਮ ਦੇ ਵਿਰੁੱਧ ਸੰਘਰਸ਼ ਦਾ ਪ੍ਰਤੀਕ ਬਣ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈਚਾਰਕ ਸਾਂਝ ਅਤੇ ਸੁਰੱਖਿਆ ਦਾ ਜਿਹੜਾ

ਸਭਿਆਚਾਰ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਜਿਆ, ਉਸ ਵਿੱਚ ਵਿਭਿੰਨ ਧਰਮਾਂ ਅਤੇ ਵਿਸ਼ਵਾਸਾਂ ਦੇ ਲੋਕ ਸ਼ਾਮਿਲ ਹੋਏ। ਇਸੇ ਲਈ ਸ੍ਰੀ ਅਨੰਦਪੁਰ ਸਾਹਿਬ ਇੱਕ ਵਿਲੱਖਣ ਸਭਿਆਚਾਰਕ ਸਾਂਝ ਅਤੇ ਸੰਘਰਸ਼ ਦਾ ਪ੍ਰਤੀਕ ਬਣ ਕੇ ਉਜਾਗਰ ਹੋਇਆ।

ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ਉੱਤੇ ਖ਼ਾਲਸਾ ਸਿਰਜਨਾ ਅਜਿਹੀ ਮਨੁੱਖੀ ਸੁਤੰਤਰਤਾ ਦਾ ਐਲਾਨ ਸੀ, ਜਿਸ ਨੇ ਸਦੀਆਂ ਤੋਂ ਚੱਲੀ ਆ ਰਹੀ ਮਾਨਸਿਕ ਅਤੇ ਸਮਾਜਕ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਦਿੱਤਾ। ਨਗਾਰਾ, ਨਿਸ਼ਾਨ, ਤਖ਼ਤ, ਚੌਰ ਅਤੇ ਚੰਦੋਆ ਇਹ ਪੰਜ ਚੀਜ਼ਾਂ ਸੁਤੰਤਰ ਬਾਦਸ਼ਾਹੀਅਤ ਦੀਆਂ ਨਿਸ਼ਾਨੀਆਂ ਹਨ। ਸਮੁੱਚੀ ਸਿੱਖ ਕੌਮ ਨੂੰ ਨਿਰਭੈਤਾ ਅਤੇ ਸੁਤੰਤਰਤਾ ਦੀ ਦਾਤ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਪ੍ਰਾਪਤ ਹੋਈ। ਸਿੱਖ ਕੌਮ ਵਿੱਚ ਆਪੇ ਗੁਰ ਚੇਲਾ ਦਾ ਸਿਧਾਂਤ ਵੀ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੋਂ ਪੈਦਾ ਹੋਇਆ, ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਅਤੇ ਪਿੱਛੋਂ ਆਪ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਰੱਖਿਆਤਮਕ ਯੁੱਧ ਕਲਾ ਦਾ ਨਮੂਨਾ ਪੇਸ਼ ਕੀਤਾ, ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਜਿੰਨੇ ਵੀ ਯੁੱਧ ਹੋਏ ਇਹਨਾਂ ਯੁੱਧਾਂ ਵਿੱਚ ਗੁਰੂ ਸਾਹਿਬ ਦੀ ਲਾਡਲੀ ਖ਼ਾਲਸਾ ਫ਼ੌਜ ਨੇ ਪਹਿਲਾਂ ਕਿਸੇ ਉੱਪਰ ਜਾਂ ਨਿਹੱਥੇ, ਮਜ਼ਬੂਰ ਉੱਤੇ ਹਮਲਾ ਨਹੀਂ ਕੀਤਾ। ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ ’ਤੇ ਮੁਗ਼ਲ ਜਰਵਾਣਿਆਂ ਅਤੇ ਪਹਾੜੀ ਰਾਜਿਆਂ ਨੇ ਆਪਣੀ ਹਾਰ ਦੀ, ਨਮੋਸ਼ੀ ਨੂੰ ਛਪਾਉਣ ਲਈ ਆਪਣਾ ਧਰਮ ਵੀ ਦਾਅ ਉੱਤੇ ਲਾਅ ਦਿੱਤਾ ਅਤੇ ਝੂਠੀਆਂ ਕਸਮਾਂ ਖਾ ਕੇ ਖ਼ਾਲਸਾ ਫ਼ੌਜਾਂ ਦੀ ਪਿੱਠ ਪਿੱਛੇ ਹਮਲਾ ਕੀਤਾ ਪਰੰਤੂ ਖ਼ਾਲਸਾ ਫ਼ੌਜ ਨੇ ਅੱਜ ਤੱਕ ਦੇ ਇਤਿਹਾਸ ਵਿੱਚ ਕਿਤੇ ਵੀ ਪਿੱਠ ਪਿੱਛੇ ਵਾਰ ਨਹੀਂ ਕੀਤਾ ਸਗੋਂ ਰੱਖਿਆਤਮਕ ਯੁੱਧ ਕਲਾ ਵਿੱਚ ਹੀ ਵਿਸ਼ਵਾਸ ਕੀਤਾ ਹੈ। ਜਿੱਥੇ ਆਤਮਿਕ ਤੌਰ ਉੱਤੇ ਸ੍ਰੀ ਅਨੰਦਪੁਰ ਸਾਹਿਬ ਦੀ ਆਪਣੀ ਮਹੱਤਤਾ ਹੈ, ਉੱਥੇ ਨਾਲ ਹੀ ਰਾਜਨੀਤਕ ਗਤੀਵਿਧੀਆਂ ਦਾ ਧੁਰਾ ਵੀ ਰਿਹਾ ਕਿਉਂਕਿ ਮੁਗ਼ਲ ਸਮਰਾਜ ਨੇ ਛੋਟੇ-ਵੱਡੇ ਪਹਾੜੀ ਰਾਜਿਆਂ ਨੂੰ ਹਰਾ ਕੇ ਜਾਂ ਸੰਧੀ ਕਰਕੇ ਉਹਨਾਂ ਨੂੰ ਮੁਗ਼ਲ ਸਲਤਨਤ ਦਾ ਹਿੱਸਾ ਬਣਾ ਲਿਆ ਸੀ। ਇਸ ਜ਼ੁਲਮੀ ਸਮਰਾਜ ਨੂੰ ਉਸ ਵੇਲੇ ਟੱਕਰ ਕੇਵਲ ਖ਼ਾਲਸਾ ਪੰਥ ਨੇ ਦਿੱਤੀ ਜੋ ਕਿ ਉਸ ਸਮੇਂ ਦੀ ਰਾਜਨੀਤੀ ਵਿੱਚ ਵੱਡਾ ਮੀਲ ਪੱਥਰ ਸਾਬਿਤ ਹੋਈ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦਾ ਸਿੱਖ ਧਾਰਮਕ ਸਥਾਨਾਂ ਦੀ ਸੂਚੀ ਵਿੱਚ ਵਿਸ਼ੇਸ਼ ਸਥਾਨ ਹੈ। ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਵਿਲੱਖਣ ਰੂਪ ਹੈ, ਜਿੱਥੋਂ ਧਰਮ ਲਈ ਸ਼ਹਾਦਤ, ਜ਼ੁਲਮ ਵਿਰੁੱਧ ਲੜਨ ਲਈ ਹੌਸਲਾ, ਹਿੰਮਤ, ਦਲੇਰੀ ਅਤੇ ਅਣਖ ਲਈ ਜ਼ਜਬਾ ਪੈਦਾ ਹੁੰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਦਾ ਵਿੱਲਖਣ ਸਰੂਪ ਮਨੁੱਖ ਨੂੰ ਰੂਹਾਨੀ ਸਮਰੱਥਾ ਪ੍ਰਦਾਨ ਕਰਦਾ ਹੈ। ਦੂਜੇ ਪਾਸੇ ਸਰਬੱਤ ਦੇ ਭਲੇ ਅਤੇ ਸਮਾਜਕ ਸੇਵਾ ਲਈ ਕਾਰਜ ਕਰਨ ਦਾ ਉਪਦੇਸ਼ ਦਿੰਦਾ ਹੈ। ਸ੍ਰੀ ਅਨੰਦਪੁਰ ਸਾਹਿਬ ਨੇ ਉਸਾਰੂ ਕਦਰਾਂ ਕੀਮਤਾਂ ਅਤੇ ਸਦਾਚਾਰਕ ਦ੍ਰਿਸ਼ਟੀ ਨਾਲ ਸਦਾਚਾਰਕ ਮਨੁੱਖ ਬਣਨ ਵੱਲ ਇੱਕ ਅਹਿਮ ਰੋਲ ਅਦਾ ਕੀਤਾ ਹੈ।

ਇਸ ਖੋਜ ਕਾਰਜ ਦਾ ਮੁੱਖ ਨਤੀਜਾ ਇਹ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰਤਾ ਵਿਸ਼ਵਾਸੀਆਂ ਨੂੰ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਤੋਂ ਪਾਰ ਲੈ ਜਾਂਦੀ ਹੈ, ਜਿਸ ਨਾਲ ਸ਼ਰਧਾਲੂ ਪਵਿੱਤਰ ਅਤੇ ਆਨੰਦਮਈ, ਰੂਹਾਨੀ ਯਾਦ ਵਿੱਚ ਗੁਰੂ ਨਾਲ ਜਾ ਜੁੜਦਾ ਹੈ। ਸਿਮਰਤੀ ਦੀ ਤ੍ਰੈਕਾਲੀ, ਸਮੂਹਿਕਤਾ ਪੀੜ੍ਹੀ ਦਰ ਪੀੜ੍ਹੀ ਰੂਪਤਾਂਰਣ ਦਰਸਾਉਂਦਾ ਹੈ ਕਿ ਸਿਮਰਤੀ ਦਾ ਸਿਧਾਂਤਕ ਪੱਖ ਮਨੁੱਖ ਦੇ ਕਾਰਜਾਂ ਵਿੱਚ ਨਿਪੁੰਨਤਾ ਲਿਆਉਂਦਾ ਹੈ। ਇਹ ਜੀਵਨ ਵਕਫੇ ਵਿੱਚ ਤਰੋ-ਤਾਜ਼ਾ ਅਤੇ ਅਧਿਆਤਮਕ ਅਨੰਦ ਦਿੰਦੀ ਹੈ ਜਿਸ ਦਾ ਪ੍ਰਗਟਾਵਾ ਸ੍ਰੀ ਅਨੰਦਪੁਰ ਸਾਹਿਬ ਦੀ ਰੂਹਾਨੀ ਸਿਧਾਂਤਕਤਾ ਦਾ ਪ੍ਰਗਟਾਵਾ ਕਰਕੇ ਵਿਚਾਰਿਆ ਗਿਆ ਹੈ। ਇਸ ਪੱਖ ਤੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਸਿਰਜਤ ਸਿੱਖ ਸਿਮਰਤੀ ਨਿਰੰਤਰ ਚੜ੍ਹਦੀਕਲਾ ਦਾ ਪ੍ਰਤੀਕ ਬਣ ਕੇ ਉੱਭਰੀ ਹੈ। ਇਸ ਦੇ ਉੱਭਾਰ ਨਾਲ ਜੀਵਨ ਨੂੰ ਅਗਵਾਈ ਪ੍ਰਾਪਤ ਹੋਈ ਹੈ ਉਹ ਅਗਵਾਈ ਚਾਹੇ ਰਾਜਨੀਤਕ, ਸਮਾਜਕ, ਆਰਥਕ, ਸੱਭਿਆਚਾਰਕ ਜਾਂ ਰੂਹਾਨੀ ਹੋਵੇ। 'ਸਰਬੱਤ ਦੇ ਭਲੇ' ਨਾਲ ਜੁੜੀ ਦੈਵੀ ਸੱਤਾ ਅਕਾਲ ਪੁਰਖ ਦੇ ਅਧੀਨ ਸਿੱਖ ਸਿਮਰਤੀ ਕਿਸੇ ਦੀ ਗੁਲਾਮੀ ਨਹੀਂ ਮੰਨਦੀ।

ਇਸ ਖੋਜ ਪ੍ਰਬੰਧ ਦੀ ਦੂਜੀ ਲੱਭਤ ਇਹ ਹੈ ਕਿ ਸਿੱਖ ਇਤਿਹਾਸ, ਸਿਮਰਤੀ ਸਾਹਿਤ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਸਿੱਖ ਭਾਈਚਾਰੇ ਦੀ ਸਿਮਰਤੀ ਆਦਿ ਜੁਗਾਦੀ ਸੱਚ ਦੇ ਰੂਪ ਵਿੱਚ ਪ੍ਰਗਟ ਕੀਤੀ ਗਈ ਹੈ। ਇਤਿਹਾਸਕ ਸੰਦਰਭ ਤੋਂ ਸਿੱਖ ਇਤਿਹਾਸ ਦੇ ਬਹੁ-ਪੱਖੀ ਵਿਚਾਰਾਂ ਨੂੰ ਸਮਝ ਕੇ, ਪ੍ਰਗਟਾ ਕੇ ਪਵਿੱਤਰਤਾ ਦਾ ਸੰਬੰਧ ਅੰਤਰੀਵ ਭਾਵਨਾਵਾਂ ਨਾਲ ਜੋੜ ਕੇ ਬੌਧਿਕ, ਨੈਤਿਕ, ਸਮਾਜਿਕ ਅਤੇ ਧਾਰਮਕ ਅਵਸਥਾ ਦਾ ਇੱਕ ਸੰਪੂਰਨ ਚਿੱਤਰ ਸਾਹਮਣੇ ਲਿਆਂਦਾ ਗਿਆ ਹੈ। ਇਸ ਪਵਿੱਤਰ ਧਰਤੀ ਉੱਪਰ ਵਾਪਰੀਆਂ ਘਟਨਾਵਾਂ ਸਹਿਜ ਘਟਨਾਵਾਂ ਨਹੀਂ, ਸਗੋਂ ਸਿੱਖ ਸਿਮਰਤੀ ਵਿੱਚ ਸੰਭਾਲੀਆਂ ਹੋਈਆਂ ਹਨ।

ਸ੍ਰੀ ਅਨੰਦਪੁਰ ਸਾਹਿਬ ਦੇ ਇਤਿਹਾਸਕ ਪਿਛੋਕੜ ਦੇ ਆਰੰਭ ਅਤੇ ਵਿਕਾਸ ਦੀ ਨਿਰੰਤਰਤਾ ਨੂੰ ਅਨੇਕਾਂ ਮਨੁੱਖੀ ਸਰੋਕਾਰਾਂ ਜਿਵੇਂ ਸੱਚ, ਅਣਖ, ਨਿਰਭੈਤਾ ਨਾਲ ਜੋੜ ਕੇ 'ਸੱਚੇ ਮਾਰਗ ਦੇ ਪਾਂਧੀ' ਬਣਾਇਆ ਗਿਆ ਹੈ। ਗੁਰੂ ਸਾਹਿਬਾਨ ਦੇ ਦੈਵੀ ਅਨੁਭਵਾਂ ਦੀਆਂ ਯਾਦਾਂ ਦਾ ਅੱਜ ਜੋ ਰੂਪ ਸਿੱਖ ਸਿਮਰਤੀ ਵਿੱਚ ਉਜਾਗਰ ਹੁੰਦਾ ਹੈ ਉਸ ਦਾ ਉੱਭਾਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਹੀ ਹੋਇਆ ਹੈ।

ਕਿਸੇ ਧਰਮ ਵਿਸ਼ਵਾਸ ਦੀ ਸੁਤੰਤਰਤਾ ਦੀ ਰਾਖੀ ਲਈ ਸ਼ਹਾਦਤ ਦੀ ਮਨੁੱਖੀ ਮਿਸਾਲ ਜੋ ਇਸ ਪਵਿੱਤਰ ਧਰਤੀ ਤੇ ਹੈ ਤਾਂ ਉਹ ਗੁਰੂ ਤੇਗ਼ ਬਹਾਦਰ ਜੀ ਦੁਆਰਾ ਕੀਤੀ ਗਈ, ਉਹ ਅਤਿ ਮਹਾਨ ਹੈ। ਇਸੇ ਲਈ ਸ਼ਾਇਦ ਸਦੀਵੀ ਅਨੰਦ ਦੀ ਪ੍ਰਾਪਤੀ ਲਈ ਸ੍ਰੀ ਅਨੰਦਪੁਰ ਸਾਹਿਬ ਦਾ ਵਾਸੀ ਹੋਣਾ ਸਿੱਖ ਸਿਮਰਤੀ ਵਿੱਚ ਸਦਾ ਲਈ ਸਮੋ ਗਿਆ ਹੈ।

ਲੋਕ ਮਨਾਂ ਦੀ ਇਸ ਨਾਲ ਜੁੜੀ ਵਚਨਬੱਧਤਾ, ਪ੍ਰਤੀਬੱਧਤਾ ਇਸ ਦਾ ਪ੍ਰਤੀਕ ਹੈ ਕਿ ਸਿੱਖ ਆਪ ਵੀ ਮਹਾਨ ਇਤਿਹਾਸਕ ਅਤੇ ਸਾਹਿਤਕ ਸਿਮਰਤੀ ਨਾਲ ਵਕਤੀ ਮਜ਼ਬੂਰੀ ਦੇ ਰੂਪ ਵਿੱਚ ਨਹੀਂ ਸਗੋਂ ਧੁਰ ਅੰਦਰੋਂ ਜੁੜੇ ਹੋਏ ਹਨ। ਇਸ ਵਿੱਚ ਸਾਹਿਤਕ ਅਤੇ ਸੱਭਿਆਚਰਕ ਖ਼ਾਲਸਈ ਰਵਾਇਤਾਂ ਦੀ ਰੰਗਤ ਲੋਕ ਕਾਵਿ-ਰੂਪਾਂ ਦੇ ਨਾਲ-ਨਾਲ ਇਤਿਹਾਸਕ ਹਵਾਲਿਆਂ ਨਾਲ ਸਿੱਖ ਸਿਮਰਤੀ ਦੇ ਰੂਪ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਦੇ ਮਹੱਤਵ ਨੂੰ ਪ੍ਰਗਟਾਇਆ ਜਾ ਸਕੇ।

ਅੰਤ ਵਿੱਚ ਖੋਜ-ਪ੍ਰਬੰਧ ਦੀਆਂ ਲੱਭਤਾਂ (Findings) ਅਤੇ ਸੁਝਾਅ (Suggestion) ਸੰਖੇਪ ਰੂਪ ਵਿੱਚ ਪੇਸ਼ ਹਨ।

ੳ) ਲੱਭਤਾਂ (Findings)

ਅ) ਸੁਝਾਅ (Suggestion)

**(ੳ) ਲੱਭਤਾਂ:-** ਇਸ ਖੋਜ ਕਾਰਜ ਦੀਆਂ ਲੱਭਤਾਂ ਸੰਖੇਪ ਰੂਪ ਵਿੱਚ ਪੇਸ਼ ਹਨ:-

1. ਸਿੱਖ ਸਿਮਰਤੀ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨਾਲ ਸਿਰਜੀ ਗਈ ਹੈ ਅਤੇ ਦਸ ਗੁਰੂ ਸਾਹਿਬਾਨ ਨੇ ਜੋ ਸਿੱਖ ਧਰਮ ਦਾ ਸਰੂਪ ਸਿਰਜਿਆ ਉਸ ਦੀ ਸੰਪੂਰਨਤਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਿੱਖ ਸਿਮਰਤੀ ਦੀ ਪ੍ਰਤੀਨਿਧਤਾ ਕਰ ਰਿਹਾ ਹੈ।

2. ਸਿੱਖ ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਯਾਦ ਹਰੇਕ ਸਿੱਖ ਲਈ ਮਾਰਗ ਦਰਸ਼ਕ ਹੈ। ਇਹ ਮਾਰਗ ਬਦੀ ਤੋਂ ਨੇਕੀ ਵੱਲ ਜਾਣ ਦਾ ਅਤੇ ਦੁਨਿਆਵੀ ਜ਼ਿੰਮੇਵਾਰੀਆਂ ਨਿਭਾਉਂਦਿਆਂ ਅਕਾਲ ਪੁਰਖ ਨਾਲ ਇਕਮਿਕ ਹੋਣ ਦਾ ਹੈ, ਜਿਸ ਰਾਹੀਂ ਸਮੁੱਚੇ ਜੀਵਨ ਦੇ ਉਦੇਸ਼ਾਂ ਦੀ ਪੂਰਤੀ ਹੋ ਸਕੇ।
3. ਸ੍ਰੀ ਅਨੰਦਪੁਰ ਸਾਹਿਬ ਦੀ ਇਤਿਹਾਸਕ ਸਿਮਰਤੀ ਸਮਾਜਕ ਭਲਾਈ ਦੇ ਨਾਲ-ਨਾਲ ਸਰਬ-ਸਾਂਝੀ ਅਤੇ ਭਵਿੱਖਮੁਖੀ ਹੈ। ਪੁਨਰ-ਸੁਰਜੀਤੀ ਇਸਦਾ ਸੁਭਾਅ ਹੈ ਜਿਸ ਕਰਕੇ ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖ ਚੇਤਨਾ ਵਿਚ ਸਦੀਵੀ ਮਹੱਤਵ ਹੈ। ਅੱਜ ਵੀ ਓਨਾ ਹੀ ਮਹੱਤਵਪੂਰਨ ਹੈ।
4. ਸ੍ਰੀ ਅਨੰਦਪੁਰ ਸਾਹਿਬ ਤੋਂ ਆਦਰਸ਼ਕ ਮਨੁੱਖ ਦੀ ਸਿਰਜਨਾ ਅਤੇ ਆਦਰਸ਼ਕ ਸਮਾਜ ਦੀ ਸਿਰਜਨਾ ਕਰਨ ਲਈ ਸਿੱਖ ਸਿਮਰਤੀ ਨੂੰ ਸੱਚੀ-ਸੁੱਚੀ ਵਿਵਹਾਰਕ ਅਤੇ ਸਿਧਾਂਤਕ ਪ੍ਰੇਰਨਾ ਪ੍ਰਾਪਤ ਹੁੰਦੀ ਹੈ।
5. ਸਿੱਖ ਸਿਮਰਤੀ ਨੂੰ ਆਧੁਨਿਕ ਪਰਿਪੇਖ ਤੋਂ ਸਿਮਰਤੀ ਦੇ ਵੱਖੋ-ਵੱਖਰੇ ਸਿਧਾਂਤਾਂ ਨੂੰ ਆਧਾਰ ਬਣਾ ਕੇ ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖ ਸਿਮਰਤੀ ਵਿੱਚ ਪ੍ਰਭਾਵ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਕਾਵਿ ਰੂਪ, ਗੀਤਾਂ ਅਤੇ ਸਾਹਿਤਕ ਸਿਮਰਤੀ ਵਿਚੋਂ ਸਿਮਰਤੀ ਦੇ ਜਿਆਦਾਤਰ ਤ੍ਰੈਕਾਲੀ, ਪੀੜ੍ਹੀ ਦਰ ਪੀੜ੍ਹੀ ਰੂਪਾਂਤਰਣ ਅਤੇ ਸਮੂਹਿਕਤਾ ਸਿਮਰਤੀ ਦੇ ਪੱਖ ਵਧੇਰੇ ਉਜਾਗਰ ਹੁੰਦੇ ਹਨ।

**(ਅ) ਸੁਝਾਅ**

ਖੋਜ ਪ੍ਰਬੰਧ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਅਮੀਰ ਵਿਰਾਸਤ ਸਿੱਖ ਕੌਮ ਦੇ ਜੀਵਨ ਪ੍ਰਸੰਗਕੀ ਹਾਲਤਾਂ ਵਿੱਚ ਇਸ ਵਿਰਾਸਤੀ ਨਗਰ ਦੀ ਮਹਾਨਤਾ ਨੂੰ ਸਮਝਿਆ ਗਿਆ ਹੈ। ਹੇਠ-ਲਿਖੇ ਕੁਝ ਸੁਝਾਅ ਭਵਿੱਖਤ ਖੋਜ ਕਾਰਜਾਂ ਦੇ ਅਧਿਐਨ ਖੇਤਰ ਵਿੱਚ ਸਾਰਥਿਕਤਾ ਲਈ ਪ੍ਰਮਾਣ ਪੇਸ਼ ਕਰਦੇ ਹਨ; ਜਿਵੇਂ ਇਸ ਖੋਜ ਕਾਰਜ ਵਿੱਚ ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖ ਸਿਮਰਤੀ ਦੇ ਹਵਾਲੇ ਤੋਂ ਅਧਿਐਨ ਕੀਤਾ ਗਿਆ ਹੈ, ਉਸੇ ਤਰ੍ਹਾਂ ਸਿੱਖ ਧਰਮ ਦੇ ਹੋਰ ਵੀ ਧਾਰਮਕ, ਇਤਿਹਾਸਕ ਸਥਾਨਾਂ ਨਾਲ ਸੰਬੰਧਿਤ ਅਜਿਹੇ ਕਾਰਜ ਹੋ ਸਕਦੇ ਹਨ।

ਇਹ ਖੋਜ ਕਾਰਜ ਆਉਣ ਵਾਲੇ ਖੋਜਾਰਥੀਆਂ ਲਈ ਸਿੱਖ ਸਿਮਰਤੀ ਦੇ ਅਧਿਐਨ ਲਈ ਅਧਾਰ ਬਣ ਸਕਦਾ ਹੈ। ਇਹ ਅਜਿਹਾ ਸਿਧਾਂਤਕ ਪੱਧਰ ਹੈ ਜੋ ਵਿਹਾਰਕ ਸਿੱਖ ਸਿਮਰਤੀ ਨੂੰ ਸਮਝਣ ਦਾ ਯਤਨ ਹੈ। ਉੱਭਰ ਰਹੇ ਇਸ ਨਵੇਂ ਵਿਸ਼ੇ ਨਾਲ ਸੰਬੰਧਤ ਹੋਰ ਖੋਜ ਕਾਰਜ ਕਰਨ ਦੀਆਂ ਬਹੁਤ ਸੰਭਾਵਨਾਵਾਂ ਪੈਦਾ ਹੋਣਗੀਆਂ।

# ABSTRACT

The study of the relationship between memory and religion has been an important concept in the field of religious studies nowadays. A hands-on research project was planned to study the place of Sri Anandpur Sahib in Sikh memory as memory connects the devotees with spirituality beyond the boundaries of time. The significance of this research lies in the fact that Sri Anandpur Sahib has had a profound effect on the memory of Sikhs Can be easily seen. Through Sikh memory or ***Chardhikala***, ***Bani and Bana***, love for Guru and Panth, union of saint and soldier, devotion and power as well as spiritual life, Sri Anandpur Sahib emerges as a "***sacred smark of sacred memory"***. As the main subject of the study of memory, the meaning and theory of memory has been understood from the point of view of various scholars. Among the aspects related to the history of Sikh memory, the location of Sri Anandpur Sahib has been read, which leads to the conclusion that the memory created by the creation of the Khalsa on the land of Sri Anandpur Sahib symbolizes equality and communal harmony for humanity. Sri Anandpur Sahib is now seen as a Sikh memory of a new era of Sikh identity. True democracy, the product of a democratic state, has been portrayed from different angles as the Sikh memory of Sri Anandpur Sahib. Important facts have been found in the literary and cultural memory of Sri Anandpur Sahib, from which it can be concluded that the combination of Sikh cultural memory and Sri Anandpur Sahib is an expression of literature and struggle. The interrelationship between literature and history has been found in Sikh memory that devotion and faith in the Guru in Sikh memory is the main source of inspiration for the Khalsa . The findings of this dissertation are that Sikh history, memory literature and the uniqueness of Sri Anandpur Sahib have been revealed in the form of memory of the Sikh community as a living truth. By understanding the multifaceted views of Sikh history from a historical context, a holistic picture of the intellectual, moral, social and religious state has been brought to the fore by associating holiness with inner feelings. The events that took place on this holy land are not spontaneous events, but are stored in Sikh memory. The Sikhs have had to go through a life of constant struggle, which has taught them a lesson of bravery, pride and greed more than any other nation. By associating the interrelationship of saint-soldier, devotion and power with the reference to Sikh memory, the philosophical and spiritual concept of Sri Anandpur Sahib as an ideology of Sri Anandpur Sahib has been presented as an integral part of Sikh memory.

# ਐਬਸਟ੍ਰੈਕਟ

ਸਿਮਰਤੀ ਅਤੇ ਧਰਮ ਦੇ ਵਿਚਕਾਰ ਸਬੰਧਾਂ ਦਾ ਅਧਿਐਨ ਅੱਜਕੱਲ੍ਹ ਧਾਰਮਿਕ ਅਧਿਐਨ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਸੰਕਲਪ ਬਣ ਰਿਹਾ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਮੁਕੱਦਸ ਸਥਾਨ ਨੂੰ ਸਿੱਖ ਸਿਮਰਤੀ ਦੇ ਸੰਦਰਭ ਵਿੱਚ ਅਧਿਐਨ ਕਰਨ ਲਈ ਇੱਕ ਖੋਜ ਕਾਰਜ ਦੀ ਯੋਜਨਾ ਬਣਾਈ ਗਈ ਸੀ ਕਿਉਂਕਿ ਯਾਦਦਾਸ਼ਤ ਸ਼ਰਧਾਲੂਆਂ ਨੂੰ ਸਮੇਂ ਦੀਆਂ ਹੱਦਾਂ ਤੋਂ ਬਾਹਰ ਰੂਹਾਨੀਅਤ ਨਾਲ ਜੋੜਦੀ ਹੈ। ਇਸ ਖੋਜ ਦੀ ਮਹੱਤਤਾ ਇਸ ਤੱਥ ਵਿੱਚ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਸਿੱਖ ਸਿਮਰਤੀ ‘ਤੇ ਡੂੰਘਾ ਪ੍ਰਭਾਵ ਪਿਆ ਹੈ ਜਿਸਨੂੰ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਸਿੱਖ ਯਾਦ ਵਿੱਚ ਚੜਦੀਕਲਾ, ਬਾਣੀ ਅਤੇ ਬਾਣੇ ਰਾਹੀਂ, ਗੁਰੂ ਅਤੇ ਪੰਥ ਪ੍ਰਤੀ ਪਿਆਰ, ਸੰਤ ਅਤੇ ਸਿਪਾਹੀ ਦਾ ਮੇਲ, ਸ਼ਰਧਾ ਅਤੇ ਸ਼ਕਤੀ ਦੇ ਨਾਲ ਨਾਲ ਅਧਿਆਤਮਕ ਜੀਵਨ, ਸ੍ਰੀ ਅਨੰਦਪੁਰ ਸਾਹਿਬ ਇੱਕ "ਪਵਿੱਤਰ ਯਾਦਦਾਸ਼ਤ ਦੇ ਪਵਿੱਤਰ ਚਿੰਨ੍ਹ" ਵਜੋਂ ਉਭਰਦਾ ਹੈ. ਸਿਮਰਤੀ ਦੇ ਅਧਿਐਨ ਦੇ ਮੁੱਖ ਵਿਸ਼ੇ ਵਜੋਂ, ਸਿਮਰਤੀ ਦੇ ਅਰਥ ਅਤੇ ਸਿਧਾਂਤ ਨੂੰ ਵੱਖ -ਵੱਖ ਵਿਦਵਾਨਾਂ ਦੇ ਨਜ਼ਰੀਏ ਤੋਂ ਸਮਝਿਆ ਗਿਆ ਹੈ। ਸਿੱਖ ਯਾਦ ਦੇ ਇਤਿਹਾਸ ਨਾਲ ਜੁੜੇ ਪਹਿਲੂਆਂ ਵਿੱਚ, ਸ੍ਰੀ ਅਨੰਦਪੁਰ ਸਾਹਿਬ ਦਾ ਸਥਾਨ ਅਤਿ ਮਹੱਤਵਪੂਰਨ ਹੈ, ਇਸ ਖੋਜ ਰਾਹੀਂ ਇਸ ਸਿੱਟੇ ਤੇ ਪਹੁੰਚਣ ਦਾ ਯਤਨ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਖਾਲਸੇ ਦੀ ਸਿਰਜਣਾ ਦੁਆਰਾ ਬਣਾਈ ਗਈ ਯਾਦ ਮਨੁੱਖਤਾ ਲਈ ਸਮਾਨਤਾ ਅਤੇ ਫਿਰਕੂ ਸਦਭਾਵਨਾ ਦਾ ਪ੍ਰਤੀਕ ਹੈ । ਸ੍ਰੀ ਅਨੰਦਪੁਰ ਸਾਹਿਬ ਨੂੰ ਹੁਣ ਸਿੱਖ ਪਛਾਣ ਦੇ ਨਵੇਂ ਯੁੱਗ ਦੀ ਸਿੱਖ ਯਾਦ ਵਜੋਂ ਵੇਖਿਆ ਜਾਂਦਾ ਹੈ। ਇਹ ਸੱਚੇ ਲੋਕਤੰਤਰ ਦਾ ਮੁੱਢ ਹੈ, ਇੱਕ ਲੋਕਤੰਤਰੀ ਰਾਜ ਦੀ ਉਪਜ ਹੈ ਅਤੇ ਇਸ ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਯਾਦ ਵਜੋਂ ਵੱਖੋ -ਵੱਖਰੇ ਕੋਣਾਂ ਤੋਂ ਦਰਸਾਇਆ ਗਿਆ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਸਾਹਿਤਕ ਅਤੇ ਸੱਭਿਆਚਾਰਕ ਯਾਦ ਵਿੱਚ ਮਹੱਤਵਪੂਰਨ ਤੱਥ ਮਿਲਦੇ ਹਨ, ਜਿਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਿੱਖ ਸੱਭਿਆਚਾਰਕ ਯਾਦ ਅਤੇ ਸ੍ਰੀ ਅਨੰਦਪੁਰ ਸਾਹਿਬ ਦਾ ਸੁਮੇਲ ਸਾਹਿਤ ਅਤੇ ਸੰਘਰਸ਼ ਦਾ ਪ੍ਰਗਟਾਵਾ ਹੈ। ਸਿੱਖ ਸਿਮਰਤੀ ਵਿੱਚ ਸਾਹਿਤ ਅਤੇ ਇਤਿਹਾਸ ਦਾ ਆਪਸੀ ਸੰਬੰਧ ਪਾਇਆ ਗਿਆ ਹੈ। ਸਿੱਖ ਯਾਦ ਵਿੱਚ ਗੁਰੂ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਖਾਲਸੇ ਲਈ ਪ੍ਰੇਰਨਾ ਦੇ ਮੁੱਖ ਸਰੋਤ ਹਨ। ਇਸ ਖੋਜ ਨਿਬੰਧ ਦੀ ਲੱਭਤ ਇਹ ਹੈ ਕਿ ਸਿੱਖ ਇਤਿਹਾਸ, ਯਾਦਗਾਰੀ ਸਾਹਿਤ ਅਤੇ ਸ੍ਰੀ ਅਨੰਦਪੁਰ ਸਾਹਿਬ ਦੀ ਵਿਲੱਖਣਤਾ ਸਿੱਖ ਕੌਮ ਦੀ ਯਾਦ ਦੇ ਰੂਪ ਵਿੱਚ ਇੱਕ ਜੀਵਤ ਸੱਚ ਦੇ ਰੂਪ ਵਿੱਚ ਪ੍ਰਗਟ ਹੋਈ ਹੈ। ਇਤਿਹਾਸਕ ਸੰਦਰਭ ਤੋਂ ਸਿੱਖ ਇਤਿਹਾਸ ਦੇ ਬਹੁਪੱਖੀ ਵਿਚਾਰਾਂ ਨੂੰ ਸਮਝ ਕੇ, ਪਵਿੱਤਰਤਾ ਨੂੰ ਅੰਦਰੂਨੀ ਭਾਵਨਾਵਾਂ ਨਾਲ ਜੋੜ ਕੇ ਬੌਧਿਕ, ਨੈਤਿਕ, ਸਮਾਜਕ ਅਤੇ ਧਾਰਮਕ ਅਵਸਥਾ ਦੀ ਸਮੁੱਚੀ ਤਸਵੀਰ ਨੂੰ ਸਾਹਮਣੇ ਲਿਆਂਦਾ ਗਿਆ ਹੈ ।ਇਸ ਪਵਿੱਤਰ ਧਰਤੀ 'ਤੇ ਵਾਪਰੀਆਂ ਘਟਨਾਵਾਂ ਸੁਭਾਵਕ ਘਟਨਾਵਾਂ ਨਹੀਂ ਹਨ, ਬਲਕਿ ਸਿੱਖ ਯਾਦਾਂ ਵਿੱਚ ਸੰਭਾਲੀਆਂ ਹੋਈਆਂ ਹਨ। ਸਿੱਖਾਂ ਨੂੰ ਨਿਰੰਤਰ ਸੰਘਰਸ਼ ਦੇ ਜੀਵਨ ਵਿੱਚੋਂ ਲੰਘਣਾ ਪਿਆ ਹੈ, ਜਿਸ ਨੇ ਉਨ੍ਹਾਂ ਨੂੰ ਕਿਸੇ ਵੀ ਹੋਰ ਕੌਮ ਨਾਲੋਂ ਬਹਾਦਰੀ, ਹੰਕਾਰ ਅਤੇ ਲਾਲਚ ਦਾ ਸਬਕ ਸਿਖਾਇਆ ਹੈ. ਸੰਤ-ਸਿਪਾਹੀ, ਸ਼ਰਧਾ ਅਤੇ ਸ਼ਕਤੀ ਦੇ ਆਪਸੀ ਸੰਬੰਧ ਨੂੰ ਸਿੱਖ ਯਾਦ ਦੇ ਸੰਦਰਭ ਨਾਲ ਜੋੜ ਕੇ, ਸ੍ਰੀ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਵਜੋਂ ਸ੍ਰੀ ਅਨੰਦਪੁਰ ਸਾਹਿਬ ਦੀ ਦਾਰਸ਼ਨਿਕ ਅਤੇ ਅਧਿਆਤਮਕ ਸੰਕਲਪ ਨੂੰ ਸਿੱਖ ਯਾਦਦਾਸ਼ਤ ਦੇ ਅਟੁੱਟ ਅੰਗ ਵਜੋਂ ਪੇਸ਼ ਕੀਤਾ ਗਿਆ ਹੈ।

# ਧੰਨਵਾਦ


- ਸਭ ਤੋਂ ਪਹਿਲਾਂ ਮੈਂ ਧੰਨਵਾਦੀ ਹਾਂ ਪਰਮ-ਪਿਤਾ ਪਰਮਾਤਮਾ ਦਾ, ਜਿਨ੍ਹਾਂ ਦੀ ਕਿਰਪਾ ਸਦਕਾ ਇਹ ਕਾਰਜ ਨਿਰਵਿਘਨ ਆਪਣੇ ਮੁਕਾਮ ਉਤੇ ਪਹੁੰਚ ਸਕਿਆ ਹੈ।
- ਮੈਂ ਆਪਣੇ ਨਿਗਰਾਨ ਡਾ. ਗੁਰਮੀਤ ਸਿੰਘ ਸਿੱਧੂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਮੈਨੂੰ ਉਤਸ਼ਾਹ ਅਤੇ ਅਗਵਾਈ ਦਿਤੀ। ਉਨ੍ਹਾਂ ਦੀ ਵਿਦਵਤਾ, ਗਿਆਨ ਅਤੇ ਪਿਆਰ ਸਦਕਾ ਮੇਰਾ ਇਹ ਖੋਜ ਕਾਰਜ ਸੰਪੂਰਨ ਹੋ ਸਕਿਆ ਹੈ।
- ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਦੇ ਸਮੂਹ ਅਧਿਆਪਕਾਂ ਦੇ ਨਾਲ-ਨਾਲ ਸਮੂਹ ਸਟਾਫ ਦਾ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਖੋਜ ਕਾਰਜ ਲਈ ਮਦਦ ਕੀਤੀ ਹੈ।
- ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਲਾਇਬਰੇਰੀ ਅਤੇ ਸਮੂਹ ਸਟਾਫ ਦਾ ਵੀ ਧੰਨਵਾਦੀ ਹਾਂ, ਜਿਥੋਂ ਮੈਨੂੰ ਮੇਰੇ ਖੋਜ-ਕਾਰਜ ਸੰਬੰਧੀ ਖੋਜ ਸਮਗਰੀ ਪ੍ਰਾਪਤ ਹੁੰਦੀ ਰਹੀ।
- ਮੈਂ ਸਮੁਚੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਕੈਪਟਨ ਗੁਰਤੇਜ ਸਿੰਘ (ਮੁਖੀ ਟਰਾਸਪੋਰਟ ਵਿਭਾਗ) ਦੇ ਨਾਲ-ਨਾਲ ਸਮੂਹ ਸਟਾਫ ਦਾ ਤਹਿ ਦਿਲ ਤੋਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਮੈਂ ਆਪਣਾ ਖੋਜ ਕਾਰਜ ਸੰਪੂਰਨ ਕਰ ਸਕਿਆ।
- ਮੈਂ ਆਪਣੀ ਮਾਤਾ ਹਰਜਿੰਦਰ ਕੌਰ, ਪਿਤਾ ਸ.ਰਘਬੀਰ ਸਿੰਘ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਬਚਪਨ ਤੋਂ ਮੈਨੂੰ ਸਹੀ ਪ੍ਰੇਰਣਾ ਅਤੇ ਉੱਦਮ ਸਦਕਾ ਇਸ ਮਾਰਗ ਉੱਤੇ ਤੋਰਿਆ, ਛੋਟੇ ਭਰਾ ਮਨਦੀਪ ਸਿੰਘ ਅਤੇ ਜਸਦੀਪ ਕੌਰ ਦੇ ਉਤਸ਼ਾਹ ਸਦਕਾ ਮੈਂ ਅੱਜ ਇਸ ਮੁਕਾਮ ਉੱਤੇ ਪਹੁੰਚ ਸਕਿਆ ਹਾਂ।
- ਮੈਂ ਆਪਣੀ ਸੁਪਤਨੀ ਅਮਰਜੀਤ ਕੌਰ, ਬੇਟੀਆਂ ਕਰਨਜੋਤ ਕੌਰ, ਪਰਜੋਬਨਪ੍ਰੀਤ ਕੌਰ, ਦਿਵਜੋਤ ਕੌਰ ਦਾ ਧੰਨਵਾਦੀ ਹਾਂ ਜਿਨ੍ਹਾਂ ਦੇ ਹਮੇਸ਼ਾਂ ਹੀ ਖਿੜੇ ਚਿਹਰਿਆਂ ਨੇ ਮੈਨੂੰ ਉਤਸ਼ਾਹਿਤ ਕੀਤਾ।
- ਮੈਂ ਆਪਣੇ ਸਾਰੇ ਸਹਿਯੋਗੀ ਡਾ. ਗੁਰਵੀਰ ਸਿੰਘ, ਡਾ. ਸੁਭਕਰਨ ਸਿੰਘ, ਸ. ਮਨਜੀਤ ਸਿੰਘ, ਡਾ. ਪਰਮਜੀਤ ਕੌਰ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਖੋਜ-ਕਾਰਜ ਪੂਰਾ ਕਰਨ ਵਿਚ ਮੇਰੀ ਮਦਦ ਕੀਤੀ।

(ਪਰਮਜੀਤ ਸਿੰਘ)

# ਤਤਕਰਾ


**ਜਾਣ ਪਛਾਣ** i-xviii

ਅਧਿਆਇ ਪਹਿਲਾ:

**ਸਿਮਰਤੀ ਅਤੇ ਸਿੱਖ ਸਿਮਰਤੀ: ਸਿਧਾਂਤਕ ਪੱਖ** 1-68

1. ਸਿਮਰਤੀ: ਅਰਥ ਅਤੇ ਸਿਧਾਂਤ
2. ਸਿਮਰਤੀ ਦੀ ਪਰਿਭਾਸ਼ਾ
3. ਸਿਮਰਤੀ ਦੀਆਂ ਵਿਸ਼ੇਸ਼ਤਾਈਆਂ
4. ਸਿਮਰਤੀ ਅਤੇ ਧਰਮ
5. ਸਿਮਰਤੀ ਅਤੇ ਮਨ
6. ਸਿੱਖ ਸਿਮਰਤੀ ਵਿੱਚ ਪਰਮਸੱਤਾ
7. ਸਿੱਖ ਸਿਮਰਤੀ ਵਿੱਚ ਗੁਰੂ
8. ਸਿੱਖ ਸਿਮਰਤੀ ਅਤੇ ਸਿੱਖ ਸੰਸਥਾਵਾਂ
9. ਸਿੱਖ ਨੈਤਿਕਤਾ ਅਤੇ ਸਿਮਰਤੀ
10. ਸਿੱਖ ਧਰਮ, ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ

ਅਧਿਆਇ ਦੂਜਾ:

**ਸਿੱਖ ਇਤਿਹਾਸ, ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ** 69-138

1. ਸਿੱਖ ਇਤਿਹਾਸ ਅਤੇ ਸਿਮਰਤੀ
2. ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਅਤੇ ਸਿੱਖ ਸਿਮਰਤੀ
3. ਸਿੱਖ ਸਿਮਰਤੀ ਅਤੇ ਗੁਰਦੁਆਰਾ
4. ਸਿੱਖ ਸਿਮਰਤੀ ਅਤੇ ਖ਼ਾਲਸਾ ਸਿਰਜਨਾ
5. ਸਿੱਖ ਸਿਮਰਤੀ ਦਾ ਰੁਪਾਂਤਰਣ ਅਤੇ ਹੋਲਾ ਮਹੱਲਾ
6. ਸਿੱਖ ਸਿਮਰਤੀ ਅਤੇ ਸਿੱਖ ਪਛਾਣ

ਅਧਿਆਇ ਤੀਜਾ:

**ਸਿੱਖ ਸਾਹਿਤ, ਸਿਮਰਤੀ ਅਤੇ ਸ੍ਰੀ ਅਨੰਦਪੁਰ ਸਾਹਿਬ** **139-224**

1. ਸਿੱਖ ਸਿਮਰਤੀ ਅਤੇ ਸਾਹਿਤ
2. ਸਿੱਖ ਸਿਮਰਤੀ ਅਤੇ ਸੱਭਿਆਚਾਰ
3. ਸਾਹਿਤ ਅਤੇ ਸ੍ਰੀ ਅਨੰਦਪੁਰ ਸਾਹਿਬ
4. ਸਿੱਖ ਸਿਮਰਤੀ: ਰਹਿਤਨਾਮੇ ਅਤੇ ਹੁਕਮਨਾਮੇ
5. ਢਾਡੀ ਵਾਰਾਂ/ਕਵੀਸ਼ਰੀ ਵਿੱਚ ਸ੍ਰੀ ਅਨੰਦਪੁਰ ਸਾਹਿਬ
6. ਕਵਿਤਾ ਵਿੱਚ ਸ੍ਰੀ ਅਨੰਦਪੁਰ ਸਾਹਿਬ
7. ਪ੍ਰਗੀਤ ਵਿੱਚ ਸ੍ਰੀ ਅਨੰਦਪੁਰ ਸਾਹਿਬ

ਅਧਿਆਇ ਚੌਥਾ:

**ਸਿੱਖ ਸਿਮਰਤੀ ਵਿੱਚ ਸਾਹਿਤ ਅਤੇ ਇਤਿਹਾਸ: ਅੰਤਰ-ਸੰਬੰਧ** **225-248**

1. ਸਿੱਖ ਸਿਮਰਤੀ ਦਾ ਭਵਿੱਖਤ ਰੂਪ

ਅਧਿਆਇ ਪੰਜਵਾਂ:

**ਸਾਰ ਅਤੇ ਖੋਜ ਲੱਭਤਾਂ** **249-260**

**ਪੁਸਤਕ ਸੂਚੀ** **261-276**

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ **"ਸਿੱਖ ਸਿਮਰਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ (ਇਤਿਹਾਸ ਅਤੇ ਸਾਹਿਤ ਦੇ ਹਵਾਲੇ ਵਿੱਚ)"** ਵਿਸ਼ੇ ਉੱਤੇ ਪਹਿਲਾਂ ਕਿਸੇ ਵੀ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਨਹੀਂ ਦਿੱਤਾ ਗਿਆ। ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ। ਇਸ ਵਿੱਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

**ਨਿਗਰਾਨ**

**ਗੁਰਮੀਤ ਸਿੰਘ (ਡਾ.)**
ਪ੍ਰੋਫ਼ੈਸਰ,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ**

**ਪਰਮਜੀਤ ਸਿੰਘ**

ਮਿਤੀ .........11.10.21

# PUBLICATIONS

1. **'ਖਾਲਸਾ ਸਿਰਜਣਾ ਉਦੇਸ਼ ਅਤੇ ਮਹੱਤਵ' ਦੇ ਸਿਰਲੇਖ ਹੇਠ Guru Teg Bahadur Journal of Religious Studies Vol:II, April 2017 (ISSN:2454-8995)** ਜਰਨਲ ਵਿੱਚ ਪੰਨਾ ਨੰ. 108 ਤੋਂ 114 ਤੱਕ ਪ੍ਰਕਾਸ਼ਤ ਹੈ।
2. ਖੋਜ-ਪੇਪਰ **'ਸਿੱਖ ਸਿਮਰਤੀ ਅਤੇ ਸੰਸਥਾਵਾਂ' ਦੇ ਸਿਰਲੇਖ ਹੇਠ Bohal Shodh Manjusha Vol:14 (An International Peer Revised & Refreed Multidisciplinary & Multiple Languages Research Journal), July 2021 (ISSN:2395-7115)** ਜਰਨਲ ਵਿੱਚ ਪੰਨਾ ਨੰ. 37 ਤੋਂ 43 ਤੱਕ ਪ੍ਰਕਾਸ਼ਤ ਹੈ।